ਮੱਸਾ ਰੰਘੜ



ਹਰਨਾਮ ਦਾਸ 'ਸਹਿਰਾਈ'

ਲਾਹੌਰ ਬੁਕ ਸ਼ਾਪ, ਲੁਧਿਆਣਾ



ਕੀਓ ਉਪੱਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦ੍ਵਾਰ ।
ਹਰਿ ਮੰਦਰ ਮੈਂ ਕੰਚਨੀ ਰਖੇ ਤੁਰਕਨ ਕੋ ਸਰਦਾਰ !!
ਮੰਡਿਆਲੀ ਕੋ ਰੰਘੜੋ ਮੱਸਾ ਤਾਕੋ ਨਾਮ ।
ਕਰੇ ਬਿਅਦਬੀ ਹਰਿ ਮੰਦਰ ਪਾਪੀ ਬਡੋ ਹਰਾਮ ॥

''ਪ੍ਰਾਚੀਨ ਪੰਥ ਪ੍ਰਕਾਸ਼''

'ਮੱਸਾ ਰੰਘੜ' ਪੰਜਾਬ ਦੇ ਕਾਲੇ ਸ਼ਾਹ ਪਰਿਵਰਤਨ ਕਾਲ ਦੀ ਸੋਨ-ਸੁਨਿਹਰੀ ਗਾਥਾ ਹੈ। ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਭੂਰਿਆਂ ਵਾਲੇ ਸਿੰਘਾਂ ਦੇ ਸਾਹਸ, ਸਬਰ, ਯਕੀਨ, ਵਿਸ਼ਵਾਸ, ਤੇ ਪ੍ਰਾਪਤੀ ਦੀ ਮੰਜ਼ਿਲ ਵਲ ਦੇ ਲੰਮੇ ਸਫ਼ਰ ਦੀ ਕਥਾ ਹੈ। ਸਿੰਘਾਂ ਦੀ ਦਲੇਰੀ, ਬਹਾਦਰੀ, ਗੁਰ-ਸ਼ਰਧਾ, ਦ੍ਰਿੜਤਾ, ਲਗਨ, ਘਾਲਣਾ, ਕੁਰਬਾਨੀ, ਸ਼ਹੀਦੀ, ਆਪਾ-ਵਾਰਨੇ, ਗੁਰੂ ਤੋਂ ਘੋਲ ਘੁਮਾਵਾਂ ਦੀ ਲੰਮੀ ਕਹਾਣੀ ਹੈ। ਸੌ ਸਾਲਾ ਬਿਖੜੇ ਪੈਂਡੇ ਤੇ ਕੰਡਿਆਲੇ ਰਾਹਾਂ ਦੀ ਅਮੁਕ ਮੰਜ਼ਿਲ ਤਕ ਪਹੁੰਚ ਦੀ ਦਾਸਤਾਨ ਹੈ। ਪੰਜਾਬ ਦੇ ਵਾਸੀ—ਯੁਵਕ, ਬਿਰਧ, ਯੁਵਤੀ, ਬਾਲਕ ਦੀ ਅਣਥੱਕ ਘਾਲ ਦੀ ਰੋਂਗਟੇ ਖੜੇ ਕਰਨ ਵਾਲੀ ਕਥਾ ਹੈ, ਜਿਸ ਨੇ ਪੰਜਾਬ ਦਾ ਹੀ ਨਹੀਂ, ਭਾਰਤ ਦਾ ਇਤਿਹਾਸ ਬਦਲਕੇ ਰੱਖ ਦਿੱਤਾ। ਜਾਬਰ ਤੇ ਜ਼ਾਲਮ ਬਿਦੇਸ਼ੀ ਹਕੂਮਤ ਦੀ ਸਫ਼ ਵਲ੍ਹੇਟ ਕੇ ਰੱਖ ਦਿੱਤੀ। ਦੇਸ਼ ਵਾਸੀ ਰਹਿੰਦੀ ਦੁਨੀਆਂ ਤਕ ਇਹ ਕਹਾਣੀ ਪਾਂਦੇ ਰਹਿਣਗੇ। ਬਾਲ ਬੱਚੇ ਇਸ ਗਾਥਾ ਨੂੰ ਸੁਣ ਸੁਣ ਜਿਊਂਦੇ ਰਹਿਣਗੇ।

ਹਰਨਾਮ ਦਾਸ ਸਹਿਰਾਈ ਦਾ ਨਾਵਲ 'ਮੱਸਾ ਰੰਘੜ' ਅਠ੍ਹਾਰਵੀਂ ਸਦੀ ਦੇ ਸਿੱਖ ਤਥਾ ਪੰਜਾਬ ਦਾ ਇਤਿਹਾਸ ਸੁਨਿਹਰੀ ਵਰਕਾ ਹੈ। ਅੰਮ੍ਰਿਤਸਰ ਦੀ ਸਥਾਪਨਾ, ਹਰਿਮੰਦਰ ਦੀ ਉਸਾਰੀ, ਦਲਾਂ ਦੇ ਮਾਰੂਕੇ, ਲੱਖੀ ਜੰਗਲ ਦਾ ਦ੍ਰਿਸ਼, ਭਾਈ ਮਨੀ ਸਿੰਘ ਦੀ ਸ਼ਹਾਦਤ, ਹਕੀਕਤ ਰਾਏ ਦਾ ਕਤਲ, ਜ਼ਕਰੀਆ ਖਾਂ ਤੇ ਮੱਸੇ ਰੰਘੜ ਦੀ ਮਾਨਸਕ ਸਜ਼ਾ, ਸਿੰਘਾਂ ਦੀ ਨਿਡਰਤਾ ਤੇ ਬੇਬਾਕੀ, ਬਿਧੀ ਚੰਦੀਆਂ ਦੀ ਜੁਗਤੀ, ਰਾਜਸਥਾਨੀ ਚੋਧਰੀ ਤੇ ਉਸ ਦੇ ਪ੍ਰਵਾਹ ਦੀ ਸ਼ਰਧਾ ਤੇ ਸਹਾਇਤਾ ਅਤੇ ਯੁਕਤੀਪੂਰਨ ਅੰਮ੍ਰਿਤਸਰ ਪੁਰ ਸੁੱਖਾ ਸਿੰਘ ਮਹਿਤਾਬ ਸਿੰਘ ਦਾ ਧਾਵਾ, ਮੱਸੇ ਰੰਘੜ ਦੀ ਮਹਿਫ਼ਲ ਨੂੰ ਸ਼ੋਕ ਸਭਾ ਵਿਚ ਬਦਲਣ ਦੇ ਦ੍ਰਿਸ਼ ਦੇ ਅੰਤ ਉੱਤੇ ਮੱਸੇ ਰੰਘੜ ਦੇ ਸਿਰ ਦੀ ਨੇਜ਼ੇ ਤੇ ਟੰਗੀ ਸਿੰਘਾਂ ਦੇ ਦੀਵਾਨ ਵਿਚ ਪਰਦਰਸ਼ਨੀ—ਹਰ ਦੇਸ਼ ਵਾਸੀ ਦੇ ਖ਼ੂਨ ਨੂੰ ਉਬਾਲਾ ਦਿੰਦੀ ਹੈ ਤੇ ਸਿੰਘਾਂ ਦੀ ਸੂਰਮਗਤੀ ਦੀ ਗਾਥਾ ਵੀ ਇਤਿਹਾਸ ਦੀ ਹਿੱਕ ਉੱਪਰ ਅਗਨਾਰਬਿੰਬ ਵਾਂਗ ਅਮਿਟ ਛਾਪ ਲਾਂਦੀ ਹੈ। ਹਰਨਾਮ ਦਾਸ ਸਹਿਰਾਈ ਦੀ ਰੱਤੀ ਕਲਮ ਨੇ ਇਸ ਸਾਕੇ ਦੇ ਲਾਲ-ਰੱਤੇ ਸਾਲੂ ਨਾਲ ਹਰ ਯੁਵਤੀ ਦੇ ਸਿਰ ਨੂੰ ਸੰਵਾਰ ਸ਼ਿੰਗਾਰ ਦਿੱਤਾ ਹੈ। ਇਹ ਅਮਰ ਗਾਥਾ ਰਹਿੰਦੀ ਦੁਨੀਆਂ ਤਕ ਆਉਂਦੀਆਂ ਨਸਲਾਂ ਦੁਹਰਾਂਦੀਆਂ ਰਹਿਣਗੀਆਂ ਤੇ ਮੋਈਆਂ ਰੂਹਾਂ ਇਸ ਤੋਂ ਆਬਿਹੱਯਾਤ ਪੀ ਪੀ ਸਦੀਵੀ ਤੇ ਕਾਲ-ਰਹਿਤ ਜੀਵਨ ਪ੍ਰਾਪਤ ਕਰਦੀਆਂ ਰਹਿਣਗੀਆਂ। ਨਿਰਸੰਦੇਹ ਇਹ ਲਹੂ-ਰੱਤੀ ਕਹਾਣੀ ਸਹਿਰਾਈ ਨੂੰ ਵੀ ਅਮਰ ਕਰ ਦੇਵੇਗੀ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਡਾ: ਜੀਤ ਸਿੰਘ ਸੀਤਲ

ਮੱਸਾ ਰੰਘੜ



ਹਰਨਾਮ ਦਾਸ 'ਸਹਿਰਾਈ'

ਹਰਿਮੰਦਰ

ਐਸੀ ਨ ਅਯੁਧਯਾ, ਕਾਂਸ਼ੀ ਦਵਾਰਕਾ, ਗਯਾ ਪ੍ਰਯਾਗ,
ਮਥਰਾ, ਅਵੰਤਕਾ, ਨ ਕਾਂਚੀ, ਹਰਿਦੁਆਰ ਹੈ,
ਅਠ, ਪਟਨ ਨਾ ਅਮਰਨਾਥ ਜਗਨਨਾਥ,
ਬ੍ਰਿੰਦਬਨ, ਬਦ੍ਰੀ ਨਾਥ, ਐਸੋ ਨ ਕਿਦਾਰ ਹੈ।
ਪੁਸ਼ਕਰ, ਕਪਸ, ਔ ਮਕੇਸਰ, ਮਦੀਨਾ ਕਾਬਾ,
ਜੈਸੋ ਮਦ ਦੇਸ਼ ਸੁਧਾਸਰ ਗੁਰਦੁਆਰ ਹੈ।
ਆਪ ਮਹਾਰਾਜ ਲੈ ਕੇ ਟੋਕਰੀ ਨਿਕਾਸੀ ਕਾਰ,
ਗੁਰੂ ਰਾਮਦਾਸ ਜੀ ਕੋ ਭਾਰੀ ਦਰਬਾਰ ਹੈ। (ਪੰਥ ਪ੍ਰਕਾਸ਼)

ਇਨ੍ਹਾਂ ਇੱਟਾਂ ਤੇ ਚੂਨੇ ਦਾ ਗਾਰਾ ਗਵਾਹੀ ਦੇ ਰਿਹੈ ਕਿ ਕਭੀ ਯਹਾਂ ਅਹਿਲੇ ਮਜ਼ਬ ਮੇਂ ਦੋਸਤੀ ਮੁਸਕਰਾਈ ਥੀ। ਮੰਦਰ ਭਾਵੇਂ ਸੌ ਹਨ, ਗਿਣਤੀ ਨਹੀਂ ਪਰ ਹਰੀ ਦਾ ਮੰਦਰ ਕੋਈ ਨਹੀਂ।

ਲੋਕ ਇਹ ਨਹੀਂ ਜਾਣਦੇ ਕਿ ਜਿਸ ਹਰਿਮੰਦਰ ਦੀ ਮੈਂ ਗੱਲ ਕਰਨ ਲੱਗਾ ਹਾਂ ਉਹਦੀ ਪਰਕਰਮਾ ਦੀ ਇਕ-ਇਕ ਇੱਟ ਲਾਉਣ ਲਈ ਦਸ-ਦਸ ਸਿਰ ਤੋਲ ਕੇ ਦਿੱਤੇ ਗਏ। ਇਹ ਲਹੂ ਭਿੱਜੀਆਂ ਇੱਟਾਂ ਸੂਰਮਤਾਈ ਦਾ ਢੰਡੋਰਾ ਦੇ ਰਹੀਆਂ ਹਨ।

ਤੀਰਥ ਪ੍ਰਗਟ ਕਰਨਾ ਇਉਂ ਜਾਪਦਾ ਏ ਜਿਵੇਂ ਛੂ-ਮੰਤਰ ਏ—ਪਰ ਨਹੀਂ—ਪ੍ਰਗਟ ਕਰਨ ਲਈ ਕਿੰਨੀ ਕੁ ਘਾਲ ਘਾਲੀ ਗਈ ਹੋਣੀ ਏ—ਪੰਜਾਬ ਦਾ ਇਹ ਇਕ ਵਾਹਿਦ ਤੀਰਥ ਏ ਜਿਹੜਾ ਕਦੇ ਸਤਿਯੁਗ, ਤ੍ਰੇਤਾ, ਦੁਆਪਰ ਵਿਚ ਪੂਜਿਆ ਜਾਂਦਾ ਰਿਹਾ ਸੀ।

ਇਹ ਪਵਿੱਤਰ ਸਥਾਨ ਏ ਜਿਥੇ ਬਿਰਤੀ ਜੁੜਦੀ ਏ, ਆਤਮਾ ਸ਼ੁਧ ਹੁੰਦੀ ਏ, ਪ੍ਰਭੂ ਨਾਲ ਮੇਲ ਹੁੰਦਾ ਏ। ਹਰਿਮੰਦਰ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਲਾ ਕਿੱਡਾ ਵੱਡਾ ਅਪਰਾਧੀ ਏ, ਉਹਦੀ ਸਿਰਫ ਇਕੋ ਹੀ ਸਜ਼ਾ ਏ, ਗਾਟਾ ਵੱਢ ਦਿਓ—ਮੱਸਾ ਰੰਗੜ ਇਸ ਦਾ ਪਾਤਰ ਏ ਜਿਸ ਕਿਲੇ ਨਾਲ ਖ਼ੁਦਾ ਬੰਨ੍ਹਿਆਂ ਹੋਇਆ ਸੀ।

ਬਸ ਏਨੀ ਕਹਾਣੀ ਏ—ਅਣਖ, ਗ਼ੈਰਤ, ਜ਼ਬਰ ਦੇ ਖਿਲਾਫ ਇਕ ਰੋਸਾ। ਮੈਂ ਆਪਣੀ ਕਲਮ ਨੂੰ ਤੜਾਗੀ ਨਹੀਂ ਪਾਈ ਸਗੋਂ ਹਿਰਨਾਂ ਦੀ ਜਿੰਡੀਂ ਚਾਹੜ ਦਿਤੈ—ਤੁਸੀਂ ਵੇਖੋ ਕੀ ਮੈਂ ਠੀਕ ਆਖ ਰਿਹਾਂ?

ਪੰਜਾਬ ਦਾ ਮੱਕਾ, ਪੰਜਾਬ ਦੀ ਕਾਂਸ਼ੀ, ਪੰਜਾਬ ਦਾ ਪ੍ਰਯਾਗ, ਪੰਜਾਬ ਦਾ ਹਰਿਦੁਆਰ ਏ ਹਰਿਮੰਦਰ।


ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਕਦਮ ਚੁੰਮੋ ਜਿਨ੍ਹਾਂ ਪੱਤ ਰੱਖੀ ਪੰਥ ਦੀ।

ਹਿੰਦੀ, ਗੁਜਰਾਤੀ ਵਿਚ ਇਸ ਖ਼ੂਬ ਨਾਮਨਾ ਖੱਟਿਆ ਏ—ਚੰਗਾ ਗੁਰੂ ਮਿਹਰਬਾਨ।

ਪਉਂਟਾ ਸਾਹਿਬ

—ਹਰਨਾਮ ਦਾਸ 'ਸਹਿਰਾਈ'

ਮੱਸਾ ਰੰਘੜ



ਹਰਨਾਮ ਦਾਸ 'ਸਹਿਰਾਈ'

ਗੁਰੂ ਘਰ ਦੀ ਅਮਰ ਗਾਥਾ



'ਨਿਸਚਾ, ਸਿਦਕ ਅਕੀਦਾ ਤੇ ਪ੍ਰਤਿਗਿਆ ਕਰਨ ਵਾਲਾ ਸਿੱਖ ਇਤਿਹਾਸ ਦਾ ਚਿਤੇਰਾ, ਜਿਸਨੇ ਸਾਰੀ ਹਯਾਤੀ ਸਿੱਖ ਕੌਮ ਦੇ ਲੇਖੇ ਲਾ ਦਿੱਤੀ ਹੈ, ਉਹ ਹੈ ਸ਼੍ਰੋਮਣੀ ਸਾਹਿਤਕਾਰ ਹਰਨਾਮ ਦਾਸ 'ਸਹਿਰਾਈ'। ਸਿੱਖ ਕੌਮ ਦਾ ਸਰਮਾਇਆ, ਗੁਰੂਆਂ ਦੀ ਜੀਵਨ ਕਥਾ ਰੌਚਕ ਤੇ ਖੋਜ ਭਰੀ ਵਾਰਤਕ ਵਿਚ ਲਿਖੀਆਂ ਰਚਨਾਵਾਂ ਦਾ ਇਕ ਅਨਮੋਲ ਤੇ ਯਾਦਗਾਰੀ ਤੁਹਫ਼ਾ, ਜਿਹੜਾ ਪੰਜਾਬ ਦੇ ਹਰ ਘਰ ਦੀ ਸ਼ੋਭਾ ਵਧਾਏ।'

1. ਗੁਰੂ ਨਾਨਕ ਦੇਵ ਜੀ	ਪੈਗ਼ਾਮ
2. ਗੁਰੂ ਅੰਗਦ ਦੇਵ ਜੀ	ਲਹਿਣੇ ਪਾਈ ਨਾਨਕੋਂ
3. ਗੁਰੂ ਅਮਰਦਾਸ ਜੀ	ਸਿੱਖੀ ਦਾ ਧੁਰਾ
4. ਗੁਰੂ ਰਾਮ ਦਾਸ ਜੀ	ਰਾਮ ਦਾਸ ਸਰੋਵਰ ਨ੍ਹਾਤੇ
5. ਗੁਰੂ ਅਰਜਨ ਦੇਵ ਜੀ	ਮਿੱਠ ਬੋਲੜਾ ਸੱਜਣ
6. ਗੁਰੂ ਹਰਿ ਗੋਬਿੰਦ ਜੀ	ਮੀਰੀ ਪੀਰੀ
7. ਗੁਰੂ ਹਰਿ ਰਾਏ ਜੀ	ਸਤਲੁਜ ਅਜੇ ਜੋਰਾ ਕਰ
8. ਗੁਰੂ ਹਰਿ ਕ੍ਰਿਸ਼ਨ ਜੀ	ਅੱਧੀ ਘੜੀ
9. ਗੁਰੂ ਤੇਗ ਬਹਾਦਰ ਜੀ	ਸ਼ਹਾਦਤ
10. ਗੁਰੂ ਗੋਬਿੰਦ ਸਿੰਘ ਜੀ	ਦੇਗ ਤੇਗ ਫ਼ਤਹਿ


ਹੋਰ ਪੁਸਤਕਾਂ !

ਲੋਹਗੜ੍ਹ 'ਸਫ਼ੈਦ ਪੋਸ਼, ਪੱਥਕ, ਗਲੀ ਮੁਹੱਲੇ ਦੇ ਲੋਕ, ਤ੍ਰਿਸ਼ੰਕੂ, ਤੇਤੀਵਾਂ ਦੰਦ, ਹਰੀਆ ਰਾਗਲੇ, ਜ਼ਰ ਜ਼ੋਰੂ ਜ਼ਮੀਨ, ਅਨੂਪ ਕੌਰ, ਮੋਰਾਂ ਸਰਕਾਰ, ਸਬੇ-ਮਾਲਵਾ, ਸਭਰਾਓਂ, ਧੂਣਾ, ਗੁਲ ਮੋਹਰ, ਸਾਹਿਬ ਸਿੰਘ ਬੇਦੀ, ਬੇਗ਼ਮ ਹਜ਼ੂਰ, ਡਾਚੀ, ਸ਼ਾਮ ਸਿੰਘ ਅਟਾਰੀ, ਹਰੀ ਸਿੰਘ ਨਲੂਆ ਅਕਾਲੀ ਫੂਲਾ ਸਿੰਘ ਆਦਿ।

—ਹਿੰਦੀ, ਮਰਾਠੀ ਤੇ ਗੁਜਰਾਤੀ ਵਿਚ ਵੀ ਪੁਸਤਕਾਂ ਛਪੀਆਂ ਹਨ।

—ਤਿਲਕ ਰਾਜਪੂਤ

ਮੱਸਾ ਰੰਘੜ



ਹਰਨਾਮ ਦਾਸ 'ਸਹਿਰਾਈ'

ਲੱਖੀ ਜੰਗਲ

ਸੰਘਣੇ ਰੁਖਾਂ ਦੀ ਇਕ ਰੱਖ ਤੇ ਉਹਦੀ ਨਾਭੀ ਵਿਚ ਢਾਬ ਪਾਣੀ ਦੀ। ਰਾਜਿਸਥਾਨ ਦੀ ਰੇਤਲੀ ਧਰਤੀ ਵਿਚ ਪਾਣੀ ਦਾ ਛਬ ਹੋਣਾ ਕੁਦਰਤ ਦੀ ਬੜੀ ਵੱਡੀ ਨੇਮਤ ਹੈ। ਬੀ ਮਾਰਿਆਂ ਪਾਣੀ ਦੀ ਛਿਟ ਨਹੀਂ ਲਭਦੀ। ਪਾਣੀ ਲਈ ਵਿਲ ਵਿਲੂ ਕਰਦਾ ਏ ਸਾਰਾ ਰਾਜਿ-ਸਥਾਨ।

ਬਲੌਰ ਵਰਗਾ ਸੀਤਲ ਜਲ, ਝਲ ਦਰੱਖਤਾਂ ਦੀ। ਸਿੱਖਾਂ ਦੀ ਛੁਪਣ ਗਾਹ। ਤੱਕੜੀ ਦੇ ਇਕ ਛਾਬੇ ਵਿਚ ਸਿੱਖ ਦਾ ਨਾਂ ਰਖ ਲਈਏ ਤੇ ਦੂਜੇ ਵਿਚ ਮੌਤ ਤਾਂ ਭਾਵੇਂ ਸਾਵੀਂ ਹੋਵੇ, ਪਾਸਕੂ ਫਿਰ ਵੀ ਰਹਿ ਜਾਂਦਾ। ਸਿੱਖ ਦਾ ਨਾਂ ਭਾਰਾ ਮੌਤ ਫਿਰ ਹੌਲੀ। ਕਿਹੜੇ ਮੂੰਹ ਨਾਲ ਸਿੱਖ ਦਾ ਨਾਂ ਲਏ, ਪਰ ਸਿੱਖਾਂ ਦਾ ਨਾਂ ਲੈਣ ਵਾਲੇ ਬੜੇ ਸਨ। ਪੰਜਾਬ ਦਾ ਆਪਣਾ ਹੀ ਲਹੂ ਸਨ। ਪੁਤ ਸਨ, ਪੋਤਰੇ ਸਨ, ਭਰਾ ਸਨ, ਜਵ ਈ ਸਨ, ਪੰਜਾਬ ਤੇ ਗੈਰਾਂ ਦੀਆਂ ਸੌ ਸੌ ਖਿਦਮਤਾਂ ਕਰਦਾ, ਆਦਰ ਭਾ ਕਰਦਾ, ਆਪਣਿਆਂ ਨੂੰ ਕਿਉਂ ਨਾ ਹਿੱਕ ਨਾਲ ਲਾਵੇ। ਸਾਹਮਣੇ ਨਹੀਂ ਤੇ ਨਾ ਸਹੀ। ਚੋਰੀ, ਰਾਤ ਬਰਾਤੇ, ਚੂਰੀਆਂ ਕੁਟ ਕੁਟ ਕੇ, ਛੰਨੇ ਭਰ ਭਰ ਕੇ ਆਪ ਖਵਾਉਂਦਾ ਪੰਜਾਬ। ਹਕੂਮਤ ਦਾ ਬਹੁਤ ਦਬ ਦਬਾ ਸੀ।

ਇਕ ਦਰਖਤ ਦੀ ਛਾਵੇਂ ਚਾਰ ਜਣੇ ਬੈਠੇ ਗੱਲਾਂ ਕਰ ਰਹੇ ਸਨ।

ਲੰਮੀਆਂ ਲੰਮੀਆਂ ਲਟਾਂ ਵਾਲਾ ਖੁਲੀਆਂ ਬਾਵਰੀਆਂ ਲਟਾਂ ਕੱਟੀ ਮੁਛਾਂ ਪੱਕਾ ਸੂਫ਼ੀ ਫਕੀਰ ਵੇਖਣ ਨੂੰ, ਨਾਂ ਬਿਜਲਾ ਸਿੰਘ ਆਖਣ ਲੱਗਾ,

ਸੱਜਣਾ ਇਨੂੰ ਮੁਸਲਮਾਨ ਮੱਕਾ ਆਖ ਲੈਣ ਜਾਂ ਮਦੀਨਾ, ਇਹਨੂੰ ਕਾਂਸ਼ੀ ਆਖ ਲਉ ਜਾਂ ਪਰਿਆਗ, ਹਰਦਵਾਰ ਆਖੋ ਜਾਂ ਅਯੁਧਿਆ, ਇਹਨੂੰ ਸਿੰਘ ਗੋਇੰਦਵਾਲ ਆਖ ਕੇ ਮੱਥਾ ਟੇਕ ਲੈਣ ਜਾਂ ਅੰਮ੍ਰਿਤਸਰ ਨੂੰ ਹਿਰਦੇ ਵਿਚ ਵਸਾ ਕੇ ਸੀਸ ਨਿਵਾ ਲੈਣ, ਹਕੂਮਤ ਇਹਨੂੰ ਕਿਲ੍ਹਾ ਆਖ ਲਵੇ ਜਾਂ ਛਾਉਣੀ। ਚੁਗੱਤੇ ਮਲਕੁਲ ਮੌਤ ਦਾ ਘਰ ਆਖਦੇ। ਹਿੰਦੂ ਸ਼ਰਧਾਲੂ ਸ਼ਿਵ ਸਥਾਨ। ਕੁਝ ਸਿੰਘ ਦਮ-ਦਮਾ ਆਖ ਮਨ ਨੂੰ ਠੰਢ ਪਾ ਲੈਂਦੇ। ਲਾਹੌਰ ਸੂਬਾ ਇਸ ਜਗ੍ਹਾ ਨੂੰ ਲੱਖੀ ਜੰਗਲ ਦੇ ਨਾਂ ਨਾਲ ਪੁਕਾਰਦਾ। ਇਨ੍ਹਾਂ ਸਾਰੀਆਂ ਗਲਾਂ ਵਿਚੋਂ ਕੋਈ ਗਲ ਵੀ ਝੂਠ ਨਹੀਂ। ਇਹ ਸਾਰੀਆਂ ਸੋਲਾਂ ਆਨੇ ਸੱਚ ਹਨ। ਕਸਵੱਟੀ ਤੇ ਕੱਸ ਲਾ ਕੇ ਪਰਖੀਆਂ ਹੋਈਆਂ ਨੇ।

ਸਰਕਾਰੀ ਕਾਗਜ਼ਾਂ ਵਿਚ ਜਦ ਲੱਖੀ ਜੰਗਲ ਦਾ ਨਾਂ ਆਉਂਦਾ ਹੈ ਤਾਂ ਉਥੇ ਨਾਲ ਇਹ ਵੀ ਲਿਖਿਆ ਹੁੰਦਾ : ਲੁਟੇਰਿਆਂ, ਧਾੜਵੀਆਂ, ਖੂਨਖਾਹ, ਦਰਿੰਦਿਆਂ ਤੇ ਡਾਕੂਆਂ ਦਾ ਖੂਨ-ਖੌਬ ਇਹ ਜੰਗਲ ਏ, ਹਕੂਮਤ ਦੀਆਂ ਅੱਖਾਂ ਵਿਚ ਰੜਕਦਾ ਕੁਕਰਾ ਬਣਕੇ। ਸੂਬੇ

ਦੀਆਂ ਮਾਰੂ ਫ਼ੌਜਾਂ ਸਿੰਘਾਂ ਦੀ ਛੁਪਣ ਗਾਹ ਦਾ ਪਰਛਾਵਾਂ ਵੀ ਨਾ ਲੰਘ ਸਕਦੀਆਂ। ਮਾਂਹ ਮੋਠ ਰਿੰਨਦੀ ਪਰ ਕੁਝ ਨਾ ਬਣਦਾ। ਸਿੰਘਾਂ ਦਾ ਇਹ ਜਲਾਲ ਏ।

"ਜਲਾਲ ਤੇ ਬੜਾ ਏ ਪਰ ਵਜੂਦ ਕੁਝ ਨਹੀਂ" । ਬੋਲਿਆ ਤਾਰਾ ਸਿੰਘ।

"ਮਦਾਰੀ ਦਾ ਤਮਾਸ਼ਾ ਨਹੀਂ ਜਿਹੜਾ ਵਜੂਦ ਨਜ਼ਰ ਆ ਜਾਏ। ਇਹ ਸਾਜਸ਼ਾਂ ਭੋਰਿਆਂ ਵਿਚ ਪਲਦੀਆਂ ਹਨ। ਖਾਮੋਸ਼ੀ ਦੇ ਝੁਮਲਮਾਟੇ ਵਿਚੋਂ ਜਨਮ ਲੈਂਦੀਆਂ ਹਨ। ਇਨ੍ਹਾਂ ਦੀ ਝੁਗਲੀ ਮੂੰਹ ਤੇ ਮੜਾਸਾ ਮਾਰ ਬੰਨ੍ਹ ਕੇ ਕਮਰ ਕੱਸ ਕਰਕੇ ਦੂਧ ਪਿਆਉਂਦੀ ਏ। ਬੜੇ ਜਫਰ ਜਾਲਣੇ ਪੈਂਦੇ ਹਨ ਇਹਨਾਂ ਨੂੰ ਜਵਾਨੀ ਚੜ੍ਹਾਏ ਜਾਣ ਤਕ। ਸਮਝ ਆਈ ਊ ਕੋਈ ਮੇਰੀ ਗਲ।" ਬੋਲ ਬਿਜਲਾ ਸਿੰਘ ਦੇ ਸਨ।

ਤਾਰਾ ਸਿੰਘ ਜੋਸ਼ ਚ ਆ ਗਿਆ ਤੇ ਆਖਣ ਲੱਗਾ, ਛਾਤੀ ਤੇ ਹੱਥ ਮਾਰਕੇ ਸਿੰਘ ਜੀ ਇਹ ਸਾਡਾ ਕੀਰਤ ਪੁਰ ਏ ਚਮਕੌਰ ਸਾਹਿਬ ਏ। ਇਹ ਅਨੰਦਪੁਰ ਗੜ੍ਹੀ ਦਾ ਦੂਜਾ ਰੂਪ ਏ ਲੱਖੀ ਜੰਗਲ।

ਮਨਸਾ ਸਿੰਘ ਨੇ ਵਿਚ ਐਵੇਂ ਲੱਤ ਅੜਾ ਲਈ। ਬੋਲਿਆ ਇਹਨੂੰ ਸਰਹੰਦ ਨਹੀਂ ਆਖਿਆ ਜਾ ਸਕਦਾ। ਕਤਲ ਗੜ੍ਹ ਤੋਂ ਇਹ ਘੱਟ ਏ ?

ਸਿੰਘਾ ਇਹ ਨਾ ਸਰਹੰਦ ਏ ਨਾ ਕਤਲ ਗੜ੍ਹ। ਲੱਖੀ ਜੰਗਲ ਚ ਕਿਸੇ ਦੇ ਲਹੂ ਵਿਚ ਕੋਈ ਹਥ ਨਹੀਂ ਰੰਗ ਸਕਦਾ ਇਹ ਪਵਿਤਰ ਸਥਾਨ ਏ। ਇਹਨੂੰ ਉਨਾ ਚਿਰ ਪਵਿਤਰ ਰਖਿਆ ਜਾਵੇ ਜਦ ਤਕ ਸਾਡੇ ਚ ਦੁਫੇੜ ਨਹੀਂ ਪੈਂਦੀ। ਜੇ ਵਿਥ ਪੈ ਗਈ ਤਾਂ ਫਿਰ ਇਹ ਗੁਰਦਾਸ ਨੰਗਲ ਬਣ ਜਾਏ। ਸਿੰਘ ਹੁਣ ਇਹੋ ਜਿਹੀ ਗਲਤੀ ਨਹੀਂ ਕਰਨਗੇ। ਇਕ ਭੁਲ ਹੋ ਗਈ ਵਾਰ ਵਾਰ ਭੁਲਾਂ ਨਹੀਂ ਹੁੰਦੀਆਂ। ਉਸੇ ਭੁਲ ਨੇ ਘਰੋਂ ਬਾਹਰੋਂ ਛੇਕ ਦਿਤਾ ਏ। ਨਹੀਂ ਸਿੰਘ ਕਿਨ੍ਹੂੰ ਪਲੇ ਬੰਨਦੇ ਸਨ। ਬਿਜਲਾ ਸਿੰਘ ਦੀ ਆਵਾਜ਼ ਸੀ।

ਮਨਸਾ ਸਿੰਘ ਬੋਲਿਆ ਮੈਨੂੰ ਅਜ ਪਤਾ ਲਗਾ ਏ ਲੱਖੀ ਜੰਗਲ ਇਕ ਹਊਆ ਏ। ਬਘਿਆੜ ਏ, ਸ਼ੀਂਹ ਬੁਘੇਲਾ ਏ ਹਕੂਮਤ ਲਈ, 'ਮੈਂ ਸਮਝਦਾ ਸਾਂ ਚੋਰਾਂ ਵਾਂਗੂ ਲੁਕਣ ਦੀ ਜਗ੍ਹਾ ਮੱਲੀ ਏ ਸਿੰਘਾਂ।'

ਹਕੂਮਤ ਲਈ ਤੇ ਇਹੋ ਕੁਝ ਏ। ਪਰ ਸਿੰਘਾਂ ਲਈ ਇਕ ਗੜ੍ਹ ਏ, ਕਿਲ੍ਹਾ ਏ ਬਿਨਾਂ ਬੁਰਜੀਆਂ ਤੋਂ ਬਿਨਾਂ ਦੀਵਾਰ ਤੋਂ ਬਿਨਾਂ ਖਾਈ ਤੋਂ। ਬਿਜਲਾ ਸਿੰਘ ਨੇ ਉਤਰ ਦਿਤਾ।

ਮੈਨੂੰ ਤੇ ਸਜਣਾ ਬੜਾ ਪਿਆਰ ਹੋ ਗਿਆ ਏ। ਮੇਰੀ ਹਮਦਰਦੀ ਵਧ ਗਈ ਏ। ਮੈਂ ਕਦੇ ਇਦਾਂ ਸੋਚਿਆ ਸੁਣਿਆਂ ਨਹੀਂ ਸੀ। ਸਾਡਾ ਕੰਮ ਸੀ ਜਥੇਦਾਰ ਦਾ ਬਚਨ ਮੰਨੋ ਤੇ ਸੇਵਾ ਕਰੀ ਜਾਉ ਤੇ ਮੇਵਾ ਮਿਲੂ। ਬੋਲ ਮਨਸਾ ਸਿੰਘ ਦੇ ਸਨ।

ਨਿੱਠ ਕੇ ਬਹਿ ਜਾਉ ਤੇ ਸੁਣ ਲਉ ਲੱਖੀ ਜੰਗਲ ਹੈ ਕੀ। ਸਿੰਘ ਇਹਦਾ ਏਨਾ ਸਤਿਕਾਰ ਕਿਉਂ ਕਰਦੇ ਹਨ ? ਸਾਰਾ ਪੰਜਾਬ ਸੀਸ ਨਿਵਾਉਂਦਾ ਏ। ਬਿਜਲਾ ਸਿੰਘ ਨੇ ਛੋਟੇ ਜਿਹੇ ਦਾੜੇ ਤੇ ਹਥ ਫੇਰਿਆ ਤੇ ਦਸਤਾਰ ਨੂੰ ਸਵਾਰਾ ਕੀਤਾ। ਸ਼ਰਧਾ ਤੇ ਪਿਆਰ ਚ ਬੋਲ ਉਠਿਆ।

'ਲੱਖੀ ਜੰਗਲ ਸੂਰਮੇ, ਯੋਧੇ ਤੇ ਵੀਰਾਂ ਦੀ ਬਸਤੀ ਦਾ ਨਾਂ ਏ,'

'ਲੱਖੀ ਜੰਗਲ' ਉਹ ਬੰਦੇ ਰਹਿ ਸਕਦੇ ਹਨ ਜਿਹੜੇ ਮੌਤ ਨੂੰ ਹੱਸ ਹੱਸ ਕੇ ਜੱਫੀਆਂ ਪਾਉਣੋਂ ਨਾ ਸੰਗਣ।

ਲੱਖੀ ਜੰਗਲ ਸਿਦਕੀ, ਸੂਰਮਿਆਂ ਦਾ ਗੜ੍ਹ ਏ।

'ਪ੍ਰਤਿਗਿਆ ਕਰਨੀ ਤੇ ਪ੍ਰਤਿਗਿਆ ਤੇ ਪੂਰੇ ਉਤਰਨ ਵਾਲੀ ਜਨਮ-ਭੂਮੀ ਏ, ਲੱਖੀ ਜੰਗਲ।'

'ਲੱਖੀ ਜੰਗਲ 'ਚ ਉਹ ਬੰਦੇ ਵਸਦੇ ਹਨ, ਜਿਹੜੇ ਗੁਰੂ ਦੇ ਨਾਂ ਦੀ ਮਾਲਾ ਜਪਦੇ ਹਨ। ਗੁਰੂ ਦੇ ਆਸਰੇ ਜੀਉਣ ਵਾਲਿਆਂ ਦਾ ਗੁਰੂ ਧਾਮ ਏ।'

'ਲੱਖੀ ਜੰਗਲ ਇਕ ਮੰਦਰ ਏ ਉਹਨਾ ਪੁਜਾਰੀਆਂ ਦਾ ਜਿਨ੍ਹਾਂ ਦਾ ਗੁਰੂ ਤੇ ਵਿਸ਼ਵਾਸ ਅਟੱਲ ਏ।'

'ਲੱਖੀ ਜੰਗਲ ਦੇ ਉਹ ਵਸਨੀਕ ਹਨ, ਜਿਹੜਾ ਬੋਲ ਜ਼ਬਾਨ ਤੋਂ ਕਢਦੇ ਹਨ, ਉਹਦੇ ਤੇ ਪ੍ਰਾਣ ਦਿੰਦੇ ਹਨ, ਪਰ ਸੀ ਨਹੀਂ ਕਰਦੇ, ਇਹ ਪਿੰਡ ਉਹਨਾਂ ਦਾ ਏ।'

'ਲੱਖੀ ਜੰਗਲ ਉਹ ਦੋ ਧਾਰੀ ਤਲਵਾਰ ਏ ਜਿਨ੍ਹਾਂ ਦਾ ਨਿਸਚਾ ਏ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇ।'

'ਲੱਖੀ ਜੰਗਲ ਖੰਡਿਓਂ ਤਿੱਖੀ, ਵਾਲੋਂ ਨਿੱਕੀ ਇਤਿ ਮਾਰਗ ਜਾਣਾ, ਵਿਸ਼ਵਾਸ ਵਾਲਿਆਂ ਦਾ ਇਕ ਪੜਾ ਏ।'

'ਦਸਵੰਧ ਕਢਣਾ ਤੇ ਵੰਡ ਛਕਣਾ, ਇਹ ਧਰਮ ਏ ਲੱਖੀ ਜੰਗਲ ਦੇ ਵਾਸੀਆਂ ਦਾ।'

'ਗੁਰੂ ਦੀ ਗੋਲਕ, ਗਰੀਬ ਦਾ ਮੂੰਹ ਏ, ਲੱਖੀ ਜੰਗਲ, ਇਹਨੂੰ ਗੁਰੂ ਦਾ ਸੀਨਾ ਵੀ ਆਖਿਆ ਜਾ ਸਕਦਾ ਏ।'

ਲੱਖੀ ਜੰਗਲ ਕਿਰਪਾਨ ਦੀ ਉਹ ਮਿਆਨ ਏ ਜਿਸ ਦੇ ਬੱਚੇ ਜ਼ਾਲਮ ਲਈ ਤਿੱਖੀ ਦੋ ਧਾਰੀ ਤਲਵਾਰ ਏ, ਮਜ਼ਲੂਮ ਹਿਰਦੇ ਦਾ ਪਿਆਰ, ਅੱਖਾਂ ਵਿਚ ਲਾਲੀ, ਲੱਜ, ਸ਼ਰਮ ਤੇ ਹਯਾ ਦੀ।

'ਲੱਖੀ ਜੰਗਲ ਇਕ ਮੰਦਰੱਸਾ ਏ। ਜਿਸ ਦੇ ਇਹ ਵਿਦਿਆਰਥੀ ਇਹ ਸਬਕ ਪੜ੍ਹਦੇ ਹਨ, ਜੋ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰਿ ਤਲੀ ਗਲੀ ਮੇਰੀ ਆਉ।'

'ਲੱਖੀ ਜੰਗਲ ਉਹਨਾਂ ਖੁਲ੍ਹੇ ਡੁਲ੍ਹੇ ਸਿਧ ਪਧਰੇ ਲੋਕਾਂ ਦੀ ਛਾਉਣੀ ਹੈ, ਜਿਹੜੇ ਸਾਰੀ ਜ਼ਿੰਦਗੀ ਇਕ ਜੂਹੇ ਵਿਚ ਕੱਟ ਲੈਂਦੇ ਹਨ ਭਾਵੇਂ ਹਾੜ ਜਾਵੇ ਭਾਵੇਂ ਸਿਆਲ।'

'ਲੱਖੀ ਜੰਗਲ ਉਹਨਾਂ ਸੂਰਮਿਆਂ ਦਾ ਡੇਰਾ ਏ, ਜਿਨ੍ਹਾਂ ਦੀ ਜਾਇਦਾਦ ਏ ਇਕ ਘੋੜਾ, ਚੂਰੀ ਮਾਲਾ, ਵਿਰਸੇ ਵਿਚ ਮਿਲੀ ਹੋਈ ਤਲਵਾਰ ਬਖਸ਼ਸ਼ ਏ, ਕੇਸ ਗੁਰੂ ਦੀ ਮੋਹਰ ਹਨ।'

'ਲੱਖੀ ਜੰਗਲ ਤੀਰਥ ਉਹਨਾਂ ਮਹਾਂ ਪੁਰਸ਼ਾਂ ਦਾ ਏ ਜਿਹੜੇ ਹਿਰਦੇ ਵਿਚ ਬਾਣੀ ਦਾ ਸਿਮਰਨ ਕਰਦੇ ਰਹਿੰਦੇ ਹਨ।'

'ਲੱਖੀ ਜੰਗਲ ਦੇ ਸਿੰਘਾਂ ਦੀ ਗੁੜਤੀ ਏ ਵਿਸ਼ਵਾਸ ਤੇ ਜਜ਼ਬਾ।'

'ਲੱਖੀ ਜੰਗਲ ਦੇ ਵਸਨੀਕਾਂ ਦੇ ਘਰ, ਘੋੜਿਆਂ ਦੀ ਕਾਠੀ ਉਤੇ। ਉਹਨਾਂ ਦਾ ਸਭ ਤੋਂ ਵੱਡਾ ਹਥਿਆਰ ਉਸ ਵੇਲੇ ਘੋੜਾ ਸੀ।'

'ਲੱਖੀ ਜੰਗਲ ਉਹਨਾਂ ਧਰਮੀਆਂ ਦਾ ਟੋਲਾ ਏ, ਜਿਹੜੇ ਜ਼ਾਲਮਾਂ ਲਈ ਮੌਤ ਬਣ ਜਾਂਦੇ ਹਨ ਤੇ ਪਰਾਈ ਔਰਤ ਨੂੰ ਮਾਂ ਭੈਣ ਤੇ ਧੀ ਸਮਝਦੇ ਹਨ।'

'ਲੱਖੀ ਜੰਗਲ ਮੋਰ ਨਚਿਆ ਕਿਸ ਵੇਖਿਆ, ਪਹਾੜ ਤੇ ਬੰਸਰੀ ਵਜੀ ਕਿਸ ਸੁਣੀ ਏ, ਇਹੋ ਜਿਹੇ ਅਕੀਦਿਆਂ ਵਾਲਿਆਂ ਦੀ ਛਾਉਣੀ ਏ।'

ਲੱਖੀ ਜੰਗਲ ਬਾਰੇ ਬੜਾ ਕੁਝ ਮਸ਼ਹੂਰ ਏ। ਉਹਨਾਂ ਵਿਚੋਂ ਬਹੁਤ ਕੁਝ ਸਚ ਏ। ਸਿੰਘ ਹੁਣੇ ਸਨ ਤੇ ਹੁਣੇ ਹਰਨਾਂ ਦੇ ਸਿੰਗੀਂ ਚੜ੍ਹ ਕੇ ਅਲੋਪ ਹੋ ਗਏ। ਭੂਤਨਿਆਂ

ਦੀ ਗੜ੍ਹੀ ਏ। ਪਲ ਵਿਚ ਗਾਇਬ ਹੋ ਜਾਂਦੇ। ਅਸਮਾਨ ਖਾ ਜਾਂਦਾ ਜਾਂ ਜ਼ਮੀਨ ਨਿਗਲ ਜਾਂਦੀ। ਇਹ ਕੋਈ ਨਹੀਂ ਜਾਣਦਾ।

ਇਸ ਲਈ ਉਹਨੂੰ ਭੂਤਾਂ ਦਾ ਡੇਰਾ ਵੀ ਆਖਦੇ ਹਨ।

'ਲੱਖੀ ਜੰਗਲ ਸਿੰਘ ਛਾਉਣੀਆਂ ਪਾ ਕੇ ਰਹਿੰਦੇ ਹਨ, ਜਿਨ੍ਹਾਂ ਬਾਰੇ ਇਹ ਅਖਾਣ ਬਣ ਗਿਆ ਏ, 'ਸਿੰਘ ਮਕਾਨ ਛੱਡ ਕੇ ਭਜ ਗਏ।' ਉਹ ਹਾਰੇ ਨਹੀਂ, ਉਹਨਾਂ ਦਿਲ ਨਹੀਂ ਛਡਿਆ, ਸਗੋਂ ਉਹ ਨਵੇਂ ਹਮਲੇ ਦੀ ਤਿਆਰੀ ਕਰ ਰਹੇ ਹਨ। ਯਕ ਦਮ ਜਿਸ ਤਰ੍ਹਾਂ ਛੜਾਕੀ ਦਾ ਮੀਂਹ ਪੈਂਦਾ ਏ ਇਕ ਦਮ ਕੁਕ੍ਹੇ ਕੀ ਧਤੀਰੀਆਂ ਛੁਟੀਆਂ ਲਹੂ ਦੇ ਫੁਵਾਰੇ, ਦੁਸ਼ਮਣ ਦੀਆਂ ਫ਼ੌਜਾਂ ਦੀਆਂ ਰੀਂਝਾਂ ਪੀ ਲਈਆਂ, ਬੋਟੀਆਂ ਉਡਾ ਦਿੱਤੀਆਂ। ਇਹ ਇਕ ਨਵਾਂ ਤਰੀਕਾ ਏ ਜੰਗ ਦਾ। ਜਿਹੜੀ ਨਵੀਂ ਕਾਢ ਏ ਸਿੰਘਾਂ ਦੇ ਆਗੂਆਂ ਦੀ।

ਲੱਖੀ ਜੰਗਲ ਦੇ ਵਾਰੇ ਵਾਰੇ ਜਾਈਏ ਫਕੇ ਮਾਰਨੇ ਭੁੱਜੇ ਛੋਲਿਆਂ ਦੇ, ਡਕਾਰ ਮਰਨਾਂ ਕਾਬਲੀ ਬਦਾਮਾਂ ਦਾ। ਖਾਣੀਆਂ ਬਹੀਆਂ ਰੋਟੀਆਂ ਤੇ ਸਵਾਦ ਲੈਣਾ ਮਿਠੇ ਪ੍ਰਸ਼ਾਦਿਆਂ ਦਾ ਪੀਣੀ ਕੜੀ ਤੇ ਅੰਮ੍ਰਿਤੀ ਆਖ ਕੇ ਪਵਿੱਤਰ ਕਰ ਲੈਣੀ। ਹੋਣਾ ਇਕ ਤੇ ਸਵਾ ਲੱਖ ਆਖ ਕੇ ਅਗਲੇ ਦੀ ਜਾਨ ਕਢ ਲੈਣੀ। ਅੱਖਾਂ ਤੋਂ ਨਦਾਰ ਅੰਨਾ ਹੋਣਾ ਤੇ ਨਾਂ ਸੂਰਮਾਂ ਸਿੰਘ, ਲਕੋ ਟੂਟਾ ਤੇ ਨਾ ਦਿੱਲੀ ਤੋੜ ਸਿੰਘ।'

'ਲੱਖੀ ਜੰਗਲ ਉਹਨਾਂ ਪੁਠ ਦਿਤੇ ਸਿੰਘਾਂ ਦਾ ਅਸਥਾਨ ਏ ਜਿਹੜੇ ਸੰਗਤ, ਪੰਗਤ ਤੇ ਬਾਣੀ ਤੇ ਇਮਾਨ ਰਖਦੇ ਹਨ।'

ਲੱਖੀ ਜੰਗਲ ਛਾਉਣੀ ਏ ਉਹਨਾਂ ਸਿੰਘਾਂ ਦੀ, ਜਿਨ੍ਹਾਂ ਬਾਰੇ ਮੁਗ਼ਲ ਸ਼ਾਹੀ ਲੋਕ ਆਖਦੇ ਹਨ ਸਿੰਘ ਮਹਾਂ ਪੁਰਸ਼ ਹਨ ਦੇਵਤੇ ਹਨ।

ਖੜੱਪੇ ਸਪ ਵਾਂਗੂ ਵਿਚ ਮਨਸਾ ਸਿੰਘ ਬੋਲ ਪਿਆ 'ਭਈ ਉਹ ਕਿੱਦਾਂ ?'

'ਬਿਜਲਾ ਸਿੰਘ ਬੋਲ ਉਠਿਆ, 'ਸਿੰਘਾਂ ਹਮਲਾ ਕੀਤਾ ਇਕ ਕੈਂਪ ਤੇ, ਜਦ ਉਹਨਾਂ ਨੂੰ ਪਤਾ ਲਗਾ ਇਹ ਕੈਂਪ ਬੇਗਮਾ ਦਾ ਏ, ਉਹਨਾਂ ਨੇ ਤਲਵਾਰਾਂ ਉਥੇ ਹੀ ਮਿਆਨ ਵਿਚ ਪਾ ਲਈਆਂ, ਦੋਵੇਂ ਹਥ ਜੋੜ ਮੁਆਫੀ ਮੰਗੀ ਉਨ੍ਹਾਂ ਬੀਬੀਆਂ ਰਾਣੀਆਂ ਤੋਂ, ਜੋ ਕੁਝ ਆਪਣੇ ਪੱਲੇ ਸੀ, ਉਹ ਸਭ ਕੁਝ ਉਥੇ ਢੇਰੀ ਕਰ ਦਿੱਤਾ, ਜੋ ਕੁਝ ਲੁਟ ਕੇ ਲਿਆਏ ਉਹ ਵੀ ਉਸੇ ਢੇਰੀ 'ਚ ਪਾ ਦਿਤਾ, ਬੋਹਲ ਲਗ ਗਿਆ ਮੋਹਰਾਂ ਦਾ। ਉਥੋਂ ਪਿਛਲੇ ਪੈਰੀਂ ਪਰਤ ਗਏ। ਭੈਣਾਂ ਤੇ ਧੀਆਂ ਦੇ ਘਰ ਜੁ ਆਏ ਸਨ ਭਰਾ।'

ਮਾਵਾਂ ਦੇ ਦੁਧ ਵਾਂਗੂ ਪਵਿਤਰ ਏ ਲੱਖੀ ਜੰਗਲ, ਇਹ ਗਲ ਇਹ ਕਥਾ, ਇਹ ਵਾਰਦਾਤ ਸਿਰਫ ਲੱਖੀ ਜੰਗਲ ਹੀ ਜਾਣਦਾ ਏ। ਪੰਜਾਬ ਦੇ ਕੁਝ ਵਿਰਲੇ ਬੰਦੇ ਇਸ ਗਲ ਤੋਂ ਜਾਣੂ ਹਨ। ਤੁਸਾਂ ਸੁਣ ਲਈ ਏ ਪੱਲੇ ਬੰਨ੍ਹ ਲਉ।

ਕਿਸੇ ਦਿਨ ਇਹਨਾਂ ਪੰਜਾਬ ਦਾ ਸਿੰਘਾਸਣ ਸਾਂਭਣਾ ਏਂ, ਘੋੜੇ ਜੋੜੇ ਤੇ ਕਲਗੀਆਂ ਇਹਨਾਂ ਲਈ ਹੋਣਗੀਆਂ, ਇਹਨਾਂ ਜ਼ਾਲਮ ਮੁਗ਼ਲਾਂ ਲਈ ਨਹੀਂ, ਸਿਰ ਸਵਾਹ ਇਨ੍ਹਾਂ ਲਈ ਸੱਤਾਂ ਚੁਲ੍ਹਿਆਂ ਦੀ। ਬਿਜਲਾ ਸਿੰਘ ਨੇ ਆਖ ਕੇ ਹੱਥ ਜੋੜ ਦਿਤੇ ਧੰਨ ਧੰਨ ਧੰਨ ਧੰਨ ਧੰਨ ਗੁਰੂ ਗਰੀਬ ਨਿਵਾਜ।

ਵਲਵਲੇ

ਲਾਹੌਰ ਤੋਂ ਇਕ ਬੰਦਾ ਆਇਆ ਏ ਉਸ ਦਸਿਆ ਏ ਕਿ ਸੂਬਾ ਲਾਹੌਰ ਨੇ ਭਰੀ ਕਚਿਹਰੀ ਵਿਚ ਇਹ ਫੈਸਲਾ ਕੀਤਾ ਏ ਕਿ ਹੁਣ ਪੰਜਾਬ ਵਿਚ ਸਿੰਘ ਨਹੀਂ ਰਹਿ ਸਕਦੇ। ਇਕ ਮਿਆਨ ਵਿਚ ਦੋ ਤਲਵਾਰਾਂ ਕਿੱਦਾਂ ਰਖੀਆਂ ਜਾ ਸਕਦੀਆਂ ਹਨ ? ਇਕ ਜੰਗਲ ਵਿਚ ਦੋ ਸ਼ੇਰ ਕਿੱਦਾਂ ਬੜਕਾਂ ਮਾਰਨਗੇ, ਸ਼ੇਰ ਇਕ ਰਹੇਗਾ ਜੰਗਲ ਵਿਚ। ਇਕ ਮਿਆਨ ਵੀ ਇਕ ਤਲਵਾਰ ਹੀ ਝਲਦਾ ਹੈ ਜਾਂ ਪੰਜਾਬ ਵਿਚ ਮੈਂ ਹਕੂਮਤ ਕਰਾਂਗਾ, ਜਾਂ ਸਿੰਘਾ ਕਹਿਰ ਰੱਬ ਦਾ ਚੋਰਾਂ ਚਕਾਰਾਂ ਵਾਂਗੂ ਕਿਸੇ ਦੇ ਘਰੋਂ ਪੈਸਾ ਲੁਟ ਪੁਟ ਕੇ ਲੈ ਜਾਣਾ ਇਹ ਕੋਈ ਬਹਾਦਰੀ ਥੋੜੀ ਏ ਇਹ ਸ਼ੋਹਦਿਆਂ ਦਾ ਕੰਮ ਏ। ਢੋਲ ਵਜਾਓ ਤੇ ਅਗਲੇ ਨੂੰ ਲਲਕਾਰੋ ਤੇ ਫਿਰ ਲੁਟੋ। ਇਹਨੂੰ ਆਖਦੇ ਹਨ ਬੀਰਤਾ। ਸੇਵਾ ਜੀ ਨੇ ਇਕੋ ਗੱਲ ਹੀ ਦਸੀ ਏ ਸਿੰਘਾਂ ਨੂੰ ਬਾਕੀ ਵਸਫ ਨਹੀਂ ਦਸੇ। ਸੇਵਾ ਜੀ ਦਾ ਜ਼ਮਾਨਾ ਹੋਰ ਸੀ ਮੇਰਾ ਜ਼ਮਾਨਾ ਹੋਰ ਏ। ਇਨ੍ਹਾਂ ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਏ। ਮੈਂ ਸਿੰਘਾਂ ਦਾ ਬੀ ਮੁਕਾ ਦਿਆਂਗਾ ! ਮੈਂ ਕੋਈ ਪੰਜਾਬ ਵਿਚ ਤੀਵੀਂ ਨਹੀਂ ਛਡਣੀ ਜਿਹੜੀ ਇਹੋ ਜਿਹੇ ਨਿੱਡਰ, ਨਿਧੜਕ, ਬੇਖੌਫ ਤੇ ਤਲੀ ਤੇ ਜਾਨ ਰਖਕੇ ਮਰਨ ਮਾਰਨ ਨੂੰ ਪਲ ਵਿਚ ਤਿਆਰ ਹੋ ਜਾਣ ਵਾਲੇ ਸਿੰਘ ਪੈਦਾ ਕਰਦੀ। ਨਾ ਕਰੇ ਮੈਂ ਉਨ੍ਹਾਂ ਸਾਰੀਆਂ ਦੇ ਗਰਭ ਭੰਗ ਕਰਵਾ ਦਿਆਂਗਾ। ਮੇਰੇ ਜਿਉਂਦਿਆਂ ਕਿਸੇ ਦੀ ਕੁਖ ਫੁਟ ਨਹੀਂ ਸਕਦੀ। ਸੁਣ ਲਈ ਜੇ ਜ਼ਕਰੀਆ ਖਾਨ ਦੀ ਦਲੇਰੀ। ਬਿਜਲਾ ਸਿੰਘ ਜੋਸ਼ ਵਿਚ ਆਇਆ।

ਜੇ ਸਿੰਘਾਂ ਓਹਦਾ ਈ ਤੁਖਮ ਮੁਕਾ ਦਿਤਾ ਤੇ ਫਿਰ ਕਿਹੜੀ ਮਾਂ ਨੂੰ ਮਾਸੀ ਆਖੂ। ਇਥੇ ਕੋਈ ਸਕੰਦਰ ਆਏ। ਅਹਿਮਦ ਆਇਆ, ਗਜ਼ਨੀ ਦੀਆਂ ਬੜਕਾਂ ਸੁਣੀਆਂ, ਗੌਰੀ ਆਏ ਤੇ ਹਵਾ ਦੇ ਬੁਲੇ ਵਾਂਗੂ ਉਡ ਗਏ। ਉਨ੍ਹਾਂ ਦਾ ਕੋਈ ਨਾਂ ਲੈਣ ਵਾਲਾ ਦਿਸਦਾ ਈ। ਭਗਵਾਨ ਦੀ ਲਾਠੀ ਬੜੀ ਬੇ-ਅਵਾਜ਼ ਏ। ਦੇਰ ਏ, ਅੰਧੇਰ ਨਹੀਂ। ਜ਼ਰਾ ਪੈਰ ਧਰਨ ਦੀ ਜਗ੍ਹਾ ਮਿਲ ਜਾਏ ਸਿੰਘਾਂ ਨੂੰ ਬਹਿਣ ਦੀ ਫਿਰ ਦੇਖੀਂ ਕਿੰਨੀ ਜਲਦੀ ਬਣਾ ਲੈਂਦੇ ਆ। ਇਹ ਬਿਖਰਾ ਸਮਾਂ ਏ। ਇਹੋ ਜਿਹੇ ਵੇਲੇ ਇਸੇ ਤਰ੍ਹਾਂ ਲੁਕ ਛੁਪਕੇ ਦਿਨ ਕੱਟੀ ਕਰੀਦੀ ਏ। ਮਨਸਾ ਸਿੰਘ ਦੇ ਬੋਲ ਸਨ।

ਬਿਜਲਾ ਸਿੰਘ ਫਿਰ ਆਖਣ ਲੱਗਾ ਅਬਦੁਲਾ ਸਮੱਦ ਖ਼ਾਂ ਨੇ ਜਿਹੜਾ ਜ਼ੋਰ ਲਾਉਣਾ ਸੀ, ਜਿਹੜੀ ਅੱਤ ਕਰਨੀ ਸੀ ਕਰਕੇ ਵੇਖ ਲਈ ਏ। ਕਿਥੇ ਈ ਉਹ ਹਰਨਾਕਸ਼ ਤੇ ਕੰਸ ਵਰਗੇ ਕਦੀ ਫੁਲੇ ਫਲ ਨਹੀਂ। ਕ੍ਰਿਸ਼ਨ ਜੇਲ੍ਹ ਵਿਚ ਜੰਮ ਕੇ ਵੀ ਲੋਕਾਂ ਦੇ ਹਿਰਦੇ ਵਿਚ ਬੈਠ ਜਾਂਦਾ ਮਾਲਾ ਕ੍ਰਿਸ਼ਨ ਦੇ ਨਾਂ ਦੀ ਜਪੀ ਜਾਂਦੀ ਏ। ਅੰਮ੍ਰਿਤ ਵੇਲੇ ਕੋਈ ਹਰਨਾਕਸ਼ ਤੇ ਕੰਸ

ਪਾ ਨਾਂ ਨਹੀਂ ਲੈਂਦਾ। ਮਣਾਂ ਮੂਹੀਂ ਮਿਟੀ ਥਲੇ ਦਬੀਆਂ ਗਈਆਂ ਨੇ ਮੂਰਤਾਂ। ਇਹਦੀ ਵੀ ਚਾਰ ਦਿਨ ਦੀ ਚਾਂਦਨੀ ਏ। ਹਨੇਰਾ ਆਪਣੇ ਝੰਡੇ ਗੱਡ ਕੇ ਰਹੂ। ਹਨੇਰੇ ਵਿਚੋਂ ਲੋ ਉਭਰਦੀ ਏ ਉਹ ਲੋ ਸਾਰੇ ਜਗਤ ਨੂੰ ਚਾਨਣ ਬਖ਼ਸ਼ਦੀ ਏ, ਸੂਰਜ ਵੀ ਹਨੇਰੇ ਦੀ ਗੋਦ ਵਿਚੋਂ ਉਗਦਾ ਏ। ਸੂਰਜ ਦੇ ਚਮਕਾਰੇ ਅਗੇ ਕਿਸੇ ਦੀ ਅੱਖ ਨਹੀਂ ਟਿਕਦੀ। ਇਹ ਵੀ ਆਪਣੀ ਫੌਜ ਨੂੰ ਲਾ ਦੇਵੇ ਬੂਝੇ ਪੁਟਣ ਤੇ ਰੁਖ ਵਢਾ ਲਵੇ। ਢਾਬ ਦਾ ਪਾਣੀ ਢੁਆ ਕੇ ਲਾਹੌਰ ਲੈ ਜਾਣ ਫੇਰ ਭਾਵੇਂ ਸਿੰਘ ਇਥੋਂ ਭੱਜ ਜਾਣ। ਇਕ ਦਰਵਾਜ਼ਾ ਬੰਦ ਤੇ ਸੌ ਬੂਹੇ ਖੁਲ੍ਹੇ। ਕਾਨੂੰ ਕੋਠੇ ਦੀ ਰੱਖ। ਰਾਜਿਸਥਾਨ ਦੇ ਰੇਤ ਦੇ ਟਿੱਲੇ। ਇਹ ਸਾਰੇ ਇਹਦੇ ਪਿਉ ਦੀ ਜਾਗੀਰ ਹਨ। ਸਿੰਘ ਉਥੇ ਜਾ ਟਿਕਾਣਾ ਕਰਨਗੇ। ਕਿਉਂ ਮੈਂ ਝੂਠ ਬੋਲਿਆ ਏ।

ਸਿੰਘ ਕਦੀ ਝੂਠ ਨਹੀਂ ਬੋਲਦੇ। ਇਹ ਗੱਲ ਗੁਰੂਆਂ ਨੇ ਇਨ੍ਹਾਂ ਨੂੰ ਦਸੀ ਹੀ ਨਹੀਂ। ਪਾਰਾ ਸਿੰਘ ਬੋਲ ਉਠਿਆ।

ਪਾਰਾ ਸਿੰਘ ਆਪਣੀ ਬੋਲੀ ਵਿਚ ਬੋਲਿਆ ਜੇ ਸਿੰਘ ਏਸੇ ਦੀ ਅਲਖ ਮੁਕਾ ਦੇਣ ਪੰਜ ਦਸ ਬੰਦੇ ਹੀ ਸ਼ਹੀਦੀਆਂ ਪਾਉਣਗੇ ਨਾ। ਨਾ ਰਹੇ ਬਾਂਸ ਨਾ ਵਜੇ ਬਾਂਸਰੀ।

ਇਹ ਕਾਰਾ ਇਨਾ ਆਸਾਨ ਨਹੀਂ ਜਿੰਨਾ ਪਾਰਾ ਸਿੰਘ ਤੇਰਾ ਖ਼ਿਆਲ ਏ। ਇਹ ਲੋਹੇ ਦੇ ਚਣੇ ਹਨ, ਚਬਾਉਣੇ ਬਹੁਤ ਮੁਸ਼ਕਲ ਹਨ। ਪਾਪ ਦਾ ਘੜਾ ਭਰਨ ਦਿਉ ਆਪੇ ਫੁਟ ਜਾਊ। ਸਿੰਘ ਸੋਧਣਗੇ ਤਾਂ ਜ਼ਰੂਰ ਪਰ ਵਕਤ ਵੇਲਾ ਵੇਖ ਕੇ। ਜ਼ਕਰੀਆ ਖਾਂ ਕਿਸਮਤ ਦਾ ਸਕੰਦਰ ਏ ਤੇ ਨਾਲੇ ਜਵਾਈ ਏ ਦਿੱਲੀ ਦੇ ਵਜ਼ੀਰ ਦਾ ਦੂਹਰੀ ਸ਼ੈਹ ਏ। ਇਕ ਕਰੇਲਾ ਤੇ ਦੂਜਾ ਨਿੰਮ ਚੜ੍ਹਿਆ। ਅਜੇ ਏਸ ਕਾਦਰ ਸ਼ਾਹ ਦਾ ਨਾਂ ਈ ਸੁਣਿਐ। ਜ਼ਿਆਰਤ ਕਰਨ ਦਿਉ ਸੂ ਜੇ ਛਟੀ ਦਾ ਦੁਧ ਚੇਤੇ ਨਾ ਆਇਆ ਤਾਂ ਆਖੀ ਇਨ੍ਹਾਂ ਬਿਲੀਆਂ ਨੂੰ ਉਨ੍ਹਾਂ ਬਘਿਆੜਾਂ ਨੇ ਛਕ ਜਾਣਾ ਏ। ਪੰਜਾਬ ਸਾਡਾ ਤੇ ਅਸੀਂ ਪੰਜਾਬ ਦੇ ਵਾਰਸ ਹਾਂ। ਇਹ ਤਾਂ ਪਰਾਹੁਣੇ ਹਨ ਕਿੰਨੇ ਕੁ ਦਿਨ ਮੰਜੀਆਂ ਤੋੜਨਗੇ, ਘਰ ਤਾਂ ਘਰ ਵਾਲਿਆਂ ਦਾ ਏ। ਬਿਜਲਾ ਸਿੰਘ ਬੋਲ ਉਠਿਆ।

ਹੁਣ ਵਾਰੀ ਮਨਸਾ ਸਿੰਘ ਦੀ ਸੀ। ਲੈ ਭਈ ਤੂੰ ਵੀ ਦਿਲ ਦਾ ਗੁਬਾਰ ਕੱਢ ਲੈ ਤੇਰਾ ਆਫਰਿਆ ਹੋਇਆ ਢਿੱਡ ਹੌਲਾ ਹੋ ਜਾਵੇ, ਬੋਲ ਸਿੰਘ ਬੋਲ।

ਦੱਰਾ ਖੈਬਰ ਤੇ ਅਜੇ ਨਾਦਰ ਸ਼ਾਹ ਨੇ ਇਕ ਈ ਬੜ੍ਹਕ ਮਾਰੀ ਏ। ਮੁਲਤਾਨ ਦੇ ਸੂਬੇ ਦੇ ਚੌਲ ਚਿਟੇ ਹੋ ਗਏ। ਸੂਬਾ ਲਾਹੌਰ ਦੀ ਸਲਵਾਰ ਵਿਚ ਪਿਸ਼ਾਬ ਨਿਕਲ ਗਿਆ। ਸਰਹੰਦ ਦੇ ਸੂਬੇ ਨੂੰ ਦੰਦਲਾਂ ਪੈ ਗਈਆਂ ਨੇ। ਦਿੱਲੀ ਵਿਚ ਸਫੇ ਮਾਤਮ ਵਿੱਛ ਗਈ ਏ। ਨਾਦਰ ਦਾ ਕਿਸੇ ਮੁਕਾਬਲਾ ਨਹੀਂ ਕਰਨਾ। ਉਸ ਘੋੜਿਆਂ ਦੇ ਸੁੰਮਾਂ ਥਲੇ ਸਾਰਾ ਪੰਜਾਬ ਲਤਾੜ ਛਡਣਾ ਏ। ਦਿਲੀ ਦਾ ਕਚੂਮਰ ਕੱਢ ਛਡਣਾ ਸੂ। ਨਿੰਬੂ ਵਾਂਗ ਨਚੋੜ ਦੇਣਾ ਏ ਨਾਦਰ ਨੇ ਦਿਲੀ ਦੇ ਅਮੀਰਾਂ ਵਜ਼ੀਰਾਂ ਨੂੰ। ਇਨ੍ਹਾਂ ਦੇ ਤਾਂ ਐਵੇਂ ਡਰਦਿਆਂ ਦੇ ਪਦ ਨਿਕਲਦੇ ਹਨ। ਨਾਦਰ ਕੋਈ ਹਊਆ ਏ। ਦੋ ਹੱਥ ਹਨ, ਦੋ ਅੱਖਾਂ, ਦੋ ਕੰਨ ਇਕ ਈ ਘੋੜੇ ਤੇ ਸਵਾਰ ਏ ਨਾ। ਦੋ ਘੋੜਿਆਂ ਤੇ ਸਵਾਰ ਤੇ ਨਹੀਂ ਨਾ? ਚਾਰ ਹੱਥ ਕਿਸੇ ਨੇ ਨਹੀਂ ਨਾ ਵੇਖੇ। ਆਉਣ ਦਿਉ ਉਹਦੀਆਂ ਤਲਵਾਰਾਂ ਵੀ ਵੇਖਾਂਗੇ ਤੇ ਉਹਦੀਆਂ ਬੜ੍ਹਕਾਂ ਵੀ। ਜੇ ਕੱਲੇ ਸਿੰਘ ਵੀ ਉਹਨਾਂ ਨੂੰ ਪੈ ਗਏ ਤਾਂ ਬੋਟੀ ਬੋਟੀ ਵੰਡੇ ਨਹੀਂ ਆਉਣੀ। ਕੱਚਾ ਈ ਖਾ ਜਾਣਗੇ। ਕਿਸੇ ਨੇ ਭੁੰਨਣ ਦੀ ਖੇਚਲ ਈ ਨਹੀਂ ਕਰਨੀ। ਇਨ੍ਹਾਂ ਮੁਗਲਾਂ ਦੀਆਂ ਤਲਵਾਰਾਂ ਨੂੰ ਜੰਗ ਲਗ ਗਏ ਹਨ। ਇਨ੍ਹਾਂ ਕੋਲੋਂ ਨਾਦਰ ਦੀਆਂ ਖਾਖਾਂ ਨਹੀਂ ਪਾਟਣੀਆਂ ਤੇ ਨਾ ਈ ਉਸ ਦੇ ਸੰਘ ਵਿਚ

ਵਿਚ ਫਾਨਾ ਈ ਠੁਕਣਾ ਏ । ਸ਼ਰਾਬ ਨੇ ਇਨ੍ਹਾਂ ਦੀਆਂ ਤਲਵਾਰਾਂ ਨੂੰ ਤੜਾਗੀ ਪਾ ਦਿਤੀ ਐ । ਇਹ ਕੰਮ ਸਿੰਘਾਂ ਦੇ ਪੱਲੇ ਪਿਆ ਹੋਇਆ ਐ । ਭਲਾ ਕੋਈ ਪੁਛੇ ਉਦੇ ਅਸਾਂ ਕੀ ਲੈਣਾ ਐ ? ਪਰਾਈ ਅੱਗ ਵਿਚ ਸੜਕੇ । ਸਾਡੇ ਤੇ ਇਹ ਵੀ ਲਹੂ ਦੇ ਤਿਹਾਏ ਹਨ । ਇਨ੍ਹਾਂ ਦੋਹਾਂ ਨੂੰ ਲੜਕੇ ਹੌਲੇ ਹੋ ਲੈਣ ਦਿਉ । ਜਰਾ ਦਿਲੀ ਲੁਟ ਲਏ । ਇਕ ਦੋ ਡੋਲੇ ਨਕਾਹ ਲੈ ਲਵੇ । ਦੌਲਤਾਂ ਦੱਬੀਆਂ ਪੁਟੀਆਂ ਜਾਣ : ਪਟਾਅ ਪਟਾਅ ਇਨ੍ਹਾਂ ਦੇ ਨਕਾਂ ਵਿਚੋਂ ਠੂਹੇਂ ਡਿਗਦੇ ਹਨ ਜ਼ਰਾ ਨਾਸਾਂ ਸਾਫ ਹੋ ਜਾਣ, ਫੇਰ ਸਿੰਘ ਸੋਚਣਗੇ । ਏਸ ਵਾਰੀ ਪੰਜਾਬ ਨੇ ਨਾਦਰ ਨਾਲ ਭਿੜਨਾ ਨਹੀਂ । ਅਸੀਂ ਜਾਂਦੀ ਵਾਰੀ ਨਾਦਰ ਦੀ ਵੱਖੀ ਵੀ ਨਹੀਂ ਵੇਖਣੀ ਅਸੀਂ ਤਾਂ ਭਾਈਵਾਲ ਬਣਾਂਗੇ ਜਦੋਂ ਦੌਲਤਾਂ ਨਾਲ ਭਰੇ ਗਡੇ, ਅਸ਼ਰਫੀਆਂ ਲੱਦੇ ਊਠ, ਘੋੜੇ ਗਹਿਣੇ ਗੱਟੇ ਬੱਝੀਆ ਗੱਠੜੀਆਂ । ਘੋੜਿਆਂ ਤੇ ਲੈ ਕੇ ਲੰਘੂ ਪੰਜਾਬ ਦੇ ਵਿਚੋਂ ਦੀ । ਮਿਠਾ ਝੂਠ ਦੇ ਪਜ ਖਾਧਾ ਜਾਂਦਾ ਐ । ਅਸੀਂ ਤਾਂ ਭਾਰ ਈ ਹੌਲਾ ਕਰ ਸਕਦੇ ਹਾਂ । ਨਾਲੇ ਸਾਨੂੰ ਲੋੜ ਵੀ ਕੀ ਏ ਜੰਗੀ ਸਮਾਨ ਦੀ । ਘੋੜੇ, ਤੋਪਾਂ, ਦੌਲਤਾਂ ਨਾਦਰ ਨੇ ਇੰਨੀਆਂ ਕੀ ਕਰਨੀਆਂ ਨੇ, ਵਾਧੂ ਦਾ ਭਾਰ ? ਹੌਲਾ ਭਾਰ ਸਾਥ ਦਾ ਮੋਹਰੀ । ਲੰਮਾ ਸਫ਼ਰ ਏ ਭਾਰ ਥੋੜਾ ਈ ਹੋਣਾ ਚਾਹੀਦਾ ਏ । ਸਾਂਡਾ ਪਰਾਹੁਣਾ ਏ ਖਿਦਮਤ ਕਰਨੀ ਸਾਡਾ ਫਰਜ਼ ਏ । ਇਹ ਗੁਰਮਤਾ ਲੱਖੀ ਜੰਗਲ ਵਿਚ ਪਾਸ ਹੋਣਾ ਏ । ਲੱਖੀ ਜੰਗਲ ਦੇ ਸੂਰਮੇ ਈ ਸੋਧਣਗੇ ਨਾਦਰ ਸ਼ਾਹ ਨੂੰ । ਇਨ੍ਹਾਂ ਸੌਹਰਿਆਂ ਲੁਟੇਰਿਆਂ ਪੰਜਾਬ ਨੂੰ ਜਰਨੈਲੀ ਸੜਕ ਬਣਾ ਰਖਿਆ ਏ । ਜਦ ਤਕ ਇਨ੍ਹਾਂ ਦੇ ਨਕ ਵਿਚ ਨਕੇਲ ਨਹੀਂ ਪੈਂਦੀ ਉਨਾਂ ਚਿਰ ਤਕ ਇਹਨਾਂ ਮੁੜਨਾ ਨਹੀਂ । ਅਜੇ ਤਾਂ ਸੁਖ ਨਾਲ ਨਾਦਰ ਖੰਘਿਆ ਈ ਏ । ਬੜ੍ਹਕ ਸੁਣਨ ਦੇ ਜ਼ਕਰੀਆ ਖਾਂ ਨੂੰ ਮਾਂ ਦੀ ਕੱਛ ਵਿਚ ਜਾ ਵੜਨਾ ਏ । ਜ਼ਕਰੀਆ ਖਾਂ ਦੀ ਲਾਹੌਰ ਤੇ ਕਿਹੜੀ ਇੱਟ ਲੱਗੀ ਹੋਈ ਏ । ਸੌਹਰੇ ਚਲਿਆ ਜਾਊ, ਭਈ ਸਿੰਘ ਕਿਥੇ ਚਲੇ ਜਾਣ । ਇਹ ਤੇ ਸਾਡੀ ਜਨਮ ਭੂਮੀ ਏ । ਮਾਪਿਆਂ ਦਾ ਘਰ ਛਡਕੇ ਅਸੀਂ ਮੁਕਲਾਵਾ ਲੈਣ ਥੋੜੇ ਤੁਰ ਜਾਣੈ ।

ਬਿਜਲਾ ਸਿੰਘ ਨੇ ਟੋਕਿਆ । ਗੰਗਾ ਜਲ ਵਾਂਗੂ ਪਵਿਤਰ ਏ ਲੱਖੀ ਜੰਗਲ । ਖਾਣ ਪੀਣ ਨੂੰ ਬਾਘੜ ਬਿਲੇ ਤੇ ਪੌੜ ਭਨਾਉਣ ਨੂੰ ਰਿਛ । ਇਸ ਤਰ੍ਹਾਂ ਦੀਆਂ ਗੱਲਾਂ ਪਰਦੇ ਪਿਛੇ ਕਰੀਦੀਆਂ ਨੇ । ਸਿਆਣੇ ਆਖਦੇ ਨੇ ਕਿ ਕੰਧਾਂ ਨੂੰ ਵੀ ਕੰਨ ਹੁੰਦੇ ਨੇ ।

ਸਿੰਘਾਂ ਵਿਚੋਂ ਕੋਈ ਚੁਗਲ ਖੋਰ ਨਹੀਂ ਜੰਮ ਸਕਦਾ । ਮੈਂ ਦਾਅਵੇ ਨਾਲ ਆਖਦਾ ਹਾਂ ਸਾਰੇ ਪੰਜਾਬ ਵਿਚੋਂ ਕੋਈ ਲੂਤੀ ਲਾਉਣ ਵਾਲਾ ਨਹੀਂ । ਸਾਰੇ ਪੰਜਾਬ ਨੂੰ ਹਮਦਰਦੀ ਏ । ਸਾਰਾ ਪੰਜਾਬ ਦੁਖੀ ਏ । ਪੰਜਾਬ ਦੀ ਇਜ਼ਤ ਇਨ੍ਹਾਂ ਛੱਜ ਵਿਚ ਪਾ ਕੇ ਛੱਟ ਛਡੀ ਏ । ਪੰਜਾਬ ਦੇ ਸਾਰੇ ਲੋਕ ਸਿੱਖ ਹਨ । ਭਾਵੇਂ ਕੋਈ ਹਿੰਦੂ ਏ ਤੇ ਭਾਵੇਂ ਕੋਈ ਮੁਸਲਮਾਨ । ਬੋਲ ਪਾਰਾ ਸਿੰਘ ਦੇ ਸਨ ।

ਪਾਰਾ ਸਿੰਘ ਦੇ ਬੋਲ ਫਿਰ ਉਭਰੇ ਖਾਲਸਾ ਤਿਆਰ ਬਰ ਤਿਆਰ ਏ । ਸਿੰਘਾਂ ਕਿਹੜੇ ਘੋੜੇ ਬੀੜਨੇ ਨੇ । ਭੂਰਾ ਮੋਢੇ ਪਾਇਆ ਤੇ ਤਿਆਰ ਹੋ ਗਏ ।

ਮਨਮਾ ਸਿੰਘ ਨੇ ਦਾੜੇ ਤੇ ਹੱਥ ਫੇਰਿਆ । ਜ਼ਰਾ ਠਹਿਰੋ ਕਾਹਲੀ ਦੀ ਲੋੜ ਨਹੀਂ ਜ਼ਕਰੀਆ ਖਾਨ ਦੀ ਝੋਲ ਮੋਠੀ ਹੋਣ ਦਿਓ । ਉਹਦਾ ਦਿਮਾਗ ਟਕਾਣੇ ਆ ਜਾਏ । ਟਟੀਹਰੀ ਵਾਂਗ ਅਸਮਾਨ ਸਿਰ ਤੇ ਚੁਕੀ ਫਿਰਦਾ ਏ । ਸਿੰਘ ਤੇ ਇਹਨੂੰ ਕੀੜੀਆਂ ਜਾਪਦੇ ਹਨ । ਅੰਮ੍ਰਿਤਸਰ ਖਾਲੀ ਕਰਾਉਣਾ । ਤੂੰ ਕਰਵਾਕੇ ਵੇਖ ਲੈ । ਮਾੜਾ ਮੋਟਾ ਜਿਹੜਾ ਰੋਹਬ ਬਣਿਆ ਹੋਇਆ ਸੂ ਜੇ ਘੱਟੇ ਕੌਡੀਆਂ ਚ ਨਾ ਮਿਲ ਗਿਆ ਤਾਂ ਸਾਡਾ ਨਾਂ ਨਾ ਸੱਦੀਂ ।

ਦੇਖੀਂ ਅਸਾਂ ਖਾਨ ਨੂੰ ਗਲੀਆਂ ਦੇ ਕੱਖਾਂ ਤੋਂ ਹੌਲਾ ਕਰ ਦੇਣੇ। ਸਾਰੇ ਪੰਜਾਬ ਚੋਂ ਇਟ ਪੁਟਣ ਨਾਲ ਸਾਡਾ ਡੇਰਾ ਨਿਕਲਦਾ ਏ । ਸਾਡੀਆਂ ਧਰਮ ਸ਼ਾਲਾਂ, ਸਾਡੇ ਬੁੰਗੇ ਇਹੋ ਸਾਡੀਆਂ ਛਾਉਣੀਆਂ ਹਨ ਤੇ ਇਹੋ ਕਿਲੇ । ਪੰਜਾਬ ਦੇ ਇਕ ਇਕ ਘਰ ਵਿਚ ਇਕ ਇਕ ਕਿਲਾ ਏ। ਇਹ ਪੁਜਾਰੀ, ਇਹ ਸਾਧ ਜੋਧੇ ਵੀ ਹਨ ਮਾਲਾ ਛਡਕੇ ਕ੍ਰਿਪਾਨ ਪਾਉਣੀ ਵੀ ਜਾਣਦੇ ਹਨ। ਇਹ ਸਭ ਸੰਤ ਸਿਪਾਹੀ ਗੁਰੂ ਨੇ ਸਾਜੇ ਨੇ, ਭੇਜੇ ਹਨ। ਮੀਂਹ ਪੈਣ ਦੇ, ਚਮਾਸਾ ਲੱਗਾ ਤੇ ਫੇਰ ਵੇਖੀ ਖੁੰਬਾਂ ਵਾਂਗੂ ਫੁਟਦੇ। ਇਹ ਸ਼ੀਂਹ, ਬਘੇਲ, ਜੰਗਲ ਵਿਚ ਈ ਸੋਹਣੇ ਲਗਦੇ ਹਨ। ਮੁਗਲਾਂ ਦੀ ਫੌਜ ਵਾੜਾ ਏ ਭੇਡਾਂ ਬਕਰੀਆਂ ਦਾ ਇਕ ਬਘੇਲਾ ਇਨ੍ਹਾਂ ਦੇ ਇਜੜ ਵਿਚ ਜਾ ਵੜਿਆ ਤੇ ਸਾਰੀਆਂ ਬਕਰੀਆਂ ਚੀਰ ਕੇ ਰਖਦੂ। ਸਿੰਘ ਵੇਲੇ ਦੀ ਤਾੜ ਵਿਚ ਹਨ। ਇਹ ਸਮਝਦੇ ਹਨ ਕਿ ਸਾਥੋਂ ਡਰ ਗਏ। ਸਾਨੂੰ ਡਰਾਉਣ ਵਾਲਾ ਅਜੇ ਜੰਮਿਆ ਈ ਨਹੀਂ। ਅਸੀਂ ਸਿਰਫ ਅਕਾਲ ਪੁਰਖ ਤੋਂ ਡਰਦੇ ਆਂ। ਸਮਾਂ ਆ ਰਿਹਾ ਏ, ਰਾਜ ਕਰੇਗਾ ਖਾਲਸਾ ਆਕੀ ਰਹੇ ਨਾ........।

"ਬੋਲੇ ਸੋ ਨਿਹਾਲ ਸਤ ਸ੍ਰੀ ਅਕਾਲ" ਜੈਕਾਰਾ ਛਡਿਆ ਸਭ ਸਿੰਘਾਂ ਨੇ।

ਗੁੱਲੂ ਬਾਈ

ਸੌਂਦਿਆਂ ਜਾਗਦਿਆਂ, ਖਾਂਦਿਆਂ, ਪੀਂਦਿਆਂ ਸ਼ਰਾਬ ਤੇ ਅਯਾਸ਼ੀ ਦੇ ਅਖਾੜਿਆਂ ਵਿਚ, ਇਥੋਂ ਤੱਕ ਕਿ ਪਿੰਡ ਦੇ ਤਕੀਆਂ ਵਿਚ ਵੀ ਇਕੋ ਗੱਲ ਚੱਕਰ ਲਾ ਰਹੀ ਸੀ 'ਨਾਦਰ ਆਇਆ।'

'ਨਾਦਰ ਆ ਗਿਆ, ਅਹੁ ਨਾਦਰ, ਪੰਜਾਬ ਦੀ ਧਰਤੀ ਨੂੰ ਨਾਦਰ ਨੇ ਲਹੂ ਲਹਾਨ ਕਰ ਦੇਣਾ ਏ, ਰੀਝਾਂ ਪੀ ਲੈਣੀਆਂ ਨੇ ਨਾਦਰ ਨੇ, ਸ਼ਾਹ ਰਗ ਤੋੜਕੇ ਈਰਾਨੀ ਲਹੂ ਪੀਣ ਦੇ ਆਦੀ ਹਨ। ਬੇਗਮਾਂ ਦੇ ਹਰਮਾਂ ਵਿਚ ਨਾਦਰ ਦੀਆਂ ਕਹਾਣੀਆਂ। ਨਾਦਰ ਨੇ ਲਹੂ ਸੁਕਾ ਦਿਤਾ ਏ ਪੰਜਾਬ ਦੇ ਹਾਕਮਾਂ ਦਾ। ਇਕ ਦਿਨ ਜ਼ਕਰੀਆ ਖਾਂ ਸੂਬਾ ਲਾਹੌਰ ਗੁਲੂ ਬਾਈ ਮਿਰਾਸਣ ਦੇ ਚੁਬਾਰੇ 'ਚ ਬੈਠਾ ਸ਼ਰਾਬ ਉਡਾ ਰਿਹਾ ਸੀ। ਰਖੈਲ ਜੂ ਸੀ। ਪਰ ਗੁਲੂ ਬਾਈ ਛਿੱਤਰ ਤੇ ਨਹੀਂ ਸਮਝਦੀ ਇਹੋ ਜਿਹੇ ਸੂਬੇਦਾਰਾਂ ਨੂੰ। ਉਹਦੀਆਂ ਮਹਿਫਲਾਂ ਵਡਿਆਂ ਜੋੜਾਂ ਵਿਚ ਸਨ। ਹਥ ਠੋਕਾ ਰਖਿਆ ਹੋਇਆ ਸੀ ਉਸਨੇ ਜ਼ਕਰੀਆਂ ਖਾਂ ਨੂੰ। ਜਦ ਨਸ਼ੇ ਵਿਚ ਬੇਸੁਧ ਹੋ ਗਿਆ ਸੂਬਾ ਤੇ ਗੁਲੂ ਬਾਈ ਨੇ ਹੌਲੀ ਜਿਹੀ ਆਖਿਆ, ਨਾਦਰਾ।

'ਕਿਥੇ ਵੀ ਨਾਦਰ ?' ਜ਼ਕਰੀਆ ਖਾਂ ਅਬੜਵਾਹੇ ਬੋਲ ਉਠਿਆ।

'ਦੱਰਾ ਖੈਬਰ ਤੇ, ਮੇਰੀ ਕੱਛ ਵਿਚ ਨਹੀਂ। ਸੁਣਿਆ ਏ ਚਲਣ ਵਾਲਾ ਏ। ਆਇਆ ਕਿ ਆਇਆ' ਬੋਲ ਗੁਲੂ ਬਾਈ ਮਿਰਾਸਣ ਦੇ ਸਨ।

'ਅਜੇ ਬੜੀ ਦੂਰ ਏ। ਕੋਹ ਨਾ ਚੱਲੀ ਤੇ ਬਾਬਾ ਤਿਹਾਈ। ਨਾਦਰ ਨੇ ਘੋੜੇ ਤੇ ਆਉਣਾ ਏ ਉਡਣ ਖਟੋਲੇ ਤੇ ਨਹੀਂ। ਅਜੇ ਹਾੜ ਲੰਘੂ, ਸਿਆਲ ਆਊ ਤਾਂ ਕਿਤੇ ਨਾਦਰ ਇਥੇ ਪੁਜੂ। ਜੇ ਰਾਹ ਵਿਚ ਈ ਕਿਸੇ ਨੇ ਬੁਥਾੜ ਸੇਕ ਦਿਤੇ ਤਾਂ ਖੈਬਰ ਲੰਘਣਾ ਮੁਸ਼ਕਲ ਹੋ ਜਾਊ। ਤੂੰ ਤੇ ਮੇਰਾ ਨਸ਼ਾ ਈ ਲਾਹ ਦਿਤਾ ਏ। ਕਮਜ਼ਾਤੇ ਨਾਦਰ ਕੋਈ ਮਲਕੁਲ ਮੌਤ ਏ ? ਅਸੀਂ ਚੂੜੀਆਂ ਪਾਈਆਂ ਹੋਈਆਂ ਨੇ ? ਤੇਰੇ ਵਾਂਗ ਮਹਿੰਦੀ ਨਹੀਂ ਲਾਈ ਹੋਈ ਜਿਹੜੀ ਲੱਥ ਜਾਊ। ਦਿੱਲੀ ਦੀ ਫੌਜ ਆ ਰਹੀ ਏ ਨਾਦਰ ਦੀਆਂ ਖਾਖਾਂ ਪਾੜਨ ਲਈ। ਜੇ ਅਸੀਂ ਬੁਥਾੜ ਨਾ ਸੇਕ ਦਿਤੇ ਤਾਂ ਸਾਡਾ ਨਾਂ ਜ਼ਕਰੀਆ ਖਾਂ ਨਹੀਂ। ਮੈਂ ਗ਼ਮ ਗਲਤ ਕਰਨ ਆਇਆ ਸਾਂ ਤੇ ਤੂੰ ਅਗੋਂ ਕਾਵਾਂ-ਰੌਲੀ ਪਾ ਦਿਤੀ ਏ।

—'ਆ ਗਈ ਫੌਜ ਦਿੱਲੀ ਦੀ। ਇਹ ਮੂੰਹ ਤੇ ਮਸਰਾਂ ਦੀ ਦਾਲ। ਉਹ ਤੇ ਸ਼ਰਾਬ ਦੇ ਪਿਆਲੇ ਵਟਾ-ਵਟਾ ਕੇ ਪੀ ਰਹੀ ਏ। ਉਹਨੂੰ ਫੁਰਸਤ ਕਿਥੋਂ ਇਥੇ ਵਲ ਝਾਤੀ ਮਾਰਨ ਦੀ। ਬੋਲ ਗੁਲੂ ਬਾਈ ਦੇ ਸਨ।

—ਕੁਲੈਣੀਏ, ਜ਼ਬਾਨ ਨੂੰ ਲਗਾਮ ਦੇ। ਮੂੰਹ ਭੈੜਾ ਹੋਵੇ ਤਾਂ ਗੱਲ ਚੰਗੀ ਕਰੀਏ। ਮੰਨਿਆ ਤੇਰੀ ਦਿੱਲੀ ਦੇ ਹਾਕਮਾਂ ਨਾਲ ਕੁੜਮਾਚਾਰੀ ਏ। ਜ਼ਰੂਰ ਆਏਗੀ। ਪੱਥਰ ਤੇ ਲੀਕ ਏ।

—ਫੌਜ ਨਾ ਆਈ ਨਾਦਰ ਸ਼ਾਹ ਮੁਲਤਾਨ ਤੇ ਲਾਹੌਰ ਦੇ ਸੂਬੇ ਲਈ ਜ਼ੰਜੀਰਾਂ ਘੜਾ ਕੇ ਲਿਆ ਰਿਹਾ ਏ। ਸੋਹਣਿਆਂ ਲੋਹੇ ਦੀਆਂ ਨਹੀਂ ਸੋਨੇ ਦੀਆਂ ਹੀਰਿਆਂ ਜੜੀਆਂ ਸੰਗਲੀਆਂ, ਜੋ ਲੱਕ 'ਚ ਪਈਆਂ ਵੀ ਸੋਹਣੀਆਂ ਲਗਣ।

—ਤੈਨੂੰ ਕਿੱਦਾਂ ਪਤਾ ਏ।

—ਦਸਣ ਵਾਲੇ ਮੈਨੂੰ ਵੀ ਦਸ ਗਏ ਨੇ। ਮੇਰੇ ਚੁਬਾਰੇ ਤੇ ਹਰ ਕਿਸਮ ਦਾ ਬੰਦਾ ਆਉਂਦਾ ਏ।

—ਬੜੀ ਕਮਜ਼ਾਤ ਏਂ।'

—ਇਹ ਚੁਬਾਰੇ, ਜਗੀਰਦਾਰਾਂ, ਨਵਾਬਾਂ ਸੂਬਿਆਂ ਲਈ ਖੁਲ੍ਹੇ ਨੇ । ਉਹਨਾਂ ਨੂੰ ਕੋਈ ਨਹੀਂ ਰੋਕ ਸਕਦਾ—ਭਾਵੇਂ ਸੂਰਜ ਚੜ੍ਹੇ ਤੇ ਭਾਵੇਂ ਲਥੇ। ਮੈਂ ਰੋਕਾਂ ਤੇ ਖਾਵਾਂ ਕਿਥੋਂ? ਨਾਦਰ ਦੀਆਂ ਅੱਖਾਂ ਤਖਤੇ ਤਾਊਸ ਤੇ ਹਨ, ਉਸ ਨੇ ਲਾਹੌਰ 'ਚ ਗਾਜਰਾਂ ਨਹੀਂ ਖਾਣੀਆਂ। ਦੂੰਬੇ ਉਸਨੂੰ ਦਿਲੀ ਵਿਚੋਂ ਦੀ ਲੱਭਣੇ ਨੇ। ਸੋਹਣਿਆਂ ਤੇਰੇ ਲਈ ਸ਼ਾਹੀ ਖਲਤ ਤਿਆਰ ਏ। ਦਿਲੀ ਉਸ ਕਫਨ ਸੰਦੂਕ 'ਚ ਪਾ ਰਖਿਆ ਹੋਇਆ ਏ। ਤੂੰ ਨਾਦਰ ਸ਼ਾਹ ਨਾਲ ਗੱਠ ਜੋੜ ਕਰ ਲੈ। ਬੁਲ੍ਹੇ ਲੁੱਟ, ਲੱਤ ਤੇ ਲੱਤ ਧਰ ਕੇ ਐਸ਼ ਕਰ। ਨਾਦਰ ਈ ਡੰਡੀ ਪੈ ਗਿਆ ਤਾਂ ਫਿਰ ਮੈਂ, ਤੂੰ ਤੇ ਤੀਸਰਾ ਹੋਰ ਕੋਈ ਨਹੀਂ ਹੋਵੇਗਾ। ਕਿਉਂ ਸੋਹਣਿਆਂ ਗੱਲ ਪਸੰਦ ਆਈ' ਗੁੱਲੂ ਬਾਈ ਮਿਰਾਸਣ ਆਖਣ ਲੱਗੀ।

—'ਗੋਖੜੂ ਅਸਾਂ ਘੜਵਾ ਕੇ ਪਾਏ ਨੇ ਤੇ ਵਾਜੇ ਤੂੰ ਦੂਜਿਆਂ ਦੇ ਵਜਾ ਰਹੀ ਏਂ।'

—'ਗੋਖੜੂਆਂ ਨੂੰ ਚੱਕ ਵਢਾਂ? ਮੋਹਰਾਂ ਤੋਂ ਬਗੈਰ ਢਿਡ ਦੀ ਅੱਗ ਨਹੀਂ ਬੁਝਦੀ। ਤੇਰਾ ਜੀਅ ਕੀਤਾ ਤੇ ਤੂੰ ਆ ਗਿਓਂ ਚਾਰ ਜੁੰਮੇ ਦੀਆਂ ਚਾਰ ਨਮਾਜ਼ਾਂ ਤੇਰੀ ਉਡੀਕ ਕੀਤੀ। ਰੋਜ਼ੇ ਨਹੀਂ ਰੱਖੇ ਜਾਂਦੇ।'

—'ਨਾਦਰ, ਨਾਦਰ'। ਕਮਰੇ ਵਿਚੋਂ ਆਵਾਜ਼ਾਂ ਆਈਆਂ।

—'ਕੀ ਗੱਲ ਏ?'

—'ਮੇਰੀ ਬਾਂਦੀ ਡਰ ਗਈ ਏ ਸੁਤੀ ਪਈ ਨੂੰ ਨਾਦਰ ਡਰਾ ਰਿਹਾ ਏ।' ਗੁਲੂ ਬਾਈ ਦੇ ਬੋਲ ਸਨ।

—ਇਹਦਾ ਮਤਲਬ ਏ ਕਿ ਨਾਦਰ ਦਾ ਹਊਆ ਸਾਰੇ ਪੰਜਾਬ ਚ ਫੈਲ ਗਿਆ ਏ। ਨਾਦਰ ਏਨਾ ਈ ਜ਼ਾਲਮ ਏ ਜਿੰਨਾ ਤੂੰ ਆਖ ਰਹੀ ਏਂ? ਬੜਾ ਭੈਅ ਏ, ਬੜੀ ਦਹਿਸ਼ਤ ਏ ਬੜਾ ਡਰਪੋਕ ਏ ਪੰਜਾਬ। ਜ਼ਕਰੀਆ ਖਾਂ ਆਖਣ ਲਗਾ।

—'ਨਾਦਰ ਸ਼ਾਹ ਦਾ ਨਾਂ ਈ ਏਨਾ ਡਰਾਉਣਾ ਏ ਕਿ ਆਦਮੀ ਸੁਖ ਨਾਲ ਸੌਂ ਨਹੀਂ ਸਕਦਾ।'

—'ਮੈਂ ਹੁਣੇ ਈਂ ਜਾ ਕੇ ਕਿਲੇ ਦੀਆਂ ਬੁਰਜੀਆ ਤੇ ਤੋਪਾਂ ਬੀੜ ਦਿੰਦਾ ਹਾਂ।' ਜ਼ਕਰੀਆ ਖਾਂ ਬੋਲਿਆ।

—'ਅਜੇ ਬੜੀ ਦੂਰ ਏ ਨਾਦਰ। ਕਿਥੇ ਦੱਰਾ ਖੈਬਰ ਤੇ ਕਿਥੇ ਲਾਹੌਰ? ਮੈਂ ਤੇ ਤੇਰਾ ਦਿਲ ਟੋਹਿਆ ਸੀ। ਉਸ ਲੁਟੇਰੇ ਦੀ ਕੀ ਮਜਾਲ ਏ ਲਾਹੌਰ ਵਲ ਅੱਖ ਚੁਕੇ। ਡਰਨ

ਦੀ ਲੋੜ ਨਹੀਂ ਸੱਜਣਾ ! ਅਜ ਰਾਤ ਮੇਰੇ ਕੋਲ ਠਹਿਰ। ਮੌਸਮ ਬਹੁਤ ਖ਼ੂਬਸੂਰਤ ਏ। ਕਲ੍ਹ ਸੋਚੀਂ।' ਗੁਲ੍ਹ ਬਾਈ ਨੇ ਬਾਂਹ ਫੜ ਲਈ ਜ਼ਕਰੀਆ ਖਾਂ ਦੀ।

—'ਕਮਜ਼ਾਤੇ, ਇਹ ਚੁਬਾਰਾ ਨਹੀਂ, ਨਾਦਰ ਸ਼ਾਹ ਦੇ ਜਸੂਸਾਂ ਦਾ ਅੱਡਾ ਏ। ਇਹਦਾ ਮਤਲਬ ਏ, ਨਾਦਰ ਦੇ ਬੰਦੇ ਸਾਰੇ ਪੰਜਾਬ ਚ ਫੈਲ ਚੁਕੇ ਹਨ।

—ਨਾਦਰ, ਨਾਦਰ ਇਹ ਕੋਈ ਚੰਨ ਜ਼ਰੂਰ ਚੜ੍ਹਾਊ। ਜ਼ਕਰੀਆ ਖਾਂ ਦੀ ਅਵਾਜ਼ ਉਭਰੀ।

ਹਾਰ ਦਿੰਦਾ ਦਿੰਦਾ ਜ਼ਕਰੀਆ ਖਾਂ ਨਿਕਲ ਗਿਆ ਚੁਬਾਰੇ ਵਿਚੋਂ। ਹਨੇਰੀ ਰਾਤ ਤੋਂ ਰਤਾ ਵੀ ਭੈਅ ਨਾ ਖਾਧਾ। ਗੁਲ੍ਹ ਬਾਈ ਹੱਸ-ਹੱਸ ਕੇ ਫਾਵੀ ਹੋ ਗਈ।

ਜੰਨਤ ਦਾ ਦਰਵਾਜ਼ਾ

ਹੁਣ ਵੀ ਮੁਸੀਬਤ ਆਈ ਏਧਰ ਨਾਦਰ ਸ਼ਾਹ ਤੇ ਓਧਰ ਦਿੱਲੀ ਸਰਕਾਰ ਤੇ ਦੋਹਾਂ ਦੀ ਕੁੜਿੱਕੀ ਵਿਚ ਫਸਿਆ ਜ਼ਕਰੀਆ ਖਾਂ। ਨੀਂਦ ਤੇ ਉਡ ਗਈ। ਮੁਹੱਬਤ ਭਰੇ ਸੁਪਨੇ ਵਿਰਾਨ ਹੋ ਗਏ। ਬਿਸਤਰਿਆਂ ਤੇ ਨੀਂਦ ਨਾ ਆਈ। ਪਿੰਡਾਂ ਛਿਲਿਆ ਗਿਆ। ਤਿੰਨ ਸਾਲ ਦਾ ਖਿਰਾਜ ਇਕਠਾ ਕੌਣ ਦਊ? ਇਹ ਹਜ਼ਮ ਹੋਣਾ ਵੀ ਮੁਸ਼ਕਲ ਏ। ਭਾਵੇਂ ਨੀਂਦ ਹਰਾਮ ਹੋ ਚੁਕੀ ਸੀ ਪਰ ਜ਼ਕਰੀਆ ਖਾਂ ਬੜਾ ਦਾਈਆ ਸੀ। ਉਸ ਛੱਤੀ ਪੱਤਣਾਂ ਦਾ ਪਾਣੀ ਪੀਤਾ ਹੋਇਆ ਸੀ। ਉਸ ਇਕ ਐਲਾਨ ਜਾਰੀ ਕੀਤਾ ਜਿਹਦੇ ਨਾਲ ਸਿੰਘ ਬਹੁਤ ਭੜਕ ਚੁਕੇ ਸਨ।

੧. ਜੋ ਕਿਸੇ ਸਿੰਘ ਦੀ ਦਸ ਪਾਵੇ ਉਸ ਨੂੰ ਦੱਸ ਰੁਪਏ ਇਨਾਮ।

੨. ਉਸ ਬੰਦੇ ਨੂੰ ਪੰਜੀ ਰੁਪਏ ਮਿਲਣਗੇ ਜੋ ਆਪ ਫੜਾਵੇ।

੩. ਪੰਜਾਹ ਰੁਪਈਆਂ ਦਾ ਉਹ ਹਕਦਾਰ ਹੋਏਗਾ ਜਿਹੜਾ ਜਿਊਂਦਾ ਸਿਖ ਪੇਸ਼ ਕਰੇ।

੪. ਜੋ ਸਿਰ ਪੇਸ਼ ਕਰੇ ਉਸ ਨੂੰ ਸੌ ਰੁਪਿਆ ਨਗਦ ਇਨਾਮ ਮਿਲੇਗਾ।

੫. ਜਿਹੜਾ ਕਿਸੇ ਦਾ ਘੋੜਾ ਖੋਹ ਲਏ ਉਹ ਘੋੜਾ ਉਹਦਾ।

੬. ਕੋਈ ਸਿੰਘ ਕਿਸੇ ਦੇ ਹੱਥੋਂ ਕਤਲ ਹੋ ਜਾਏ ਉਹਨੂੰ ਕਾਨੂੰਨ ਮਾਫ ਕਰ ਦਊ।

੭. ਉਹਨਾਂ ਸ਼ਖ਼ਸਾਂ ਨੂੰ ਜਗੀਰ ਮਿਲ ਸਕਦੀ ਹੈ, ਜੋ ਇਸ ਤੋਂ ਵਧ ਚੜ੍ਹ ਕੇ ਹਿਸਾ ਪਾਵੇਗਾ।

ਭਾਵੇਂ ਸਿੰਘ ਭੜਕ ਉਠੇ ਸਨ ਪਰ ਇਹਦਾ ਇਹ ਨੁਕਸਾਨ ਹੋਇਆ ਕਿ ਅਹਿਲਕਾਰਾਂ ਨੇ ਆਪਣਾ ਸਾਰਾ ਧਿਆਨ ਸਿੰਘਾਂ ਵਲ ਮੋੜ ਲਿਆ ਤੇ ਪਿੰਡ ਅੱਲਾ ਦੇ ਨਾਂ ਤੇ ਛਡ ਦਿਤੇ। ਪਿੰਡ ਦੇ ਚੌਧਰੀ ਇਲਾਕੇ ਦੇ ਖੜਪੈਂਚ ਸਾਰੇ ਹੀ ਸਿੰਘਾਂ ਦੇ ਸ਼ਿਕਾਰ ਦੀ ਭਾਲ ਵਿਚ ਨਿਕਲ ਤੁਰੇ। ਕਿਸੇ ਨਾਲ ਪੰਜ ਬੰਦੇ ਸਨ, ਕੋਈ ਪੰਜਾਹ ਲੈ ਕੇ ਤੁਰਿਆ, ਕਈ ਸੌ ਵਾਲੀਆਂ ਢਾਣੀਆਂ ਵੀ ਸਨ। ਜਿਧਰ ਕਿਸੇ ਦਾ ਮੂੰਹ ਹੋਇਆ ਓਧਰ ਹੀ ਤੁਰ ਪਿਆ। ਸਿੰਘ ਅਗੇ ਅਗੇ ਤੇ ਇਹ ਟੋਲੇ ਪਿਛੇ ਪਿਛੇ ਵਾਲੀ ਹਾਲਤ ਬਣ ਤੁਰੀ। ਕਿਤੇ ਅਗੇ ਸਿੰਘ ਤੇ ਕਿਤੇ ਪਿਛੇ ਫੌਜ ਅਤੇ ਕਿਤੇ ਫੌਜ ਅਗੇ ਤੇ ਸਿੰਘ ਪਿਛੇ। ਘੋੜ ਚੜ੍ਹੇ ਚੌਧਰੀ, ਜਿਨ੍ਹਾਂ ਦੀ ਛਲ੍ਹਕ ਝੱਲੀ ਨਾ ਜਾਂਦੀ, ਪਰ ਸਿੰਘ ਉਹਨਾਂ ਨੂੰ ਜੁਤੀ ਨਾਲ ਵੀ ਨਾ ਗਿਣਦੇ। ਅਗੇ ਅਗੇ ਸਿੰਘ ਲੁਟਦੇ ਗਏ ਤੇ ਮਗਰ ਮਗਰ ਸ਼ਾਹੀ ਫੌਜ ਉਜਾੜਦੀ ਗਈ। ਸਾਰਾ ਦੇਸ਼ ਉਜੜ ਗਿਆ। ਨਾ ਪੱਠਾ ਨਾ ਫਸਲ, ਨਾ ਘਰ ਨਾ ਮਾੜੀ, ਨਾ ਖੂਹ ਨਾ ਖੇਤ ਸ਼ਾਹੀ ਫੌਜ ਨੇ ਤਾਂ ਖੂਹਾਂ

ਦੀਆਂ ਇੱਟਾਂ ਵੀ ਲਾਹ ਲਈਆਂ ਸਨ। ਫੌਜ ਨੇ ਉਹਨਾਂ ਤੋਂ ਲੋਟਿਆਂ ਦਾ ਕੰਮ ਲਿਆ। ਜ਼ਿਮੀਂਦਾਰਾਂ ਦਾ ਤਾਂ ਖਾਨਾ ਖਰਾਬ ਕਰ ਗਈ ਫੌਜ। ਨਾ ਫਸਲ ਹੋਈ ਨਾ ਅੰਨ ਭੜੋਲੇ ਪਿਆ। ਮਾਮਲਾ ਫੇਰ ਕਿਦੇ ਪਲਿਉਂ ਨਿਕਲੇ ? ਸਰਕਾਰ ਚੱਲੇ ਕਿੱਦਾਂ ? ਖਜ਼ਾਨੇ ਨੇ ਤੇ ਫੇਰ ਖਾਲੀ ਹੋਣਾ ਹੀ ਸੀ। ਭੇਡ, ਬਕਰੀਆਂ, ਗਾਵਾਂ ਕੀ ਵੱਛੇ ਵੱਛੀਆਂ ਸਭ ਜਿਬਾਹ ਕਰਕੇ ਡਕਾਰ ਗਈ ਫੌਜ। ਭੁਖਿਆਂ ਨੰਗਿਆਂ ਨੇ ਬੋਟੀਆਂ ਵਢ ਕੇ ਥੋੜੀਆਂ ਦੇਣੀਆਂ ਸਨ ਸਰਕਾਰ ਨੂੰ। ਜ਼ਕਰੀਆ ਖਾਂ ਨੇ ਦਲੇਰੀ ਤਾਂ ਕੀਤੀ ਸੀ ਪਰ ਉਹ ਉਹਦੇ ਅਗੇ ਆਈ। ਸਿੰਘਾਂ ਨਾਲ ਵੈਰ ਮਹਿੰਗਾ ਪਿਆ।

ਦਿੱਲੀ ਤੋਂ ਫੌਜ ਚੜ੍ਹੀ, ਖਿਰਾਜ ਵਸੂਲ ਕਰਨ, ਤਾਂ ਜ਼ਕਰੀਆ ਖਾਂ ਦਾ ਦਿਲ ਡੁਬਰੂ ਡੁਬਰੂ ਕਰਨ ਲਗ ਪਿਆ। ਫੌਜ ਦੇ ਨਾਲ ਸਲਾਬਤ ਖਾਂ, ਹੈਬਤ ਖਾਂ ਤੇ ਦੋ ਹਜ਼ਾਰ ਰੁਹੇਲੇ ਲਾਹੌਰ ਆਣ ਗੱਜੇ। ਰਹਿੰਦੀ ਖੂੰਹਦੀ ਉਜਾੜ ਉਹ ਪਾ ਆਏ। ਉਹਨੀਂ ਦਿਨੀਂ ਪੰਜ ੨ ਕੋਹ ਤੇ ਦੀਵਾ ਜਗਿਆ। ਪੰਜਾਬ ਵਾਲੇ ਭੁਖ ਦੇ ਦੁਖੋਂ ਦੇਸ਼ ਨੂੰ ਤਿਲਾਂਜਲੀ ਦੇ ਗਏ। ਜਾਂਦਿਆਂ ਨੇ ਸਤ ਸਲਾਮਾਂ ਕੀਤੀਆਂ ਪੰਜਾਬ ਨੂੰ। ਟਿੰਡ ਫੂਹੜੀ ਚੁਕੀ ਤੇ ਅਗੇ ਜਾ ਡੇਰਾ ਕੀਤਾ। ਸਾਰਾ ਪੰਜਾਬ ਫਫਿਆ ਉਠਿਆ, ਹਿਲਜੁਲ ਹੋ ਗਈ ਸਾਰੇ ਪੰਜਾਬ ਦੇ ਵਿਚ।

ਜ਼ਕਰੀਆ ਖਾਂ ਦੀ ਸੰਘੀ ਆਣ ਘੁਟੀ ਦਿੱਲੀ ਵਾਲਿਆਂ ਨੇ। ਖਜ਼ਾਨਾ ਖਾਲੀ ਢਿਡ ਵਜਾ ਰਿਹਾ ਸੀ। ਦਸ ਵੀਹ ਹਜ਼ਾਰ ਨਾਲ ਖਿਰਾਜ ਥੋੜਾ ਤੁਰਦਾ ਸੀ। ਏਥੇ ਤਾਂ ਮੋਟਾ ਬੱਬਾ ਚਾਹੀਦਾ ਸੀ।

"ਸੂਬੇਦਾਰ ਸਾਹਿਬ ਸਾਨੂੰ ਤਾਂ ਖਿਰਾਜ ਦੀ ਰਕਮ ਚਾਹੀਦੀ ਹੈ। ਅਸੀਂ ਤੁਹਾਡਾ ਮੂੰਹ ਵੇਖਣ ਨਹੀਂ ਆਏ। ਸੋਹਣੀਆਂ ਸੂਰਤਾਂ ਅਸਾਂ ਬਥੇਰੀਆਂ ਦਿੱਲੀ ਵੇਖੀਆਂ ਨੇ।" ਹੈਬਤ ਖਾਂ ਨੇ ਆਖਿਆ।

ਖਿਰਾਜ ਤਾਂ ਤੁਸਾਂ ਦੇਣਾ ਹੀ ਦੇਣਾ ਏ, ਮੈਨੂੰ ਰੋਜ਼ ਦੀ ਖਰਚੀ ਚਾਹੀਦੀ ਏ ਪੰਜ ਹਜ਼ਾਰ। ਖਿਰਾਜ ਪਿਛੋਂ ਦਿਉ ਤੇ ਪਹਿਲਾਂ ਸਾਡਾ ਢਿਡ ਭਰੋ। ਸਲਾਬਤ ਖਾਂ ਬੋਲਿਆ।

ਖਰਚਾ ਤਾਂ ਲਉ। ਖਿਰਾਜ ਦੀ ਰਕਮ ਦਾ ਮੈਂ ਇੰਤਜ਼ਾਮ ਕਰ ਰਿਹਾ ਹਾਂ ਈਰਾਨੀ ਸ਼ਰਾਬ ਦੇ ਕੁਪੇ ਪਏ ਹੋਏ ਹਨ ਸੁਕੀ ਸ਼ਰਾਬ ਦੀ ਮਜੂਨ ਘੋਲੋ ਤੇ ਪੀਉ। ਖਿਰਾਜ ਦੇ ਕੇ ਤੋਰਾਂਗਾ। ਲਾਹੌਰ ਆਏ ਓ, ਚਾਰ ਦਿਨ ਮੌਜ ਮੇਲਾ ਕਰ ਲਓ। ਇਸ ਜ਼ਿੰਦਗੀ ਦਾ ਕੀ ਭਰੋਸਾ ਏ। ਜ਼ਕਰੀਆ ਖਾਂ ਨੇ ਚਾਟੇ ਲਾ ਲਏ ਦੋਵੇਂ ਖਾਨ ਬਾਦਸ਼ਾਹ।

ਇਲਾਕੇ ਦੇ ਚੌਧਰੀਆਂ ਨੂੰ ਜਦ ਗਿਦੜ ਕੁਟ ਹੋਈ ਤੇ ਖਜ਼ਾਨਾ ਆਪੇ ਭਰਨਾ ਸ਼ੁਰੂ ਹੋ ਗਿਆ। ਕੁਝ ਦਿਨਾਂ ਵਿਚ ਹੀ ਖਜ਼ਾਨੇ ਦੀ ਗਿਣਤੀ ਲੱਖਾਂ ਵਿਚ ਪੁਜ ਗਈ।। ਸ਼ਰਾਬ ਪੀ ਪੀ ਕੇ ਅੰਨ੍ਹੇ ਹੋਏ ਫਿਰਦੇ ਸਨ ਫੌਜੀ।

ਸ਼ਰਾਬ ਜ਼ਿਆਦਾ ਪੀਉ ਤੇ ਖਾਓ ਘਟ। ਇਹ ਸ਼ਰਾਬ ਦਿੱਲੀ ਨਹੀਂ ਮਿਲਣੀ। ਇਹ ਤਾਂ ਸੁਗਾਤ ਰਖੀ ਏ ਪਰਾਹੁਣਿਆਂ ਲਈ। ਬੁਕਲਾਂ ਨਿੱਘੀਆਂ ਕਰੋ ਤੇ ਬੁੱਲੇ ਲੁਟੋ।

ਜੰਨਤ ਕਿਥੇ ਏ ਅਜ ਪਤਾ ਲਗਾ ਏ ? ਲਾਹੌਰ ਜੰਨਤ ਦਾ ਦਰਵਾਜ਼ਾ ਏ, ਆਵਾਜ਼ਾਂ ਫੌਜੀਆਂ ਦੀਆਂ ਸਨ।

ਮੇਰਾ ਮੂੰਹ ਤੇਰੀ ਚਪੇੜ

ਖਾਂ ਸਾਹਿਬ ਤੁਸੀਂ ਜਮਨਾ ਦਾ ਪਾਣੀ ਪੀਂਦੇ ਆਏ ਓ ਉਹ ਤੇ ਬੜਾ ਮਿਠਾ ਤੇ ਹੌਲਾ ਏ। ਮੈਂ ਰਾਵੀ ਦਾ ਪਾਣੀ ਪੀਂਦਾ ਹਾਂ। ਇਹ ਕਸੈਲਾ ਤੇ ਤਾਕਤਵਰ ਏ। ਇਹਨੂੰ ਤਾਕਤ ਵਾਲੇ ਹੀ ਹਜ਼ਮ ਕਰ ਸਕਦੇ ਨੇ। ਪਾਣੀ ਪਾਣੀ ਦੀ ਤਸੀਰ ਏ, ਪਾਣੀ ਲਾਗ ਨਾ ਹੋ ਜਾਏ ਏਸ ਲਈ ਮੈਂ ਈਰਾਨ ਦੀ ਸੁਕੀ ਮਜੂਨ ਸ਼ਰਾਬ ਦੇ ਕੁਪੇ ਪੇਸ਼ ਕੀਤੇ ਹਨ। ਮੈਂ ਆਪਣੇ ਲਈ ਮੰਗਵਾਈ ਸੀ। ਘਰ ਆਏ ਮਹਿਮਾਨਾਂ ਦੀ ਖਿਦਮਤ ਕਰਨਾ ਪੰਜਾਬੀ ਦਾ ਫਰਜ਼ ਏ, ਕਿਸੇ ਗੱਲ ਦੀ ਤਕਲੀਫ ਤੇ ਨਹੀਂ ਮੰਨਦੇ। ਮੈਂ ਹਥ ਬੰਨ੍ਹੀ ਗੁਲਾਮ ਹਾਂ। ਜ਼ਕਰੀਆਂ ਖਾਂ ਨੇ ਭਰਾ ਅਡੇ ਲਾ ਲਏ। ਤੁਹਾਡੀ ਖਿਦਮਤ ਦਾ ਬਹੁਤ ਬਹੁਤ ਸ਼ੁਕਰੀਆ। ਬਹੁਤ ਦਿਨਾਂ ਤੋਂ ਬਾਦ ਰੋਟੀ ਖਾਣ ਦਾ ਮਜ਼ਾ ਆਇਆ। ਸਲਾਮਤ ਖਾਂ ਆਖਣ ਲਗਾ।

ਤੁਹਾਡੀ ਮਹਿਮਾਨ ਨਿਵਾਜੀ ਕਦੇ ਭੁਲਾਈ ਨਹੀਂ ਜਾ ਸਕਦੀ। ਹੈਬਤ ਖਾਂ ਨੇ ਆਖਿਆ।

ਦੋਵੇਂ ਗੁਟ ਸਨ, ਅੰਨ੍ਹੇ ਸ਼ਰਾਬੀ। ਰਹਿੰਦੀ ਖੂੰਹਦੀ ਕਸਰ ਗੁਲੂ ਬਾਈ ਦੇ ਡੇਰੇ ਤੋਂ ਆਈਆਂ ਸੂਰਤਾਂ ਨੇ ਪੂਰੀ ਕਰ ਦਿਤੀ। ਨਿਸ਼ਾ ਕਰ ਗਈਆਂ ਇਹਨਾਂ ਦੀਆਂ ਝਾਂਜਰਾਂ। ਬਲੌਰੀ ਜੋਬਨ ਵਿਚੋਂ ਮੂੰਹ ਵੇਖਦੇ ਫੌਜੀ।

ਉਹਨਾਂ ਵਿਚ ਇਕ ਰੁਹੇਲਾ ਸਰਦਾਰ ਸੀ। ਜ਼ਕਰੀਆ ਖਾਂ ਨੇ ਉਹਦੇ ਤੇ ਡੋਰੇ ਪਾਏ। ਉਹਨੂੰ ਆਪਣੇ ਸ਼ੀਸ਼ੇ ਚ ਉਤਾਰਿਆ। ਵਖਰੀ ਸ਼ਰਾਬ, ਮਹੱਲੇ ਦੀ ਸਭ ਤੋਂ ਸੋਹਣੀ ਕੁੜੀ ਤੇ ਵਖਰਾ ਮਹਲ ਤੇ ਆਪਣਾ ਨਿਜੀ ਦਸਤਰ ਖਾਂ ਉਹਦੇ ਹਵਾਲੇ ਕਰ ਦਿਤਾ। ਸਾਰੀ ਰਾਤ ਜ਼ੰਜੀਰੀ ਖੜਕਦੀ ਰਹੀ। ਦਿਨ ਚੜ੍ਹੇ ਤਕ ਵੀ ਝਾਂਜਰ ਨੇ ਮੂੰਹ 'ਚ ਜ਼ਬਾਨ ਨਾ ਪਾਈ। ਬਹੁਤ ਖੁਸ਼ ਹੋਇਆ ਰੁਹੇਲਾ ਸਰਦਾਰ।

ਆਹ ਲਓ ਦਸ ਹਜ਼ਾਰ ਮੁਹਰਾਂ। ਇਹਨਾਂ ਦਾ ਕੋਈ ਹਿਸਾਬ ਕਿਤਾਬ ਨਹੀਂ। ਇਹ ਨਜ਼ਰਾਨਾ ਏ। ਇਹਨੂੰ ਬੁਕਲ 'ਚ ਲਕਾਉ, ਕਿਸੇ ਕੰਨੀਂ ਖਬਰ ਨਾ ਹੋਵੇ। ਮੈਂ ਜਾਣਾਂ ਤੇ ਖਜ਼ਾਨੇ ਵਾਲੇ ਜਾਨਣ। ਤੁਸਾਂ ਬੋਲਣਾ ਘਟ ਏ। ਮੇਰੇ ਇਸ਼ਾਰੇ ਤੇ ਹਾਂ ਵਿਚ ਹਾਂ ਮਿਲਾਈ ਜਾਣੀ ਏ। ਬੋਲ ਜ਼ਕਰੀਆ ਖਾਂ ਦੇ ਸਨ।

ਵਢੀ ਹੋਈ ਨਾ। ਇਹ ਵਢੀ ਕਾਹਦੀ ਏ ਮੂੰਹ ਵਿਖਾਈ ਏ। ਤੁਸਾਂ ਕਦ ਪੰਜਾਬ ਔਣੈਂ। ਅਸੀਂ ਗਰੀਬ ਬੰਦੇ ਹਾਂ, ਤੁਹਾਡੀ ਕੋਈ ਸੇਵਾ ਨਹੀਂ ਕਰ ਸਕਦੇ। ਮਖਣ ਲਾ ਰਿਹਾ ਸੀ। ਸੂਬਾ ਲਾਹੌਰ।

ਗੋਲੀ ਕਿਦੀ ਤੇ ਗਹਿਣੇ ਕਿਦੇ। ਜਦੋਂ ਨੌਕਰ ਈ ਸਰਕਾਰ ਦੇ ਹੋ ਗਏ ਤੇ ਫੇਰ ਆਕੜ ਕਾਹਦੀ। ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ। ਤੂੰ ਆਪਣਾ ਲਗੋਜਾ ਵਜਾ, ਸਾਨੂੰ ਬਾਂਸਰੀ ਵਜਾਉਣ ਦੇਹ। ਰੁਹੇਲਾ ਸਰਦਾਰ ਨਸ਼ੇ ਵਿਚ ਗੁਟ ਸੀ।

ਜ਼ਕਰੀਆ ਖਾਂ ਤੇ ਜਾਦੂ ਚੜ੍ਹ ਕੇ ਬੋਲਿਆ।

ਜਦ ਸੂਬੇ ਨੇ ਆਪਣੇ ਸਾਰੇ ਮੁਹਰੇ ਪੱਕੇ ਕਰ ਲਏ ਤਾਂ ਫੇਰ ਉਸ ਸਿੰਘਾਂ ਨਾਲ ਰਿਸ਼ਤੇਦਾਰੀ ਜਗਾਉਣ ਦੀ ਸੋਚੀ। ਹਮਦਰਦੀ ਲੱਭੋ, ਸਿੰਘਾਂ ਤੇ ਵੀ ਜਾਦੂ ਦੀ ਛੜੀ ਘੁਮਾਈ ਜਾਏ। ਡਮਰੂ ਵਜਾਉਣ ਵਾਲਾ ਬੰਦੇ ਇਕਠੇ ਕਰ ਲੈਂਦੇ। ਓਸ ਬੁਕਲ ਵਿਚੋਂ ਚੋਰ ਕਢੇ। ਦੀਵਾਨ ਕੌੜਾ ਮਲ ਦੇ ਖਾਨਦਾਨ ਵਾਲੇ ਸ਼ਾਹੀ ਨੌਕਰੀ ਵਿਚ ਸਨ। ਜ਼ਕਰੀਆ ਖਾਂ ਨੇ ਉਚੇਚੇ ਮਹਿਲ ਵਿਚ ਸਦ ਭੇਜੇ।

ਆਉ ਦੀਵਾਨ ਜੀ ਤੁਹਾਡਾ ਮਾਮਲਾ ਅਜੇ ਤੋੜੀ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਨਹੀਂ ਹੋਇਆ ਕੀ ਗੱਲ ਏ? ਕਿਤੇ ਬਿਲੀ ਤੇ ਨਹੀਂ ਜੇ ਨਿਛ ਗਈ।

ਸਰਕਾਰ! ਸਾਰਾ ਪੰਜਾਬ ਉਜੜਿਆ ਪਿਆ ਏ, ਸੋਕਾ ਪਿਆ ਹੋਇਆ ਏ। ਅੰਨ ਦਾਣੇ ਦਾ ਕਿਤੇ ਨਾਂ ਤਕ ਨਹੀਂ। ਲੋਕ ਵਿਲ੍ਹੂੰ ਵਿਲ੍ਹੂੰ ਕਰਦੇ ਫਿਰਦੇ ਨੇ। ਜਿਨ੍ਹਾਂ ਨੂੰ ਢਿਡ ਦੀ ਪਈ ਹੋਈ ਏ ਉਹ ਲਗਾਨ ਕਿਥੋਂ ਦੇਣ? ਕੌੜਾ ਮਲ ਦੇ ਬੰਦੇ ਦੇ ਬੋਲ ਸਨ।

ਕੀ ਸਿਪੀ ਵਰਗਾ ਮੂੰਹ ਬਣਾ ਲਿਆ ਈ? ਕੀ ਮਾਫੀ ਚਾਹੁਨੈਂ? ਤੇਰੇ ਵਰਗੇ ਬੰਦਿਆਂ ਜੇ ਮਾਮਲਾ ਨਾ ਤਾਰਿਆ ਤਾਂ ਦਿਲੀ ਦੀਆਂ ਜੂਠਾਂ ਤੋਂ ਕਿੱਦਾਂ ਖਹਿੜਾ ਛੁਟੂ। ਖਜ਼ਾਨਚੀ ਨੂੰ ਸੱਦੋ। ਖਜ਼ਾਨਚੀ ਆ ਗਿਆ। ਹਿਸਾਬ ਚੁਕਤੇ ਦੀ ਰਸੀਦ ਦੇ ਦਿਉ ਦੀਵਾਨ ਨੂੰ। ਲੈ ਭਈ ਹੁਣ ਮਾਮਲਾ ਤੇ ਸਾਫ ਹੋ ਗਿਆ ਨਾ, ਕਿਉਂ ਹੁਣ ਖੁਸ਼ ਏਂ। ਅਸੀਂ ਤੇ ਤੁਹਾਡੇ ਹਰ ਵੇਲੇ ਕੰਮ ਆਉਣ ਵਾਲੇ ਹਾਂ। ਤੂੰ ਵੀ ਕਦੇ ਸਾਡੇ ਕੰਮ ਆਇਆ ਏਂ। ਜ਼ਕਰੀਆ ਖਾਂ ਦੀ ਜ਼ਬਾਨ ਵਿਚ ਮਿਠਾਸ ਸੀ।

ਖਾਂ ਬਹਾਦਰ ਅਸੀਂ ਤਾਂ ਹਜ਼ੂਰ ਦੇ ਨੌਕਰ ਹਾਂ। ਨੌਕਰੀ ਕੀ ਤੇ ਨਖ਼ਰਾ ਕੀ।

ਵੇਲਾ ਘਟ ਏ, ਕੰਮ ਮੁਸ਼ਕਲ ਏ ਤੈਥੋਂ ਬਗੈਰ ਇਹ ਕੰਮ ਨੇਪਰੇ ਨਹੀਂ ਚੜ੍ਹਨਾ। ਜਲਦੀ ਕਰ ਤੇ ਰਸੀਦ ਤੇ ਸ਼ਾਹੀ ਮੁਹਰ ਲਵਾ ਕੇ ਜਿਹੜਾ ਕੰਮ ਮੈਂ ਆਖਣ ਲਗਾ ਹਾਂ ਹਥ ਧੋ ਕੇ ਉਹਦੇ ਪਿਛੇ ਪੈ ਜਾ।

ਬਤੀਆਂ ਦੰਦਾਂ ਵਿਚੋਂ ਜੋ ਆਖੋ ਉਹਦੇ ਤੇ ਫੁਲ ਚੜ੍ਹਨਗੇ। ਜਾਹ ਜਾ ਕੇ ਸਿੰਘਾਂ ਦੇ ਡੇਰੇ ਤੇ ਉਹਨਾਂ ਨੂੰ ਮੁਬਾਰਕਾਂ ਦੇ ਆ। ਆਖੀਂ ਪਰਸੋਂ ਸੂਰਜ ਦੀ ਟਿਕੀ ਨਿਕਲਣ ਤੋਂ ਪਹਿਲਾਂ ਸ਼ਾਹੀ ਖਜ਼ਾਨਾ ਦਿਲੀ ਜਾ ਰਿਹਾ ਏ ਲੁਟ ਲਉ। ਮੇਰੀ ਫੌਜ ਕੋਲ ਖੜੀ ਰਹੇਗੀ ਮੂੰਹ ਵੇਖਦੀ। ਤੁਸੀਂ ਆਪਣਾ ਕਾਰਾ ਕਰੋ ਤੇ ਹਰਨ ਹੋ ਜਾਉ। ਤੁਹਾਡਾ ਲੁਟਿਆ ਮਾਲ ਤੁਹਾਡੀ ਅਮਾਨਤ ਸਮਝਿਆ ਜਾਏਗਾ। ਲਾਹੌਰ ਦੀ ਸਰਕਾਰ ਉਹਦੀ ਕੋਈ ਪੁਛ ਪੜਤਾਲ ਨਹੀਂ ਕਰੇਗੀ। ਗੱਠੇ ਲਭਦੇ ਨੇ ਛਕ ਜਾਉ। ਇਹ ਵੇਲਾ ਕੁਦਰਤ ਨੇ ਦਿਤਾ ਏ ਫ਼ਾਇਦਾ ਉਠਾਉ। ਕਿਉਂ ਹੈ ਨਾ ਮੁਬਾਰਕਾਂ ਦੇਣ ਦੀ ਗੱਲ? ਜ਼ਕਰੀਆਂ ਖਾਂ ਨੇ ਦੀਵਾਨ ਦੀ ਪਿੱਠ ਤੇ ਹਥ ਫੇਰਦਿਆਂ ਆਖਿਆ।

ਸਿੰਘਾਂ ਨੇ ਜੇ ਮੇਰੀ ਗੱਲ ਨਾ ਮੰਨੀ ਤਾਂ ਫੇਰ?

ਗੱਲ ਮਨਵਾਉਣੀ ਪੈਣੀ ਏ। ਇਹਦੇ ਵਿਚ ਉਹਨਾਂ ਦਾ ਕੀ ਨੁਕਸਾਨ ਚਾਰ ਦਿਨ ਗੁਲਛੱਰੇ ਉਡਾਉਣਾ ਮਾਲੋਂ ਮੁਫਤ ਦਿਲੋਂ ਬੇਰਹਿਮ।

ਜੇ ਆਦਤ ਵਿਗੜ ਗਈ ਤੇ ਫੇਰ ?

ਰਬ ਮਾਲਕ ਏ ਢੋ ਫੇਰ ਲਗ ਜਾਊ। ਛੇਤੀ ਕਰ ਵਕਤ ਥੋੜਾ ਈ। ਮੈਨੂੰ ਪਕੀ ਗੱਲ ਕਰ ਕੇ ਆਣ ਕੇ ਦੱਸ।

ਤਨਖਾਹ ਲਵਾਉਣੀ ਪੈਣੀ ਏ ਤਾਂ ਗੱਲ ਛੇੜੀ ਜਾਏਗੀ। ਤਨਖਾਹ ਦੀ ਰਕਮ ਖਜ਼ਾਨਾ ਅਦਾ ਕਰੇਗਾ। ਚੰਗਾ. ਮੈਂ ਸਿੰਘਾਂ ਦੇ ਡੇਰੇ ਜਾਂਦਾ ਹਾਂ ਰਾਮ ਭਲੀ ਕਰੇਗਾ। ਫੈਸਲਾ ਹੋ ਗਿਆ। ਸਿੰਘਾਂ ਨੇ ਤਸੱਲੀ ਦੇ ਕੇ ਤੋਰਿਆ ਦੀਵਾਨ ਨੂੰ ਤੇ ਜਾਂਦੇ ਨੂੰ ਇਹ ਵੀ ਗੱਲ ਪੱਲੇ ਬ਼ਨ੍ਹਾ ਕੇ ਤੋਰੀ ਕਿ ਜੇ ਇਹਦੇ ਵਿਚ ਧੋਖਾ ਹੋਇਆ ਤਾਂ ਫੇਰ ਸਾਥੋਂ ਬੁਰਾ ਕੋਈ ਨਹੀਂ। ਤੁਹਾਡੀ ਫੌਜ ਚੁਪ ਰਹੇ, ਬਾਕੀ ਦਿਲੀ ਦੇ ਬਾਣੀਆਂ ਨੂੰ ਅਸੀਂ ਨਿਬੜ ਲਵਾਂਗੇ।

ਨਵਾਬ ਨੂੰ ਸੁਣ ਕੇ ਲਾਲੀਆਂ ਚੜ੍ਹ ਗਈਆਂ। ਗਿੱਠ ਗਿੱਠ ਉਚੇ ਜ਼ਮੀਨ ਤੇ ਪੱਬ ਪੈਣ ਲਗ ਪਏ।

ਦੌਲਤ, ਘੋੜੇ ਜੇ ਮਿਲ ਜਾਣ ਤਾਂ ਮਾੜਾ ਕੀ ਏ ? ਪੰਜਾਬ ਦੀ ਦੌਲਤ ਪੰਜਾਬ ਵਿਚ ਰਹੇ ਤਾਂ ਇਹਦੇ ਵਿਚ ਕੀ ਦੋਸ਼ ਏ। ਸਾਨੂੰ ਲੋੜ ਏ। ਸਾਡੀ ਵਰਤੋਂ ਵਿਚ ਆ ਜਾਏਗੀ। ਸਿੰਘਾਂ ਦੇ ਇਕ ਜਥੇਦਾਰ ਦੇ ਵਿਚਾਰ ਸਨ।

ਰਾਖਾ ਜਦੋਂ ਖਾਲੀ ਬਾਗਾਂ ਵਿਚ ਤੋਤੇ ਉਡਾਉਂਦਾ ਏ ਉਸੇ ਤਰ੍ਹਾਂ ਤੁਸਾਂ ਰੌਲਾ ਪਾਉਣਾ ਏ। ਮੇਰੀ ਫੌਜ ਸਿੰਘਾਂ ਨੂੰ ਉਂਗਲੀ ਤਕ ਨਾ ਲਾਏ। ਉਹ ਰੌਲਾ ਪਾਉਣ, ਚਾਹੀਂ ਮਾਰਨ, ਤੁਸਾਂ ਉਹਦੇ ਵਲ ਕੰਨ ਨਹੀਂ ਧਰਨੇ। ਤੁਸੀਂ ਆਪਣਾ ਕੰਮ ਕਰੋ ਤੇ ਪਤਰਾ ਵਾਚ ਜਾਉ। ਅਜ ਕਲ ਜ਼ਕਰੀਆ ਖਾਨ ਮਿਹਰਬਾਨ ਏ। ਲਾਲਚੀ ਆਪਣਾ ਦਾ ਲਾ ਰਿਹਾ ਏ ਤੇ ਤੁਸੀਂ ਆਪਣੀਆਂ ਗੰਢਾਂ ਪੱਕੀਆਂ ਕਰੋ।

ਕਲ ਸ਼ਾਹੀ ਖਜ਼ਾਨਾ ਲਾਹੌਰ ਤੋਂ ਦਿੱਲੀ ਜਾ ਰਿਹਾ ਏ। ਖਜ਼ਾਨੇ ਦੀ ਰਕਮ ਲੁਟ ਲਉ ਤੇ ਨੌਂ ਦੋ ਗਿਆਰਾਂ ਹੋ ਜਾਉ ਨਾਲੇ ਪੁੰਨ ਤੇ ਨਾਲੇ ਫਲੀਆਂ। ਨਾਲੇ ਦੇਵੀ ਦੇ ਦਰਸ਼ਨ ਤੇ ਨਾਲੇ ਵੰਝਾਂ ਦੇ ਬਪਾਰ। ਲੁਟਿਆ ਮਾਲ ਸਭ ਆਪਣਾ ਏ, ਇਹਦੇ ਵਿਚ ਕਿਸੇ ਦੀ ਹਿਸੇ-ਦਾਰੀ ਨਹੀਂ। ਇਹ ਗੱਲ ਮੈਂ ਨਵਾਬ ਨਾਲ ਨਿਬੇੜ ਕੇ ਆਇਆ ਹਾਂ, ਇਹ ਗੱਲ ਦੀਵਾਨ ਨੇ ਜਥੇਦਾਰ ਨਾਲ ਕੀਤੀ ਸੀ ਤੇ ਜਥੇਦਾਰ ਨੇ ਅਗੋਂ ਸਾਰਿਆਂ ਦੇ ਕੰਨ ਪਾ ਦਿਤੀ।

ਅੰਦਰ ਖਾਨੇ ਸਾਰੀ ਗੱਲ ਨੇਪਰੇ ਚੜ੍ਹ ਗਈ ਮਤਾ ਪਾਸ ਹੋ ਗਿਆ। ਸਿੰਘਾਂ ਨੇ ਆਪਣੇ ਰਾਹ ਦੀ ਜਾਂਚ ਵੀ ਕਰ ਲਈ ਤੇ ਭਜਣ ਦ ਰਾਹ ਵੀ ਰਖ ਲਏ। ਹੱਲੇ ਦਾ ਪੈਂਤੜਾ ਵੀ ਬੰਨ੍ਹ ਲਿਆ ਖਾਲਸਾ ਤਿਆਰ ਬਰ ਤਿਆਰ ਹੋ ਗਿਆ।

ਸਿੰਘਾਂ ਨੇ ਹੋਰ ਕੀ ਲੈਣਾ ਸੀ ਨਾਲੇ ਦੋ-ਦੋ ਤੇ ਨਾਲੇ ਚੋਪੜੀਆਂ। ਸਿੰਘਾਂ ਨੇ ਲਾਹੌਰ ਦੇ ਦਰਵਾਜ਼ੇ ਮੱਲ ਲਏ। ਰੂਪ ਪਠਾਣੀ ਸੀ। ਜ਼ਕਰੀਆ ਖਾਂ ਮੋਮ ਵਾਂਗ ਨਰਮ ਸੀ ਤੇ ਸਿੰਘ ਫੌਲਾਦ ਵਾਂਗ ਸਖਤ ਜਾਨ ਸਨ।

ਚੋਰਾਂ ਨੂੰ ਮੋਰ

ਖਾਂ ਸਾਹਿਬ ਸਠ ਗੱਡੇ ਭਰ ਦਿਤੇ। ਉਹਨਾਂ ਗਡਿਆਂ ਵਿਚ ਤਿੰਨ ਕਰੋੜ ਅਸ਼ਰਫੀਆਂ, ਸੋਨੇ ਚਾਂਦੀ ਦੇ ਭਾਂਡੇ, ਅਨਾਜ ਤੇ ਹੋਰ ਕੀਮਤਾਂ ਸੁਗਾਤਾਂ ਸਨ। ਪੈਸਾ ਪੈਸਾ ਗਿਣ ਕੇ ਦੇ ਦਿਤਾ। ਖਜ਼ਾਨਾ ਸ਼ਾਂ-ਸ਼ਾਂ ਕਰ ਰਿਹਾ ਸੀ। ਖਜ਼ਾਨਾ ਸੰਭਾਲੋ ਇਹ ਖਿਰਾਜ ਦੀ ਪੂਰੀ ਰਕਮ ਹੈ। ਮੈਨੂੰ ਵਸੂਲੀ ਦੀ ਸਰਕਾਰੀ ਰਸੀਦ ਲਿਖ ਦਿਉ ਮੈਂ ਵੀ ਸੁਖ ਦਾ ਸਾਹ ਲਵਾਂ। ਸ਼ਹਿਨਸ਼ਾਹ ਨੂੰ ਆਖ ਦੇਣਾ ਕਿ ਫੌਜ ਜਲਦੀ ਭੇਜ ਦੇਵੇ। ਨਾਦਰ ਸ਼ਾਹ ਆਇਆ ਕਿ ਆਇਆ। ਕਿਤੇ ਇਹ ਗਲ ਨਾ ਬਣੇ ਕਿ ਫੌਜ ਵਕਤ ਤੇ ਅਪੜੇ ਨਾ ਤੇ ਨਾਦਰ ਮੈਨੂੰ ਜ਼ੰਜੀਰਾਂ ਵਿਚ ਜਕੜ ਕੇ ਈਰਾਨ ਲੈ ਜਾਏ। ਲਾਹੌਰ ਦੇ ਸੂਬੇ ਵਲੋਂ ਵੀ ਹਥ ਧੋਣੇ ਪੈਣ ਤੇ ਮੇਰੀ ਸਾਰੀ ਉਮਰ ਜੇਲ੍ਹ ਵਿਚ ਹੀ ਕਟੇ। ਜੇ ਇਸ ਤਰ੍ਹਾਂ ਦੀ ਕੋਈ ਗੱਲ ਹੋ ਗਈ ਤਾਂ ਫ਼ੇਰ ਲਾਹੌਰ ਦਾ ਸੂਬਾ ਈਰਾਨ ਦੇ ਮਾਤਹਿਤ ਹੋ ਜਾਣਾ ਜੇ। ਇਹ ਗਲ ਸੋਚ ਵਿਚਾਰ ਲਈ ਜਾਏ। ਹੁਣ ਇਹ ਜ਼ੁਮੇਂਵਾਰੀ ਤੁਹਾਡੀ ਹੈ, ਸਨੇਹਾ ਦੇਣਾ ਉਹਦੇ ਤੇ ਅਮਲ ਕਰਾਉਣਾ। ਜ਼ਕਰੀਆ ਖਾਂ ਨੇ ਸਾਰੀ ਗਲ ਸਮਝਾ ਦਿਤੀ।

ਜ਼ਕਰੀਆ ਖਾਂ ਨੇ ਇਕ ਵਾਰ ਫੇਰ ਆਪਣੀ ਗਲ ਦੁਹਰਾਈ ਰਕਮ ਸਾਰੀ ਗਿਣ ਲਈ ਜੇ, ਹੁਣ ਜ਼ੁਮੇ ਕੋਈ ਬਕਾਇਆ ਨਹੀਂ। ਇਹ ਵੀ ਅੱਖਰ ਰਸੀਦ ਵਿਚ ਲਿਖ ਦੇਣੇ। ਖੁਦਾ ਨੇ ਮੇਰੀ ਤੇ ਤੁਹਾਡੀ ਦੋਹਾਂ ਦੀ ਇਜ਼ਤ ਰਖ ਲਈ ਏ। ਹਛਾ ਖੁਦਾ ਹਾਫਜ਼!

ਦਸ ਬੰਦੇ ਰਕਮ ਤੇ ਲਾਏ ਸਨ। ਉਹਨਾਂ ਪਾਈ ਪਾਈ ਗਿਣ ਲਈ ਏ। ਲਾਹੌਰ ਦੇ ਬੰਦੇ ਮਿਲਣਸਾਰ ਹਨ। ਈਮਾਨਦਾਰੀ ਸਿਰਫ ਇਹਨਾਂ ਦੇ ਹਿੱਸੇ ਆਈ ਏ। ਰੁਹੇਲਾ ਸਰਦਾਰ ਆਖ ਰਿਹਾ ਸੀ।

ਮੂਠ ਗਰਮ ਤੇ ਅੰਦਰ ਨਿਘਾ। ਥਲਿਉਂ ਥਲਿਉਂ ਖਾਈ ਜਾ ਤੇ ਉਤੋਂ ਰੌਲਾ ਪਾਈ ਜਾ। ਚਾਂਦੀ ਦੀ ਜੁੱਤੀ ਵਿਚ ਬੜੀਆਂ ਬਰਕਤਾਂ ਹਨ। ਸੁਬੇਗ ਸਿੰਘ ਸੋਚ ਰਿਹਾ ਸੀ।

ਤੁਹਫੇ, ਨਜ਼ਰਾਨੇ, ਖਿਲਅਤਾਂ ਜ਼ਕਰੀਆ ਖਾਂ ਤੇ ਸਲਾਬਤ ਖਾਂ ਤੇ ਹੈਬਤ ਖਾਂ ਨੂੰ ਦੇ ਕੇ ਨਿਵਾਜਿਆ।

ਖੁਸ਼ ਖੁਸ਼ ਉਹ ਲਾਹੌਰੋਂ ਚੱਲੇ। ਖਜ਼ਾਨੇ ਦਾ ਰਖਵਾਲਾ ਰੁਹੇਲਾ ਸਰਦਾਰ ਸੀ। ਉਹਦਾ ਘੋੜਾ ਕਾਫਲੇ ਦੇ ਅੱਧ ਵਿਚ ਸੀ। ਖਾਨ ਬੜੇ ਖੁਸ਼ ਸਨ। ਰਾਹ ਚਲਦਿਆ ਵੀ ਮੁਜਰੇ ਹੋ ਰਹੇ ਸਨ। ਸ਼ਰਾਬ ਉਡ ਰਹੀ ਸੀ। ਪਾਲਕੀਆਂ ਵਿਚ ਉਹ ਬੇਗਮਾਂ ਸਨ ਜੋ ਲਾਹੌਰ ਵਲੋਂ ਤੁਹਫੇ ਵਿਚ ਮਿਲੀਆਂ ਸਨ। ਇਹ ਕਾਫਲਾ ਕਾਹਦਾ ਸੀ, ਸ਼ਾਹੀ ਬਰਾਤ ਜਾ ਰਹੀ ਸੀ।

ਸੁਬੇਗ ਸਿੰਘ ਕੇ ਕੰਨ ਵਲੇਟੇ ਤੇ ਝੁਕਾਨੀ ਮਾਰੀ ਤੇ ਹਵਾ ਹੋ ਗਿਆ। ਉਸ ਸਿੰਘਾਂ

ਦੇ ਕੰਨ ਵਿਚ ਜਾ ਵਾਲਾ ਪਾਇਆ। ਜ਼ਕਰੀਆ ਖਾਂ ਬਗਵਾਨ ਪੁਰੇ ਤਕ ਛਡਣ ਆਇਆ ਸ਼ਾਹੀ ਪਰੌਹਣਿਆਂ ਨੂੰ।

ਸ਼ਾਹੀ ਖਜ਼ਾਨਾ ਜਾ ਰਿਹਾ ਸੀ ਦਿੱਲੀ ਵਲ। ਨਾਦਰ ਸ਼ਾਹ ਲਈ ਦੌਲਤਾਂ ਕੱਠੀਆਂ ਹੋ ਰਹੀਆਂ ਸਨ। ਬਿਆਸ ਦੇ ਕੰਢੇ ਸਿੰਘਾਂ ਦੇ ਡੇਰੇ ਲਗੇ ਹੋਏ ਸਨ। ਕੜਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਸਨ। ਗੱਫੇ ਲਾਏ ਤੇ ਅਰਦਾਸੇ ਸੋਧੇ। ਸਿੰਘਾਂ ਪਹਿਲਾਂ ਹੀ ਦਾਅਵਤਾਂ ਸ਼ੁਰੂ ਕਰ ਲਈਆਂ ਸਨ। ਦਾਅਵਤ ਕਾਹਦੀ ਸੀ ਮੁਠ ਛੋਲਿਆਂ ਦੀ ਹਰ ਸਿੰਘ ਨੂੰ ਵਾਧੂ ਮਿਲ ਗਈ।

ਸ਼ਾਮ ਢੁਕ ਚੁਕੀ ਸੀ। ਹਨੇਰਾ ਆਪਣੇ ਪੈਰ ਪਸਾਰ ਰਿਹਾ ਸੀ। ਰਾਤ ਨੇ ਆਪਣੀ ਢੋਲਕੀ ਵਜਾਉਣੀ ਸ਼ੁਰੂ ਕਰ ਦਿਤੀ ਸੀ।

ਫੌਜ ਦਾ ਪੜਾਅ ਬਿਆਸ ਕੰਢੇ ਮੁਕੱਰਰ ਹੋਇਆ। ਕਾਫਲਾ ਉਤਰ ਰਿਹਾ ਸੀ। ਫੌਜ ਸੁਸਤ ਹੋ ਰਹੀ ਸੀ।

ਸਿੰਘਾਂ ਨੇ ਆਪਣਾ ਜਥਾ ਦੋ ਹਿਸਿਆਂ ਵਿਚ ਵੰਡ ਲਿਆ। ਇਕ ਹਿਸਾ ਬਿਆਸ ਦੇ ਕੰਢੇ ਖੜਾ ਸੀ। ਉਸ ਹੱਲਾ ਕਰਕੇ ਲਾਹੌਰ ਵਲ ਨੂੰ ਨਸਣਾ ਸੀ ਤੇ ਲਾਹੌਰ ਵਲੋਂ ਜਿਹੜੇ ਜਥੇ ਨੇ ਹਮਲਾ ਕਰਨਾ ਸੀ ਉਸ ਦਰਿਆ ਦੇ ਕੰਢੇ ਕੰਢੇ ਰਾਜਸਥਾਨ ਪੁਜ ਜਾਣਾ ਸੀ। ਖ਼ਜ਼ਾਨਾ ਉਤਰਨ ਨਾ ਦਿਤਾ ਸਿੰਘਾਂ ਨੇ। ਅਜੇ ਫੌਜ ਨੇ ਗੱਡਾ ਵੀ ਨਹੀਂ ਸੀ ਨਿਵਾਇਆ ਕਿ ਐਸਾ ਜ਼ੋਰਦਾਰ ਹਮਲਾ ਕੀਤਾ ਕਿ ਖਜ਼ਾਨੇ ਦੇ ਭਰੇ ਗਡੇ ਹਿੱਕ ਲਏ। ਜਦੋਂ ਫ਼ੌਜ ਨੂੰ ਸੁਰਤ ਆਈ ਸਿੰਘ ਖਜ਼ਾਨੇ ਨੂੰ ਟਿਕਾਣੇ ਲਾ ਚੁਕੇ ਸਨ। ਅਧੀ ਫੌਜ ਅਜੇ ਪਿਛੇ ਹੀ ਸ਼ਰਾਬ ਦੀਆਂ ਚੁਸਕੀਆਂ ਲੈ ਰਹੀ ਸੀ। ਖਾਲੀ ਗਡੇ ਬਿਆਸ ਕੰਢੇ ਖੜੇ ਰਾਤ ਦੀ ਆਖਰੀ ਨਮਾਜ ਅਦਾ ਕਰ ਰਹੇ ਸਨ। ਰੁਹੇਲਾ ਸਰਦਾਰ ਮਥੇ ਤੇ ਹਥ ਧਰ ਕੇ ਢਾਹੀਂ ਮਾਰ ਰਿਹਾ ਸੀ।

—ਕੋਈ ਮਰ ਗਿਆ ਈ ਢਾਹੀਂ ਮਾਰੀ ਜਾ ਰਿਹਾ ਏਂ ? ਸਲਾਬਤ ਖਾਂ ਬੋਲਿਆ।

—ਖਜ਼ਾਨਾ ਲੁਟਿਆ ਗਿਆ। ਲੁਟੇਰੇ ਲੁਟ ਕੇ ਲੈ ਗਏ। ਇਹ ਲਟੇਰੇ ਸਿੰਘ ਹੀ ਹੋ ਸਕਦੇ ਸਨ।

—ਚਲੋ ਨਾਦਰ ਸ਼ਾਹ ਨੂੰ ਚੁਕਣਾ ਨਾ ਪਿਆ। ਹੈਬਤ ਖਾਂ ਆਖਣ ਲਗਾ।

—ਦਿਲੀ ਜਾ ਕੇ ਕੀ ਜਵਾਬ ਦੇਵਾਂਗੇ।

ਸਿੰਘਾਂ ਲੁਟ ਲਿਆ ਖਜ਼ਾਨਾ ਤੇ ਹਰਨ ਹੋ ਗਏ। ਸਿੰਘਾਂ ਦਾ ਕੋਈ ਟਿਕਾਣਾ ਹੋਏ ਤਾਂ ਮਗਰ ਜਾਈਏ। ਖੁਚੀਂ ਘੱਟਾ ਕੌਣ ਪਵਾਵੇ। ਸਲਾਬਤ ਖਾਂ ਦੀ ਆਵਾਜ਼ ਸੀ।

ਦੇਣ ਵਾਲਿਆਂ ਖਿਰਾਜ ਦੇ ਦਿਤਾ। ਲੈਣ ਵਾਲੇ ਲੈ ਗਏ। ਇਹ ਵਖਰੀ ਗਲ ਏ ਕਿ ਅਧੀ ਰਕਮ ਲਾਹੌਰ ਵਿਚ ਜ਼ਕਰੀਆ ਖਾਂ ਹੀ ਖਾ ਗਿਆ। ਗਿਣਨ ਵਿਚ ਅਧੀ ਰਕਮ ਉਦੋਂ ਹੀ ਨਹੀਂ ਸੀ। ਜਿਹੜੀ ਦਿਤੀ ਉਹ ਸਿੰਘਾਂ ਲੁਟ ਲਈ। ਸ਼ਹਿਨਸ਼ਾਹ ਨੂੰ ਤੇ ਖਿਰਾਜ ਮਿਲ ਗਿਆ।

— ਇਹ ਕੰਮ ਹਕੂਮਤਾਂ ਦੇ ਹਨ, ਅਸਾਂ ਤੇ ਸੌ ਬੰਦੇ ਮਰਵਾ ਲਏ ਨੇ। ਹਕੂਮਤ ਫਿਰੇ ਸਿੰਘਾਂ ਨੂੰ ਲਭਦੀ ਤੇ ਸਜ਼ਾਵਾਂ ਦੇਵੇ। ਸਾਡੀਆਂ ਕਿਹੜੀਆਂ ਕਲਗੀਆਂ ਲਹਿ ਚਲੀਆਂ ਨੇ। ਜੇ ਬਹੁਤਾ ਜ਼ੋਰ ਮਾਰਨਗੇ ਤਾਂ ਨਾਦਰ ਸ਼ਾਹ ਨਾਲ ਮਿਲ ਜਾਵਾਂਗੇ। ਸਲਾਬਤ ਖਾਂ ਦੇ ਵਿਚਾਰ ਸਨ।

ਬਾਂਦਰ ਦੇ ਗਲ ਰੱਸੀ ਸੀ ਉਹ ਟੁਟ ਗਈ। ਵਿਹੜਾ ਮੋਕਲਾ ਹੋਇਆ ਸਿੰਘਾਂ ਦਾ ਦਾਅ ਲਗ ਗਿਆ। ਚਲੋ ਚਾਰ ਦਿਨ ਕੜਾਹ ਪ੍ਰਸ਼ਾਦ ਛਕ ਲੈਣਗੇ ਸਿੰਘ। ਬੜੇ ਦਿਨਾਂ ਦੇ ਕੜਾਕੇ ਸਹਿ ਰਹੇ ਸਨ। ਲੰਗਰ ਮਸਤਾਨਾ ਤੇ ਸਿੰਘ ਕਾਜੇ।

ਹਵਾਈ ਕਿਲ੍ਹੇ

ਸ਼ਹਿਨਸ਼ਾਹ ਵਲੋਂ ਵੀ ਸੱਚਾ ਤੇ ਸਿੰਘਾਂ ਨਾਲ ਵੀ ਹਮਦਰਦੀ। ਚਾਤਰ ਬੰਦਿਆਂ ਤੋਂ ਰਬ ਬਚਾਏ। ਰੁਹੇਲਾ ਸਰਦਾਰ ਤੇ ਸਲਾਬਤ ਖਾਂ, ਹੈਬਤ ਖਾਂ ਭੇਡ ਦੇ ਖੂਨੋਂ ਫ਼ਾਹੇ ਆ ਗਏ। ਸਯਦ ਭਰਾਵਾਂ ਇਹਨਾਂ ਤਿੰਨਾਂ ਨੂੰ ਹੀ ਜੇਲ੍ਹ ਵਿਚ ਡੱਕ ਦਿਤਾ। ਲਾਹੌਰ ਦੀਆਂ ਬੇਗਮਾਂ ਕੁਝ ਤਾਂ ਸਯਦ ਲੈ ਲਏ ਤੇ ਕੁਝ ਦਰਬਾਰੀਆਂ ਦੇ ਵੰਡੇ ਆ ਗਈਆਂ। ਹਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ।

ਜ਼ਕਰੀਆ ਖਾਂ ਨੇ ਸ਼ਹਿਨਸ਼ਾਹ ਨੂੰ ਚਿਠੀ ਲਿਖੀ ਕਿ ਤਿੰਨ ਕਰੋੜ ਅਸ਼ਰਫ਼ੀਆਂ ਤੇ ਸਾਜ਼ ਸਮਾਨ ਗਿਣ ਕੇ ਤੁਹਾਡੀ ਫੌਜ ਨੂੰ ਤੋਰਿਆ ਸੀ ਪਰ ਮੈਨੂੰ ਬੜਾ ਅਫਸੋਸ ਹੈ ਕਿ ਫੌਜ ਦੀ ਗਫਲਤ ਨਾਲ ਸਿੰਘ ਲੁਟ ਕੇ ਲੈ ਗਏ ਤੇ ਘੜੀ ਪਲ ਵਿਚ ਛਾਈਂ ਮਾਈਂ ਹੋ ਗਏ। ਮੇਰੀ ਸਾਰੀ ਮਲ ਗੁਜ਼ਾਰ ਵਿਚ ਸਿੰਘ ਖੰਘ ਨਹੀਂ ਸਨ ਸਕਦੇ। ਜੇ ਇਸ ਲੁਟੇਰੇ ਧਾੜ ਨੂੰ ਸੋਧਿਆ ਨਾ ਗਿਆ ਤਾਂ ਇਹ ਜ਼ਰੂਰ ਹਕੂਮਤ ਨੂੰ ਹਥ ਪਾਉਣਗੇ।

ਨਜਾਬਤ ਖਾਂ, ਸਫਦਰ ਖਾਂ ਤੇ ਜ਼ਾਫ਼ਰ ਖਾਂ ਦੀ ਕਮਾਨ ਹੇਠ ਵੀਹ ਹਜ਼ਾਰ ਫੌਜ ਲਾਹੌਰ ਵਲ ਰਵਾਨਾ ਹੋਈ। ਸਿੰਘਾਂ ਦਾ ਬੀ ਨਾਸ ਕਰਨ ਲਈ। ਸਿੰਘ ਕੁਝ ਪਹਾੜੀਂ ਚੜ੍ਹ ਗਏ ਤੇ ਕੁਝ ਬੀਕਾਨੇਰ ਜਾ ਪੁਜੇ। ਮੇਲਾ ਕੁਝ ਦਿਨ ਕਾਹਨੂੰਵਾਲ ਦੇ ਛੰਭ ਤੇ ਵੀ ਲੱਗਾ। ਲੱਖੀ ਜੰਗਲ ਵਿਚ ਵੀ ਰੌਣਕਾਂ ਜੁੜੀਆਂ ਹੋਈਆਂ ਸਨ। ਨਾਨਕੀ ਢਕ ਹੋਰ ਆ ਗਈ। ਨਖਸਮੀ ਉਜੜੀ ਪੰਜਾਬ ਨੂੰ ਫੇਰ ਸ਼ਾਹੀ ਫੌਜ ਨੇ ਲੁਟਿਆ। ਮਾਰੇ ਗਏ ਸਾਊ ਮੁਸਲਮਾਨ, ਬੁਜ਼ਦਿਲ ਹਿੰਦੂ ਅਤੇ ਅਧਕੱਚੇ ਸਹਿਜਧਾਰੀ ਸਿਖ। ਮੁਸਲਮਾਨਾਂ ਦੀ ਵੀ ਚੰਗੀ ਧੌੜੀ ਲੱਥੀ। ਫੌਜ ਜੰਮੀ ਬੈਠੀ ਸੀ ਲਾਹੌਰ ਵਿਚ। ਆਖਰਕਾਰ ਗਸ਼ਤੀ ਫੌਜ ਨੇ ਮਾਝੇ ਦੇ ਪਿੰਡ ਛਾਣ ਮਾਰੇ। ਨਾ ਕੋਈ ਸਿੰਘ ਮਿਲਿਆ ਨਾ ਸਿੰਘਾਂ ਦਾ ਪਤਾ ਮਿਲਿਆ। ਜ਼ਕਰੀਆ ਖਾਂ ਘਬਰਾਇਆ ਬੈਠਾ ਸੀ। ਗਸ਼ਤੀ ਫੌਜ ਨੇ ਚੰਗੀ ਅੱਤ ਚੁਕੀ। ਸਿੰਘ ਤਾਂ ਮਿਲੇ ਨਾ, ਕੁਤੇ ਮਾਰ ਮਾਰ ਢੇਰ ਲਾ ਦਿਤੇ। ਇਹਨਾਂ ਕੁਤਿਆਂ ਨੇ ਉਹਨਾਂ ਦੀਆਂ ਸਲਵਾਰਾਂ ਪਾੜ ਦਿਤੀਆਂ ਸਨ। ਸਾਰਾ ਗੁੱਸਾ ਇਹਨਾਂ ਤੇ ਹੀ ਨਿਕਲਿਆ ਗਸ਼ਤੀ ਫੌਜ ਦਾ।

ਵੇਹਲੀ ਬੈਠੀ ਮੱਖੀਆਂ ਮਾਰੇ। ਉਹਨਾਂ ਮੁਸਲਮਾਨਾਂ ਦੇ ਘਰਾਂ ਦੇ ਕਿਵਾੜ ਖੋਲੇ, ਉਥੇ ਹੀ ਮੁਰਗੀਆਂ ਭੁੰਨੀਆਂ ਤੇ ਖੰਭ ਖੋਹੇ। ਉਥੇ ਹੀ ਸ਼ਰਾਬ ਉਡੀ। ਸਤ ਵਾਲੀਆਂ ਦੇ ਸਤ ਲੁਟੇ ਗਏ। ਨਾ ਹਾਕਮ ਬੋਲਿਆ ਨਾ ਹੀ ਸੂਬਾ ਲਾਹੌਰ ਦਾ।

ਫੌਜ ਨੇ ਬੇਸ਼ਰਮੀ ਦੀ ਹਦ ਨੂੰ ਹਥ ਲਾ ਦਿਤਾ। ਆਖਰਕਾਰ ਲਾਹੌਰ ਦੇ ਵਾਸੀਆਂ ਨੇ ਚੰਦਾ ਕੱਠਾ ਕੀਤਾ ਤੇ ਗਸ਼ਤੀ ਫੌਜ ਦੀਆਂ ਝੋਲੀਆਂ ਭਰੀਆਂ ਤੇ ਆਪਣੇ ਗਲੋਂ ਹੱਤਿਆ

ਲਾਹੀ। ਗਸ਼ਤੀ ਫੌਜ ਦੇ ਕੁਝ ਦਸਤੇ ਫ਼ੇਰ ਵੀ ਰਹਿ ਹੀ ਗਏ। ਜ਼ਕਰੀਆ ਖਾਂ ਨੂੰ ਆਪਣੇ ਅੰਦਰ ਦਾ ਪਾਲਾ ਮਾਰਦਾ ਸੀ ਕਿਤੇ ਸਿਖਰ ਦੁਪਹਿਰੇ ਹੀ ਨੰਗਾ ਨਾ ਹੋ ਜਾਏ। ਨਾਦਰ ਸ਼ਾਹ ਸਿਰ ਤੇ ਚੜ੍ਹਿਆ ਆ ਰਿਹਾ ਸੀ। ਉਸਨੂੰ ਪਤਾ ਸੀ ਧੌਣੀ ਪਹਿਲਾਂ ਮੇਰੀ ਹੀ ਲਥਣੀ ਹੈ। ਮੁਕਾਬਲਾ ਪਹਿਲਾਂ ਮੇਰੇ ਨਾਲ ਹੀ ਹੋਣਾ ਹੈ। ਇਸ ਲਈ ਪੰਜਾਬ ਦੇ ਵਾਸੀਆਂ ਨਾਲ ਕੋਈ ਬਦ ਸਲੂਕ ਨਹੀਂ ਸੀ ਕਰਨਾ ਚਾਹੁੰਦਾ। ਉਹ ਸਿੰਘਾਂ ਨੂੰ ਕਿਉਂ ਛੇੜੇ। ਫਨੀਅਰ ਖੁਡ ਵਿਚ ਵੜੇ ਹਨ, ਖੁਡ ਵਿਚ ਹਥ ਪਾ ਕੇ ਡੰਗ ਕਿਉਂ ਮਰਵਾਏ। ਸ਼ੇਰਾਂ ਨੂੰ ਛੇੜਨ ਦੀ ਲੋੜ ਨਹੀਂ। ਇਹ ਬਲਾ ਟਲ ਜਾਊ ਤਾਂ ਫੇਰ ਨਿਬੜਾਂਗੇ। ਸਿੰਘ ਘੜੇ ਦੀ ਮੱਛੀਆਂ ਨੇ ਜਦੋਂ ਚਾਹਵਾਂਗੇ ਫੜ ਲਾਂ ਗੇ। ਇਹਨਾਂ ਨੂੰ ਹੀ ਸ਼ਿਸ਼ਕਾਰ ਕੇ ਨਾਦਰ ਦੇ ਗਲ ਪਵਾ ਦਿਤਾ ਜਾਏ ਤੇ ਮਗਰੋਂ ਮੈਂ ਹੱਲਾ ਮਾਰ ਸੁਟਾਂ ਤਾਂ ਨਾਦਰ ਸ਼ਾਹ ਚੱਢਿਆਂ ਵਿਚ ਪੂਛ ਦੇ ਕੇ ਭਜ ਉਠੂ ਤੇ ਸੂਬੇਦਾਰੀ ਮੇਰੀ ਬਣੀ ਰਹਿ ਜਾਊ। ਵਸਣਾ ਮੈਂ ਹੀ ਪੰਜਾਬ ਵਿਚ, ਦਿਲੀ ਵਾਲਿਆਂ ਏਥੇ ਬਹਿ ਨਹੀਂ ਰਹਿਣਾ। ਜ਼ਕਰੀਆ ਖਾਂ ਇਸ ਤਰ੍ਹਾਂ ਸੋਚ ਰਿਹਾ ਸੀ।

ਬਿੱਲੀਆਂ ਅਖਾਂ ਵਾਲਾ ਜ਼ਕਰੀਆ ਖਾਂ ਏਥੇ ਵੀ ਦਾਅ ਲਾਉਣਾ ਚਾਹੁੰਦਾ ਸੀ। ਅੰਦਰ-ਖਾਤੇ ਸਿੰਘਾਂ ਨਾਲ ਜਠਜੋੜ ਕਰਨਾ ਚਾਹੁੰਦਾ ਸੀ ਪਰ ਵਿਚੋਲੇ ਹੁੰਗਾਰਾ ਨਹੀਂ ਸਨ ਭਰਦੇ।

ਆਪਣੇ ਆਪਣੇ ਚਰਖੇ

ਮੁਗਲਾਂ ਦਾ ਸ਼ੀਸ਼ ਮਹੱਲ ਲੋਕਾਂ ਇਟਾਂ ਮਾਰ ਮਾਰ ਕੇ ਤੋੜ ਦਿਤਾ ਤੇ ਉਹਦੀਆਂ ਚਿਪਰਾਂ ਹੈਦਰਾਬਾਦ, ਲਖਨਊ, ਬੁੰਦੇਲ ਖੰਡ, ਪੂਨੇ ਤੇ ਪੰਜਾਬ ਵਿਚ ਜਾ ਪਈਆਂ। ਬਿਜਲਾ ਸਿੰਘ ਬੋਲਿਆ।

ਉਹ ਕਿਦਾਂ ? ਮਨਸਾ ਸਿੰਘ ਦੀ ਆਵਾਜ਼।

ਪਹਿਲਾਂ ਪੰਜਾਬ ਦੀ ਗਲ ਕਰ ਲਈਏ। ਇਹ ਗਲ ਤੁਰ ਜੂ ਰਹੀ ਏ ਛੇਤੀ ਸਮਝ 'ਚ ਆ ਜਾਏਗੀ। ਬਾਕੀ ਗਲਾਂ ਤੇ ਪ੍ਰਦੇਸਾਂ ਦੀਆਂ ਨੇ। ਗਲ ਉਹ ਜੋ ਸਮਝ ਵਿਚ ਆਉਣ ਵਾਲੀ ਹੋਵੇ। ਜ਼ਕਰੀਆ ਖਾਂ ਦੋਗਲਾ ਬੰਦਾ ਸੀ। ਇਕ ਪਾਸੇ ਤੇ ਦਿਲੀ ਦਰਬਾਰ ਨਾਲ ਗਰਾਹੀਆਂ ਸਾਂਝੀਆਂ ਸਨ ਤੇ ਦੂਜੇ ਪਾਸੇ ਨਾਦਰ ਸ਼ਾਹ ਨਾਲ ਸਕੀਰੀ ਬਨਾਉਣ ਦੀ ਵਿਉਂਤ ਬਣਾ ਰਿਹਾ ਸੀ। ਸ਼ਗਨ ਦੇਣਾ ਚਾਹੁੰਦਾ ਸੀ ਜਾਂ ਸ਼ਗਨ ਲੈਣਾ। ਕੁੜਮਾਚਾਰੀ ਬਣਨ ਵਾਲੀ ਸੀ। ਦੋਂਹ ਬੇੜੀਆਂ ਵਿਚ ਪੈਰ ਰਖਣ ਵਾਲਾ ਬੰਦਾ ਹਮੇਸ਼ਾਂ ਡੁਬਦਾ ਹੀ ਏ। ਇਕ ਪਾਸੇ ਦਿਲੀ ਅਰਜੀ ਘੱਲੀ ਕਿ ਫੌਜ ਤੁਰਤ ਭੇਜੋ। ਨਾਦਰ ਸ਼ਾਹ ਨੂੰ ਲਾਹੌਰ ਹੀ ਡੱਕਿਆ ਜਾਏ ਤੇ ਦੂਜੇ ਪਾਸੇ ਨਾਦਰ ਸ਼ਾਹ ਨਾਲ ਸੁਰ ਮਿਲਾਣ ਲਈ ਸਰਕਾਰਾਂ ਲਾਹੌਰ ਆਉਣ। ਮੈਂ ਆਉਂ-ਦਿਆਂ ਸ਼ਗਨ ਪਾਵਾਂਗਾ। ਲਾਹੌਰ ਦਾ ਤਖਤ ਤੁਹਾਡਾ ਇੰਤਜ਼ਾਰ ਕਰ ਰਿਹਾ ਏ। ਤੀਜੀ ਛਛੂੰਦਰ ਹੋਰ ਛੇੜ ਲਈ। ਸਿੰਘਾਂ ਨਾਲ ਭਾਵੇਂ ਗੈਰ ਸਾਲੀ ਸੀ ਪਰ ਵਕਤ ਬਣੇ ਤੇ ਬੰਦਾ ਗਧੇ ਨੂੰ ਵੀ ਪਿਉ ਆਖ ਲੈਂਦਾ ਏ। ਇਕ ਵਾਰ ਤਾਂ ਸਬਜ਼ ਬਾਗ ਡਾਢੇ ਵਿਖਾਏ ਸਿੰਘਾਂ ਨੂੰ ਜ਼ਕਰੀਆ ਖਾਂ ਨੇ। ਵਾਸਤਾ ਵੀ ਪਾਇਆ, ਲਿਲਕੜੀਆਂ ਲਈਆਂ, ਚੰਦੀਆਂ ਵੀ ਵਿਲਕੀਆਂ, 'ਹਥ ਜੋੜ ਕੇ ਵਾਸਤੇ ਵੀ ਪਾਏ ਆਉ! ਸਿੰਘ ਜੀ ਰਲ ਕੇ ਨਾਦਰ ਨਾਲ ਇਕ ਵਾਰ ਮਿਲ ਲਈਏ। ਹਿਸੇ ਕਰਨਾ ਜਾਂ ਵੰਡੀਆਂ ਪਾਉਣਾ ਇਹ ਗੱਲ ਤਾਂ ਆਪਣੇ ਘਰ ਦੀ ਗੱਲ ਹੈ। ਅਸੀਂ ਭਰਾ ਭਰਾ ਹਾਂ। ਚਾਰ ਢੇਰੀਆਂ ਤੁਸੀਂ ਜ਼ਿਆਦਾ ਲੈ ਲਈਆਂ ਜਾਂ ਮੈਂ ਲੈ ਲਈਆਂ ਮੇਰੇ ਤੇ ਤੁਹਾਡੇ ਵਿਚ ਕੋਈ ਫ਼ਰਕ ਨਹੀਂ। ਮੋਮੋਠਗਣੀਆਂ ਗੱਲਾਂ ਵਿਚ ਸਿੰਘਾਂ ਨੂੰ ਅੱਡੇ ਲਾ ਲਿਆ। ਸਿੰਘਾਂ ਨੇ ਕੁਝ ਹਾਮੀ ਭਰ ਦਿਤੀ। ਇਕ ਗੜਵੇ ਵਿਚ ਗੰਗਾ, ਜਲ ਤੇ ਆਬੇ ਜਮ-ਜਮ ਕੱਠੇ ਹੋ ਗਏ। ਸਿੰਘਾਂ ਆਖਿਆ ਅਸੀਂ ਨਾਦਰ ਦੀਆਂ ਖਾਖਾਂ ਜ਼ਰੂਰ ਪਾੜਾਂਗੇ ਪਰ ਤੇਰੇ ਨਾਲ ਰਲ ਕੇ ਨਹੀਂ ਸਗੋਂ ਕੱਲਿਆਂ। ਤੇਰਾ ਤੇ ਸਾਡਾ ਕਰੂਲਾ ਨਹੀਂ ਰਲਦਾ। ਤੂੰ ਬੇਪੈਂਦੇ ਦਾ ਲੋਟਾਂ ਏਂ ਤੇ ਟਿੰਡ ਵਰਗਾ ਭਾਂਡਾ ਏਂ। ਪਤਾ ਨਹੀਂ ਕਦੋਂ ਰਿੜ ਜਾਏਂ। ਸਿਰਫ ਪੰਜਾਬੀ ਹੋਣ ਦੇ ਨਾਤੇ ਅਸੀਂ ਤੇਰੀ ਮਦਦ ਕਰਦੇ ਹਾਂ। ਜੇ ਕਿਤੇ ਵੀ ਸਾਨੂੰ ਸ਼ਕ ਪੈ ਗਿਆ ਜਾਂ ਤੂੰ ਸਾਡੇ ਨਾਲ ਕੋਈ ਚਲਾਕੀ ਖੇਡੀ ਯਾਦ ਰੱਖੀਂ ਮਾਂ ਦੇ ਮੰਮੇ ਪਾ ਕੇ ਸਾਹ

ਲਾਂਗੇ। ਜਾਹ ਤੇਰੇ ਨਾਲ ਬਚਨ ਕਰ ਲਿਆ। ਸਿੰਘ ਬਚਨਾਂ ਤੋਂ ਨਹੀਂ ਟਲਦੇ। ਵੇਖਿਆ ਈ ਤਾਰਾ ਸਿਹਾਂ ਜ਼ਕਰੀਆ ਖਾਨ ਕਿਰਲੇ ਵਾਂਗੂੰ ਰੰਗ ਬਦਲਦੈ। ਬਿਜਲਾ ਸਿੰਘ ਦੇ ਬੋਲ ਥੰਮ੍ਹੇ!

ਸਿੰਘ ਏਡੀ ਛੇਤੀ ਮੋਮ ਕਿਦਾਂ ਹੋ ਗਏ। ਤਾਰਾ ਸਿੰਘ ਨੇ ਆਖਿਆ।

—ਨਾਦਰ ਸ਼ਾਹ ਦਾ ਹਮਲਾ ਪੰਜਾਬ ਦੀ ਮੌਤ। ਜੇ ਕੋਈ ਧਰਤੀ ਮਿਧੀ ਜਾਣੀ ਏਂ ਤਾਂ ਉਹ ਪੰਜਾਬ ਏ ਦਿੱਲੀ ਵਾਲਿਆਂ ਨੇ ਤਾਂ ਸਲਾਮ ਕਰਨੀ ਏਂ। ਬਹੁਤੀ ਗੱਲ ਹੋਊ ਤਾਂ ਆਪਣੀਆਂ ਰੰਨਾਂ ਦੇ ਦੇਣਗੇ ਜਿਹੜੀ ਗੱਲ ਪੰਜਾਬ ਕੋਲੋਂ ਨਹੀਂ ਹੋਣੀ। ਇਸ ਲਈ ਪੰਜਾਬ ਦੀ ਧੌੜੀ ਜ਼ਰੂਰ ਲਥਣੀ ਏ। ਸਾਡੇ ਸਿੰਘਾਂ ਨੇ ਮਤਾ ਪਾਸ ਕਰ ਲਿਆ ਏ। ਵਕਤ ਆਉਣ ਤੇ ਦਸਾਂਗੇ। ਬਿਜਲਾ ਸਿੰਘ ਇਉਂ ਮਿਠੀਆਂ ਮਿਠੀਆਂ ਗੱਲਾਂ ਕਰ ਰਿਹਾ ਸੀ।

ਤਾਰਾ ਸਿੰਘ ਨੇ ਆਖਿਆ ਹਜ਼ੂਰ ਸਾਹਿਬ ਦੇ ਲਾਗੇ ਹੈਦਰਾਬਾਦ ਦੀ ਗੱਲ ਦਸਣ ਲਗੇ ਸਾਉ।

ਹਾਂ, ਮੁਗਲ ਹਕੂਮਤ ਦਾ ਇਕ ਥੰਮ੍ਹ ਹੈਦਰਾਬਾਦ ਵੀ ਸੀ। ਨਜ਼ਾਮਉਲ ਮੁਲਕ ਤਜਰਬਾਕਾਰ, ਤਾਕਤ ਵਾਲਾ ਤੇ ਖੁੰਘ ਬੰਦਾ ਸੀ। ਦਿਲੀ ਵਾਲੇ ਉਹਦੇ ਬਗੈਰ ਨਿਛ ਵੀ ਨਹੀਂ ਸਨ ਮਾਰਦੇ। ਬਾਦਸ਼ਾਹ ਨੂੰ ਉਹਦੇ ਤੇ ਪੂਰਾ ਵਿਸ਼ਵਾਸ ਸੀ ਪਰ ਦਿੱਲੀ ਸਰਕਾਰ ਨੇ ਜਿਹੜੀ ਚੌਸਰ ਵਿਛਾਈ ਹੋਈ ਸੀ, ਉਹਦੇ ਖਿਡਾਰੀ ਸਯਦ ਭਰਾ ਸਨ। ਉਹ ਮੂੰਹ ਜ਼ੋਰ ਸਨ ਅੱਖੜ ਸਨ। ਉਹਨਾਂ ਦਾ ਹਕੂਮਤ ਤੇ ਏਨਾ ਕਬਜ਼ਾ ਸੀ ਕਿ ਉਹ ਗੱਲ ਸਿਰਫ ਸਯਦ ਹੀ ਆਖ ਸਕਦੇ ਸਨ, ਲਿਆਉ ਅੰਨ੍ਹਾ ਕਾਣਾ, ਲੂੰਡਾ ਲੰਗਾ, ਕੋਈ ਵੀ ਸਹਿਜ਼ਾਦਾ ਹੋਵੇ ਜਾਂ ਕਿਸੇ ਬਾਂਦੀ ਦਾ ਪੁਤ ਜਾਂ ਕਿਸੇ ਬੇਗਮ ਦਾ ਕੋਈ ਪਿਛਲੱਗ ਅਸੀਂ ਜਿਹਦੇ ਸਿਰ ਨੂੰ ਜੁਤੀ ਛੁਹਾ ਦੇਈਏ ਉਹਨੂੰ ਬਾਦਸ਼ਾਹ ਬਣਾ ਦੇਈਏ, ਅਸੀ ਬਾਦਸ਼ਾਹ ਗਰ ਹਾਂ। ਸਯਦ ਭਰਾ ਹਰ ਕਿਸੇ ਨੂੰ ਘਸੁੰਨ ਵਿਖਾਉਣੇ ਪੈਂਦੇ। ਨਜ਼ਾਮਉਲ ਮੁਲਕ ਦੀ ਪੱਤ ਲਾਹੀ। ਭਰੇ ਦਰਬਾਰ ਵਿਚ ਦਾੜ੍ਹੀ ਪੁੱਟੀ। ਬੁਢਾ ਕੁਕੜ ਵਿਚੇ ਵਿਚ ਪੀ ਗਿਆ। ਉਹਨਾਂ ਕਈ ਪਾਪੜ ਵੇਲੇ ਹੋਏ ਸਨ। ਛੱਡੀ ਪਤਣ ਤਰਿਆ ਹੋਇਆ ਸੀ। ਉਨ੍ਹਾਂ ਸੰਕਟ ਦਾ ਹਲ ਇਹ ਕੱਢਿਆ ਕਿ ਇਹਨਾਂ ਦੀ ਤਾਕਤ ਤੋੜੀ ਜਾਏ। ਉਸ ਨਾਦਰ ਸ਼ਾਹ ਨਾਲ ਅੰਦਸੰਧ ਜੋੜੀ। ਦੋਹਾਂ ਦੀ ਭਾਜੀ ਆਪਸ ਵਿਚ ਆਉਣ ਜਾਣ ਲਗ ਪਈ। ਆਪਣਾ ਭਾਵੇਂ ਕਖ ਨਾ ਰਹੇ। ਇਹਨਾਂ ਸਯਦ ਭਰਾਵਾਂ ਦਾ ਝੁਗਾ ਚੌੜ ਕਰਕੇ ਸਾਹ ਲੈਣਾ ਏ। ਬਾਦਸ਼ਾਹ ਵੀ ਸਯਦ ਭਰਾਵਾਂ ਤੋਂ ਬਦਜ਼ਨ ਸੀ ਪਰ ਉਹਨਾਂ ਦੇ ਹਥ ਵਿਚ ਮਿਟੀ ਘੁਘੂ ਘੋੜਾ ਬਣਿਆ ਹੋਇਆ ਸੀ। ਨਚਾ ਲਉ ਪੁਤਲੀਆਂ ਪੁਤਲੀਗਰੋ ਬਾਜ਼ੀਗਰ ਆ ਰਿਹਾ ਏ ਉਸ ਸਾਰਿਆਂ ਦਾ ਗਾਟਾ ਮਰੋੜ ਸੁਟਣਾ ਏ। ਅਸਾਂ ਕੌਡੀਆਂ ਸੁਟੀਆਂ ਨੇ ਕੁਥਾਹਰੇ ਨਹੀਂ ਜਾਣ ਲੱਗੀਆਂ। ਨਜ਼ਾਮਉਲ ਮੁਲਕ ਬਾਂਦਰ ਨਚਾਉਣੇ ਜਾਣਦਾ ਸੀ। ਬਿਜਲਾ ਸਿੰਘ ਦੇ ਬੋਲਾਂ ਵਿਚ ਬੜਾ ਅਸਰ ਸੀ।

ਮਨਸਾ ਸਿੰਘ ਨੇ ਇਕ ਹੋਰ ਸਵਾਲ ਕੀਤਾ। ਅਵਧ ਭਗਵਾਨ ਰਾਮ ਦੀ ਜਨਮ ਭੂਮੀ ਏ ਉਥੇ ਵੀ ਮਦਾਰੀ ਆਪਣਾ ਡਮਰੂ ਵਜਾ ਰਿਹਾ ਸੀ?

ਹਾਂ ਬਿਲਕੁਲ। ਸੁਆਦਤ ਖਾਂ ਸੂਬੇਦਾਰ ਅਵਧ ਨੂੰ ਵੀ ਸਦਿਆ ਗਿਆ ਮੂਜੀ ਮਾਰਨ ਲਈ ਆਇਆ ਤਾਂ ਬੜੇ ਜੋਹਰ ਜਲਾਲ ਨਾਲ, ਪਰ ਦਿੱਲੀ ਵਿਚ ਜਿਹੜੀ ਸ਼ਤਰੰਜ ਖੇਡੀ ਜਾ ਰਹੀ ਸੀ ਉਹਦੇ ਕਿਸੇ ਮੁਹਰੇ ਤੇ ਵੀ ਉਹਦਾ ਹਥ ਨਾ ਪਿਆ। ਲਾਲ ਸੂਹੇ ਸਯਦਾਂ ਦੇ ਚਿਹਰੇ ਨੇ ਇਉਂ ਘੁਰਕੀ ਲਈ ਕਿ ਦਿੱਲੀ ਬਣ ਗਿਆ ਸੂਬਾ। ਸਯਦਾਂ ਨੇ ਉਹਦੀ ਦਾੜ੍ਹੀ

ਵਿਚੋਂ ਵੀ ਮੋਚਨੇ ਨਾਲ ਵਾਲ ਚੁਗਣੇ ਸ਼ੁਰੂ ਕਰ ਦਿਤੇ। ਦਾੜ੍ਹੀ ਕੋਈ ਬੰਦਾ ਪੁਟਵਾ ਸਕਦੈ ਪਰ ਮੋਚਨੇ ਨਾਲ ਅਗੇ ਬਹਿ ਕੇ ਵਾਲ ਕੌਣ ਚੁਗਾਵੇ। ਫੇਰ ਉਹ ਬੰਦਾ ਜਿਸ ਕਿਲ੍ਹੇ ਫਤਹਿ ਕੀਤੇ ਹੋਣ, ਜਿਨ ਤੇਗਾਂ ਮਾਰੀਆਂ ਹੋਣ ਉਹ ਕਦ ਛੋਕਰਿਆਂ ਨੂੰ ਪੱਲੇ ਬੰਨ੍ਹਦੇ ਹਨ। ਮਹਿੰਦੀ ਰੰਗੀ ਦਾੜ੍ਹੀ ਵੀ ਉਹਨਾਂ ਉਹਦੀ ਵੀ ਮਿੱਟੀ ਵਿਚ ਰੋਲ ਛੱਡੀ। ਬੜਾ ਪ੍ਰੇਸ਼ਾਨ ਹੋਇਆ। ਬਾਂਦਰਾਂ ਦੇ ਜਦ ਪੈਰ ਸੜਨ ਲਗਦੇ ਹਨ ਤਾਂ ਆਪਣੇ ਬੱਚਿਆਂ ਨੂੰ ਪੈਰਾਂ ਥਲੇ ਲੈਂਦੇ ਹਨ। ਸੁਆਦਤ ਖਾਂ ਨੇ ਵੀ ਅੰਦਰਖਾਤੇ ਨਾਦਰ ਸ਼ਾਹ ਨਾਲ ਬੁਰਕੀਆਂ ਸਾਂਝੀਆਂ ਕਰ ਲਈਆਂ। ਆਵਾਜ਼ ਬਿਜਲਾ ਸਿੰਘ ਦੀ ਹੀ ਸੀ।

ਇਹ ਲਾਣਾ ਸਾਰਾ ਹੀ ਗਦਾਰਾਂ ਦਾ ਸੀ। ਚੋਰ ਨੂੰ ਵਾਜਾਂ ਮਾਰ ਕੇ ਆਪਣੇ ਘਰ ਵਿਚ ਨਿਵਾਰੀ ਪਲੰਘ ਡਾਹ ਕੇ ਦੇ ਰਹੇ ਨੇ। ਤਾਰਾ ਸਿੰਘ ਬੋਲਿਆ।

ਮੁਗਲ ਹਕੂਮਤ ਦੀਆਂ ਅਖਾਂ ਵਿਚ ਮਰਹਟਿਆਂ ਵੀ ਸੁਰਮਾ ਪਾਇਆ ਹੋਇਆ ਸੀ। ਦਿਲੀ ਵਿਚ ਠਾਹਰ ਇਹਨਾਂ ਦੀ ਵੀ ਸੀ।

ਬੁੰਦੇਲ ਖੰਡ ਦੇ ਪਿੰਡਾਰੇ ਵੀ ਦਿਲੀ ਵਿਚ ਆਪਣੇ ਕਿਲੇ ਗਡ ਕੇ ਬੈਠੇ ਹੋਏ ਸਨ। ਮੁਹਾਰਾਂ ਸਭ ਦੀਆਂ ਸਯਦ ਭਰਾਵਾਂ ਦੇ ਹਥ ਵਿਚ ਸਨ। ਨਕੇਲਾਂ ਭਾਵੇਂ ਰੰਗ ਬਰੰਗੀਆਂ ਸਨ। ਮਾੜੇ ਦੀ ਰੰਨ ਨੂੰ ਹਰ ਬੰਦਾ ਭਾਬੀ ਆਖ ਲੈਂਦਾ ਏ। ਹਰ ਬੰਦਾ ਆਪਣੇ ਛੰਨੇ ਵਿਚ ਹਕੂਮਤ ਦੀਆਂ ਬੋਟੀਆਂ ਵਢ ਵਢ ਕੇ ਪਾ ਰਿਹਾ ਸੀ। ਨਾਦਰ ਸ਼ਾਹ ਫੇਰ ਲੁਟੇ ਕਿਉਂ ਨਾ। ਬੂਹੇ ਖੁਲ੍ਹੇ ਹੋਣ ਤਾਂ ਚੋਰ ਨੂੰ ਕੀ ਭਾਰ ਲਗਦਾ ਏ ਮਾਲ ਲੁਟਣ ਦਾ। ਬਿਜਲਾ ਸਿੰਘ ਇਹ ਆਖ ਕੇ ਜ਼ਰਾ ਚੁਪ ਹੋ ਗਿਆ।

ਨਾਦਰ ਸ਼ਾਹ ਨੇ ਸਾਰਿਆਂ ਦੇ ਸਿਰ ਵਿਚ ਛਿਤਰ ਮਾਰਨੇ ਨੇ, ਹਰ ਇਕ ਦੀ ਪੱਤ ਗਲੀਆਂ ਵਿਚ ਰੁਲਣੀ ਏ। ਗਲੀਆਂ ਵਿਚ ਨਹੀਂ, ਚੁਰਾਹੇ ਵਿਚ ਖੜੀ ਕਰਕੇ ਨੰਗੀ ਕੀਤੀ ਜਾਏਗੀ ਬਹੁਤੇ ਨਾਢੂ ਖਾਨਾਂ ਦੀ ਪਤ।

ਜਿਸ ਹਕੂਮਤ ਦੇ ਇਹੋ ਜਿਹੇ ਸਾਊ ਸਜਣ ਹੋਣ ਉਸ ਨੂੰ ਦੁਸ਼ਮਣਾਂ ਦੀ ਕੀ ਲੋੜ ਏ। ਲੈ ਭਈ ਹੁਣ ਸਜਣਾ ਨਾਦਰ ਨੇ ਘੋੜਿਆਂ ਦੇ ਸੁੰਮ ਥਲੇ ਪੰਜਾਬ ਰੋਂਦ ਛਡੀ। ਮੁਲਤਾਨ ਨੇ ਈਨ ਮੰਨ ਲਈ। ਲਾਹੌਰ ਨੇ ਨਜ਼ਰਾਨੇ ਪੇਸ਼ ਕਰ ਦਿਤੇ। ਨਾਦਰ ਦਾ ਦਿਲ ਦਲੇਰ ਹੋ ਗਿਆ। ਉਹਦੀਆਂ ਨਾਸਾਂ ਵਿਚੋਂ ਠੂੰਹੇ ਡਿਗਦੇ। ਈਰਾਨੀ ਪਹਿਲਾਂ ਚਪੇੜ ਮਾਰਦੇ ਤੇ ਫੇਰ ਨਾਂ ਪੁਛਦੇ। ਈਰਾਨੀਆਂ ਦੇ ਝੰਡੇ ਝੂਲ ਰਹੇ ਸਨ ਪੰਜਾਬ ਵਿਚ। ਓਸ ਦਿੱਲੀ ਦਰਬਾਰ ਨੂੰ ਪੈਗਾਮ ਭੇਜਿਆ। ਮੈਂ ਅਗੇ ਵਧਣਾ ਨਹੀਂ ਚਾਹੁੰਦਾ ਤੁਸੀਂ ਮੇਰੇ ਬਾਗੀ ਮੈਨੂੰ ਵਾਪਸ ਕਰ ਦਿਉ। ਹਰਜਾਨਾ ਜੇ ਮੁਗਲ ਸਰਕਾਰ ਦੇਣ ਨੂੰ ਤਿਆਰ ਹੋਏ ਤਾਂ ਮੈਂ ਪਿਛੇ ਮੁੜ ਜਾਂਦਾ ਹਾਂ। ਮੈਂ ਕੀ ਲੈਣਾ ਏ ਏਨੀ ਗਰਮੀ ਵਿਚ ਪਿੰਡਾ ਸਾੜ ਕੇ। ਮੁਹੰਮਦ ਸ਼ਾਹ ਨੇ ਉਹਦਾ ਇਹ ਰੁਕਾ ਸ਼ਰਾਬ ਦੇ ਪਿਆਲੇ ਵਿਚ ਡੋਬ ਦਿਤਾ। ਫਿਤੀ-ਫਿਤੀ ਹੋ ਗਿਆ ਫਰਮਾਨ। ਉਹਦੇ ਏਲਚੀਆਂ ਦੇ ਸੰਘ ਵਿਚ ਸਿੱਕਾ ਢਾਲ ਕੇ ਪਾ ਦਿਤਾ। ਜਦ ਇਹ ਖਬਰ ਨਾਦਰ ਸ਼ਾਹ ਕੋਲ ਪੁਜੀ ਤਾਂ ਬੋਲ ਉਠਿਆ। ਅਗ ਦੇ ਗੋਲੇ ਨੇ ਆਖਰ ਤਾਂ ਫਟਣਾ ਹੀ ਸੀ।

ਰਣ ਭੂਮੀ ਕਰਨਾਲ ਪਈ। ਦੋਂਹ ਦਲਾਂ ਵਿਚ ਮੁਕਾਬਲਾ ਠਨ ਗਿਆ। ਕੌਰਵਾਂ ਪਾਂਡਵਾਂ ਦਾ ਯੁਧ ਆਣ ਲਗਾ।

—ਇਸਲਾਮ ਨੇ ਇਸਲਾਮ ਦੇ ਗਲ ਛੁਰੀ ਧਰ ਦਿਤੀ।

ਭਰਾ ਭਰਾ ਦੇ ਲਹੂ ਦਾ ਪਿਆਸਾ ਹੋ ਗਿਆ। ਛੰਨੇ ਰੱਤ ਦੇ ਭਰੇ ਜਾਣ ਲਗੇ।

ਨਾਦਰ ਤੇ ਭੁਖਾ ਸੀ ਜ਼ਰ ਜ਼ੋਰੂ ਜ਼ਮੀਨ ਦਾ। ਹਕੂਮਤ ਦੀਆਂ ਚਾਬੀਆਂ ਨਾਦਰ ਕੋਲ ਆ ਗਈਆਂ ਸਨ। ਉਸ ਉਹਨਾਂ ਨੂੰ ਲੱਕ ਨਾਲ ਬੰਨ੍ਹ ਲਿਆ ਸੀ।

ਤਿੰਨ ਸੂਬੇ ਨਾਦਰ ਦੀ ਗੱਦ ਵਿਚ ਜਾ ਬੈਠੇ ਸਨ। ਟੱਕਰ ਬਾਕੀ ਸਯਦ ਭਰਾਵਾਂ ਨਾਲ ਸੀ। ਖੂਬ ਲੜੇ ਜਵਾਨ ਮਰਦ। ਹੱਕ ਅਦਾ ਕੀਤਾ ਹਕੂਮਤ ਦਾ। ਸ਼ਹੀਦ ਹੋ ਗਏ ਪਰ ਨਾਦਰ ਨਾਲ ਦਸਤ ਪੰਜਾ ਨਾ ਲਿਆ।

ਕੁਦਰਤ ਨੇ ਹਿੰਦੁਸਤਾਨ ਦੀ ਕਿਸਮਤ ਸਲੇਟ ਤੇ ਲਿਖੀ। ਨਾ ਈਰਾਨੀਆਂ ਦਾ ਸੀ। ਉਭਰ ਕੇ ਅੱਖਰ ਨਾਦਰ ਸ਼ਾਹ ਦੇ ਆਏ।

ਗੁਲਾਮੀ ਦੀਆਂ ਜ਼ੰਜੀਰਾਂ ਹੱਸ ਹੱਸ ਕੇ ਪਾ ਲਈਆਂ ਬਹਾਦਰ ਸੂਰਮਿਆਂ ਨੇ।

ਇਹ ਜ਼ੰਜੀਰਾਂ ਕਾਹਦੀਆਂ ਸਨ, ਸੋਨੇ ਚਾਂਦੀ ਦੇ ਗਹਿਣੇ ਸਨ।

ਮੁਹੰਮਦ ਸ਼ਾਹ ਰੰਗੀਲੇ ਨੇ ਦਿੱਲੀ ਦੀਆਂ ਚਾਬੀਆਂ ਸੁਨਹਿਰੀ ਚੰਗੇਰ ਵਿਚ ਸਜਾ ਕੇ ਪੇਸ਼ ਕੀਤੀਆਂ ਨਾਦਰ ਸ਼ਾਹ ਨੂੰ।

ਈਰਾਨੀਆਂ ਨੇ ਦਿੱਲੀ ਦਾ ਬੂਹਾ ਪਿਛੋਂ ਟਪਿਆ ਪਹਿਲਾਂ ਦਿਲੀ ਦੀਆਂ ਕੁਆਰੀਆਂ ਕੰਜਕਾਂ ਬੁਰਕੇ ਵਿਚ ਲਪੇਟੀਆਂ। ਗੋਤੀਆਂ ਅਲ੍ਹੜ ਮੁਟਿਆਰਾਂ ਇਹਨਾਂ ਵਹਿਸ਼ੀਆਂ ਨੇ ਇਕ ਰਾਤ ਵਿਚ ਔਰਤਾਂ ਬਣਾ ਦਿਤੀਆਂ।

ਸੰਧੂਰ ਭਰਿਆ ਚੀਰ ਪੂੰਝਿਆ ਗਿਆ, ਮੋਤੀਆਂ ਜੜੀ ਮਾਂਗ ਸਾਫ ਕਰ ਦਿਤੀ ਗਈ। ਕਿਸਮਤ ਨੇ ਅਜੇ ਉਹਨਾਂ ਦੀਆਂ ਮਾਂਗਾਂ ਵਿਚ ਮੋਤੀ ਜੜਨੇ ਸਨ। ਕੈਂਚੀ ਨਾਲ ਜ਼ੁਲਫਾਂ ਮੁੰਨ ਦਿਤੀਆਂ, ਜਿਹੜੀ ਅੱਤ ਨਹੀਂ ਸੀ ਹੋ ਸਕਦੀ ਉਹ ਵੀ ਕੀਤੀ ਈਰਾਨੀਆਂ। ਸਿਰ ਮੁੰਨੀ ਦਿੱਲੀ ਕਿੰਨੂੰ ਆਪਣਾ ਖਸਮ ਮੰਨੇ ? ਬਿਜਲਾ ਸਿੰਘ ਦੀਆਂ ਅੱਖਾਂ ਵਿਚ ਅਥਰੂ ਸਨ।

ਫਕੀਰਾਂ ਦਾ ਟੋਲਾ

ਕਰਨਾਲ ਦੇ ਮੈਦਾਨ ਵਿਚ ਮੁਗਲ ਸ਼ਹਿਨਸ਼ਾਹ ਦੀ ਤਕਦੀਰ ਵਿਚ ਲਿਖਿਆ ਤਖਤ ਸਲੇਟ ਤੇ ਪੂੰਝ ਦਿਤਾ ਗਿਆ। ਸ਼ਿੰਗਾਰੇ ਘੋੜੇ ਤੇ ਚੜ੍ਹ ਖਾਨ ਦੌੜਿਆ ਆਇਆ ਸੀ ਤੇ ਜਨਾਜ਼ਾ ਚੁਕ ਕੇ ਖੜਿਆ ਭਰਾਵਾਂ। ਇਕ ਜਾਨਬਾਜ਼ ਸ਼ਹੀਦ ਵੀ ਕਰਾਇਆ ਤੇ ਨਾਲੇ ਜੰਗ ਵੀ ਹਾਰੀ। ਮੂੰਹ ਜ਼ੋਰ ਹੀ ਸਨ ਸਯਦ ਪਰ ਦਿਲੋਂ ਸੱਚੇ ਸਨ। ਉਹਨਾਂ ਨੂੰ ਇਸ਼ਕ ਸੀ ਮੁਗਲ ਹਕੂਮਤ ਨਾਲ। ਦੇਸ਼ ਧਰੋਹੀ ਨਹੀਂ ਸਨ। ਵਤਨ ਨਾਲ ਮੁਹੱਬਤ ਸੀ। ਜੇ ਬਾਹਰੋਂ ਉਜਲੇ ਸਨ ਤਾਂ ਅੰਦਰੋਂ ਕਾਲੇ ਨਹੀ ਸਨ, ਖੁੰਬ ਚੜੇ ਦਿਲ ਸਨ ਉਹਨਾਂ ਦੇ। ਸੱਚੇ ਨੂੰ ਕੌਣ ਪੁਛਦੇ।

ਬਗਲੇ ਭਗਤ ਬਾਦਸ਼ਾਹ ਨੂੰ ਬਹੁਤ ਪਿਆਰੇ ਸਨ। ਉਹ ਖੁਸ਼ਾਮਦੀ ਜਿਹਨਾਂ ਦੀ ਜ਼ਬਾਨ ਵਿਚ ਮਿਸਰੀ ਘੁਲੀ ਹੋਈ। ਸ਼ਹਿਤ ਉਹਨਾਂ ਦੇ ਬੁਲ੍ਹਾਂ ਵਿਚੋਂ ਚੋਂਦਾ। ਸਯਦਾਂ ਨੂੰ ਮੋਮੋਠਗਣੀਆਂ ਗੱਲਾਂ ਕਰਨੀਆਂ ਨਹੀਂ ਸਨ ਆਉਂਦੀਆਂ। ਉਨ੍ਹਾਂ ਨੇ ਬਾਦਸ਼ਾਹ ਨੂੰ ਕਦੇ ਸਬਜ਼ਬਾਗ ਨਹੀਂ ਸਨ ਵਿਖਾਏ। ਸਾਵਣ ਦੇ ਅੰਨ੍ਹੇ ਨੂੰ ਸਭ ਪਾਸੇ ਹਰਾ ਹੀ ਹਰਾ ਲਭਦੈ। ਜੀ ਹਜੂਰੀਏ ਨਜਾਮਉਲ ਮਲਕ ਤੇ ਸੁਆਦਤ ਖਾਂ ਦੋਵੇਂ ਹੀ ਸਨ। ਇਹੋ ਮੋਹਰੀ ਸਨ ਤੇ ਇਹ ਪਿਛਲਗ ਸਨ। ਇਧਰ ਲਾਈ ਤੇ ਉਧਰ ਬੁਝਾਈ। ਇਹ ਦੋਵੇਂ ਨਾਦਰ ਸ਼ਾਹ ਦੀ ਮੁਠੀ ਚਾਪੀ ਕਰ ਰਹੇ ਸਨ। ਨਾਦਰ ਨੂੰ ਇਹੋ ਜਿਹੇ ਕੜਛਿਆਂ ਦੀ ਥੋੜ ਸੀ। ਨਾਦਰ ਲਈ ਹਿੰਦੁਸਤਾਨ ਨਵਾਂ ਦੇਸ਼ ੀ। ਉਹ ਇਥੋਂ ਦੀ ਖਸਲਤ ਤੋਂ ਵਾਕਫ ਨਹੀਂ ਸੀ। ਇਕ ਰਾਤ ਨਾਦਰ ਨੇ ਦੋਹਾਂ ਨੂੰ ਇਕੱਠਾ ਹੀ ਸਦਿਆ। ਕੈਂਪ ਕਰਨਾਲ ਵਿਚ ਲਗਾ ਹੋਇਆ ਸੀ। ਪਹਿਲਾ ਨਜਾਮ ਉਲਮਲਕ ਅੰਦਰ ਗਿਆ ਤੇ ਫੇਰ ਸੁਆਦਤ ਖਾਂ। ਜਦ ਦੋਹਾਂ ਨੇ ਇਕ ਦੂਜੇ ਨੂੰ ਵੇਖਿਆ ਤਾਂ ਦੋਹਾਂ ਦੇ ਹਥਾਂ ਦੇ ਤੋਤੇ ਉਡ ਗਏ। ਢੀਠ ਸਨ, ਪਚਾ ਗਏ ਨਮੋਸ਼ੀ। ਜੰਗ ਤੇ ਹਾਰ ਹੀ ਲਈ ਸੀ। ਹੁਣ ਸਿਰਫ ਸੌਦੇਬਾਜ਼ੀ ਹੋ ਰਹੀ ਸੀ। ਪਹਿਲਾਂ ਖਿੱਲਤ ਦਿਤੀ ਨਾਦਰ ਨੇ ਨਜਾਮਉਲ ਮਲਕ ਨੂੰ। ਦੂਜੀ ਵਾਰੀ ਸੁਆਦਤ ਖਾਂ ਦੀ ਸੀ। ਕਿਸੇ ਗਲੋਂ ਨਾਦਰ ਨਾਲ ਤਕਰਾਰ ਹੋ ਗਈ। ਗੱਲ ਨੇ ਬਹੁਤ ਤੂਲ ਪਕੜ ਲਿਆ। ਨਾਦਰ ਗੁਸੇ ਵਿਚ ਲਾਲ ਪੀਲਾ ਹੋ ਗਿਆ। ਉਸ ਵਹਿਸ਼ੀ ਨੇ ਸੁਆਦਤ ਖਾਂ ਦੀ ਦਾਹੜੀ ਤੇ ਥੁਕ ਦਿਤਾ ਤੇ ਧਕੇ ਮਾਰਕੇ ਤੰਬੂ ਵਿਚੋਂ ਕਢ ਦਿਤਾ। ਮਿਹਰਬਾਨੀ ਸਿਰਫ ਏਨੀ ਕੀਤੀ ਕਿ ਜਾਨ ਬਖਸ਼ ਦਿਤੀ। ਬਾਕੀ ਹੋਰ ਕੋਈ ਕਸਰ ਨਾ ਰੱਖੀ। ਅਣਖੀ ਨਵਾਬ ਤੋਂ ਇਹ ਹੱਤਕ ਬਰਦਾਸ਼ਤ ਨਾ ਹੋਈ। ਉਸੇ ਰਾਤ ਉਸ ਜ਼ਹਿਰ ਦਾ ਪਿਆਲਾ ਪੀ ਲਿਆ ਤੇ ਅੱਲਾ ਨੂੰ ਪਿਆਰਾ ਹੋ ਗਿਆ। ਲੋਕ ਆਖਦੇ ਹਨ ਕਿ ਕਰਨਾਲ ਵਿਚੋਂ ਸਿਰਫ ਦੋ ਜ਼ਨਾਜੇ ਉਠੇ। ਇਕ ਖਾਨਦੌਰਾਂ ਦਾ ਅਤੇ

ਦੂਜਾ ਸੁਆਦਤ ਖਾਂ ਦਾ। ਕੀਰਨੇ ਪਾਏ ਸਾਰੀ ਫੌਜ ਨੇ। ਮੋਢਾ ਨਜਾਮਉਲ ਮੁਲਕ ਨੇ ਵੀ ਦਿਤਾ। ਨਾਦਰ ਸ਼ਾਹ ਬੜਾ ਪਛਤਾਇਆ ਇਹ ਜਨਾਜ਼ੇ ਵੇਖਕੇ। ਜ਼ਕਰੀਆ ਖਾਂ ਦੁਸ਼ਾਲਾ ਤੇ ਕਲਗੀ ਪਹਿਲਾਂ ਲੈ ਚੁਕਾ ਸੀ।

ਤਿੰਨ ਧਰਮ ਪੁਤਰ ਸਨ। ਵਤਨ ਫਰੋਸ਼ੀ ਤਾਂ ਐਵੇਂ ਘੜੀ ਦੀ ਘੜੀ ਸੀ। ਕਿਹੜੇ ਕੰਨ ਕਾਲੇ ਹੋ ਚਲੇ ਨੇ। ਧੱਬਾ ਤੇ ਨਹੀਂ ਲਗ ਗਿਆ ਪੁਸ਼ਾਕ ਤੇ। ਉਹਨਾਂ ਦੀਆਂ ਪੁਸ਼ਾਕਾਂ ਦੁੱਧ ਧੋਤੀਆਂ ਸਨ। ਅੰਦਰ ਖਾਤੇ ਟਕੇ ਹੀ ਵੱਟੇ ਸਨ ਆਪਣੇ ਵਤਨ ਦੇ। ਆਪਣੀ ਮਾਂ ਨੂੰ ਨਵਾਂ ਖਸਮ ਹੀ ਕਰਵਾਇਆ ਸੀ। ਪਰ ਨਾਦਰ ਸ਼ਾਹ ਬੜਾ ਲੁਚਾ ਸੀ। ਉਸ ਤਿੰਨਾਂ ਦੀ ਗੱਲ ਮਿਠੇ ਚੌਲ ਖੁਆ ਕੇ ਸੁਣ ਲਈ ਪਰ ਇਹਨਾਂ ਤਿੰਨਾਂ ਦੇ ਹੀ ਗਲ ਵਿਚ ਰੱਸੀ ਪਾ ਲਈ ਰਿੱਛ ਵਾਲੀ। ਬਾਬੇ ਪੜਦਾਦੇ ਦਾ ਜੋੜਿਆ ਸਭ ਕੁਝ ਕਢਵਾ ਲਿਆ। ਗਲ ਵਿਚ ਪੱਲੇ ਪਾ ਕੇ ਲਾਲਾਂ ਚਟ ਕੇ ਢੀਠਾਂ ਨੇ ਆਪਣੇ ਜੁਰਮਾਨੇ ਮਾਫ ਕਰਾਏ। ਮਾਰੇ ਨਾਲੋਂ ਭਜਾਇਆ ਚੰਗਾ।

ਬਾਦਸ਼ਾਹ ਜਦ ਬਾਦਸ਼ਾਹ ਨੂੰ ਮਿਲਿਆ, ਜੱਫੀਆਂ ਪਈਆਂ, ਖੈਰ ਖਰੀਅਤ ਪੁਛੀ। ਦਿੱਲੀ ਦੇ ਬਾਦਸ਼ਾਹ ਨੇ ਅਰਜ਼ ਕੀਤੀ, 'ਸ਼ਾਹੇ ਈਰਾਨ ਥਕ ਗਏ ਹੋਣਗੇ। ਕੁਝ ਦਿਨ ਮੇਰੇ ਘਰ ਮਹਿਮਾਨ ਰਹਿਣਾ, ਥਕਾਵਟ ਉਤਰ ਜਾਏਗੀ।'

ਸ਼ਾਹੇ ਈਰਾਨ ਬੋਲਿਆ ਖਾਨਦੌਰਾਂ ਹੁੰਦਾ ਤਾਂ ਦਿਲੀ ਜਾਣ ਦਾ ਮਜ਼ਾ ਸੀ। ਮਰਦ ਮਰਦਾਂ ਦੇ ਘਰ ਪਰਾਹੁਣੇ ਸੋਹਣੇ ਲਗਦੇ ਨੇ। ਇਕ ਹੀ ਬੰਦਾ ਸੀ ਸ਼ਹਿਨਸ਼ਾਹ ਤੇਰੇ ਸਾਰੇ ਲਸ਼ਕਰ ਵਿਚ। ਬਾਕੀ ਸਭ ਫਸਲੀ ਬਟੇਰੇ ਸਨ। ਬਹਾਦਰ ਨੂੰ ਬਹਾਦਰ ਦੀ ਕਦਰ ਹੁੰਦੀ ਹੈ। ਨਾਦਰ ਖਾਨਦੌਰਾਂ ਨੂੰ ਜ਼ਿੰਦਗੀ ਵਿਚ ਕਦੇ ਨਹੀਂ ਭੁਲ ਸਕਦਾ। ਜੇ ਕਦੇ ਇਕ ਹੋਰ ਬੰਦਾ ਹੁੰਦਾ ਤਾਂ ਜੰਗ ਮੈਂ ਹਾਰਦਾ। ਇਕ ਹੋਰ ਵੀ ਤੇਰੀ ਹਕੂਮਤ ਦਾ ਦੋਸਤ ਸੀ ਪਰ ਮਜਬੂਰੀਆਂ ਨੇ ਉਹਨੂੰ ਗਲਤ ਰਸਤੇ ਪਾ ਦਿਤਾ ਸੀ। ਉਹ ਸੀ ਸੁਆਦਤ ਖਾਂ। ਬਾਕੀ ਸਭ ਦੁਸ਼ਮਣ ਹਨ ਮਤਲਬੀ। ਇਹਨਾਂ ਹਰਾਮਖੋਰਾਂ ਹਕੂਮਤ ਨਹੀਂ ਚਲਣ ਦੇਣੀ। ਮੈਂ ਥੋੜੇ ਦਿਨਾਂ ਦਾ ਮਹਿਮਾਨ ਹਾਂ। ਨਹੀਂ ਤੇ ਮੈਂ ਇਹਨਾਂ ਸਭਨਾਂ ਨੂੰ ਕੰਨ ਵਿਚ ਪਾਉਣ ਜੋਗਾ ਕਰ ਜਾਂਦਾ। ਤੁਹਾਡੀ ਦਿਲੀ ਜ਼ਰੂਰ ਵੇਖਾਂਗੇ। ਬਹੁਤ ਦਿਨਾਂ ਦੀ ਖਾਹਿਸ਼ ਸੀ, ਅੱਲਾ ਨੇ ਪੂਰੀ ਕਰ ਦਿਤੀ ਹੈ। ਸ਼ਹਿਨਸ਼ਾਹ ਮੈਨੂੰ ਹਰਜਾਨਾ ਬਹੁਤ ਘਟ ਮਿਲਿਆ। ਮੈਨੂੰ ਧੋਖੇ ਵਿਚ ਰਖਿਆ ਗਿਆ ਏ। ਸੱਤਾਂ ਪੀੜ੍ਹੀਆਂ ਦੀ ਕੱਠੀ ਕੀਤੀ ਹੋਈ ਦੌਲਤ ਕਿਸੇ ਬੰਦੇ ਨੇ ਕਬਰ ਵਿਚ ਨਾਲ ਨਹੀਂ ਲੈ ਜਾਣੀ। ਵੰਡ ਕੇ ਖਾਈਏ। ਮੇਰਾ ਬਹੁਤ ਵੱਡਾ ਨੁਕਸਾਨ ਹੋਇਆ ਏ। ਮੈਂ ਬਹੁਤ ਦੂਰ ਤੋਂ ਚਲ ਕੇ ਆਇਆਂ। ਸ਼ਹਿਨਸ਼ਾਹ ਮੇਰਾ ਖਿਆਲ ਰਖੀਂ। ਕੋਈ ਕਾਫਰ ਹੁੰਦਾ ਤਾਂ ਉਹਦੇ ਨਾਲ ਗੱਲ ਕਰਦਾ। ਤੂੰ ਤੇ ਮੇਰਾ ਇਸਲਾਮੀ ਭਰਾ ਏਂ। ਨਾਦਰ ਆਖ ਰਿਹਾ ਸੀ।

ਹੁਣ ਤੇ ਤੁਸੀਂ ਦਿਲੀ ਦੇ ਮਾਲਕ ਓ। ਤੋਸ਼ੇ ਖਾਨੇ ਵਿਚੋਂ ਜਿਹੜੀ ਚੀਜ਼ ਤੁਹਾਨੂੰ ਚੰਗੀ ਲਗੇ ਲੈ ਜਾਉ। ਜਦ ਮੁਗਲ ਹਕੂਮਤ ਦਾ ਜਲਾਲ ਹੀ ਨਾ ਰਿਹਾ ਤਾਂ ਚੀਜ਼ਾਂ ਨੂੰ ਪੱਛੀ ਲਾਉਣੀ ਏ ? ਇਹਨਾਂ ਲੋਕਾਂ ਨੇ ਮੈਨੂੰ ਗੁਮਰਾਹ ਕੀਤਾ। ਸ਼ਾਹੇ ਈਰਾਨ ! ਹੁਣ ਆਪ ਹੀ ਫੈਸਲਾ ਕਰਨਾ ਇਕ ਬੇਵੱਸ ਬਾਦਸ਼ਾਹ ਕਿਸੇ ਦਾ ਕੀ ਇਸਤਕਬਾਲ ਕਰ ਸਕਦੈ। ਘਰ ਦੇ ਚੋਰ ਦੀ ਕਾਹਦੀ ਰਾਖੀ। ਸ਼ਹਿਨਸ਼ਾਹ ਦਿੱਲੀ ਤਰਲੇ ਲੈ ਰਿਹਾ ਸੀ।

ਰਲ ਮਿਲ ਕੇ ਬਾਹੋਂ ਫੜਕੇ ਤੋਰ ਲਿਆ ਨਾਦਰਸ਼ਾਹ ਨੂੰ ਅਮੀਰਾਂ ਵਜ਼ੀਰਾਂ। ਚੌਂਹ

ਕਹਾਰਾਂ ਨੇ ਪਾਲਕੀ ਚੁਕੀ। ਦੂਜੇ ਦਿਨ ਨਾਦਰ ਨੇ ਦਿਲੀ ਦੀ ਮੁਤਬਰਕ ਧਰਤੀ ਤੇ ਪੈਰ ਧਰੇ। ਲਾਲ ਕਿਲ੍ਹੇ ਨੇ ਵੀ ਝੁਕ ਕੇ ਸਲਾਮੀਆਂ ਦਿਤੀਆਂ। ਬਾਰਾਂ ਤੋਪਾਂ ਕਿਲ੍ਹੇ ਦੇ ਬੁਰਜਾਂ ਤੋਂ ਛਡੀਆਂ ਗਈਆਂ। ਤਖਤੇ ਤਾਊਸ ਨੇ ਕਦਮ ਬੋਸੀ ਕੀਤੀ। ਜਲਵਾ ਅਫਰੋਜ਼ ਹੋਇਆ, ਸ਼ਹਿਨਸ਼ਾਹ ਈਰਾਨ ਨੂੰ ਨਜ਼ਰਾਨੇ ਪੇਸ਼ ਕੀਤੇ ਗਏ। ਦਿਲੀ ਦਾ ਬਾਦਸ਼ਾਹ ਝੁਕ ਕੇ ਸਜਦੇ ਵਿਚ ਗਿਆ। ਅਗਲੇ ਰੋਜ਼ ਜੁੰਮਾ ਸੀ। ਜਾਮਾ ਮਸਜਦ ਵਿਚ ਨਾਦਰਸ਼ਾਹ ਦੇ ਨਾਂ ਦਾ ਖੁਤਬਾ ਪੜ੍ਹਿਆ ਗਿਆ। ਮੁਗਲ ਹਕੂਮਤ ਦੀ ਪੱਟੀ ਪੋਚੀ ਗਈ। ਕੁਝ ਦਿਨ ਖੂਬ ਜਸ਼ਨ ਹੋਏ। ਮੁਹੰਮਦ ਸ਼ਾਹ ਰੰਗੀਲੇ ਦੀ ਬੇਟੀ ਨਾਦਰ ਦੇ ਪੁਤ ਨਾਲ ਨਿਕਾਹੀ ਗਈ। ਹਰਮ ਦੀਆਂ ਬੇਗਮਾਂ ਵਿਚੋਂ ਕੁਝ ਨਾਦਰ ਨੇ ਪਸੰਦ ਕਰ ਲਈਆਂ, ਕੁਝ ਆਪਣੇ ਲਈ, ਕੁਝ ਜਰਨੈਲਾਂ ਲਈ। ਸਿਆਹ ਫਾਮ ਹੁਸੀਨ ਔਰਤਾਂ ਦਾ ਇੰਤਖਾਬ ਇਸ ਲਈ ਕੀਤਾ ਗਿਆ ਕਿ ਨਾਦਰ ਜਲੇਬੀਆਂ ਖਾ ਖ਼ਾ ਕੇ ਅੱਕ ਗਿਆ ਸੀ। ਚਟਣੀ ਚੱਟ ਕੇ ਮਜ਼ਾ ਲੈਣਾ ਚਾਹੁੰਦਾ ਸੀ। ਦਿਲੀ ਦੀ ਧੁੰਨੀ ਵਿਚ ਚੰਡੂਖਾਨੇ ਵਿਚ ਬੈਠੇ ਕੁਝ ਭੰਗੜ ਨਸ਼ੇ ਵਿਚ ਝੂਮ ਰਹੇ ਸਨ। ਇਕ ਬੇਗਮ ਜਿਹੜੀ ਜ਼ਬਰਦਸਤੀ ਨਾਦਰ ਸ਼ਾਹ ਦੇ ਹੱਥਾਂ ਵਿਚ ਮਧੋਲੀ ਗਈ ਸੀ ਤੇ ਬਾਦ ਵਿਚ ਉਹਦੇ ਜਰਨੈਲਾਂ ਨੇ ਵੀ ਉਹਦੀ ਚੰਗੀ ਧੂੜ ਪੁਟੀ ਸੀ। ਉਸ ਅਗਲੇ ਦਿਨ ਇੰਤਕਾਮ ਲੈਣ ਲਈ ਇਕ ਸਾਜ਼ਸ਼ ਘੜੀ। ਚੰਡੂਖਾਨੇ ਵਿਚ ਜਾ ਵੜੀ ਨੰਗੇ ਮੂੰਹ ਜ਼ਰਾ ਕੁ ਮਰੋੜ ਦਿਤਾ ਹੁਸਨ ਦਾ। ਬੋਲੀ ਆਖਰ ਰੰਗੀਲੇ ਬਾਦਸ਼ਾਹ ਦਾ ਦਾਅ ਲਗ ਹੀ ਗਿਆ ਨਾ। ਉਹ ਲੁਟੇਰਾ, ਉਹ ਬਾਦਸ਼ਾਹ ਉਂਗਲੀ ਲਾ ਕੇ ਆਪਣੇ ਹਰਮ ਵਿਚ ਲੈ ਗਿਆ। ਭਾਵੇਂ ਉਸ ਬੇਗਮਾਂ ਦਿਖਾਈਆਂ ਤੇ ਭਾਵੇਂ ਦਾਸੀਆਂ। ਨਾਦਰਸ਼ਾਹ ਨੂੰ ਉਸ ਆਪਣੇ ਸ਼ੀਸ਼ੇ ਵਿਚ ਉਤਾਰ ਲਿਆ। ਕੁਕੜ ਵਾਂਗੂ ਧੌਣ ਮਰੋੜ ਸੁਟੀ। ਗਾਟਾ ਲਾਹ ਕੇ ਜਮਨਾ ਵਿਚ ਸੁਟ ਦਿਤਾ। ਨਾਦਰਖਾਨੀ ਪੱਲੇ ਬਨ੍ਹਾ ਦਿਤੀ। ਭੰਗੜਾਂ ਨੇ ਗੱਲ ਸੁਣੀ ਤੇ ਉਹ ਛਬੀਲੀ ਪਤਰਾ ਵਾਚ ਗਈ। ਘੜੀ ਵਿਚ ਖਬਰ ਸਾਰੀ ਦਿੱਲੀ ਵਿਚ ਫੈਲ ਗਈ। ਦਿੱਲੀ ਵਾਲਿਆਂ ਚੰਡੂਖਾਨੇ ਦੇ ਤਮਾਸ਼ਬੀਨਾਂ ਨਾਲ ਰਲ ਕੇ ਨਾਦਰਸ਼ਾਹ ਦੇ ਕੁਝ ਸਿਪਾਹੀ ਕਤਲ ਕਰ ਦਿਤੇ। ਨਾਦਰਸ਼ਾਹ ਹਰਮ ਵਿਚ ਬੈਠੇ ਇਸ਼ਕ ਦੇ ਮੁਢੇ ਅਟੇਰ ਰਿਹਾ ਸੀ। ਖਬਰ ਸੁਣੀ ਤੇ ਲੋਹਾ ਲਾਖਾ ਹੋ ਗਿਆ। ਕਤਲੇਆਮ ਦਾ ਹੁਕਮ ਦੇ ਦਿਤਾ। ਆਖਦੇ ਹਨ ਕਿ ਇਕ ਲਖ ਨਰ ਨਾਰੀ ਬੱਚੇ ਬੁਢੇ ਕਤਲ ਹੋ ਗਏ। ਚੌਂਹ ਘੰਟਿਆਂ ਵਿਚ ਜਦ ਚਿੜੀ ਦਾ ਬੱਚਾ ਵੀ ਬਾਕੀ ਨਾ ਰਿਹਾ ਤਦ ਨਜ਼ਾਮਉਲ ਮੁਲਕ ਤੇ ਬਾਦਸ਼ਾਹ ਗਲ ਵਿਚ ਪੱਲਾ ਪਾ ਕੇ ਨਾਦਰ ਦੇ ਹਜ਼ੂਰ ਹਾਜ਼ਰ ਹੋਏ। ਦਿੱਲੀ ਵਿਚ ਹੁਣ ਤੇ ਕੋਈ ਪਰ ਮਾਰਨ ਵਾਲਾ ਵੀ ਬਾਕੀ ਨਾ ਰਿਹਾ। ਹੁਣ ਤੇ ਤਲਵਾਰ ਨੂੰ ਮਿਆਨ ਵਿਚ ਪਾ ਲਉ। ਨਾਦਰ ਨੇ ਅਰਜ਼ ਮੰਨ ਲਈ ਤੇ ਕਤਲੇਆਮ ਬੰਦ ਹੋ ਗਈ।

ਨਾਦਰ ਨੂੰ ਦਿਲੀ ਦਾ ਮਜਾਜ਼ ਰਾਸ ਨਾ ਆਇਆ। ਇਕ ਹਜ਼ਾਰ ਹਾਥੀ, ਸਤ ਹਜ਼ਾਰ ਘੋੜੇ, ਇਕ ਲੱਖ ਊਠ, ਇਕ ਸੌ ਤੀਹ ਖੁਸ਼ ਨਵੀਸ, ਦੋ ਸੌ ਲੁਹਾਰ, ਤਿੰਨ ਸੌ ਰਾਜ, ਦੋ ਸੌ ਪਥਰ ਘਾੜੇ, ਇਕ ਸੌ ਹੀਜੜੇ, 22 ਸੌ ਖੂਬਸੂਰਤ ਔਰਤਾਂ, ਕੋਹਨੂਰ, ਤਖਤੇ ਤਾਊਸ ਲੈ ਕੇ ਦਿਲੀ ਤੋਂ ਮੁੜਿਆ ਨਾਦਰ। ਅਗਲਵਾਂਢੀ ਜ਼ਕਰੀਆ ਖਾਂ ਨੂੰ ਸਨਾਂਹ ਘਲ ਦਿਤਾ ਕਿ ਮੈਂ ਬਹੁਤ ਛੇਤੀ ਲਾਹੌਰ ਪਹੁੰਚ ਰਿਹਾ ਹਾਂ। ਇਕ ਕਰੋੜ ਅਸ਼ਰਫੀ ਤਿਆਰ ਰਖ। ਗਫਲਤ ਹੋਈ ਤਾਂ ਸਜ਼ਾ ਦਿਤੀ ਜਾਏਗੀ। ਉਹ ਸਜ਼ਾ ਕੀ ਹੋ ਸਕਦੀ ਹੈ ਤੂੰ ਆਪਣੇ ਦਿਲ ਤੋਂ ਪੁਛ ਲੈ। ਜ਼ਕਰੀਆ ਖਾਂ ਨੂੰ ਗਸ਼ਾਂ ਪੈਣ ਲਗੀਆਂ। ਬੇਗਮ ਨੇ ਤਸੱਲੀ ਦਿਤੀ। ਹਰਜਾਨਾ ਕਠਾ ਕੀਤਾ ਗਿਆ ਹਜ਼ਾਰਾਂ ਬੰਦਿਆਂ ਦੀ ਰੂਹ ਕਬਜ ਕਰਕੇ।

ਨਾਦਰ ਨੂੰ ਇਕ ਗੁਮਾਨ ਹੋ ਗਿਆ ਸੀ ਕਿ ਹਿੰਦੁਸਤਾਨ ਹੀਜੜਿਆਂ ਦਾ ਮੁਲਕ ਏ। ਬੁਜ਼ਦਿਲਾਂ ਦੇ ਪੁਤ ਪੋਤਰੇ ਭਾਰਤ ਵਰਸ਼ ਵਿਚ ਵਸਦੇ ਹਨ। ਨਾਦਰ ਨੇ ਇਕ ਦਿਨ ਆਖਿਆ "ਮੇਰੀ ਫੌਜ ਵਲ ਜਿਹੜਾ ਨਜ਼ਰ ਚੁਕ ਕੇ ਵੇਖੇਗਾ ਮੈਂ ਉਹਦੇ ਡੇਲੇ ਕਢਾ ਦਿਆਂਗਾ। ਮੇਰੀ ਫੌਜ ਦਾ ਕੋਈ ਪਰਛਾਵਾਂ ਨਹੀਂ ਉਲੰਘ ਸਕਦਾ।" ਬੜਾ ਗਰੂਰ ਸੀ ਨਾਦਰਸ਼ਾਹ ਨੂੰ। ਮਸਤੀ ਵਿਚ ਜਾ ਰਿਹਾ ਸੀ। ਮੁਜਰੇ ਹੋ ਰਹੇ ਸਨ। ਸ਼ਰਾਬ ਉਡ ਰਹੀ ਸੀ। ਫੌਜ ਕੀ ਜਾ ਰਹੀ ਸੀ ਜੰਜ ਢੁਕਣ ਜਾ ਰਹੀ ਸੀ ਜ਼ਕਰੀਆ ਖਾਂ ਦੇ ਘਰ। ਮਹਿੰਦੀ ਨਾਲ ਸ਼ਿੰਗਾਰੀਆ ਬੇਗਮਾਂ ਪਾਲਕੀਆਂ ਵਿਚ ਬੈਠੀਆਂ ਹੀ ਨਾਦਰ ਦਾ ਮਨ ਪਰਚਾ ਰਹੀਆਂ ਸਨ। ਸਿੰਘਾਂ ਨੇ ਉਹਦੀ ਵੰਗਾਰ ਕਬੂਲੀ। ਭਾਰਤ ਖੁਸਰਿਆਂ ਦਾ ਮੁਲਕ ਨਹੀਂ ਬਹਾਦਰਾਂ ਦੀ ਧਰਤੀ ਏ। ਤੇਰਾ ਵਾਸਤਾ ਹੀ ਨਹੀਂ ਪਿਆ ਬੰਦਿਆਂ ਨਾਲ। ਨਾਦਰ ਸ਼ਾਹ ਸਰਹੰਦ ਤੋਂ ਅਗੇ ਨਿਕਲ ਚੁਕਾ ਸੀ। ਸਿੰਘਾਂ ਨੇ ਏਨੀ ਤੇਜ਼ੀ ਨਾਲ ਤੂਫਾਨੀ ਹੱਲੇ ਕੀਤੇ ਦੌਲਤਾਂ ਵੀ ਲੁਟ ਲਈਆਂ, ਘੋੜੇ ਵੀ ਖੋਲ੍ਹ ਲਏ, ਊਠ ਵੀ ਨਸਾ ਲਏ, ਔਰਤਾਂ ਦਾ ਇੱਜੜ, ਜਿਹੜਾ ਨਾਦਰ ਦੇ ਨਾਲ ਜਾ ਰਿਹਾ ਸੀ, ਉਹ ਵੀ ਛੁਡਾ ਲਿਆ। ਭਾਰ ਹੌਲਾ ਕਰ ਦਿਤਾ। ਤਿੰਨ ਹਿੱਸੇ ਸਿੰਘਾਂ ਨੇ ਲੁਟ ਲਏ ਕਾਫਲੇ ਦੇ। ਮਸਾਂ ਇਕ ਹਿਸਾ ਲਾਹੌਰ ਪੁਜਾ।

ਗੱਲ ਸੁਣੀ ਨਾਦਰ ਨੇ ਉਹਦੇ ਪੈਰਾਂ ਥਲਿਉਂ ਜ਼ਮੀਨ ਨਿਕਲ ਗਈ।

ਨਾਦਰ ਸ਼ਾਹ ਨੇ ਜ਼ਕਰੀਆ ਖਾਂ ਤੋਂ ਪੁਛਿਆ ਇਹ ਕੌਣ ਨੇ ਜਿਹਨਾਂ ਮੇਰੀ ਫੌਜ ਲੁਟੀ ਹੈ, ਮੇਰੇ ਖਜ਼ਾਨੇ ਤੇ ਹਥ ਪਾਇਆ? ਇਹਨਾਂ ਦੇ ਘਰਾਂ ਨੂੰ ਅਗ ਲਾ ਦਿਉ। ਇਹਨਾਂ ਦੇ ਪਿੰਡ ਸਾੜ ਕੇ ਸੁਆਹ ਕਰ ਦਿਉ। ਜ਼ਕਰੀਆ ਖਾਂ ਇਹਨਾਂ ਦਾ ਵੀ ਨਾਸ ਕਰ ਦੇ, ਨਾਦਰ ਤਰਲੋ ਮੱਛੀ ਹੋ ਰਿਹਾ ਸੀ।

ਕਿਬਲਾ ਤੁਹਾਡਾ ਹੁਕਮ ਸਿਰ ਮੱਥੇ ਪਰ ਇਹਨਾਂ ਫਕੀਰਾਂ ਦੇ ਟੋਲੇ ਨੂੰ ਕੌਣ ਲਭੇ ਤੇ ਕਿਥੋਂ ਲਭੇ। ਘਰ ਨਾ ਘਾਟ। ਇਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ। ਹਜ਼ੂਰ ਹੀ ਫਰਮਾਉਣ ਇਹਨਾਂ ਖੂੰਖਾਰ ਬਘੇਲਿਆਂ ਨੂੰ ਕੋਈ ਕਿਥੋਂ ਭਾਲੇ।

ਨਾਦਰਸ਼ਾਹ ਨੇ ਪੇਸ਼ੀਨਗੋਈ ਕੀਤੀ। ਇਹ ਫਕੀਰਾਂ ਦਾ ਟੋਲਾ ਇਕ ਦਿਨ ਪੰਜਾਬ ਦਾ ਵਾਰਸ ਬਣੂ। ਇਹਨਾਂ ਦੀ ਕਿਸਮਤ ਵਿਚ ਬਾਦਸ਼ਾਹੀ ਲਿਖੀ ਹੋਈ ਹੈ। 'ਬੂ ਆਤੀ ਹੈ ਇਨਸੇ ਬਾਦਸ਼ਾਹੀ ਕੀ'।

ਜ਼ਕਰੀਆਂ ਖਾਂ ਨੇ ਦੰਦਾਂ ਥਲੇ ਜ਼ਬਾਨ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਪਹਿਲਾਂ ਹੀ ਤਾਲੂ ਨਾਲ ਲਗ ਚੁਕੀ ਸੀ।

ਰਾਤੀਂ ਗੁਲਾਮ ਦਿਨੇ ਬਾਦਸ਼ਾਹ

ਸਿੰਘ ਹਰਨ ਹੋ ਗਏ। ਹਰਨਾਂ ਦੀ ਸਿੰਗੀ ਚੜ੍ਹਿਆ ਵੀ ਕੋਈ ਲਭਿਆ ਏ।

ਰਾਤੋ ਰਾਤ ਸਿੰਘ ਲੱਖੀ ਜੰਗਲ ਜਾ ਵੜੇ। ਨਾਦਰ ਨੇ ਇਕ ਵਾਰ ਤਲੀਆਂ ਮਲੀਆਂ ਤੇ ਠੰਢਾ ਹੌਕਾ ਭਰ ਕੇ ਆਖਣ ਲੱਗਾ, 'ਹੁਣ ਤੇ ਮੈਨੂੰ ਜਲਦੀ ਏ ਮੈਂ ਅਗਲੇ ਸਾਲ ਫੇਰ ਆਵਾਂਗਾ। ਮੈਂ ਸਿੜਾਂਗਾ ਇਹਨਾਂ ਸਿੰਘਾਂ ਨਾਲ। ਮੇਰੇ ਚੱਟੇ ਰੁੱਖ ਕਦੇ ਹਰੇ ਨਹੀਂ ਹੋਏ।'

ਇਕ ਕਰੋੜ ਹਰਜਾਨਾ ਪੱਲੇ ਬੰਨ੍ਹਿਆ ਤੇ ਡੰਡੀ ਪੈ ਗਿਆ ਨਾਦਰਸ਼ਾਹ ਪਰ ਵਿਚਾਰਾਂ ਨੇ ਉਹਦਾ ਪਿਛਾ ਨਾ ਛਡਿਆ। ਕਮਾਲ ਹੋ ਗਈ। ਹੱਥ ਨੂੰ ਹੱਥ ਲਗ ਗਏ। ਫਕੀਰਾਂ ਦਾ ਟੋਲਾ ਹੀ ਨਾਦਰਸ਼ਾਹ ਨੂੰ ਲੁਟ ਕੇ ਲੈ ਗਿਆ। ਮੇਰੇ ਕੁਹਾੜੇ ਦੀ ਪਾਣ ਉਤਰ ਗਈ ਏ। ਪਾਣ ਪਤ ਲਾਹ ਕੇ ਰਖ ਦਿਤੀ ਹੈ ਇਹਨਾਂ ਫਕੀਰਾਂ। ਇਹਨਾਂ ਕਾਫਰਾਂ ਦੀ ਗਰਦਨ ਤੋੜਨੀ ਪੈਣੀ ਹੈ। ਫੌਜ ਕੂਚ ਕਰ ਚੁਕੀ ਸੀ। ਨਾਦਰਸ਼ਾਹ ਘੋੜੇ ਤੇ ਸਵਾਰ ਸੀ। ਜ਼ਕਰੀਆ ਖਾਂ ਨੇ ਵਿਦਾਇਗੀ ਦੀ ਸਲਾਮੀ ਦਿਤੀ। ਨਾਦਰ ਸੋਚ ਰਿਹਾ ਸੀ। ਮੈਂ ਜ਼ਿੰਦਗੀ 'ਚ ਕਦੇ ਹਾਰ ਦਾ ਮੂੰਹ ਨਹੀਂ ਸੀ ਵੇਖਿਆ, ਫਤਹ ਹਮੇਸ਼ਾਂ ਮੇਰੇ ਕਦਮ ਚੁੰਮਦੀ ਰਹੀ। ਯਾ ਖੁਦਾ ਯਾ ਪਰਵਰਦਗਾਰ ਟੁਕੜਬੋਚ ਫਕੀਰਾਂ ਤੋਂ ਮੈਂ ਹਾਰ ਖਾ ਗਿਆ। ਮੇਰੀ ਜ਼ਿੰਦਗੀ ਦੀ ਇਹ ਪਹਿਲੀ ਹਾਰ ਹੈ।

ਨਾਦਰ ਦਾ ਪੁਤ ਭਾਵੇਂ ਡੋਲਾ ਲੈ ਕੇ ਜਾ ਰਿਹਾ ਸੀ। ਅਜੇ ਅਟਕੋਂ ਉਰਾਰ ਹੀ ਸੀ ਕਿ ਸ਼ਾਹ ਨੇ ਉਸਨੂੰ ਹੁਕਮ ਦਿਤਾ, ਕਜ਼ਾਕ ਹੱਦ ਪਾਰ ਕਰ ਨਾ ਜਾਣ। ਇਹ ਕਜ਼ਾਕ ਉਹ ਸਨ ਜਿਹਨਾਂ ਨੇ ਨਾਦਰ ਦੇ ਖਿਲਾਫ ਸਾਜ਼ਸ਼ ਖੜੀ ਕੀਤੀ ਤੇ ਉਸ ਨੂੰ ਠੂਠੇ ਪਾਣੀ ਪਿਆਇਆ ਪਰ ਵਿਧਾਤਾ ਨੇ ਉਹਨਾਂ ਦੀ ਕਿਸਮਤ ਚ ਹਾਰ ਲਿਖੀ ਹੋਈ ਸੀ। ਅਗੇ ਲਗ ਕੇ ਭੱਜੇ ਤੇ ਹਿੰਦੁਸਤਾਨ ਪੁਜ ਕੇ ਦਮ ਲਿਆ। ਸ਼ਾਹ ਦੀ ਏਥੇ ਵੀ ਟੋਟੇ ਨਾ ਚੜੇ। ਜਦ ਨਾਦਰ ਨੇ ਹਿੰਦੁਸਤਾਨ ਨੂੰ ਜਿਤ ਲਿਆ ਤੇ ਫਤਹ ਦੇ ਨਗਾਰੇ ਵਜਾਉਂਦਾ ਵਾਪਸ ਜਾ ਰਿਹਾ ਸੀ, ਕਜ਼ਾਕ ਉਹਦੇ ਅਗੇ ਅਗੇ ਸਨ ਤੇ ਸ਼ਾਹ ਪਿਛੇ ਪਿਛੇ।

ਜਲਦੀ ਜਾਹ ਪੁੱਤ ਉਹਨਾਂ ਦੀ ਸੰਘੀ ਨੱਪ। ਮੁੰਡੇ ਦਾ ਨਾਂ ਨਿਸਾਰ ਖਾਂ ਸੀ। ਬਹਾਦਰ ਗਭਰੂ ਨੇ ਆਪਣੀ ਫੌਜ ਨੂੰ ਅਜੇਹੀ ਦੁੜਕੀ ਲਵਾਈ ਉਹਨਾਂ ਦੇ ਪਿਛੇ ਕਿ ਕਾਬੂ ਆ ਗਏ। ਉਹਨਾਂ ਨੱਕ ਰਗੜੇ, ਮਿੰਨਤਾਂ ਕੀਤੀਆਂ। ਨਾਦਰ ਦਾ ਹੁਕਮ ਸੀ ਕਿ ਸਾਰਿਆਂ ਦੀ ਗਰਦਨ ਉਡਾ ਦਿਤੀ ਜਾਏ। ਪਤਾ ਨਹੀਂ ਨਿਸਾਰ ਨੇ ਰਿਸ਼ਵਤ ਲੈ ਲਈ ਜਾਂ ਹਮਦਰਦੀ ਵਿਚ ਆ ਗਿਆ, ਜਾਂ ਰਹਿਮ ਨੇ ਉਹ ਨੂੰ ਪਸਮਾ ਲਿਆ। ਉਸ ਅੱਧੇ ਬੰਦੇ ਕਤਲ ਕਰਵਾ ਦਿਤੇ ਤੇ

ਅਧਿਆਂ ਨੂੰ ਨਸਾ ਦਿਤਾ। ਅੱਧੇ ਸਿਰ ਲੈ ਕੇ ਜਦ ਪੁਤ ਨਾਦਰ ਨੂੰ ਮਿਲਿਆ ਤਾਂ ਨਾਦਰ ਬੋਲਿਆ ਕਿ ਸਾਰੇ ਏਨੇ ਹੀ ਸਨ ?

—ਨਹੀਂ, ਅੱਧ ਪਚੱਧੇ ਨਸ ਗਏ। ਬਥੇਰਾ ਹੱਲਾ ਮਾਰਿਆ ਪਰ ਨਿਕਲ ਗਏ ਹੱਥੋਂ। ਕਾਬੂ ਨਾ ਆਏ।

—ਤੂੰ ਮਜੂਨ ਖਾਧੀ ਹੋਈ ਸੀ ? ਨਾਦਰ ਦਾ ਵਲੀ ਅਹਿਦ ਏਨਾ ਨਲੈਕ ਨਹੀਂ ਹੋਣਾ ਚਾਹੀਦਾ। ਅੱਧੇ ਬੰਦੇ ਤੂੰ ਨਸਾ ਦਿਤੇ ਨੇ। ਬੱਚੂ ਜੇ ਤੂੰ ਉਹਨਾਂ ਕਜ਼ਾਕਾਂ ਦੇ ਹੱਥ ਆ ਜਾਂਦਾ ਤਾਂ ਫੇਰ ਰਹਿਮ ਦੀ ਦਰਖਾਸਤ ਕਰਕੇ ਵੇਖਦਾ ਤਾਂ ਤੈਨੂੰ ਪਤਾ ਲਗਦਾ ਉਹ ਤੇਰੇ ਨਾਲ ਕੀ ਸਲੂਕ ਕਰਦੇ। ਦੁਸ਼ਮਣ ਤੇ ਰਹਿਮ ਕਰਨਾ ਨਲੈਕੀ ਹੈ। ਸੱਪ ਵੇਖੋ ਤੇ ਸਿਰੀ ਫੇਹ ਦਿਉ। ਪੂਛ ਨੂੰ ਹੱਥ ਲਾਉ ਤਾਂ ਉਹ ਡੰਗੋਂ ਨਹੀਂ ਉਕਦਾ। ਨਾਦਰ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ।

—ਇਸ ਹਰਾਮਜ਼ਾਦੇ ਦੀਆਂ ਅੱਖਾਂ ਵਿਚ ਗਰਮ ਗਰਮ ਤੋੜ ਫੇਰ ਦਿਉ। ਏਸ ਹਕੂਮਤ ਨਾਲ ਦਗ਼ਾ ਕੀਤਾ ਹੈ। ਹੁਕਮ ਨਾਦਰਸ਼ਾਹ ਦਾ ਸੀ।

ਨਾਦਰ ਦਾ ਹੁਕਮ ਹੁਕਮ ਅਲਾਹੀ ਸੀ। ਕੋਈ ਦਾਦ ਨਹੀਂ ਸੀ ਫਰਿਆਦ ਨਹੀਂ ਸੀ।

ਘੜੀ ਵਿਚ ਡੇਲੇ ਚੋ ਗਏ। ਵਲੀ ਅਹਿਦ ਨਾਦਾਰ ਅੰਨ੍ਹਾ ਹੋ ਕੇ ਬਹਿ ਗਿਆ। ਮਾਂ ਖਬਰ ਲੈਣ ਆਈ। ਜਦ ਵੇਖਿਆ ਤਾਂ ਦੁਹਥੜੀ ਪਿੱਟੀ। ਹਾਏ ਮੈਂ ਮਰ ਗਈ। ਏਡਾ ਹਨੇਰ, ਏਨੀ ਵਡੀ ਸਜ਼ਾ। ਜ਼ੁਲਮ ਦੀ ਵੀ ਕੋਈ ਹੱਦ ਹੋਣੀ ਚਾਹੀਦੀ ਹੈ। ਮੇਰਾ ਖਾਨਾ ਖਰਾਬ ਹੋ ਗਿਆ। ਮੇਰੀ ਕੁਲ ਨਾਸ ਹੋ ਗਈ। ਮੇਰੀ ਕੁਖ ਫੁੱਟੀ ਜੇਹੀ ਨਾ ਫੁਟੀ। ਮਾਂ ਨੇ ਧਾਹਵਾਂ ਮਾਰੀਆਂ।

ਇਹ ਮੇਰਾ ਅੱਬਾ ਏ, ਨਹੀਂ ਅੱਬਾ ਨਹੀਂ, ਕਸਾਈ ਏ। ਹੱਛਾ ਬੇਟਾ ਸਬਰ ਕਰ। ਖ਼ੁਦਾ ਰਹਿਮ ਕਰੇ। ਏਸ ਪਿਉ ਨੂੰ ਮੈਂ ਪਿਉ ਆਖਣ ਨੂੰ ਤਿਆਰ ਨਹੀਂ।

ਸ਼ਾਹ ਦੀ ਆਦਤ ਤੋਂ ਤੂੰ ਵਾਕਫ ਏਂ। ਹਾਕਮ ਦੀ ਅਗਾੜੀ ਤੇ ਘੋੜੇ ਦੀ ਪਛਾੜੀ ਤੋਂ ਬਚੋ।

ਇਸ ਤੋਂ ਵਡੀ ਸਜ਼ਾ ਹੋਰ ਕੀ ਦਿਤੀ ਜਾ ਸਕਦੀ ਹੈ ? ਮੌਤ ! ਉਹ ਤਾਂ ਬਹੁਤ ਖ਼ੂਬਸੂਰਤ ਚੀਜ਼ ਏ। ਇਹ ਸਜ਼ਾ ਬਹੁਤ ਡਰਾਉਣੀ, ਭਿਆਨਕ ਡੈਣ ਏ ਮਾਂ ! ਡੈਣ ਵੀ ਚਾਰ ਘਰ ਛਡ ਲੈਂਦੀ ਏ। ਬੋਲ ਨਿਸਾਰ ਖਾਂ ਦੇ ਸਨ।

ਰਾਤ ਜ਼ਰਾ ਗਹਿਰੀ ਹੋਈ ਤੇ ਹਨੇਰੇ ਦਾ ਝੁੰਗਲ ਮਾਟਾ ਮਾਰਿਆ। ਮਾਂ ਪੁਤ ਤੇ ਜਰਨੈਲਾਂ ਨੇ ਰਲ ਕੇ ਸਲਾਹ ਕੀਤੀ। ਸਲਾਹ ਨੇਪਰੇ ਚੜ੍ਹ ਗਈ। ਜਰਨੈਲ ਜਾਨ ਦੀ ਬਾਜੀ ਲਾ ਕੇ ਇਕ ਨਵੀਂ ਖੇਡ ਖੇਡਣੀ ਚਾਹੁੰਦੇ ਸਨ।

ਸ਼ਾਹੀ ਤੰਬੂ ਤੇ ਚੌਗਿਰਦੇ ਭਾਵੇਂ ਕਰੜਾ ਪਹਿਰਾ ਸੀ ਤੇ ਪਹਿਰੇ ਵਾਲੇ ਭਾਵੇਂ ਜਾਗ ਰਹੇ ਸਨ, ਦੋ ਜਰਨੈਲ ਨਾਦਰ ਦੀ ਆਪਣੀ ਫ਼ੌਜ ਦੇ ਤੰਬੂ ਵਿਚ ਜਾ ਘੁਸਰੇ। ਸ਼ਾਹ ਨੂੰ ਜਗਾਇਆ ਤੇ ਲਲਕਾਰਿਆ। ਆਖਿਆ, ਸ਼ਾਹ ਹੁਸ਼ਿਆਰ ਹੋ ਜਾ। ਕਢ ਲੈ ਆਪਣੀ ਕੁਹਾੜੀ, ਆਖੀਂ ਨਾ ਕੁਹਾੜੀ ਕਢਣੀ ਨਹੀਂ ਮਿਲੀ। ਅਸੀਂ ਵਾਰ ਕਰਨ ਲਗੇ ਹਾਂ। ਜਿਹੜਾ ਜ਼ੋਰ ਲਗਦਾ ਈ ਲਾ ਲੈ। ਸਾਡੇ ਦਮ ਨਾਲ ਹੀ ਨਾਦਰ ਸ਼ਾਹ ਦਾ ਨਾਂ ਰੌਸ਼ਨ ਸੀ। ਅਸੀਂ ਹੁਣ ਦੀਵਾ ਗੁਲ ਕਰਨ ਲਗੇ ਹਾਂ। ਸਾਡਾ ਹੱਥ ਹੁਣ ਕੋਈ ਰੋਕ ਨਹੀਂ ਸਕਦਾ। ਖ਼ਬਰਦਾਰ ਤੇ ਸੰਭਾਲ ਵਾਰ। ਦੋਹਾਂ ਵਿਚੋਂ ਇਕ ਦੀ ਅਵਾਜ਼ ਸੀ।

ਅਹਿਮਦ ਖਾਂ ਨੇ ਤੇਲਵਾਰ ਨੂੰ ਮੁਸਲ ਕਰਵਾ ਦਿਤਾ ਨਾਦਰਸ਼ਾਹ ਦੇ ਖੂਨ ਵਿਚ। ਇਹ ਸੱਜੀ ਬਾਂਹ ਸੀ ਨਾਦਰ ਦੀ।

ਨਾਦਰਸ਼ਾਹ ਕਤਲ ਹੋ ਗਿਆ। ਦਾਵਾਨਲ ਵਾਂਗ ਖ਼ਬਰ ਸਾਰੀ ਫ਼ੌਜ ਵਿਚ ਫੈਲ ਗਈ।

ਨਾਦਰਸ਼ਾਹ ਦਾ ਗੁਲਾਮ ਖਿਦਮਤਗਾਰ ਅਹਿਮਦ ਸ਼ਾਹ ਅਫਗਾਨ ਤੰਬੂ ਦੇ ਅੰਦਰ ਗਿਆ। ਪਹਿਲਾਂ ਉਸ ਆਪਣੇ ਮਾਲਕ ਨੂੰ ਸਜਦਾ ਕੀਤਾ ਤੇ ਫੇਰ ਵਕਤ ਦੀ ਨਜ਼ਾਕਤ ਨੂੰ ਵੇਖਿਆ। ਉਹਦੀ ਕੰਡ ਪਿਛੇ ਅਫਗਾਨਾਂ ਦੀ ਢਾਣੀ ਖਲੋਤੀ ਹੋਈ ਸੀ।

ਤਲਵਾਰ ਹਥ ਵਿਚ ਸੂਤ ਲਈ। ਅੱਖਾਂ ਵਿਚ ਲਹੂ ਉਤਰ ਆਇਆ। ਬਾਹਰ ਆਇਆ ਕਾਤਲ ਨੱਸ ਚੁਕੇ ਸਨ। ਫੌਜ ਦੇ ਬਾਕੀ ਜਰਨੈਲਾਂ ਨੇ ਕੋਹਨੂਰ ਹੀਰਾ, ਨਾਦਰ ਦੀ ਕੁਹਾੜੀ, ਤਲਵਾਰ, ਤਾਜ ਨਜ਼ਰਾਨੇ ਦੇ ਤੌਰ ਤੇ ਅਹਿਮਦ ਸ਼ਾਹ ਅਫਗਾਨ ਨੂੰ ਪੇਸ਼ ਕੀਤਾ।

ਸਾਰੀ ਫੌਜ ਨੇ ਬੁਲੰਦ ਆਵਾਜ਼ ਵਿਚ ਨਾਹਰਾ ਮਾਰਿਆ 'ਅਹਿਮਦ ਸ਼ਾਹ ਅਬਦਾਲੀ ਸ਼ਹਿਨਸ਼ਾਹੇ ਈਰਾਨ ਜ਼ਿੰਦਾਬਾਦ ਪਾਇੰਦਾਬਾਦ'।

ਅਹਿਮਦਸ਼ਾਹ ਅਬਦਾਲੀ ਰਾਤੀਂ ਗੁਲਾਮ ਸੀ। ਸੂਰਜ ਦੀ ਟਿੱਕੀ ਨਾਲ ਸਭ ਪਾਸੇ ਬਾਦਸ਼ਾਹ ਬਾਦਸ਼ਾਹ ਹੋ ਗਿਆ। ਉਹਦੀ ਕਿਸਮਤ ਵਿਚ ਸੁਲਤਾਨੀ ਲਿਖੀ ਹੋਈ ਸੀ।

ਕੂੰਜਾਂ ਪਰਤ ਆਈਆਂ

ਮੈਂ ਸੁਣਿਆ ਏਂ ਤੂੰ ਲਾਹੌਰ ਵਿਚ ਚਰਾਗਾਂ ਕੀਤੀ ਏ ? ਨਾਦਰ ਸ਼ਾਹ ਦੇ ਕਤਲ ਹੋਣ ਦੀ ਖੁਸ਼ੀ ਵਿਚ ਕੀ ਇਹ ਠੀਕ ਏ ? ਇਹ ਨਿਮਕ ਹਰਾਮੀ ਹੈ। ਬਾਦਸ਼ਾਹ ਨਾਲ ਇਹ ਗੱਦਾਰੀ ਹੈ। ਮੈਂ ਜਲਦੀ ਲਾਹੌਰ ਆ ਰਿਹਾ ਹਾਂ। ਖਿਰਾਜ ਤਿਆਰ ਰਖੀਂ। ਹੁਣ ਮੈਂ ਬਾਦਸ਼ਾਹ ਹਾਂ। ਹੱਛਾ ਇਕ ਗੱਲ ਹੋਰ ਸੁਣ ਲੈ ਕੰਨਾਂ ਦੀਆਂ ਖਿੜਕੀਆਂ ਖੋਲ੍ਹ ਕੇ, ਮੈਂ ਸ਼ਾਹ ਦੇ ਨਾਲ ਆਇਆ ਸੀ ਤੇ ਹਿੰਦੁਸਤਾਨ ਦਾ ਮੈਂ ਪੱਤਾ ਪੱਤਾ ਜਾਣਦਾ ਹਾਂ। ਉਥੋਂ ਦੇ ਲੋਕ ਵੀ ਡਿਠੇ ਹਨ। ਉਹਨਾਂ ਦਾ ਸੁਭਾ ਵੀ ਮੇਰਾ ਜਾਣਿਆ ਹੋਇਆ ਹੈ। ਮੈਨੂੰ ਕੋਈ ਦਲੇਰ ਜਾਂ ਗੈਰਤਮੰਦ ਅਣਖੀ ਬੰਦੇ ਮਿਲੇ ਹਨ ਤਾਂ ਉਹ ਹਨ ਸਿਖ। ਉਹਨਾਂ ਦਾ ਧੁਰਾ, ਉਹਨਾਂ ਦੀ ਤਾਕਤ, ਉਹਨਾਂ ਦਾ ਉਦਮ ਨੂਰ ਦਾ ਚਸ਼ਮਾ ਅੰਮ੍ਰਿਤਸਰ ਏ। ਤੇ ਉਹਦੇ ਵਿਚ ਜੋ ਇਕ ਨੂਰਾਨੀ ਮਸਜਦ ਏ ਤੇ ਜਿਸ ਨੂੰ ਹਰਿਮੰਦਰ ਆਖਦੇ ਹਨ, ਉਸ ਨੂੰ ਢਾਹ ਦਿਤਾ ਜਾਏ। ਉਹਦਾ ਮਲੀਆ ਮੇਟ ਕਰ ਦਿਤਾ ਜਾਏ। ਤਲਾ ਪੂਰ ਦਿਤਾ ਜਾਏ ਤਾਂ ਜੋ ਇਹ ਲੋਕ ਗੱਲ ਨਾ ਕਰ ਸਕਣ। ਕੋਈ ਦੀਦਾਰ ਲਈ ਨਾ ਆਏ। ਜਿਹੜਾ ਆਏ ਜਿਊਂਦਾ ਨਾ ਜਾਏ। ਏਨਾ ਕੰਮ ਜੇ ਤੂੰ ਕਰ ਲਿਆ ਤਾਂ ਲਾਹੌਰ ਦਾ ਸੂਬਾ ਵਰਨਾ ਸਾਰਾ ਪੰਜਾਬ ਸਿੰਘਾਂ ਦਾ ਸਮਝੀਂ ਮੈਂ ਛੇਤੀ ਪੰਜਾਬ ਆ ਰਿਹਾ ਹਾਂ। ਅਹਿਮਦਸ਼ਾਹ ਅਬਦਾਲੀ ਦੇ ਕਾਸਦ ਨੇ ਇਹ ਫਰਮਾਨ ਭਰੇ ਦਰਬਾਰ ਵਿਚ ਪੜ੍ਹਿਆ।

ਦਿਨ ਬੀਤੇ। ਮਹੀਨੇ ਲੰਘੇ। ਰੁਤ ਆਈ ਰੁਤ ਚਲੀ ਗਈ। ਇਕ ਵਾਰ ਕੂੰਜਾਂ ਆਈਆਂ ਤੇ ਆਉਂਦੀਆਂ ਹੀ ਪਹਾੜਾਂ ਨੂੰ ਪਰਤ ਗਈਆਂ। ਨਾ ਅਹਿਮਦ ਸ਼ਾਹ ਆਇਆ ਤੇ ਨਾ ਉਹਦੇ ਘੋੜਿਆਂ ਦੀ ਟਾਪ ਕਿਸੇ ਦੇ ਕੰਨੀਂ ਪਈ। ਉਹ ਆਪਣੇ ਘਰ ਦੇ ਝਗੜਿਆਂ ਵਿਚ ਉਲਝ ਗਿਆ।

ਜ਼ਕਰੀਆ ਖਾਂ ਨੇ ਕਿਰਲੇ ਵਾਂਗ ਆਪਣਾ ਰੰਗ ਬਦਲਿਆ। ਪਹਿਲਾਂ ਦਿੱਲੀ ਗਿਆ ਤੇ ਬਾਦਸ਼ਾਹ ਦੇ ਕੰਨ ਵਿਚ ਜਾ ਵਾਲਾ ਪਾਇਆ। ਪੰਜਾਬ ਦੀ ਹਾਲਤ ਦੱਸੀ। ਅਹਿਮਦ ਸ਼ਾਹ ਅਬਦਾਲੀ ਚੜ੍ਹਿਆ ਆ ਰਿਹਾ ਏ ਕੀ ਕਰਨੈ।

ਸਿੰਘਾਂ ਹੁਣ ਪੰਜਾਬ ਵਿਚ ਫੇਰ ਹਲ ਵਾਹ ਲਿਆ ਏ। ਉਹਨਾਂ ਦੇ ਘੋੜੇ ਫੇਰ ਦੁੜੰਗੇ ਲਾਉਣ ਲਗੇ ਹੋਏ ਨੇ। ਕੋਈ ਉਹਨਾਂ ਦੀਆਂ ਵਾਗਾਂ ਨੂੰ ਹੱਥ ਪਾਉਣ ਵਾਲਾ ਨਹੀਂ। ਸ਼ਹਿਨਸ਼ਾਹ ਸਿੰਘਾਂ ਨੂੰ ਥੋੜਾ ਜੇਹਾ ਟੁਕ ਪਾ ਦਿਉ। ਰੋਟੀ ਦਾ ਟੁਕੜਾ ਜਦ ਇਹਨਾਂ ਦੀ ਥਾਲੀ ਵਿਚ ਆ ਗਿਆ ਇਹ ਆਪੋ ਵਿਚ ਹੀ ਲੜ ਲੜ ਮਰ ਜਾਣਗੇ।

ਕੀ ਮਤਲਬ ? ਸ਼ਾਹ ਨੇ ਪੁਛਿਆ ।

ਜਗੀਰ ਬਖਸ਼ੀ ਜਾਏ । ਇਕ ਮਹੀਨੇ ਵਿਚ ਹੀ ਆਰਾਮ ਤਲਬ ਹੋ ਜਾਣਗੇ । ਅਯਾਸ਼ੀ ਜਦ ਇਹਨਾਂ ਦੇ ਡੇਰਿਆਂ ਵਿਚ ਆਈ ਤਾਂ ਫੇਰ ਇਹਨਾਂ ਦੀ ਗਿੱਚੀ ਨੱਪ ਲੈਣੀ ਸੌਖੀ ਹੋਏਗੀ। ਫੇਰ ਮੈਂ ਇਹਨਾਂ ਨੂੰ ਹਮੇਸ਼ਾਂ ਲਈ ਉਠਣ ਜੋਗਾ ਨਹੀਂ ਰਹਿਣ ਦਿਆਂਗਾ । ਸਲਾਹ ਦਿਤੀ ਜ਼ਕਰੀਆ ਖਾਂ ਨੇ ।

ਗਲ ਤੇ ਪਾਏਦਾਰ ਏ । ਇਹਦਾ ਫੈਸਲਾ ਸਾਨੂੰ ਪਹਿਲਾਂ ਹੀ ਕਰ ਲੈਣਾ ਚਾਹੀਦਾ ਸੀ। ਇਹ ਸਾਡੀ ਬਾਂਹ ਵੀ ਬਣ ਸਕਦੇ ਸਨ । ਹੁਣ ਵੀ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ ।

ਸ਼ਾਹੀ ਫਰਮਾਨ ਜਾਰੀ ਹੋਇਆ । ਇਕ ਲੱਖ ਰੁਪਏ ਦੀ ਜਗੀਰ, ਇਕ ਖਿਲ੍ਹਅਤ ਤੇ ਝਬਾਲ ਦਾ ਪਟਾ ਨਾਲ । ਕੜਾਹ ਪ੍ਰਸ਼ਾਦ ਦੀਆਂ ਦੇਗਾਂ ਲਈ ਵਖਰੀ । ਆਪ ਸਿਰ ਚੁਕ ਕੇ ਸਿੰਘਾਂ ਲਈ ਜ਼ਕਰੀਆ ਲਿਆਇਆ ਲਾਹੌਰ ।

ਹੁਣ ਸਿੰਘਾਂ ਨਾਲ ਗਲ ਕਿੱਦਾਂ ਕੀਤੀ ਜਾਏ । ਵਿਚਾਰ ਇਹ ਸੀ ।

ਕੌਣ ਜਾਏ ਸਿੰਘਾਂ ਨਾਲ ਗਲ ਕਰਨ ਤੇ ਕਿੱਦਾਂ ਇਹ ਪੁਜੇ । ਕਈ ਬੰਦੇ ਖਿਆਲ ਵਿਚ ਆਏ ਤੇ ਉਹਨਾਂ ਨਾਲ ਵਿਚਾਰ ਹੋਈ । ਕੋਈ ਐਸਾ ਨਾ ਨਿਤਰਿਆ ਜੋ ਇਸ ਪੰਡ ਨੂੰ ਸਿਰ ਲੇ ਕੇ ਨਿਭਾਏ । ਕਿਸੇ ਇਕ ਨੂੰ ਵੀ ਜੁਰਅੱਤ ਨਾ ਪਈ ।

ਜਗੀਰ, ਪਟਾ ਆਦਿ ਅਮਾਨਤ ਸਭ ਚੀਜ਼ ਅਮਾਨਤ ਪਈ ਰਹੀ ਜ਼ਕਰੀਆ ਖਾਂ ਕੋਲ ।

ਅਹਿਮਦ ਸ਼ਾਹ ਅਬਦਾਲੀ ਦਾ ਹਲਕਾਰਾ ਨਵੇਂ ਸੂਰਜ ਨਵਾਂ ਸਲਾਹ ਲੇ ਕੇ ਆਉਂਦਾ । ਦੜ ਵੱਟ ਜ਼ਮਾਨਾ ਕਟ ਵਾਲੀ ਸੋਚ ਕੇ ਜ਼ਕਰੀਆ ਖਾਂ ਨੇ ਕੰਨਾਂ ਵਿਚ ਤੇਲ ਪਾ ਲਿਆ । ਸੌਂ ਗਿਆ । ਹਲਕਾਰੇ ਆਉਂਦੇ ਰਹੇ ਜਾਂਦੇ ਰਹੇ ।

ਸਿੰਘਾਂ ਨੇ ਸਿਰ ਕਢੇ । ਖੜੱਪੇ ਨਿਕਲੇ ਖੁਡਾਂ ਚੋਂ । ਬੇਲਿਉਂ ਸ਼ੇਰ ਨਿਕਲੇ । ਉਹਨਾਂ ਸਾਰੇ ਪੰਜਾਬ ਵਿਚ ਭੜਥੂ ਪਾ ਦਿਤਾ । ਚੌਧਰੀਆਂ ਨੂੰ ਕੰਨੋਂ ਫੜ ਫੜ ਕੇ ਅਗੇ ਲਾ ਲਿਆ, ਨਾ ਕੋਈ ਨਵਾਬੀ ਰਹਿਣ ਦਿਤੀ ਤੇ ਨਾ ਕੋਈ ਸੂਬੇਦਾਰੀ, ਸਭ ਨੂੰ ਛਿਕੇ ਟੰਗ ਦਿਤਾ । ਪੰਜਾਬ ਵਿਚ ਹਲ ਚਲ ਮਚਾ ਦਿਤੀ ।

ਸਿੰਘ ਘਰੀਂ ਪਰਤੇ, ਕੂੰਜਾਂ ਮੁੜ ਆਈਆਂ ਆਪਣੇ ਵਤਨਾਂ ਵਿਚ । ਢੋਲ ਸਿਪਾਹੀ ਆਏ, ਰੌਣਕਾਂ ਲਗੀਆਂ ਵਿਹੜਿਆਂ ਵਿਚ । ਭੈਣਾਂ ਨੂੰ ਮਿਲੇ ਵੀਰ, ਕੰਤ ਮਿਲੇ ਸੁਹਾਗਣਾਂ ਨੂੰ ਹੀਰਾਂ ਨੂੰ ਰਾਂਝੇ ਮਿਲ ਗਏ । ਬਸੰਤ ਬੂਹਿਆਂ ਤੇ ਖਿੜ ਪਈ ।

ਜ਼ਕਰੀਆ ਖਾਂ ਦੀ ਹਿਕ ਤੇ ਸੱਪ ਲੇਟੇ ਪਰ ਉਹਦੇ ਕੰਨਾਂ ਵਿਚ ਕਾਬਲੀ ਮੁਰਗੇ ਬਾਂਗਾਂ ਦੇ ਰਹੇ ਸਨ, ਮੁਸ਼ਕਾਂ ਬਝੀਆਂ ਹੋਈਆਂ ਸਨ ਜ਼ਕਰੀਆ ਖਾਂ ਦੀਆਂ, ਇਧਰ ਦਿਲੀ ਤੇ ਉਧਰ ਖੁਰਾਸਾਨ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਜੇ ਖਾਏ ਤਾਂ ਕੋਹੜੀ ਜੇ ਛਡੇ ਤਾਂ ਅੰਨ੍ਹਾਂ ।

ਅਮਰ ਵੇਲਾ

ਸੁਣਾ ਬਈ ਸਿੰਘਾ ਘਰ ਦੇ ਜੀਆ ਜੰਤ ਦਾ ਕੀ ਹਾਲ ਆ।

ਤੁਸੀਂ ਹੁਣ ਦੀ ਗੱਲ ਪੁਛ ਰਹੇ ਹੋ ਜਾਂ ਪਹਿਲਾਂ ਦੀ। ਅਜ ਕਲ ਵੀ ਸੁਖ ਨਈਂ ਤੇ ਪਹਿਲਾਂ ਵੀ ਸੁਖ ਨਈਂ ਸੀ। ਪੰਜਾਬ ਦਾ ਕੋਈ ਘਰ ਖਾਲੀ ਨਈਂ ਸੀ ਜਿਹਦੇ ਵਿਹੜੇ ਵਿਚ ਦੁਹਥੜਾਂ ਮਾਰ ਕੇ ਸਿਆਪਾ ਨਈਂ ਸੀ ਹੁੰਦਾ। ਹਰ ਘਰ ਵਿਚ ਕੋਈ ਨਾ ਕੋਈ ਜੀ ਚਲਾਣਾ ਕਰ ਗਿਆ ਸੀ। ਮੁਸਲਮਾਨਾਂ ਦੇ ਘਰਾਂ ਵਿਚ ਵੀ ਇਹੋ ਜਿਹਾ ਹਾਲ ਸੀ। ਹੁਕਮ ਸਰਕਾਰੀ ਚੜੇ ਤੇ ਕੌਣ ਵੇਖਦਾ ਏ ਕਿ ਹਾਕਮ ਕਿਹੜਾ ਬੰਦਾ ਫੜ ਰਿਹਾ ਏ ? ਇਹ ਸਿੰਘਾਂ ਦਾ ਘਰ ਏ ਜਾਂ ਹਿੰਦੂਆਂ ਜਾਂ ਮੁਸਲਮਾਨਾਂ ਦਾ ? ਉਹਨਾਂ ਤੇ ਆਪਣੀ ਕਾਰ ਗੁਜ਼ਾਰੀ ਵਿਖ ਉਣੀ ਸੀ। ਉਹਨੂੰ ਕੀ ਜਿਹੜਾ ਬੰਦਾ ਟੇਟੇ ਚੜ੍ਹ ਗਿਆ ਉਹਦਾ ਈ ਸਿਰ ਧੜ ਤੋਂ ਜੁਦਾ ਕਰ ਦਿਤਾ ਜਾਂਦਾ। ਜਦ ਹਾਕਮ ਇਹ ਗੱਲ ਪੁਛਦਾ ਕਿ ਸਿੰਘ ਨਈਂ ਤੇ ਉਹ ਫੱਟ ਹੀ ਆਪਣੀ ਬੋਲੀ ਬਦਲ ਲੈਂਦੇ ਤੇ ਆਖਦੇ ਕਿ ਇਹ ਕਾਫਰ ਬੜਾ ਬਦਜ਼ਬਾਨ ਸੀ। ਅਸੀਂ ਇਹਦੇ ਕੇਸ ਮੁੰਨ ਦਿਤੇ ਨੇ ਤੇ ਇਹਦੀ ਦਾਹੜੀ ਤੇ ਇਹਦੀਆਂ ਮੁਛਾਂ ਮੁਹੰਮਦੀ ਬਣਾ ਦਿਤੀਆਂ ਨੇ। ਅਸਾਂ ਤੇ ਇਹਦੇ ਜੀਉਂਦਿਆਂ ਈ ਇਹ ਕਾਰਾ ਕਰ ਦਿਤਾ ਸੀ। ਜੇ ਸਿੰਘ ਹਕੂਮਤ ਦੇ ਵੈਰੀ ਹਨ ਤੇ ਮੁਸਲਮਾਨ ਪੰਜਾਬੀ ਵੀ ਉਨੇ ਈ ਦੁਸ਼ਮਣ ਹਨ। ਇਹ ਸਾਲੇ ਸਿੱਖਾਂ ਦਾ ਈ ਪੱਖ ਪੂਰਦੇ ਹਨ। ਪਤਾ ਨਈਂ ਸਿੰਘ ਇਹਨਾਂ ਨੂੰ ਦੁਧਨਾ ਪਕਾ ਏ ਖੁਆਉਂਦੇ ਹਨ। ਪਰ ਸਿੰਘ ਇਰਾਏ ਦੇ ਬੜੇ ਪੱਕੇ ਸਨ। ਕੇਸਾਂ ਤੇ ਦਾਹੜੀ ਨੂੰ ਹੱਥ ਨਾ ਲਾਉਣ ਦਿੰਦੇ। ਸਿਰ ਦੇ ਦਿੰਦੇ ਪਰ ਸੀ ਨਾ ਕਰਦੇ। ਹਜ਼ੂਰ ਅਸੀਂ ਸਾਰੇ ਬਾਹਰੇ ਵਿਚ ਕੋਈ ਸਿੰਘ ਰਹਿਣ ਨਈਂ ਦਿਤਾ। ਖੰਘਦਾ ਨੀ ਸਾਰੀ ਮੱਲ ਗੁਜ਼ਾਰ ਵਿਚ ਕੋਈ ਸਿੰਘ। ਹਾਕਮ ਖੁਸ਼ ਹੋ ਜਾਂਦਾ। ਇਨਾਮ ਲੈ ਕੇ ਆਉਂਦਾ ਟੁਕੜ ਬੋਚ ਫੌਜ ਦਾ ਬੰਦਾ। ਆਖਣ ਲੱਗਾ ਧਾਰਾ ਸਿੰਘ।

—ਲਾਗਿਉਂ ਮਨਸਾ ਸਿੰਘ ਬੋਲ ਉਠਿਆ, ਧਾਰਾ ਸਿਆਂ ਤੈਨੂੰ ਤੇ ਯਾਰ ਮੁਹੰਮਦੀ ਜ਼ਬਾਨ ਵੀ ਆ ਗਈ ਏ—ਜਿਆ ਦੇਸ਼ ਤਿਆ ਭੇਸ। ਮੁਸਲਮਾਨਾਂ 'ਚ ਰਹਿਣ ਲਈ ਉਹਨਾਂ ਦੀ ਜ਼ਬਾਨ ਸਿਖਣੀ ਪਏਗੀ। ਮੈਨੂੰ ਤੇ ਯਾਰ ਕੁਰਾਨ ਦੀਆਂ ਆਇਤਾਂ ਵੀ ਪੜ੍ਹਨੀਆਂ ਆਉਂਦੀਆਂ ਨੇ। ਕਦੀ ਮੇਰੀਆਂ ਕਬਾਲੀਆਂ ਸੁਣੀਆਂ ਈਂ। ਕੋਈ ਬੰਦਾ ਕਹਿ ਨਈਂ ਸਕਦਾ ਕਿ ਮੈਂ ਅੱਲਾ ਰਸੂਲ ਤੇ ਈਮਾਨ ਨਈਂ ਆਂਦਾ। ਜਦ ਮੈਂ ਬਜਦ ਵਿਚ ਆ ਕੇ ਧਮਾਲ ਪਾਉਂਦਾ ਹਾਂ ਤੇ ਮੇਰੇ ਬੋਲ ਜਦ ਉਭਰਦੇ ਹਨ ਤੇ ਨਸ਼ਿਆ ਜਾਂਦਾ ਏ ਸਾਰਾ ਮਜਮਾ। "ਮਦੀਨੇ ਬੁਲਾ ਲੈ ਮੁਝੇ"। ਮੇਰੇ ਤੇ ਉਹਨਾਂ 'ਚ ਫਰਕ ਕੀ ਏ। ਮੁਸਲਮਾਨ

ਬਣ ਕੇ ਇਹਨਾਂ ਦੀਆਂ ਰੀਂਝਾਂ ਪੀਣੀਆਂ ਨੇ। ਇਹਨਾਂ ਦੇ ਬੁਥਾੜ ਸੇਕਣੇ ਨੇ। ਚੁਲੀਆਂ ਭਰ ਭਰ ਇਹਨਾਂ ਦਾ ਲਹੂ ਨਾ ਪੀਤਾ ਤਾਂ ਮੇਰਾ ਨਾਂ ਵੀ ਬਿਜਲਾ ਸਿੰਘ ਨਈਂ। ਧਾਰਾ ਸਿੰਘ ਨੇ ਵਿਚੋਂ ਗੱਲ ਟੋਕੀ। ਬਿਧੀ ਚੰਦ ਨੇ ਜੋ ਮੁਸਲਮਾਨੀ ਲਿਬਾਸ ਪਾ ਲਿਆ ਤਾਂ ਕੀ ਉਹਦੇ ਕੰਨ ਕਾਲੇ ਹੋ ਗਏ ਸਨ! ਉਹਨੂੰ ਲਖ ਵਾਰ ਹਕੂਮਤ ਵਾਲੇ ਮੁਸਲਮਾਨ ਆਖ ਲੈਣ ਸਈਅਦ ਦਾ ਰੁਤਬਾ ਦੇ ਦੇਣ ਪਰ ਆਪਣੇ ਭਰਾਵਾਂ ਤਾਂ ਉਹਨੂੰ ਨਈਂ ਨਾ ਚੌਂਕੇ ਵਿਚੋਂ ਛੇਕਿਆ! ਮੈਂ ਤਾਂ ਸਮਝਦਾ ਹਾਂ ਕਿ ਜੇ ਉਹਨਾਂ ਨਾਲ ਇਕ ਕੁਵਾਲੀ ਵਿਚ ਬਹਿ ਕੇ ਖਾ ਵੀ ਲਿਆ ਜਾਏ ਤੇ ਕੋਈ ਹਰਜ ਨਈਂ। ਮਹਾਤਮਾ ਚੈਨਤ ਆਖਦਾ ਏ ਜੇ ਤੁਰਕਣੀ ਨਾਲ ਯੁਧ ਵੀ ਕਰਨਾ ਪੈ ਜਾਏ ਤਾਂ ਵੀ ਈਮਾਨ ਨੀ ਜਾਂਦਾ। ਧਰਮ ਬਚਾਉਣ ਲਈ ਜੋ ਕਸਬ ਕਰਨਾ ਪਵੇ ਕਰੋ, ਪਰ ਆਪਣੇ ਧਰਮ ਭਰਾਵਾਂ ਨੂੰ ਬਚਾ ਲਵੋ।

ਕੀ ਬਿਧੀ ਚੰਦ ਵੀ ਖਾ ਲਿਆ ਕਰਦਾ ਸੀ ਮੁਸਲਿਆਂ ਨਾਲ—ਧਾਰਾ ਸਿੰਘ ਬੋਲਿਆ।

ਜੇ ਚੋਰੀ ਕਰ ਲਈ ਗੁਰੂ ਦੇ ਨਾਂ ਤੇ ਜੇ ਖਾਣਾ ਵੀ ਪੈ ਗਿਆ ਤਾਂ ਵੀ ਕੋਈ ਪਾਪ ਨਈਂ। ਹਰਿਮੰਦਰ ਸਾਹਿਬ ਨਹਾ ਲਉ ਸਰੀਰ ਵੀ ਪਵਿਤਰ ਹੋ ਜਾਏਗਾ ਤੇ ਆਤਮਾ ਵੀ ਪਵਿਤਰ ਹੋ ਜਾਏਗੀ। ਰਾਮ ਦਾਸ ਸਰੋਵਰਿ ਨਾਤੇ...ਮਨਸਾ ਸਿੰਘ ਦੀ ਅਵਾਜ਼ ਉਭਰੀ।

ਵਾਰੇ ਵਾਰੇ ਜਾਈਏ ਬਿਧੀ ਚੰਦ ਦੇ ਜਿੰਨ ਗਏ ਘੋੜੇ ਲੈ ਆਂਦੇ ਭਾਵੇਂ ਚੋਰੀ ਕਰਕੇ ਆਂਦੇ ਜਾਂ ਨਠਾ ਕੇ। ਗੁਰੂ ਦੀਆਂ ਅਸੀਸਾਂ ਲੈ ਲਈਆਂ। ਬਿਧੀ ਚੰਦ ਬਾਰੇ ਸਿੰਘ ਆਖਿਆ ਕਰਦੇ ਸਨ ਬਿਧੀ ਚੰਦ ਛੀਨਾਂ ਗੁਰੂ ਕਾ ਸੀਨਾ। ਅਸਾਂ ਜਿਹੜਾ ਬੇੜਾ ਚੁਕਿਆ ਏ ਗੁਰੂ ਵਾਹਿ ਵੀ ਕਰੂ। ਇਕ ਤਾਂ ਸਾਡੇ ਗੁਰੂ ਦੀ ਗੋਲਕ ਭਰੀ ਰਹੇ ਤੇ ਦੂਜਾ ਲੰਗਰ ਦਾ ਸਦਾ-ਵਰਤ ਚਲਦਾ ਰਹੇ ਤੇ ਤੀਜਾ ਪੰਜਾਬ ਦੇ ਲੋਗ ਸਾਡੇ ਮਗਰ ਹੁਘਾਰਾ ਭਰਦੇ ਰਹਿਣ। ਬਸ ਫਿਰ ਅਸੀਂ ਹਕੂਮਤ ਦੀਆਂ ਮੁਸ਼ਕਾਂ ਬੰਨ ਲਾਂਗੇ। ਫਿਰ ਵੇਖਾਂਗੇ ਜੂੜਿਆ ਕੌਣ ਖੋਲਦੈ। ਸਿੰਘਾਂ ਨੂੰ ਧੂੜ ਨਪਣੀ ਆਉਂਦੀ ਐ। ਹਰਿਮੰਦਰ ਸਾਹਿਬ 'ਚ ਜੋਤ ਜਲਦੀ ਰਹੇ ਤੇ ਅਸੀਂ ਉਸ ਤੋਂ ਰੋਸ਼ਨੀ ਲੈਂਦੇ ਰਹੀਏ। ਬਿਜਲਾ ਸਿੰਘ ਦਾ ਵਿਸ਼ਵਾਸ ਸੀ।

ਧਾਰਾ ਸਿੰਘ ਬੋਲਿਆ ਕੀ ਜਿਹੜੀ ਜਾਗੀਰ ਨਵਾਬ ਨੇ ਦਿਲੀਉਂ ਆਂਦੀ ਏ ਇਹਨੂੰ ਸਿਖ ਕਬੂਲ ਕਰ ਲੈਣਗੇ।

ਖਲਤ ਵੀ ਪਹਿਨੀ ਜਾਏਗੀ ਤੇ ਜਾਗੀਰ ਵੀ ਕਬੂਲ ਕਰ ਲੈਣਗੇ। ਪਰ ਯਾਰ ਇਹ ਬਹੁਤੇ ਦਿਨ ਨਈਂ ਚਲਣੀ ਇਹਨਾਂ ਦਾ ਇਤਬਾਰ ਕੋਈ ਨਈਂ। ਟਿੰਡ ਦਾ ਕੀ ਏ ਕਦ ਰਿੜ ਪਵੇ। ਇਹ ਬੇਪੈਂਦੇ ਦੇ ਜੋਂਦੇ ਹਨ। ਚਲੋ ਜੇ ਇਕ ਸਾਲ ਵੀ ਜਾਗੀਰ ਚਲ ਜਾਏ ਘੋੜੇ ਕਾਠੀਆਂ, ਬਾਰੂਦ, ਗੋਲਾ ਜਮੂਰੇ ਈ ਖਰੀਦ ਲਾਂਗੇ। ਤੋਪਾਂ ਨਈਂ ਤਾਂ ਨਾ ਸਹੀ। ਤੋਪਾਂ ਤੇ ਖੋਹੀਆਂ ਜਾ ਸਕਦੀਆਂ ਨੇ। ਇਕ ਦੋ ਗਡੀਆਂ ਵੀ ਸਾਡੇ ਕਾਬੂ ਵਿਚ ਆ ਗਈਆਂ ਤਾਂ ਫਿਰ ਸਰ ਜਾਏਗਾ। ਅਨਾਜ ਦੇ ਜ਼ਖੀਰੇ ਜੇ ਗੁਰੂ ਨੇ ਚਾਹਿਆ ਤਾਂ ਹਥ ਲਗਣਗੇ ਤੇ ਫਿਰ ਸਮਝੋ ਸਾਡੇ ਪੈਰ ਪੱਕੇ ਹੋ ਗਏ। ਪੰਜਾਬ ਦੇ ਪੈਰ ਸਾਡੇ, ਧਰਤੀ ਸਾਡੀ, ਲੋਕ ਸਾਡੇ, ਘਰ ਦੁਆਰ ਸਾਡੇ, ਇਕ ਹਕੂਮਤ ਈ ਗੈਰ ਦੀ ਏ ਨਾ। ਹਕੂਮਤ ਬਦਲੀ ਜਾ ਸਕਦੀ ਏ। ਜੰਤਾ ਹਕੂਮਤ ਬਦਲ ਲੈਂਦੀ ਏ। ਲੋਕ ਈ ਹਕੂਮਤ ਬਣਾਉਂਦੇ ਹਨ ਤੇ ਲੋਕ ਹੀ ਉਹਦਾ ਫੱਕਾ ਮਾਰ ਦਿੰਦੇ ਹਨ। ਸਾਨੂੰ ਤੇ ਗੁਰਾਂ ਨੇ ਹਕੂਮਤ ਬਖਸ਼ੀ ਏ। ਬਿਜਲਾ ਸਿੰਘ ਨੇ ਸਾਰਿਆਂ ਦੇ ਮਨ ਪੱਕੇ ਕਰ ਦਿਤੇ।

ਧਾਰਾ ਸਿੰਘ ਦੇ ਬੋਲ ਸਨ। ਅੰਮ੍ਰਿਤਸਰ ਦਾ ਸਰੋਵਰ ਸਾਡੀ ਕਾਸ਼ੀ, ਸਾਡਾ ਹਰਦੁਆਰ ਏ ਜੇ ਸਾਡਾ ਇਹ ਸਰੋਵਰ ਪਵਿਤਰ ਰਹੇ ਤਾਂ ਸਿੰਘਾਂ ਦਾ ਕੋਈ ਵਾਲ ਵਿੰਗਾ ਨਈਂ ਕਰ ਸਕਦਾ। ਸਿੰਘਾਂ ਦਾ ਵਿਸ਼ਵਾਸ ਅਟੱਲ ਏ ਸਿੰਘਾਂ ਦੇ ਇਰਾਦੇ ਪਥਰ ਦੇ ਹਨ। ਸਿੰਘ ਪਹਾੜ ਹਨ ਜਿਹੜਾ ਵੀ ਇਹਨਾਂ ਨਾਲ ਟਕਰਾਇਆ ਉਹ ਚੂਰ ਚੂਰ ਹੋ ਗਿਆ। ਉਹ ਫੀਤੀ ਹੋ ਗਿਆ।

ਧਾਰਾ ਸਿੰਘ ਨੇ ਆਖਿਆ ਅਮਰ ਵੇਲ ਹਕੂਮਤ ਦੀ ਫੈਲ ਗਈ। ਇਕ ਦਿਨ ਏਸ ਨੇ ਉਹਨੂੰ ਸਾਰੀ ਨੂੰ ਢੱਕ ਲੈਣਾ ਏਂ। ਅਸਾਂ ਗੁਲਾਮੀ ਦਾ ਜੂਲਾ ਲਾਹ ਸੁਟਣਾ ਏ। ਇਹ ਛਟ ਰਹਿਣ ਨਈਂ ਦੇਣੀ। ਭਾਵੇਂ ਸਿਰ ਦੇਣੇ ਪੈਣ ਤੇ ਭਾਵੇਂ ਸ਼ਹੀਦੀਆਂ ਦੇਣੀਆਂ ਪੈਣ।

ਸੱਪ ਆਖਰ ਸੱਪ ਏ

ਜਾਗੀਰ ਲੈ ਕੇ ਆਇਆ ਲਾਹੌਰ ਦਾ ਸ਼ਾਬਾਜ਼ ਸਿੰਘ ਜਾਬਰ। ਉਹ ਸਿਧਾ ਅੰਬਰਸਰ ਈ ਪੁਜਾ। ਅਕਾਲ ਤਖਤ ਤੇ ਵਿਸਾਖੀ ਮਨਾਉਣ ਲਈ ਸਿੰਘ ਇਕਠੇ ਹੋਏ ਸਨ। ਅਵਾਜ਼ ਬਿਜਲਾ ਸਿੰਘ ਦੀ ਸੀ।

—ਸਿੰਘਾਂ ਦਾ ਕਾਫੀ ਜਮ ਘਟਾ ਹੋਣਾ ਏ। ਸਿੰਘ ਛਾਉਣੀਆਂ ਪਾ ਕੇ ਬੈਠੇ ਹੋਣੇ ਨੇ। ਤਾਹੀਉਂ ਵਿਸਾਖੀ ਦਾ ਮੇਲਾ ਭਰਦੇ ਨਾ। ਧਾਰਾ ਸਿੰਘ ਬੋਲਿਆ।

—ਗੁਰੂ ਕੀਆਂ ਸੰਗਤਾਂ ਤਾਂ ਹੁਮ ਹੁਮਾ ਕੇ ਆਈਆਂ ਸਨ ਪਰ ਮੁਖੀ ਸਿੰਘ ਜੁੜੇ ਬੈਠੇ ਸਨ। ਦਰਬਾਰਾ ਸਿੰਘ, ਕਪੂਰ ਸਿੰਘ, ਹਰੀ ਸਿੰਘ ਹਜ਼ੂਰੀ, ਦਲੀਪ ਸਿੰਘ ਸ਼ਹੀਦ, ਜੱਸਾ ਸਿੰਘ ਰਾਮਗੜ੍ਹੀਆ, ਕਰਮ ਸਿੰਘ, ਬੁਢਾ ਸਿੰਘ ਸੁਕਰਚੱਕੀਆ, ਗਰਜਾ ਸਿੰਘ ਬਸ ਕਰਾਂ ਕਿ ਹੋਰ ਨਾਂ ਗਿਣਾਵਾਂ, ਬਿਜਲਾ ਸਿੰਘ ਨੇ ਆਖਿਆ। ਖਲਤ ਤੇ ਜਾਗੀਰ ਦਾ ਪਟਾ ਲੈ ਕੇ ਹਾਜ਼ਰ ਹੋਇਆ। ਸਾਬਾਜ਼ ਸਿੰਘ ਆਖਣ ਲਗਾ ਮੈਂ ਪੰਥ ਦੀ ਆਖਿਅਲਿਆਂ ਤੋਂ ਵਗੈਰ ਜ਼ਾਗੀਰ ਦਾ ਪਟਾ ਸਿਰ ਤੇ ਚੁਕ ਕੇ ਲੈ ਆਇਆ ਹਾਂ। ਪੰਥ ਜੋ ਤਨਖਾਹ ਲਾਵੇ ਮੈਨੂੰ ਹਥ ਬਧੀ ਮਨਜ਼ੂਰ ਏ। ਮੈਂ ਅਰਜ਼ ਕਰਨੀ ਏਂ ਪੰਥ ਉਹਦੇ ਤੇ ਵਿਚਾਰ ਕਰ ਲਵੇ। ਮਨਸਾ ਸਿੰਘ ਨੇ ਗੱਲ ਤੋਰੀ।

—ਧਾਰਾ ਸਿੰਘ ਨੇ ਅਗੋਂ ਜਵਾਬ ਦਿਤਾ, ਕਾਫਰਾਂ ਦਾ ਬੰਦਾ ਕਹਿ ਕੇ ਤਾਂ ਨਾ ਅਗੋਂ ਦੁਰਕਾਰਿਆ।

ਸਿੰਘਾਂ ਵਿਚ ਸ਼ਾਬਾਜ਼ ਸਿੰਘ ਦਾ ਬੜਾ ਸਤਿਕਾਰ ਸੀ। ਕੀ ਹੋਇਆ ਜੇ ਸਰਕਾਰੀ ਅਹਿਲਕਾਰ ਸੀ। ਆਖਰ ਲਹੂ ਤੇ ਆਪਣਾ ਈ ਸੀ। ਆਪਣੇ ਬੰਦੇ ਸਰਕਾਰੇ ਦਰਬਾਰੇ ਹੋਣ ਤੇ ਖਬਰਾਂ ਮਿਲਦੀਆਂ ਰਹਿੰਦੀਆਂ ਨੇ। ਖਜ਼ਾਨਾ ਕਦ ਚਲਦਾ ਏ ਤੇ ਕਿਧਰ ਨੂੰ ਜਾਂਦਾ ਏ, ਕਦੋਂ ਤੁਰਨਾ ਏ ਤੇ ਕਿਥੇ ਰਾਤ ਗੁਜ਼ਾਰਨੀ ਏ। ਸਿੰਘ ਨੂੰ ਜ਼ਰਾ ਕੁ ਭਿਣਕ ਪਈ, ਮੱਲ ਮਾਰੀ ਮਸਤਾਨਾ ਲੰਗਰ ਅਮੀਰ ਹੋ ਗਿਆ। ਬਿਜਲਾ ਸਿੰਘ ਦੀ ਆਵਾਜ਼ ਉਭਰੀ।

—ਫਿਰ ਕੀ ਆਖਣ ਲਗਾ ਸ਼ਾਬਾਜ਼ ਸਿੰਘ ? ਧਾਰਾ ਸਿੰਘ ਆਪਣੀ ਬੋਲੀ 'ਚ ਬੋਲਿਆ।

—ਇਹ ਮਾਇਆ ਦੇਗ ਵਾਸਤੇ ਪੰਥ ਦੀ ਭੇਟਾ ਹੈ ਸਰਕਾਰ ਨੇ ਸੁਲ੍ਹਾ ਦੀ ਦਰਖਾਸਤ ਕੀਤੀ ਏ। ਖਿਤਾਬ ਭੇਜਿਆ ਏ ਤੇ ਨਾਲ ਪਟਾ ਜਗੀਰ ਦਾ। ਪੰਥ ਕਿਰਪਾ ਕਰਕੇ ਪ੍ਵਾਨ ਕਰ ਲਏ। ਵਕਤ ਤੋਂ ਫਾਇਦਾ ਉਠਾਣਾ ਚਾਹੀਦਾ ਏ।

—ਦਰਬਾਰਾ ਸਿੰਘ ਨੇ ਪੰਥ ਤੋਂ ਸਲਾਹ ਪੁਛੀ। ਸਾਰਿਆਂ ਮਣ ਪੱਕੇ ਦਾ ਸਿਰ ਫੇਰ

ਦਿਤਾ। ਕਿਸੇ ਇਕ ਨੇ ਹਾਂ ਨਾ ਕੀਤੀ। ਫਿਰ ਸ਼ਾਬਾਜ਼ ਸਿੰਘ ਬੋਲਿਆ ਨੀਤੀ ਇਹ ਆਖਦੀ ਏ ਕਿ ਘਰ ਆਈ ਚੀਜ਼ ਨਾ ਮੋੜੀ ਜਾਏ। ਸੂਲ੍ਹਾ ਵਾਸਤੇ ਅਸਾਂ ਵਾਸਤੇ ਥੋੜੇ ਪਾਏ ਹਨ ਸਗੋਂ ਹਕੂਮਤ ਲਿਲੜੀਆਂ ਲੈ ਰਹੀ ਏ। ਹਕੂਮਤ ਪੰਥ ਤੋਂ ਭੈਅ ਖਾ ਗਈ ਏ। ਸ਼ਰਨ ਆਏ ਦੀ ਲਾਜ ਰਖਣਾ ਸਾਡਾ ਧਰਮ ਏ। ਨਾਂਹ ਹਾਂ ਵਿਚ ਬਦਲ ਗਈ। ਜਾਗੀਰ ਹੀ ਪਰਵਾਨ ਕਰ ਲਈ ਸੰਗਤ ਨੇ ਪਰ ਉਹਦਾ ਝਾਲੂ ਕੋਈ ਨਾ ਬਣਿਆ। ਆਖਰ ਦਰਬਾਰਾ ਸਿੰਘ ਨੇ ਸਾਰੇ ਦੀਵਾਨ ਨੂੰ ਆਪਣੀਆਂ ਨਜ਼ਰਾਂ ਵਿਚੋਂ ਦੀ ਕਢਿਆ। ਕਪੂਰ ਸਿੰਘ ਪਖਾ ਝਲ ਰਿਹਾ ਸੀ। ਸੇਵਾ 'ਚ ਮਗਨ ਸੀ। ਗਰਮੀ ਦੀ ਰੁਤ ਸੀ। ਪਸੀਨਾ ਸਿਰ ਤੋਂ ਚੋਂਦਾ ਤੇ ਪੈਰਾਂ ਤਕ ਪੈਂਦਾ। ਸੇਵਾ ਦੀ ਮਸਤੀ ਵਿਚ ਕਪੂਰ ਸਿੰਘ ਬਾਣੀ ਵੀ ਪੜ੍ਹਦਾ ਤੇ ਮਸਤੀ ਵੀ ਲੈਂਦਾ।

ਅਵਾਜ਼ ਉਭਰੀ—ਕਪੂਰ ਸਿੰਘ ਅਗੇ ਵਧ ਤੇ ਖਲਤ ਕਬੂਲ ਕਰ।

ਅਗੋਂ ਕਪੂਰ ਸਿੰਘ ਕਿਹੜਾ ਸਿਧ ਪਧਰਾ ਸੀ ਬੋਲਿਆ ਇਹ ਉਸਤਰਿਆਂ ਦੀ ਮਾਲਾ ਮੇਰੇ ਗਲ ਵਿਚ ਕਿਉਂ ਪਾਣ ਲਗੇ ਓ? ਮੋਇਆ ਸਪ ਜਿਉਂਦੇ ਸੱਪ ਨਾਲੋਂ ਵੀ ਭੈੜਾ ਏ। ਦਰਬਾਰਾ ਸਿੰਘ ਨੇ ਹੁਕਮ ਦਿਤਾ, ਇਹ ਪੰਥ ਦਾ ਹੁਕਮ ਏ। ਕਪੂਰ ਸਿੰਘ ਨੇ ਆਖਿਆ ਸਿਰ ਮੱਥੇ ਕਬੂਲ ਪਰ ਮੇਰੀ ਇਕ ਸ਼ਰਤ ਏ ਕਿ ਇਹ ਜਾਗੀਰ, ਇਹ ਖਲਤ ਪੰਜਾਂ ਪਿਆ-ਰਿਆਂ ਤੇ ਜੋੜਿਆਂ 'ਚ ਰਖੀ ਜਾਏ ਤੇ ਉਹਨਾਂ ਦੇ ਚਰਨਾਂ ਨੂੰ ਛੁਹਾ ਕੇ ਮੈਨੂੰ ਦਿਓ। ਮੈਂ ਜੀਉਂਦਾ ਫਨੀਅਰ ਸਪ ਗਲ 'ਚ ਪਾ ਲੈਂਦਾ ਹਾਂ। ਮਨਜ਼ੂਰ ਮਨਜ਼ੂਰ ਦੀਆਂ ਆਵਾਜ਼ਾਂ ਉਭਰੀਆਂ। ਉਸੇ ਤਰ੍ਹਾਂ ਹੋਇਆ ਜਿਸ ਤਰ੍ਹਾਂ ਕਪੂਰ ਸਿੰਘ ਨੇ ਆਖਿਆ। ਨਵਾਬੀ ਦਾ ਖਤਾਬ ਤੇ ਜਗੀਰ ਦਾ ਪਟਾ ਝੋਲੀ ਅੱਡ ਕੇ ਪਵਾ ਲਿਆ ਕਪੂਰ ਸਿੰਘ ਨੇ। ਉਸੇ ਦਿਨ ਤੋਂ ਸਿੰਘ ਉਸਨੂੰ ਨਵਾਬ ਕਪੂਰ ਸਿੰਘ ਆਖਣ ਲਗ ਪਏ। ਬਿਜਲਾ ਸਿੰਘ ਜ਼ਰਾ ਕੁ ਥਮ੍ਹਿਆ।

ਜਾਗੀਰ ਮਿਲ ਗਈ ਪਰ ਚਲੀ ਕਿੰਨੇ ਦਿਨ?

ਜਿੰਨੇ ਦਿਨ ਦਾ ਡਰ ਸੀ, ਖੌਫ ਸੀ, ਦਹਿਸ਼ਤ ਸੀ ਅਹਿਮਦ ਸ਼ਾਹ ਅਬਦਾਲੀ ਤੇ ਨਾਦਰ ਸ਼ਾਹ ਦੀ।

ਜ਼ਰਾ ਕੁ ਡਰ ਲੱਥਾ ਤਾਂ ਫਿਰ ਜ਼ਕਰੀਆ ਖਾਨ ਨੇ ਮੱਥੇ ਤੇ ਅੱਖਾਂ ਧਰ ਲਈਆਂ। ਜਾਗੀਰ ਜ਼ਬਤ ਕਰ ਲਈ। ਅੰਮ੍ਰਿਤਸਰ ਦਾ ਸਰੋਵਰ ਪੂਰ ਦਿਤਾ ਤੇ ਉਹਦੇ ਵਿਚ ਕਪਾਹ ਬੀਜ ਦਿਤੀ। ਇੰਨੇ ਕੁ ਸਮੇਂ ਵਿਚ ਸਿੰਘਾਂ ਦੇ ਪੈਰ ਪੱਕੇ ਹੋ ਗਏ। ਜਾਗੀਰ ਵਾਪਸ ਤੇ ਕਰ ਦਿਤੀ ਪਰ ਨਵਾਬੀ ਦਾ ਦੁਮ ਛੱਲਾ ਕਪੂਰ ਸਿੰਘ ਆਪਣੇ ਨਾਂ ਨਾਲੋਂ ਨਾ ਹਟਾ ਸਕਿਆ। ਸਾਰਾ ਜੱਥਾ ਅਜ ਵੀ ਉਹਨੂੰ ਨਵਾਬ ਕਪੂਰ ਸਿੰਘ ਕਰਕੇ ਪੁਕਾਰਦਾ ਏ। ਬਿਜਲਾ ਸਿੰਘ ਆਖੀ ਜਾ ਰਿਹਾ ਸੀ।

ਪੰਜਾਬ 'ਚ ਫਿਰ ਬੁਰਛਾ ਗਰਦੀ ਸ਼ੁਰੂ ਹੋ ਗਈ। ਹਿੱਛ ਫਿਰ ਨੱਚ ਉਠਿਆ। ਮਦਾਰੀ ਦੇ ਥੈਲੇ ਵਿਚੋਂ ਫਿਰ ਸੱਪ ਨਿਕਲੇ। ਖੜਪਿਆਂ ਸਿਰ ਚੁਕਿਆ, ਫਿਰ ਬੀਨ ਦੀ ਲੋੜ ਪਈ ਸੱਪ ਕੀਲਣ ਨੂੰ।

ਸਪ ਆਖਰ ਸਪ ਐ। ਭਾਵੇਂ ਕਟੋਰੇ ਭਰ ਭਰ ਦੁਧ ਪਿਆਈਏ।

ਮੰਡੀ ਲੱਗੀ ਸ਼ਹੀਦਾਂ ਦੀ

ਮੇਲਾ ਭਰਿਆ ਫਿਰ ਸ਼ਹੀਦਾਂ ਦਾ। ਵੈਸਾਖੀ ਲਗੀ ਸ਼ਹੀਦੀਆਂ ਦੇਣ ਵਾਲਿਆਂ ਦੀ। ਲੱਕ ਲੱਕ ਹੋ ਗਏ ਬਾਜਰੇ, ਰੁੱਤ ਸ਼ਹੀਦੀਆਂ ਪਾਉਣ ਦੀ ਆਈ। ਕਤਾਰਾਂ ਲਗ ਗਈਆਂ ਸ਼ਹੀਦਾਂ ਦੀਆਂ। ਇਕ ਇਕ ਮਣਕੇ ਬਦਲੇ ਕਈ ਕਈ ਸਿਰ ਦਿਤੇ ਤਾਂ ਕਿਤੇ ਇਕ ਮਣਕਾ ਹੱਥ ਆਇਆ। ਗਿਣਤੀ ਕਰਨੀ ਮੁਸ਼ਕਲ ਬਣ ਗਈ। ਇਕ ਇਕ ਮਣਕਾ ਖਰੀਦਿਆ ਤਾਂ ਇਹ ਮਾਲਾ ਬਣੀ। ਬਿਜਲਾ ਸਿੰਘ ਬੋਲਿਆ।

ਇਹਨਾਂ ਸ਼ਹੀਦੀਆਂ ਦਾ ਕੋਈ ਅੰਤ ਵੀ ਏ। ਕਿਸੇ ਹੱਦ ਤੇ ਜਾ ਕੇ ਇਹ ਗੱਲ ਮੁਕੇਗੀ ਵੀ ਕੇ ਨਈਂ। ਬੋਲ ਧਾਰਾ ਸਿੰਘ ਦੇ ਸਨ।

ਜਦ ਤਕ ਹਕੂਮਤ ਦੀਆਂ ਤਲਵਾਰਾਂ ਖੁੰਢੀਆਂ ਨਈਂ ਹੋ ਜਾਂਦੀਆਂ। ਜਦ ਤਕ ਰਾਜ ਸਾਡੇ ਹੱਥਾਂ ਵਿਚ ਨਈਂ ਆ ਜਾਂਦਾ ਤਦ ਤਕ ਭੋਗ ਨਹੀਂ ਪੈਣ ਲੱਗਾ। ਅਵਾਜ਼ ਬਿਜਲਾ ਸਿੰਘ ਦੀ ਸੀ।

ਅਜੇ ਕਿੰਨਾ ਚਿਰ ਲਗੂ ?

ਜਦ ਤਕ ਅਸੀਂ ਸਾਰੇ ਪੰਜਾਬ ਵਾਲੇ ਬਲਵਾਨ ਨਹੀਂ ਹੁੰਦੇ। ਮਨ ਬਲਵਾਨ ਏਂ। ਸਰੀਰ ਰਿਸ਼ਟ ਪੁਸ਼ਟ ਏ। ਸਿਰਫ ਕਮਜ਼ੋਰੀ ਏ ਤਾਂ ਹਥਿਆਰਾਂ ਦੀ।

ਜੇ ਅਸੀਂ ਆਉਣ ਵਾਲੇ ਧਾੜਵੀ ਅਹਿਮਦ ਸ਼ਾਹ ਅਬਦਾਲੀ ਨਾਲ ਗਠਜੋੜ ਕਰ ਲਈਏ ਤਾਂ ਕੋਈ ਸਾਡੇ ਕੰਨ ਕਾਲੇ ਹੋ ਚਲੇ ਨੇ।

ਮੂਰਖਾ ਸੱਪ ਦੇ ਪੁੱਤ ਕਦੀ ਮਿੱਤ ਨਈਂ ਹੋਏ। ਸੱਪ ਆਖਰ ਸੱਪ ਏ।

ਮੂੰਹ ਵਿਚ ਰਾਮ ਰਾਮ ਤੇ ਬਗਲ 'ਚ ਛੁਰੀ।

ਗੱਲ ਇਥੇ ਨਈਂ ਮੁਕਦੀ। ਸ਼ਕਲ ਮੋਮਨਾ ਦੀ ਕੰਮ ਕਾਫਰਾਂ ਦੇ।

ਸਾਡੇ ਤੇ ਇਹਨਾਂ ਵਿਚ ਸਿਰਫ ਇਹੋ ਫਰਕ ਏ ਕਿ ਅਸਾਂ ਕਦੇ ਝੂਠ ਨਈਂ ਬੋਲਣਾ ਤੇ ਇਹਨਾਂ ਸੱਚ ਨਾ ਬੋਲਣ ਦੀ ਕਸਮ ਖਾਧੀ ਹੋਈ ਏ।

ਫਿਰ ਕੀ ਹੋਇਆ। ਲੋਹੇ ਨੂੰ ਲੋਹਾ ਕਟਦਾ ਏ।

ਨਈਂ ਗੁਲਾਬ ਦੀ ਪੱਤੀ ਨਾਲ ਵੀ ਹੀਰੇ ਦਾ ਜਿਗਰ ਕਟਿਆ ਜਾ ਸਕਦੈ।

ਰੇਤ ਦੀ ਕੰਧ ਕਿੰਨਾ ਚਿਰ ਖੜੀ ਰਹੂ। ਇਕ ਜ਼ੋਰਦਾਰ ਤੂਫਾਨ ਆਇਆ ਤੇ ਢਹਿ ਢੇਰੀ ਹੋ ਗਈ।

ਲੋਹਾ ਗਰਮ ਏ। ਹੁਣ ਸੱਟ ਮਾਰੋ ਲੋਹਾ ਲਿਫ ਜਾਊ, ਚਪਟਾ ਹੋ ਜਾਊ ਤੇ ਆਪਣੀ

ਮਰਜ਼ੀ ਨਾਲ ਉਹਨੂੰ ਗੋਲ ਕਰ ਦਿਉ। ਮੇਰੇ ਵਿਚਾਰ ਵਿਚ ਅਬਦਾਲੀ ਨਾਲ ਅੱਧ ਦੀ ਭਾਈਵਾਲੀ ਪਾ ਲਈ ਜਾਏ।

ਸਿੰਘਾਂ ਕਦੇ ਦੁਸ਼ਮਣ ਨਾਲ ਚੌਲ ਨਈਂ ਖਾਧੇ।

ਜਦ ਲੰਗਰ ਵਿਚ ਬੈਠ ਗਏ ਤੇ ਫਿਰ ਦੁਸ਼ਮਣੀ ਕਾਹਦੀ।

ਦੁਸ਼ਮਣ ਦੀਆਂ ਰਗਾਂ ਵਿਚ ਅੰਗੂਠੇ ਦਿਉ, ਜਦ ਡੇਲੇ ਬਾਹਰ ਆਉਣਗੇ, ਦੁਸ਼ਮਣ ਆਪੇ ਭਰਾ ਆਖੂ। ਇੱਟ ਦਾ ਜਵਾਬ ਪੱਥਰ। ਸੁਣਿਆ ਨਈਂ ਉ ਜ਼ੋਰਾਵਰ ਦਾ ਸੱਤੀ ਵੀਹੀਂ ਸੌ। ਦੁਨੀਆਂ ਤਾਕਤ ਅਗੇ ਝੁਕਦੀ ਏ। ਅਹਿਮਦ ਸ਼ਾਹ ਅਬਦਾਲੀ ਆ ਰਿਹੈ। ਖੈਬਰ ਨੇ ਉਹਦੀਆਂ ਚਾਂਗਰਾਂ ਸੁਣੀਆਂ ਨੇ। ਉਸ ਬਘਿਆੜ ਨੇ ਇਹ ਸਾਰੀਆਂ ਭੇਡਾਂ ਪਾੜ ਖਾਣੀਆਂ ਨੇ। ਸਿੰਘਾਂ ਦੀਆਂ ਪੰਜੇ ਘਿਓ ਵਿਚ। ਅਬਦਾਲੀ ਲੁਟੂ ਤੇ ਲੁਟਦੇ ਮਾਲ ਵਿਚ ਸਿੰਘ ਅੱਧ ਵੰਡਾਉਣਗੇ। ਇਹ ਆਪਸ ਵਿਚ ਲੜ ਲੜ ਕੇ ਕਮਜ਼ੋਰ ਹੋ ਜਾਣ ਤੇ ਸਿੰਘ ਬਕਰੇ ਬੁਲਾਉਂਦੇ ਇਹਨਾਂ ਦੇ ਗਲ ਪੈ ਜਾਣ ਫਿਰ ਦੇਖੋ ਰੰਗ। ਨਾ ਹਿੰਗ ਲਗੇ ਨਾ ਫ਼ਟਕੜੀ ਰੰਗ ਚੋਖਾ ਆਏ।

ਗਸ਼ਤੀ ਫੌਜ ਨੇ ਫਿਰ ਸਿੰਘ ਫੜਨੇ ਸ਼ੁਰੂ ਕਰ ਦਿਤੇ ਨੇ। ਬਾਜ਼ਾਰ ਗਰਮ ਹੋਇਆ ਫਿਰ ਕਤਲੇ ਆਮ ਦਾ। ਲਹੂ ਦਾ ਫਿਰ ਮੁੱਲ ਪਿਆ। ਲਹੂ ਹੁਣ ਮਹਿੰਗੇ ਭਾਅ ਵਿੱਕੂ। ਤਲਵਾਰਾਂ ਨੂੰ ਫਿਰ ਸਾਣ ਵਿਖਾਈ ਜਾ ਰਹੀ ਏ। ਧਾਰ ਫਿਰ ਤੇਜ਼ ਹੋ ਰਹੀ ਏ।

ਇਹ ਆਖਰੀ ਵਾਰ ਏ ਜ਼ਕਰੀਆ ਖਾਨ ਦਿਲ ਦੀ ਰੀਝ ਲਾਹ ਲਏ। ਦਿਲ ਠੰਢਾ ਕਰ ਲਏ। ਚਾੜ੍ਹ ਲਏ ਗਸ਼ਤੀ ਫੌਜ। ਇਹ ਹਨੇਰੀ ਕਈ ਵਾਰ ਚੜ੍ਹੀ ਤੇ ਕਈ ਵਾਰ ਇਹ ਦੀ ਖੁੰਭ ਠੱਪੀ ਗਈ। ਅਸਾਂ ਚੁਣ ਚੁਣ ਕੇ ਮਾਰਨੀ ਏਂ ਇਹ ਗਸ਼ਤੀ ਫੌਜ ਤੇ ਉਹਦੇ ਆਗੂ।

ਬਿਜਲਾ ਸਿੰਘ ਨੇ ਆਖਰ ਆਖ ਹੀ ਦਿਤਾ ਪਹਿਲੀ ਸ਼ਹੀਦੀ ਤੇ ਉਹ ਵੀ ਭਾਈ ਮਨੀ ਸਿੰਘ ਜੀ ਦੀ। ਉਹਦਾ ਕਸੂਰ ਕੀ ਸੀ।

ਆਖ ਰਿਹਾ ਸੀ ਬਿਜਲਾ ਸਿੰਘ। ਕਸੂਰ ਉਹਦਾ ਇਹ ਸੀ ਕਿ ਉਸ ਅੰਮ੍ਰਿਤਸਰ ਵਿਚ ਦੀਪ ਮਾਲਾ ਕਰਨ ਲਈ ਹਕੂਮਤ ਤੋਂ ਇਜਾਜ਼ਤ ਮੰਗੀ ਸੀ। ਹੋਰ ਕੋਈ ਪੈਲੀ ਨਈਂ ਸੀ ਵੰਡਣੀ ਉਸ। ਇਜਾਜ਼ਤ ਮਿਲ ਗਈ। ਠੇਕਾ ਚੁਕਾਇਆ ਗਿਆ ਪੰਜ ਹਜ਼ਾਰ ਦੰਮੜੇ। ਸੰਗਤਾਂ ਨੇ ਹੁਮ ਹੁਮਾ ਕੇ ਆਉਣ ਲਈ ਮੜਾਸੇ ਬੰਨ੍ਹ ਲਏ। ਇਹਦੇ ਨਾਲ ਠੇਕਾ ਵੀ ਪੂਰਾ ਹੋ ਜਾਏਗਾ ਤੇ ਹਰਿਮੰਦਰ ਸਾਹਿਬ ਦੀ ਸੇਵਾ ਵੀ ਕੀਤੀ ਜਾਏਗੀ। ਨਾਲੇ ਪੁੰਨ ਤੇ ਨਾਲੇ ਫਲੀਆਂ। ਇਹ ਠੇਕਾ ਕਾਜ਼ੀ ਅਬਦੁਲ ਰਜ਼ਾਕ ਦੀ ਸਲਾਹ ਨਾਲ ਨੇਪਰੇ ਚੜ੍ਹਿਆ। ਲਾਹੌਰ ਦਾ ਦੀਵਾਨ ਉਹਨੀਂ ਦਿਨੀਂ ਲਖਪਤ ਰਾਏ ਸੀ। ਉਹਨੂੰ ਵਿਚ ਪਾਇਆ ਗਿਆ ਵਿਚੋਲਾ ਜ਼ਿਮੇਦਾਰੀ ਉਹਦੇ ਸਿਰ ਧਰੀ ਗਈ, ਪਰ ਬੇਈਮਾਨੀ ਦੀ ਵੀ ਕੋਈ ਹੱਦ ਏ। ਝਟ ਥਿੰਦੇ ਘੜੇ ਤੋਂ ਤਿਲਕ ਪਏ। ਇਮਾਨ ਨੂੰ ਚੂਲੀ ਵਿਚ ਡੋਬ ਲਿਆ। ਚੁਕ ਕੇ ਚੱਟ ਗਏ। ਇਧਰ ਐਲਾਨ ਹੋਇਆ ਤੇ ਉਧਰ ਸਿੰਘਾਂ ਨੇ ਅੰਮ੍ਰਿਤਸਰ ਵਿਚ ਆਉਣ ਲਈ ਵਹੀਰਾਂ ਘਤ ਲਈਆਂ ਤੇ ਉਧਰ ਬੇਈਮਾਨਾਂ ਨੇ ਫੌਜ ਚਾੜ੍ਹ ਦਿਤੀ। ਆਪ ਚੜ੍ਹ ਕੇ ਆਇਆ ਅਬਦਲ ਰਜ਼ਾਕ। ਅੰਮ੍ਰਿਤਸਰ ਦੇ ਨਾਕੇ ਬੰਦ ਕਰ ਦਿਤੇ। ਦੀਪ ਮਾਲਾ ਨਾ ਹੋ ਸਕੀ। ਸੰਗਤਾਂ ਵਾਪਸ ਮੁੜ ਗਈਆਂ। ਨਾ ਮੇਲਾ ਭਰਿਆ ਨਾ ਹੀ ਠੇਕਾ ਪੂਰਾ ਹੋਇਆ। ਖਵਾਬ ਵੇਖਿਆ ਸੀ ਵਿਚੇ ਅੱਖ ਖੁਲ ਗਈ। ਦਿਲ ਦੇ ਅਰਮਾਨ ਦਿਲਾਂ ਦੀਆਂ ਤੇਹਾਂ ਦੇ ਅੰਦਰ ਹੀ ਡੱਕੇ ਰਹਿ ਗਏ। ਵਲਵਲੇ ਲੈ ਕੇ ਆਈਆਂ ਸਨ ਸੰਗਤਾਂ ਵਲਵਲੇ ਰਾਹ 'ਚ ਈ ਠੰਢੇ ਹੋ

ਗਏ। ਨਾ ਇਸ਼ਨਾਨ ਕਰ ਸਕੇ ਤੇ ਨਾ ਦਰਸ਼ਨ ਈ ਪਾਇਆ ਹਰਿਮੰਦਰ ਦਾ। ਭਾਈ ਮਨੀ ਸਿੰਘ ਦੀ ਮਾਲਾ ਹਥ ਵਿਚ ਈ ਫੜੀ ਰਹਿ ਗਈ। ਦਿਲ ਮਧੋਲਿਆ ਗਿਆ। ਕਣੀਆਂ ਪਈਆਂ ਠੰਡ ਜਹੀ ਪੈ ਗਈ। ਚਾਵਾਂ ਭਰੇ ਦਿਲ ਮਧੋਲ ਦਿਤੇ। ਅਬਦੁਲ ਰਜ਼ਾਕ ਨੇ ਅੰਮ੍ਰਿਤਸਰ ਵਿਚ ਭੜਥੂ ਪਾ ਦਿਤਾ। ਘੋੜ ਦੌੜ ਹੋਣ ਲਗ ਪਈ। ਹਊਆ ਜਿਹਾ ਬਣ ਗਿਆ ਅਬਦੁਲ ਰਜ਼ਾਕ। ਸੰਗਤਾਂ ਨਿਰਾਸ਼ ਹੋਈਆਂ ਪਿਛੇ ਮੁੜ ਗਈਆਂ। ਲਾਹੌਰ ਦੇ ਕਾਜ਼ੀ ਨੇ ਹੁਕਮ ਚਾੜ੍ਹਿਆ। ਮੇਲੇ ਨੂੰ ਇਕ ਮਹੀਨਾ ਬੀਤ ਗਿਆ ਅਜੇ ਤਕ ਸਿੰਘਾਂ ਵਲੋਂ ਠੇਕਾ ਨਈਂ ਤਰਿਆ। ਕੀ ਗੱਲ ਏ। ਇਹ ਠੇਕਾ ਇਕ ਦੋ ਦਿਨ ਤਕ ਖਜ਼ਾਨੇ ਵਿਚ ਜਮਾ ਨਾ ਹੋਇਆ ਤਾਂ ਫਿਰ ਮਨੀ ਸਿੰਘ ਨੂੰ ਲਾਹੌਰ ਦੀ ਅਦਾਲਤ ਵਿਚ ਹਾਜ਼ਰ ਕੀਤਾ ਜਾਵੇ ਸੰਗਲਾਂ ਵਿਚ ਬੰਨ੍ਹ ਕੇ।

ਰੱਬ ਦਾ ਹੁਕਮ ਤੇ ਮੁੜ ਸਕਦਾ ਸੀ ਪਰ ਕਾਜ਼ੀ ਦਾ ਹੁਕਮ ਖੁਦਾਈ ਹੁਕਮ ਸੀ।

ਅਬਦੁਲ ਰਜ਼ਾਕ ਨੇ ਭਾਈ ਸਾਹਿਬ ਕੋ ਦਸਤ-ਬ-ਦਸਤਾ ਅਰਜ਼ ਆਣ ਕੀਤੀ। ਸਾਨੂੰ ਹੁਕਮ ਮਿਲਿਆ ਏ ਏਸ ਲਈ ਅਸੀਂ ਅਰਜ਼ ਕਰਨ ਆਏ ਹਾਂ।

ਕੀ ਹੁਕਮ ਏ ?

ਜਾਂ ਠੇਕਾ ਤਾਰੋ ਜਾਂ ਸਾਡੇ ਨਾਲ ਲਾਹੌਰ ਚਲੋ। ਅਦਾਲਤ ਵਿਚ ਆਪਣੀ ਚਾਰਾਜੋਈ ਕਰ ਲੈਣ ਲਈ।

ਕਾਹਦਾ ਠੇਕਾ ? ਸਾਡਾ ਠੇਕਾ ਸੀ ਕਿ ਮੇਲਾ ਲਗੇ, ਸੰਗਤਾਂ ਆਉਣ ਤੇ ਦੀਪ ਮਾਲਾ ਹੋਵੇ ਤੇ ਅਸੀਂ ਠੇਕਾ ਤਾਰਾਂਗੇ ਪਰ ਤੁਸਾਂ ਤੇ ਫੌਜ ਦੀ ਘੜਮਸ ਸ਼ੁਰੂ ਕਰ ਦਿਤੀ। ਅੰਮ੍ਰਿਤਸਰ ਵਿਚ ਤੇ ਘੋੜੇ ਨਸ ਰਹੇ ਸਨ। ਮੇਲੇ ਕੌਣ ਆਏ। ਜਦ ਮੇਲਾ ਈ ਨਈਂ ਹੋਇਆ ਤਾਂ ਠੇਕਾ ਕਿਸ ਗਲ ਦਾ। ਭਾਈ ਸਾਹਿਬ ਦੇ ਬੋਲ ਉਭਰੇ।

ਇਹਦਾ ਫੈਸਲਾ ਸਿਰਫ ਲਾਹੌਰ ਦਰਬਾਰ ਈ ਕਰ ਸਕਦੈ। ਅਸੀਂ ਤੇ ਮੁਲਾਜਮ ਆਂ। ਗੋਲੀ ਕਿਹਦੀ ਤੇ ਗਹਿਣੇ ਕੀਹਦੇ। ਅਸੀਂ ਤੇ ਹੁਕਮ ਦੇ ਬੱਧੇ ਹਾਂ।

ਚਿੱਟਾ ਜਵਾਬ ਲੈਕੇ ਗਏ ਲਾਹੌਰ ਦੇ ਅਹਿਲਕਾਰ। ਦੂਜਾ ਹੁਕਮ ਸੀ ਗ੍ਰਿਫਤਾਰੀ ਦਾ। ਬਸ ਫੌਜ ਨੇ ਕਿਸੇ ਦੀ ਕੋਈ ਗੱਲ ਨਾ ਸੁਣੀ। ਕੋਈ ਦਾਦ ਨਈਂ ਸੀ ਕੋਈ ਫਰਿਆਦ ਨਈਂ ਸੀ। ਗ੍ਰਿਫਤਾਰ ਕਰ ਲਿਆ ਮੰਨੀ ਸਿੰਘ ਨੂੰ। ਹਰਿਮੰਦਰ ਭਾਂ ਭਾਂ ਕਰ ਰਿਹਾ ਸੀ। ਸੁਆਲ, ਜਵਾਬ ਸ਼ੁਰੂ ਹੋਏ ਲਾਹੌਰ ਵਿਖੇ। ਸੂਬੇਦਾਰ ਬੋਲਿਆ ਜਾਮਨ ਦੇ ਕਹਿਣ 'ਚ ਅਸਾਂ ਠੇਕਾ ਮੰਨਿਆ ਸੀ। ਤੁਸਾਂ ਮੇਲਾ ਵੀ ਕਰਵਾ ਲਿਆ। ਉਗਰਾਹੀ ਵੀ ਇਕੱਠੀ ਕਰ ਲਈ ਏ, ਡਕਾਰ ਗਏ ਓ ਤੇ ਸਾਨੂੰ ਠੂਠ ਵਿਖਾ ਦਿਤਾ ਏ।

ਮੇਲਾ ਤੇ ਹੋਇਆ ਈ ਨਈਂ। ਮੇਲਾ ਤੇ ਤੁਹਾਡੀ ਫੌਜ ਦਾ ਸੀ। ਸਾਡਾ ਤੇ ਕੋਈ ਬੰਦਾ ਫ਼ਰਦਾ ਅੰਮ੍ਰਿਤਸਰ ਈ ਨਈਂ ਆਇਆ।

ਮੈਂ ਇਸ ਗਲ ਦਾ ਜੁੰਮੇਂਵਾਰ ਨਈਂ। ਮੈਨੂੰ ਸਿਰਫ ਠੇਕਾ ਚਾਹੀਦਾ ਹੈ। ਕਾਗਜ਼ਾਂ ਦਾ ਢਿਡ ਭਰਨਾ ਮੈਂ। ਮੈਂ ਵੀ ਕਿਸੇ ਦਾ ਨੌਕਰ ਹਾਂ।

ਠੇਕਾ ਅਸੀਂ ਦੇ ਨਈਂ ਸਕਦੇ। ਸਾਡੇ ਕੋਲ ਫੁਟੀ ਕੌਡੀ ਵੀ ਨਈਂ ਏ।

ਜ਼ਬਾਨ ਕਰਕੇ ਬੇਈਮਾਨ ਹੋ ਗਏ ਓ।

ਸਿੰਘ ਜ਼ਬਾਨ ਕਰਕੇ ਨਈਂ ਫਿਰਦਾ। ਤੁਸੀਂ ਝੂਠ ਆਖਦੇ ਓ।

ਮੈਂ ਜ਼ਿਆਦਾ ਬਕਵਾਸ ਸੁਣਨ ਦਾ ਆਦੀ ਨਹੀਂ। ਮੈਂ ਸਿਰਫ ਇਕੋ ਗਲ ਚਾਹੁੰਦਾ ਹਾਂ

ਠੇਕਾ। ਠੇਕਾ ਨਹੀਂ ਤੇ ਕਾਜ਼ੀ ਦਾ ਫਤਵਾ ਸੁਣੋ। ਕਾਜ਼ੀ ਦਾ ਕੌਲ ਏ ਆਪਣਾ ਮਜ਼ਹਬ ਛਡ ਦਿਉ। ਸੂਬੇਦਾਰ ਦੇ ਬੋਲ ਸਨ।

ਕਿਹੇ ਸਿੰਘ ਨੇ ਅਜ ਤਕ ਮਜ਼ਹਬ ਛਡਿਆ ਏ ? ਫਿਰ ਤੁਸੀਂ ਮੈਥੋਂ ਇਹ ਉਮੀਦ ਕਿਵੇਂ ਰਖਦੇ ਓ? ਬੋਲ ਮਨੀ ਸਿੰਘ ਦੇ ਸਨ।

ਇਕ ਸ਼ਰਤ ਤੇ, ਮੁਸਲਮਾਨ ਬਣ ਜਾਓ। ਵੇਖ ਲਓ ਕਿੰਨੀ ਅਸਾਨ ਤੇ ਹਮਦਰਦੀ ਵਾਲੀ ਗਲ ਏ ਤੇ ਜੇ ਤੁਸਾਂ ਨੰਨਾ ਈ ਪੜ੍ਹ ਲਿਆ ਏ ਤਾਂ ਕਤਲ ਲਈ ਤਿਆਰ ਹੋ ਜਾਓ। ਤੀਸਰਾ ਹੋਰ ਕੋਈ ਰਾਹ ਨਹੀਂ। ਜੇ ਤੁਸਾਂ ਹੁਣ ਵੀ ਹੀਲ ਹੁਜਤ ਕੀਤੀ ਤਾਂ ਮੈਂ ਬੰਦ ਬੰਦ ਕਟਵਾ ਦੇਣ ਦਾ ਹੁਕਮ ਸਾਦਰ ਕਰਾਂਗਾ। ਤੁਸਾਂ ਕਾਫਰਾਂ ਨੇ ਸਾਡੀ ਜਾਨ ਕੁੜਿਕੀ ਵਿਚ ਫਸਾ ਦਿਤੀ ਏ। ਸਾਡਾ ਜੀਉਣਾ ਔਖਾ ਕਰ ਛਡਿਆ ਏ।

ਇਹ ਖਬਰ ਲਾਹੌਰ ਵਿਚ ਫੈਲ ਗਈ। ਬੜਾ ਦੁਖ ਹੋਇਆ ਲਾਹੌਰ ਦੇ ਸਹਿਜ ਧਾਰੀ ਹਿੰਦੂ ਤੇ ਉਹਨਾਂ ਸਿੱਖਾਂ ਨੂੰ ਜਿਹੜੇ ਸਰਕਾਰੀ ਅਹਿਲਕਾਰ ਸਨ। ਉਹਨਾਂ ਚੋਰੀ ਚੋਰੀ ਠੇਕੇ ਦੀ ਰਕਮ ਇਕਠੀ ਕੀਤੀ ਤੇ ਜਾ ਕੇ ਸੂਬੇਦਾਰ ਦੇ ਅੱਗੇ ਢੇਰੀ ਕਰ ਦਿਤੀ।

ਇਹ ਕੀ ?

ਭਾਈ ਸਾਹਿਬ ਦਾ ਠੇਕਾ ਅਸੀਂ ਲਾਹੌਰ ਚੋਂ ਇਕਠਾ ਕੀਤਾ ਏ, ਸਰਕਾਰ ਰਕਮ ਜਮਾਂ ਕਰ ਲਏ।

ਉਲਟਾ ਚੋਰ ਕੁਤਵਾਲ ਕੋ ਡਾਂਟੇ। ਸਾਡੀ ਬਿੱਲੀ ਤੇ ਸਾਨੂੰ ਈ ਮਿਆਊਂ। ਸਾਡੇ ਦਰਬਾਰ ਚੋਂ ਰਕਮ ਇਕਠੀ ਕੀਤੀ ਤੇ ਸਾਨੂੰ ਈ ਦੇ ਰਹੇ ਓ। ਦਿਨੇ ਈ ਸਾਡੀਆਂ ਅੱਖਾਂ ਵਿਚ ਧੂੜ ਪਾ ਰਹੇ ਹੋ।

ਭਾਈ ਸਾਹਿਬ ਨੇ ਸਾਫ ਇਨਕਾਰ ਕਰ ਦਿਤਾ, ਅਸਾਂ ਠੇਕਾ ਨਹੀਂ ਤਾਰਨਾ ਇਹ ਗਲ ਅਸੂਲ ਦੀ ਏ। ਗੁਸਤਾਖੀ ਹਦ ਤੋਂ ਵਧ ਰਹੀ ਏ। ਇਹ ਕਾਫਰ ਮੰਨਣ ਵਾਲਾ ਨਹੀਂ। ਫਤਵਾ ਆਇਦ ਕੀਤਾ ਜਾਏ।

ਸਿੰਘ ਤਿਆਰ ਏ।

ਸਰਕਾਰ ਨੂੰ ਤੇ ਰਕਮ ਚਾਹੀਦੀ ਏ, ਭਾਵੇਂ ਕੋਈ ਤਾਰੇ। ਤੁਹਾਡੇ ਖਜ਼ਾਨੇ ਰਕਮ ਜਮ੍ਹਾਂ ਹੋ ਗਈ ਤੇ ਤੁਹਾਡੇ ਨਾਂ ਦੇ ਝੰਡੇ ਗਡੇ ਗਏ ਸਰਕਾਰੇ ਦਰਬਾਰੇ। ਇਹ ਰਕਮ ਹਜ਼ੂਰ ਨੂੰ ਕਬੂਲ ਕਰ ਲੈਣੀ ਚਾਹੀਦੀ ਏ, ਲਾਹੌਰ ਦਾ ਇਕ ਪਤਵੰਤਾ ਆਖ ਰਿਹਾ ਸੀ।

ਅਗੋਂ ਭਾਈ ਮਨੀ ਸਿੰਘ ਬੋਲ ਉਠਿਆ। ਗਲ ਰਕਮ ਤਾਰਨ ਦੀ ਨਹੀਂ। ਗੱਲ ਅਸੂਲ ਦੀ ਏ। ਜੁਰਮਾਨਾ ਤਾਰਨਾ ਗੁਰੂ ਘਰ ਦਾ ਨੇਮ ਈ ਨਹੀਂ। ਕੋਈ ਗੁਨਾਹ ਕੀਤਾ ਹੋਵੇ ਤੇ ਕੋਈ ਜੁਰਮਾਨਾ ਵੀ ਕਬੂਲੇ, ਸਾਡਾ ਕੀ ਗੁਨਾਹ ਏ, ਏਨਾ ਹੀ ਕਿ ਅਸੀਂ ਮੇਲਾ ਕਰ ਰਹੇ ਹਾਂ ਆਪਣੇ ਗੁਰੂ ਦੇ ਚਰਨਾਂ ਵਿਚ ਸੀਸ ਨਿਵਾਉਣ ਲਈ। ਇਹ ਜੁਰਮ ਏ। ਕੀ ਹਕੂਮਤ ਪੰਜ ਵਕਤ ਨਮਾਜ਼ ਨਹੀਂ ਪੜ੍ਹਦੀ? ਖੁਦਾ ਦਾ ਸ਼ੁਕਰਾਨਾ ਇਹ ਅਦਾ ਨਹੀਂ ਕਰਦੇ। ਰਬ ਨੇ ਬੰਦਾ ਪੈਦਾ ਕੀਤਾ ਉਹਨੂੰ ਅਸ਼ਰੂਫੁਲ ਮਖਮਲੂਕਾਤ ਬਣਾਇਆ। ਬੰਦਾ ਇੰਨਾ ਹੀ ਬੇਗੈਰਤਾ ਏ ਕਿ ਆਪਣੇ ਮਾਲਕ ਅਗੇ ਸਿਰ ਨਾ ਝੁਕਾਵੇ।

ਇਹ ਡੰਨ ਏ, ਅੰਮ੍ਰਿਤਸਰ ਤੇ। ਤੁਸਾਂ ਵਾਅਦਾ ਖਿਲਾਫੀ ਕੀਤੀ ਏ। ਇਹ ਹਕੂਮਤ ਲਈ ਸਿਧੀ ਬਗਾਵਤ ਏ। ਏਸ ਲਈ ਜੁਰਮਾਨਾ ਤਾਰਨਾ ਈ ਪਊ। ਬੋਲ ਹਾਕਮ ਦੇ ਸਨ। ਹਰਿਮੰਦਰ ਤੇ ਕੋਈ ਕਰ, ਕੋਈ ਜੁਰਮਾਨਾ, ਕੋਈ ਡੰਨ ਕਬੂਲ ਨਹੀ ਕੀਤਾ ਜਾ ਸਕਦਾ। ਇਹ

ਸਾਡੇ ਅਸੂਲ ਦੇ ਖਿਲਾਫ ਏ। ਅਸਾਂ ਇਹ ਗਲ ਨਈਂ ਮੰਨਣੀ। ਭਰਾਓ ਤੁਸੀਂ ਆਪਣੀ ਰਕਮ ਘਰ ਲੈ ਜਾਓ ਮੈਂ ਆਪੇ ਇਹਨਾਂ ਨਾਲ ਸਿਝਾਂਗਾ। ਗੁਰੂ ਤੁਹਾਡਾ ਭਲਾ ਕਰੇ। ਪੰਥ ਦੀ ਇਜ਼ਤ ਨੂੰ ਦਾਗ ਨਈਂ ਲਗਣ ਦੇਣਗੇ ਪੰਜਾਬੀ। ਹਨੇਰ ਸਾਈਂ ਦਾ ਐਡਾ ਵਡਾ ਧੋਖਾ ਤੇ ਉਤੋਂ ਸੀਨਾ ਜ਼ੋਰੀ। ਇਹੋ ਗਲ ਤਾਂ ਅਸਾਂ ਖਤਮ ਕਰਨੀ ਏ ਰਕਮ ਤਾਰਨੀ ਕੋਈ ਐਡੀ ਵਡੀ ਗਲ ਨਈਂ।

ਪੱਤ ਲਥ ਜਾਏ, ਇਹ ਸਾਡੇ ਸਾਰੇ ਲਾਹੌਰ ਦੀ ਬਦਨਾਮੀ ਏ। ਚੁਕ ਕੇ ਲੈ ਜਾਓ ਆਪਣੀ ਰਕਮ ਲਾਹੌਰ ਵਾਲੇ ਠੇਕਾ ਨਈਂ ਤਾਰ ਸਕਦੇ। ਇਹ ਹਕੂਮਤ ਦਾ ਮੁਜਰਮ ਏ। ਬਾਗੀ ਏ। ਪਹਿਲਾਂ ਇਹਦੇ ਬੰਦ ਬੰਦ ਕਟਵਾਓ ਤੇ ਫਿਰ ਇਹਨੂੰ ਤੜਫਾ ਕੇ ਕਤਲ ਕੀਤਾ ਜਾਏ। ਇਹਨਾਂ ਕਾਫਰਾਂ ਨੇ ਮੌਤ ਨੂੰ ਈ ਖੇਲ ਸਮਝ ਰਖਿਆ। ਇਹਨਾਂ ਕੰਬਖਤਾਂ ਦੀ ਖਲੜੀ ਵਿਚ ਰਤੀ ਭਰ ਭੈਅ ਨਈਂ। ਹਾਕਮ ਨੇ ਹੁਕਮ ਲਿਖਿਆ ਤੇ ਕਲਮ ਤੋੜ ਦਿਤੀ।

ਜੱਲਾਦ ਆ ਗਏ। ਸਰੇ ਬਾਜ਼ਾਰ ਜਲਾਦਾਂ ਬਾਂਹ ਤੋਂ ਫੜ ਕੇ ਧੂਹ ਲਿਆ ਭਾਈ ਮਨੀ ਸਿੰਘ।

ਇਕ ਜਲਾਦ ਬੋਲਿਆ ਬਾਂਹ ਇਧਰ ਲਿਆ।

ਕਿਉਂ ਕੀ ਗਲ ਏ?

ਅ-ਾਂ ਬਾਂਹ ਵਢਣੀ ਏਂ।

ਨਈਂ ਸਜਣਾਂ ਏਸ ਤਰ੍ਹਾਂ ਨਈਂ। ਤੁਹਾਨੂੰ ਬੰਦ ਬੰਦ ਕਟਣ ਦਾ ਹੁਕਮ ਮਿਲਿਆ ਏ। ਪਹਿਲਾਂ ਪੋਟਾ ਵਢੋ, ਫਿਰ ਗੁਟ, ਫਿਰ ਡੌਲਾ ਤੇ ਫਿਰ ਬਾਂਹ ਵਢਣੀ। ਹੁਕਮ ਅਦੂਲੀ ਨਈਂ ਕਰੀਦੀ। ਹੁਕਮ ਮੰਨਣ ਦੀ ਜਾਚ ਸਿਖੋ।

ਜਾ ਅੱਲਾ ਰਹਿਮ ਕਰ।

ਇਹ ਬੰਦੇ ਹਨ ਜਾਂ ਫਰਿਸ਼ਤੇ। ਜੱਲਾਦ ਕੰਨਾਂ ਨੂੰ ਹਥ ਲਾ ਰਹੇ ਸਨ।

ਪਹਿਲਾਂ ਪੋਟਾ ਵਢਿਆ ਤੇ ਫਿਰ ਗੁਟ ਤੇ ਫਿਰ ਡੌਲਾ ਤੇ ਫਿਰ ਬਾਂਹ ਦੀ ਵਾਰੀ ਆਈ। ਇਸੇ ਤਰ੍ਹਾਂ ਪੈਰਾਂ ਦੇ ਅੰਗੂਠੇ, ਉਂਗਲੀਆਂ ਤੇ ਫਿਰ ਗਿੱਟਾ, ਗੋਡਾ ਤੇ ਫਿਰ ਪੱਟ। ਧੜ ਨੂੰ ਫਿਰ ਵੱਖ ਕਰਨਾ ਸੀ। ਗਰਦਨ ਵਿਚ ਵਢੀ ਜਾਣੀ ਸੀ। ਪਰ ਧੰਨ ਗੁਰੂ ਦੇ ਸਿੰਘ ਕਿਤੇ ਸੀ ਨਾ ਕੀਤੀ। ਕਿਤੇ ਅਥਰੂ ਨਾ ਕੇਰੇ। ਹਸਦਿਆਂ ਹਸਦਿਆਂ ਮੌਤ ਨੂੰ ਗਲਵਕੜੀ ਪਾ ਲਈ। ਸਿਰ ਧੜ ਤੋਂ ਜੁਦਾ ਕਰ ਦਿਤਾ ਗਿਆ।

ਇਹ ਸ਼ਹੀਦੀ ਸੁਣ ਕੇ ਸਾਰੇ ਪੰਜਾਬ ਦਾ ਦਿਲ ਧੜਕਿਆ, ਦਿਲ ਡੋਲਿਆ, ਅੱਖਾਂ ਵਿਚ ਲਹੂ ਉਤਰਿਆ ਜੋਸ਼ ਨੇ ਉਬਾਲਾ ਖਾਧਾ। ਸਾਰੇ ਪੰਜਾਬ ਦਾ ਖੂਨ ਖੌਲ ਗਿਆ। ਹਨੇ-ਰੀਆਂ ਚੜ੍ਹ ਰਹੀਆਂ ਸਨ। ਕੁਝ ਹੋਣ ਵਾਲਾ ਸੀ।

ਤੂਫਾਨ ਜਨਮ ਲੈ ਰਿਹਾ ਸੀ, ਸ਼ਹੀਦਾਂ ਦੇ ਲਹੂ ਵਿਚੋਂ। ਕਖਾਂ ਥੱਲੇ ਅਗ ਧਰੀ ਜਾ ਰਹੀ ਸੀ।

ਸਮਝੌਤਾ

ਸ਼ਹੀਦੀਆਂ ਪਾਉਣੀਆਂ ਵੀ ਸਿੰਘਾਂ ਦੇ ਹਿੱਸੇ ਆਈਆਂ ਸਨ, ਜਿੰਘਾਂ ਸਰਾਘਾ ਸੁਖਿਆ ਹੋਇਆ ਸੀ। ਏਸ ਕੰਭ ਵਿਚ ਕੋਈ ਹਿੰਦੂ ਅਗੇ ਨਈਂ ਸੀ ਆਉਂਦਾ। ਸਵਾਲ ਕੀਤਾ ਮਨਸਾ ਸਿੰਘ ਨੇ।

ਬਿਜਲਾ ਸਿੰਘ ਨੇ ਜਵਾਬ ਦਿਤਾ ਆਉਂਦੇ ਕਿਉਂ ਨਈ ਸਨ। ਉਹਨਾਂ ਦਾ ਨਾ ਸਰ-ਕਾਰੀ ਕਾਗਜਾਂ ਤੇ ਚੜ੍ਹਦਾ ਨਈਂ ਸੀ। ਹਿੰਦੂ ਤੇ ਘੜੇ ਦੀ ਮੱਛੀ ਸਨ। ਘਰ ਦੀ ਕੁਕੜੀ ਦਾਲ ਬਰੋਬਰ ਜਦ ਜੀ ਕੀਤਾ ਜਦੋਂ ਦਿਲ ਆ ਗਿਆ ਜਿਬਾਹ ਕਰ ਲਈ। ਹਕੂਮਤ ਹਿੰਦੂ ਦੇ ਕਤਲ ਨੂੰ ਕੋਈ ਸਨਮਾਨ ਨਈਂ ਸੀ ਦਿੰਦੀ। ਮੂਜੀ ਮਾਰ ਲਿਆ ਜਾਂ ਹਿੰਦੂ ਮਾਰ ਲਿਆ ਇਕੋ ਗੱਲ ਸੀ। ਹਿੰਦੂਆਂ ਨੂੰ ਹਕੂਮਤ ਬੁਜ਼ਦਿਲ ਸਮਝਦੀ। ਹਿੰਦੂ ਵੀ ਖੈਰ ਖਾਹ ਸਨ ਹਕੂਮਤ ਦੇ ਭਾਵੇਂ ਅੰਦਰ ਖਾਤੇ ਉਹਨਾਂ ਦੀ ਹਮਦਰਦੀ ਸਿਖਾਂ ਨਾਲ ਸੀ, ਪਰ ਜ਼ਾਹਿਰਾ ਉਹ ਹਕੂਮਤ ਦਾ ਦਮ ਭਰਦੇ। ਸਿੰਘਾਂ ਤੇ ਹਿੰਦੂਆਂ ਦਾ ਆਪਸ ਵਿਚ ਸਮਝੌਤਾ ਸੀ ਤਾਹੀਉਂ ਤੇ ਸਿੰਘ ਫਲਦੇ ਫੁਲਦੇ ਸਨ। ਐਵੇਂ ਨਈਂ ਸਨ ਕੌੜੀ ਵੇਲ ਵਾਂਗ ਵਧ ਰਹੇ। ਹਿੰਦੂ ਈ ਤਾਂ ਇਹਨਾਂ ਨੂੰ ਗਲ ਨਾਲ ਲਾਉਂਦੇ। ਆਪਣੇ ਘਰ ਛੁਪਾ ਕੇ ਰਖਦੇ। ਅੰਨ ਦੇ ਭੰਡਾਰੇ ਹਿੰਦੂਆਂ ਦੀਆਂ ਈ ਭੜੋਲੀਆਂ ਪੂਰੀਆਂ ਕਰਦੀਆਂ। ਰਾਤ ਬਰਾਤੇ ਇਹ ਈ ਨਿਤਰ ਦੇ। ਸਿੰਘ ਤੇ ਬਦਨਾਮ ਸਨ ਜਿਹੜਾ ਮੋਹਰੇ ਲਗੇ ਓਹੋ ਹਕੂਮਤ ਦਾ ਬਾਗੀ। ਘਰ ਨਾ ਕੁਲਾ, ਥਾਂ ਨਾ ਥੱਥਾ। ਘਰ ਗ੍ਰਿਹਿਸਥੀ ਵਾਲੀ ਤਾਂ ਕੋਈ ਗੱਲ ਈ ਨਈਂ ਸੀ। ਹਿੰਦੂ ਹਕੂਮਤ ਦੀਆਂ ਅੱਖਾਂ ਵਿਚ ਕਜਲਾ ਪਾ ਦਿੰਦੇ ਤੇ ਹਕੂਮਤ ਮਟਕਾਉਂਦੀ ਰਹਿੰਦੀ। ਜ਼ਰਾ ਕੂ ਹਕੂਮਤ ਅਵੇਸਲੀ ਹੋਈ ਹਿੰਦੂਆਂ ਨੇ ਸਿੰਘਾਂ ਨੂੰ ਉਸ਼ਕਲ ਦੇ ਦਿਤੀ ਤੇ ਸਿੰਘਾਂ ਦਾ ਦਾਅ ਲਗ ਗਿਆ। ਸਿੰਘਾਂ ਦੀ ਕੰਡ ਤੇ ਹਿੰਦੂਆਂ ਦਾ ਈ ਹਥ ਸੀ। ਹੋਰ ਕਿਹੜੀ ਮਾਂ ਨੂੰ ਮਾਸੀ ਆਖ ਸਕਦੇ ਸਨ। ਜਿਹੜੇ ਹਿੰਦੂ ਸਿੰਘ ਦਾ ਅਸਰ ਕਬੂਲ ਲੈਂਦੇ ਉਹ ਸਹਿਜਧਾਰੀ ਆਖੇ ਜਾਂਦੇ। ਸਹਿਜਧਾਰੀ ਵੀ ਹਕੂਮਤ ਦੀਆਂ ਅੱਖਾਂ ਵਿਚ ਰੜਕਦਾ ਪਰ ਹਕੂਮਤ ਏਨੀ ਅਕਲਮੰਦ ਜ਼ਰੂਰ ਸੀ ਕਿ ਉਹ ਆਪਣੇ ਚੁਗਿਰਦੇ ਵੈਰੀ ਈ ਵੈਰੀ ਨਈਂ ਸੀ ਇਕਠੇ ਕਰਨਾ ਚਾਹੁੰਦੀ। ਚੌਧਰੀ, ਖੜਪੈਂਚ, ਸਿਰ ਕਢ ਮੁਸਲਮਾਨ ਜੋ ਗਲਤੀ ਨਾਲ ਜਾਂ ਰੰਜਸ਼ ਨਾਲ ਹਿੰਦੂ ਨੂੰ ਕਤਲ ਕਰ ਦਿੰਦਾ ਤਾਂ ਸੂਬੇ ਵਲੋਂ ਉਹਨੂੰ ਇਨਾਮ ਨਾ ਮਿਲਦਾ ਸਗੋਂ ਝਿੜਕਾਂ ਦੀ ਪੰਡ ਬੰਨ ਕੇ ਘਰ ਮੁੜਦਾ ਤੇ ਸਾਰੇ ਇਲਾਕੇ ਵਿਚ ਵਾਧੂ ਬਦਨਾਮ ਵੀ ਹੋ ਜਾਂਦਾ। ਵੈਸੇ ਮੁਸਲਮਾਨ ਤੇ ਹਿੰਦੂਆਂ ਦੀਆਂ ਬੁਰਕੀਆਂ ਸਾਂਝੀਆਂ ਸਨ ਕਿਉਂਕਿ ਅਸਲ ਵਿਚ ਉਹ ਦੋਵੇਂ ਦੁਖੀ ਸਨ। ਜ਼ੁਲਮ ਦੋਵਾਂ ਤੇ ਇਕੱਠਾ ਹੁੰਦਾ। ਕੁੜੀਆਂ ਜੇ ਹਿੰਦੂਆਂ ਦੀਆਂ ਚੁਕੀਆਂ ਜਾਂਦੀਆਂ ਸਨ ਤਾਂ

ਮੁਸਲਮਾਨਾਂ ਦੀ ਵੀ ਕੋਈ ਕੁੜੀ ਕੋਰੀ ਤੇ ਕੁਆਰੀ ਨਹੀਂ ਸੀ ਵਿਆਹੀ ਜਾਂਦੀ। ਆਮ ਜੰਤਾ ਹਕੂਮਤ ਤੋਂ ਬਦਜ਼ਨ ਸੀ। ਕੁਝ ਟਾਵੇਂ ਟਾਵੇਂ ਬੰਦੇ ਹਕੂਮਤ ਦਾ ਗੁਣ ਗਾਉਂਦੇ ਸਨ। ਗੁਲਛਰੇ ਸਿਰਫ ਉਹਨਾਂ ਦੇ ਘਰ ਈ ਉਡਦੇ। ਬਾਕੀ ਤੇ ਮੁਸਲਮਾਨਾਂ ਦੇ ਘਰ ਭੰਗ ਈ ਭੁਜਦੀ, ਰਵਾ ਚਪਣੀ ਤੇ ਰਵਾ ਠੂਠਾ। ਸਿੰਘਾਂ ਦੇ ਭੁਲੇਖੇ ਹਿੰਦੂ ਵੀ ਸੂਲੀ ਚੜ ਜਾਂਦਾ ਤੇ ਮੁਸਲਮਾਨ ਵੀ ਕਤਲ ਹੋ ਜਾਂਦਾ। ਅੰਨਾ ਸ਼ਰਾਬੀ ਹੋਇਆ ਅਹਿਲਕਾਰ ਇਹ ਨਹੀਂ ਸੀ ਦੇਖਦਾ ਕਿ ਇਹ ਸਿੰਘ ਹਨ ਜਾਂ ਮੁਸਲਮਾਨ ਫਕੀਰ। ਉਹ ਨੂੰ ਤੇ ਸਿਰ ਚਾਹੀਦਾ ਸੀ। ਸਿਰ ਵੇਖਣ ਵਾਲੇ ਕਿਹੜੇ ਇਕ ਇਕ ਕਰਕੇ ਦੇਖਦੇ ਸਨ। ਕਿੰਨੇ ਸਿਰ ਹਨ, ਪੰਜ ! ਆਹ ਲਉ ਰਸੀਦ ਤੇ ਖਜ਼ਾਨੇ ਚੋਂ ਰਕਮ ਲੈ ਜਾ।

ਤਾਂ ਤੇ ਬਕਰੀਆਂ ਨਾਲੋਂ ਸਿੰਘ ਜ਼ਿਆਦਾ ਸ਼ਹੀਦ ਹੁੰਦੇ ਹੋਣਗੇ। ਬੋਲ ਧਾਰਾ ਸਿੰਘ ਦੇ ਸਨ।

ਜ਼ਕਰੀਆ ਖਾਂ ਨੇ ਇਕ ਵਾਰ ਸਿਰ ਇਕਠੇ ਕਰਕੇ ਇਕ ਢੇਰ ਲਾ ਦਿਤਾ। ਉਹ ਢੇਰ ਇੰਨਾ ਉਚਾ ਹੋ ਗਿਆ ਕਿ ਇਕ ਮਿਨਾਰ ਬਣ ਗਿਆ ਤੇ ਹਾਕਮਾਂ ਨੇ ਸੂਬੇ ਨੂੰ ਵਿਖਾਇਆ। ਸੂਬੇ ਦੇ ਹੱਥਾਂ ਦੇ ਤੋਤੇ ਉਡ ਗਏ ਕਿ ਇਹ ਗੁਨਾਹ ਏ। ਇਹ ਖੁਦਾ ਦਾ ਕਹਿਰ ਏ। ਵੇਖੀਂ ਜ਼ਕਰੀਆ ਖਾਂ ਇਹਨਾਂ ਸਿੰਘਾਂ ਨੇ ਤੈਨੂੰ ਕੱਚਾ ਈ ਖਾ ਜਾਣੈ। ਇਹ ਸਾਰੇ ਸਿਰ ਸਿੰਘਾਂ ਦੇ ਹਨ। ਨਾ ਹੋ ਨਈਂ ਸਕਦੇ। ਇਹ ਸਭ ਝੂਠ ਏ। ਇਕ ਇਕ ਸਿਰ ਦਸ ਦਸ ਵਾਰ ਵਿਖਾਇਆ ਜਾਂਦਾ ਤੇ ਦਸ ਦਸ ਵਾਰ ਖਜ਼ਾਨੇ ਤੋਂ ਰਕਮ ਅਟੇਰੀ ਜਾਂਦੀ। ਗਜ਼ਬ ਰਬ ਦਾ। ਏਨੇ ਸਿਰ ਇਕਠੇ ਹੋਣ ਤੇ ਸਿਖ ਅਜੇ ਵੀ ਪੰਜਾਬ 'ਚ ਹਰਲ ਹਰਲ ਕਰਦੇ ਫਿਰਦੇ ਹੋਣ। ਤੁਸੀਂ ਇਕ ਸਿਰ ਵਢ ਦਿਓ ਇਹ ਦੂਣ ਸਵਾਏ ਹੁੰਦੇ ਜਾਂਦੇ ਹਨ। ਇਹਨਾਂ ਦੀ ਜਿਨਸ ਈ ਵਖਰੀ ਏ। ਬੋਲ ਸੂਦਾ ਮਲਤਾਨ ਦੇ ਸਨ।

ਇਹਦਾ ਮਤਲਬ ਏ ਕਿ ਸਾਰੀ ਗੱਲ ਸਮਝਦੇ ਸਨ ਹਾਕਮ ਪਰ ਫਿਰ ਵੀ ਅੱਖੋਂ ਅੰਨ੍ਹੇ ਤੇ ਕੰਨੋਂ ਬੋਲੇ ਸਨ। ਕਾਰਵਾਈ ਵਿਖਾਉਣੀ ਸੀ ਏਸ ਲਈ ਅੰਨ੍ਹੇ ਨੂੰ ਬੋਲਾ ਘਸੀਟੀ ਜਾ ਰਿਹਾ ਸੀ। ਆਖਣ ਲਗਾ ਮਨਸਾ ਸਿੰਘ।

ਸਜਣਾ ਹਕੂਮਤਾਂ ਦੇ ਕੰਮ ਇਸੇ ਤਰ੍ਹਾਂ ਈ ਚਲਦੇ ਨੇ। ਏਥੇ ਸਚ ਨੂੰ ਝੂਠ ਤੇ ਝੂਠ ਨੂੰ ਸੱਚ ਕਰਕੇ ਵਿਖਾਉਣਾ ਏਸੇ ਦਾ ਨਾਂ ਈ ਅਹਿਲਕਾਰੀ ਏ। ਹਾਕਮ ਖੁਸ਼ ਤਾਂ ਰਬ ਰਾਜ਼ੀ। ਬਿਜਲਾ ਸਿੰਘ ਦੀ ਅਵਾਜ਼ ਸੀ।

ਆਪਣੀ ਗਲ ਤੇ ਫਿਰ ਵਿਚ ਈ ਰਹਿ ਗਈ।

ਗਲ ਤੇ ਹਿੰਦੂ ਦੀ ਸੀ ਨਾ ਸਜਣਾ। ਪੰਜਾਬ ਦਾ ਹਰ ਘਰ, ਪੰਜਾਬ ਦੀ ਹਰ ਚੁਗਾਠ ਆਪਣਾ ਵੱਡਾ ਪੁਤ ਸਿਖ ਬਣਾਉਂਦੀ ਤੇ ਉਹੋ ਮੁੰਡਾ ਜਥੇ ਵਿਚ ਰਲ ਕੇ ਸਿੰਘ ਬਣ ਜਾਂਦਾ। ਉਨ੍ਹਾਂ ਨੂੰ ਹਕੂਮਤ ਲੁਟੇਰੇ ਆਖਦੀ ਤੇ ਚੋਰਾਂ ਦੇ ਨਾਂ ਨਾਲ ਸਦਦੀ। ਕੀ ਇਹ ਸਿੰਘ ਹਿੰਦੂ ਨਈਂ। ਇਹ ਸਾਰਾ ਪ੍ਰਤਾਪ ਈ ਹਿੰਦੂਆਂ ਦਾ ਏ। ਇਹਨਾਂ ਦੇ ਸਿਰਾਂ ਤੇ ਈ ਬੜਕਾਂ ਮਾਰਦੇ ਨੇ ਜਥੇ। ਬੰਦਾ ਕਿਲ੍ਹੇ ਤੇ ਹੀ ਸ਼ੇਰ ਹੁੰਦਾ ਏ। ਹਰ ਕੰਮ ਤੇ ਪੂਰਾ ਨਾ ਪਾਉਣਾ ਤੇ ਹਰ ਕੰਮ ਨੂੰ ਨੇਪਰੇ ਚੜ੍ਹਾਉਣਾ ਹਰ ਤਰ੍ਹਾਂ ਦੀ ਮਦਦ ਕਰਨੀ ਇਹ ਹਿੰਦੂਆਂ ਦਾ ਹਿੱਸਾ ਏ। ਸਜਣਾ ਜਿਹੜਾ ਸਾਹਮਣੇ ਆ ਗਿਆ ਉਹੋ ਹਕੂਮਤ ਦਾ ਵੈਰੀ ਬਾਕੀ ਤਾਂ ਸਾਰੇ ਸੀਲ ਮੁਰਗ ਸਨ। ਘਰ ਦੀ ਚਾਰ ਦਿਵਾਰੀ ਅੰਦਰ ਸਿੰਘ ਤੇ ਬਾਹਰ ਹਿੰਦੂ ਤਿਲਕਧਾਰੀ। ਇਕ ਸ਼ਹੀਦੀ ਦਾ ਮੈਂ ਜ਼ਿਕਰ ਕਰ ਰਿਹਾ ਹਾਂ। ਮੈਂ ਏਸ ਸ਼ਹੀਦੀ ਨੂੰ ਪਹਿਲੀ ਸ਼ਹਾਦਤ ਮੰਨਦਾ ਹਾਂ। ਪਰ

ਏਸ ਤੋਂ ਇਲਾਵਾ ਵੀ ਕਈ ਸ਼ਹਾਦਤਾਂ ਹਨ ਜਿਨ੍ਹਾਂ ਦਾ ਸਾਨੂੰ ਪਤਾ ਨਈਂ। ਬਿਜਲਾ ਸਿੰਘ ਆਖ ਰਿਹਾ ਸੀ।

ਏਡੀ ਵੱਡੀ ਸ਼ਹਾਦਤ ਕਿਹੜੀ ਹੋਈ ? ਮਨਸਾ ਸਿੰਘ ਬੋਲਿਆ।

ਹਿੰਦੂ ਤੇ ਸਿੰਘਾਂ ਦਾ ਸਾਂਝਾ ਲਹੂ ਪੰਜਾਬ ਦੇ ਪੰਜਾਂ ਦਰਿਆਵਾਂ ਵਿਚ ਵਗ ਰਿਹਾ ਸੀ। ਏਸੇ ਸਾਂਝੇ ਲਹੂ ਨੇ ਇਕ ਦਿਨ ਰੰਗ ਲਿਆਉਣਾ। ਇਹ ਪੁਕਾਰ ਗੂੰਜ ਰਹੀ ਸੀ। ਦੜ ਵਟ ਜ਼ਮਾਨਾ ਕਟ ਭਲੇ ਦਿਨ ਆਉਣਗੇ। ਪੰਜਾਬ ਇੰਤਜ਼ਾਰ ਕਰ ਕਰ ਰਿਹਾ ਸੀ ਉਸ ਦਿਨ ਦਾ ਜਦ ਤੁਹਾਡੇ ਝੰਡਿਆਂ ਦੀਆਂ ਨਦੀਆਂ ਤੁਹਾਡਾ ਈ ਗੀਤ ਗਾਉਣਗੀਆਂ। ਕੋਈ ਰੁਖ ਨਈਂ ਰਹੂ, ਕੋਈ ਬੋਹੜ ਨਈ ਰਹੂ। ਨਈਂ ਰਹਿਣੀ ਏ ਜ਼ਾਲਮ ਸਰਕਾਰ ਨਈਂ ਰਹਿਣੀ।

ਹਕੀਕਤ ਰਾਏ

ਦੁਧ ਦੀਆਂ ਦੰਦੀਆਂ ਅਜੇ ਨਹੀਂ ਸਨ ਟੁਟੀਆਂ। ਵਿਆਹ ਰਚਾ ਦਿਤਾ ਮਾਪਿਆਂ ਨੇ ਹਕੀਕਤ ਦਾ। ਮੇਰਾ ਪੁਤ ਵਡਾ ਹੋਕੇ ਦੀਵਾਨ ਬਣੂ। ਮਾਂ ਹਰ ਵੇਲੇ ਇਹਨਾਂ ਸੁਪਨਿਆਂ ਵਿਚ ਡੁਬੀ ਰਹਿੰਦੀ। ਕਦੀ ਕਦੀ ਪਿਉ ਵੀ ਉਹਦੇ ਹੁੰਗਾਰੇ ਵਿਚ ਹੁੰਗਾਰਾ ਭਰ ਦਿੰਦਾ। ਹਕੀਕਤ ਅਜੇ ਬਾਲ ਹੀ ਸੀ। ਘਰ ਵਹੁਟੀ ਆ ਗਈ। ਉਸ ਅਜੇ ਹਥੋਂ ਗੁਡੀਆਂ ਪਟੋਲੇ ਵੀ ਨਹੀਂ ਸਨ ਛਡੇ। ਹਕੀਕਤ ਨੂੰ ਗੁਲੀ ਡੰਡੇ ਦੀ ਜਾਚ ਨਹੀਂ ਭੁਲੀ। ਮਾਂ ਨੂੰਹ ਵਾਲੀ ਬਣ ਗਈ ਤੇ ਪੁਤ ਗ੍ਰਿਹਸਤੀ। ਪਾਣੀ ਵਾਰ ਕੇ ਪੀਤਾ ਮਾਂ ਨੇ। ਨੂੰਹ ਦੁਆਲੇ ਮਾਂ ਫੂੰਮਣੀਆਂ ਪਾਉਂਦੀ। ਪਰ ਏਧਰ ਹਕੀਕਤ ਸਿੰਘਾਂ ਦੀ ਬਹਿਣੀ ਬਹਿ ਗਿਆ ਸੀ। ਮੇਰਾ ਮਤਲਬ ਜਥੇ ਤੋਂ ਨਹੀਂ। ਸਿਆਲ ਕੋਟ ਵਿਚ ਲੋਕ ਸਿੰਘਾਂ ਨਾਲ ਹਮਦਰਦੀ ਤਾਂ ਰਖਦੇ ਈ ਸਨ। ਗੱਲਾਂ ਤੇ ਸਿੰਘਾਂ ਦੀਆਂ ਛਿੜਦੀਆਂ ਈ ਰਹਿੰਦੀਆਂ ਸਨ। ਹਰ ਚੌਕ ਵਿਚ, ਹਰ ਮਹਿਫਲ ਵਿਚ, ਹਰ ਦੁਕਾਨ ਤੇ ਹਰ ਚੌਸਰ ਦੀ ਬਾਜ਼ੀ ਤੇ ਹੋਰ ਤੇ ਕੋਈ ਕਥਾ ਨਈਂ ਸੀ ਕਹਾਣੀ ਨਹੀਂ ਸੀ ਜਾਂ ਸਿੱਖ ਸਨ ਤੇ ਜਾਂ ਪੰਜਾਬ। ਤੀਜੀ ਗੱਲ ਕੋਈ ਚਿਥਦਾ ਈ ਨਾ। ਹਕੀਕਤ ਬਜ਼ੁਰਗਾਂ ਦੀਆਂ ਗਲਾਂ ਸੁਣ ਸੁਣ ਕੇ ਪੱਕਾ ਹੁੰਦਾ ਗਿਆ। ਮੂੰਹ ਮੁਹਾਂਦਰੇ ਵਲੋਂ ਉਹ ਹਿੰਦੂ ਸੀ ਤੇ ਅੰਦਰੋਂ ਹੌਲੀ ਹੌਲੀ ਪੱਕਾ ਸਿੰਘ ਬਣਦਾ ਗਿਆ। ਉਹਦੇ ਇਰਾਦੇ ਸਿੰਘਾਂ ਨਾਲ ਮੇਲ ਖਾਣ ਲਗ ਪਏ ਸਨ ਪਰ ਮਾਪੇ ਤਾਂ ਹੋਰ ਆਸਾਂ ਲਾਈ ਬੈਠੇ ਸਨ ਹਕੀਕਤ ਰਾਏ ਤੇ। ਮੇਰਾ ਪੁਤ ਦੀਵਾਨ ਬਣੂ ਨਾਮਣਾ ਖਟੂ ਸਰਕਾਰੇ ਦਰਬਾਰੇ। ਪੁਤ ਤੇ ਜੰਮਦਿਆਂ ਈ ਜਵਾਨ ਹੁੰਦੇ ਹਨ। ਮਾਂ ਦਲੀਲਾਂ ਦੀ ਮਿੱਟੀ ਗੋਂਦੀ ਮਹਿਲ ਉਸਾਰਦੀ, ਮਹਿਲ ਢਹਿ ਜਾਂਦੇ। ਬਿਜਲਾ ਸਿੰਘ ਨੇ ਜ਼ਰਾ ਕੁ ਸਾਹ ਲਿਆ।

—ਲੋਕ ਜਾਣ ਬੁਝ ਕੇ ਗੁਲਾਮੀ ਦੀ ਫਟੀ ਗੱਲ ਵਿਚ ਕਿਉਂ ਪਾਉਣ ਲਈ ਤਿਆਰ ਹੋ ਜਾਂਦੇ ਸਨ। ਧਾਰਾ ਸਿੰਘ ਆਖਣ ਲਗਾ।

—ਖਤਰੀ ਦਾ ਪੁਤ ਜਾਂ ਤਕੜੀ ਤੋਲੇ ਜਾਂ ਨੌਕਰੀ ਕਰੇ ਹੋਰ ਕਿਹੜੀਆਂ ਮੁੰਗਲੀਆਂ ਫੇਰਨੀਆਂ ਸੂ। ਵਾਹੀ ਨੂੰ ਉਹ ਦੂਰੋਂ ਈਂ ਸਤ ਸਲਾਮਾਂ ਕਰ ਦਿੰਦੇ। ਏਸ ਲਈ ਹਿੰਦੂ ਨੌਕਰੀ ਨੂੰ ਈ ਉਤਮ ਕਿੱਤਾ ਸਮਝਦੇ। ਭਾਵੇਂ ਮੰਗਿਆ ਖੈਰ ਨਾ ਪਏ ਪਰ ਕਰਨੀ ਨੌਕਰੀ। ਹਕੀਕਤ ਰਾਏ ਦਾ ਪਿਓ ਭਾਗ ਮਲ ਵੀ ਨੌਕਰ ਸੀ ਸਰਕਾਰੀ। ਮੀਂਹ ਜਾਏ, ਹਨੇਰੀ ਜ਼ਾਏ ਬਦਲ ਕੜਕੇ, ਮੀਂਹ ਮੋਹਲੀ ਵਰ੍ਹੇ ਤਨਖਾਹ ਤੇ ਘਰ ਆ ਈ ਜਾਣੀ ਏ। ਸਿੰਘ ਲੁਟ ਲੈਣ ਜਾਂ ਨਾਦਰ ਲੁਟ ਕੇ ਲੈ ਜਾਏ ਉਹਨਾਂ ਤੇ ਤਨਖਾਹ ਲੈ ਈ ਲੈਣੀ ਏਂ। ਲਾਗੀਆਂ ਨੂੰ ਕੀ ਉਹਨਾਂ ਨੂੰ ਤੇ ਲਾਗ ਚਾਹੀਦਾ ਏ ਭਾਵੇਂ ਘਰ ਜਾਂਦਿਆਂ ਈ ਰੰਡੀ ਹੋ ਜਾਵੇ। ਏਸੇ ਲਈ

ਨੌਕਰੀ ਨੂੰ ਉਤਮ ਸਮਝਿਆ ਜਾਂਦਾ। ਸਾਨੂੰ ਕੀ ਅਸਾਂ ਕਿਹੜਾ ਰਾਜ ਲੈ ਲੈਣਾ ਏ ਅਸਾਂ ਤੇ ਨੌਕਰੀ ਕਰਨੀ ਏ। ਭਾਵੇਂ ਕੋਈ ਮੁਗਲ ਹੋਏ ਤੇ ਭਾਵੇਂ ਕੋਈ ਪਠਾਣ। ਸਾਡੀ ਵਲੋਂ ਭਾਵੇਂ ਇਰਾਨੀ ਆ ਜਾਣ ਜਾਂ ਦੁਰਾਨੀ। ਬਲਦ ਲੈ ਤਾਂ ਕੋਹਲੂ ਅਗੇ ਈ ਜੁਤਣਾ ਏ। ਕੋਹਲੂ ਦਾ ਬੈਲ ਉਸ ਤੋਂ ਵਧ ਹੋਰ ਕੀ ਸੋਚ ਸਕਦਾ ਏ। ਹਿੰਦੂ ਤੇ ਸਿਖਾਂ ਵਿਚ ਸਿਰਫ ਨਜ਼ਰੀਏ ਦਾ ਫਰਕ ਸੀ। ਹਿੰਦੂ ਗੁਲਾਮੀ ਕਬੂਲ ਕਰ ਲੈਂਦੇ ਤੇ ਸਿੰਘ ਗੁਲਾਮੀ ਕਬੂਲ ਨਈਂ ਸਨ ਕਰਦੇ। ਇਕ ਕੌਮ ਜ਼ਬਰ ਸਹਿਣਾ ਜਾਣਦੀ ਸੀ ਤੇ ਦੂਜੀ ਕੌਮ ਟਕਰ ਲੈਣ ਲਈ ਸਿਰ ਦੀ ਬਾਜ਼ੀ ਲਾਈ ਬੈਠੀ ਸੀ। ਬਿਜਲਾ ਸਿੰਘ ਦੇ ਬੋਲ ਸਨ।

—ਹਕੀਕਤ ਰਾਏ ਵੀ ਸਿੰਘਾਂ ਦੀ ਬੋਲੀ ਬੋਲਦਾ ਹੋਣਾ ਏ। ਧਾਰਾ ਸਿੰਘ ਬੋਲਿਆ।

—ਬਾਲ ਈ ਸੀ ਅਜੇ ਤੇ ਉਹ। ਬੋਲੀ ਤੇ ਸਮਝਦਾ ਵੀ ਨਈਂ ਸੀ। ਸਿੰਘਾਂ ਦੀ ਬੋਲੀ ਹਰ ਬੰਦਾ ਥੋੜਾ ਸਮਝ ਸਕਦੈ। ਦਿਨੋਂ ਦਿਨ ਮਨ ਕਰੜਾ ਹੁੰਦਾ ਗਿਆ। ਹਕੀਕਤ ਸਿੱਖਾਂ ਵਲ ਝੁਕਦਾ ਗਿਆ। ਉਹਦੇ ਇਰਾਦੇ ਪੱਕੇ ਹੁੰਦੇ ਗਏ। ਦੀਵਾਰ ਹਰ ਨਵੇਂ ਸੂਰਜ ਉਚੀ ਉਸਰਦੀ ਗਈ।

—ਹਕੀਕਤ ਵੀ ਦੀਵਾਨ ਬਣਨਾ ਚਾਹੁੰਦਾ ਸੀ ? ਬੜੇ ਚਿਰ ਪਿਛੋਂ ਧਾਰਾ ਸਿੰਘ ਬੋਲਿਆ।

—ਦੀਵਾਨ ਬਣਨ ਨੂੰ ਕੀਹਦਾ ਜੀ ਨਈਂ ਕਰਦਾ ਪਰ ਦੀਵਾਨ ਬਣਨਾ, ਕੋਈ ਥੜੇ ਤੇ ਥੋੜਾ ਪਿਆ ਹੋਇਐ। ਪਾਣੀ ਦਾ ਛੰਨਾ ਥੋੜਾ ਏ ਜਿਹੜਾ ਘੜੇ ਵਿਚੋਂ ਪਾਇਆ ਤੇ ਪੀ ਲਿਆ। ਸਾਰਿਆਂ ਦੇ ਮਾਪੇ ਚਾਹੁੰਦੇ ਹਨ ਮੇਰਾ ਪੁਤ ਸਰਕਾਰੇ ਦਰਬਾਰੇ ਸਤਿਕਾਰਿਆ ਜਾਏ। ਹਰ ਬੰਦਾ ਸੁਪਨਾ ਵੇਖਦਾ ਏ ਤੇ ਸਾਰੇ ਸੁਪਨੇ ਪੂਰੇ ਥੋੜਾ ਹੁੰਦੇ ਹਨ। ਮਾਪਿਆਂ ਨੇ ਹਕੀਕਤ ਨੂੰ ਪੜ੍ਹਨੇ ਪਾ ਦਿਤਾ। ਮੌਲਵੀ ਨੇ ਪਹਿਲੇ ਦਿਨ ਈ ਬਿਸ ਮਿੱਲਾ ਆਖ ਕੇ ਫੱਟੀ ਤੇ ਪਹਿਲਾਂ ਈ ਪੂਰਨਾ ਪਾਇਆ। ਕੁਰਾਨ ਸ਼ਰੀਫ ਦੇ ਸੁਧਾਰੇ ਹਕੀਕਤ ਰਾਏ ਨੇ ਕੁਝ ਮਹੀਨਿਆਂ ਵਿਚ ਈ ਯਾਦ ਕਰ ਲਏ। ਬਟੇਰੇ ਵਾਂਗੂ ਪਟਾਕਦਾ ਹਕੀਕਤ ਸਾਰੀ ਮਸਜਦ ਵਿਚ। ਹਾਕਮਾਂ ਦੇ ਪੁਤ ਖਾਰ ਖਾਣ ਲਗ ਪਾਏ। ਪੜ੍ਹਨ ਲਿਖਣ ਵਲੋਂ ਚੌੜ ਚਾਨਣ ਜੋ ਸਨ। ਪਰ ਮੌਲਵੀ ਬੜਾ ਖੁਸ਼ ਸੀ। ਅਰਬੀ ਵਿਚ ਤਾਕ ਹੋ ਗਿਆ ਹਕੀਕਤ ਇਕ ਸਾਲ ਵਿਚ। ਮਸੀਤ ਵਿਚ ਜਦ ਵੀ ਮੌਲਵੀ ਕਿਸੇ ਬੱਚੇ ਦੀ ਗੱਲ ਕਰਦਾ ਤਾਂ ਆਖਦਾ ਹਕੀਕਤ ਹਾਫਿਜ਼ ਬਣ ਜਾਏਗਾ ਦੋ ਸਾਲਾ ਵਿਚ। ਜਵਾਨੀ ਚੜ੍ਹਦਿਆਂ ਤਕ ਏਸ ਆਲਮ ਬਣ ਜਾਣਾ ਏ। ਦੀਵਾਨ ਤੋਂ ਘਟ ਇਹਨੂੰ ਨੌਕਰੀ ਨਈਂ ਮਿਲਣੀ। ਇਹ ਗੱਲਾਂ ਜਦ ਮੁੰਡੇ ਸੁਣਦੇ ਤਾਂ ਉਹਨਾਂ ਦੇ ਸੀਨੇ ਕਟਾਰੀਆਂ ਚਲਦੀਆਂ। ਉਹਨਾਂ ਦੇ ਦਿਲ ਵਿਚ ਗੰਢ ਬਝ ਗਈ। ਇਹ ਮੁੰਡਾ ਜ਼ਰੂਰ ਕਿਸੇ ਦਿਨ ਸਾਡਾ ਸਿਰ ਮੁੰਨੂ। ਹਕੀਕਤ ਨੂੰ ਕਿਸੇ ਤਰ੍ਹਾਂ ਮੌਲਵੀ ਦੀਆਂ ਨਜ਼ਰਾਂ ਚੋਂ ਡੇਗਿਆ ਜਾਏ। ਇਹੋ ਜਹੀਆਂ ਵਿਉਂਤਾਂ ਵਿਉਂਤ ਰਹੇ ਸਨ ਮੁੰਡੇ। ਕਿਤਾਬ ਦਾ ਕੀੜਾ ਬਣ ਗਿਆ ਏ। ਹਕੀਕਤ ਦਿਨੇ ਰਾਤ ਕੁਰਾਨ ਪੜ੍ਹਦਾ, ਕੁਰਾਨ ਦੀਆਂ ਗੱਲਾਂ ਕਰਦਾ, ਕੁਰਾਨ ਦੇ ਦ੍ਰਿਸ਼ਟਾਂਤ ਦਿੰਦਾ। ਕੁਰਾਨ ਕੀ ਏ ਜੇ ਲੋਕ ਕੁਰਾਨ ਸਮਝ ਲੈਣ ਤੇ ਦੁਨੀਆਂ ਜ਼ੰਨਤ ਬਣ ਜਾਏ। ਸਿਆਲ ਕੋਟ ਵਿਚ ਚਰਚੇ ਸ਼ੁਰੂ ਹੋ ਗਏ ਹਕੀਕਤ ਦੇ। ਕਈ ਮੁਸਲਮਾਨ ਹਕੀਕਤ ਨੂੰ ਆਪਣਾ ਪੁਤ ਬਣਾਨਾ ਚਾਹੁੰਦੇ ਸਨ। ਪਰ ਮਾਂ ਤੇ ਦੀਵਾਨ ਬਣਨ ਦੇ ਖਵਾਬ ਦੇਖ ਰਹੀ ਸੀ। ਪਰ ਹੋਣੀ ਨੂੰ ਕੌਣ ਮੋੜੇ। ਹੋਣੀ ਜਦੋਂ ਵਰਤਦੀ ਏ ਤੇ ਭਾਂਡੇ ਮੂਧੇ ਹੋ ਜਾਂਦੇ ਨੇ। ਬਿਜਲਾ ਸਿੰਘ ਨੇ ਧਿਆਨ ਮਾਰਿਆ ਆਪਣੇ ਸਾਥੀਆਂ ਵਲ। ਧਾਰਾ ਸਿੰਘ ਅੱਖਾਂ ਮੀਟ ਰਿਹਾ ਸੀ ਕੁਕੜ ਵਾਂਗੂ।

—ਬਿਜਲਾ ਸਿੰਘ ਆਖਣ ਲੱਗਾ ਪਾਰਾ ਸਿੰਘ ਵਾਂਗੂ ਇਕ ਦਿਨ ਮੌਲਵੀ ਨੇ ਦਿਨੇ ਈ ਭੰਗ ਪੀ ਲਈ ਤੇ ਕਬੂਤਰ ਵਾਂਗੂ ਕਦੇ ਅੱਖਾਂ ਮੀਟੇ ਤੇ ਕਦੇ ਖੋਲ੍ਹੇ ਫਿਰ ਮੀਟ ਲਏ। ਮੁੰਡਿਆਂ ਦੀਆਂ ਖੁਲ੍ਹੀਆਂ ਵਾਗਾਂ। ਮੁੰਡਿਆਂ ਬਸਤੇ ਉਥੇ ਰਖ ਦਿਤੇ ਤੇ ਆਪ ਪਿਪਲ ਤੇ ਜਾ ਚੜ੍ਹੇ। ਜੰਡ ਬ੍ਰਾਹਮਣ ਖੇਡਣ ਲਗ ਪਏ। ਹਕੀਕਤ ਵੀ ਉਨ੍ਹਾਂ ਦੇ ਨਾਲ ਸੀ। ਕਿਸੇ ਗਲੋਂ ਝਗੜਾ ਹੋ ਗਿਆ। ਝਗੜਾ ਤਕਰਾਰ ਵਿਚ ਬਦਲ ਗਿਆ। ਮੀਟੀ ਹਕੀਕਤ ਦੇ ਸਿਰ ਏ। ਹਕੀਕਤ ਇਹ ਗੱਲ ਮੰਨਦਾ ਨਈਂ ਸੀ। ਮੁੰਡੇ ਮਣਾ ਰਹੇ ਸਨ। ਹਕੀਕਤ ਝੂਠਾ ਏ। ਅਸਲ ਵਿਚ ਹਕੀਕਤ ਸੱਚਾ ਸੀ। ਉਹ ਆਪਣੀ ਗੱਲ ਤੇ ਅੜਿਆ ਰਿਹਾ ਤੇ ਮੁੰਡਿਆ ਨੇ ਰੌਲਾ ਪਾ ਦਿਤਾ। ਉਸ ਆਪਣਾ ਵਿਸ਼ਵਾਸ ਪਕਾ ਕਰਨ ਲਈ ਦੇਵੀ ਮਾਤਾਂ ਦੀ ਸੌਂਹ ਖਾਧੀ ਪਰ ਸ਼ਟੱਲੀ ਮੁੰਡਿਆਂ ਨੇ ਉਹਦਾ ਬੜਾ ਮੌਜੂ ਬਣਾਇਆ ਤੇ ਉਹਦੀ ਭਵਾਨੀ ਦੀ ਸੌਂਹ ਫੂਕਾਂ ਮਾਰ ਮਾਰ ਕੇ ਉਡਾ ਦਿਤੀ। ਹਕੀਕਤ ਨੂੰ ਇਸ ਗੱਲ ਦਾ ਬੜਾ ਦੁਖ ਹੋਇਆ। ਹਕੀਕਤ ਇਕਲਾ ਸੀ ਤੇ ਉਹ ਵੀਹ ਸਨ।

—ਪੱਥਰ ਦੀ ਮੂਰਤੀ ਤੇ ਉਹ ਵੀ ਔਰਤ ਜ਼ਾਤ। ਸੌਂਹ ਖਾਣ ਲਗਿਆਂ ਸ਼ਰਮ ਨਈਉਂ ਆਈ। ਸੌਂਹ ਖਾਣੀ ਸੀ ਤਾਂ ਕਿਸੇ ਬੰਦੇ ਦੀ ਖਾਂਦੋਂ। ਬੋਲ ਟਿਕ ਮੁੰਡੇ ਦੇ ਸਨ।

—ਇਹਨਾਂ ਦੇ ਮਜ਼ਹਬ ਵਿਚ ਔਰਤਾਂ ਈ ਪ੍ਰਧਾਨ ਹਨ। ਕੋਈ ਬੰਦਾ ਹੋਵੇ ਤੇ ਸੌਂਹ ਖਾਵੇ ਨਾ, ਭੂਤਨਿਆ ਦੀ ਸੌਂਹ ਖਾਵੇ ? ਦੂਜੇ ਮੁੰਡੇ ਨੇ ਆਖਿਆ।

—ਕਿਸੇ ਦੇ ਮਜ਼ਹਬ ਵਿਚ ਦਖਲ ਨਈਂ ਦੇਈਦਾ। ਹਮਸਾਇਆ ਮਾਂ ਪਿਓ ਜਾਇਆ। ਮੈਂ ਤੁਹਾਡਾ ਸਹਿਪਾਠੀ ਹਾਂ। ਤੁਹਾਡਾ ਭਰਾ ਹਾਂ। ਹਕੀਕਤ ਬੋਲਿਆ : ਗੱਲ ਤੇ ਠੀਕ ਏ। ਹਮਸਾਏ ਮਾਂ ਪਿਓ ਜਾਏ। ਪਰ ਹਮਸਾਏ ਜੇ ਮੁਸਲਮਾਨ ਹੋਣ ਤਾਂ। ਜੇ ਕਾਫਰ ਦੀ ਕੰਧ ਸਾਂਝੀ ਹੋਵੇ ਤਾਂ ਫਿਰ ਕਾਹਦੀ ਸਾਂਝ ਭਿਆਲੀ। ਉਹਦਾ ਧਰਮ ਝੂਠਾ ਤੇ ਸਾਡਾ ਈਮਾਨ ਇਲਾਹੀ। ਫਰਕ ਨਈਂ ਜ਼ਮੀਨ ਅਸਮਾਨ ਜਿੰਨਾ। ਇਕ ਸਿਆਣਾ ਮੁੰਡਾ ਆਖ ਰਿਹਾ ਸੀ। ਧਰਮ ਧਰਮ ਏਂ। ਹਰ ਧਰਮ ਇਲਾਹੀ ਏ। ਖ਼ੁਦਾਈ ਅਵਾਜ਼ ਏ। ਹਿੰਦੂ ਤੇ ਮੁਸਲਮਾਨ ਸਾਰੇ ਇਥੋਂ ਦੀ ਪੈਦਾਵਾਰ ਹਨ। ਇਨਸਾਨ ਦੀ ਖੁਦਾ ਦੀ ਇਕ ਮਖਲੂਕ ਏ। ਉਹਦੇ ਵਾਸਤੇ ਹਿੰਦੂ ਮੁਸਲਮਾਨ ਖਬੀ ਸੱਜੀ ਅੱਖ ਹਨ। ਬੰਦਾ ਜੰਮਦਿਆਂ ਨਾ ਹਿੰਦੂ ਹੁੰਦਾ ਏ ਤੇ ਨਾ ਮੁਸਲਮਾਨ। ਇਹ ਸਾਰੇ ਠੱਪੇ ਸਮਾਜ ਲਾਉਂਦਾ ਹੈ। ਇਸ ਵਾਸਤੇ ਸਾਰਿਆਂ ਨੂੰ ਆਪਣਾ ਆਪਣਾ ਧਰਮ ਪਿਆਰਾ ਹੈ। ਅਸੀਂ ਪੜ੍ਹਨ ਆਏ ਹਾਂ ਕਿਸੇ ਦੇ ਧਰਮ ਬਾਰੇ ਲੜਨ ਨਈਂ ਆਏ। ਹਕੀਕਤ ਰਾਏ ਨੇ ਆਪਣੇ ਸਾਥੀਆਂ ਨੂੰ ਸਮਝਾਇਆ।

—ਕਾਫਰ ਦਾ ਪੁਤ ਕੁਫਰ ਤੋਲਦਾ ਏ। ਲਈ ਫਿਰਦਾ ਏ ਵਡੀ ਦੇਵੀ। ਮਾਂ ਕੋਲ ਲੈ ਜਾ। ਕਿਤੇ ਕੋਈ ਹਾਕਮ ਹਰਮ ਵਿਚ ਨਾ ਪਾ ਲਏ। ਹਿੰਦੂ ਔਰਤਾਂ ਬੜੀਆਂ ਕੂਲੀਆਂ ਤੇ ਮੁਲੈਮ ਹੁੰਦੀਆਂ ਨੇ। ਨਿਰੀ ਮਲਾਈ। ਕਾਫਰਾ ਪੜ੍ਹਦਾ ਕੁਰਾਨ ਏਂ ਤੇ ਕਸਮ ਖਾਂਦਾ ਏਂ ਗਸ਼ਤੀ ਦੇਵੀ ਦੀ। ਆਖਣ ਲਗਾ ਮੁੰਡਾ ਚੌਧਰੀ ਦਾ।

—ਜ਼ਬਾਨ ਨੂੰ ਲਗਾਮ ਦੇ ਚੌਧਰੀ, ਗਸ਼ਤੀ ਮੇਰੀ ਦੇਵੀ ਨੂੰ ਆਖਨਾ ਏਂ। ਤੁਹਾਡੀ ਫਾਤਮਾ ਕਿਤੇ ਘਟ ਗਸ਼ਤੀ ਸੀ। ਬੋਲ ਹਕੀਕਤ ਰਾਏ ਦੀ ਅਜੇ ਜ਼ਬਾਨ ਵਿਚ ਹੀ ਸਨ। ਸਾਰਿਆਂ ਮੁੰਡਿਆਂ ਹਕੀਕਤ ਨੂੰ ਲੰਮਾ ਪਾ ਲਿਆ ਤੇ ਮਾਰ ਮਾਰ ਵਖੀਆਂ ਸੁਜਾ ਦਿਤੀਆਂ ਏਨੇ ਚਿਰ ਵਿਚ ਮੌਲਵੀ ਦੀ ਤਾੜੀ ਖੁਲ੍ਹ ਗਈ। ਸਾਰੇ ਮਦਰੱਸੇ ਵਿਚ ਭੂਤਨੇ ਨਚ ਰਹੇ ਸਨ। ਮੁੰਡੇ ਹਕੀਕਤ ਨੂੰ ਬਿਜੂ ਬਣਾਈ ਧੂਈ ਆ ਰਹੇ ਸਨ।

—ਇਕ ਮੁੰਡਾ ਬੋਲਿਆ, ਇਸ ਕਾਫਰ ਦੇ ਪੁਤ ਨੇ ਸਾਡੀ ਫਾਤਮਾ ਨੂੰ ਗਸ਼ਤੀ ਆਖਿਆ ਏ। ਇਹਦੀ ਜ਼ਬਾਨ ਖਿਚ ਲਓ। ਇਹ ਸੱਪ ਏ। ਇਹ ਕਾਫਰ ਏ। ਚੌਧਰੀ ਦਾ ਮੁੰਡਾ ਆਖੀ ਜਾ ਰਿਹਾ ਸੀ।

—ਗੱਲ ਕੀ ਹੋਈ ਏ। ਮੌਲਵੀ ਨੇ ਪੁਛਿਆ।

—ਏਸ ਇਸਲਾਮ ਦੀ ਤੌਹੀਨ ਕੀਤੀ ਏ ਤੇ ਹਜ਼ਰਤ ਬੀਬੀ ਫਾਤਮਾ ਨੂੰ ਗਸ਼ਤੀ ਆਖਿਆ ਏ। ਇਹਨੂੰ ਕਾਜ਼ੀ ਦੇ ਹਵਾਲੇ ਕਰ ਦਿਓ। ਚੌਧਰੀ ਦਾ ਮੁੰਡਾ ਲਾਲ ਪੀਲਾ ਹੋ ਰਿਹਾ ਸੀ। ਉਹਦੀਆਂ ਅੱਖਾਂ ਚਿੰਗਆੜੇ ਛਡ ਰਹੀਆਂ ਸਨ।

—ਮੌਲਵੀ ਸਾਹਿਬ ਗਾਲ੍ਹਾਂ ਇਹਨਾਂ ਕਢੀਆਂ ਨੇ ਪਹਿਲਾਂ ਮੇਰੀ ਦੁਰਗਾ ਭਵਾਨੀ ਨੂੰ। ਮੈਂ ਤੇ ਕੁਝ ਆਖਿਆ ਈ ਨਹੀਂ। ਮੈਂ ਤੇ ਸਿਰਫ ਇਹੋ ਈ ਆਖਿਆ ਏ ਕਿ ਉਹ ਦੋਵੇਂ ਭੈਣਾਂ ਹਨ। ਜੇ ਉਹ ਗਸ਼ਤੀ ਏ ਤਾਂ ਉਹ ਵੀ ਗਸ਼ਤੀ ਏ। ਤੁਸੀਂ ਦਸੋ ਇਹਦੇ ਵਿਚ ਮੇਰਾ ਕੀ ਕਸੂਰ ਏ। ਹਕੀਕਤ ਰਾਏ ਨੇ ਜਵਾਬ ਦਿਤਾ।

—ਹਰਾਮ ਜ਼ਾਦਿਓ ਘਰੋਂ ਪੜ੍ਹਨ ਆਏ ਓ ਜਾਂ ਲੜਨ। ਉਲੂ ਦੇ ਪਠਿਓ ਚਲੋ ਬੈਠੋ ਤੇ ਸਬਕ ਪੜ੍ਹੋ ਮੌਲਵੀ ਨੇ ਤਾੜਿਆ।

—ਪਹਿਲਾਂ ਫੈਸਲਾ ਫੇਰ ਸਬਕ ਅਸੀਂ ਤੇ ਚਲੇ ਹਾਂ ਕਾਜ਼ੀ ਕੋਲ। ਚੌਧਰੀ ਦਾ ਮੁੰਡਾ ਉਛਲ ਉਛਲ ਪੈ ਰਿਹਾ ਸੀ। ਝਗੜਾ ਮੁੰਡਿਆਂ ਮੁੰਡਿਆਂ ਦਾ ਏ ਵੱਡਿਆਂ ਦੇ ਕੰਨੀ ਗੱਲ ਨਾ ਚਾੜ੍ਹੋ ਸਿਰ ਪਾਟਣਗੇ। ਮੈਂ ਇਹਦੇ ਕੰਨ ਪੁਟਦਾ ਹਾਂ। ਮੁੜ ਕੇ ਇਹ ਕਦੀ ਗਾਲ੍ਹ ਨਈਂ ਕਢੇਗਾ। ਮੌਲਵੀ ਸਮਝਾ ਰਿਹਾ ਸੀ।

ਮੁੰਡੇ ਤੇ ਸ਼ੈਤਾਨ ਨੂੰ ਅਗੇ ਲਾ ਲੈਂਦੇ ਹਨ ਮੌਲਵੀ ਨੂੰ ਕੀ ਗਿਣਦੇ ਸਨ। ਉਹਨਾਂ ਰੌਲਾ ਪਾ ਇਤਾ ਤੇ ਬਸਤੇ ਤੇ ਫਟੀਆਂ ਲੈ ਕੇ ਘਰਾਂ ਨੂੰ ਦੌੜ ਗਏ। ਰਾਤ ਪੈਣ ਤੋਂ ਪਹਿਲਾਂ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਐਵੇਂ ਮਾੜੀ ਜਹੀ ਅੱਗ ਸੀ ਭਾਂਬੜ ਮਚ ਗਿਆ। ਗੱਲ ਕਾਜ਼ੀ ਤਕ ਪੁਜ ਗਈ। ਕੁਝ ਬਜ਼ੁਰਗਾਂ ਨੇ ਵਿਚਾਰਿਆ ਕਿ ਗੱਲ ਠੰਡੀ ਮੱਠੀ ਹੋ ਜਾਏ ਪਰ ਸ਼ੈਤਾਨ ਦੀ ਟੂਟੀ ਮੁੰਡੇ ਕਿਥੋਂ ਨਿਚਲੇ ਬਹਿਣ। ਉਹਨਾਂ ਸਾਰੇ ਸਿਆਲ ਕੋਟ ਨੂੰ ਅੱਗੇ ਲਾ ਲਿਆ।

ਭਾਗ ਮਲ ਹਕੀਕਤ ਦੇ ਪਿਤਾ ਤੇ ਮਾਂ ਆਪ ਹੱਥ ਜੋੜਣ ਗਏ। ਮਾਫੀ ਮੰਗੀ। ਮਿੰਨਤਾਂ ਕੀਤੀਆਂ। ਮੁੰਡਿਆਂ ਮੁੰਡਿਆਂ ਦਾ ਝਗੜਾ ਏ, ਬਾਲ ਹਨ ਵਡੇ ਹੋਣਗੇ ਸਮਝ ਜਾਣਗੇ। ਕਲ ਇਹਨਾਂ ਫਿਰ ਇਕੋ ਮਿਕੋ ਹੋ ਜਾਣਾ ਏ। ਤੁਸੀਂ ਮੈਨੂੰ ਗਾਲ੍ਹਾਂ ਕਢੋ ਮੈਂ ਝੋਲੀ ਅੱਡੀ ਹੋਈ ਏ ਸਾਰੀਆਂ ਉਹਦੇ ਵਿਚ ਪੁਆ ਲੈਂਦੀਆਂ। ਮਾਂ ਲਿਲੜੀਆਂ ਲੈ ਰਹੀ ਸੀ।

ਭੂਤਨੇ ਇਕ ਘਰੋਂ ਨਿਕਲੇ ਦੂਜੇ ਘਰ ਜਾ ਵੜੇ। ਇਕ ਘਰ ਅੱਗ ਲਗੀ ਦੂਜੇ ਘਰ ਮੱਚ ਉਠੀ। ਕਾਜ਼ੀ ਪ੍ਰੇਸ਼ਾਨ ਹੋ ਗਿਆ।

ਅਗਲੇ ਦਿਨ ਭਰੀ ਪੰਚਾਇਤ ਵਿਚ ਕਚਹਿਰੀ ਬੈਠੀ। ਬਿਆਨ ਹੋਏ। ਭਾਗ ਮਲ ਨੇ ਬੜੀਆਂ ਖਿਦਮਤਾਂ ਕੀਤੀਆਂ ਸਨ, ਚੌਧਰੀ, ਕਾਜ਼ੀ ਤੇ ਸ਼ਹਿਰ ਦੇ ਸਿਰ ਕਢ-ਬੰਦਿਆਂ ਨਾਲ। ਬਜ਼ੁਰਗ ਇਹ ਚਾਹੁੰਦੇ ਸਨ ਕਿ ਇਹ ਗੱਲ ਘੱਟੇ ਕੌਡੀਆਂ ਵਿਚ ਰੁੜ ਜਾਏ। ਭਾਗ ਮਲ ਦਾ ਉਹ ਬੜਾ ਅਹਿਤਰਾਮ ਕਰਦੇ ਸਨ ਪਰ ਖਲਕਤ ਦੇ ਮੂੰਹ ਅਗੇ ਕੌਣ ਹੱਥ ਦੇਵੇ।

ਕਾਜ਼ੀ ਨੇ ਤਾੜਨਾਂ ਦੇ ਕੇ ਗੱਲ ਰਫਾ ਦਫਾ ਕਰ ਦਿਤੀ। ਮਾਂ ਨੇ ਘਰ ਆ ਕੇ ਠੰਡੇ ਪਾਣੀ ਦਾ ਕਟੋਰਾ ਪੀਤਾ।

ਤੁਖਣੀ ਦੇ ਕੇ ਅੱਗ ਫੇਰ ਮਚਾਈ ਗਈ। ਸ਼ਿਕਾਇਤ ਅਮੀਰ ਬੇਗ ਕੋਲ ਪੁਜੀ। ਜਿਹੜਾ ਉਸ ਵੇਲੇ ਸਿਆਲ ਕੋਟ ਦਾ ਹਾਕਮ ਸੀ। ਉਸ ਵੀ ਕੋਸ਼ਿਸ਼ ਕੀਤੀ ਕਿ ਮਿਟੀ ਪਾਈ ਜਾਏ। ਸਾਡੀਆਂ ਕੰਧਾਂ ਸਾਂਝੀਆਂ ਹਨ। ਸਾਡਾ ਜੱਦੀ ਪੁਸ਼ਤੀ ਲਿਹਾਜ-ਪਿਆਰ ਬਚਿਆ ਹੋਇਆ ਏ। ਭਾਗ ਮਲ ਜਿੱਡਾ ਈਮਾਨਦਾਰ-ਤੇ ਸ਼ਰੀਫ ਬੰਦਾ ਸਾਰੇ ਬਾਹਰੇ ਵਿਚੋਂ ਨਈਂ ਲਭ ਸਕਦਾ। ਉਹਦਾ ਇਕਲੌਤਾ ਪੁਤ ਏ। ਜੇ ਗਲਤੀ ਕਰ ਈ ਬੈਠਾ ਏ ਕੰਨ ਪੁਟੋ, ਚਾਰ ਚੰਡਾਂ ਮਾਰੋ ਤੇ ਸਮਝਾ ਦਿਓ। ਪਰ ਮੁੰਡਿਆਂ ਨੇ ਤਾਂ ਅਸਮਾਨ ਟਟੀਹਰੀ ਵਾਂਗੂ ਸਿਰ ਤੇ ਚੁਕਿਆ ਹੋਇਆ ਸੀ। ਖਬਰਾਂ ਹਕੀਕਤ ਦੇ ਸਹੁਰੇ ਘਰ ਵੀ ਪੁਜ ਗਈਆਂ ਬਟਾਲੇ ਵਾਲੇ ਵੀ ਆ ਗਏ। ਉਹਨਾਂ ਵੀ ਮਾਫੀ ਮੰਗੀ। ਹਥ ਪੈਰ ਜੋੜੇ ਹਕੀਕਤ ਦੀ ਸੱਸ ਤਾਂ ਨੱਕ ਨਾਲ ਲੀਕਾਂ ਕਢ ਰਹੀ ਸੀ। ਮੁਕਦਮਾ ਫਿਰ ਮੁਫਤੀ ਦੇ ਪੇਸ਼ ਹੋਇਆ। ਉਹ ਤੇ ਅੱਗੇ ਈ ਲੋਹੇ ਦਾ ਥਣ ਸੀ। ਲੋਹਾ ਲਾਖਾ ਹੋ ਗਿਆ। ਇਸਲਾਮ ਦੀ ਤੋਹੀਨ, ਸ਼ਫਾ ਦਾ ਮਜ਼ਾਕ। ਇਕ ਕਾਫਰ ਦੀ ਇਨੀ ਜੁਅਰਤ, ਇਹਦਾ ਫੈਸਲਾ ਭਰੀ ਕਚਹਿਰੀ ਵਿਚ ਕਲ ਕੀਤਾ ਜਾਏਗਾ। ਹਕੀਕਤ ਰਾਏ ਬੰਦੀ ਖਾਨੇ ਵਿਚ ਕੈਦ ਸੀ। ਮਲੂਕ ਜਹੀਆਂ ਹਡੀਆਂ ਜ਼ੰਜੀਰਾਂ ਵਿਚ ਜਕੜਿਆ ਕਚਿਹਰੀ ਵਿਚ ਪੇਸ਼ ਹੋਇਆ। ਉਗਦੇ ਸੂਰਜ ਨਾਲ।

—ਕਿਉਂ ਬਾਲਕ ਤੁਮਨੇ ਬੀਬੀ ਫਾਤਮਾ ਕੋ ਗਾਲੀ ਦੀ? ਮੁਫ਼ਤੀ ਨੇ ਪੁਛਿਆ।

—ਪਹਿਲਾਂ ਇਹਨਾਂ ਮੁੰਡਿਆਂ ਦੁਰਗਾ ਭਵਾਨੀ ਨੂੰ ਗਾਲ੍ਹਾਂ ਕਢੀਆਂ ਸਨ।

—ਮੈਂ ਸਿਰਫ ਯਹ ਪੂਛਨਾ ਚਾਹਤਾ ਹੂੰ ਕਿ ਤੁਮਨੇ ਗਾਲੀ ਦੀ ਪਹਿਲੇ ਜਾਂ ਪੀਛੇ?

—ਪਿਛੋਂ ਮੈਂ ਉਦਾਂ ਈ ਆਖਿਆ ਜਿਦਾਂ ਮੁੰਡਿਆਂ ਨੇ ਮੇਰੀ ਭਵਾਨੀ ਨੂੰ ਆਖਿਆ ਸੀ।

—ਜੁਰਮ ਇਕਬਾਲ ਏ। ਇਹਦੀ ਸਜ਼ਾ ਸਿਰਫ ਇਕੋ ਏ ਕਬੂਲ ਇਸਲਾਮ। ਅਗਰ ਮੁਜਰਮ ਇਨਕਾਰੀ ਹੈ ਤਾਂ ਗਰਦਨ ਜ਼ਨੀ ਕੀ ਜਾਏ।

ਹਾ ਹਾ ਕਾਰ ਮਚ ਗਈ ਸਾਰੇ ਸਿਆਲਕੋਟ ਵਿਚ।

—ਭਰੀ ਕਚਹਿਰੀ ਵਿਚ ਮਾਤਾ ਕੌਰਾਂ ਝੋਲੀ ਅਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੋਲਤ, ਮੇਰਾ ਮਕਾਨ, ਮੇਰੀ ਜਾਇਦਾਦ ਸਾਰੀ ਜੁਰਮਾਨੇ ਵਿਚ ਲੈ ਲਉ ਤੇ ਮੇਰੀਆਂ ਅੱਖਾਂ ਦੇ ਨੂਰ ਮੇਰੇ ਲਾਡਲੇ ਨੂੰ ਬਖਸ਼ ਦਿਉ ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫੀ ਮੰਗਦੀ ਹਾਂ। ਮੇਰਾ ਇਕੋ ਈ ਮੁੰਡਾ ਏ। ਮੈਨੂੰ ਅਖੋਂ ਅੰਨ੍ਹੀ ਨਾ ਕਰੋ। ਮੁਫਤੀ ਸਾਹਬ ਤੁਸੀਂ ਵੀ ਬਾਲ ਬਚਿਆਂ ਵਾਲੇ ਓ।

ਕੌਣ ਸੁਣਦਾ ਤੇ ਨਗਾਰ ਖਾਨੇ ਵਿਚ ਤੂਤੀ ਦੀ ਆਵਾਜ਼। ਕਿਸੇ ਨੇ ਗਲ ਗੌਲੀ ਨਾ।

—ਕਿਉਂ ਛੋਕਰੇ ਤੈਨੂੰ ਇਸਲਾਮ ਕਬੂਲ ਏ?

—ਮਜ਼ਹਬ ਬਦਲਿਆ ਨਹੀਂ ਜਾਂਦਾ ਇਹ ਕੁਰਾਨ ਆਖਦਾ ਏ। ਬੰਦਾ ਇਕ ਮਜ਼ਹਬ ਤੇ ਈਮਾਨ ਰਖੇ। ਜਦ ਬੰਦਾ ਦੂਜਾ ਮਜ਼ਹਬ ਅਖਤਿਆਰ ਕਰਦਾ ਏ ਤੇ ਉਹ ਕਾਫਰ ਹੋ ਜਾਂਦਾ ਏ। ਮੈਂ ਇਸਲਾਮ ਦੀ ਤਾਲੀਮ ਲਈ ਏ ਏਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਈਂ। ਹਕੀਕਤ ਦੇ ਬੋਲ ਸਨ।

—ਇਸ ਕੀ ਜ਼ਬਾਨ ਸੇ ਸਾਜ਼ਿਸ਼ ਕੀ ਬੂ ਆਤੀ ਹੈ। ਇਹ ਹਕੂਮਤ ਕੇ ਲੀਏ ਕਿਸੀ ਵਕਤ ਭੀ ਖਤਰਨਾਕ ਸਾਬਤ ਹੋ ਸਕਤਾ ਹੈ। ਇਸ ਲੀਏ ਇਸ ਕੀ ਸਜ਼ਾ ਬਹਾਲ ਰਖੀ ਜਾਏ। ਲੇ ਜਾਓ ਇਸ ਕੋ ਕੈਦ ਖਾਨੇ ਮੇਂ ਔਰ ਬੰਦ ਕਰ ਡਾਲੋ।

ਭਾਗ ਮੱਲ ਤੇ ਉਸ ਦੇ ਕੁੜਮਾਂ ਮੁਫਤੀ ਦੇ ਕੋਲ ਕਈ ਸਿਫਾਰਸ਼ਾਂ ਖੜੀਆਂ। ਕਈ ਪਤਵੰਤਿਆਂ ਹਥ ਜੋੜੇ ਪਰ ਉਸ ਇਕੋ ਈ ਨੰਨਾ ਫੜ ਲਿਆ।

ਅਗਲੇ ਦਿਨ ਕਤਲਗਾਹ ਵਿਚ ਫਿਰ ਹਕੀਕਤ ਨੂੰ ਪੁਛਿਆ ਗਿਆ।

—ਖੂਬਸੂਰਤ ਬੇਗਮ ਕੀ ਲੜਕੀ ਚਾਰ, ਗਾਉਂ ਜਾਗੀਰ, ਇਕ ਬੜੀਆ ਅਹੁਦਾ—ਯਹ ਸਭ ਸਰਕਾਰ ਕੀ ਤਰਫ ਸੇ। ਮੈਂ ਪਾਂਚ ਹਜ਼ਾਰ ਮੋਹਰੇਂ ਅਪਨੇ ਘਰ ਸੇ ਦੂੰਗਾ। ਤੁਮ ਬਰਖੁਰਦਾਰ ਇਸਲਾਮ ਕਬੂਲ ਕਰ ਲੋ। ਮੈਂ ਅਪਨੇ ਘਰ ਸੇ ਭੀ ਡੋਲੀ ਦੇ ਸਕਤਾ ਹੂੰ। ਤੁਮਾਰੀ ਮਾਂ ਕਾ ਦੁਖ ਮੁਝ ਸੇ ਦੇਖਾ ਨਹੀਂ ਜਾਤਾ। ਮਾਨ ਜਾਉ ਬੇਟਾ ਮਾਨ ਜਾਓ। ਮੁਫਤੀ ਆਖ ਰਿਹਾ ਸੀ।

—ਕੀ ਇਸਲਾਮ ਕਬੂਲ ਕਰਨ ਨਾਲ ਮੌਤ ਨਈਂ ਆਵੇਗੀ? ਮੌਤ ਨੇ ਤੇ ਅ ਉਣਾ ਈ ਹੈ। ਹੁਣ ਤੇ ਘੋੜੀ ਲੈ ਕੇ ਆਈ ਏ ਜੰਜੇ ਚੜਨ ਦਿਓ। ਏਸ ਤੋਂ ਸੋਹਣਾ ਵੇਲਾ ਫੇਰ ਨਈਓਂ ਆਉਣਾ ਮਾਂ। ਤੂੰ ਸਮਝ ਲਈਂ ਮੇਰਾ ਇਕੋ ਮੁੰਡਾ ਸੀ ਉਹ ਵੀ ਧਰਮ ਦੀ ਬੇਦੀ ਤੇ ਕੁਰਬਾਨ ਕਰ ਦਿਤਾ। ਹਕੀਕਤ ਧਰਮ ਨਈਂ ਛਡ ਸਕਦਾ. ਜਾਨ ਦੇ ਸਕਦਾ ਏ।

ਜੋ ਤੋਹੇ ਪਰੇਮ ਖੇਲਨ ਕਾ ਚਾਓ,
ਸਿਰ ਧਰ ਤਲੀ ਗਲੀ ਮੋਰੀ ਆਓ।

ਮਾਵਾਂ ਤੇ ਸਿਹਰੇ ਬੰਨ੍ਹ ਕੇ ਟੋਰਦੀਆਂ ਆਈਆਂ। ਖਤਰਾਨੀਆਂ ਤੇ ਗਾਨੇ ਬੰਨ੍ਹ ਕੇ ਟੋਰਦੀਆਂ ਸਨ। ਮਾਂ ਤੇਰੀਆਂ ਅਖਾਂ ਵਿਚ ਅਥਰੂ-ਨੇ, ਸਾਫ ਕਰ ਦੇ ਅਥਰੂ। ਮੇਰਾ ਰਾਹ ਨਾ ਰੋਕ। ਮੰਜ਼ਲ ਬੜੀ ਖੂਬਸੂਰਤ ਏ। ਮੈਨੂੰ ਅਜ ਹੁਲਾਰੇ ਲੈ ਲੈਣ ਦੇ ਇਹ ਘੋੜੀ ਮੁੜ ਕੇ ਨਹੀਓਂ ਆਉਣੀ। ਮਾਂ ਮੇਰੀ ਜੇ ਇਕ ਭਾਬੀ ਹੀ ਹੁੰਦੀ ਮਹਿੰਦੀ ਭਰੇ ਹਥਾਂ ਨਾਲ ਸੁਰਮਾ ਪਾਉਂਦੀ। ਮੇਰੀ ਕੋਈ ਭੈਣ ਨਈਂ। ਕਿਸੇ ਗੁਆਂਢਣ ਨੂੰ ਸਦ ਲੈ। ਮੇਰੀ ਘੋੜੀ ਦੀਆਂ ਵਾਗਾਂ ਗੁੰਦ ਦੇਵੇ। ਬਾਪੂ ਨੂੰ ਕਹੋ ਮੋਹਰਾਂ ਦੀ ਸੋਟ ਕਰੇ ਪੁਤ ਘੋੜੀ ਚੜਿਆ ਏ। ਜ਼ਿੰਦਗੀ ਵਿਚ ਇਸ ਤੋਂ ਖੂਬਸੂਰਤ ਦਿਨ ਕਦੇ ਨਈਂ ਚੜ੍ਹਨਾ। ਮਾਂ ਆਪਣੀ ਨੂੰਹ ਨੂੰ ਆਖੀਂ ਤੇਰਾ ਮੇਰਾ ਏਨਾ ਈ ਰਿਸ਼ਤਾ ਸੀ। ਫਿਰ ਮਿਲਾਂਗੇ ਮੈਂ ਫਿਰ ਆਵਾਂਗਾ। ਕਿਸੇ ਮਾਂ ਦਾ ਨੌਂ ਮਹੀਨੇ ਢਿਡ ਗੰਦਾ ਕਰਕੇ। ਫਿਰ ਸਹੀ ਪਰਸੋਂ ਬਸੰਤ ਪੰਚਮੀ ਏਂ। ਫੁਲ ਖਿੜੇ ਹਨ ਰੁਤ ਦਾ ਦੇਵਤਾ ਮੁਸਕਾ ਰਿਹਾ ਏ। ਮਾਂ ਤੂੰ ਆਪਣੇ ਵਿਹੜੇ ਵਿਚ ਫੁਲ ਲਾ ਛਡ ਸਾਰੀ ਉਮਰ ਮਹਿਕ ਦੇਊ। ਮਾਂ ਮੈਨੂੰ ਭਰੀ ਰੁਤੇ ਤੋਰ। ਲਾਹ ਲੈਣ ਦੇ ਚਾਅ ਇਹਨਾਂ ਨੂੰ, ਗਾਂ ਕਸਾਈਆਂ ਦੇ ਹਥ ਆ ਗਈ ਏ। ਇਹ ਬੁਲਬੁਲਾਂ ਸਦਾ ਬਾਗੀਂ ਨਹੀਂ ਬੋਲਣਗੀਆਂ। ਅਗੇ ਕਿਸੇ ਨੇ ਧਰਮ ਛਡਿਆ ਏ ਜਿਹੜਾ ਮੈਂ ਛਡ ਦੇਵਾਂ। ਹਕੀਕਤ ਰਾਏ ਮੁਸਕਾ ਰਿਹਾ ਸੀ।

ਅਚਾਨਕ ਇਕ ਮੁਫਤੀ ਲਾਹੌਰ ਤੋਂ ਆ ਗਿਆ। ਜਦ ਉਸ ਇਹ ਵਾਕਿਆ ਸੁਣਿਆ ਤਾਂ ਫਰਮਾਨ ਜਾਰੀ ਕੀਤਾ ਇਹ ਤਮਾਸ਼ਾ ਲਾਹੌਰ ਵਿਚ ਹੋਏਗਾ। ਇਥੇ ਭੀੜ ਨਹੀਂ ਜੁੜਦੀ। ਉਥੇ ਮਜ਼ਮਾ ਇਕਠਾ ਹੋ ਜਾਊ। ਇਹਨਾਂ ਕਾਫਰਾਂ ਨੇ ਇਸਲਾਮ ਨੂੰ ਮਖੌਲ ਸਮਝਿਆ ਹੋਇਆ। ਇਹਨਾਂ ਨੂੰ ਮੌਤ ਦਾ ਖੌਫ ਈ ਨਹੀਂ। ਇਹਨਾਂ ਦੀ ਖਲੜੀ 'ਚ ਡਰ ਈ ਨਈਂ। ਬੋਲ ਲਾਹੌਰ ਵਾਲੇ ਮੁਫਤੀ ਦੇ ਸਨ।

ਹਕੀਕਤ ਨੂੰ ਲਾਹੌਰ ਲੈ ਗਏ।

ਬਸੰਤ ਪੰਚਮੀ ਵਾਲੇ ਦਿਨ ਹਕੀਕਤ ਨੂੰ ਜੱਲਾਦਾਂ ਅਗੇ ਪੇਸ਼ ਕੀਤਾ ਗਿਆ। ਜੱਲਾਦਾਂ ਨੇ ਜ਼ੰਜੀਰਾਂ ਖਿਚੀਆਂ।

—ਐਵੇਂ ਕਿਉਂ ਤਕਲੀਫ ਕਰਦੇ ਓ ਮੈਂ ਆਪ ਚਲਦਾਂ ਹਾਂ ਕਤਲਗਾਹ ਵਿਚ। ਹਕੀਕਤ ਬੋਲਿਆ।

—ਮੌਤ ਤੋਂ ਕਾਹਦਾ ਡਰ। ਮੌਤ ਦਾ ਦਿਨ ਈ ਤੇ ਸਭ ਤੋਂ ਖੂਬਸੂਰਤ ਦਿਨ ਏ। ਹਕੀਕਤ ਦੇ ਬੋਲ ਸਨ।

—ਜਿਸ ਕੌਮ ਵਿਚ ਇਹੋ ਜਹੇ ਬਾਲਕ ਪੈਦਾ ਹੁੰਦੇ ਹਨ ਉਹ ਕੌਮਾਂ ਸਦਾ ਜਿਉਂਦੀਆਂ ਰਹਿੰਦੀਆਂ ਨੇ। ਖੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ, ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ। ਜੱਲਾਦ ਨੇ ਇਕ ਵਾਰ ਕਲਮਾ ਪੜ੍ਹਿਆ।

—ਚਿੰਤਾਵਾਨ ਨਾ ਹੋ ਮੇਰੇ ਬਜ਼ੁਰਗ ਇਸ ਹਕੂਮਤ ਦਾ ਕਾਨੂੰਨ ਅੰਨ੍ਹੇ ਦੀ ਲਾਠੀ ਏ। ਇਹਦੇ ਦਿਨ ਥੋੜੇ ਹਨ। ਚਲੋਂ ਮੈਂ ਤੁਹਾਨੂੰ ਆਪਣੀ ਗਰਦਨ ਪੇਸ਼ ਕਰਦਾ ਹਾਂ।

ਆਖਦੇ ਹਨ ਧਰਮੀ ਹਕੀਕਤ ਰਾਏ ਨੇ ਆਪ ਆਪਣੀ ਧੌਣ ਝੁਕਾਈ ਤੇ ਜੱਲਾਦਾਂ ਨੇ ਇਕੋ ਟੱਕ ਨਾਲ ਧੌਣ ਧੜ ਨਾਲੋਂ ਜੁਦਾ ਕਰ ਦਿਤੀ। ਸਾਰੇ ਲਾਹੌਰ ਨੇ ਤਮਾਸ਼ਾ ਵੇਖਿਆ।

ਸਾਰੇ ਪੰਜਾਬ ਦੇ ਹਿੰਦੂ ਮੁਸਲਮਾਨਾਂ ਨੇ ਰੱਤ ਦੇ ਅਥਰੂ ਕੇਰੇ। ਹੁਣ ਕੌਮ ਵਿਚ ਹਲੂਣਾ ਆਇਆ ਏ। ਇਸ ਸ਼ਹਾਦਤ ਨੇ ਪੂਰੇ ਪੰਜਾਬ ਵਿਚ ਇਕ ਜੋਸ਼ ਭੜਕਾ ਦਿਤਾ। ਸਾਰੇ ਹਿੰਦੂ ਸਿਖਾਂ ਦੇ ਹਮਦਰਦੀ ਬਣ ਗਏ। ਕੌਮ ਇਕ ਨਵਾਂ ਮੋੜ ਲੈ ਰਹੀ ਸੀ।

—ਇਸ ਕੀ ਕਬਰ ਪਰ ਬਸੰਤ ਕੇ ਫੂਲ ਖਿਲੇਂਗੇ। ਹਕੀਕਤ ਰਾਏ ਮਰ ਗਿਆ ਮਗਰ ਇਸਕਾ ਮੁਬਾਰਕ ਨਾਮ ਤਾਕਿਆਮਤ ਜ਼ਿੰਦਾ ਰਹੇਗਾ। ਮੁਫਤੀ ਦੇ ਅਲਫਾਜ਼ ਸਨ।

—ਅਜੇ ਇਕੋ ਕੁਰਬਾਨੀ ਸੁਣੀ ਊ ਤੇ ਅਥਰੂ ਕੇਰਨ ਬਹਿ ਗਿਆ ਏਂ। ਇਹੋ ਜਹੀਆਂ ਬੜੀਆਂ ਕੁਰਬਾਨੀਆਂ ਨੇ ਜਿਹੜੀਆਂ ਸਾਡੇ ਕੰਨੀਂ ਨਈ ਚੜ੍ਹੀਆਂ। ਹਿੰਦੂ ਵੀ ਸਿਖਾਂ ਨਾਲ ਮੋਢਾ ਜੋੜਨ ਲਗ ਪਏ।

ਫੁਲਵਾੜੀ ਵਿਚ ਹੁਣ ਸ਼ਹੀਦਾਂ ਦੇ ਕਤਾਰਾਂ ਵਿਚ ਫੁਲ ਖਿੜਨਗੇ। ਬਸੰਤ ਹਰ ਸਾਲ ਆਏਗੀ ਤੇ ਹਕੀਕਤ ਦੀ ਸਮਾਧ ਤੇ ਹਰ ਸਾਲ ਫੁਲ ਖਿੜਨਗੇ। ਫੁਲ ਚੜ੍ਹਨਗੇ। ਮਾਵਾਂ ਸੁਖਣਾ ਸੁਖਣ ਆਇਆ ਕਰਨਗੀਆਂ ਕਿ ਉਹਨਾਂ ਦੀ ਕੁਖ ਵਿਚੋਂ ਹਕੀਕਤ ਵਰਗੇ ਪੁਤ ਜੰਮਣ ਪੰਜਾਬ ਫਖਰ ਕਰੂ ਇਹਨਾਂ ਸ਼ਹੀਦਾਂ ਤੇ, ਬਹਾਰਾਂ ਫਿਰ ਆਉਣਗੀਆਂ।

ਸੁਰਮੇਂ ਵਾਲੀ ਅੱਖ

ਅਧੀ ਰਾਤ ਨੂੰ ਝਾਂਜਰਾਂ ਨੇ ਤਾਂ ਛਣਕਣਾ ਹੀ ਹੋਇਆ, ਪਰ ਗੁਲੂ ਬਾਈ ਮਰਾਸਣ ਦੇ ਵਿਹੜੇ ਦਿਨੇ ਹੀ ਬੋਲ ਪੈਂਦੀਆਂ। ਘੁੰਗਰੂ ਤੇ ਹਰ ਵੇਲੇ ਹੀ ਛਣਕਦੇ ਰਹਿੰਦੇ ਹਨ। ਬਲੌਰੀ ਚੂੜੀਆਂ ਦਾ ਖੜਾਕ ਗਵਾਂਢੀ ਤਿੱਖੜ ਦੁਪਹਿਰੇ ਵੀ ਸੁਣਦੇ ਹਨ ਤੇ ਅੱਧੀ ਰਾਤ ਢਲਣ ਤੋਂ ਬਾਦ ਵੀ ਸੌਣ ਨਾ ਦੇਂਦੀਆਂ ਅਥਰੀਆਂ ਝਾਂਜਰਾਂ। ਘੁੰਗਰੂ, ਤਬਲਾ ਤੇ ਸਰੰਗੀ ਨੂੰ ਤਾਨਾਂ ਲਾ ਲਾ ਕੇ ਵਹਿੜਕੇ ਮਛਰਾ ਦਿਤੇ। ਸਨ, ਭੂਤਰੇ ਗਲੀਆਂ ਸਿਰ ਤੇ ਚੁਕੀ ਫਰਦੇ ਸਨ। ਗੁਲੂ ਬਾਈ ਮਸਤ ਸੀ—ਮੋਰਨੀ ਪੈਲਾਂ ਪਾਉਂਦੀ ਤੇ ਜਵਾਨੀ ਦਾ ਰਸ ਜੀਭਾਂ ਨਾਲ ਚੱਟ ਰਹੀ ਸੀ।

ਲੋਕ ਰਬ ਦੀ ਮਕਾਣੇ ਆਏ ਹੋਏ ਸਨ। ਇਕਲੀ ਗੁਲੂ ਬਾਈ ਸੀ, ਜਿਹੜੀ ਜੰਞੇ ਆਈ ਜਾਪਦੀ ਸੀ। ਬੇਗਮੀ ਚੌਲਾਂ ਦੀਆਂ ਦੇਗਾਂ ਰੋਜ਼ ਚੜ੍ਹਦੀਆਂ ਰੋਜ਼ ਨਿਆਜ਼ ਵੰਡੀ ਜਾਂਦੀ। ਚੂਰਮੇ ਕੁਟਦੇ ਨੌਕਰ ਚਾਕਰ ਤੇ ਪੀਰਾਂ ਦੇ ਮਜ਼ਾਰ ਤੇ ਚੜ੍ਹਾਏ ਜਾਂਦੇ, ਜੇ ਕਮਾਈ ਹਰਾਮ ਦੀ ਆਉਂਦੀ ਸੀ ਤੇ ਗੁਲੂ ਬਾਈ ਦੇ ਹਥਾਂ ਵਿਚ ਵੀ ਸ਼ਖਾਵਤ ਸੀ। ਕੋਈ ਸਵਾਲੀ ਦਰਵਾਜ਼ੇ ਤੋਂ ਨਹੀਂ ਸੀ ਮੁੜਿਆ। ਸ਼ਖਾਵਤ ਤੇ ਹਲਾਲ ਦੀ ਗੱਲ ਸਿਰਫ ਸਮਝਣ ਦੀ ਏ—ਉਹਦੇ ਲਈ ਤੇ ਉਹ ਹੀ ਦੌਲਤ ਹਕ ਹਲਾਲ ਅਤੇ ਪੰਜ ਨੌਹਾਂ ਦੀ ਕਿਰਤ ਸੀ।

ਜਵਾਨੀ ਵਿਚ ਹੁਸਨ ਮੁਠੀਆਂ ਭਰ ਭਰ ਕੇ ਵੰਡਦੀ ਰਹੀ। ਅਧਵਾਟੇ ਆਈ ਮੋਹਰਾਂ ਵੰਡੀਆਂ—ਬੁਢਾਪੇ ਵਿਚ ਕੀ ਮੋਤੀ ਦਾਨ ਕਰੂ।

ਗੁਲੂ ਬਾਈ ਦੀ ਸੁਰਮੇ ਵਾਲੀ ਅੱਖ ਕਲੇਜੇ ਵਿਚ ਧੂਹ ਪਾਉਂਦੀ। ਕਲੇਜਾ ਕਢ ਕੇ ਲੈ ਗਈ ਸ਼ਬੀਲੀ ਨਾਰ। ਕਲ ਦੀਆਂ ਜੰਮੀਆਂ ਛੋਕਰੀਆਂ ਗੁਲੂ ਬਾਈ ਦੇ ਪਾਸਕੂੰ ਵੀ ਨਹੀਂ ਸਨ। ਗੁਲੂ ਬਾਈ ਆਪਣੇ ਆਪ ਵਿਚ ਇਕ ਮੁਕੰਮਲ ਤਸਵੀਰ ਸੀ। ਗਜ਼ਲ ਦੇ ਸ਼ੇਅਰ ਤਾਂ ਸਿਰਫ ਉਸਦੀ ਇਕ ਅੱਖ ਸੀ। ਪੂਰੀ ਗਜ਼ਲ ਸੀ ਉਹ ਆਪਣੇ ਆਪ ਵਿਚ।

ਗਾਉਣ ਵਜਾਉਣ ਨੂੰ ਅਜੇ ਹੀ ਮਰਾਸਣਾ ਹਾਤਮ ਹੁੰਦੀਆਂ ਨੇ, ਪਰ ਉਹਦੇ ਡੇਰੇ ਦੀਆਂ ਧੁੰਮਾਂ ਲਾਹੌਰ, ਅੰਮ੍ਰਿਤਸਰ ਵਿਚ ਝੰਡੇ ਗਡ ਚੁਕੀਆਂ ਸਨ। ਉਹਦੇ ਮੁਜ਼ਰੇ ਨੇ ਦਿਲੀ ਤਕ ਨਾਮਣਾ ਖਟਿਆ ਹੋਇਆ ਸੀ। ਸਰਹਿੰਦ, ਜਲੰਧਰ ਤੇ ਅੰਮ੍ਰਿਤਸਰ ਵਾਲੇ ਉਹਦੇ ਤੇ ਲਟੂ ਹੋਏ ਫਿਰਦੇ ਸਨ। ਦਿਲੀ ਦੇ ਵਿਗੜੇ ਰਈਸ ਖਾਂਗੜ ਗੁਲੂ ਬਾਈ ਤੇ ਦਿਲ ਫੈਂਕਦੇ।

ਇਕ ਵਾਰ ਉਹ ਬੁਰਹਾਨਪੁਰ ਚਲੀ ਗਈ, ਜਿੰਨੀ ਰਕਮ ਮੁਜਰੇ ਤੋਂ ਇਕਠੀ ਕੀਤੀ, ਉਤਨੀਆਂ ਵੇਲਾਂ ਇਨਾਮ-ਕਰਾਮ ਇਕਠੇ ਕਰਕੇ, ਜਦ ਬੁਚਕੀ ਬੰਨ੍ਹ ਲਈ, ਤੁਰਨ ਲਗੀ,

ਇਕ ਸੌਦਾਗਰ ਆ ਗਿਆ ਘੋੜੇ ਵੇਚਣ ਵਾਲਾ। ਇਕ ਜੋੜੀ ਅਰਬੀ ਘੋੜਿਆਂ ਦੀ ਆਪਣੇ ਯਾਰ ਲਈ ਖਰੀਦ ਲਈ। ਲੋਕਾਂ ਪੁਛਿਆ ਤਾਂ ਹਸ ਕੇ ਬੋਲੀ ਯਾਰ ਲਈ ਕੋਈ ਸੌਗਾਤ ਲੈ ਕੇ ਜਾਣੀ ਤੇ ਪਏਗੀ ਨਾ। ਅੱਵਧ ਵਿਚ ਜਦ ਮੁਜਰਾ ਕੋਠੇ ਚੜ੍ਹ ਕੇ ਬੋਲਿਆ, ਮੋਹਰਾਂ ਦੀ ਵਰਖਾ ਹੋਈ। ਮੁੜਦੀ ਗੁਲੂ ਬਾਈ ਨੇ ਇਕ ਗੜਵੇਲ ਖਰੀਦ ਲਈ—ਪਸੰਦ ਜੁ ਆ ਗਈ ਸੀ। ਨਵਾਬ ਹੈਦਰਾਬਾਦ ਦੱਖਣ ਦੇ ਮੁੰਡੇ ਦਾ ਵਿਆਹ ਸੀ, ਚਲੋ ਭਾਜੀ ਨਹੀਂ ਸੀ ਆਈ, ਸੱਦਾ ਆਇਆ ਸੀ। ਕਈ ਮੁਜਰੇ ਇਕਠੇ ਹੋਏ ਹੈਦਰਾਬਾਦ ਵਿਚ, ਸਾਰਾ ਹਿੰਦੁਸਤਾਨ ਢੁਕਿਆ ਪਰ ਹੀਰਿਆਂ ਦੀ ਥਾਲੀ ਸਿਰਫ ਗੁਲੂ ਬਾਈ ਨੂੰ ਲੱਭੀ।

ਚਾਰ ਮਿਨਾਰ, ਗੋਲ ਕੁੰਡੇ ਦੀ ਹਵਾ ਫਕਣ ਤੋਂ ਬਾਅਦ ਜਦ ਸਲਾਮ ਕਰਨ ਗਈ ਗੁਲੂ ਬਾਈ ਤਾਂ ਵੀਹ ਹਜ਼ਾਰ ਦੀ ਮੁੰਦਰੀ ਸ਼ਹਿਜ਼ਾਦੇ ਨੂੰ ਨਜ਼ਰਾਨਾ ਦੇ ਆਈ। ਭੂਪਾਲ ਵਾਲਿਆਂ ਸਦਿਆ ਜਿੰਨੇ ਦਿਨ ਮੁਜਰਾ ਹੋਇਆ ਓਨੇਂ ਦਿਨ ਹੀ ਸ਼ਾਹੀ ਮਹਿਮਾਨ ਬਣੀ। ਕੁਝ ਦਿਨ ਹੋਰ ਠਹਿਰਨ ਦੀ ਤਬੀਅਤ ਆ ਗਈ, ਮਕਾਨ ਕਿਰਾਏ ਤੇ ਲੈਣਾ ਸੀ, ਇਕ ਹਵੇਲੀ ਵਾਲੇ ਤੋਂ ਕਿਰਾਇਆ ਪੁਛਿਆ ਤਾਂ ਉਹ ਆਖਣ ਲਗਾ 'ਇਥੇ ਮਕਾਨ ਕਿਰਾਏ ਤੇ ਦੇਣ ਦਾ ਰਿਵਾਜ ਨਹੀਂ ਹਵੇਲੀ ਖਰੀਦ ਕੇ ਰਹੁ।'

ਮੁਲ ਪੁਛਿਆ ਦਸ ਹਜ਼ਾਰ ਸੀ, ਸੌਦਾ ਅੱਠ ਤੇ ਮੁਕਿਆ, ਪਰ ਜਦ ਰਕਮ ਝੋਲੀ ਵਿਚ ਪਾਈ ਗਈ ਤਾਂ ਉਹ ਦਸ ਹਜ਼ਾਰ ਸੀ। ਦਸ ਦਿਨ ਉਜੈਨ ਤੇ ਮਾਂਡੂ ਦੇਖਣ ਵਿਚ ਲਗ ਗਏ। ਸਿਰਫ ਇਕ ਦਿਨ ਹਵੇਲੀ ਵਿਚ ਸੌਂ ਕੇ ਦੇਖਿਆ। ਇਕ ਦਿਨ ਸੌਣ ਦਾ ਮੁਲ ਸੀ ਦਸ ਹਜ਼ਾਰ। ਜਦ ਬਿਸਤਰਾ ਗੋਲ ਕੀਤਾ ਤਾਂ ਜਾਂਦੀ ਵਾਰ ਮਾਲਕ ਮਕਾਨ ਨੂੰ ਸਦਿਆ ਗਿਆ ਤੇ ਚਾਬੀਆਂ ਉਹਦੇ ਹਵਾਲੇ ਕਰ ਦਿਤੀਆਂ ਗਈਆਂ। ਮਾਲਕ ਮਕਾਨ ਹੈਰਾਨ ਸੀ ਕਿ ਇਹ ਚਾਬੀਆਂ ਕਾਹਦੇ ਲਈ ਦਿਤੀਆਂ ਨੇ 'ਮਾਫ ਕਰਨਾ ਮੈਥੋਂ ਚੌਕੀਦਾਰੀ ਨਹੀਂ ਹੋ ਸਕਦੀ ਕੋਈ ਹੋਰ ਬੰਦਾ ਲੱਭ ਲਓ।' ਗੁਲੂ ਬਾਈ ਨੇ ਫੁਰਮਾਇਆ 'ਇਹ ਹਵੇਲੀ ਤੁਹਾਡੀ ਏ, ਅਸਾਂ ਸਿਰ ਤੇ ਚੁਕ ਕੇ ਨਹੀਂ ਲੈ ਜਾਣੀ। ਇਹ ਤੁਹਾਡੀ ਨਜ਼ਰ ਏ, 'ਮੈਂ ਰਕਮ ਨਾ ਮੋੜ ਸਕਾਂਗਾ।' 'ਨਜ਼ਰ ਹੈ ਫਿਰ ਰਕਮ ਦਾ ਕੀ ਸਵਾਲ? ਤੁਸਾਂ ਮੇਰੇ ਅੱਗੇ ਅਮਾਨਤ ਰੱਖੀ ਸੀ, ਤੁਹਾਡੀ ਅਮਾਨਤ ਸੀ ਤੁਹਾਨੂੰ ਵਾਪਿਸ ਕਰ ਰਹੀ ਹਾਂ।' 'ਮੈਂ ਤੇ ਰੁਪਈਏ ਲੈ ਲਏ ਸਨ। ਮੇਰੀ ਤੇ ਮਾਲਕੀ ਖਤਮ ਹੋ ਗਈ।' 'ਕਾਹਦੀ ਮਾਲਕੀ? ਜ਼ਮੀਨ ਖੁਦਾ ਦੀ ਬੰਦਾ ਪ੍ਰਾਹੁਣਾ, ਇਕ ਰਾਤ ਰਿਹਾ, ਦਿਨ ਚੜ੍ਹਿਆ ਤਾਂ ਰਾਹੇ ਪਿਆ। ਤੁਸੀਂ ਜ਼ਮੀਨ ਦੇ ਮਾਲਕ ਹੋ ਅਸੀਂ ਤਾਂ ਪ੍ਰਦੇਸੀ ਹਾਂ। ਅੱਛਾ ਖੁਦਾ ਹਾਫਿਜ਼।' ਇਹ ਸੀ ਗੁਲੂ ਬਾਈ।

ਇਹ ਸੀ ਗੁਲੂ ਬਾਈ। ਇਕ ਗਜ਼ਲ ਸੀ, ਇਕ ਰਾਗ ਸੀ, ਇਕ ਪਟਾਰੀ ਸੀ ਹੁਸਨ ਦੀ। ਉਹਦੀ ਰਾਗਣੀ ਵਿਚ ਸੋਜ਼ ਸੀ, ਉਹਦੀਆਂ ਝਾਂਜਰਾਂ ਵਿਚ ਸੋਜ ਸੀ, ਉਹਦੀ ਕਮਰ ਹਚਕੋਲੇ ਖਾਂਦੀ ਤਾਂ ਜ਼ਮੀਨ ਵੀ ਡੋਲਦੀ ਤੇ ਆਸਮਾਨ ਵੀ। ਹਾਤਮ ਤਾਈ ਨੂੰ ਉਸ ਲੀੜੇ ਦੀ ਕੰਨੀ ਨਾਲ ਬੰਨ੍ਹਿਆ ਹੋਇਆ ਸੀ। ਇਕ ਫਿਤਨਾ ਸੀ ਜਿਹੜਾ ਲਾਹੌਰ ਵਿਚ ਪਟੋਲਿਆਂ ਵਿਚ ਲਪੇਟਿਆ ਹੋਇਆ ਸੀ। ਇਕ ਫੁਲਝੜੀ ਸੀ ਜਿਹੜੀ ਆਤਿਸ਼ਬਾਜ਼ ਦੇ ਹੱਥਾਂ ਵਿਚ ਸੀ।

ਸ਼ਾਹੀ ਕਿਲੇ ਲਾਹੌਰ ਵਿਚ ਮੁਜਰਾ ਸੀ ਤੇ ਲਾੜਾ ਸੀ ਖਾਨ ਬਹਾਦੁਰ ਜ਼ਕਰੀਆ ਖਾਨ ਤੇ ਮਹਿਫਲ ਦੀ ਸ਼ਮਾ ਸੀ ਗੁਲੂ ਬਾਈ। ਭਾਵੇਂ ਵੀਹ ਨਾਚੀਆਂ ਅੱਗ ਦੇ ਭਬੂਕੇ ਵਾਂਗਰ

ਮੱਚਦੀਆਂ ਸਨ, ਪਰ ਜਿਹੜਾ ਲੋਹੜੇ ਦਾ ਹੁਸਨ ਗੁਲੂਬਾਈ ਤੇ ਸੀ, ਰੱਬ ਹੀ ਖੈਰ ਕਰੇ! ਲਾਟ ਮਾਰਦੇ ਮੁਖੜੇ ਮਹਿਫਲ ਦੀ ਸ਼ਮ੍ਹਾ ਦੀ ਲੋਅ ਮੱਠੀ ਨਾ ਕਰ ਸਕੇ। ਸ਼ਮ੍ਹਾ ਜਗ ਰਹੀ ਸੀ, ਪਰਵਾਨਿਆਂ ਦੇ ਝੁਰਮਟ ਵਿਚ। ਸੰਗਦੇ ਸੰਗਦੇ ਘੁੰਗਰੂ ਵੀ ਬੋਲ ਉਠੇ। ਸਰੰਗੀ ਦਾ ਗਜ ਰੂਹ ਖਿਚ ਕੇ ਲੈ ਗਿਆ ਬੰਦਿਆਂ ਦੀ। ਭਾਵੇਂ ਗਿਣਤੀ ਦੇ ਮਹਿਮਾਨ ਸਨ, ਪਰ ਠੱਠ ਵਾਹਵਾ ਬੱਝੀ ਹੋਈ ਸੀ। ਕਸੂਰ ਦੇ ਚੌਧਰੀ ਮੁਲਤਾਨ ਤੋਂ ਆਇਆ ਪ੍ਰਾਹੁਣਾ ਤੇ ਮੰਡਿਆਲੇ ਤੋਂ ਨਵਾਂ ਆਇਆ ਪ੍ਰਦੇਸੀ ਭਾਵੇਂ ਪਿੰਡ ਵਿਚ ਨੰਬਰਦਾਰ ਹੀ ਸੀ, ਗਭਰੂ ਮੱਸਾ ਰੰਘੜ ਵੀ ਮਹਿਫਲ ਦਾ ਸ਼ਿੰਗਾਰ ਸੀ।

ਬੋਲ ਉਭਰੇ, ਨੱਚਦੀ-ਨੱਚਦੀ ਗੁਲੂਬਾਈ ਦੇ—

ਲਾਖੋਂ ਕੇ ਬੋਲ ਸਹੇ, ਸੰਵਰੀਆ ਤੇਰੇ ਲੀਏ।

ਮਹਿਫਲ ਨੂੰ ਲੁਟ ਕੇ ਗੁਲੂਬਾਈ ਨੇ ਝੋਲੀ ਵਿਚ ਪਾ ਲਿਆ। ਗੂੰਗੇ ਘੁੰਗਰੂ ਵੀ ਬੋਲ ਪਏ। ਮਹਿਫਲ ਝੂਮ ਰਹੀ ਸੀ। ਸਰੂਰ ਵਿਚ ਨਸ਼ਿਆ ਗਈ ਮਹਿਫਲ, ਨੱਚ ਨੱਚ ਕੇ ਫਾਵੀ ਹੋ ਰਹੀ ਸੀ ਗੁਲੂ ਬਾਈ।

—ਸਿੰਘ ਆ ਗਏ। ਇਕ ਆਵਾਜ਼।

—ਕਿਥੇ? ਜ਼ਕਰੀਆ ਖਾਂ ਬੋਲਿਆ।

—ਲਾਹੌਰ ਧੱਕੀ ਦਰਵਾਜ਼ੇ ਤੇ। ਉਨ੍ਹਾਂ ਦੁਕਾਨਾਂ ਲੁਟ ਲਈਆਂ ਤੇ ਚੁੰਗੀ ਵਾਲੀ ਲੋਹੇ ਦੀ ਅਲਮਾਰੀ ਚੁਕ ਕੇ ਲੈ ਗਏ, ਜਿਹਦੇ ਵਿਚ 10 ਹਜ਼ਾਰ ਮੋਹਰਾਂ ਸਨ। ਮਾਮਲਾ ਇਕੱਠਾ ਹੋ ਰਿਹਾ ਸੀ, ਕਿਸੇ ਨੇ ਮੁਕਾਬਲਾ ਨਹੀਂ ਕੀਤਾ। ਡਰਦੇ ਅਸੀਂ ਭੱਜ ਗਏ। ਬੋਲ ਇਕ ਅਹਿਲਕਾਰ ਦੇ ਸਨ।

—ਹੁਣ ਕਿਥੇ ਹਨ?

—ਹਰਨ ਹੋ ਗਏ।

—ਹਾਏ ਮੇਰਾ ਮਕਾਨ, ਮੇਰਾ ਭਰਾ ਭਰਜਾਈ। ਗੁਲੂਬਾਈ ਦੀ ਆਵਾਜ਼ ਸੀ।

—ਤੇਰੇ ਮਕਾਨ ਨੂੰ ਕੀ ਟਿਟਣਾਂ ਪੈਂਦੀਆਂ ਨੇ? ਤੂੰ ਕਿਹੜੇ ਭਰਾ-ਭਰਜਾਈ ਮਗਰੋਂ ਲਿਆਈਂ ਏਂ?

—ਮਜ਼ਾ ਈ ਕਿਰਕਿਰਾ ਕਰ ਦਿਤਾ ਈ। ਬੇਸਵਾਦੀ ਪੈਦਾ ਹੋ ਗਈ। ਮੁਜਰਾ ਬਰਖਾਸਤ ਕਰੋ। ਜ਼ਕਰੀਆ ਖਾਂ ਦਾ ਹੁਕਮ ਸੀ।

—ਮਹਿਮਾਨ ਸਾਰੇ ਉਠ ਖਲੋਤੇ। ਸਾਜ਼ਿੰਦਿਆਂ ਸਾਜ਼ ਸੰਭਾਲੇ। ਜ਼ਕਰੀਆ ਖਾਂ ਹਰਮ ਵਿਚ ਚਲਾ ਗਿਆ। ਗੁਲੂ ਬਾਈ ਜਾਂਦੀ ਵਾਰ ਸਲਾਮ ਕਰਨ ਗਈ ਹਰਮ ਵਿਚ।

—ਬਹਿ ਜਾ। ਅਜੇ ਤਾਂ ਪੈਰ ਮੈਲੇ ਨਹੀਂ ਹੋਏ, ਹੁਣੇ ਚਲੀ ਏਂ। ਅਜੇ ਤੇ ਰਾਤ ਗਹਿਰੀ ਨਹੀਂ ਹੋਈ। ਜ਼ਰਾ ਕੂ ਭਿਜਣ ਦੇ ਰਾਤ, ਚੁਕ ਸ਼ਰਾਬ ਦੀ ਸੁਰਾਹੀ, ਗਮ ਗਲਤ ਕੀਤਾ ਜਾਏ। ਇਨ੍ਹਾਂ ਸਿੰਘਾਂ ਨੇ ਜਾਨ ਆਜ਼ਾਬ ਵਿਚ ਪਾ ਦਿਤੀ ਏ। ਹੁਣ ਇਹ ਲਾਹੌਰ ਤੇ ਵੀ ਪੈਣ ਲਗ ਪਏ ਨੇ। ਕਲ ਕਿਲ੍ਹੇ ਦਾ ਬੂਹਾ ਤੋੜਨਗੇ। ਇਰਾਨੀ ਗਵਰਨਰ ਨੂੰ ਇਹ ਕੀ ਸਮਝਦੇ ਹਨ। ਹੁਣ ਇਜਾਜ਼ਤ ਇਰਾਨ ਤੋਂ ਮੰਗਣੀ ਪੈਂਦੀ ਏ ਕਿ ਸਿੰਘਾਂ ਦਾ ਕੀ ਕੀਤਾ ਜਾਏ। ਅੱਗੇ ਦਿੱਲੀ ਵਾਲਿਆਂ ਦੀਆਂ ਲਿੱਲੜੀਆਂ ਕੱਢਣੀਆਂ ਪੈਂਦੀਆਂ ਸਨ ਤੇ ਹੁਣ ਇਰਾਨ ਅੱਗੇ ਅੱਡੀਆਂ ਰਗੜਨੀਆਂ ਪੈਂਦੀਆਂ ਨੇ। ਇਰਾਨੀ ਗਵਰਨਰ ਤਾਂ ਮਿੱਟੀ ਦਾ ਮਾਧੋ ਏ। ਘੁਗੂ ਘੋੜਾ, ਰੰਨ, ਸ਼ਰਾਬ, ਦੂਜੀ ਹੋਰ ਗੱਲ ਹੀ ਨਹੀਂ। ਵਹਿਸ਼ੀ, ਨਿਰਾ ਵਹਿਸ਼ੀ।

ਸਿੰਘ, ਸਿੰਘ ਇਨ੍ਹਾਂ ਲਹੂ ਪੀ ਲਿਆ ਮੇਰਾ। ਜ਼ਕਰੀਆ ਖਾਂ ਨੇ ਇਕੋ ਵਾਰੀ ਗਲਾਸ ਦਾ ਗਲਾਸ ਚਾੜ੍ਹ ਲਿਆ।

—ਸੁਹਣਿਓ? ਤੁਸਾਂ ਵੀ ਬੜੇ ਗੁਲਛੱਰੇ ਉਡਾਏ ਹਨ। ਉਨ੍ਹਾਂ ਦਾ ਵੇਲਾ ਆਇਆ ਹੈ, ਉਨ੍ਹਾਂ ਨੂੰ ਵੀ ਮੂੰਹ ਸਲੂਣਾ ਕਰ ਲੈਣ ਦਿਓ। ਕਦੇ ਦਾਦੇ ਦੀਆਂ ਤੇ ਕਦੇ ਪੋਤੇ ਦੀਆਂ। ਜ਼ਬਾਨ ਦਾ ਸਵਾਦ ਬਦਲੇ, ਫਿਰ ਲੁਤਫ ਆਉਂਦਾ ਏ ਜ਼ਿੰਦਗੀ ਦਾ ਗੁਲੂਬਾਈ ਆਖਣ ਲਗੀ।

ਇਹ ਪਾਣੀ ਦਾ ਛੱਪੜ, ਇਹ ਆਬਿਹਯਾਤ ਦਾ ਚਸ਼ਮਾ, ਇਹ ਗੁਰੂਆਂ ਦੀ ਮਸਜਿਦ ਇਹ ਅੰਮ੍ਰਿਤਸਰ, ਜਦ ਤਕ ਇਹ ਹਨ, ਸਿੰਘ ਕਦੇ ਕਮਜ਼ੋਰ ਨਹੀਂ ਹੋ ਸਕਦੇ। ਇਹ ਬਿੱਜੂ ਜਦ ਆਬਿਹਯਾਤ ਦੇ ਛੱਪੜ ਵਿਚੋਂ ਨਹਾ ਕੇ ਨਿਕਲਦੇ ਹਨ ਤਾਂ ਫਿਰ ਅਲੀ ਬਣ ਜਾਂਦੇ ਹਨ ਤੇ ਅਲੀ ਦਾ ਕੀ ਮੁਕਾਬਲਾ, ਅਲੀ ਦਾ ਕੋਈ ਮੁਕਾਬਲਾ ਨਹੀਂ। ਜ਼ਕਰੀਆ ਖਾਂ ਦੀ ਸੋਚ ਸੀ।

—ਕੰਗਣੀ ਪਾਓ, ਬਟੇਰੇ ਇਕੱਠੇ ਹੋਣ, ਫੜ ਲਓ। ਗੁਲੂਬਾਈ ਆਖਣ ਲੱਗੀ।

—ਇਹ ਸ਼ਿਕਾਰੀਆਂ ਦੇ ਜਾਲ ਤੋੜ ਕੇ ਨਾਲ ਲੈ ਕੇ ਨੱਸ ਜਾਂਦੇ ਹਨ। ਇਹਨਾਂ ਦੇ ਮਗਰ ਇਕ ਬਹੁਤ ਵੱਡਾ ਜਜ਼ਬਾ ਕੰਮ ਕਰ ਰਹਿਆ ਏ। ਸਾਡੇ ਸਾਰੇ ਜਜ਼ਬੇ ਮੱਧਮ ਪੈ ਗਏ ਤੇ ਨਸ਼ਟ ਹੋ ਗਏ। ਅਸਾਂ ਸਭ ਕੁਝ ਸ਼ਰਾਬ ਦੇ ਪਿਆਲੇ ਵਿਚ ਘੋਲ ਕੇ ਪੀ ਲਿਆ। ਇਨ੍ਹਾਂ ਅਜੇ ਮੂੰਹ ਲਾ ਕੇ ਨਹੀਂ ਦੇਖੀ—ਇਹ ਰੱਬ ਹਨ। ਅਸੀਂ ਤੇ ਬੰਦੇ ਵੀ ਨਹੀਂ ਰਹੇ। ਰੱਬ ਤੇ ਬੰਦੇ ਦਾ ਕੀ ਮੁਕਾਬਲਾ? ਜ਼ਕਰੀਆ ਖਾਂ ਗਮਗੀਨ ਸੀ।

—ਸ਼ਰਾਬ ਦੇ ਦੋ ਪਿਆਲੇ ਭਰ ਕੇ ਪੀਓ ਮਿੱਤਰਾ ਸਭ ਗਮ ਭੁਲ ਜਾਣਗੇ। ਸਿੰਘਾਂ ਨਾਲ ਯਰਾਨੇ ਦੀ ਲੋੜ ਏ। ਹੁਣ ਹਕੂਮਤ ਵੀ ਓਪਰੀ ਏ। ਲਾਹੌਰ ਦਾ ਸੂਬਾ ਹੁਣ ਦਿੱਲੀ ਦੇ ਅਧੀਨ ਨਹੀਂ, ਸਗੋਂ ਇਰਾਨ ਦੀ ਛੱਤਰ ਛਾਇਆ ਹੇਠ ਹੈ। ਇਹ ਇਰਾਨੀ ਮੁਗਲਾਂ ਤੋਂ ਵੀ ਵਧ ਕਮੀਨੇ ਹਨ, ਭੁਖੇ ਹਨ, ਲੀਚੜ ਹਨ, ਲੈਂਜ ਹਨ। ਇਨ੍ਹਾਂ ਦੀ ਭੁਖ ਨਿਕਲੂ ਤਾਂ ਫ਼ੇਰ ਇਹ ਬਾਦਸ਼ਾਹ ਬਣਨਗੇ। ਇਹ ਤੇ ਹੈਵਾਨ ਹਨ। ਇਕ ਦਿਨ ਦਿਨੇ ਮੇਰੀ ਅੱਖ ਲਗ ਗਈ। ਤਿਖੜ ਦੁਪਹਿਰੇ ਦੋ ਇਰਾਨੀ ਮੇਰੇ ਘਰ ਆ ਵੜੇ। ਮੇਰੀਆਂ ਦੋ ਨੋਚੀਆਂ ਦੇ ਹੱਡ ਖੜਕਾ ਗਏ। ਖੰਭ ਤੇ ਖੋਹਣੇ ਹੀ ਸਨ, ਪਰ ਹੱਡੀਆਂ ਤੋੜਨ ਦਾ ਕੀ ਰਾਹ ਏ। ਵਹਿਸ਼ੀ ਬੜੇ ਭੁਖੇ ਹਨ ਔਰਤ ਦੇ। ਔਰਤ ਨਜ਼ਰੀਂ ਪੈ ਜਾਏ—ਲਸੂੜੀ ਵਾਂਗਰ ਚੰਬੜ ਜਾਂਦੇ ਹਨ। ਗੁਲੂਬਾਈ ਬੋਲੀ।

—ਸ਼ਰਾਬ ਲਿਆ ਸ਼ਰਾਬ ਹੋਰ। ਕਮਜ਼ਾਤੇ! ਤੂੰ ਤਾਂ ਆਪਣੀ ਕਹਾਣੀ ਲੈ ਬੈਠੀ—ਹੁਸਨ ਦੀ ਗੱਲ ਛੇੜ ਜੋਬਨ ਸਦਕਾ—ਸ਼ਰਾਬ ਦਾ ਨਸ਼ਾ ਖਿੜੇ—ਨੀਂਦ ਆ ਜਾਏ। ਸਿੰਘਾਂ! ਇਨ੍ਹਾਂ ਹਰਾਮ ਜ਼ਾਦਿਆਂ ਮੇਰੀ ਨੀਂਦ ਹਰਾਮ ਕਰ ਦਿਤੀ ਏ। ਸੌਣ ਨਹੀਂ ਦੇਂਦਾ ਇਨ੍ਹਾਂ ਦਾ ਡਰ। ਅੰਮ੍ਰਿਤਸਰ ਤੇ ਕਰੜਾ ਪਹਿਰਾ। ਤਲਾਬ ਦੀ ਸਖਤੀ ਨਾਲ ਹਿਫਾਜ਼ਤ—ਬੰਦਾ ਕਿਹੜਾ ਏ—ਏਸ ਕੰਮ ਦੇ ਲਾਇਕ? ਬੁੜਬੁੜਾ ਰਿਹਾ ਸੀ ਜ਼ਕਰੀਆ ਖਾਂ—ਸ਼ਰਾਬ ਦੇ ਨਸ਼ੇ ਵਿਚ।

ਗੁਲੂਬਾਈ ਨੂੰ ਕਾਹਲੀ ਸੀ। ਮੱਸੇ ਰੰਘੜ ਨਾਲ ਸਾਈ ਲਾ ਕੇ ਆਈ ਸੀ। ਕੜੀਅਲ ਜਵਾਨ, ਸ਼ੀਂਹ ਵਰਗਾ ਗਭਰੂ—ਟਾਹਲੀ ਦੀ ਗੇਲੀ ਵਰਗਾ ਸਰੀਰ—ਖ਼ੂਬਸੂਰਤ, ਸੁਨਖਾ ਜਵਾਨ—ਸ਼ਬ ਯਖਅਸਤ ਮੈਂ, ਮੱਸਾ, ਰਾਤ ਕਿੰਨੀਂ ਸੁਹਾਣੀ ਹੋ ਜਾਏਗੀ ਤੇ ਉਤੋਂ ਪੁਠ ਸ਼ਰਾਬ ਦੀ—ਜਵਾਨੀ ਨੂੰ ਹਲੂਣਾ ਆ ਜਾਊ। ਅਜ ਤੇ ਪੀਂਘ ਝੂਟ ਲੈਣ ਦੇ ਚੰਦਰਿਆ—ਤੇਰੀ

ਮੁਹਾਰਨੀ ਤੇ ਮੁਕਣੀ ਹੀ ਨਹੀਂ। ਸਾਡੀ ਕਿਉਂ ਰਾਤ ਨੂੰ ਅੱਗ ਲਾਉਣ ਲਗੈਂ? ਸਿੰਘ-ਸਿੰਘ! ਇਨ੍ਹਾਂ ਦਾ ਵਕਤ ਆਇਆ ਹੈ, ਇਨ੍ਹਾਂ ਨੂੰ ਵੀ ਚਾਰ ਦਿਨ ਮੌਜਾਂ ਮਾਣ ਲੈਣ ਦੇ॥ ਗੁਲੂਬਾਈ ਨੇ ਇਕ ਹੋਰ ਪਿਆਲਾ ਭਰਕੇ ਦਿਤਾ ਸ਼ਰਾਬ ਦਾ।

ਇਕ ਝੀਕੇ ਚਾੜ ਗਿਆ ਪੱਠਾ।

—ਇਧਰ ਆ ਕਮਜ਼ਾਤੇ—ਅੱਧੀ ਰਾਤ ਨੂੰ ਕਿਧਰ ਚਲੀ ਏਂ? ਸ਼ੱਬ ਯਖ਼ਅਸਤ।

—ਮੈਂ ਤੁਹਾਡੀਆਂ ਤਲੀਆਂ ਝਸਦੀ ਹਾਂ। ਰਾਤ ਬੜੀ ਠੰਢੀ ਏ। ਮੈਂ ਤੁਹਾਡੇ ਕੋਲ ਹਾਂ—ਫਿਰ ਕਾਹਦੀ ਠੰਢ? ਗੁਲੂ ਬਾਈ ਤਲੀਆਂ ਝੱਸ ਰਹੀ ਸੀ।

—ਅੰਮ੍ਰਿਤਸਰ ਦਾ ਚੌਧਰੀ ਕਿਸ ਨੂੰ ਬਣਾਇਆ ਜਾਵੇ।

—ਅਜੇ ਤਕ ਚੋਣ ਹੀ ਨਹੀਂ ਹੋਈ? ਚੌਧਰੀ ਬਨਾਉਣਾ ਏ—ਤੁਸੀਂ ਕਿਹੜਾ ਇਰਾਨ ਦਾ ਬਾਦਸ਼ਾਹ ਬਨਾਉਣ ਲਗੇ ਓ?

—ਸਭ ਬੁਜ਼ਦਿਲ ਹਨ—ਨਿਕੰਮੇ—ਸਿੰਘਾਂ ਤੋਂ ਡਰਦਿਆਂ ਦੇ ਪਦ ਨਿਕਲਦੇ ਹਨ। ਸਿੰਘ ਬੜੇ ਹੀ ਦਲੇਰ ਹਨ—ਫੌਲਾਦੀ ਜਿਸਮ—ਬੰਜਰ ਸਰੀਰ—ਪਹਾੜ ਜਿਡੇ ਹੌਂਸਲੇ। ਜ਼ਕਰੀਆ ਖਾਂ ਆਖਦਾ ਸੀ।

—ਮੇਰੀ ਸੁਰਮੇਂ ਵਾਲੀ ਅੱਖ ਨੇ ਮਹਿਫਲ ਵਿਚ ਹੀ ਚੋਣ ਕਰ ਲਈ ਸੀ। ਗੁਲੂ ਬਾਈ ਦੇ ਬੋਲ ਸਨ।

—ਮੈਂ ਵੀ ਸੁਣਾਂ ਤੇਰੀ ਚੋਣ—ਸ਼ਾਇਦ ਰਾਇਆਂ ਮਿਲ ਜਾਣ। ਤੂੰ ਘਾਟ-ਘਾਟ ਦਾ ਪਾਣੀ ਪੀਤਾ ਹੈ—ਬੋਲ ਮੇਰੀ ਛਮਕ ਛਲੋ।

—ਮੇਰੀ ਨਜ਼ਰ ਮੱਸੇ ਰੰਘੜ ਤੇ ਹੈ। ਇਹ ਬੰਦਾ ਸਿੰਘਾਂ ਨੂੰ ਕੀਲ ਸਕਦਾ ਹੈ। ਗੁਲੂ ਬਾਈ ਨੇ ਛਾਤੀ ਦੇ ਜ਼ੋਰ ਨਾਲ ਆਖਿਆ।

—ਕਿਤੇ ਯਾਰਾਨਾਂ ਤਾਂ ਨਹੀਂ ਮੱਸੇ ਰੰਘੜ ਨਾਲ? ਰੋਜ਼ ਨਵੇਂ ਮੁੰਡੇ ਲਭਦੀ ਫਿਰਦੀ ਏਂ।

—ਪਹਿਲੀ ਵਾਰ ਵੇਖਿਆ।

—ਨਜ਼ਰ ਤਾਂ ਪਹਿਲੀ ਹੀ ਭੈੜੀ ਹੁੰਦੀ ਹੈ।

—ਨਹੀਂ ਸਰਕਾਰ! ਮੈਨੂੰ ਸ਼ਕੀ ਨਜ਼ਰਾਂ ਨਾਲ ਨਾ ਵੇਖ। ਮੇਰਾ ਤਾਂ ਉਸ ਵਿਚਾਰੇ ਨਾਲ ਕੋਈ ਰਿਸ਼ਤਾ ਹੀ ਨਹੀਂ।

—ਚੰਗਾ ਸਲਾਮ ਅਰਜ਼ ਕਰਦੀ ਏ ਬਾਂਦੀ।

ਨਸ਼ੇ ਦੀ ਲੋਰ ਆਈ ਜ਼ਕਰੀਆ ਖਾਂ ਬੇ ਸੁਧ ਹੋ ਗਿਆ।

ਖਵਾਬ ਵੇਖ ਰਿਹਾ ਸੀ। ਸਿੰਘ ਜਨਾਜ਼ਾ ਚੁਕੀ ਜਾ ਰਹੇ ਸਨ—ਜਿਊਂਦੇ ਜ਼ਕਰੀਆ ਖਾਂ ਦਾ। ਵਿਚਾਰਾ ਡਰਿਆ ਬੋਲਦਾ ਵੀ ਨਹੀਂ ਸੀ।

—ਸਿੰਘ ਆ ਗਏ। ਜ਼ਕਰੀਆ ਖਾਂ ਅਬੜ ਵਾਹੇ ਉਠ ਬੈਠਾ।

ਪਹਿਲੀ ਅਜ਼ਾਨ ਹੋ ਰਹੀ ਸੀ। ਦਿਨ ਚੜ੍ਹ ਪਿਆ।

ਚੌਧਰੀ

ਚੌਧਰੀਪੁਣੇ ਦੀ ਪੱਗ ਬਨ੍ਹਵਾਈ। ਆਪਣੇ ਲੱਕ ਤੋਂ ਤਲਵਾਰ ਖੋਲ੍ਹ ਕੇ ਉਸਦੀ ਕਮਰ ਵਿਚ ਬੰਨ੍ਹੀ। ਖਿਲਤ ਅਤੇ ਇਕ ਅਰਬੀ ਘੋੜਾ ਦਿੱਤਾ ਮੱਸੇ ਰੰਘੜ ਨੂੰ। ਘਰੋਂ ਛੋਕਰਾ ਲਾਹੌਰ ਦੇਖਣ ਆਇਆ ਸੀ, ਚੌਧਰ ਦੀ ਘੋੜੀ ਤੇ ਚੜ੍ਹ ਕੇ ਨਿਕਲਿਆ ਲਾਹੌਰ ਦੀਆਂ ਸ਼ਾਹੀ ਬਾਰਾਂ-ਦਰੀਆਂ ਵਿਚੋਂ। ਮੁਬਾਰਕਾਂ ਨਾਲ ਭਰ ਦਿੱਤੀ ਮੱਸੇ ਰੰਘੜ ਦੀ ਝੋਲੀ. ਪੱਗ ਦਾ ਤੁਰਾ ਹਵਾ ਵਿਚ ਮੋਰ ਵਾਂਗੂ ਪੈਲਾਂ ਪਾ ਰਿਹਾ ਸੀ।

ਜ਼ਕਰੀਆ ਖਾਂ ਨੇ ਭਰੀ ਕਚਹਿਰੀ ਵਿਚ ਆਖਿਆ—ਲੈ ਬਈ ਬੱਚੂ ! ਅੱਜ ਤੋਂ ਤੂੰ ਅੰਮ੍ਰਿਤਸਰ ਦਾ ਚੌਧਰੀ। ਸਰਕਾਰੀ ਕਾਗ਼ਜ਼ਾਂ ਤੇ ਤੇਰਾ ਨਾਂ ਚੜ੍ਹ ਗਿਆ। ਸਿਆਹੀ ਸਫੇਦੀ ਦਾ ਤੂੰ ਮਾਲਕ। ਆਪਣੇ ਚੌਧਰਪੁਣੇ ਦੀ ਲਾਜ ਰੱਖਣੀ। ਭਾਵੇਂ ਇਹ ਚੋਣ ਸੁਰਮੇ ਵਾਲੀ ਅੱਖ ਦੀ ਏ, ਪਰ ਮੈਂ ਕਲ੍ਹ ਕਚਹਿਰੀ ਤੋਂ ਉਠਦਿਆਂ ਹੀ ਫੈਸਲਾ ਕਰ ਲਿਆ ਸੀ। ਸ਼ਾਹੀ ਤਲਵਾਰ ਇਹ ਲਲਕਾਰ ਲਲਕਾਰ ਕੇ ਆਖ ਰਹੀ ਏ, ਹੁਣ ਤੇਰੇ ਸਿਰ ਤੇ ਫ਼ਰਜ਼ਾਂ ਦੀ ਪੰਡ ਰੱਖ ਦਿੱਤੀ ਏ। ਮੰਜ਼ਿਲ ਤਕ ਅਪੜਾਉਣੀ ਤੇਰਾ ਕੰਮ ਏ। ਲਾਹੌਰ ਦੀ ਸਾਰੀ ਫ਼ੌਜ, ਲਾਹੌਰ ਦਾ ਸਾਰਾ ਖਜ਼ਾਨਾ, ਸੱਭ ਤੇਰੀ ਮਦਦ ਤੇ ਹਨ। ਤੈਨੂੰ ਦਸ ਖ਼ੂਨ ਮਾਫ਼। ਜਿਸ ਤਰ੍ਹਾਂ ਵੀ ਹੋ ਸਕੇ, ਜ਼ੋਰ,ਜ਼ੁਲਮ, ਸਖ਼ਤੀ, ਤਲਵਾਰ, ਤੋਪ ਦਾ ਭੈਅ ਵਿਖਾ ਤੇ ਆਪਣੀ ਦਹਿਸ਼ਤ ਇਕ ਵਾਰ ਪੈਦਾ ਕਰ ਦੇ। ਥਰ ਥਰ ਕੰਬੇ ਅੰਮ੍ਰਿਤਸਰ, ਪਿਆਰ ਕਰ, ਦਿਲਾਸੇ ਦੇ, ਘਿਓ ਦੀਆਂ ਚੂਰੀਆਂ ਖੁਆ, ਦੁੱਧ ਪਿਆ, ਮਲਾਈ ਖੁਆਉਣੀ ਪਵੇ ਜਾਂ ਖੀਰ, ਜਿਸ ਤਰ੍ਹਾਂ ਦੇ ਤੂੰ ਮਰਜ਼ੀ ਪਾਪੜ ਵੇਲੇਂ, ਸਿੰਘ ਤੇਰੇ ਤੋਂ ਤ੍ਰਭਕਣ। ਕੋਈ ਡਰਦਾ ਸਿੰਘ ਅੰਮ੍ਰਿਤਸਰ ਵੱਲ ਮੂੰਹ ਨਾ ਕਰੇ। ਤਲਾਂਤ ਪੂਰ ਦੇ, ਉਹ ਮਸਜਿਦ ਸੁਨਹਿਰੀ ਬੁਰਜਾਂ ਵਾਲੀ, ਗੁੰਬਦਾਂ ਵਾਲੀ, ਚਹੁੰ ਦਰਵਾਜ਼ਿਆਂ ਵਾਲਾ ਉਹ ਹਿੰਦੂਆਂ ਦਾ ਮੰਦਿਰ, ਪਾਣੀ ਵਿਚ ਖਲੋਤੇ ਮਸਜਿਦੇ-ਹਿੰਦ ਦੇ ਬੂਹੇ ਬੰਦ ਕਰ ਦੇ, ਕੋਈ ਸਿੰਘ ਸਲਾਮ ਨਾ ਕਰ ਸਕੇ, ਦੁਆ ਨਾ ਕਰ ਸਕੇ। ਬਸ ਤੇਰਾ ਏਨਾ ਹੀ ਕੰਮ ਹੈ, ਜਾ ਅੰਮ੍ਰਿਤਸਰ ਵਿਚ ਡੇਰੇ ਪਾ ਲੈ। ਆਪ ਖਾ ਤੇ ਦੂਜਿਆਂ ਨੂੰ ਗੁਲਸ਼ੱਰੇ ਉਡਵਾ। ਜੇ ਬੱਚੂ ਤੂੰ ਇਸ ਕੰਮ ਵਿਚ ਕਾਮਯਾਬ ਹੋ ਗਇਉਂ ਤਾਂ ਪੰਜ ਹਜ਼ਾਰੀ ਬਨਾਉਣਾ ਮੇਰਾ ਕੰਮ। ਹੁਣ ਤਾਜ਼ਾ ਲਹੂ ਦੀ ਲੋੜ ਹੈ। ਪੱਗ ਦੀ ਲਾਜ ਰੱਖਣੀ ਊ। ਜ਼ਕਰੀਆਂ ਖਾਂ ਨੇ ਉਸਦੀ ਪਿੱਠ ਤੇ ਥਾਪਣਾ ਦਿੱਤੀ।

—ਖਾਨ ਬਹਾਦਰ ਮੱਸੇ ਦੀ ਖਲੜੀ 'ਚ ਰਤੀ ਭਰ ਭੈਅ ਨਹੀਂ ਤੇ ਨਾ ਹੀ ਮੈਂ ਸਿੰਘਾਂ ਤੋਂ ਡਰਦਾ ਹਾਂ। ਖ਼ੌਫ਼ ਖਾਣਾ ਤਾਂ ਮੈਂ ਸਿਖਿਆ ਹੀ ਨਹੀਂ। ਮੇਰੇ ਜਿਉਂਦਿਆਂ ਕੋਈ ਵੀ ਸਿੰਘ ਅੰਮ੍ਰਿਤਸਰ ਦੀ ਜੂਹ ਵਿਚ ਪੈਰ ਨਹੀਂ ਧਰ ਸਕਦਾ। ਮੈਂ ਪੈਰ ਟੁਕ ਦੇਵਾਂਗਾ। ਮੈਂ

ਇਨ੍ਹਾਂ ਦੇ ਭੂਤ ਨਾ ਕੱਢ ਦਿੱਤੇ ਤਾਂ ਮੇਰਾ ਨਾਂ ਮੱਸਾ ਰੰਘੜ ਨਾ ਸੱਦਿਓ, ਹੋਰ ਐਰਾ ਗੈਰਾ ਸੱਦ ਲੈਣਾ ਮੈਂ ਰੰਘੜਾਂ ਨੂੰ ਲਾਜ ਨਹੀਂ ਲੱਗਣ ਦਿੰਦਾ। ਮੱਸਾ ਰੰਘੜ ਬੋਲ ਰਿਹਾ ਸੀ।

—ਅੱਛਾ ਬਾਈ! ਖ਼ੁਦਾ ਹਾਫਿਜ਼।

ਮੱਸੇ ਰੰਘੜ ਨੇ ਸੂਬੇ ਨੂੰ ਸੱਤ ਸਲਾਮਾਂ ਕੀਤੀਆਂ ਤੇ ਜੁਰਅੱਤ ਨਾਲ ਘੋੜੇ ਤੇ ਪਲਾਕੀ ਮਾਰੀ, ਹਵਾ ਨਾਲ ਗੱਲਾਂ ਕਰਦਾ ਘੋੜਾ ਅਹੁ ਗਿਆ—ਅਹੁ ਗਿਆ। ਲਾਹੌਰ ਦੀਆਂ ਚੌਬੁਰਜੀਆਂ ਲੰਘ ਗਿਆ। ਮਗਰ ਇਕ ਘੋੜਾ ਆ ਰਿਹਾ ਸੀ, ਸਰਪਟ ਦੌੜਦਾ। ਮੱਸੇ ਨੇ ਪਿੱਛੇ ਮੁੜ ਕੇ ਦੇਖਿਆ ਦੋਸਤ ਜਾਪਿਆ। ਘੋੜੇ ਦੀ ਚਾਲ ਮੱਠੀ ਕੀਤੀ ਮੱਸੇ ਨੇ।

—ਅਸਲਾਮਾ ਲੈਕਮ। ਹਜ਼ੂਰ ਤੁਸੀਂ ਲਾਹੌਰ ਵਿਚੋਂ ਪ੍ਰਦੇਸੀਆਂ ਵਾਂਗੂ ਨਿਕਲ ਆਏ—ਜਿਵੇਂ ਤੁਹਾਡਾ ਕੋਈ ਜਾਣੂ ਨਾ ਹੋਵੇ। ਗੁਲੂ ਬਾਈ ਤੁਹਾਡੀ ਇੰਤਜ਼ਾਰ ਵਿਚ ਹਵੇਲੀ ਦੇ ਬੂਹੇ ਵਿਚ ਸਾਰੀ ਰਾਤ ਖੜੀ ਆਕੜ ਗਈ। ਤੁਸੀਂ ਆਉਣਾ ਸੀ। ਦਸਤਰ ਖ਼ਾਨ ਉਸੇ ਤਰ੍ਹਾਂ ਵਿਛਿਆ ਪਿਆ ਏ। ਗੁਲੂ ਬਾਈ ਨੇ ਇਮਾਨ ਨਾਲ ਰੋ ਰੋ ਕੇ ਅੱਖਾਂ ਸੁਜਾ ਲਈਆਂ। ਜਦ ਉਹਨੂੰ ਪਤਾ ਲਗਾ ਕਿ ਤੁਸੀਂ ਲਾਹੌਰੋਂ ਚਲ ਪਏ ਹੋ, ਧੜੈਂ ਕਰਕੇ ਗਸ਼ ਖਾ ਕੇ ਜ਼ਮੀਨ ਤੇ ਡਿੱਗ ਪਈ। ਉਸ ਆਖਿਆ ਏ ਕਿ ਤੁਸਾਂ ਨਹੀਂ ਸੀ ਆਉਣਾ ਤਾਂ ਇਕਰਾਰ ਕਰਨ ਦੀ ਕੀ ਲੋੜ ਸੀ? ਅੱਛਾ ਖ਼ੁਦਾ ਹਾਫਿਜ਼।

ਬੋਲ ਘੋੜ ਸਵਾਰ ਦੇ ਸਨ।

—ਮਾਫ ਕਰਨਾ ਵਕਤ ਨਹੀਂ ਮਿਲਿਆ—ਫਿਰ ਆਵਾਂਗੇ। ਅਜੇ ਤਾਂ ਜਵਾਨੀ ਚੜ੍ਹੇ ਹਾਂ ਜ਼ਿੰਦਗੀ ਬੜੀ ਪਈ ਹੋਈ ਏ, ਮਿਲਾਂਗੇ, ਜ਼ਰੂਰ ਮਿਲਾਂਗੇ। ਜੇ ਅਸਾਂ ਉਹਨੂੰ ਨਹੀਂ ਮਿਲਣਾ ਤਾਂ ਹੋਰ ਕਿਹੜੀ ਨੱਥ ਵਾਲੀ ਨਾਲ ਗੱਲ ਕਰਨੀ ਏ? ਮੇਰੀ ਵਜ੍ਹਾ ਨਾਲ ਜਿਹੜੀ ਤਕਲੀਫ ਉਹਨੂੰ, ਉਹਦੇ ਟੱਬਰ ਨੂੰ ਉਠਾਉਣੀ ਪਈ ਏ, ਮੈਨੂੰ ਦਿਲੋਂ ਦੁੱਖ ਏ, ਮੇਰੀ ਤਰਫ਼ੋਂ ਮਾਫ਼ੀ ਮੰਗ ਲੈਣਾ। ਪਰ ਵੇਖਿਆ ਜਾਵੇ 'ਪੰਛੀ ਔਰ ਪ੍ਰਦੇਸੀ—ਨਹੀਂ ਕਿਸੀ ਕੇ ਮੀਤ'

ਚੜ੍ਹੀਆਂ ਘਟਾਵਾਂ ਕਦੀ ਰੁਕੀਆਂ ਨੇ—ਗਏ ਬੱਦਲ ਕਦੀ ਮੁੜੇ ਨੇ। ਕੂੰਜਾਂ ਪਰਤਦੀਆਂ ਨੇ ਹਰ ਸਾਲ। ਮੌਸਮ ਆਇਆ ਤਾਂ ਫਿਰ ਲਾਹੌਰ ਆਵਾਂਗੇ। ਫਿਰ ਮਹਿਫਲਾਂ ਸਜਣਗੀਆਂ। ਦੀਵਾਨ ਖ਼ਾਨਿਆਂ ਵਿਚ ਫਿਰ ਰੌਣਕ ਹੋਵੇਗੀ, ਫਾਨੂਸ ਜਮਣਗੇ, ਝਾਂਜਰ ਛਣਕੂ, ਦਿਲ ਡੋਲੂ, ਬਹਾਰ ਨੱਚੂ ਬਾਈ ਦੇ ਵਿਹੜੇ, ਮੈਂ ਵੀ ਝੂਮਾਂਗਾ ਤੇ ਲਾਹੌਰ ਵੀ ਝੂਮੇਗਾ। ਬੋਲ ਮੱਸੇ ਰੰਘੜ ਤੇ ਸਨ।

—ਹਜ਼ੂਰ! ਠੀਕ ਆਖਦੇ ਹੋ। ਆਦਮਜ਼ਾਦੀਆਂ ਕਦ ਕਿਸੇ ਦੀ ਸੁਣਦੀਆਂ ਨੇ। ਹਵਾ ਦੀ ਬੇਟੀ ਨੇ ਜਦ ਤਲੀ ਤੇ ਮਹਿੰਦੀ ਲਾ ਲਈ ਤਾਂ ਜ਼ਰਾ ਕੁ ਖੁਸ਼ਬੂ ਨਿਖਰੀ, ਖਿੰਡੀ, ਖਿੱਲਰੀ ਤੇ ਜ਼ੁਲੇਖਾਂ ਬਣ ਗਈ। ਯੂਸਫ ਗੇੜੇ ਨਾ ਮਾਰੂ ਤਾਂ ਹੋਰ ਕੀ ਕਰੂ? ਕਿਬਲਾ! ਗੁਲੂ ਬਾਈ ਨੇ ਤੋਹਫਾ ਦਿੱਤਾ। ਨਜ਼ਰਾਨਾ ਤੁਛ ਜਿਹਾ ਏ ਕਬੂਲ ਕਰ ਲਓ। ਘੋੜ ਸਵਾਰ ਦੇ ਬੋਲ ਸਨ।

—ਜ਼ਾਹੇ ਕਿਸਮਤ ਕੀ ਏ?

—ਅਤਰ ਏ ਇਰਾਨੀ।

—ਅੱਛਾ ਸ਼ੁਕਰੀਆ।

ਦੋਵੇਂ ਆਪਣੇ ਆਪਣੇ ਰਾਹ ਪਏ, ਇਕ ਪਾਸੇ ਮੱਸੇ ਰੰਘੜ ਦਾ ਘੋੜਾ ਹਵਾ ਨਾਲ ਬਾਜ਼ੀ ਲਾ ਰਿਹਾ ਸੀ, ਦੂਸਰੇ ਪਾਸੇ ਗੁਲੂ ਬਾਈ ਦਾ ਨੌਕਰ ਧੂੜ ਪੱਟੀ ਜਾ ਰਿਹਾ ਸੀ। ਰਾਹ

ਖੇੜਿਆਂ ਦੀ। ਘੜੀਆਂ ਵਿਚ ਬਹੁਤ ਵੱਡੀ ਵਿੱਥ ਪੈ ਗਈ।

ਅੰਮ੍ਰਿਤਸਰ ਤਾਂ ਪਹਿਲਾਂ ਹੀ ਖ਼ਬਰਾਂ ਪੁਜ ਗਈਆਂ ਸਨ। ਲੋਕਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਖੜੀਆਂ ਸਨ। ਸਰਕਾਰੀ ਕਰਮਚਾਰੀ ਵੀ ਫੁੱਲਾਂ ਦੇ ਹਾਰ ਲਈ ਖੜੇ ਸਨ।

ਮੱਸੇ ਰੰਘੜ ਦੀ ਧੌਣ ਲੋਕਾਂ ਫੁੱਲਾਂ ਦੇ ਹਾਰਾਂ ਨਾਲ ਭਰ ਦਿੱਤੀ। ਜ਼ਮੀਨ ਤੋਂ ਗਿੱਠ ਉੱਚੇ ਸਨ ਪੈਰ ਮੱਸੇ ਰੰਘੜ ਦੇ।

ਮੱਸੇ ਰੰਘੜ ਦੀ ਮਾਂ ਨੇ ਪਾਣੀ ਵਾਰ ਕੇ ਪੀਤਾ ਸਰਵਾਰਨੇ ਕੀਤੇ ਭਾਬੀਆਂ ਨੇ, ਸਦਕੇ ਕੀਤੇ ਭੈਣਾਂ ਨੇ। ਮੁਬਾਰਕਾਂ ਦੇਣ ਵਾਲਿਆਂ ਨੇ ਮੱਸੇ ਰੰਘੜ ਦੀ ਮਾਂ ਦੀ ਝੋਲੀ ਏਨੀਂ ਭਰ ਦਿੱਤੀ ਕਿ ਉਛਲ-ਉਛਲ ਪੈ ਰਹੀਆਂ ਸਨ ਮੁਬਾਰਕਾਂ।

ਸਨਮਾਨ ਦੇਣ ਆਏ ਇਹ ਚੌਧਰੀ।

ਚੌਧਰੀ ਰਾਮਾ, ਰੰਧਾਵਾ, ਕਨ੍ਹੀਏ ਵਾਲਾ ਕਰਮਾ ਛੀਨੇ ਪਿੰਡ ਦਾ, ਪਾਨਾ ਨੁਸ਼ਹਿਰੇ ਦਾ, ਧਰਮ ਦਾਸ ਜੋਧਨਗਰੀਆ। ਸਾਹਿਬ ਸਿੱਧੂ, ਦਿਲਬਾਗ ਰਾਏ, ਹੈਬਤ ਖਾਂ ਨੌਸ਼ਟੇ ਵਾਲਾ। ਮਜੀਠੇ ਵਾਲਾ ਸ਼ੇਰ ਗੁਲ ਜੱਟ, ਵਟਾਲੇ ਦੇ ਭੰਡਾਰੀ ਖਤਰੀ, ਜੰਡਿਆਲੇ ਦੇ ਨਿਰੰਜਣੀਏ ਸਾਧੂ। ਇਨ੍ਹਾਂ ਨੇ ਏਨੀਆਂ ਵਧਾਈਆਂ ਦਿੱਤੀਆਂ ਕਿ ਮੱਸਾ ਰੰਘੜ ਆਪਣਾ ਆਪ ਭੁੱਲ। ਗਿਆ ਬੜਾ ਨਸ਼ਾ ਹੁੰਦਾ ਹੈ ਚੌਧਰਪੁਣੇ ਦਾ।

ਅੰਮ੍ਰਿਤਸਰ ਦੀ ਕੋਰੀ ਸਲੇਟ ਤੇ ਕੁਦਰਤ ਨੇ ਮੱਸੇ ਰੰਘੜ ਦਾ ਨਾਂ ਲਿਖ ਦਿੱਤਾ। ਮੁੱਠੀਆਂ ਭਰ ਰਹੀ ਸੀ ਕੁਦਰਤ ਹਕੂਮਤ ਦੇ ਗਲੀਚੇ ਵਿਛਾ ਦਿੱਤੇ ਮੱਸੇ ਰੰਘੜ ਦੇ ਪੈਰਾਂ ਥੱਲੇ।

ਹੁਣ ਸਿਰਫ ਅੰਮ੍ਰਿਤਸਰ ਵਿਚ ਮੱਸਾ ਰੰਘੜ ਹੀ ਰਹੇਗਾ। ਸ਼ੇਰ ਇਕੱਲਾ ਹੀ ਗੱਜੇਗਾ ਜੰਗਲ ਵਿਚ। ਭੇਡਾਂ ਦੇ ਇੱਜੜ ਹੁਣ ਅੰਮ੍ਰਿਤਸਰ ਵਿਚ ਨਹੀਂ ਵੜਨ ਲੱਗੇ।

ਮੱਸਾ ਰੰਘੜ ਅੰਮ੍ਰਿਤਸਰ ਦਾ ਖ਼ੁਦਾ ਬਣ ਕੇ ਬਹਿ ਗਿਆ। ਗੁਰੂਆਂ ਦੀ ਮਾਲਾ ਤਸ਼ਬੀਆਂ ਵਿਚ ਬਦਲ ਦਿੱਤੀ ਜਾਵੇਗੀ। ਧਰਮ ਈਮਾਨ ਦਾ ਚੋਲਾ ਪਾਕੇ ਫਿਰੂ। ਰਾਮ ਰਾਮ, ਵਾਹਿਗੁਰੂ ਕਹਿਣ ਵਾਲੇ ਅੱਲ੍ਹਾ ਹੂ ਅਕਬਰ ਆਖਣਗੇ। ਤਾਂ ਮੱਸੇ ਰੰਘੜ ਦਾ ਨਾਂ ਲਾਹੌਰ ਦੀਆਂ ਬਾਰਾਂਦਰੀਆਂ ਵਿਚ ਗੂੰਜੇਗਾ।

ਦੋਹਰੇ ਗੱਫੇ

ਲੱਖੀ ਜੰਗਲ ਦਾ ਹਾਲ ਦਸਣ ਲਗਾ ਬਿਜਲਾ ਸਿੰਘ ।

—ਮੈਂ ਲੱਖੀ ਜੰਗਲ ਵੇਖਣਾ ਸੀ । ਖਾਲੀ ਨਾਂ ਹੀ ਸੁਣਿਆਂ ਹੋਇਆ ਏ । ਮੇਰੇ ਸ਼ਰੀਕੇ ਦੇ ਭਰਾ ਭਾਵੇਂ ਲੱਖੀ ਜੰਗਲ ਵਿਚ ਵਸਦੇ ਸਨ, ਕਦੀ ਵਰ੍ਹੇ ਛਿਮਾਹੀ ਫਤਹਿ ਬੁਲਾਉਣ ਦਾ ਮੌਕਾ ਮਿਲ ਜਾਂਦਾ ਉਹ ਵੀ ਰਾਤ ਬਰਾਤੇ, ਰਾਤ ਹਨੇਰੀ ਹੋਵੇ ਤਾਂ ਕਦੇ ਕੋਈ ਪਿੰਡ ਆ ਜਾਂਦਾ ਚੋਰਾਂ ਤੇ ਚਕਾਰਾਂ ਵਾਂਗੂ । ਮੇਰਾ ਜੀ ਬੜਾ ਕਰਦਾ ਏ ਲੱਖੀ ਜੰਗਲ ਜਾਣ ਨੂੰ । ਕੋਈ ਸਾਥ ਨਹੀਂ ਬਣਿਆ । ਇਕ ਦਿੰਨ ਆਪਣੇ ਚਾਚੇ ਦੇ ਪੁਤ ਨਾਲ ਤਿਆਰ ਹੋ ਗਿਆ । ਚੜ੍ਹ ਗਿਆ ਪਲਾਕੀ ਮਾਰਕੇ ਘੋੜੇ ਦੀ ਪਿੱਠ ਤੇ । ਭਰਾ ਦਾ ਘੋੜਾ ਸੀ । ਬੱਸ ਫਿਰ ਸਿੰਘ ਨੇ ਸਾਰੀ ਰਾਤ ਸਾਹ ਨਾ ਕਢਿਆ । ਲੋਅ ਲਗੀ ਤਾਂ ਘੋੜੇ ਨੇ ਵੀ ਦਮ ਮਾਰਿਆ ਤੇ ਮੇਰੇ ਭਰਾ ਨੇ ਵੀ । ਬੜੇ ਡਾਢੇ ਜਾਨ ਹਨ । ਮੇਰੀਆਂ ਤੇ ਵਖੀਆਂ ਹਿੱਲ ਗਈਆਂ, ਹਡੀਆਂ ਖੁਚ-ਲੀਆਂ ਹੋ ਗਈਆਂ, ਪਰ ਮੈਂ ਵੀ ਦਮ ਰਖਿਆ । ਭਾਵੇਂ ਨੰਗੇ ਘੋੜੇ ਤੇ ਬੈਠਿਆਂ ਲਾਗਾ ਲਗ ਗਿਆ ਸੀ,ਪਰ ਮੈਂ ਪਰਵਾਹ ਨਹੀਂ ਕੀਤੀ । ਚਾਅ ਜੁ ਸੀ ਦਿਨੇ ਰਾਤ ਫਿਰ ਉਸੇ ਤਰ੍ਹਾਂ ਸਫਰ, ਮੰਜ਼ਿਲਾਂ ਤੇ ਮੰਜ਼ਿਲਾਂ ਮਾਰਦਾ ਘੋੜਾ, ਹਵਾ ਨਾਲ ਗੱਲਾਂ ਕਰਦਾ ਨੱਸੀ ਜਾਂਦਾ ਰੱਬ ਨੂੰ ਹੱਥ ਲਾ ਰਿਹਾ ਸੀ । ਫਿਰ ਦੂਜਾ ਦਿਨ ਚੜ੍ਹ ਗਿਆ । ਫਿਰ ਸਾਹ ਕਢਿਆ, ਪ੍ਰਸ਼ਾਦ ਪਾਣੀ ਛਕਿਆਂ, ਗੋਡਾ ਨਿਵਾਇਆ, ਆਰਾਮ ਕੀਤਾ । ਇਹ ਇਕ ਹਿੰਦੂ ਦਾ ਘਰ ਸੀ । ਤੀਜੀ ਰਾਤੀਂ ਫਿਰ ਮਾਰੋ ਮਾਰ ਕਰਦੇ ਅਸੀਂ ਲੱਖੀ ਜੰਗਲ ਦੇ ਨੇੜੇ ਪੁਜ ਗਏ । ਕਿਥੇ ਮਾਝਾ ਤੇ ਕਿਥੇ ਲੱਖੀ ਜੰਗਲ । ਸੱਤਾਂ ਸਮੁੰਦਰਾਂ ਪਾਰ, ਮਕਿਉਂ ਪਰੇ ਉਜਾੜ, ਰੇਤ ਹੀ ਰੇਤ । ਇਹ ਰਾਤ ਅਸੀਂ ਇਕ ਮੁਸਲਮਾਨ ਰਾਜਪੂਤ ਦੇ ਘਰ ਕਟੀ । ਖੂਬ ਸੇਵਾ ਕੀਤੀ ਉਸ ਰਾਜਪੂਤ ਨੇ । ਮੇਰੇ ਭਰਾ ਦੇ ਟਿਕਾਣੇ ਬੜੇ ਇਤਬਾਰੀ ਤੇ ਇਮਾਨਦਾਰ ਸ਼ਰੀਫ ਬੰਦੇ ਸਨ । ਬਲਿਹਾਰੇ ਜਾਵਾਂ ਮੈਂ ਉਸ ਘੋੜੇ ਦੇ, ਉਸ ਜ਼ਰਾ ਵੀ ਥਕਾਵਟ ਨਾ ਮੰਨੀ । ਮੇਰਾ ਤਾਂ ਅੰਗ ਅੰਗ ਚੂਰ ਚੂਰ ਹੋ ਗਿਆ । ਪਰ ਮੇਰੇ ਭਰਾ ਨੂੰ ਜੁਤੀ ਤੋਂ ਵੀ ਯਾਦ ਨਹੀਂ ਸੀ । ਸਰਘੀ ਦਾ ਤਾਰਾ ਚੜ੍ਹਿਆ, ਅਸਾਂ ਫਿਰ ਘੋੜਾ ਕੱਸ ਲਿਆ । ਰੱਬ ਦਏ ਤਾ ਬੰਦਾ ਸਹੇ । ਭਾਵੇਂ ਮੇਰੀਆਂ ਲੱਤਾਂ ਆਕੜ ਗਈਆਂ ਸਨ, ਪਰ ਚਾਅ ਸੀ ਲੱਖੀ ਜੰਗਲ ਵੇਖਣ ਦਾ, ਦੜ ਵੱਟ ਕੇ ਪਿਛੇ ਬੈਠਾ ਰਿਹਾ । ਗੁਰਾਂ ਦਾ ਵੇਲਾ ਹੋਇਆ, ਅਸਾਂ ਜਾ ਫਤਹਿ ਬੁਲਾਈ । ਇਹ ਜੰਗਲ ਸੀ, ਸੰਘਣੇ ਰੁਖਾਂ ਦੀ ਰੱਖ ਰਾਹ ਨਾ ਖੇੜਾ, ਝਾੜੀਆਂ, ਰੁਖ, ਮਲੇ, ਕਿੱਕਰ, ਕਰੀਰ ਫਲਾਹੀ, ਧਰੇਕ, ਬੇਰੀਆਂ, ਜੰਡ, ਜੰਗਲੀ ਦਰਖਤ ਇਨ੍ਹਾਂ ਬੇਲਿਆਂ ਨੂੰ ਸਿੰਘ ਲੱਖੀ ਜੰਗਲ ਆਖਦੇ ਸਨ ।

ਮੇਰਾ ਖਿਆਲ ਸੀ ਕਿ ਖੂਬ ਗੁਲਸ਼ਰੇ ਉਡਣਗੇ । ਪਰ ਉਥੇ ਤੇ ਮੇਲਾ ਲੱਗਾ ਹੋਇਆ

ਸੀ। ਜਦ ਮੈਂ ਜੰਗਲ ਦੀ ਧੂੰਨੀ ਵਿਚ ਪੂਜਾ ਤਾਂ ਸਹੁ ਰੱਬ ਦੀ ਮਸਿਆ ਲੱਗੀ ਹੋਈ ਸੀ ਅੰਮ੍ਰਿਤਸਰ ਦੇ ਘੋੜੇ, ਊਠ, ਗੜਬੈਲਾਂ ਗਡੇ, ਕੋ ਨਹੀਂ ਸੀ ਜਿਹੜਾ ਸਿੰਘਾਂ ਕੋਲ ਨਹੀ ਸੀ।

ਕਖਾਂ ਕਾਨਿਆਂ ਦੀਆਂ ਝੁਗੀਆਂ ਸ਼ੀਸ਼ ਮਹਲ ਆਖਕੇ ਆਨੰਦ ਮਾਣਦੇ। ਲੋਈ ਮੋਢੇ ਤੇ ਭਾਵੇਂ ਕੋਈ ਭੂਰੇ ਦੀ ਬੁਕਲ ਮਾਰਕੇ ਬੈਠਾ ਹੋਵੇ, ਦੁਸ਼ਾਲਾ ਤੇ ਬਹੁਤ ਖੂਬਸੂਰਤ ਏ। ਦਾਤਣ ਕਿਕਰ ਵੀ ਹੋਵੇ ਤਾਂ ਸਾਵਾ ਗੁਲਾਬ। ਫਲਾਹੀ ਦੀ ਹੋਵੇ ਤਾਂ ਇਲਾਇਚੀ ਆਖਕੇ ਆਨੰਦ ਮਾਣਦੇ। ਜੇ ਲੰਙਾਂ ਮਿਲ ਗਿਆ ਤਾਂ ਸੌ ਚਾਲਾ, ਤਿਮਰ ਲੰਙੀਆਂ, ਅੰਨੇ ਦੇ ਦਰਸ਼ਨ ਹੋਏ ਤਾਂ ਸੂਰਮਾ ਆਖਿਆ। ਬੋਲਾ ਮਿਲ ਗਿਆ ਤਾਂ ਚੁਬਾਰੇ ਚੜਿਆ ਇਕ ਅੱਖ ਵਾਲਾ ਜੇ ਟਕਰਿਆ ਤਾਂ ਸੌ ਨੇਤਰਾ। ਟੂੰਡਾ ਲੱਖ ਬਾਹੀਆਂ। ਜੇ ਕੁਤਾ ਭੌਂਕਿਆ ਬਸ ਕਰ ਓਏ ਦੁਰਕੁਤ-ਬੁਲਦੀਨਾਂ। ਜੇ ਜਰਾ ਕੁ ਸਾਹ ਲਿਆ ਤਾਂ ਛਾਉਣੀ ਪਾ ਬੈਠਾ। ਰੁਪਈਏ ਨੂੰ ਛਿਲੜ ਜਾਂ ਠੀਕਰੀ। ਜੇ ਮੋਹਰਾਂ ਇਕੱਠੀਆਂ ਮਿਲ ਜਾਣ ਤਾਂ ਆਖਿਆ ਡੈਣਾਂ ਆ ਗਈਆਂ ਨੇ, ਸੌਣਾਂ ਘਾਹ ਦੇ ਫਰਸ਼ ਤੇ ਤਾਂ ਖਵਾਬ ਲੈਣੇ ਮਖਮਲੀ ਵਿਛੌਣਾ ਆਖਕੇ। ਲੱਖੀ ਜੰਗਲ ਨੂੰ ਕਈ ਰਾਮ ਰਾਜ ਆਖ ਕੇ ਸੰਬੋਧਨ ਕਰਦੇ। ਪਰਾਉਂਠੇ ਮਿਲ ਜਾਣ ਤਾਂ ਤਹਿ ਤੋੜ ਆਖ ਉਹਦਾ ਸਤਿਕਾਰ ਕਰਨਾ। ਵੇਖਣਾ ਦੀਵਾ ਤਾਂ ਉਜਾਗਰਾ ਆਖਣਾ। ਰਜਾਈ ਨਜ਼ਰੀਂ ਪੈ ਗਈ ਤਾਂ ਅਫਲਾਤੂਨਣੀ ਆਖਕੇ ਨਿੱਘ ਲੈਣਾ। ਜੇ ਕਿਸੇ ਨੇ ਸੋਟਾ ਫੜਿਆ ਹੋਣਾ ਤਾਂ ਬੋਲਣਾ ਅਕਲਦਾਨ ਲਈ ਫਿਰਦੇਂ। ਪੀਣਾ ਪਾਣੀ ਦੇ ਦੋ ਘੁਟ ਤਾਂ ਇੰਦਰ ਸਿੰਘ ਆਖਣਾ। ਬੇਰੀਆਂ ਦੇ ਬੇਰ ਸਿਓ ਆਖਕੇ ਅਨੰਦੋ ਲੈਣਾ। ਸਿੰਘਾਂ ਦੇ ਬੋਲੇ ਆਜ਼ਾਦੀ ਦਾ ਦਮ ਭਰਦੇ ਤੇ ਬੰਦੇ ਦਾ ਮਨ ਬਲਵਾਨ ਬਣਾਉਂਦੇ। ਕੱਖਾਂ ਦੀ ਛੰਨ ਬੁੰਗਾ ਆਖਣ ਨਾਲ ਮੂੰਹ ਭਰ ਜਾਂਦਾ। ਟੱਪ ਕਹੀ ਦਾ ਮਾਰਨਾ ਪਤਾਲ ਖੂਹਣੀ ਆਪਣਾ ਕਾਰਾ ਕਰ ਰਹੀ ਏ। ਹੁਸੜ ਹੋਵੇ ਤਾਂ-ਕੋਈ ਪੱਖਾ ਝਲੇ ਪੌਣ ਪਰਕਾਸ਼ ਦਾ ਅਵਤਾਰ ਹੋ ਗਿਆ।

ਤਵਾ ਹੋਵੇ-ਗੁਰੂ ਘਰ ਦਾ ਜਾਂ ਕਿਸੇ ਆਪਣਾ ਹੱਥ-ਠੋਕਾ ਰਖਿਆ ਹੋਵੇ, ਬੇ ਮੁਹਤਾਜਾ, ਮਸੀਤ-ਨਜ਼ਰੀਂ ਪੈ ਜਾਏ, ਦੂਰੋਂ ਮਸਤਗੜ੍ਹ ਦੇ ਬੋਲ ਉਚਾਰਨੇ। ਉਗਰਾਹੀ ਕਰਨੀ-ਆਖਣਾ ਮਾਮਲਾ ਉਗਰਾਹ ਰਹੇ ਹਾਂ। ਬੋਲ ਕਢਣਾ ਤਾਂ ਅਗਲੇ ਨੇ ਚਾਰੇ ਕੰਨੀਆਂ ਝਾੜ ਦੇਣੀਆਂ-ਆਟਾ ਮੁਕ ਜਾਏ-ਕੋਈ ਸਿੰਘ ਚੱਕੀ ਪੀਹ ਰਿਹਾ ਹੋਵੇ ਤਾਂ ਆਖਣਾਂ ਫਿਰਨੀ ਦੀ ਸਵਾਰੀ ਹੋ ਰਹੀ ਏ। ਖੋਤਣਾ ਘਾਹ—ਆਖਣਾ ਬਾਜ ਦਾ ਸ਼ਿਕਾਰ ਕਰ ਰਿਹਾਂ। ਪੈਰੋਂ ਨੰਗੇ ਨੂੰ ਜੁਤੀ ਮਿਲ ਜਾਏ ਤਾਂ—ਘੋੜੀ ਮਿਲ ਗਈ ਹੈ। ਚੜਣੇ ਦਾਣੇ ਮੱਕੀ ਦੇ ਤਾਂ ਆਖਣਾ 'ਸੁਣਾ ਬਸੰਤ ਕੌਰ ਆ ਗਈ ਏਂ?' ਰੋਟੀ ਨੂੰ ਪਰਸ਼ਾਦ, ਜੇ ਚੱਪਾ ਰੋਟੀ ਹੋਵੇ ਤਾਂ ਫਕੜ ਪਰਸ਼ਾਦਾ ਆਖਣਾ। ਮਾਂਹ ਰਿਝੇ ਹੋਣ ਤੇ ਸਰਮਈ ਦਾਲ ਦਾ ਨਾਂ ਦੇਣਾ। ਦੁਧ ਦੀ ਛਿਟ ਮਿਲ ਜਾਏ-ਸਿੰਘ ਸਮੁੰਦਰ ਵਿਚ ਗੋਤੇ ਮਾਰ ਰਿਹਾ, ਬਤਾਊਂ ਨਜ਼ਰੀ ਪੈ ਜਾਏ—ਰਾਮ ਬਟੇਰੇ ਫੜ ਲਿਆਇਐਂ। ਗੰਢੇ ਨੂੰ ਮੁਕੀ ਮਾਰਕੇ ਤੋੜਨਾ-- ਰੂਪਾਂ ਪ੍ਰਸ਼ਾਦ ਦਾ ਸਵਾਦ ਹੀ ਨਿਰਾਲਾ। ਕਿੱਕਰ ਦੇ ਤੁਕਲੇ ਲਮਕਦੇ ਵੇਖੇ ਤਾਂ ਆਖਣਾ ਅੰਗੂਰ ਪਕਣ ਵਾਲੇ ਹਨ। ਵੇਲਾਂ ਦੇ ਪਤੇ—ਪੂਰੀਆਂ ਦਾ ਸਵਾਦ। ਪੀਣੀ ਕੜ੍ਹੀ ਤੇ ਅੰਮ੍ਰਿਤੀ ਆਖ ਕੇ ਸਵਸਥ ਕਰਨੀ। ਛੋਲਿਆਂ ਦੀਆਂ ਹੋਲਾਂ ਨੂੰ ਲਾਚੀ ਦਾਣਾ ਆਖਣਾ। ਜੰਡ ਦੀਆਂ ਫਲੀਆਂ—ਜਲੇਬਾਂ। ਤੇਲ ਸਿਰ ਤੇ ਝੱਸਣਾ—ਛੇਵਾਂ ਰਤਨ ਝੱਸ ਰਿਹੈਂ? ਘਿਓ ਨੂੰ ਪੰਜਵਾਂ ਰਤਨ ਬੋਲਣਾ, ਖਾਣਾ ਲੂਣ ਤਾਂ ਸਤਵੇਂ ਰੱਸ ਦਾ ਮਜ਼ਾ। ਸ਼ੱਕਰ ਨੂੰ ਸਿਰਖੰਡੀ। ਗੁੜ ਦੀ ਰਿਓੜੀ—ਸੂਬੇਦਾਰ ਨੂੰ ਚੱਕ ਵਢ ਰਿਹਾ ਏਂ? ਬਹੀਆਂ ਰੋਟੀਆਂ ਡਕਾਰਣੀਆਂ ਮਿੱਠੇ ਪਰਸ਼ਾਦੇ ਆਖਕੇ। ਖਿਚੜੀ ਦਾ ਥਾਲ ਭਰਿਆ ਹੋਵੇ-ਖਿਚੜ

ਪਲਾਓ। ਜੰਗ ਪੈ ਜਾਏ-ਹੋਲਾ ਖੇਡ ਰਿਹਾ ਏ ? ਲੜਾਈ ਬੰਦੂਕ ਦੀ ਲੜਨੀ ਹੋਵੇ—ਰਾਮ ਜੰਘਾ ਦੇ ਦਰਸ਼ਨ ਹੋ ਰਹੇ ਨੇ? ਅਹਿਮਦ ਸ਼ਾਹ ਬਾਰੇ ਮਸ਼ਹੂਰ ਸੀ—ਕਾਬਲੀ ਕੁੱਤਾ। ਆਸਾਵਾਨ ਹੋਣਾ—ਚੜ੍ਹਦੀਆਂ ਕਲਾਂ ਆਖਕੇ ਤਿਆਰ ਬਰ ਤਿਆਰ ਹੋਣਾ।

ਇਹਨਾਂ ਸਿੰਘਾਂ ਦੇ ਬੋਲਿਆਂ ਨੇ ਗੁਰੂ ਦੀਆਂ ਲਾਡਲੀਆਂ ਫੌਜਾਂ ਦੇ ਮਨ ਵਿਚ ਧੀਰਜ ਬਲਵਾਨ ਚਿੱਤ, ਹਿੰਮਤੀ ਤੇ ਦ੍ਰਿੜ ਇਰਾਦੇ ਤੇ ਪਕੇ ਹੌਸਲੇ ਵਾਲੇ ਬੀਰ ਯੋਧੇ ਬਣਾ ਦਿਤੇ। ਉਹ ਕਿਸੇ ਤੋਂ ਨਾ ਡਰਦੇ। ਕੜਾਕੇ ਦੀ ਸਰਦੀ—ਮੀਂਹ ਪਵੇ ਹਨੇਰੀ ਆਵੇ, ਝੱਖੜ ਝੁੱਲਣ, ਇਕ ਝੂਰੇ ਵਿਚ ਰਾਤ ਕੱਟ ਲੈਂਦ। ਸਾਰੀ ਰਾਤ ਬਾਣੀ ਸਿਮਰਨ ਕਰਦੇ। ਅਸ਼ਨਾਨ, ਧਿਆਨ ਤੇ ਪੂਰਨ ਵਿਸ਼ਵਾਸ ਸੀ। ਲਓ ਮੇਰੇ ਨਾਲ ਜੋ ਵਾਪਰੀ ਉਹ ਸੁਣ ਲਉ।

ਮੇਰਾ ਖਿਆਲ ਸੀ ਕਿ ਸਿੰਘਾਂ ਦੇ ਪ੍ਰਾਹੁਣੇ ਹਾਂ, ਚੰਗਾ ਚੋਖਾ ਖਾਣ ਪੀਣ ਨੂੰ ਲਭੂ। ਚਾਰ ਦਿਨ ਮੌਜਾਂ ਉਡਾਵਾਂਗੇ, ਖਵਾਬ ਮੁਗਲਾਂ ਦੇ ਦਸਤਾਰ ਖਾਨ ਦੇ ਵੇਖੇ ਜਾ ਰਹੇ ਸਨ। ਮਿਠੇ ਚੋਲਾਂ ਨੂੰ ਬੁਰਕ ਮਾਰਨ ਨੂੰ ਜੀਅ ਕਰਦਾ ਸੀ। ਰਾਤ ਨੂੰ ਚੰਗਾ ਚੋਖਾ ਖਾਣ ਨੂੰ ਲੱਭੂ। ਦਿਨੇ ਕੜਾਕੇ ਸਨ, ਲੰਗਰ ਮਸਤਾਨਾ ਸੀ। ਏਨੇ ਬੰਦਿਆਂ ਦੀ ਛਾਉਣੀ ਲਈ ਅਨਾਜ ਵੀ ਆਉਣਾ ਹੀ ਚਾਹੀਦਾ ਸੀ। ਪਰ ਜ਼ਰੂਰੀ ਨਹੀਂ ਸੀ ਅਜ ਹੀ ਆਵੇ। ਕਿਹੜੀ ਜਗੀਰ ਸੀ ਸਿੰਘਾਂ ਕੋਲ। ਕੋਈ ਮਾਮਲਾ ਨਹੀਂ ਸੀ ਆਉਂਦਾ। ਜਿਹੜਾ ਖਜ਼ਾਨਾ ਭਰਿਆ ਰਹੇ। ਨਾ ਇਥੇ ਖਜ਼ਾਨਾ ਤੇ ਨਾ ਇਥੇ ਗੋਲਕ। ਰਾਤੀ ਲੁਟ ਮਾਰ ਕਰ ਲਈ ਤੇ ਦਿਨੇ ਜਸ਼ਨੇ ਬਹਾਰਾਂ। ਜੇ ਰਾਤੀ ਸਿੰਘ ਖਾਲੀ ਆ ਗਏ ਤਾਂ ਫਿਰ ਕੜਾਕੇ ਹੀ ਕੜਾਕੇ। ਇਸ ਤਰ੍ਹਾਂ ਸਿੰਘਾਂ ਦਾ ਮਨ ਬਲਵਾਨ ਹੁੰਦਾ ਗਿਆ। ਪੰਗਤ ਬੈਠ ਗਈ ਲੋਹੇ ਦੇ ਬਾਟੇ ਲੈ ਕੇ। ਹਰ ਬੰਦੇ ਕੋਲ ਆਪਣਾ ਲੋਹੇ ਦਾ ਗੜਵਾ ਤੇ ਬਾਟਾ ਹੁੰਦਾ।

—ਅੱਜ ਲੰਗਰ ਮਸਤਾਨਾ ਏ। ਤਾਂ ਤੇ ਫੌਜਾਂ ਨੂੰ ਤੇਰ੍ਹੇ ਗੱਫੇ ਮਿਲਣਗੇ। ਇਕ ਸਿੰਘ ਆਖਣ ਲੱਗਾ।

ਪਹਿਲਾ ਗੱਫਾ ਆਇਆ ਕੜਾਹ ਪ੍ਰਸ਼ਾਦਿ।

---ਸਬਜ਼ ਪਿਲਾਓ ਸਿੰਘ ਜੀ।

ਸਾਰਿਆਂ ਬਾਟੇ ਅੱਗੇ ਕੀਤੇ। ਪਤਿਆਂ, ਵੇਲਾਂ, ਵੱਲਾਂ ਦਾ ਰਿੱਝਾ ਹੋਇਆ ਸਾਗ। ਗੱਫੇ ਲੱਗਣੇ ਸ਼ੁਰੂ ਹੋ ਗਏ। ਅਜੇ ਵਰਤਾਰਾ ਦੂਜੀ ਪੰਗਤ ਕੋਲ ਪੁਜਾ ਹੀ ਸੀ—ਆਵਾਜ਼ ਆਈ।

—ਚਾਂਦਨੀ ਪਲਾਓ ਸਿੰਘ ਜੀ।

ਬਾਟਿਆਂ 'ਚ ਪਾ ਲਿਆ ਸਿੰਘਾਂ, ਇਹ ਖਿੜੀ ਮਕਈ ਦੇ ਦਾਣੇ ਸਨ। ਵਰਤਾਰਾ ਅੱਗੇ ਲੰਘ ਗਿਆ।

—ਖ਼ੁਸ਼ਕ ਪਲਾਓ।

ਬਾਟੇ ਫਿਰ ਅੱਗੇ ਵਧੇ। ਇਹ ਭੁਜੇ ਹੋਏ ਛੋਲੇ ਸਨ।

—ਗੜਵਾ ਗੜਵਾ ਪਾਣੀ ਦਾ ਛਕਿਆ। ਅਰਦਾਸਾ ਕਰਕੇ ਸਾਰੇ ਉਠ ਖਲੋਤੇ। ਇਹ ਸੀ ਸਿੰਘਾ ਦਾ ਦਸਤਰਖਾਨ। ਇਹੋ ਅੱਯਾਸ਼ੀ ਸੀ ਤੇ ਏਹੋ ਜਸ਼ਨ ਏਨਾਂ ਹੁੰਦਿਆਂ ਹੋਇਆਂ ਵੀ ਸਿੰਘ ਚੜ੍ਹਦੀਆਂ ਕਲਾਂ ਵਿਚ ਸਨ। ਬਿਜਲਾ ਸਿੰਘ ਬੋਲਿਆ।

ਧੰਨ ਹਨ ਗੁਰੂ ਦੇ ਲਾਲ। ਧੰਨ ਗੁਰੂ ਧੰਨ ਗੁਰੂ ਦੇ ਸਿੰਘ।

ਚੰਡਾਲ ਚੌਕੜੀ

ਮੱਸੇ ਰੰਘੜ ਦੇ ਦੁਆਲੇ ਚੰਡਾਲ ਚੌਕੜੀ ਨੇ ਝੁਰਮਟ ਪਾ ਲਿਆ। ਜਿੱਦਾਂ ਗਿੱਧੇ ਦੀ ਰਾਣੀ ਕੁੜੀਆਂ ਦੀ ਢਾਣੀ ਵਿਚ ਨੱਚਦੀ ਹੈ। ਚੰਦ ਦੁਆਲੇ ਜਿੱਦਾਂ ਤਾਰੇ, ਹੀਰੇ ਹਰਨ ਦੇ ਮਗਰ ਹਰਨੀਆ, ਸਾਕੀ ਦੀ ਅੱਖ ਤੇ ਜਿੱਦਾਂ ਸ਼ਰਾਬੀ। ਲਾੜਾ ਬਣਿਆਂ ਹੋਇਆ ਸੀ ਬਰਾਤੀਆਂ ਦੇ ਝੁਰਮਟ ਵਿਚ ਮੱਸਾ ਰੰਘੜ।

ਉਸ ਜ਼ਕਰੀਆ ਖਾਨ ਸੂਬਾ ਲਾਹੌਰ ਦੀ ਬਖਸ਼ੀ ਹੋਈ ਤਲਵਾਰ ਦੀ ਮੁੱਠ ਤੇ ਹੱਥ ਰਖਿਆ ਤੇ ਮੁੱਛ ਨੂੰ ਮਰੋੜਾ ਦਿੱਤਾ। ਸ਼ਮਲੇ ਵਾਲੀ ਪੱਗ ਢੰਡੋਰਾ ਦੇ ਰਹੀ ਸੀ ਚੌਧਰੀਪੁਣੇ ਦਾ।

ਦਮਗਜ਼ੇ ਮਾਰਨ ਵਾਲੇ ਫੁਕਰੇ ਲਾਲਾਂ ਸਾਫ ਕਰ ਰਹੇ ਸਨ। ਅੱਖੀਆਂ ਵਿਚ ਸੁਰਮਾ ਬੁਲ੍ਹੀਆਂ ਤੇ ਪਾਨ ਦੀ ਸੁਰਖੀ ਆਪਣੀ ਧੜੀ ਜਮਾਈ ਬੈਠੀ ਸੀ। ਭਾਂਤ-ਭਾਂਤ ਦੀਆਂ ਬੋਲੀਆਂ ਬੋਲਣ ਵਾਲੇ ਬਟੇਰੇ ਪਟਾਕਣ ਲੱਗ ਪਏ। ਗਪੌੜੇ ਮਾਰਨ ਵਾਲੇ ਜ਼ਮੀਨ ਆਸਮਾਨ ਦੇ ਕੁਲਾਬੇ ਮਿਲਾਉਣ ਲਗ ਪਏ। ਸੰਗ ਕਦੋਂ ਆਉਂਦੀ ਸੀ ਗੱਪਾਂ ਮਾਰਨ ਵਾਲਿਆਂ ਨੂੰ ਘੁੰਡ ਦੀ ਝੀਤ ਵਿਚੋਂ ਉਹ ਨਹੀਂ ਸਨ ਬੋਲਦੇ, ਸਗੋਂ ਕੁੜਮਾਂ ਦੀ ਟੋਲੀ ਵਿਚ ਮੂੰਹ ਨੰਗਾ ਕਰਕੇ, ਬਾਹਵਾਂ ਉਲਾਰ ਉਲਾਰ ਕੇ ਪਟਾਕਦੇ। ਤਿਲੀਅਰਾਂ ਦੀਆਂ ਡਾਰਾਂ ਆਣ ਬੈਠੀਆਂ ਹਰਿਮੰਦਰ ਦੇ ਗੁੰਬਦ ਤੇ। ਡੱਕੀਆਂ ਬੁਲਬੁਲਾਂ ਦੀਆਂ ਤਾਕੀਆਂ ਖੁਲ੍ਹ ਗਈਆਂ, ਉਹਨਾਂ ਗੀਤ ਛੋਹੇ, ਪਿਆਰ ਮੁਹੱਬਤ ਤੇ ਇਸ਼ਕ ਦੇ। ਕਵਾਲੀਆਂ ਗਾਉਣ ਵਾਲਿਆ ਨੇ ਤਾਨਾਂ ਲਾਈਆਂ। ਗਲੇ ਦੀ ਗਰਾਰੀ ਖੂਹ ਦੀਆਂ ਟਿੰਡਾਂ ਵਾਂਗ ਗਿੜਦੀ। ਕਈ ਰਾਗਣੀਆਂ ਆਪੇ ਜੰਮ ਪਈਆਂ। ਸਰੰਗੀ ਦੀਆਂ ਰੇਸ਼ਮੀ ਤਾਰਾਂ ਤੇ ਖਰੂਵਾ ਗਜ ਫਿਰਿਆ—ਛਿਲਿਆ ਗਿਆ ਕਲੇਜਾ ਕੂਲੀਆਂ ਤਾਰਾਂ ਦਾ। ਜੰਡੀ ਲਾਚੀ ਬੇਰੀ ਦੇ ਗੋਡੇ ਮੁੱਢ ਬਹਿ ਗਈ ਚੌਂਕੜੀ ਮਾਰ ਕੇ। ਮਸ਼ਾਲ ਜਗ ਰਹੀ ਸੀ। ਮਸ਼ਾਲਚੀ ਜਦ ਤੇਲ ਪਾਉਂਦਾ ਤਾਂ ਮਹਿਫਲ ਚਮਕ ਪੈਂਦੀ, ਗਪੌੜੇਬਾਜ਼ ਮਾਵਾ ਛੱਕ ਕੇ ਏਸ ਤਰ੍ਹਾਂ ਮਹਿਫਲ ਦੀਆਂ ਪਲਕਾਂ ਸੁਆਰਦੇ।

ਇਕ ਗਪੌੜੇਬਾਜ਼ ਬੋਲਿਆ ਹਿੱਕ ਚੌੜੀ ਕਰਕੇ—ਮੇਰੇ ਬਾਬੇ ਕੋਲ ਯਾਰ ਇਕ ਢਾਂਗਾ ਸੀ ਬੜਾ ਲੰਮਾ, ਬੜਾ ਉੱਚਾ।

—ਕਿੰਨਾ ਕੁ ਲੰਮਾ?

—ਵੀਹ ਕੁ ਗਜ਼ ਹੋਣਾ ਏ।

—ਜਾਹ ਉਏ ਤੈਨੂੰ ਕੀ ਪਤਾ, ਢੀਂਢਾ ਕਿਥੇ ਵਜਦਾ ਏ? ਤੂੰ ਭੇਡਾਂ ਵਿਚੋਂ ਊਠ ਹੀ ਪਛਾਣਦਾ ਏਂ।

—ਵੀਹ ਗਜ਼ ਨਹੀਂ ਤਾਂ ਚਾਲੀ ਗਜ਼ ਹੋਊ।

—ਨਹੀਂ ਓਏ ਨਹੀਂ, ਇਕ ਮੀਲ ਲੰਮਾ।

—ਤਾਂ ਤੇ ਬਈ ਕਮਾਲ ਏ, ਹੱਦ ਹੋ ਗਈ ਏ, ਬੜਾ ਲੰਮਾ ਸੀ ਢਾਂਗਾ ਤੇਰੇ ਬਾਬੇ ਕੋਲ।

ਦੂਜੇ ਜਣੇ ਨੂੰ ਬੜੀ ਚਿੱਬੜ ਚੜ੍ਹੀ ਉਸ ਇਕ ਵਾਰ ਖੰਘੂਰਾ ਮਾਰਿਆ। ਗਲ ਸਾਫ ਕੀਤਾ ਤੇ ਸਵ੍ਹਾਰਾ ਹੋ ਕੇ ਬਹਿ ਗਿਆ ਤੇ ਮਸ਼ਾਲਚੀ ਨੇ ਮਸ਼ਾਲ ਅਗੇ ਕਰਕੇ ਸਾਰੀ ਮਹਿਫਲ ਨੂੰ ਉਹਦਾ ਮੂੰਹ ਵਿਖਾ ਦਿੱਤਾ।

ਯਾਰ! ਸਾਡੇ ਬਾਬੇ ਦੀ ਵੀ ਭਲੀ ਪੁਛੀ ਗਈ। ਵੱਡਿਆਂ ਲੋਕਾਂ ਦੀਆਂ ਵੱਡੀਆਂ ਗੱਲਾਂ। ਨਾਲੇ ਸਰਕਾਰੇ ਦਰਬਾਰੇ ਵੀ ਪੁੱਛ ਪਰਤੀਤ ਹੋਵੇ, ਉਹਦੀਆਂ ਗੱਲਾਂ ਹੀ ਨਿਆਰੀਆਂ ਹਨ। ਮੇਰੇ ਬਾਬੇ ਨੇ ਵੀ ਇਕ ਹਵੇਲੀ ਬਣਾਈ ਹੋਈ ਸੀ। ਮੇਰਾ ਕੁੜਮ ਆਖਦਾ ਏ ਕਿ ਉਸ ਵਿਚ ਵੀਹ ਪਿੰਡ ਵਸਦੇ ਸਨ। ਵੀਹ ਨੰਬਰਦਾਰ। ਜਦ ਕਦੇ ਇਕੱਠੇ ਬੈਠਦੇ, ਕਸਮ ਅੱਲਾ ਤਾਲਾ ਦੀ ਇਕ ਵਾਰ ਲਾਹੌਰ ਦੀ ਕਚਹਿਰੀ ਦਾ ਨਕਸ਼ਾ ਆ ਜਾਂਦਾ।

ਪਹਿਲਾ ਸ਼ਰਮਿੰਦਾ ਹੋ ਗਿਆ। ਉਸ ਨੂੰ ਫੁਰਨਾ ਫੁਰਿਆ, ਪਰ ਉਸ ਦੜ੍ਹ ਵੱਟੀ ਰਖੀ।

ਇਕ ਬੰਦਾ ਵਿਚੋਂ ਹੋਰ ਬੋਲ ਪਿਆ।

—ਤੇਰਾ ਬਾਬਾ ਢਾਂਗੇ ਨੂੰ ਕੀ ਕਰਦਾ ਸੀ?

—ਬਕਰੀਆਂ ਦਾ ਇੱਜੜ ਹਿੱਕਦਾ ਹੋਣੈ।

—ਜਾਹ ਓਏ ਜਾ ਮੇਰਾ ਬਾਬਾ ਕੋਈ ਆਜੜੀ ਸੀ, ਜ਼ਿਮੀਦਾਰ ਸੀ। ਵੀਹ ਪਿੰਡਾਂ ਦੀ ਮਾਲਕੀ। ਲਾਹੌਰ ਦਰਬਾਰ ਵੀ ਉਸ ਕੋਲੋਂ ਖਮ ਖਾਂਦਾ ਸੀ। ਜਦ ਕਦੀ ਸੋਕਾ ਪੈ ਜਾਂਦਾ ਤੇ ਮੀਂਹ ਦੀ ਕਿਤੇ ਛਿਟ ਨਾ ਪੈਂਦੀ ਤੇ ਵਿਲੂ-ਵਿਲੂ ਕਰਦੀ ਲੁਕਾਈ ਤਾਂ ਮੇਰਾ ਬਾਬਾ ਅਫੀਮ ਦਾ ਮਾਵਾ ਛਕਦਾ ਤੇ ਅੱਲਾ ਤਾਲਾ ਦਾ ਨਾਂ ਲੈ ਕੇ ਢਾਂਗਾ ਕੱਢਦਾ। ਢਾਂਗਾ ਇਕ ਵਾਰ ਬਾਂਹਵਾਂ ਵਿਚ ਤੋਲਿਆਂ, ਕਲਮਾਂ ਪੜ੍ਹਿਆ ਤੇ ਜਦ 'ਯਾ ਅਲੀ ਆਖ' ਕੇ ਉਸ ਢਾਂਗੇ ਨੂੰ ਹਿਲਾਇਆ, ਬਦਲੀਆਂ ਹਿੱਲੀਆਂ ਤਿੱਤਰ ਖੰਭੀਆਂ। ਛਮਾਛਮ ਮੀਂਹ ਵਰ੍ਹਨ ਲਗ ਪਿਆ, ਘੋਲੀਆਂ ਵਿਚ ਗੋਡੇ ਗੋਡੇ ਪਾਣੀ ਖਲੋ ਗਿਆ। ਬਾਬਾ ਤਖਤਪੋਸ਼ ਤੇ ਬੈਠ ਜਾਂਦਾ। ਸ਼ਰੀਕਾਂ ਦੇ ਕਲੇਜੇ ਲੂਹਣ ਨੂੰ ਜਿੱਦਾਂ ਕੋਈ ਸੁਹਣੀ ਰੰਨ ਚਿੱਕ ਤਾਣ ਲਦੇ ਆਸ਼ਕਾਂ ਦੀ ਹਿੱਕ ਸਾੜਨ ਨੂੰ, ਮੇਰਾ ਬਾਬਾ ਵੀ ਏਦਾਂ ਪਰਦਾ ਕਰ ਲੈਂਦਾ। ਸਾਰੇ ਪਿੰਡ ਦੀਆਂ ਬਾਚੀਆਂ ਦੁਖਣ ਲਗ ਪੈਂਦੀਆਂ-ਉਬਾਸੀਆਂ ਲੈਂਦਿਆਂ, ਪਰ ਭੋਰਾ ਛਿਟ ਪਾਣੀ ਦੀ ਨਾ ਪੈਂਦੀ।

—ਸਾਰੀ ਮੱਲ ਗੁਜ਼ਾਰ ਉਹਨੂੰ ਵਲੀ ਮੰਨਦੀ ਹੋਣੀ ਏ। ਤਾਂ ਤੇ ਤੇਰੇ ਬਾਬੇ ਦੀ ਬੜੀ ਵੱਡੀ ਖਾਨਗਾਹ ਬਣੀ ਹੋਣੀ ਏ। ਅੱਲ੍ਹਾ ਦਾ ਲੋਕ ਹੋਣਾ ਏ ਤੇਰਾ ਬਾਬਾ। ਮਿਹਰਾਂ ਜੁ ਸਨ ਉਹਦੇ ਤੇ ਫਕੀਰਾਂ ਦੀਆਂ!

ਪਹਿਲਾ ਨਿੱਘਰਦਾ ਜਾਂਦਾ। ਜ਼ਮੀਨ ਧੱਸਦੀ ਜਾਪਦੀ। ਉਹ ਝੱਟ ਹੀ ਬੋਲਿਆ।

—ਯਾਰ ਉਹ ਢਾਂਗਾ ਕਿਥੇ ਰਖਦਾ ਹੋਣਾ ਤੇਰਾ ਬਾਬਾ?

—ਲਾਗਿਉਂ ਬੰਦੇ ਨੇ ਆਖਿਆ।

—ਰੱਖਣਾ ਵਿਚਾਰੇ ਨੇ ਕਿਥੇ ਸੀ, ਖੇਤਾਂ 'ਚ ਹੀ ਰੱਖਦਾ ਹੋਣਾ।

—ਜਿਥ਼ ਨਹੀਂ ਸਨ ਪੈਂਦੇ ? ਚੋਰ ਨਹੀਂ ਸਨ ਚੁਕ ਕੇ ਲੈ ਜਾਂਦੇ ? ਸਿੰਘਾਂ ਨੂੰ ਤਾਂ ਇਹੋ ਜਿਹੇ ਕਰਾਮਾਤੀ ਢਾਂਗੇ ਦੀ ਲੋੜ ਸੀ।

—ਮੇਰਾ ਬਾਬਾ ਏਨਾ ਕੱਚਾ ਕੂਲਾ ਨਹੀਂ ਸੀ।

—ਫੇਰ ਉਹ ਕੋਠੜੀ ਵਿਚ ਰਖਦਾ ਹੋਣਾ ਜਾਂ ਕੁਕੜਾਂ ਵਾਲੇ ਖੁਡੇ ਵਿਚ।

—ਨਹੀਂ ਓ ਨਹੀਂ ਯਾਰਾਂ ਦੇ ਯਾਰ ਬੇਲੀ।

—ਤੇਰੇ ਬਾਬੇ ਦਾ ਮੇਰਾ ਬਾਬਾ ਯਾਰ ਜੁ ਸੀ। ਤੇਰੇ ਬਾਬੇ ਦੀ ਹਵੇਲੀ ਵਿਹਲੀ ਜੁ ਪਈ ਹੋਈ ਸੀ। ਉਥੇ ਰਖਦਾ ਸੀ।

ਦੂਜੇ ਬੰਦੇ ਦੀ ਖਾਨਿਉਂ ਗਈ।

ਏਹੋ ਜਿਹੇ ਵਜੰਤਰਾਂ ਦਾ ਟੋਲਾ ਜੁੜਿਆ ਹੋਇਆ ਸੀ, ਮੱਸੇ ਰੰਘੜ ਦੇ ਚੌਗਿਰਦੇ। ਮੱਸੇ ਰੰਘੜ ਦਾ ਦਿਲ ਬਲੂੰਗੜਾ ਜਿਹਾ ਸੀ—ਦਿਨਾਂ ਵਿਚ ਹੀ ਸ਼ੇਰ ਦਾ ਕਲੇਜਾ ਬਣ ਗਿਆ।

ਪੁਜਾਰੀਆਂ-ਸ਼ਰਧਾਲੂਆਂ ਦਾ ਹਰਿਮੰਦਰ. ਸਿਦਕੀਆਂ ਦਾ ਅਸਥਾਨ । ਗੁਰੂ ਪਿਆਰਿਆਂ ਦੀ ਕਾਂਸ਼ੀ, ਪਾਪੀ ਅਯਾਸ਼ੀਆਂ ਦਾ ਅਖਾੜਾ ਬਣ ਗਿਆ।

ਮੱਸੇ ਰੰਘੜ ਨੇ ਬੜੀ ਅਤਿ ਚੁਕੀ ਹੋਈ ਸੀ, ਖੁਦਾਪਨਾਹ ਉਹ ਹਰਿਮੰਦਰ ਵਿਚ ਸਾਰੇ ਅਪੱਧਰ ਕਰ ਰਿਹਾ ਸੀ। ਓਸ ਆਬਾਦੀ ਨੂੰ ਛੇੜਿਆ ਨਾ। ਕੰਨ ਤੱਤਾ ਵੀ ਨਾ ਹੋਇਆ ਅੰਮ੍ਰਿਤਸਰ ਦੇ ਲੋਕਾਂ ਦਾ। ਪਰ ਕੁਤਰੇ ਹੋਏ ਵਹਿੜਕੇ ਛੜਾਂ ਮਾਰਨੋਂ ਕੱਦ ਮੁੜਦੇ ਸਨ।

ਇਕ ਦਿਨ ਜਦ ਸੂਰਜ ਥੱਕਾ ਟੁਟਾ ਆਪਣੀ ਹਕੂਮਤ ਵਿਚ ਗਿਆ ਤੇ ਰਾਤੀਂ ਆਪਣੇ ਹਰਮਾਂ ਵਿਚ ਵੜਨ ਲਗਾ ਤਦ ਅੰਮ੍ਰਿਤਸਰ ਦੀ ਆਬਾਦੀ ਵਿਚ ਇਕ ਘਰ ਵਿਚ ਹਾਹਾਕਾਰ ਮਚ ਗਈ।

—ਕੀ ਹੋਇਆ ? ਕੀ ਹੋਇਆ ?

ਆਵਾਜ਼ਾਂ ਸਨ ਲੋਕਾਂ ਦੀਆਂ।

—ਜੀਤੋ ਨੂੰ ਕੋਈ ਚੁਕ ਕੇ ਲੈ ਗਿਆ। ਪੱਤਾ-ਪੱਤਾ ਛਾਣਿਆ, ਘਰ-ਘਰ ਫੋਲਿਆ, ਗਲੀਆਂ-ਰਾਹਾਂ ਤੋਂ ਪੁਛਿਆ, ਕੱਖਾਂ ਤੋਂ ਹੌਲੇ ਹੋ ਗਏ ਦੋਵੇਂ ਭਰਾ। ਬਲਾਕਾ ਸਿੰਘ ਵਿਚਾਰਾ ਅਗੇ ਹੀ ਆਲਾ-ਭੋਲਾ ਸੀ, ਸਾਧ ਸੁਭਾਅ, ਸੰਨਿਆਸੀ, ਗੁਰਮੁਖ, ਨਾ ਕਿਸੇ ਦੀ ਲੈਣ ਵਿਚ ਨਾ ਕਿਸੇ ਦੇ ਦੇਣ ਵਿਚ। ਮਾਲਾ ਫੜੀ ਤੇ ਸਾਰਾ ਦਿਨ ਲੀਨ ਰਹੇ—ਨਾ ਕਹੂ ਸੇ ਦੋਸਤੀ—ਨਾ ਕਹੂ ਸੇ ਵੈਰ।

ਦੂਜਾ ਭਰਾ ਜੋਗਾ—ਉਹ ਅੰਮ੍ਰਿਤ ਧਾਰੀ ਤਾਂ ਨਹੀਂ ਸੀ ਸਹਿਜਧਾਰੀ ਸੀ। ਆਪਣੇ ਭਰਾ ਨੂੰ ਰੋਜ਼ ਕਥਾ-ਕਹਾਣੀਆਂ ਸੁਣਾਉਂਦਾ ਰਹਿੰਦਾ। ਉਹਦਾ ਮਨ ਸਿਖ ਬਣ ਗਿਆ ਸੀ। ਬਲਵਾਨ ਹੋ ਗਈ ਸੀ ਉਹਦੀ ਆਤਮਾ। ਉਹਦੀ ਹਮਦਰਦੀ ਸਿੰਘਾਂ ਨਾਲ ਜੁੜੀ। ਉਹਦਾ ਹਰ ਸਾਹ ਸਿੰਘਾਂ ਦਾ ਹੁੰਗੂਰਾ ਭਰਦਾ। ਸਿਰਫ ਏਨਾ ਦੋਸ਼ ਸੀ ਉਹਨਾਂ ਦਾ, ਜਵਾਨ ਜਹਾਨ ਭੈਣ ਹੋਣਾ ਵੀ ਇਕ ਪਾਪ ਏ। ਮਾਂ-ਪਿਓ ਮਰ ਗਿਆ ਸੀ। ਏਸ ਕਰਕੇ ਭੈਣ ਦੇ ਹੱਥ ਪੀਲੇ ਨਾ ਹੋ ਸਕੇ। ਇਕ ਚੰਡਾਲ ਦੀ ਨਜ਼ਰੀਂ ਚੜ੍ਹ ਗਈ, ਪਾਣੀ ਜੋ ਭਰਦੀ ਸੀ ਖੂਹ ਤੇ। ਉਸੇ ਮੱਸੇ ਰੰਘੜ ਦੇ ਕੰਨ ਵਿਚ ਜਾ ਵਾਲਾ ਪਾਇਆ। ਬਸ ਫਿਰ ਕੀ ਸੀ, ਉਸੇ ਰਾਤ ਮੱਸੇ ਦੇ ਬੰਦਿਆਂ ਨੇ, ਜਿਨ੍ਹਾਂ ਨੂੰ ਮਰਨ ਮਿੱਟੀ ਚੜ੍ਹੀ ਹੋਈ ਸੀ ਕਾਲੀ ਤਿਤਲੀ ਕਮਾਦੋਂ ਨਿਕਲੀ, ਬਾਜ਼ਾਂ ਨੇ ਝੁਰਮਟ ਮਾਰੀ, ਲੈ ਗਏ ਅਤੇ ਇਕ ਰਾਤ 'ਚ ਲਹੂ ਲੁਹਾਨ

ਕਰ ਦਿਤੀ। ਕੱਚੀ-ਕਵਾਰੀ ਜਿਹੀ ਗੰਦਲ ਮਧੋਲੀ ਗਈ ਤੇ ਮੋਈ ਨੂੰ ਹਰਿਮੰਦਰ ਦੇ ਬੂਹੇ ਅਗੇ ਸੁਟ ਗਏ। ਦਿਨੇ ਰੌਲਾ ਪੈ ਗਿਆ ਪਤਵੰਤੇ ਇਕੱਠੇ ਹੋਏ—ਹਿੰਦੂ ਮੁਸਲਮਾਨ, ਪਰ ਕੁਝ ਕਰ ਨਾ ਸਕੇ। ਚੁਕ ਕੇ ਲੈ ਗਏ ਢਾਹੀਂ ਮਾਰਦੇ। ਸੰਸਕਾਰ ਕੀਤਾ। ਭਾਵੇਂ ਅੰਮ੍ਰਿਤ-ਸਰ ਵਾਲਿਆਂ ਦੇ ਕਲੇਜੇ ਭਾਂਬੜ ਮਚੇ, ਪਰ ਮੱਸੇ ਰੰਘੜ ਦੇ ਡਰ ਨੇ ਉਹਨਾਂ ਤੇ ਮਸ਼ਕਾਂ ਦਾ ਏਨਾ ਪਾਣੀ ਸੁਟਿਆ ਕਿ ਠੰਢੇ ਠਾਰ ਹੋ ਗਏ। ਪਰ ਜਿਹਨਾਂ ਦੇ ਘਰ ਅੱਗ ਲੱਗੀ ਹੋਈ ਸੀ, ਉਹਨਾਂ ਨੂੰ ਕਿਸੇ ਨੇ ਨਹੀਂ ਸੀ ਨਾ ਪੁਛਿਆ। ਵਿਚੋਂ ਵਿਚ ਕੁੜ੍ਹ ਕੁੜ੍ਹ ਮਰਦੇ ਰਹੇ। ਨਾ ਜਾਨ ਨਿਕਲੇ ਤੇ ਨਾ ਖਲਾਸੀ ਹੋਵੇ। ਦਿਨ ਚੜ੍ਹਿਆ ਢਲ ਗਿਆ, ਰਾਤ ਪਈ ਲੰਘ ਗਈ। ਦੂਜੀ ਰਾਤੇ ਲੋਕ ਅਜੇ ਸੁਤੇ ਨਹੀਂ ਸਨ, ਦੋਵਾਂ ਭਰਾਵਾਂ ਸਲਾਹ ਕੀਤੀ। ਕੱਖ-ਕਾਨ ਇਕਠੇ ਕੀਤੇ। ਨਮੋਸ਼ੀ ਦਾ ਜਿਊਣਾ ਬੜਾ ਮੁਸ਼ਕਿਲ, ਸੜਿਆਂ-ਬਲਿਆਂ ਘਰ ਨੂੰ ਅੱਗ ਲਾ ਦਿਤੀ। ਘਰ ਫੂਕ ਤਮਾਸ਼ਾ ਵੇਖਿਆ। ਸਾਰਾ ਘਰ ਸੜ-ਬਲ ਕੇ ਕੋਲਾ ਹੋ ਗਿਆ। ਦੂਜੇ ਦਿਨ ਸਾਰੇ ਅੰਮ੍ਰਿਤਸਰ ਨੇ ਉਹਨਾਂ ਭਰਾਵਾਂ ਨੂੰ ਢੂੰਡਿਆ, ਪਰ ਉਹ ਦੋਵੇ ਮੂੰਹ ਕਾਲਾ ਕਰਕੇ ਨਿਕਲ ਗਏ ਸਨ। ਕਈ ਮਹੀਨੇ ਉਹਨਾਂ ਦੀ ਦਸ-ਧੁਖ ਨਾ ਪਈ। ਗਮ ਦਾ ਗੋਲਾ ਢਿਡ ਵਿਚ ਲਈ ਫਿਰਦੇ ਸਨ।

ਇਕ ਆਵਾਜ਼ ਆ ਰਹੀ ਸੀ ਅੰਮ੍ਰਿਤਸਰ ਦੀਆਂ ਗਲੀਆਂ ਵਿਚੋਂ।

ਗਲੀਆਂ ਹੋਵਣ ਸੁੰਞੀਆਂ ਵਿਚ ਮਿਰਜ਼ਾ ਯਾਰ ਫਿਰੇ।

ਹੋਕਾ ਦੇ ਰਿਹਾ ਸੀ ਇਕ ਫਕੀਰ।

ਕੰਚਨੀ

ਜੋਗਾ ਕੁਝ ਦਿਨ ਤਰਨ ਤਾਰਨ ਰਿਹਾ ਫਿਰ ਜੀ ਕਰ ਆਇਆ ਅੰਮ੍ਰਿਤਸਰ ਵੇਖਣ ਨੂੰ। ਅੰਮ੍ਰਿਤਸਰ ਦਾ ਜਜ਼ਬਾ ਸਾਰੇ ਪੰਜਾਬ ਵਿਚ ਫੈਲਿਆ ਹੋਇਆ ਸੀ। ਇਹ ਵੱਖਰੀ ਗੱਲ ਸੀ ਕਿ ਹਰ ਬੰਦਾ ਉਭਰ ਕੇ ਸਾਹਮਣੇ ਨਾ ਆਉਂਦਾ ਪਰ ਵਿਚ ਵਿਚ ਸਾਰੇ ਕੁੜ੍ਹਦੇ। ਜਿਹੜਾ ਲੁਕਿਆ ਛਿਪਿਆ ਸਿੱਖ ਨਿਕਲਦਾ ਉਹ ਜਾਂ ਫੜਿਆ ਜਾਂਦਾ ਜਾਂ ਕਤਲ ਹੋ ਜਾਂਦਾ। ਜੂੜ ਕੇ ਕੈਦ ਵਿਚ ਸੁੱਟਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਿੰਘਾਂ ਵਾਸਤੇ ਮੁਕੱਦਮੇ ਦੀ ਕੋਈ ਲੋੜ ਨਹੀਂ ਸੀ ਸਮਝੀ ਜਾਂਦੀ। ਮੱਸਾ ਰੰਘੜ ਵੀ ਜ਼ਕਰੀਆ ਖਾਨ ਦੇ ਨਕਸ਼ੇ ਕਦਮ ਤੇ ਚਲ ਰਿਹਾ ਸੀ। ਜੇ ਮੈਂ ਇਉਂ ਆਖ ਲਵਾਂ ਕਿ ਚਾਰ ਰੱਤੀਆ ਉਤੇ ਸੀ ਤਾਂ ਇਹਦੇ ਵਿਚ ਰੱਤੀ ਭਰ ਝੂਠ ਨਹੀਂ ਹੋਵੇਗਾ। ਗੁਰੂ ਜਿਨ੍ਹਾਂ ਦੇ ਉਡਣੇ ਚੇਲੇ ਜਾਣ ਛੜੱਪ। ਬਤੀਸੀ ਮੱਸਾ ਰੰਘੜ ਦਾ ਨਾਂ ਲੈਣ ਲੱਗ ਪਈ ਸਾਰੇ ਬਾਹਰੇ ਦੀ।

ਹਰਿਮੰਦਰ ਸਾਹਿਬ ਦੇ ਪਵਿੱਤਰ ਅਸਥਾਨ ਨੂੰ ਕੰਚਨੀ ਦੇ ਗੋਰੇ ਗੋਰੇ ਪੈਰਾਂ ਨੇ ਮੈਲਾ ਕਰ ਦਿੱਤਾ। ਕੰਚਨੀ ਨੱਚ ਰਹੀ ਸੀ ਦੋਹਰੀ ਹੋ ਹੋ ਕੇ। ਮੱਸੇ ਰੰਘੜ ਨੂੰ ਸਲਾਮਾਂ ਕਰਦੀ ਤੇ ਮੋਹਰਾਂ ਨਾਲ ਝੋਲੀਆਂ ਭਰਦੀ। ਸ਼ਰਾਬ ਦੇ ਮੱਟਾਂ ਦੇ ਮੱਟ ਖੁਲ੍ਹਦੇ ਤੇ ਮਗਰੋਂ ਪੈਰ ਨਾਲ ਰੇੜ੍ਹ ਦਿੰਦੇ। ਖਾਲੀ ਮੱਟ ਭਾਂ ਭਾਂ ਕਰਦੇ। ਨਵਾਰੀ ਪਲੰਘ ਡਾਹਿਆ ਹੋਇਆ ਸੀ, ਹਰਿਮੰਦਰ ਦੀ ਨਾਭੀ 'ਚ ਜੁੱਤੀਆਂ ਸਣੇ ਪਲੰਘ ਤੇ ਆਣ ਬੈਠਾ ਚੌਧਰੀ, ਹੁਕਾ ਭਰਿਆ ਅਹਿਲਕਾਰ ਨੇ ਅੱਗੇ ਰੱਖਿਆ, ਜੋ ਉਹਦੇ ਮਨ ਆਇਆ ਉਸ ਅਪੱਦਰ ਕੀਤਾ।

—ਸੁਣਾ ਹੁਣ ਵੀ ਕੋਈ ਸਿੰਘ ਅੰਮ੍ਰਿਤਸਰ ਆਉਣ ਦੀ ਜੁਰਅੱਤ ਕਰੂ। ਮੈਂ ਇਨ੍ਹਾਂ ਦੀ ਮਸੀਤ ਨਾਪਾਕ ਕਰ ਦਿੱਤੀ ਵੇ। ਗਾਂ ਦੇ ਲਹੂ ਨਾਲ ਇਸ ਦਾ ਫਰਸ਼ ਕਈ ਵਾਰ ਧੋ ਸੁਟਿਆ।

ਬੋਲਿਆ ਮੱਸਾ ਰੰਘੜ।

—ਹਜ਼ੂਰ ਦਾ ਇਕਬਾਲ ਬੁਲੰਦ ਤੁਹਾਡੀ ਕਲਗੀ ਨੂੰ ਚੁੰਮਣ ਲੱਗਣਗੇ ਲਾਹੌਰ ਦੀ ਭਰੀ ਕਚਹਿਰੀ ਵਿਚ।

ਅਵਾਜ਼ ਇਕ ਅਹਿਲਕਾਰ ਦੀ ਸੀ।

—ਹੁਣ ਤੇ ਸਿੰਘਾਂ ਦੀ ਰੂਹ ਵੀ ਇਥੇ ਨਹੀਂ ਆ ਸਕਦੀ। ਤੁਸਾਂ ਸਭ ਭੂਤਣੇ ਕੱਢ ਦਿਤੇ ਨੇ।

ਦੂਸਰੇ ਅਹਿਲਕਾਰ ਦੇ ਬੋਲ ਉਭਰੇ।

ਕੰਚਨੀਆਂ ਦਾ ਇਕ ਮੁਹੱਲਾ ਆਬਾਦ ਹੋ ਗਿਆ ਅੰਮ੍ਰਿਤਸਰ ਵਿਚ। ਗੁਲੂਬਾਈ ਦੇ ਡੇਰੇ ਨੇ ਅੱਗੇ ਹੀ ਛਾਉਣੀ ਪਾਈ ਹੋਈ ਸੀ। ਖੂਬ ਹੱਥ ਰੰਗੇ ਡੇਰੇਦਾਰਨੀਆਂ ਨੇ। ਮੋਹਰਾਂ

ਗਿਣਦਿਆਂ ਕਈਆਂ ਦੀਆਂ ਹੱਥ ਦੀਆਂ ਰੇਖਾਵਾਂ ਮਿਟ ਗਈਆਂ ਸਨ। ਸਾਰਿਆਂ ਦੇ ਮਨ ਦੇ ਚਾਅ ਲੱਥੇ, ਪਰ ਵਿਚਾਰੀ ਗੁਲੂਬਾਈ ਦੀ ਮਨ ਦੀ ਮੁਰਾਦ ਬਰ ਨਾ ਆਈ। ਉਹ ਚਾਹੁੰਦੀ ਸੀ ਕਿ ਮੱਸਾ ਰੰਘੜ ਉਹਦੀ ਸੇਜ਼ ਦਾ ਸ਼ਿੰਗਾਰ ਬਣੇ। ਉਸ ਕਈ ਵਾਰ ਜੁੰਮੇ ਰਾਤ ਦੀ ਪੀਰ ਜੁੰਮੇ ਰਾਤ ਦੇ ਮਕਬਰੇ ਤੇ ਨਿਆਜ ਚੜ੍ਹਾਈ ਫ਼ਕੀਰ ਦੀ ਖਾਨਗਾਹੇ ਮੰਨਤ ਮੰਨੀ, ਪਰ ਮੱਸਾ ਤੇ ਰੋਜ਼ ਨਵੀਆਂ ਨਵੀਆਂ ਕਬੂਤਰੀਆਂ ਦੇ ਖੰਭ ਖੋਂਹਦਾ ਸੀ—ਉਸ ਬੁੱਢੀ ਫਾਫਾਂ ਦਾ ਝਾਟਾ ਫੂਕਣਾ ! ਓਸ ਉਸ ਵਲ ਤਕਿਆ ਵੀ ਨਾ। ਜੇ ਕਿਸੇ ਨੇ ਸਲਾਹ ਦਿਤੀ ਜਾਂ ਗੁਲੂਬਾਈ ਦਾ ਜ਼ਿਕਰ ਕੀਤਾ ਤਾਂ ਉਸ ਥੁਕ ਦਿਤਾ, ਖੰਘਾਰ ਮਾਰ ਕੇ ਕੰਧ ਲਬੇੜ ਦਿਤੀ।

ਗੁਲੂਬਾਈ ਬੜੀ ਉਦਾਸ ਸੀ। ਉਹਦੀਆਂ ਨਾਚੀਆਂ ਦੇ ਹੱਥਾਂ ਤੇ ਮੱਸਾ ਰੰਘੜ ਖੇਡਦਾ। ਮਹਿੰਦੀ ਤੇ ਸੁਰਮੇ ਦਾ ਭਾਅ ਚੜ੍ਹ ਗਿਆ। ਅੱਗ ਲੱਗੀ ਹੋਈ ਸੀ ਦਾਤਣ ਨੂੰ। ਅੱਗ ਦੇ ਭਾਅ ਵਿਕਦੀਆਂ ਚੂੜੀਆਂ। ਮੰਡੀ ਲੱਗੀ ਹੋਈ ਸੀ, ਗੋਰੀਆਂ-ਗੋਰੀਆਂ ਮੁਟਿਆਰਾਂ ਦੀ। ਅੰਮ੍ਰਿਤਸਰ ਵਿਚ ਸ਼ੈਤਾਨਾਂ ਦਾ ਟੋਲਾ ਉਤਰਿਆ ਹੋਇਆ ਸੀ।

ਹਰਿਮੰਦਰ ਦੀ ਪਵਿਤਰਤਾ ਭੰਗ ਹੋ ਗਈ। ਚੰਡਾਲ ਚੌਕੜੀ ਦੇ ਬੰਦੇ ਉਥੇ ਚਾਂਗਰਾਂ ਮਾਰਦੇ। ਝਾਂਜਰ ਨਾ ਦਿਨੇ ਮੂੰਹ ਵਿਚ ਜ਼ਬਾਨ ਪਾਉਂਦੀ ਤੇ ਨਾ ਰਾਤੀਂ।

ਬੀ ਮਾਰ ਸੁਟਿਆ ਓਸ ਸਿੰਘਾਂ ਦਾ ਮਾਝੇ ਵਿਚ। ਜੋਗੇ ਨੇ ਜਦ ਦੇਖਿਆ ਉਸਦੀਆਂ ਆਂਦਰਾਂ ਮੂਠ ਵਿਚ ਆ ਗਈਆਂ ਹਨ ਤਾਂ ਉਸ ਦੀਆਂ ਅੱਖਾਂ ਲਹੂ ਦੇ ਅਥਰੂ ਰੋਈਆਂ। ਚੋਰ ਉਚੱਕਾ ਚੋਧਰੀ, ਗੁੰਡੀ ਰੰਨ ਪ੍ਰਧਾਨ। ਜੋਗਾ ਸੋਚ ਰਿਹਾ ਸੀ, ਮੈਨੂੰ ਆਪਣੇ ਘਰ ਫੂਕੇ ਜਾਣ ਦਾ ਕੋਈ ਅਫਸੋਸ ਨਹੀਂ, ਪਰ ਹਰਿਮੰਦਰ ਸਾਹਿਬ ਦੀ ਪਵਿਤਰਤਾ ਭੰਗ ਨਹੀਂ ਹੋਣੀ ਚਾਹੀਦੀ।

ਜੋਗਾ ਚੋਰਾਹੇ ਤੇ ਖਲੋਤਾ ਸੋਚ ਰਿਹਾ ਸੀ।

ਰਾਹੀ

—ਚੰਪਾ ਓ ਚੰਪਾ! ਅੱਥਰੀ ਕੁੜੀ, ਸੌਂ ਗਈ ਏ। ਅਥਰੀਏ ਦਰਵਾਜ਼ੇ ਦੀ ਬਿੜਕ ਦਾ ਵੀ ਖਿਆਲ ਰਖੀਦੈ।

ਦਰਵਾਜ਼ਾ ਬੰਦ ਸੀ।

—ਚੰਪਾ ਓ ਚੰਪਾ

—ਬਾਪੂ ਏ! ਹੁਣੇ ਮੇਰੇ ਨਾਲ ਗੱਲਾਂ ਕਰ ਰਹੀ ਸੀ। ਸੌਂ ਗਈ ਹੋਣੀ ਏਂ—ਜਗਾਉਂਦੀ ਹਾਂ। ਬਾਪੂ ਜ਼ਰਾ ਧੀਰਜ ਕਰ। ਗੁਆਂਢੋਂ ਆਵਾਜ਼ ਆਈ।

—ਚੰਪਾ ਨੀ ਚੰਪਾ! ਬਾਪੂ ਆਇਆ ਈ। ਓਸ ਕੁੰਡੀ ਖੜਕਾਈ।

—ਕੌਣ ਏ ਭੂਰੀ। ਤੈਨੂੰ ਮੈਂ ਸੌ ਵਾਰ ਮੋੜਿਆ ਏ ਕਿ ਮੈਨੂੰ ਸੁੱਤੀ ਨੂੰ ਨਾ ਜਗਾਇਆ ਕਰ। ਅਜੇ ਮੇਰੀ ਅੱਖ ਹੀ ਲੱਗੀ ਏ, ਹੁਣੇ ਹੀ ਤੁਖਣੀਆਂ ਦੇਣ ਲੱਗ ਪਈ ਏਂ। ਜਾਹ ਆਪਣੇ ਘਰ ਮੈਨੂੰ ਨੀਂਦ ਆਈ ਹੋਈ ਏ। ਸੌਣ ਦੇ। ਬਾਪੂ ਦਾ ਪਤਾ ਨਹੀਂ ਕਦ ਆਵੇ।

ਆਵਾਜ਼ ਚੰਪਾ ਦੀ ਸੀ।

—ਬੂਹਾ ਖੋਹਲ ਨੀਂ! ਬਾਪੂ ਆਇਆ ਈ।

—ਬਾਪੂ! ਅਬੜਵਾਹੇ ਉਠੀ ਚੰਪਾ।

—ਹਾਂ ਬਾਪੂ।

—ਦਰਵਾਜ਼ਾ ਖੋਹਲਿਆ।

—ਬਾਪੂ ਇਹ ਕੀ?

ਚੰਪਾ ਨੇ ਆਖਿਆ।

—ਕੁਝ ਨਹੀਂ ਬੇਟਾ, ਮੰਜੀ ਡਾਹ-ਇਕ ਪ੍ਰਦੇਸੀ ਏ। ਧੁੱਪ ਨੇ ਇਹਦੀ ਸੁਰਤ ਭੰਵਾ ਦਿਤੀ ਏ। ਬੇਹੋਸ਼ ਹੋ ਗਿਆ ਏ, ਪ੍ਰਦੇਸੀ ਕਿਸੇ ਥਾਂ ਦਾ।

ਮੰਜੀ ਤੇ ਖੇਸ ਵਿਛਾਇਆ ਚੰਪਾ ਨੇ ਤੇ ਪ੍ਰਦੇਸੀ ਮੰਜੀ ਤੇ ਪਾ ਦਿਤਾ। ਤਲੀਆਂ ਝੱਸ ਰਿਹਾ ਸੀ ਬਾਪੂ।

—ਪੁੱਤ ਪਾਣੀ ਲਿਆ। ਊਠ ਨੂੰ ਬੰਨ੍ਹ ਦੇ—ਮੈਂ ਖੁੱਲ੍ਹਾ ਹੀ ਛੱਡ ਆਇਆ ਹਾਂ।

—ਮੈਂ ਬੰਨ੍ਹ ਦਿਤਾ ਈ ਬਾਪੂ।

ਭੂਰੀ ਬੋਲੀ।

ਕਪੜਾ ਗਿੱਲਾ ਕੀਤਾ ਤੇ ਬਾਪੂ ਨੇ ਮੁਸਾਫਰ ਦਾ ਮੂੰਹ ਪੂੰਝਿਆ। ਰੇਤ ਕੱਢੀ ਮੂੰਹ ਤੇ ਅੱਖੀਆਂ ਵਿਚੋਂ। ਕਪੜਾ ਫੇਰ ਕੇ ਧੋਤਾ, ਫਿਰ ਪੂੰਝਿਆ ਤੇ ਮੂੰਹ ਅੱਡ ਕੇ ਪਾਣੀ ਦਾ ਘੁੱਟ

ਪਾਇਆ। ਪਹਿਲਾਂ ਪਾਣੀ ਅੰਦਰ ਨਾ ਗਿਆ, ਫਿਰ ਕੋਸ਼ਿਸ਼ ਕੀਤੀ, ਪਾਣੀ ਅੰਦਰ ਲੰਘ ਗਿਆ। ਇਕ ਦੋ ਘੁੱਟ ਹੋਰ ਲੰਘਾਏ ਪ੍ਰਦੇਸੀ ਨੇ ਮੂੰਹ ਤੇ ਛਿੱਟੇ ਮਾਰੇ ਬਾਪੂ ਨੇ। ਚੰਪਾ ਇਕ ਗਿੱਲਾ ਕਪੜਾ ਹੋਰ ਕਰਕੇ ਲੈ ਆਈ।

ਬਾਪੂ ਇਹ ਦੇ ਸਿਰ ਤੇ ਰਖ ਦੇ ਮਤਾਂ ਗਰਮੀ ਸਿਰ ਨੂੰ ਨਾ ਚੜ੍ਹ ਜਾਵੇ।

ਬੜੀ ਸਿਆਣੀ ਏ ਮੇਰੀ ਧੀ-ਰਾਣੀ।

ਪਾਣੀ ਨਿਚੁੜਦੇ ਕਪੜੇ ਨੇ ਪ੍ਰਦੇਸੀ ਦੇ ਸਿਰ ਦੀ ਸਾਰੀ ਗਰਮੀ ਚੂਸ ਲਈ। ਪਾਣੀ ਦਾ ਇਕ ਹੋਰ ਘੁੱਟ ਪਾਇਆ, ਓਸ ਜ਼ਰਾ ਕੁ ਅੱਖ ਪੁੱਟੀ।

ਬਾਪੂ ਇਹ ਕੌਣ ਏ ?

ਚੰਪਾ ਬੋਲੀ।

—ਪ੍ਰਦੇਸੀ। ਰਾਹ ਭੁੱਲਿਆ ਹੋਇਆ ਰਾਹੀ। ਨਾ ਰਾਹ ਜਾਣੇ, ਨਾ ਖੇੜਾ, ਨਾ ਰੇਤ ਦੀ ਤਾਸੀਰ ਤੋਂ ਜਾਣੂ ਤੇ ਨਾ ਰੇਤ ਦੀ ਤਪਸ਼ ਤੋਂ ਵਾਕਿਫ਼। ਬਹੁਤ ਦੂਰੋਂ ਆਇਆ ਜਾਪਦਾ ਏ—ਬਿਪਤਾ ਦਾ ਮਾਰਿਆ ਹੋਇਆ ਰਾਹ ਭਟਕ ਗਿਆ ਏ।

ਬਾਪੂ ਦੇ ਬੋਲ ਸਨ।

—ਉਹ ਡੈਣਾਂ ਵਾਲਾ ਟਿੱਬਾ ਏ ਨਾ, ਉਥੇ ਮੇਰੇ ਅੱਗੇ ਅੱਗੇ ਟੁਰਿਆ ਜਾਂਦਾ ਸੀ—ਪੱਖੀ ਵਾਂਗੂ ਡੋਲਦਾ-ਗਿਣ ਗਿਣ ਕੇ ਪੈਰ ਪੁੱਟਦਾ—ਕਦੀ ਡਿਗਦਾ ਫਿਰ ਉਠਦਾ—ਫਿਰ ਮੂੰਹ ਭਾਰ ਡਿਗ ਪੈਂਦਾ। ਇਹ ਤਮਾਸ਼ਾ ਮੈਂ ਦੂਰੋਂ ਦੇਖਿਆ। ਪਹਿਲੋਂ ਤਾਂ ਮੈਂ ਡਰ ਗਿਆ, ਪਰ ਜਦ ਵੇਖਿਆ, ਇਹ ਤੇ ਕੋਈ ਰਾਹੀ ਏ। ਲੱਕ ਬੰਨ੍ਹ ਕੇ ਜੀ ਕਰੜਾ ਕਰਕੇ ਟਿੱਬੇ ਤੇ ਚਲਾ ਗਿਆ। ਇਹ ਮੂਧੇ ਮੂੰਹ ਪਿਆ ਹੋਇਆ ਸੀ, ਬੇਸੁੱਧ, ਬੇਹੋਸ਼ ਤੇ ਦੀਨ ਦੁਨੀਆਂ ਤੋਂ ਬੇਖਬਰਾ।

—ਡੈਣਾਂ ਚੰਬੜ ਗਈਆਂ ਸੂ। ਮੈਂ ਜਾਵਾਂ ਭੂਆ ਬਸੰਤੀ ਨੂੰ ਸੱਦ ਕੇ ਲਿਆਵਾਂ ? ਡੈਣਾਂ ਕੱਢਣੀਆਂ ਉਸਨੂੰ ਆਉਂਦੀਆਂ ਹਨ। ਚੰਪਾ ਆਖਣ ਲੱਗੀ।

—ਮੈਂ ਜਾਂਦੀ ਹਾਂ-ਭੂਰੀ ਬੋਲੀ।

ਚੰਪਾ ਨੇ ਉਹਦੇ ਮੱਥੇ ਦਾ ਕਪੜਾ ਫਿਰ ਬਦਲਿਆ ਤੇ ਚਿਮਚਾ ਦੁੱਧ ਦਾ ਉਸਦੇ ਮੂੰਹ ਵਿਚ ਪਾਇਆ।

—ਮੈਂ ਕਿੱਥੇ ਹਾਂ ? ਤੁਸੀਂ ਕੌਣ ਹੋ—ਪਾਣੀ—

ਠੰਢੇ ਪਾਣੀ ਦਾ ਕਟੋਰਾ ਚੰਪਾ ਨੇ ਉਸਦੇ ਮੂੰਹ ਨੂੰ ਲਾ ਦਿਤਾ। ਅੱਧਾ ਕੁ ਕਟੋਰਾ ਪਾਣੀ ਦਾ ਉਸ ਪੀ ਲਿਆ ਤੇ ਅੱਧਾ ਬਿਸਤਰੇ ਤੇ ਡੁਲ੍ਹ ਗਿਆ।

ਜ਼ਰਾ ਕੁ ਉਸ ਧੌਣ ਚੁੱਕੀ। ਤੁਸੀਂ ਕੌਣ ਹੋ ? ਮੈਂ ਕਿਥੇ ਹਾਂ—ਅਵਾਜ਼ ਮੁਸਾਫ਼ਰ ਦੀ ਸੀ।

—ਅਸੀਂ ਰਾਜਪੂਤ ਹਾਂ—ਹਿੰਦੂ।

—ਹਿੰਦੂ ? ਹਿੰਦੂ ?

—ਹਾਂ ਹਿੰਦੂ ਕਿਸਾਨ, ਗਰੀਬ, ਰੇਤ ਦੇ ਦਰਿਆ ਦੇ ਵਸਨੀਕ।

—ਪਾਣੀ, ਰੋਟੀ, ਪਾਣੀ

—ਰੋਟੀ ਦਾ ਟੁਕੜਾ ਚੰਪਾ ਨੇ ਲਿਆਂਦਾ ਤੇ ਸ਼ੱਕਰ ਘਿਓ ਵਿਚ ਕੁੱਟ ਕੇ ਚੂਰੀ

ਬਣਾਈ ਤੇ ਦਿਤਾ—ਖਾਓ ਬੇਟਾ—ਰੋਟੀ ਏਨੀ ਕੁ ਅੰਦਰ ਜਾਣ ਦੇ ਫਿਰ ਹੋਰ ਖਾਸੀਂ—ਬਾਪੂ ਆਖ ਰਿਹਾ ਸੀ ।

ਦੁੱਧ ਦਾ ਅੱਧਾ ਛੰਨਾਂ ਚੰਪਾ ਨੇ ਬਾਪੂ ਨੂੰ ਦਿਤਾ ।

—ਪੀ ਲੈ ਮੇਰੇ ਜਵਾਨ ਬੇਟੇ ਘਬਰਾਉਣ ਦੀ ਲੋੜ ਨਹੀਂ—ਤੂੰ ਹੁਣ ਆਪਣੇ ਘਰ ਵਿਚ ਏਂ—ਤੂੰ ਓਸ ਆਫ਼ਤ ਵਿਚੋਂ ਲੰਘ ਆਇਐਂ ਡੈਣਾਂ-ਭੂਤਨੇ-ਤੋਂ ਬਚ ਗਿਐਂ ।

ਬਸੰਤੀ ਨੇ ਕੁਝ ਮੰਤਰ ਪੜ੍ਹੇ—ਮੂੰਹ ਵਿਚ ਕੁਝ ਬੁੜਬੁੜਾਈ—ਫਿਰ ਫੂਕ ਮਾਰੀ ਤੇ ਬੋਲੀ—ਹੁਣ ਸੱਤੇ ਖੈਰਾਂ ਹਨ । ਡੈਣ ਜਿਹੜੀ ਚੰਬੜੀ ਸੀ, ਮੇਰਾ ਡੰਡਾ ਵੇਖ ਕੇ ਭੱਜ ਗਈ । ਫੂਕਿਆ ਧਾਗਾ ਓਸ ਦਿਤਾ ਤੇ ਆਖਣ ਲੱਗੀ—ਇਸ ਦੇ ਗਲ ਨੂੰ ਬੰਨ੍ਹ ਦਿਓ—ਹੁਣ ਕੋਈ ਡੈਣ ਨਹੀਂ ਆਉਣ ਲੱਗੀ । ਜੇ ਆਈ ਤਾਂ ਮੈਂ ਉਸਦੀ ਗੁੱਤ ਪੁੱਟਾਂਗੀ ।

ਪ੍ਰਦੇਸੀ ਉਠ ਕੇ ਬਹਿ ਗਿਆ—ਬਸੰਤੀ ਦਾ ਜਾਦੂ ਸਿਰ ਚੜ੍ਹਕੇ ਬੋਲਿਆ—ਇਹ ਰੇਤ ਦਾ ਸਮੁੰਦਰ—ਇਹ ਹਨੇਰੀਆਂ-ਤੂਫਾਨਾਂ ਦੀ ਧਰਤੀ, ਇਹ ਰੇਤਲਾ ਹੜ੍ਹ—ਗੁਰੂ ਬਖਸ਼ੇ ਇਹਦੇ ਤੋਂ, ਕਿਸੇ ਵੈਰੀ ਨੂੰ ਵੀ ਇਹਦੇ ਰਸਤੇ ਨਾ ਪਾਵੇ । ਪ੍ਰਦੇਸੀ ਬੋਲਿਆ—ਕਿਤੇ ਏਧਰ ਤੁਸਾਂ ਸਿੰਘ ਤਾਂ ਨਹੀਂ ਵੇਖੇ—

—ਸਿੰਘ ਕੌਣ ? ਤੂੰ ਕੌਣ ਏਂ ?

ਮੈਂ-ਮੈਂ-ਜੋਗਰਾਜ ਹਾਂ—ਮੈਨੂੰ ਜੋਗਾ-ਜੋਗਾ ਆਖਦੇ ਹਨ—ਮੈਂ ਬਹੁਤ ਦੂਰੋਂ ਅੰਮ੍ਰਿਤ-ਸਰ ਤੋਂ ਆਇਆ ਹਾਂ—ਮੈਂ ਸਿੰਘਾਂ ਨੂੰ ਲੱਭਣਾ ਹੈ ।

—ਕੌਣ ਸਿੰਘ ? ਕਿੱਥੇ ਰਹਿੰਦੇ ਹਨ—ਬਾਪੂ ਬੋਲਿਆ ।

—ਤੁਸੀਂ ਸਿੰਘਾਂ ਨੂੰ ਨਹੀਂ ਜਾਣਦੇ—ਸਿੰਘਾਂ ਨੂੰ ਤਾਂ ਸਾਰਾ ਜਹਾਨ ਜਾਣਦਾ ਹੈ ।

—ਅਸਾਂ ਤੇ ਅਜ ਤੈਥੋਂ ਨਾਂ ਸੁਣਿਆ ਹੈ ।

ਉਹ ਘੋੜਿਆਂ ਚੜ੍ਹੇ ਜਵਾਨ-ਗਭਰੂ, ਭੂਰਿਆਂ ਦੀਆਂ ਬੁੱਕਲਾਂ, ਸਿਰਾਂ ਤੇ ਪੱਗਾਂ ਤੇ ਉਤੇ ਲੋਹੇ ਦੇ ਚੱਕਰ, ਹੱਥਾਂ ਵਿਚ ਲੋਹੇ ਦੇ ਕੜੇ, ਤਲਵਾਰਾਂ ਢਾਲਾਂ ਵਾਲੇ ਬੰਦੇ—ਦਹਾੜ ਦਹਾੜ ਕਰਦੇ ਆਏ ਅਤੇ ਦਹਾੜ-ਦਹਾੜ ਕਰਦੇ ਨਿਕਲ ਗਏ ।—ਜੋਗਾ ਆਖ ਰਿਹਾ ਸੀ ।

—ਹਾਂ ਬਾਪੂ ! ਇਹ ਉਨ੍ਹਾਂ ਘੋੜਿਆਂ ਵਾਲਿਆਂ ਦੀਆਂ ਗੱਲਾਂ ਕਰਦਾ ਹੈ, ਜਿਹੜੇ ਪਰਸੋਂ ਸਾਡੇ ਪਿੰਡ ਦੇ ਲਾਗਿਓਂ ਦੀ ਨਿਕਲੇ ਸਨ । ਉਹ ਜਿਹੜੇ ਰਾਖੀ ਮੰਗਦੇ ਹਨ । ਉਹ ਸ਼ੇਰਾਂ ਬਘਿਆੜਾਂ ਵਰਗੇ ਬੰਦੇ । ਘੋੜੇ ਉਹਨਾਂ ਦੇ ਹਵਾ ਨਾਲ ਗੱਲਾਂ ਕਰਦੇ ਹਨ । ਤਲਵਾਰਾਂ ਬਾਪੂ ! ਬਹੁਤ ਵੱਡੀਆਂ ਵੱਡੀਆਂ । ਸਿਰਾਂ ਤੋਂ ਉਚੇ ਚਾਰ ਚਾਰ ਹੱਥ ਨੇਜੇ । ਮੈਂ ਜਾਣਦੀ ਹਾਂ ।

—ਕਿਧਰ ਨੂੰ ਗਏ ਹਨ ?

—ਪਹਾੜ ਵਲੋਂ ਆਏ ਸਨ ਤੇ ਦੱਖਣ ਨੂੰ ਗਏ ਹਨ । ਉਹਨਾਂ ਦਾ ਕੀ ਟਿਕਾਣਾ ਹੈ, ਜਿਥੇ ਦੇਖੀ ਤਵਾ ਪਰਾਤ ਉਥੇ ਕੱਟੀ ਸਾਰੀ ਰਾਤ ।

—ਬਾਪੂ ਮੇਰਾ ਵੀਰ ਜੁ ਗਿਆ ਸੀ ਜਵਾਰੀ ਦੀ ਬੋਰੀ ਭਰਕੇ ਦੇਣ—ਛੋਲੇ, ਗੁੜ ਮੈਂ ਆਪ ਊਠ ਤੇ ਰਖੇ ਸਨ ਸੀ—ਭੂਰੀ ਦੀ ਅਵਾਜ਼ ਸੀ ।

—ਤਾਂ ਤੇ ਤੈਨੂੰ ਪਤਾ ਹੋਣਾ ਕਿ ਉਹ ਜਥੇ ਕਿਥੇ ਰਹਿੰਦੇ ਹਨ ।

—ਜਾਣਦੀ ਤਾਂ ਹਾਂ-ਮੇਰੇ ਵੀਰ ਨੇ ਆਖਿਆ ਸੀ ਕਿ ਕਿਸੇ ਨੂੰ ਨਹੀਂ ਦਸਣਾ—ਉਹ ਹਕੂਮਤ ਦੇ ਬਾਗੀ ਹਨ—ਜਿਸ ਦੱਸਿਆ ਉਸ ਨੂੰ ਰਾਜਾ ਫੜਕੇ ਲੈ ਜਾਊ ਤੇ ਕਾਲ ਕੋਠੜੀ

ਵਿਚ ਬੰਦ ਕਰ ਦਊ—ਉਥੇ ਨਾ ਅੰਨ ਤੇ ਨਾ ਪਾਣੀ—ਹਨੇਰਾ ਨਾ ਹਵਾ। ਉਥੇ ਦਮ ਘੁੱਟ ਕੇ ਮਰ ਜਾਂਦਾ ਹੈ ਬੰਦਾ। ਭੂਰੀ ਆਖਣ ਲੱਗੀ।

ਕਮਲੀ ਨਾ ਹੋਵੇ ਤਾਂ—ਸੁਦੈਣੇ ਮੇਰੇ ਹੁੰਦਿਆਂ ਕੌਣ ਜੰਮਿਆ ਫੜਨ ਵਾਲਾ—ਬਾਪੂ ਨੇ ਮੁੱਛ ਨੂੰ ਮਰੋੜਾ ਦਿਤਾ।

—ਦਸ ਦਵਾਂ—ਡਰ ਤੇ ਨਹੀਂ ਹੈ ਨਾ ਕੋਈ—ਲੱਖੀ ਜੰਗਲ।

—ਹਾਂ-ਹਾਂ-ਲੱਖੀ ਜੰਗਲ-ਉਹ ਉਥੇ ਹੀ ਰਹਿੰਦੇ ਹਨ—ਮੈਂ ਵੀ ਇਹੋ ਹੀ ਸੁਣਿਆ। ਜੋਗਾ ਬੋਲਿਆ।

—ਤੂੰ ਸਿੰਘ-ਸਿੰਘ ਕਰੀ ਜਾਨੈ ਅਸੀਂ ਕੀ ਜਾਣੀਏ—ਤੂੰ ਸਿੱਧਾ ਕਿਉਂ—ਨਹੀਂ ਆਖਦਾ—ਭੂਰਿਆਂ ਵਾਲੇ ਸਰਦਾਰ—ਜਿਨ੍ਹਾਂ ਦਾ ਘਰ ਨਹੀਂ—ਦੁਆਰ ਨਹੀਂ—ਬਾਪੂ ਨੇ ਆਖਿਆ।

—ਹਾਂ ਬਾਪੂ ਮੈਂ ਉਨ੍ਹਾਂ ਨੂੰ ਹੀ ਮਿਲਣੈ ਤੇ ਉਨ੍ਹਾਂ ਨੂੰ ਹੀ ਸੁਨੇਹਾ ਦੇਣਾ ਹੈ। ਮੈਂ ਬਚਨ ਕੀਤੈ—ਬਾਪੂ ਮੇਰਾ ਬਚਨ ਨਾ ਜਾਏ—ਸਿਰ ਭਾਵੇਂ ਚਲਿਆ ਜਾਏ—ਬਹੁਤ ਜ਼ਰੂਰੀ ਕੰਮ ਏ—ਧਰਮ ਦਾ ਕੰਮ ਏਂ। ਧਰਮ ਅੱਗੇ ਸਿਰ ਦਾ ਕੀ ਮੁੱਲ ਏ—ਮੈਨੂੰ ਮਿਲਾ ਦੇ ਬਾਪੂ ਗੁਰੂ ਮਿਹਰ ਕਰੂ—ਗੁਰੂ ਤੇਰਾ ਘਰ ਭਰ ਦੇਵੇਗਾ ਬਖਸ਼ਸ਼ਾਂ ਨਾਲ—ਜੋਗਾ ਹੌਲੀ-ਹੌਲੀ ਆਖ ਰਿਹਾ ਸੀ।

—ਜ਼ਰਾ ਕੁ ਦਮ ਮਾਰ—ਤਕੜਾ ਹੋ—ਮੈਂ ਲੈ ਕੇ ਚਲੂੰ। ਆਰਾਮ ਕਰ ਪੁੱਤ—ਦਿਨ ਚੜ੍ਹਨ ਦੇ। ਮੈਂ ਤੇਰੇ ਨਾਲ ਬਚਨ ਕਰਦਾ ਹਾਂ—ਭੂਰਿਆਂ ਵਾਲੇ ਸਰਦਾਰਾਂ ਦੇ ਦਰਸ਼ਨ ਮੈਂ ਤੈਨੂੰ ਕਰਵਾਊਂ। ਬਾਪੂ ਨੇ ਧੀਰਜ ਦਿਤੀ ਜੋਗੇ ਨੂੰ।

ਰੇਤ ਠੰਢੀ ਹੋ ਚੁੱਕੀ ਸੀ—ਹਵਾ ਚਲ ਰਹੀ ਸੀ—ਜੋਗਾ ਨੀਂਦ ਦੀ ਗੱਦ ਵਿਚ ਜਾ ਸੁੱਤਾ—ਭੰਗੂੜਾ ਝੂਟ ਰਹੀ ਸੀ ਨੀਂਦ ਰਾਣੀ।

ਟੱਲੀਆਂ

—ਚੰਪਾ ਬੇਟਾ ਰੋਟੀ ਪਕਾ ਰੱਖ—ਇਸ ਪ੍ਰਦੇਸੀ ਨੇ ਸਾਹ ਨਹੀਓਂ ਲੈਣਾ। ਮੈਂ ਚਾਹੁੰਦਾ ਹਾਂ ਕਿ ਪ੍ਰਦੇਸੀ ਦੇ ਪੈਰਾਂ ਦੇ ਛਾਲੇ ਜ਼ਰਾ ਮੱਠੇ ਪੈ ਜਾਣ-ਸੜਨ ਘਟ ਜਾਏ—ਇਕ ਦਿਨ ਹੋਰ ਥਕਾਵਟ ਲੱਥ ਜਾਏ—ਪਰ ਇਹ ਏਨਾਂ ਉਤਾਵਾਲਾ ਏ ਕਿ ਏਸ ਧੀਰਜ ਨਹੀਂ ਕਰਨੀ—ਏਸ ਸਾਡੀ ਗੱਲ ਨਹੀਂ ਸੁਣਨੀ—ਜੇ ਇਹ ਇਕੱਲਾ ਤੁਰ ਗਿਆ ਤਾਂ ਇਸ ਚਾਰ ਕੋਹ ਨਹੀਂ ਜਾਣਾ ਫੁੜਕ ਪੈਣਾ। ਇਹ ਆਪ ਮੌਤ ਨੂੰ ਵਾਜਾਂ ਮਾਰ ਰਿਹਾ ਹੈ। ਮੌਤ ਇਸ ਦੇ ਸਿਰ ਤੇ ਕੂਕਦੀ ਏ—ਮੈਂ ਕਿਓਂ ਗੁਨਾਹਗਾਰ ਬਣਾਂ—ਮੇਰੇ ਘਰ ਮਹਿਮਾਨ ਆਇਆ ਏ—ਜੇ ਮੈਂ ਇਸਦੀ ਕੋਈ ਮਦਦ ਨਹੀਂ ਕਰ ਸਕਦਾ ਤਾਂ ਇਸਦੀ ਜਾਨ ਦਾ ਖੌ ਕਿਓਂ ਬਣਾਂ। ਇਸ ਸਿੱਖ ਧਰਮ ਕਬੂਲਿਆ ਹੈ ਜਾਂ ਨਹੀਂ—ਪਰ ਸਿੰਘਾਂ ਵਾਲਾ ਜੋਸ਼, ਉਨ੍ਹਾਂ ਦਾ ਜਜ਼ਬਾ ਇਸਦੀਆਂ ਹੱਡੀਆਂ ਅੰਦਰ ਠਾਠਾਂ ਜ਼ਰੂਰ ਮਾਰਦਾ ਹੈ। ਇਹ ਮਾਰੂਥਲ, ਇਹ ਲਹੂ ਭਰੇ ਦਰਿਆ, ਇਹ ਰੇਤ ਦਾ ਮਹਾਸਾਗਰ, ਪਤਾ ਨਹੀਂ ਏਸ ਕਿੰਨਿਆਂ ਕੁ ਦੀ ਜਾਨ ਲੈ ਲਈ ਹੈ ਤੇ ਹੋਰ ਕਿੰਨਿਆਂ ਕੁ ਦੀ ਲੈਣੀ—ਇਕ ਬੇਦੋਸ਼ਾ ਐਵੇਂ ਭੰਗ ਦੇ ਭਾੜੇ ਕਿਓਂ ਮਾਰਿਆ ਜਾਵੇ—ਪ੍ਰਦੇਸੀ ਰੱਬ ਦੀ ਨਿਆਈਂ ਏਂ। ਰੱਬ ਨੇ ਭੇਜਿਆ ਹੈ। ਪੁੱਤ ਜਵਾਰੀ ਦੀਆਂ ਰੋਟੀਆਂ ਚਾਰ ਲਾਹ ਦੇ—ਗੁੜ-ਡਲਿਆਂ ਦਾ ਅਚਾਰ ਨਾਲ ਬੰਨ੍ਹ ਦੇ। ਅਸਾਂ ਤੜਕੇ ਹੀ ਨਿਕਲਣਾ ਹੈ—ਤਾਰਿਆਂ ਦੀ ਛਾਵੇਂ ਛਾਵੇਂ ਪੈਂਡੇ ਦਾ ਲੱਕ ਟੁੱਟ ਜਾਊ ਅਤੇ ਸੂਰਜ ਨਿਕਲਣ ਤੱਕ ਅਸੀਂ ਆਪਣੇ ਟਿਕਾਣੇ ਲੱਗ ਜਾਵਾਂਗੇ—ਕਿਓਂ ਠੀਕ ਏ ਨਾ ਪੁੱਤ ?—ਬਾਪੂ ਬੋਲਿਆ।

—ਬਾਪੂ ਮੈਂ ਸੌਣ ਤੋਂ ਪਹਿਲਾਂ ਰੋਟੀਆਂ ਪਕਾ ਲੈਂਦੀ ਹਾਂ—ਤੁਸਾਂ ਸਵੇਰੇ ਜਾਣਾ ਏ—ਕੀ ਮੈਂ ਇਕੱਲੀ ਰਹਾਂਗੀ ? ਚੰਪਾ ਨੇ ਆਖਿਆ।

—ਗਵਾਂਢੀ ਚਾਚੀ, ਤਾਈ, ਭੂਰੀ-ਭਰਾ ਤੇ ਫੇਰ ਵੀ ਤੂੰ ਇਕੱਲੀ। ਮਰ ਜਾਏਂ ਤੈਨੂੰ ਕਾਹਦਾ ਇਕੱਲ ਏ ? ਊਠ ਨੂੰ ਪੱਠੇ ਪਾ ਦਿਤੇ ਈ ? ਵੇਖੀਂ ਊਠ ਭੁੱਖਾ ਨਾ ਰਹੇ—ਪੈਂਡਾ ਲੰਬਾ ਈ—ਬਾਪੂ ਬੋਲਿਆ।

—ਸਾਡਾ ਊਠ ਥੱਕਣ ਵਾਲਾ ਨਹੀਂ। ਇਹ ਰੇਗਿਸਥਾਨ ਦਾ ਜਹਾਜ਼, ਇਹ ਰੇਤਾਂ ਦਾ ਬਾਦਸ਼ਾਹ, ਬਿਨਾਂ ਪਾਣੀ, ਬਿਨਾਂ ਪੱਤਿਆਂ, ਬਿਨਾਂ ਘਾਹ ਦੇ ਚਾਰ ਦਿਨ ਭੁੱਖਾ ਰਹਿ ਸਕਦਾ ਹੈ। ਰੱਬ ਨੇ ਮਹਿੰ ਜਿੱਡਾ ਜਿਗਰਾ ਬਖਸ਼ਿਆ ਏ ਇਸਨੂੰ।

ਬਾਪੂ ਜਦੋਂ ਅੱਖ ਖੁੱਲ੍ਹੇ—ਮੈਨੂੰ ਜਰਾ ਜਗਾ ਦੇਵੀਂ—ਸਭ ਕੁਝ ਮੈਂ ਤਿਆਰ ਕਰਕੇ ਸੌਵਾਂਗੀ—ਸਭ ਕੁਝ ਤਿਆਰ ਮਿਲੂ—ਚੰਪਾ ਪੋਲੀਆਂ-ਪੋਲੀਆਂ ਗੱਲਾਂ ਕਰ ਰਹੀ ਸੀ।

—ਬੜੀ ਬੀਬੀ ਧੀ ਏ ਮੇਰੀ—ਇਹਨਾਂ ਮੁਗਲਾਂ ਸਾਡਾ ਸਭ ਕੁਝ ਲੁੱਟ ਖਾਧਾ ਏ—ਧੰਨ, ਦੌਲਤ, ਇੱਜ਼ਤ, ਗੈਰਤ, ਅਣਖ। ਸਾਡੇ ਪੱਲੇ ਤੇ ਕੁਝ ਵੀ ਨਹੀਂ ਰਹਿ ਗਿਆ। ਸਿੰਘਾਂ ਜੇ ਖੰਘੂਰਾਂ ਮਾਰਿਆ ਏ ਤਾਂ ਸਾਨੂੰ ਇਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ—ਜੇ ਆਪਣਾ ਰਾਜ ਬਣ ਜਾਵੇਗਾ ਤਾਂ ਪੌਂ ਬਾਰਾਂ ਹੀ ਪੌਂ ਬਾਰਾਂ ਨੇ। ਇਹ ਮਲੇਛਾਂ ਨੇ ਸਾਡੀ ਬੁੱਧੀ ਮਲੀਨ ਕਰ ਛੱਡੀ ਏ।

ਬਾਪੂ ਸੌਂ ਗਿਆ ਤੇ ਚੰਪਾਂ ਨੇ ਚੁੱਲ੍ਹੇ ਅੱਗ ਬਾਲ ਲਈ। ਆਟਾ ਗੁੰਨ੍ਹਿਆ ਤੇ ਰੋਟੀ ਅਜੇ ਲਾਹ ਹੀ ਰਹੀ ਸੀ ਕਿ ਪ੍ਰਦੇਸੀ ਜਾਗ ਪਿਆ।

—ਰਾਤ ਅਜੇ ਕਿੰਨੀ ਕੁ ਬਾਕੀ ਹੈ?

ਅਜੇ ਖਿੱਤੀਆਂ ਨਹੀਂ ਚੜ੍ਹੀਆਂ। ਧਰੂ ਤਾਰੇ ਨੇ ਅਜੇ ਦਰਸ਼ਨ ਨਹੀਂ ਦਿਤੇ—ਤੁਸੀਂ ਸੌਂ ਜਾਓ—ਮੈਂ ਰੋਟੀਆਂ ਪਕਵਾ ਦਿੱਤੀਆਂ ਨੇ—ਬਾਪੂ ਇਹ ਆਖ ਕੇ ਸੌਂ ਗਿਆ ਸੀ। ਬੋਦੀ ਤਾਰਾ ਚੜ੍ਹੇ—ਉਠ ਕੇ ਚਲਣਾ ਏ—ਤੁਸੀਂ ਸੌਂ ਜਾਓ।

ਦੁੱਧ ਦਾ ਗਿਲਾਸ ਪਿਆ ਏ—ਪੀਓਗੇ?—ਚੰਪਾ ਉਠੀ ਤੇ ਦੁੱਧ ਦਾ ਗਿਲਾਸ ਲੈ ਆਈ। ਦੁੱਧ ਪੀਓ—ਇਸ ਨਾਲ ਸਾਰੀ ਗਰਮੀ ਚੁੱਕੀ ਜਾਊ।

ਭਾਵੇਂ ਲੋੜ ਸੀ ਭਾਵੇਂ ਨਹੀਂ ਜੋਗੇ ਨੇ ਚੰਪਾ ਦੇ ਹੱਥੋਂ ਗਿਲਾਸ ਲਿਆ ਤੇ ਚਾੜ੍ਹ ਗਿਆ। ਮੰਜੀ ਤੇ ਫਿਰ ਲੇਟ ਗਿਆ—ਨੀਂਦ ਆਈ ਕਿ ਨਾ ਆਈ। ਚੰਪਾ ਵੀ ਸੌਂ ਗਈ ਸੀ। ਰਾਤ ਆਪਣਾ ਪੰਧ ਤੈਅ ਕਰ ਰਹੀ ਸੀ। ਬਾਪੂ ਜਾਗਿਆ।

ਉਠ ਬਈ ਜਵਾਨਾਂ ਪੰਜ ਸ਼ਨਾਨਾਂ ਕਰ ਚੱਲ ਫਿਰ ਰਾਹ ਫੜੀਏ—ਬਾਪੂ ਦੀ ਅਵਾਜ਼ ਸੀ।

ਜੋਗਾ ਅੱਗੇ ਹੀ ਜਾਗਦਾ ਸੀ,—ਮੈਂ ਤਿਆਰ ਹਾਂ ਬਾਪੂ।

—ਤੁਸਾਂ ਕਦ ਮੁੜਨਾ ਏ? ਚੰਪਾ ਬੋਲੀ।

—ਜਦ ਇਹਨੂੰ ਸਿੰਘ ਮਿਲ ਗਏ।

—ਜੇ ਨਾ ਮਿਲੇ ਤਾਂ ਫਿਰ?

—ਜਦ ਤੱਕ ਸਿੰਘਾਂ ਦਾ ਜਥਾ ਨਹੀਂ ਲਭਦਾ ਅਸਾਂ ਘਰ ਨਹੀਂ ਮੁੜਨਾ।

—ਚੰਗਾ ਬਾਪੂ ਤੁਹਾਡੀ ਮਰਜ਼ੀ। ਬਾਪੂ ਜਾਹ ਫਿਕਰ ਕਰਨ ਦੀ ਲੋੜ ਨਹੀਂ—ਸ਼ੇਰ ਦੀ ਬੱਚੀ ਇਕੱਲੀ ਘਰ ਰਹੇਗੀ। ਆਉਣਾਂ ਤੇ ਤਿਰ ਤੁਸਾਂ ਏਧਰ ਨੂੰ ਹੀ ਹੈ ਨਾ।—ਚੰਪਾ ਨੇ ਆਖਿਆ।

—ਹੋਰ ਦੂਜਾ ਕਿਹੜਾ ਰਾਹ ਏ ਪੁੱਤ—ਅੱਗੇ ਰੱਬ ਮਾਲਿਕ—ਗੁਰੂ ਜਾਣੇ ਕਿਹੜੇ ਰਾਹ ਪਾਉਣਾ ਸੂ।

—ਇਸੇ ਰਸਤੇ ਆਇਓ ਬਾਪੂ—ਅਸੀਂ ਪ੍ਰਾਹੁਣੇ ਦੀ ਕੋਈ ਖਿਦਮਤ ਨਹੀਂ ਕੀਤੀ—ਏਦਾਂ ਘਰ ਦਾ ਨਾਂ ਨਿਕਲ ਜਾਂਦਾ ਏ।

ਚੰਗਾ ਬਾਪੂ ਜੈ ਮਾਤਾ ਦੀ।

ਜੈ ਮਾਤਾ ਦੀ।

ਊਠ ਤੇ ਚੜ੍ਹ ਬੈਠੇ—ਦੋਵੇਂ ਜਣੇ। ਊਠ ਦੀਆਂ ਟੱਲੀਆਂ ਸਾਰੇ ਜੰਗਲ ਦੀ ਜਾਨ

ਸਨ। ਟੱਲੀਆਂ ਦੀ ਆਵਾਜ਼ ਦੂਰ ਤੱਕ ਸੁਣਾਈ ਦਿੰਦੀ। ਦੂਜੇ ਪਿੰਡ ਦੇ ਕੋਲ ਦੀ ਲੰਘੇ।

—ਕਿਹਦਾ ਊਠ ਏ ਭਈ ? ਇਕ ਪਿੰਡ ਵਾਲੇ ਦੀ ਆਵਾਜ਼ ਸੀ।

—ਗੰਗਾ ਸਿੰਘ ਏ ਸੂਰਤ ਗੜ੍ਹ ਵਾਲਾ।

—ਜਰੂਰੀ ਕੰਮ ਜਾਪਦਾ ਏ।

—ਪ੍ਰਾਹੁਣਾ ਆਇਆ ਸੀ ਉਹਦੇ ਨਾਲ ਚੱਲਿਆ ਹਾਂ।

—ਅੱਛਾ ਜੈ ਮਤਾ ਦੀ।

ਟੱਲੀਆਂ ਦੀ ਆਵਾਜ਼ ਲੋਰੀਆਂ ਦਿੰਦੀ ਜਾ ਰਹੀ ਸੀ ਊਠ ਨੂੰ।

ਤਾਰਿਆਂ ਦੀ ਲੋਏ-ਲੋਏ

ਅਜੇ ਮੰਦਿਰ ਦਾ ਕਿਸੇ ਬੂਹਾ ਵੀ ਨਹੀਂ ਸੀ ਖੋਲ੍ਹਿਆ ਕਿਸੇ ਪੁਜਾਰੀ ਨੇ ਸੰਖ ਦੀਆਂ ਧੁੰਨਾ ਵੀ ਨਹੀਂ ਕੱਢੀਆਂ। ਸਾਰਾ ਪਿੰਡ ਸੁੱਤਾ ਪਿਆ ਸੀ—ਰਾਹ ਖ਼ਾਮੋਸ਼ ਸਨ—ਡੰਡੀਆਂ ਨੀਂਦ ਦੀ ਗੱਦ ਵਿਚ ਘੁਰਾੜੇ ਮਾਰ ਰਹੀਆਂ ਸਨ। ਰੇਤ ਦਾ ਜੰਗਲ ਆਉਣ ਵਾਲੇ ਪ੍ਰਾਹੁਣੇ ਦੀ ਇੰਤਜ਼ਾਰ ਕਰ ਰਿਹਾ ਸੀ। ਜਦ ਕਿਸੇ ਊਠ ਦੀ ਟੱਲੀ ਖੜਕੀ-ਟੁਣਕਾਰ ਸਾਰੇ ਜੰਗਲ ਵਿਚ ਗੂੰਜ ਉਠੀ—ਫਿਰ ਜੰਗਲ ਵੀ ਜਾਗ ਪਏ ਫਿਰ ਡੰਡੀਆਂ ਨੇ ਵੀ ਅੱਖ ਉਘੇੜੀ। ਰਾਹ ਆਪੇ ਹੀ ਜਾਗ ਉਠੇ। ਦਿਨ ਚੜ੍ਹਨ ਦਾ ਘੜਿਆਲ ਵੱਜਿਆ, ਪਰ ਪਹਿਲਾਂ ਇਹ ਗਰਜ ਸੀ ਊਠ ਦੀਆਂ ਟੱਲੀਆਂ ਦੀ। ਹੋਰ ਕਿਹੜੀ ਕੋਈ ਤੋਪ ਦੀ ਆਵਾਜ਼ ਸੁਣਦਾ ਏ। ਤੋਪ ਵੀ ਤਾਂ ਕਿਸੇ ਰਾਜ ਘਰਾਣੇ ਵਿਚ ਛੁੱਟਦੀ ਏ—ਪਰ ਜੰਗਲ ਵਿਚ ਤੇ ਲੋਕ ਤਾਰਿਆਂ ਨੂੰ ਵੇਖ ਕੇ ਰਾਤ ਦੀਆਂ ਘੜੀਆਂ ਗਿਣ ਲੈਂਦੇ ਹਨ। ਤਾਰੇ ਵੇਖਣ ਵਾਲੇ ਭੁਲੇਖਾ ਨਹੀਂ ਖਾਂਦੇ।

ਤਾਰਿਆਂ ਦੀ ਲੋਏ-ਲੋਏ ਇਕ ਊਠ ਚਲ ਰਿਹਾ ਸੀ। ਖ਼ਾਮੋਸ਼ ਰੇਤ ਦੇ ਸਮੁੰਦਰ ਵਿਚ। ਦੂਰ ਦੇ ਮੁਸਾਫਿਰ ਸ਼ਾਇਦ ਅੱਧੀ ਰਾਤੀਂ ਜਾਗ ਪਏ ਸਨ। ਠੰਢੀ-ਠੰਢੀ ਹਵਾ ਚਲ ਰਹੀ ਸੀ ਤੇ ਰੇਤ ਦਾ ਕਲੇਜਾ ਵੀ ਠੰਢਾ ਠਾਰ ਸੀ। ਦਿਨ ਚੜ੍ਹਨ ਤੋਂ ਪਹਿਲਾਂ ਰੇਤ ਸੁਹਾਣੀ ਰੁੱਤ ਵਿਚ ਰਹਿੰਦੀ ਏ—ਜਦ ਸੂਰਜ ਦੀ ਕਿਰਣ ਫੁੱਟੀ ਤੇ ਰੇਤ ਦੇ ਕਲੇਜੇ ਗਰਮੀ ਦੀ ਚੰਗਿਆੜੀ ਜਨਮ ਲੈਂਦੀ—ਜਿਵੇਂ 2 ਦਿਨ ਚੜ੍ਹਦਾ ਜਾਂਦਾ ਤਿਵੇਂ-ਤਿਵੇਂ ਰੇਤ ਦਾ ਪਿੰਡਾ ਗਰਮ ਹੁੰਦਾ ਜਾਂਦਾ। ਸੂਰਜ ਸਿਰ ਤੇ ਆਇਆ ਨਹੀਂ—ਰੇਤ ਤਪ ਕੇ ਜਵਾਲਾ ਬਣੀ ਨਹੀਂ। ਬੰਦੇ ਨੂੰ ਇਓਂ ਭੁੰਨ ਕੇ ਰਖ ਦਿੰਦੀ ਏ—ਜਿਵੇਂ ਦਿਨੇ ਤਪਸ਼, ਅੱਗ ਵਰ੍ਹਾਏ ਮੀਂਹ ਅਤੇ ਰਾਤ ਠੰਢੀ ਯੱਖ। ਜਿਹਾ ਦੇਸ਼ ਤੇਹਾ ਭੇਸ। ਲੋਕਾਂ ਦੇ ਸੁਭਾ ਵੀ ਰੇਤ ਦੀ ਤਾਸੀਰ ਵਾਂਗ ਬਦਲ ਗਏ। ਉਹ ਸਾਰੇ ਕਾਰ ਵਿਹਾਰ ਜਾਂ ਸੂਰਜ ਦੇ ਜਲਾਲ ਤੋਂ ਪਹਿਲਾਂ ਕਰਦੇ ਜਾਂ ਤੇਜ ਮੱਠਾ ਹੋਣ ਤੋਂ ਬਾਦ ਦੁਪਹਿਰਾਂ ਰੇਤ ਦੇ ਘੁਰੋਣਿਆਂ ਵਿਚ ਲੱਤ ਤੇ ਲੱਤ ਧਰਕੇ ਸੌਂਦੇ।

ਸਰਦਖਾਨੇ ਇਨ੍ਹਾਂ ਦੇ ਸ਼ਾਹੀ ਮਹਿਮਾਨਖਾਨਿਆਂ ਦਾ ਮੁਕਾਬਲਾ ਕਰਦੇ। ਹਵਾ ਭਾਵੇਂ ਗਰਮ ਚਲੇ ਤੇ ਭਾਵੇਂ ਅੱਗ ਦੇ ਸਮੁੰਦਰ ਵਿਚੋਂ ਦੀ ਲੰਘ ਕੇ ਆਵੇ ਪਰ ਰਾਜਿਸਥਾਨ ਵਾਲਿਆਂ ਇਹੋ ਜਿਹੇ ਝਰੋਖੇ ਬਣਾਏ ਹੋਏ ਸਨ ਕਿ ਹਵਾ ਦਾ ਮਜਾਜ਼ ਠੰਢਾ ਹੋ ਜਾਂਦਾ। ਗਰਮੀ ਦਾ ਗੁੱਸਾ ਥੁੱਕ ਦਿੰਦੀ ਹਵਾ। ਊਠ ਰੇਗਿਸਥਾਨ ਦਾ ਜਹਾਜ਼ ਏ—ਊਠ ਨੂੰ ਲੋਕ ਦੇਵਤਾ ਮੰਨਦੇ ਹਨ। ਰਾਜਿਸਥਾਨ ਦੀ ਸਭ ਤੋਂ ਵੱਡੀ ਜਾਇਦਾਦ ਊਠ ਜਾਂ ਖੂਹ। ਬੰਦੇ ਅੜੀਅਲ, ਲੜਾਕੇ, ਝਗੜਾਲੂ ਤੇ ਤੇਜ਼ ਤਬੀਅਤ। ਨਾ ਅਗਲੇ ਦੀ ਸੁਣਨੀ ਤੇ ਨਾ ਅਗਲੇ

ਨੂੰ ਸੁਨਾਉਣੀ। ਕਰਨਾ ਪਹਿਲਾਂ ਤੇ ਸੋਚਣਾ ਪਿਛੋਂ।

—ਚਲ ਭਈ ਚਲ ਸ਼ੇਰ ਦਿਆ ਬੱਚਿਆ ਮੰਜ਼ਿਲਾਂ ਮਾਰਦਾ ਚੱਲ। ਟਿਕਾਣੇ ਲਾ ਦੇ ਪੁੱਤਰਾ ਪਰਦੇਸੀ ਦੀ ਆਸ ਪੂਰੀ ਹੋ ਜਾਵੇ—ਆਵਾਜ਼ ਚੌਧਰੀ ਦੀ ਸੀ।

—ਘੋੜਾ ਤੇ ਏਨੀਂ ਕਾਢ ਨਹੀਂ ਕਢਦਾ ਹੋਣਾ ਬਾਪੂ!—ਜੋਗਾ ਬੋਲਿਆ।

ਘੋੜਾ ਸ਼ਾਹੀ ਸਵਾਰੀ ਤੇ ਊਠ ਫਿਰ ਵੀ ਆਖ ਰਿਹਾ ਸੀ ਕਿ ਰੇਤ ਵਿਚ ਘੋੜਾ ਦਮ ਤੋੜ ਜਾਂਦਾ ਏ। ਊਠ—ਇਸਤੇ ਰੱਬ ਦੀਆਂ ਬਖਸ਼ਿਸ਼ਾਂ ਨੇ ਸਵਾਰ ਦਾ ਦਮ ਭਾਵੇਂ ਡੋਲ ਜਾਏ—ਪਰ ਇਹ ਰੱਬ ਦਾ ਜੀਅ ਥੱਕਦਾ ਨਹੀਂ।

—ਜੋਗਾ ਆਖਣ ਲੱਗਾ—ਬਾਪੂ ਕਿੰਨਾ ਕੁ ਪੈਂਡਾ ਮਾਰ ਆਇਆ ਏ ਤੇਰਾ ਜਵਾਨ ਬੋਤਾ।

—ਸੂਰਜ ਦੇਵਤੇ ਦੇ ਦਰਸ਼ਨ ਹੋਣ ਤੋਂ ਪਹਿਲਾਂ ਅਸੀਂ ਦਸ ਕੋਹ ਨਿਕਲ ਜਾਵਾਂਗੇ।

—ਅਜੇ ਕਿੰਨੀ ਕੁ ਦੂਰ ਏ ਲੱਖੀ ਜੰਗਲ?

—ਅਸੀਂ ਸੇਧ ਰੱਖ ਕੇ ਜਾ ਰਹੇ ਹਾਂ। ਬੂਰੀ ਨੇ ਆਖਿਆ ਸੀ ਕਿ ਸਿੰਘ ਏਧਰ ਨੂੰ ਗਏ ਹਨ—ਓਧਰ ਨੂੰ ਊਠ ਦੀ ਬੂਥੀ ਕਰ ਦਿਤੀ—ਲਈ ਜਾ ਰਿਹਾ ਹੈ ਵਿਚਾਰਾ ਨੱਕ ਦੀ ਸੇਧੇ। ਦਿਨ ਚੜ੍ਹੇ ਤਾਂ ਪੁੱਛਾਂਗੇ ਕਿ ਸਾਡਾ ਊਠ ਕਿਥੇ ਏ? ਰੋਟੀ ਟੁਕਰ ਵੀ ਸੂਰਜ ਦੀ ਟਿੱਕੀ ਪੁੰਗਰਦਿਆਂ ਛਕਾਂਗੇ। ਜਿੰਨਾਂ ਲਾਭ ਉਠਾਇਆ ਜਾਏ—ਉਠਾ ਲੈਣਾ ਚਾਹੀਦਾ ਏ। ਬੀਕਾਨੇਰ ਵਿਚ ਧੁੱਪ ਮੌਤ ਦਾ ਦੂਜਾ ਨਾਂ ਏ। ਅਜੇ ਤੱਕ ਤੇ ਕੋਈ ਪਿੰਡ ਵੀ ਨਹੀਂ ਆਇਆ। ਇਕੋ ਪਿੰਡ ਆਇਆ ਸੀ। ਦਸ ਕੋਹ ਤੇ ਪਿੰਡ ਹੁੰਦਾ ਏ—ਅਹੁ ਪਿੰਡ ਜਾਪਦਾ ਏ।

—ਮੈਨੂੰ ਤੇ ਰੁੱਖ ਜਾਪਦੇ ਹਨ, ਅੱਗੇ ਭਵਾਨੀ ਜਾਣੇ। ਉਥੇ ਜਾ ਕੇ 10 ਕੋਹ ਪੂਰੇ ਹੋ ਜਾਣਗੇ। ਅਹੁ ਲੋਅ ਜਗੀ ਊ, ਬੱਲੇ ਓਏ ਸ਼ੇਰਾ ਲੈ ਚਲ ਯਾਰ ਦੇ ਬੇਲੇ। ਸੱਸੀ ਤੁਰਦੀ ਤੁਰਦੀ ਥਲਾਂ ਵਿਚ ਭੁਜ ਗਈ ਮੱਛੀ ਵਾਂਗ ਪਰ ਪੁੰਨੂੰ ਨਾ ਮਿਲਿਆ। ਅਸਾਂ ਥਲ ਪਾਰ ਕਰਨੇ ਨੇ ਤੇ ਭਾਵੇਂ ਮੁੰਦਰਾਂ ਪਾਉਣੀਆਂ ਪੈਣ ਤੇ ਭਾਵੇਂ ਜੋਗ ਲੈਣਾ ਪਵੇ। ਹਵੇਲੀਆਂ ਵਿਚ ਅਲਖ ਜਾ ਜਗਾਉਣੀ ਏ। ਬੱਚੂ ਤੇਰਾ ਸਾਥ ਕੀਤੈ, ਟਿਕਾਣੇ ਪਹੁੰਚਾਵਾਂਗੇ, ਰਾਜਪੂਤ ਰਾਹ ਵਿਚ ਨਹੀਂ ਛੱਡਦੇ। ਜੇ ਰਾਜਪੂਤ ਤਲਵਾਰ ਦਾ ਧਨੀ ਏਂ ਤਾਂ ਜ਼ਬਾਨ ਦਾ ਵੀ ਪੱਕਾ ਏ। ਤੂੰ ਤੇ ਰੱਬ ਦਾ ਰੂਪ ਏਂ ਜੋ ਸਾਡੇ ਘਰ ਆ ਗਿਐਂ। ਤੇਰੇ ਨਾਲ ਹੀ ਸਵਰਗਾਂ ਵਿਚ ਚੱਲਾਂਗੇ ਤੇ ਤੇਰੇ ਨਾਲ ਹੀ ਦੋਜ਼ਖਾਂ 'ਚ ਸੜਾਂਗੇ। ਇਨ੍ਹਾਂ ਲੁਟੇਰਿਆਂ ਦੀ ਗੁਲਾਮੀ ਦਾ ਤੌਕ ਲਾਹ ਕੇ ਈ ਦਮ ਲੈਣੈ। ਇਹ ਝੁੱਲ ਕਿਸੇ ਦਿਨ ਲਾਹ ਕੇ ਸੁੱਟਿਆ ਈ ਜਾਣੈ। ਫ਼ਿਕਰ ਕਿਉਂ ਕਰਦੈਂ ਬੱਚੂ ਰਾਜਪੂਤਾਨੇ ਵਾਲੇ ਤੁਹਾਡੇ ਨਾਲ ਈ ਹਨ। ਅੰਦਰੋਂ ਬੜੇ ਦੁਖੀ ਹਨ। ਇਨ੍ਹਾਂ ਨੇ ਉਨ੍ਹਾਂ ਦੀ ਕੋਈ ਜਵਾਨ ਕੁੜੀ ਨਹੀਂ ਛੱਡੀ ਜਿਹੜੀ ਦਿੱਲੀ ਨਹੀਂ ਲੈ ਗਏ। ਹੁਣ ਡੋਲੇ ਨਹੀਂ ਦਿੱਤੇ ਜਾਂਦੇ, ਹੁਣ ਡੋਲੇ ਲੈਣੇ ਨੇ। ਹੁਣ ਵਕਤ ਆ ਗਿਐ ਜਦ ਇਹ ਆਪ ਡੋਲੇ ਦੇਣਗੇ ਦਿੱਲੀ ਵਾਲੇ। ਭਗਵਾਨ ਸਿੰਘ ਦੀ ਇਕ ਗਲਤੀ ਨੇ ਸਾਡੀਆਂ ਕੁਲਾਂ ਵਿਗਾੜ ਦਿੱਤੀਆਂ। ਤਗੜਾ ਹੋ ਜਾ ਬੱਚੂ, ਇਹਨਾਂ ਨੂੰ ਮਿਲ ਕੇ ਈ ਦਮ ਲਵਾਂਗੇ। ਚੌਧਰੀ ਜਜ਼ਬਾਤ ਵਿਚ ਸੀ।

—ਗੁਰੂ ਤੇਰਾ ਭਲਾ ਕਰੇ ਗੁਰੂ ਤੇਰੀਆਂ ਮੁਰਾਦਾਂ ਪੂਰੀਆਂ ਕਰੇ। ਜੋਗਾ ਆਖ ਰਿਹਾ ਸੀ।

—ਇਹ ਸਾਡਾ ਫਰਜ਼ ਏ, ਇਹ ਸਾਡਾ ਧਰਮ ਏ। ਸਾਰੇ ਦੇਸ਼ ਵਾਲੇ ਜੇ ਇਕ ਵਾਰ

ਏਦਾਂ ਸੋਚ ਲੈਣ ਤੇ ਭਵਾਨੀ ਦੀ ਸਹੁੰ ਜੇ ਰਲਕੇ ਅਸੀਂ ਇਕ ਵਾਰੀ ਫੂਕ ਮਾਰ ਲਈਏ ਤਾਂ ਹਵਾ ਵਿਚ ਉੱਡੇ ਗਜਨੀ ਪਹੁੰਚ ਜਾਣ। ਮਨ ਨਿਰਬਲ, ਡਰਪੋਕ ਤੇ ਹੌਲਾ ਹੋ ਗਿਆ ਸੀ। ਜਦੋਂ ਦਾ ਸਿੱਖਾਂ ਦਾ ਰੌਲਾ ਤੇ ਜਲਾਲ ਵੇਖਿਆ ਏ ਮਨ ਤਗੜਾ ਹੁੰਦਾ ਜਾਂਦਾ ਏ। ਇਹਨਾਂ ਕੋਈ ਘਿਓ ਦੀਆਂ ਚੂਰੀਆਂ ਖਾਣੀਆਂ ਨੇ ? ਵਿਚਾਰੇ ਸਾਡੇ ਲਈ ਵੀ ਜਫਰ ਜਾਲ ਰਹੇ ਹਨ। ਜਦੋਂ ਪਲਾਓ ਦੀਆਂ ਦੇਗਾਂ ਚੜ੍ਹਨੀਆਂ ਨੇ ਤਾਂ ਸਾਰਿਆਂ ਨੇ ਖਾਣੀਆਂ ਨੇ। ਬੋਲ ਚੌਧਰੀ ਦੇ ਸਨ।

—ਬਾਪੂ ਮੈਨੂੰ ਜਾਪਦਾ ਏ ਕਿ ਤੂੰ ਵੀ ਸਿੰਘ ਏਂ। ਜੋਗੇ ਦੀ ਆਵਾਜ਼ ਸੀ।

—ਸਾਰਾ ਮੁਲਕ ਈ ਸਿੰਘ ਏ ਪਰ ਆਪਣੇ ਅੰਦਰ, ਬਾਹਰੋਂ ਡਰਦੇ ਸਿੰਘ ਨਹੀਂ ਆਖਦੇ। ਭੈਅ ਦਾ ਭੂਤਨਾ ਪਿੰਡ-ਪਿੰਡ ਨੱਚ ਰਿਹਾ ਏ। ਡਰ ਦੀ ਡੈਣ ਘਗਰੀ ਭੜਕਾਉਂਦੀ ਫਿਰਦੀ ਏ ਗਲੀਆਂ, ਮਹੱਲਿਆਂ ਵਿਚ। ਬੀਕਾਨੇਰ ਵਾਲੇ ਦਿੱਲੀ ਸਰਕਾਰ ਦੇ ਗੁਮਾਸ਼ਤੇ ਜੋਧਪੁਰ ਵਾਲਾ ਸੰਬੰਧੀ, ਜੈਪੁਰ ਦੀ ਹਰ ਕੁੜੀ ਦੇ ਸਹੁਰੇ ਦਿੱਲੀ ਜਾਂ ਆਗਰੇ, ਮੁਸਲਮਾਨ ਆਪਣੇ ਧਰਮ ਵਿਚ ਇਕ ਹਿੰਦੂ ਬੇਗਮ ਜ਼ਰੂਰ ਰੱਖਦੇ ਹਨ।

—ਇਹ ਕਿਓਂ ?

—ਇਸ ਲਈ ਕਿ ਸਵਾਦ ਬਦਲ ਲਿਆ ਜਾਏ। ਮੁਸਲਮਾਨ ਆਖਦੇ ਹਨ ਕਿ ਮੁਸਲਮਾਨਣੀ ਗੋਸ਼ਤ ਦਾ ਸਵਾਦ ਦਿੰਦੀ ਏ ਤੇ ਹਿੰਦੂ ਕੰਨਿਆ ਮਲਾਈ ਦਾ। ਖੁਰਚਣ ਦਾ ਮਜ਼ਾ ਸਿਰਫ਼ ਇਨ੍ਹਾਂ ਕਾਫ਼ਰਾਂ ਕੋਲ ਈ ਏ।

—ਕੀ ਇਹ ਗੱਲ ਠੀਕ ਏ ?

—ਝੂਠ, ਬਿਲਕੁਲ ਝੂਠ, ਅਯਾਸ਼ੀ, ਮੱਕਾਰੀ ਸਿਰਫ਼ ਹੈਂਕੜ ਹਕੂਮਤ ਦੀ ਏ ਅੱਗ ਲਾਉਣ ਨੂੰ, ਹਿੰਦੂ ਸੜੇ ਭੁੱਜੇ ਤੇ ਕੋਲਾ ਹੋ ਗਏ। ਮੇਰੇ ਭਤੀਜੇ ਨੇ ਅਜਮੇਰ ਦੇ ਇਕ ਹਾਕਮ ਦੀ ਕੁੜੀ ਕਢ ਆਂਦੀ ਤੇ ਡਾਕੂਆਂ ਦੇ ਗਿਰੋਹ ਵਿਚ ਸ਼ਾਮਲ ਹੋ ਗਿਆ। ਉਹ ਜਦੋਂ ਕਦੇ ਨਸ਼ਈ ਹੁੰਦਾ ਤਾਂ ਆਖਿਆ ਕਰਦਾ ਸੀ ਇਹ ਕਾਬਲੀ ਕੁੱਜੇ ਦੀ ਮਿਸ਼ਰੀ ਏ, ਅੰਗੂਰ ਏ ਕੋਟੇ ਦਾ, ਅਨਾਰ ਏ ਕੰਧਾਰ ਦਾ। ਪਚਾਕੇ ਮਾਰ-ਮਾਰ ਕੇ ਗੱਲਾਂ ਕਰਦਾ ਤੇ ਬੁਲ੍ਹਾਂ ਤੇ ਜੀਭ ਫੇਰਦਾ। ਸਵਾਦ ਲੈ-ਲੈ ਕੇ ਚਟਖਾਰੇ ਲੈਂਦਾ। ਭੁੱਜੇ ਕਬਾਬ ਦੀ ਖੁਸ਼ਬੋ ਲੈਣੀ ਹੋਵੇ ਤਾਂ ਮੁਸਲਮਾਨੀ ਮੁਹੱਲੇ ਦੇ ਵਿਚੋਂ ਦੀ ਲੰਘ ਜਾਓ ਜਾਂ ਕਿਸੇ ਬੇਗਮ ਦੇ ਬੁਰਕੇ ਦੀ 'ਖੁਸ਼ਬੋ' ਸੁੰਘੋ। ਜਦ ਅਣਖ ਜਾਗਣ ਲੱਗਦੀ ਏ ਤਾਂ ਕੌਮ ਵਿਚ ਇਹੋ ਜਿਹੇ ਮੁੰਡੇ ਜੰਮ ਪੈਂਦੇ ਹਨ। ਸਿਰ ਲੱਥ, ਅਣਖੀਲੇ, ਸਿਰ ਧੜ ਦੀ ਬਾਜ਼ੀ ਲਾਉਣ ਵਾਲੇ। ਫਿਰ ਕੌਮ ਕਰਵਟ ਲੈਂਦੀ ਏ। ਰੋਹ ਜਾਗਦਾ ਏ, ਬੰਦਾ ਆਪਣਾ ਆਪ ਪਛਾਣਦਾ ਏ। ਤਲਵਾਰ ਬੁਜ਼ਦਿਲ ਓਨੀ ਦੇਰ ਰਹਿੰਦੀ ਏ, ਜਿੰਨੀ ਦੇਰ ਮਿਆਨ ਵਿਚ ਰਹੇ। ਇਕ ਵਾਰ ਬਾਹਰ ਨਿਕਲੀ ਤੇ ਫੇਰ ਸ਼ੇਰ ਵਾਂਗੂ ਗੱਜਦੀ ਏ। ਮੁਲਕ ਫੇਰ ਈ ਆਜ਼ਾਦ ਹੁੰਦੇ ਹਨ। ਜਾਗਦੀਆਂ ਕੌਮਾਂ ਨੂੰ ਕੋਈ ਨਹੀਂ ਦਬਾ ਸਕਦਾ। ਇਹ ਭਾਵੇਂ ਆਟੇ ਵਿਚ ਲੂਣ ਹਨ। ਧਰਤੀ ਜਾਗੀ, ਧਰਤੀ ਦੇ ਪੁੱਤ ਜਾਗੇ ਤੇ ਫੇਰ ਨਾ ਕੋਈ ਮੁਗ਼ਲ ਦਿੱਸੂ ਤੇ ਨਾ ਇਰਾਨੀ। ਅਹਿਮਦਸ਼ਾਹ ਆ ਰਿਹਾ ਏ। ਲੋਕ ਬਲਵਾਨ ਹੋ ਗਏ ਹਨ। ਅਹਿਮਦ ਸ਼ਾਹ ਦੀਆਂ ਦਾੜ੍ਹਾਂ ਤੋੜਨਗੇ ਗਭਰੂ ਪੰਜਾਬ ਦੇ। ਬਾਚੀਆਂ ਸੇਕਣਗੇ ਵੀਰ ਰਾਜਸਥਾਨ ਦੇ। ਚੌਧਰੀ ਆਖੀ ਜਾ ਰਿਹਾ ਸੀ।

—ਬਾਪੂ, ਗੁਰੂ ਦੀ ਸਹੁੰ ਤੂੰ ਤੇ ਪੂਰਨ ਸਿੰਘ ਏਂ। ਮੈਂ ਸਮਝਦਾ ਸਾਂ ਕਿ ਪੰਜਾਬ

ਤੋਂ ਬਾਹਰ ਕੋਈ ਸਿੰਘ ਈ ਨਹੀਂ। ਜੋਗਾ ਬੋਲਿਆ।

—ਮੇਰੇ ਊਠ ਨੇ ਵੀ ਸਿੰਘਾਂ ਦੀਆਂ ਰੱਖਾਂ ਦੇ ਪੱਤ ਖਾਧੇ ਹੋਏ ਨੇ। ਇਹ ਇਕ ਜਜ਼ਬਾ ਏ ਇਕ ਉਨਸ ਏ, ਲਗਨ ਏ। ਟਿੱਕੀ ਪੁੰਗਰ ਪਈ ਏ ਤੇ ਅਹੁ ਪਿੰਡ ਆ ਗਿਆ ਈ। ਚੌਧਰੀ ਦਾ ਚਿਹਰਾ ਮੁਸਕਰਾ ਰਿਹਾ ਸੀ।

—ਹਾਂ ਬਾਪੂ।

—ਉਸ ਖੂਹ ਤੇ ਜਾ ਕੇ ਠਹਿਰ ਜਾ ਮੇਰੇ ਜੁਆਨ ਬੱਚੜੇ।

ਊਠ ਜਿਦਾਂ ਚੌਧਰੀ ਦੀ ਬੋਲੀ ਸਮਝਦਾ ਸੀ।

ਖੂਹ ਤੇ ਜਾਕੇ ਊਨ ਦੇ ਪੈਰ ਰੁਕ ਗਏ। ਸੂਰਜ ਸੁਨਹਿਰੀ ਰੰਗ ਦਾ ਪੋਚਾ ਫੇਰ ਰਿਹਾ ਸੀ ਬਨੇਰਿਆਂ ਤੇ। ਅਜੇ ਤਾਂ ਸੁਖ ਨਾਲ ਸੂਰਜ ਚੜ੍ਹਿਆ ਈ ਸੀ। ਧੁੱਪ ਹੁਣੇ ਈ ਚੁੱਭਣ ਲੱਗ ਪਈ।

--ਕਿਹਦਾ ਊਠ ਏ ਭਈ? ਖੂਹ ਦੀ ਮਨ੍ਹ ਤੇ ਬੈਠੇ ਇਕ ਬੁੱਢੇ ਰਾਜਪੂਤ ਨੇ ਪੁੱਛਿਆ।

—ਸੂਰਤ ਸਿੰਘ ਵਾਲਾ ਗੰਗਾ ਸਿੰਘ ਹਾਂ।

—ਜੈ ਭਵਾਨੀ।

—ਜੈ ਭਵਾਨੀ।

ਊਠ ਰੁੱਖ ਨਾਲ ਬੰਨ੍ਹ ਦਿੱਤਾ ਤੇ ਦੋਵੇਂ ਜਣੇ ਖੂਹ ਦੀ ਮਨ੍ਹ ਤੇ ਬੈਠ ਗਏ। ਜੋਗੇ ਦਾ ਸਾਰਾ ਸਰੀਰ ਦੁਖ ਰਿਹਾ ਸੀ।

—ਆਰਾਮ ਕਰ ਬੱਚੂ।

—ਤੁਸੀਂ ਹੱਥ ਮੂੰਹ ਧੋਵੋ, ਮੇਰੀ ਛੋਹਰੀ ਊਠ ਨੂੰ ਪਿੱਪਲ ਦੇ ਪੱਤੇ ਖੁਆ ਕੇ ਪਾਣੀ ਪਿਲਾ ਦਿੰਦੀ ਏ। ਬੁੱਢਾ ਰਾਜਪੂਤ ਆਖ ਰਿਹਾ ਸੀ।

--ਓ ਛੋਰੀ, ਓ ਛੋਰੀ, ਜਲਦੀ ਆ ਮਹਿਮਾਨ ਆਏ ਨੇ।

—ਆਈ ਬਾਪੂ। ਜ਼ਰਾ ਕੁ ਧੀਰਜ ਕਰ ਬਾਪੂ।

ਛੋਰੀ ਜਦੋਂ ਆਈ ਉਹਦੇ ਸਿਰ ਤੇ ਮਟਕਾ ਹੱਥ 'ਚ ਗੜਵਾ ਸੀ। ਰੋਟੀਆਂ ਦਾ ਥਿਹਾ ਨਾਲ ਲੈ ਕੇ ਆਈ ਸੀ।

—ਬਸ, ਬਸ ਬੇਟਾ, ਤੂੰ ਤੇ ਰੋਟੀਆਂ ਨਾਲ ਲੈ ਆਈ ਏਂ, ਰੋਟੀ ਤੇ ਸਾਡੇ ਪੱਲੇ ਬੱਝੀ ਹੋਈ ਏ, ਤੂੰ ਕਿਉਂ ਖੇਚਲ ਕੀਤੀ ਏ।

—ਨਹੀਂ ਬਾਪੂ, ਇਹਨੂੰ ਬੰਨ੍ਹੀ ਰਹਿਣ ਦਿਓ। ਮੇਰਾ ਖੂਹ ਏ ਤੇ ਰੋਟੀਆਂ ਵੀ ਮੇਰੀਆਂ ਹੋਣਗੀਆਂ। ਨਾਸ਼ਤਾ ਪਾਣੀ ਕਰੋ, ਮੈਂ ਮੰਜੀ ਡਾਹ ਦਿੰਦੀ ਹਾਂ। ਰੋਟੀ ਖਾ ਕੇ ਫਿਰ ਤੁਸਾਂ ਆਰਾਮ ਕਰਨਾ। ਜੇ ਜਾਣਾ ਹੋਇਆ ਤਾਂ ਰਾਤ ਏਥੇ ਆਰਾਮ ਕਰਨਾ ਦਿਨੇ ਜਾਣਾ। ਪ੍ਰਾਹੁਣਾ ਤੇ ਰੱਬ ਦਾ ਰੂਪ ਏ। ਧੰਨ ਭਾਗ ਸਾਡੇ, ਸਾਡੇ ਘਰ ਤੇ ਨਰਾਇਣ ਆਪ ਤੁਰ ਕੇ ਆਏ ਨੇ। ਛੋਰੀ ਦੀ ਅਵਾਜ਼ ਗੂੰਜੀ।

—ਧੰਨ ਏ ਰਾਜਸਥਾਨ, ਧੰਨ ਹਨ ਉਥੋਂ ਦੇ ਲੋਕ। ਬੜਾ ਸ਼ਕਤੀਸ਼ਾਲੀ ਤੇ ਪਵਿੱਤਰ ਅਸਥਾਨ ਏ। ਜਿਨ੍ਹਾਂ ਨੂੰ ਇਹੋ ਜਿਹਾ ਸਾਥ ਮਿਲ ਜਾਏ, ਮੱਸਾ ਰੰਘੜ ਹੁਣ ਨਹੀਂ ਰਹਿ

ਸਕਦਾ। ਮੱਸਿਆ ਹੁਣ ਤੇਰੇ ਦਿਨ ਪੂਰੇ ਹੋ ਗਏ। ਮੇਰੇ ਹਰਿਮੰਦਰ ਦੀ ਪਾਵਿੱਤਰਤਾ ਹੁਣ ਭੰਗ ਨਹੀਂ ਹੋ ਸਕਦੀ। ਜੋਗਾ ਮਨ ਹੀ ਮਨ ਵਿਚ ਸੋਚ ਰਿਹਾ ਸੀ। ਜਦੋਂ ਹਵਾ ਚਲਦੀ ਏ ਤਾਂ ਚੂਹੇ ਦੀ ਰੁੱਡ ਤਕ ਪੁੱਜਦੀ ਏ। ਸਿੰਘਾਂ ਦੀ ਆਵਾਜ਼ ਸਾਰੇ ਰਾਜਸਥਾਨ 'ਚ ਪੁੱਜ ਗਈ ਏ। ਤਾਹੀਓਂ ਸਿੰਘਾਂ ਦੇ ਠਿਕਾਣੇ ਏਥੇ ਹਨ। ਧੰਨ ਗੁਰੂ ਤੇਰੇ ਚੋਜ ਨਿਆਰੇ।

ਧੁੱਪ ਦਾ ਫੁੱਲ ਖਿੜ੍ਹਿਆ। ਖੂਹ ਦੀ ਮਨ੍ਹ ਤੇ ਜ਼ਰਾ ਕੁ ਠੰਢ ਸੀ ਤੇ ਬਾਹਰ ਧੁੱਪ ਦੇ ਫੁੱਲ ਪੂਰੇ ਜੋਬਨ ਤੇ ਸਨ।

ਮੈਨਾ ਬੋਲੀ

—ਪ੍ਰਦੇਸੀ ਬੜਾ ਮੂੰਹ ਚਿਤ ਲਗਦਾ ਏ। ਸੁਹਣਾ ਸੁਨੱਖਾ, ਜੁਆਨ, ਗਭਰੂ, ਭਰਿਆ ਸਰੀਰ, ਬੱਜਰ ਦੇਹ। ਬੂਰੀ ਆਖਣ ਲੱਗੀ।

—ਪਸੰਦ ਈ, ਚੰਪਾ ਦੀ ਆਵਾਜ਼ ਸੀ।

—ਪਸੰਦ ਈ ਏ ਤਾਂਹੀਓਂ ਸਲਾਹ ਪੁੱਛੀ ਏ। ਬੂਰੀ ਬੋਲੀ।

—ਫਿਰ ਗੱਲ ਪੱਕੀ ਕਰ ਦਿਆਂ। ਹਾਣ-ਪਰਵਾਣ ਵੀ ਠੀਕ ਏ, ਜੋੜ ਠੀਕ ਰਹੂ। ਬਾਕੀ ਗੱਲਾਂ ਦਾ ਤੇ ਜਵਾਬ ਨਹੀਂ। ਸਿਰਫ ਛੱਤੇ ਹਨ ਮੁਸਲਮਾਨਾਂ ਵਰਗੇ। ਚੰਪਾ ਬੋਲੀ ਜਾ ਰਹੀ ਸੀ।

—ਜ਼ਮਾਨਾ ਉਤੋਂ ਕਿਹੜਾ ਜਾ ਰਿਹਾ ਏ। ਬਦੇਸ਼ੀ ਰਾਜ ਤੇ ਸਿੱਧੀ ਟੱਕਰ। ਆਕੀ ਹੋ ਕੇ ਜੀਊਣਾ। ਜੇ ਭੇਸ ਨਾ ਵਟਾਉਣ ਤੇ ਕਰਨ ਕੀ। ਸਾਰੇ ਰਾਜਸਥਾਨ ਵਿਚ ਦੀਵਾ ਲੈ ਕੇ ਢੂੰਡੀਏ ਤੇ ਨਹੀਓਂ ਮਿਲਣਾ। ਅੱਜ ਲੜਾ ਲੈ, ਬਾਪੂ ਫੇਰੇ ਕਰ ਦਿਊਗਾ। ਜੇ ਸਿੰਘਾਂ ਨੂੰ ਰਾਜ ਮਿਲ ਗਿਆ ਤਾਂ ਐਸ਼ ਕਰੇਂਗੀ। ਇਨ੍ਹਾਂ ਮਲੇਛਾਂ ਨਾਲੋਂ ਤਾਂ ਚੰਗੀ ਰਹੇਂਗੀ। ਗਊ ਵੀ ਖਾ ਜਾਣ ਤੇ ਘੋੜੇ ਵੀ। ਜੇ ਇਥੇ ਪਟਰਾਣੀ ਨਾ ਬਣੇਗੀ ਤਾਂ ਰਕਾਨਣ ਤੇ ਲੋਕ ਆਖਣਗੇ ਈ। ਜਾਲ ਸੁਟ ਕੇ ਵੇਖ ਲੈ। ਬੂਰੀ ਮਿਠੀਆਂ ੨ ਗੱਲਾਂ ਕਰ ਰਹੀ ਸੀ।

—ਕਿਹਦੇ ਵ ਸਤੇ ਚਣਿਆਂ ਜਾ ਰਿਹੈ ਲਾੜਾ ? ਚੰਪਾ ਨੇ ਆਖਿਆ।

—ਆਪਣੀ ਛਮਕ ਛੱਲੋ ਲਈ, ਅਨਾਬੀ ਜਿਹੇ ਪਟੋਲੇ ਲਈ। ਬੂਰੀ ਬੋਲੀ।

—ਅੱਜ ਤੇਰੀ ਏ ਤੇ ਨਾਂ ਮੇਰਾ ਲੈ ਰਹੀ ਏਂ। ਚੰਪਾ ਜ਼ਰਾ ਤੇਜ਼ ਆਵਾਜ਼ ਵਿਚ ਬੋਲੀ।

—ਖੂਬਸੂਰਤ, ਜਵਾਨ ਕੁੜੀ ਪਰ ਜ਼ਰਾ ਕੁ ਸਾਂਵਲੀ ਜਿਹੀ। ਇਕ ਤੇਰਾ ਰੰਗ ਮੁਸ਼ਕੀ ਦੂਜਾ ਡਾਹ ਲਿਆ ਗਲੀ ਵਿਚ ਚਰਖਾ। ਪਤਾਊਂਠੇ ਐਵੇਂ ਨਹੀਂ ਪੱਕਦੇ। ਦੁੱਧ ਦੇ ਛੰਨੇ ਹੀਰ ਹੀ ਬੇਲੇ ਲੈਕੇ ਜਾ ਸਕਦੀ ਏ। ਝੂਠ ਬੋਲਦੀ ਏਂ। ਝੂਠੀ ਏ ਲਿਆ ਮੈਂ ਤੇਰਾ ਧੜਕਦਾ ਦਿਲ ਵੇਖਾਂ। ਪਰਦੇਸੀ ਓਦਾਂ ਈ ਖੂਬਸੂਰਤ ਹੁੰਦੇ ਹਨ। ਪੰਜਾਬ ਜਿਥੇ ਦੁੱਧ ਦੀਆਂ ਨਦੀਆਂ ਵਗਦੀਆਂ ਹਨ, ਸੋਨਾ ਉਗਲਦੀ ਏ ਜ਼ਮੀਨ, ਚਾਟੀ ਭਰਵਾਂ ਦਹੀ ਤੇ ਮੱਖਣ ਦੇ ਪੇੜੇ, ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ, ਰੰਗ ਨਿਖਰ ਆਏਗਾ ਦਿਨਾਂ ਵਿਚ। ਮੈਂ ਵੀ ਆਇਆ ਕਰਾਂਗੀ ਤੇਰੇ ਕੋਲੇ। ਬੂਰੀ ਰੰਗ ਬੰਨ੍ਹਦੀ ਜਾ ਰਹੀ ਸੀ।

ਚੰਪਾ ਸ਼ਰਮਾ ਗਈ। ਉਹਦੀਆਂ ਅੱਖਾਂ ਸਿਲ੍ਹੀਆਂ ਸਨ।

—ਨੀ ਵੀਰ ਯਾਦ ਆਇਆ ਈ ! ਰੋਂਦੀ ਮਿੱਤਰਾਂ ਨੂੰ ਨਾਂ ਲੈ ਕੇ ਭਰਾਵਾਂ ਦਾ।

—ਸਰ੍ਹੋ ਦੀਏ ਗੰਦਲੇ, ਜ਼ਰਾ ਗੁੱਤ ਕਰ ਖਾਂ ਉੱਤੇ ਪਾ ਕੇ ਮੋਰ ਘੁੱਗੀਆਂ, ਉਨ੍ਹਾਂਆ ਈ ਜਾਣੇ, ਤੂੰ ਜ਼ਰਾ ਦੰਦੇ ਤਿਖੇ ਕਰ, ਤੂੰ ਜ਼ਰਾ ਹਵਾ ਦੇ ਖਾਂ ਮਘਦੀ ਅੰਗੀਠੀ ਨੂੰ। ਪ੍ਰਦੇਸੀ ਨੇ ਫਿਰ ਕਿਥੇ ਜਾਣੇਂ ਏ। ਗਸ਼ ਖਾ ਕੇ ਤਿਲੀਅਰ ਡਿਗ ਪੈਂਦੇ ਹਨ ਤੇਰੇ ਵਿਹੜੇ, ਪ੍ਰਦੇਸੀ ਕਿਤੇ ਸਤਾਂ ਸਮੁੰਦਰਾਂ ਤੋਂ ਆਇਆ ਏ, ਕੋਝੀ ਹੋਵੇ ਤੇ ਕੋਈ ਨਿੰਦੇ ਵੀ। ਤੇਰੇ ਵਰਗੀ ਕਲੀ ਜੇ ਸਾਰਾ ਬਾਗ ਛਾਣ ਮਾਰੀਏ ਤੇ ਨਹੀਂ ਲਭਦੀ। ਪ੍ਰਦੇਸੀ ਨੇ ਹੋਰ ਕੀ ਲੈਣਾ ਏ, ਜਿਸਨੂੰ ਗੋਲ੍ਹ ਵਰਗੀ ਰੰਨ ਮਿਲ ਜਾਏ ਹੋਰ ਉਸ ਸੱਤੂ ਲੈਣੇ ਨੇ। ਸ਼ੀਸ਼ੇ ਵਿਚ ਮੂੰਹ ਵੇਖ ਮੇਰਾ ਆਪਣਾ ਬੁਗੀ ਲੈਣ ਨੂੰ ਜੀਅ ਕਰਦਾ ਏ ਕੀ ਉਹ ਨਾ ਪਿਘਲੂ? ਅਗ ਦੇ ਕੋਲ ਘਿਓ ਪਿਘਲਿਆਂ ਬਿਨਾਂ ਨਹੀਂ ਰਹਿ ਸਕਦਾ। ਭੂਰੀ ਨੇ ਚੰਪਾ ਨੂੰ ਸਚੀ ਮੁੱਚੀ ਸ਼ੀਸ਼ੇ ਵਿਚ ਉਤਾਰ ਲਿਆ।

—ਤੈਨੂੰ ਸਚੀ ਪਸੰਦ ਏ? ਚੰਪਾ ਬੋਲੀ।

—ਮੇਰੇ ਤੇ ਦਿਲ ਦੀ ਤਹਿ ਤਕ ਵਸ ਗਿਆ ਏ ਪ੍ਰਦੇਸੀ ਤਾਹੀਓਂ ਤੇ ਜੀਜਾ ਬਣਾਉਣ ਦੀ ਸੋਚ ਰਹੀ ਹਾਂ।

—ਢੋਲਾ ਮਾਰੂ ਵਾਲੀ ਗੱਲ ਤੇ ਨਾ ਬਣੂੰ?

—ਇਹ ਸਿੰਘ ਹਨ, ਜ਼ਬਾਨ ਦੇ ਪੱਕੇ, ਕੋਲ ਕਰਾਰ ਦੇ ਧਨੀ। ਜੇ ਬਾਂਹ ਫੜ ਲਈ ਫਿਰ ਮਰਨ ਤੋਂ ਪਹਿਲਾਂ ਕੋਈ ਛੁਡਾ ਨਹੀਂ ਸਕਦਾ ਭੂਰੀ ਬੋਲਦੀ ਨੇ ਚੰਪਾ ਭਰਮਾ ਲਈ।

ਪੜਾਅ

ਖੂਹ ਦੀ ਮਨ੍ਹ ਤੇ ਬੈਠਿਆਂ-ਬੈਠਿਆਂ ਦੁਪਹਿਰਾ ਚੜ੍ਹ ਆਈਆਂ। ਸੂਰਜ ਨੇ ਆਪਣਾ ਚਮਤਕਾਰ ਵਿਖਾਇਆ ਛਾਂ ਹੋਣ ਕਰਕੇ ਦੋਵੇਂ ਘੂਕ ਸੁੱਤੇ ਪਏ ਸਨ। ਜਿੱਦਾਂ ਘੋੜੇ ਵੇਚ ਕੇ ਸੁੱਤਾ ਹੋਏ ਵਪਾਰੀ। ਪਿੰਡ ਦੇ ਪਤਵੰਤੇ ਗੱਲੀਂ ਲਗੇ ਹੋਏ ਸਨ। ਕੁਝ ਘੋੜ ਸਵਾਰਾਂ ਨੇ ਘੋੜਿਆਂ ਦੀਆਂ ਵਾਗਾਂ ਖਿੱਚੀਆਂ ਘੋੜੇ ਥੰਮ੍ਹੇ।

—ਇਹ ਬਿੱਜਾਂ ਕਿਧਰੋਂ ਆ ਗਈਆਂ ਨੇ?

—ਅੰਨ੍ਹੇ ਕੁਤੇ ਹਰਨਾਂ ਮਗਰ। ਜਿਥੋਂ ਚੱਪਾ ਟੁਕਰ ਲੱਭਣ ਦੀ ਉਮੀਦ ਹੋਈ ਉਧਰ ਮੂੰਹ ਚੁੱਕ ਲਿਆ। ਅਜ ਕਲ ਇਹ ਵੀ ਲਾਹੌਰ ਦਰਬਾਰ ਦੇ ਜਵਾਈ ਹਨ। ਖੰਨੀ ਰੋਟੀ ਲਾਹੌਰ ਦੇ ਸੂਬੇ ਨੇ ਪਾ ਦਿਤੀ ਏ, ਉਨ੍ਹਾਂ ਦੀਆਂ ਘੋੜੀਆਂ ਗਾਉਂਦੇ ਫਿਰਦੇ ਹਨ। ਇਹ ਵੀ ਸ਼ਿਕਾਰ ਲਭਦੇ ਫਿਰਦੇ ਹਨ। ਸਾਲੇ ਰਾਣੀ ਖਾਂ ਦੇ। ਆਵਾਜ਼ ਦੂਜੇ ਬੰਦੇ ਦੀ ਸੀ।

—ਇਹ ਕੌਣ ਹਨ, ਕਿਥੇ ਰਹਿੰਦੇ ਹਨ, ਇਥੇ ਕੀ ਕਰਦੇ ਹਨ? ਇਕ ਘੋੜ ਸਵਾਰ ਨੇ ਇਸ਼ਾਰਾ ਕੀਤਾ ਤੇ ਬੋਲਿਆ।

—ਸੂਰਤਗੜ੍ਹ ਤੋਂ ਆਏ ਹਨ, ਆਪਣੇ ਮਹਿਮਾਨ ਹਨ। ਥੱਕੇ ਬੰਦਿਆਂ ਨੂੰ ਨੀਂਦ ਆ ਹੀ ਜਾਂਦੀ ਏ। ਪਹਿਲੇ ਬੰਦੇ ਨੇ ਜੁਆਬ ਦਿਤਾ।

—ਆਹ ਕੌਣ ਏ? ਦੂਜੇ ਸਿਪਾਹੀ ਦੀ ਆਵਾਜ਼ ਗੂੰਜੀ।

—ਹੋਣਾ ਏ ਕੋਈ ਲੜਾ-ਲਾਗੀ। ਰਿਸ਼ਤੇਦਾਰੀ ਵਲੋਂ ਆਏ ਹਨ ਕੋਈ ਗੋਲਾ-ਗੁਮਾਸ਼ਤਾ ਤੇ ਨਾਲ ਹੋਣਾ ਈਂ ਏ ਨਾ।

—ਮੈਨੂੰ ਤੇ ਸਿਖ ਜਾਪਦੈ।

—ਸਿੱਖਾਂ ਇਥੇ ਖਿਹ ਖਾਣ ਆਉਣਾ ਏ। ਸਿੰਘ ਤੇ ਪਹਾੜੀਂ ਚੜ੍ਹ ਗਏ ਹੋਣੇ ਨੇ। ਇਥੇ ਉਨ੍ਹਾਂ ਰੇਤ ਫੱਕਣ ਆਉਣੈ। ਬੋਲ ਪਹਿਲੇ ਬੰਦੇ ਦੇ ਸਨ।

—ਸਰਕਾਰੀ ਹਲਕਾਰਿਆਂ ਦੇ ਕਹਿਣ ਤੇ ਸਿੰਘਾਂ ਨੇ ਘੋੜਿਆਂ ਦੇ ਮੂੰਹ ਰਾਜਸਥਾਨ ਵਲ ਚੁਕ ਲਏ ਹਨ।

—ਤਾਂ ਤੇ ਫੇਰ ਤੁਹਾਡੀ ਚਾਂਦੀ ਈ ਚਾਂਦੀ ਏ। ਦੂਜਾ ਬੰਦਾ ਆਖਣ ਲਗਾ।

—ਸ਼ੇਰ ਮਾਰਨਾ ਆਸਾਨ ਏ ਤੇ ਸਿੰਘ ਫੜਨਾ ਮੁਸ਼ਕਲ। ਮੁਲ ਤੇ ਜੀਊਂਦੇ ਸਿੰਘ ਦਾ ਮਿਲਦਾ ਏ। ਜੇ ਸਿੰਘ ਮਿਲ ਜਾਏ ਤਾਂ ਫੜਨਾ ਮੁਸ਼ਕਲ। ਜੇ ਫੜ ਲਿਆ ਜਾਏ ਤੇ

ਫਿਰ ਸਾਂਭਣਾ ਇਕ ਮੁਸੀਬਤ। ਅੱਜ ਕਲ ਸਿਖ ਦਾ ਮੁੱਲ ਵਧ ਗਿਆ ਏ। 500 ਮੋਹਰਾਂ ਗਿਣ ਕੇ ਝੋਲੀ ਵਿਚ ਪਵਾ ਲਓ।

—ਜੇ ਸਿੰਘ ਨਾ ਮਿਲੇ ਤਾਂ ਫੇਰ ?

---ਤੇ ਫਿਰ ਕਿਸੇ ਪਠਾਣ ਦੀ ਅੱਧੀ ਦਾੜ੍ਹੀ ਮੁੰਨੋ ਤੇ ਸਿਰ ਵਢੋ ਤੇ ਢਾਈ ਸੌ ਮੋਹਰਾਂ ਗਿਣਵਾਓ ਤੇ ਰਾਹੇ ਪਓ। ਅੱਧੀਆਂ ਉਨ੍ਹਾਂ ਨੂੰ ਦੇ ਆਓ। ਸਵਾ ਸੌ ਵਿਚ ਪਠਾਣ ਦਾ ਸਿਰ ਪੈਂਦੈ। ਸਿਪਾਹੀ ਆਖ ਰਿਹਾ ਸੀ।

—ਬੀਕਾਨੇਰ ਦੇ ਰਾਜੇ ਨੇ ਕਸਾਈਆਂ ਦਾ ਕੰਮ ਕਦੋਂ ਤੋਂ ਸ਼ੁਰੂ ਕਰ ਲਿਆ ਏ ? ਪਹਿਲਾ ਬੰਦਾ ਬੋਲਿਆ।

—ਦਿੱਲੀ ਦਰਬਾਰ 'ਚ ਰਾਜਾ ਜੀ ਹਾਂ ਕਰ ਆਏ ਤੇ ਫਾਹੀ ਸਾਡੇ ਗਲ ਵਿਚ ਪੈ ਗਈ। ਚਾਲੀ ਬੰਦੇ ਚੱਲੇ ਸਾਂ ਘਰੋਂ ਵੀਹ ਸਿਪਾਹੀ ਸਿੰਘਾਂ ਨੇ ਝਟਕਾ ਦਿਤੇ। ਸਾਡੇ ਹੱਥੀਂ ਆਇਆ ਇਕ ਸਿੰਘ ਤੇ ਉਹ ਵੀ ਰਾਤੀਂ ਦੌੜ ਗਿਆ। ਖਾਨਾ-ਪੂਰੀ ਕਰਨੀ ਮੁਸ਼ਕਲ ਹੋ ਗਈ ਏ। ਸਿੰਘਾਂ ਨੇ ਤੇ ਸਾਡਾ ਐਸਾ ਪਾਜ ਖੋਲ੍ਹ ਦਿਤਾ ਏ ਕਿ ਸਾਥੋਂ ਤਾਂ ਹੁਣ ਕੁੱਤੇ ਵੀ ਨਹੀਂ ਡਰਦੇ। ਗਸ਼ਤੀ ਟੋਲੇ ਦਾ ਸਰਦਾਰ ਆਖ ਰਿਹਾ ਸੀ।

ਜੋਗਾ ਦੌੜ ਵੱਟੀ ਪਿਆ ਹੋਇਆ ਸੀ। ਸਿਪਾਹੀ ਨੇ ਡੰਡੇ ਦੀ ਹੁੱਝ ਮਾਰੀ ਤੇ ਆਖਿਆ—ਉਠ ਕੌਣ ਏਂ ਤੂੰ ?

—ਮੈਂ ਸਰਕਾਰ, ਮੈਂ ਤੁਹਾਡੇ ਜੋੜੇ ਝਾੜਨ ਵਾਲਾ, ਅੱਲਾ ਦੀਆਂ ਰੱਖਾਂ, ਵਡਿਆਂ ਦੀ ਕਸਮ, ਸਿਹਰਿਆਂ ਵਾਲਾ ਜੀਵੇ, ਪੁੱਤ ਦੀ ਖੈਰ ਤੇ ਅਸੀਂ ਘੋੜੀਆਂ ਗਾਉਂਦੇ ਰਹੀਏ। ਮੀਰਜ਼ਾਦਾ ਮੰਗਦਾ ਕਮਾਉਂਦਾ ਆਪਣੇ ਜਜ਼ਮਾਨਾਂ ਨਾਲ ਆ ਗਿਆ ਏ। ਕੁਝ ਵੇਲ ਹੋ ਜਾਏ ਸੋਹਣੇ ਸਰਦਾਰਾਂ ਵਲੋਂ। ਸਾਡਾ ਕੀ ਏ, ਜਿਧਰ ਮੂੰਹ ਚੁਕਿਆ ਓਧਰ ਈ ਰੋਟੀਆਂ ਦੇ ਭੰਡਾਰ ਇਕ ਤੋਂ ਇਕ ਦਾਤਾ, ਮੀਰਜ਼ਾਦੇ ਨੂੰ ਕਾਹਦੀਆਂ ਕਮੀਆਂ। ਜੀਊਂਦੀਆਂ ਰਹਿਣ ਸਰਕਾਰਾਂ। ਹਾਥੀ ਝੂਲਦੇ ਰਹਿਣ ਹਵੇਲੀਆਂ ਅਗੇ। ਜੋਗਾ ਕੰਨਾਂ ਤੇ ਹੱਥ ਧਰ ਕੇ ਆਖ ਰਿਹਾ ਸੀ।

—ਇਹ ਭੰਡ, ਇਹ ਮਰਾਸੀ, ਇਹ ਮੀਰਜ਼ਾਦੇ, ਜ਼ਮੀਨ ਵਿਚੋਂ ਖੁੰਭਾਂ ਵਾਂਗੂ ਆਪੇ ਈ ਫੁਟ ਪੈਂਦੇ ਹਨ। ਇਨ੍ਹਾਂ ਨੂੰ ਕਿਸੇ ਨੇ ਜੰਮਦਿਆਂ ਨਹੀਂ ਵੇਖਿਆ। ਇਹ ਆਪ ਘੋੜੀ ਨਹੀਂ ਚੜ੍ਹਦੇ, ਦੂਜਿਆਂ ਨੂੰ ਘੋੜੀ ਚੜ੍ਹਾਉਂਦੇ ਹਨ। ਆਖਣ ਲੱਗਾ ਗਸ਼ਤੀ ਫੌਜ ਦਾ ਸਿਪਾਹੀ।

—ਜੰਮਣਾ ਵੱਡਿਆਂ ਲੋਕਾਂ ਦਾ ਸਾਡਾ ਕੀ ਜੰਮਣਾ। ਮੀਂਹ ਪਿਆ, ਚੁਮਾਸਾ ਲੱਗਾ ਤੇ ਖੁੰਭਾਂ ਵਾਂਗੂ ਜੰਮ ਪਏ, ਧੁੱਪ ਲੱਗੀ ਤੇ ਕੁਮਲਾ ਗਏ। ਠੰਢ ਪਈ ਤੇ ਮਰ ਗਏ। ਮੌਲਾ ਦੀਆਂ ਰਹਿਮਤਾਂ, ਦੁਆ ਫਕੀਰਾਂ ਦੀ, ਅੱਲਾ ਹਜ਼ੂਰ ਸਾਡੀ ਵੀ ਹਾਜ਼ਰੀ ਲੱਗ ਜਾਏ। ਯਾ ਮੁਸ਼ਕਲ ਕੁਸ਼ਾ, ਹਜ਼ਰਤ ਅਲੀ ਨੇ ਜਦੋਂ ਆਵਾਜ਼ ਮਾਰੀ ਤਾਂ ਅਸੀਂ ਸਭ ਤੋਂ ਪਹਿਲਾਂ ਹਾਜ਼ਰ ਹੋਏ ਤਾਂ ਅਸਾਂ ਸਾਰੀਆਂ ਦੁਆਵਾਂ ਇਕਠੀਆਂ ਪੁਆ ਕੇ ਝੋਲੀਆਂ ਭਰ ਲਈਆਂ ਤੇ ਫਿਰ ਪਿੰਡ-ਪਿੰਡ ਵੰਡਦੇ ਫਿਰਦੇ ਹਾਂ ਮੁਠੀਆਂ ਭਰ-ਭਰ। ਜਜ਼ਮਾਨਾਂ ਦੇ ਇਕਬਾਲ ਬੁਲੰਦ, ਖਜ਼ਾਨੇ ਭਰੇ ਰਹਿਣ ਕਲਗੀਆਂ ਵਾਲਿਆਂ ਦੇ। ਮੀਰਜ਼ਾਦੇ ਦੀ ਵੀ ਸੁਣੀ ਜਾਏ। ਵੇਲ ਦਾਤੇ ਦੀ

ਵੇਲ। ਜੋਗਾ ਵੇਲਾਂ ਇਕਠੀਆਂ ਕਰਨ ਵਿਚ ਜੁੱਟ ਪਿਆ।

—ਗਸ਼ਤੀ ਫੌਜ ਬੋਝੇ ਖਾਲ੍ਹੀ ਕਰਵਾਕੇ ਰਾਹੇ ਪਈ। ਚੌਧਰੀ ਨੇ ਸਾਰਾ ਡਰਾਮਾ ਵੇਖਿਆ ਅੱਧੀ ਅੱਖ ਮੀਟ ਕੇ।

—ਵੇਖਿਆ ਈ ਬਾਪੂ ਕੁੱਤੇ ਕਿਦਾਂ ਮਗਰੋਂ ਲਾਹੇ ਨੇ। ਸਿੰਘਾਂ ਦਾ ਸ਼ਿਕਾਰ ਇਹ ਕਿੰਨੇ ਦਿਨ ਹੋਰ ਕਰਨਗੇ।

—ਹਰਨ ਵੀ ਕਦੇ ਕਾਬੂ ਆਏ ਨੇ ਅੰਨ੍ਹਿਆਂ ਕੁੱਤਿਆਂ ਦੇ? ਚੌਂਕੜੀਆਂ ਭਰਦੇ ਸਿੰਘ ਇਕ ਪਿੰਡੋਂ ਦੂਜੇ ਪਿੰਡ ਪੁਜ ਰਹੇ ਹਨ। ਜੋਗੇ ਦੀ ਆਵਾਜ਼ ਉਭਰੀ।

—ਮਦਾਰੀ ਦੇ ਡਬਰੂ ਦੇ ਵਾਰੇ-ਵਾਰੇ ਜਾਈਏ, ਭਈ ਉਨ੍ਹਾਂ ਦੇ ਦਿਨ ਹਨ। ਅਹਿਮਦਸ਼ਾਹ ਅਬਦਾਲੀ ਜੇ ਚੜ੍ਹ ਆਇਆ ਤਾਂ ਇਨ੍ਹਾਂ ਦੇ ਆਪੇ ਈ ਟੁਕੜੇ ਥਹਿ ਹੋ ਜਾਣਗੇ। ਅੱਤ ਰੱਬ ਦਾ ਵੈਰ। ਚਲੋ ਵਕਤ ਟਲ ਗਿਆ ਏ। ਚੌਧਰੀ ਆਖਣ ਲਗਾ।

—ਹਾਂ ਚੌਧਰੀ, ਇਨ੍ਹਾਂ ਨੇ ਸਾਡੇ ਕਈ ਪਿੰਡ ਉਜਾੜ ਛਡੇ ਨੇ। ਸਾਨੂੰ ਸਿੰਘਾਂ ਨਾਲ ਹਮਦਰਦੀ ਤਾਂ ਹੈ। ਸਾਨੂੰ ਆਖਦੇ ਹਨ ਤੁਸਾਂ ਸਿੰਘ ਲੁਕੋ ਕੇ ਰਖੇ ਹਨ। ਅਸਾਂ ਸਿੰਘਾਂ ਤੋਂ ਮੋਹਰਾਂ ਲੈਣੀਆਂ ਨੇ? ਸਿੰਘ ਤਾਂ ਵਿਚਾਰੇ ਮਿੰਨਤਾਂ ਕਰੀਏ ਤਾਂ ਵੀ ਉਹ ਕਿਸੇ ਦੇ ਘਰ ਨਹੀਂ ਰਹਿੰਦੇ। ਮਿਲਿਆ ਤੇ ਖਾ ਲਿਆ ਨਹੀਂ ਤੇ ਮਾਲਾ ਫੇਰ ਛੱਡੀ। ਸਿੰਘ ਬੜੇ ਭਲੇ ਲੋਕ ਹਨ। ਖੂਹ ਦੀ ਮਨ੍ਹ ਤੇ ਬੈਠੇ ਇਕ ਬਜ਼ੁਰਗ ਨੇ ਆਖਿਆ।

ਗਸ਼ਤੀ ਫੌਜ ਦੀ ਟੁਕੜੀ ਦੂਜਾ ਪਿੰਡ ਲੰਘ ਚੁੱਕੀ ਸੀ—ਮੈਨੂੰ ਤੇ ਇਹ ਮਦਾਰੀ ਸਿੱਖ ਜਾਪਦਾ ਏ। ਚਕਮਾ ਦੇ ਗਿਆ ਏ ਸਾਨੂੰ। ਸ਼ਕਲ ਸੂਰਤ ਵਲੋਂ ਤੇ ਸੂਫੀ ਜਾਪਦਾ ਏ, ਪਰ ਜੇ ਉਸਨੂੰ ਗੁੱਲੀ ਡੰਡਾ ਚਾੜ੍ਹਿਆ ਜਾਂਦਾ ਤਾਂ ਸਿੰਘਾਂ ਦਾ ਜ਼ਰੂਰ ਟਿਕਾਣਾ ਦਸਦਾ। ਸਿਪਾਹੀ ਗੁਲਾਮ ਮੁਹੰਮਦ ਬੋਲਿਆ।

—ਸਾਵਨ ਦੇ ਅੰਨ੍ਹੇ ਨੂੰ ਹਰ ਪਾਸੇ ਹਰਾ-ਹਰਾ ਹੀ ਲਭਦਾ ਏ। ਭਲਿਆ ਲੋਕਾਂ ਫਕੀਰ ਲੋਕਾਂ ਦੀਆਂ ਬਦਦੁਆਵਾਂ ਨਹੀਂ ਲਈ ਦੀਆਂ। ਚਲੋ ਸਿੰਘ ਅਜ ਨਹੀਂ ਮਿਲੇ ਤਾਂ ਨਾ ਸਹੀ, ਕਲ ਮਿਲ ਜਾਣਗੇ। ਚਾਰ ਮੁਸਲਮਾਨ ਈ ਅਜ ਕਤਲ ਕਰ ਦਿਓ। ਹਾਜ਼ਰੀ ਤੇ ਪਾਉਣੀ ਈ ਏ ਨਾ। ਹਾਕਮ ਦੀਆਂ ਅੱਖਾਂ ਵਿਚ ਜੇ ਧੂੜ ਨਾ ਪਾਈ ਗਈ ਤਾਂ ਉਸ ਸਾਡਾ ਘਾਣ-ਬੱਚਾ-ਘਾਣ ਕਰ ਦੇਣਾ ਏ। ਦੂਜਾ ਅਫਸਰ ਆਖਣ ਲਗਾ।

—ਫਿਰ ਮੁੜੋ ਪਿਛਲੇ ਪਿੰਡ ਤੇ ਆਪਣੀ ਕਾਰਗੁਜ਼ਾਰੀ ਕਰ ਲਓ।

ਮੁਸਲਮਾਨਾਂ ਦੇ ਦਸਾਂ ਘਰਾਂ ਵਿਚੋਂ ਪੰਜ ਬੰਦੇ ਲੱਭੇ ਤੇ ਪੰਜ ਜਿਬ੍ਹਾ ਕਰ ਦਿਤੇ। ਰੋਂਦਿਆਂ ਬੱਚਿਆਂ ਦੀਆਂ ਚੀਖਾਂ ਤੇ ਕਿਸੇ ਨੇ ਕੰਨ ਨਾ ਧਰੇ। ਰਾਜਪੂਤ ਇਸ ਤਰ੍ਹਾਂ ਉਸ਼ਕਲ ਦੇ ਕੇ ਮੁਸਲਮਾਨ ਸਿਪਾਹੀਆਂ ਤੋਂ ਸਿੰਘਾਂ ਦੇ ਦੁਸ਼ਮਨ ਮੁਕਾ ਰਹੇ ਹਨ। ਰਾਹ ਸਾਫ ਹੁੰਦਾ ਜਾ ਰਿਹਾ ਏ।

ਖੁਦਾ ਵੀ ਪਨਾਹ ਮੰਨ ਗਿਆ ਏ ਇਨ੍ਹਾਂ ਹਾਕਮਾਂ ਦੇ ਜ਼ੁਲਮ ਤੋਂ।

ਸਿੰਘ ਕੌੜੀ ਵੇਲ ਵਾਂਗੂ ਵਧ ਰਹੇ ਹਨ। ਸਿੰਘਾਂ ਨਾਲ ਦਿਲੋਂ ਕਿਸੇ ਦੀ ਦੁਸ਼ਮਨੀ ਨਹੀਂ। ਚੌਧਰੀ ਤੇ ਜੋਗੇ ਨੂੰ ਰਾਤੀਂ ਪਿੰਡ ਵਾਲਿਆਂ ਜਬਰਦਸਤੀ ਰਖ ਲਿਆ। ਪਿੰਡ

ਵਾਲਿਆਂ ਘਿਓ ਦੀਆਂ ਕਰੂਲੀਆਂ ਕਰਵਾਈਆਂ। ਸ਼ੱਕਰ-ਘਿਓ ਤੇ ਜਵਾਰੀ ਦੀ ਰੋਟੀ ਦਿਤੀ। ਦਿਨੇ ਰੋਟੀ ਬੰਨ੍ਹ ਕੇ ਤੋਰਿਆ ਮੁਸਾਫਰਾਂ ਨੂੰ।

ਜੋਗਾ ਆਖ ਰਿਹਾ ਸੀ—ਧੰਨ ਏਂ ਰਾਜਸਥਾਨ, ਮੇਰਾ ਗੁਰੂ ਕਦੇ ਤੇ ਪੁਚਾ ਦਿਊਗਾ ਈ ਨਾ ਲੱਖੀ ਜੰਗਲ।

—ਕਲ ਅਸੀਂ ਲੱਖੀ ਜੰਗਲ 'ਚ ਪ੍ਰਸ਼ਾਦ ਛਕਾਂਗੇ। ਸੁੱਖ ਮੰਗ ਗੁਰਾਂ ਤੋਂ। ਮੇਰੇ ਊਠ ਨੇ ਹੁਣ ਤਹਈਆ ਕਰ ਲਿਆ ਏ ਕਿ ਲੱਖੀ ਜੰਗਲ ਪੁੱਜ ਕੇ ਈ ਸਾਹ ਲੈਣਾ ਏ। ਲੱਖੀ ਜੰਗਲ ਹੁਣ ਨੇੜੇ ਨੇੜੇ ਹੁੰਦਾ ਜਾ ਰਿਹਾ ਏ। ਹੁਣ ਅਸੀਂ ਪੁਜੇ ਕੇ ਪੁਜੇ।

ਰੁੱਖ ਵੀ ਰਾਖੇ ਹੁੰਦੇ ਹਨ

ਅੱਧੀ ਰਾਤੀਂ ਉਠ ਬੈਠੇ ਦੋਵੇਂ ਜਣੇ, ਬੋਤਾ ਕਢਿਆ ਥਾਪਣਾ ਦਿਤੀ ਉਹਦੀ ਫੁਮਣਾ ਵਾਲੀ ਮੁਹਾਰ ਜੋਗੇ ਦੀਆਂ ਅੱਖਾਂ ਸਾਹਮਣੇ ਨੱਚ ਉਠੀ।

ਬੋਤੀ ਵਰਗੀ ਜਵਾਨ ਜਹਾਨ ਮੁਟਿਆਰ ਨੇ ਜਵਾਰੀ ਦੀਆਂ ਰੋਟੀਆਂ ਬੰਨ੍ਹ ਕੇ ਦਿੱਤੀਆਂ ਸਨ। ਕੀ ਮਜ਼ਾ ਏ, ਕਿੰਨੇ ਚੰਗੇ ਲੋਕ ਹਨ, ਡੇਲਿਆਂ ਦਾ ਅਚਾਰ ਬਿਲਕੁਲ ਕਿਸੇ ਅਲ੍ਹੜ ਹਰਨੀ ਦੇ ਡੇਲਿਆਂ ਵਰਗਾ। ਰੋਟੀ ਤੇ ਪਏ ਮੇਰੇ ਵਲ ਵੇਖ-ਵੇਖ ਘੂਰ ਰਹੇ ਸਨ। ਜੋਗਾ ਸੋਚ ਰਿਹਾ ਸੀ।

—ਕਿਹੜੀਆਂ ਵਿਚਾਰਾਂ 'ਚ ਪਿਆ ਏ ਗੁਰੂ ਦਾ ਸਿੰਘ। ਚੌਧਰੀ ਬੋਲਿਆ।

—ਕੀ ਅਸੀਂ ਅਜ ਲੱਖੀ ਜੰਗਲ ਪੁੱਜ ਜਾਵਾਂਗੇ? ਕੀ ੰਗੁਰੂ ਦਾ ਭਾਰ ਲਾਹ ਲਵਾਂਗਾ? ਮੇਰਾ ਗੁਰੂ ਮੇਰੇ ਮੋਢੇ ਤੇ ਹੱਥ ਰੱਖੇ, ਉਹੋ ਈ ਪਾਜ ਰਖਦਾ ਆਇਆ ਏ। ਲੱਖੀ ਜੰਗਲ ਅਜੇ ਕਿੰਨੀ ਕੁ ਦੂਰ ਏ? ਜੋਗਾ ਆਖਣ ਲੱਗਾ।

— ਇਹ ਤੇ ਮੈਂ ਵੀ ਨਹੀਂ ਦਸ ਸਕਦਾ ਪਰ ਇਥੋਂ ਨੇੜੇ ਈ ਜਾਪਦਾ ਏ। ਸੂਰਜ ਦੀ ਟਿੱਕੀ ਪੁੰਗਰਨ ਤੋਂ ਪਹਿਲਾਂ ਅਸੀਂ ਲੱਖੀ ਜੰਗਲ ਪੁੱਜ ਜਾਵਾਂਗੇ। ਚੌਧਰੀ ਦੀ ਆਵਾਜ਼ ਸੀ।

—ਗੁਰੂ ਤੇਰਾ ਭਲਾ ਕਰੇ, ਗੁਰੂ ਤੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ, ਗੁਰੂ ਸਭਦਾ ਰਾਖਾ ਏ। ਠਰੀ ਚਾਨਣੀ ਠੰਢੀ ਠਾਰ ਰੇਤ ਤੇ ਛੰਨ-ਛੰਨ ਕਰਦਾ ਬੋਤਾ, ਫਿਰ ਰਾਹ ਕੀ ਆਂਹਦਾ ਏ। ਪੈਂਡਾ ਮੁਕਦਿਆਂ ਕਿਹੜੀ ਦੇਰ ਲਗਦੀ ਏ। ਤਾਰਿਆਂ ਦੀ ਲੋਏ-ਲੋਏ, ਪੈਂਡੇ ਦਾ ਲੱਕ ਤੋੜ ਦਿਆਂਗੇ।

ਇਕ ਪਿੰਡ ਆਇਆ, ਦਿਲ ਚੜ੍ਹਨ ਦੀ ਆਸ ਹੋਈ। ਊਠ ਦੀ ਰਫ਼ਤਾਰ ਤੇਜ਼ ਹੋ ਗਈ। ਊਠ ਜਾਣੀ ਜਾਣ ਸੀ। ਉਸਦੇ ਪੈਰਾਂ ਵਿਚ ਫੁਰਤੀ ਕੁਦਰਤ ਨੇ ਬਖ਼ਸ਼ ਦਿਤੀ ਸੀ। ਊਠ ਜਾ ਰਿਹਾ ਸੀ ਆਪਣੀ ਮਸਤੀ ਵਿਚ। ਜੋਗਾ ਬਾਣੀ ਪੜ੍ਹ ਰਿਹਾ ਸੀ ਤੇ ਆਨੰਦ ਮਾਣ ਰਿਹਾ ਸੀ ਚੌਧਰੀ।

— ਕਿੰਨਾ ਸਰੂਰ ਏ ਬਾਣੀ ਵਿਚ, ਕਿੰਨੀ ਮਿਠਾਸ ਏ। ਇਹ ਬਾਣੀ ਤੇ ਮੇਰੀ ਸਮਝ ਵਿਚ ਪੂਰੀ ਆ ਰਹੀ ਏ। ਰੱਬ ਦਾ ਨਾਂ ਆਤਮਾ ਦੀ ਸ਼ੁੱਧੀ, ਖੁਰਾਕ ਰੂਹ ਦੀ, ਗੁਰੂਆਂ ਨੇ ਪੰਜਾਬ ਨੂੰ ਬਾਣੀ ਦੇ ਸਰੋਵਰ ਵਿਚ ਤਾਰੀਆਂ ਲਵਾ ਦਿਤੀਆਂ ਨੇ। ਇਸੇ ਲਈ ਬਲਵਾਨ ਹਨ ਸਿਰੜੀ ਹਨ, ਇਰਾਦੇ ਦੇ ਪੱਕੇ, ਏਡੀ ਵਡੀ ਹਕੂਮਤ ਨਾਲ ਟੱਕਰ ਲੈ ਰਹੇ ਹਨ। ਆਪਣੇ ਸਿਰ ਦੇ ਕੇ ਵੀ ਪਿੱਛੇ ਨਹੀਂ ਹਟੇ। ਤੁਸੀਂ ਲੈਕੇ ਰਹੋਗੇ ਆਪਣਾ ਹੱਕ। ਤੁਹਾਡੇ

ਨਾਲ ਸਾਡੀ ਵੀ ਸੁਣੀ ਜਾਊ। ਰੇਗਿਸਥਾਨ ਦੀ ਕੁਖ ਵਿਚੋਂ ਗਰਮੀ ਜਦੋਂ ਨਿਕਲ ਗਈ ਮੁਗਲਾਂ ਨੇ ਉਸਦੀ ਅੱਗ ਬੁਝਾ ਦਿਤੀ। ਅੱਗ ਈ ਤੇ ਬੰਦੇ ਦਾ ਜੀਵਨ ਏ। ਅੱਗ ਈ ਸਭ ਕੁਝ ਏ। ਸਿੱਖਾਂ ਅੰਦਰ ਅੱਗ ਈ ਤੇ ਕੰਮ ਕਰ ਰਹੀ ਏ। ਅੱਗ ਦੇ ਸਦਕੇ ਛਤਰ ਝੂਲਣਗੇ। ਹਾਥੀ ਝੂਮਣਗੇ ਘੋੜੇ ਜੋੜੇ ਨੌਕਰ ਚਾਕਰ ਹਵੇਲੀਆਂ, ਬਾਰਾਂਦਰੀਆਂ, ਇਹ ਸਭ ਕੁਝ ਸਿੱਖਾਂ ਲਈ ਹੀ ਹਨ। ਮੁਗਲਾਂ ਨੇ ਜਿੰਨਾ ਆਨੰਦ ਲੈਣਾ ਸੀ ਲੈ ਲਿਆ ਏ। ਸਦਾ ਨਾ ਬਾਗੀਂ ਬੁਲ-ਬੁਲ ਬੋਲੇ ਸਦਾ ਨਾ ਬਾਗ ਬਹਾਰਾਂ। ਧੰਨ ਗੁਰੂ ਦੇ ਸਿੰਘੋ, ਤੁਹਾਡੀ ਰਾਤੀਂ ਹੋਰ ਕੋਈ ਦੂਜਾ ਨਹੀਂ ਜੰਮਿਆ। ਚੌਧਰੀ ਆਖੀ ਜਾ ਰਿਹਾ ਸੀ ਤੇ ਊਠ ਆਪਣੀ ਮਸਤੀ 'ਚ ਚਲ ਰਿਹਾ ਸੀ।

ਦਿਨ ਚੜ੍ਹ ਪਿਆ ਸੂਰਜ ਉੱਗਿਆ ਤੇ ਦੋਵੇਂ ਜਣੇ ਮਸਤ ਸਨ ਬਾਣੀ ਵਿਚ।

—ਉਹ ਝੁੰਡ ਹਨ ਜਾਂ ਕੋਈ ਪਿੰਡ ਏ ਜਾਂ ਰੱਖ, ਬੋਲ ਜੋਗੇ ਦੇ ਸਨ।

—ਉਹ ਲੱਖੀ ਜੰਗਲ ਏ। ਦੋਵੇਂ ਜਣੇ ਲੱਖੀ ਜੰਗਲ ਤੋਂ ਉਰੇ ਈ ਉਤਰ ਪਏ।

—ਨੰਗੀ ਪੈਰੀਂ ਚਲਾਂਗੇ ਲੱਖੀ ਜੰਗਲ। ਜੋਗਾ ਆਖਣ ਲਗਾ।

—ਗੁਰੂ ਦੇ ਦੁਆਰੇ ਆਏ ਹਾਂ। ਸਤਿਕਾਰ ਨਾਲ ਚਲੀਏ।

—ਜਿਦਾਂ ਤੇਰੀ ਮਰਜ਼ੀ।

ਨੰਗੀ ਪੈਰੀ ਭੂਰੇ ਬੋਤੇ ਦੀ ਮੁਹਾਰ ਹੱਥ ਵਿਚ ਫੜਕੇ। ਜੋਗੇ ਨੇ ਮੱਥਾ ਟੇਕਿਆ ਤੇ ਆਖਣ ਲੱਗਾ—ਗੁਰੂ ਦੀ ਕਾਂਸ਼ੀ ਤੈਨੂੰ ਨਮਸਕਾਰ। ਸਿੱਖਾਂ ਦਾ ਗੁਰਧਾਮ ਲੱਖੀ ਜੰਗਲ। ਇਹੋ ਕੌਮ ਦਾ ਰਾਖਾ ਏ, ਇਹੋ ਵਾੜ ਏ ਕੌਮ ਦੀ ਇਹਦੇ ਵਿਚੋਂ ਈ ਸੂਰਮੇ ਉਠਣਗੇ ਤੇ ਆਪਣੇ ਗੁਰਧਾਮਾਂ ਦੀ ਪਵਿਤਰਤਾ ਕਾਇਮ ਰੱਖਣਗੇ।

ਨਾਥਾਂ ਦੀ ਧੂਣੀ

ਇਹ ਰੱਖ, ਜੰਗਲ, ਦਰਖਤਾਂ ਦਾ ਜ਼ਖੀਰਾ, ਰੁੱਖਾਂ ਦੀ ਛਾਉਣੀ ਬੇਰੀਆਂ, ਕਿੱਕਰਾਂ, ਮਲਿਆਂ, ਕਰੀਰ ਦੇ ਰੁਖਾਂ ਦੇ ਝੁੰਡ, ਰਾਹ ਨਾ ਖੇੜਾ, ਡੰਡੀ ਨਾ ਪਿਹਾ, ਵੱਟ ਨਾ ਬੰਨਾ, ਡਾਂਡੇ ਮੀਂਡੇ ਚਲੋ ਤੇ ਆਪਣੇ ਟਿਕਾਣੇ ਪੁੱਜ ਜਾਓ। ਇਹ ਕੰਮ ਸਿੱਖ ਈ ਕਰ ਸਕਦੇ ਹਨ। ਓਪਰਾ ਆਦਮੀ, ਪ੍ਰਦੇਸੀ ਬੰਦਾ ਜਾਂ ਸ਼ਾਹੀ ਫੌਜ ਲੱਖੀ ਜੰਗਲ ਵਿਚ ਭੁਲੇਖੇ ਨਾਲ ਵੀ ਆਣ ਵੜੇ ਜਾਂ ਜਾਣ ਬੁਝ ਕੇ ਅੰਦਰ ਆ ਫਸੇ, ਰਾਹ ਲਭ ਲਏ ਇਹ ਨਾਮੁਮਕਨ। ਇਥੇ ਤਾਂ ਸੂਰਜ ਵੀ ਸਿਖਾਂ ਦੀ ਮਰਜ਼ੀ ਤੋਂ ਬਗੈਰ ਨਹੀਂ ਚੜ੍ਹਦਾ। ਕੋਈ ਰਾਹ ਹੋਵੇ ਤੇ ਕੋਈ ਪੁੱਜ ਜਾਏ ਤੇ ਇਨ੍ਹਾਂ ਸਿੱਖਾਂ ਦੇ ਨੱਕ 'ਚ ਨਕੇਲ ਪਾ ਲਵੇ। ਇਹ ਗੱਲ ਅਨਹੋਣੀ ਏ। ਸਿੱਖ ਤੇ ਦਰਖਤਾਂ ਦੀ ਆੜ ਵਿਚ ਲੁਕੇ ਆਉਣ ਵਾਲੇ ਦਾ ਨ੍ਹਾਉਣ ਕਰ ਦਿੰਦੇ ਹਨ। ਓਪਰਾ ਬੰਦਾ ਰਾਹ ਦੀ ਭਾਲ ਕਰਦਾ ਤੇ ਸਿਖ ਧੌਣ ਲਾਹ ਕੇ ਜ਼ਮੀਨ ਤੇ ਸੁੱਟ ਦਿੰਦੇ। ਇਸੇ ਲਈ ਕੋਈ ਸ਼ਾਹੀ ਦਸਤਾ ਏਧਰ ਮੂੰਹ ਨਾ ਕਰਦਾ। ਇਹ ਕੰਡਿਆਂ ਵਾਲੇ ਰੁਖ ਈ ਸਿੰਘਾਂ ਦੀ ਰਾਖੀ ਕਰਦੇ ਹਨ। ਜਿਦ੍ਹਾ ਕੋਈ ਵਸੀਲਾ ਨਹੀਂ ਉਹਦਾ ਰਬ ਮਾਲਕ, ਜਿਦ੍ਹੀ ਹਕੂਮਤ ਦੁਸ਼ਮਨ ਉਹਦੇ ਲੋਕ ਹਮਦਰਦੀ। ਸਿੱਖ ਸਿਰਫ ਗੁਰੂ ਦੇ ਨਾਂ ਨਾਲ ਜੀਊਂਦੇ। ਸਾਰਾ ਜ਼ਮਾਨਾ ਵੈਰੀ, ਸਿਰਫ ਜੇ ਕਿਸੇ ਨੇ ਹਿੱਕ ਨਾਲ ਲਾਇਆ ਸੀ ਤਾਂ ਉਹ ਸੀ ਲੱਖੀ ਜੰਗਲ। ਆਲ੍ਹਣਾ ਸੀ ਬਹਾਦਰ ਜੋਧਿਆਂ ਦਾ, ਝੁਗੀ ਸੀ ਫਕੀਰਾਂ ਦੀ, ਸਰਾਂ ਗੁਰੂ ਦੇ ਪਿਆਰਿਆਂ ਦੀ। ਸ਼ੀਸ਼ ਮਹਿਲ ਮਿਸਲਾਂ ਦੇ ਰਾਠ ਸਰਦਾਰਾਂ ਦੇ ਭਾਵੇਂ ਰੁੱਖਾਂ ਦੀ ਛਾਨਣੀ ਕਿਉਂ ਨਾ ਹੋਵੇ। ਇਸਨੂੰ ਲੋਕ ਲੱਖੀ ਜੰਗਲ ਦੇ ਨਾਂ ਨਾਲ ਪੁਕਾਰਦੇ।

ਜੋਗਾ ਤੇ ਚੌਧਰੀ ਜਦੋਂ ਰੱਖ ਦੇ ਲਾਗੇ ਪੁੱਜੇ ਚੌਧਰੀ ਦੇ ਹੱਥ ਵਿਚ ਊਠ ਦੀ ਮੁਹਾਰ ਸੀ।

—ਇਸ ਜੰਗਲ ਦੀ ਨਾਭੀ ਵਿਚ ਪੁੱਜਣਾ ਹਾਰੀ-ਸਾਰੀ ਦਾ ਕੰਮ ਨਹੀਂ। ਇਹ ਚੱਕਰਵਿਊ ਏ ਦਰੋਨਾ ਚਾਰੀਆ ਦਾ ਰਚਾਇਆ ਹੋਇਆ। ਦਰੋਨਾ ਚਾਰੀਆ ਈ ਰਾਹ ਦਸੇ ਤੇ ਫੇਰ ਭਾਵੇਂ ਬੰਦਾ ਅਪੜੇ। ਜੇ ਕੋਈ ਅਭੀਮਨਿਊ ਹਿੱਕ ਦਾ ਜ਼ੋਰ ਮਾਰ ਕੇ ਚੱਕਰਵਿਊ ਤੋੜਨਾ ਚਾਹੇ ਉਹ ਤੋੜ ਤੇ ਲਏਗਾ, ਪਰ ਉਥੋਂ ਬਚ ਕੇ ਨਿਕਲ ਆਵੇ, ਇਹ ਨਹੀਂ ਹੋ ਸਕਦਾ। ਉਹਦੀ ਲਾਸ਼ ਭਾਵੇਂ ਸਿੱਖ ਲੱਖੀ ਜੰਗਲ ਤੋਂ ਬਾਹਰ ਰੱਖ ਆਉਣ। ਵੈਸੇ ਲਾਸ਼ ਵੀ ਕੋਈ ਨਹੀਂ ਲਿਆ ਸਕਦਾ। ਬੋਲ ਚੌਧਰੀ ਦੇ ਸਨ।

—ਅਹੁ ਵੇਖ ਬਾਪੂ ਧੂਣੀ। ਮੈਨੂੰ ਨਾਥਾਂ ਦਾ ਡੇਰਾ ਲਗਦਾ ਈ। ਜੋਗਾ ਬੋਲਿਆ।

—ਬਸ ਦਰੋਨਾ ਚਾਰੀਆ ਦਾ ਅਸਥਾਨ ਉਥੇ ਈ ਏ। ਉਹ ਚੱਕਰਵਿਊ ਦੇ ਮੁਖ

ਦਵਾਰ ਤੇ ਬੈਠਾ ਹੋਇਆ ਏ। ਓਧਰ ਨੂੰ ਚਲੋ, ਉਹੋ ਈ ਸਾਡਾ ਕਲਿਆਣ ਕਰੇਗਾ।

ਦੋਵਾਂ ਜਣਿਆਂ ਨੇ ਓਧਰ ਮੂੰਹ ਚੁੱਕ ਲਏ। ਚੌਧਰੀ ਦੀ ਆਵਾਜ਼ ਗੂੰਜੀ—ਅਲਖ ਨਰੰਜਨ, ਜੈ ਗੁਰੂ ਗੋਰਖ ਨਾਥ।

—ਅਲਖ ਨਰੰਜਨ। ਆਓ ਭਗਤ ਜਨ ਕਿਧਰੋਂ ਰਸਤਾ ਭੁੱਲ ਗਏ ਓ ? ਧੂਣੀ ਤੇ ਬੈਠੇ ਨਾਥ ਨੇ ਆਖਿਆ।

—ਰਾਹ ਭੁੱਲੇ ਨਹੀਂ ਜਾਣ ਬੁਝ ਕੇ ਏਧਰ ਆਏ ਹਾਂ। ਮੱਕੜੀ ਦੇ ਜਾਲ ਵਿਚ ਜਿਹੜਾ ਬੰਦਾ ਫਸਣਾ ਜਾਣਦਾ ਏ, ਉਸੇ ਨੂੰ ਜੀਵਨ ਦਾ ਰਾਜ਼ ਲਭਦਾ ਏ। ਸਾਨੂੰ ਕੰਮ ਏ, ਸਿੰਘਾਂ ਦੇ ਜੱਥੇ ਨਾਲ। ਚੌਧਰੀ ਬੋਲਿਆ।

—ਧੰਨ ਭਾਗ, ਅਸੀਂ ਤੁਹਾਡੀ ਕੀ ਖਿਦਮਤ ਕਰ ਸਕਦੇ ਹਾਂ ?

—ਲੱਖੀ ਜੰਗਲ ਇਹੋ ਈ ਏ ਨਾ, ਕਿਤੇ ਅਸੀਂ ਗ਼ਲਤ ਜਗ੍ਹਾ ਤੇ ਤਾਂ ਨਹੀਂ ਨਾ ਆ ਗਏ।

—ਤੁਸਾਂ ਨਿਸ਼ਾਨਾ ਠੀਕ ਫੁੰਡਿਆ ਏ। ਠੀਕ ਜਗ੍ਹਾ ਤੇ ਪੁੱਜੇ ਓ। ਜਥੇ ਵਿਚ ਸ਼ਾਮਲ ਹੋਣ ਦਾ ਖਿਆਲ ਏ ?

—ਅਜੇ ਤੇ ਇਹ ਵਿਚਾਰ ਨਹੀਂ, ਪਰ ਵਕਤ ਆਉਣ ਤੇ ਜ਼ਰੂਰ ਸ਼ਾਮਲ ਹੋ ਜਾਵਾਂਗੇ। ਅਜੇ ਤੇ ਕੁਝ ਅਰਜ ਕਰਨ ਆਏ ਹਾਂ। ਗੁਰੂ ਦਾ ਭਾਰ ਏ, ਉਤਰ ਜਾਏ ਤਾਂ ਸਾਡਾ ਵੀ ਜੀਵਨ ਸਵਰਨ ਬਣ ਜਾਏ। ਕੰਚਨ ਕਾਇਆ ਚੰਦਨ ਬਨਾਉਣ ਆਇਆ ਹਾਂ ਬਾਬਾ। ਜੋਗਾ ਆਖਣ ਲੱਗਾ।

—ਕਿਥੋਂ ਚੱਲੇ ਹਨ ਭਗਤ ? ਨਾਥ ਦੇ ਬੋਲ ਸਨ।

—ਸ੍ਰੀ ਅੰਮ੍ਰਿਤਸਰ ਤੋਂ। ਲੁਕਦੇ ਛੁਪਦੇ ਡਰਦੇ-ਡਰਾਉਂਦੇ, ਸਹਿਮੇ ਡਰੇ ਚੋਰਾਂ ਵਾਂਗੂ ਗੁਰੂ ਦੀ ਕ੍ਰਿਪਾ ਨਾਲ ਮੰਜ਼ਿਲ ਤੇ ਪੁੱਜੇ ਹਾਂ। ਹੁਣ ਜੇ. ਦਰਸ਼ਨ ਹੋ ਜਾਣ ਸਿੰਘ ਜੱਥੇ ਦੇ ਤੇ ਨਿਹਾਲ ਹੋ ਜਾਈਏ। ਲੱਤਾਂ ਜੁਆਬ ਦੇ ਗਈਆਂ ਹਨ, ਪੈਰਾਂ ਵਿਚ ਛਾਲੇ ਹਨ। ਥਕਾਵਟ ਨੇ ਸਰੀਰ ਤੋੜ ਸੁੱਟਿਆ ਏ। ਏਨੀਆਂ ਖੱਲੀਆਂ ਪੈ ਗਈਆਂ ਹਨ, ਛੱਲੀਆਂ ਬਣ ਗਈਆਂ ਹਨ ਪੱਟਾਂ ਵਿਚ। ਹੁਣ ਟਿਕਾਣੇ ਪੁੱਜੇ ਹਾਂ, ਜਰਾ ਕੁ ਸਾਹ ਸੌਖਾ ਨਿਕਲੇ, ਚਲੋ ਗੁਰੂ ਕਦੇ ਇਹ ਆਸ ਵੀ ਪੂਰੀ ਕਰੂ। ਜੋਗਾ ਅਰਜ ਕਰ ਰਿਹਾ ਸੀ।

—ਨਾਥ ਤੁਹਾਡੀ ਮਨੋ ਕਾਮਨਾ ਪੂਰੀ ਕਰਨਗੇ।

—ਜੈ ਗੁਰੂ ਗੋਰਖ ਨਾਥ। ਅਵਾਜ਼ ਜੋਗੇ ਦੀ ਸੀ।

—ਬੈਠ ਜਾਓ, ਗੋਡਾ ਨਿਵਾਓ, ਜ਼ਰਾ ਕੁ ਸਾਹ ਕਢੋ, ਜਲ-ਪਾਣ ਕਰੋ, ਫਿਰ ਤੁਹਾਡੀ ਤ੍ਰਿਸ਼ਨਾ ਪੂਰੀ ਕੀਤੀ ਜਾਏਗੀ। ਨਾਥ ਨੇ ਆਖਿਆ।

—ਸਿੰਘਾਂ ਦਾ ਤੇ ਜ਼ਮਾਨਾ ਵੈਰੀ ਏ ਤੁਹਾਡੀ ਹਮਦਰਦੀ ਸਿੰਘਾਂ ਨਾਲ ਏ ਕਿ ਹਕੂਮਤ ਨਾਲ ?

—ਕੋੜ੍ਹ ਪਵੇ, ਕੁਲ ਨਾਸ ਹੋਵੇ ਜਿਹੜਾ ਹਕੂਮਤ ਦਾ ਹੁੰਗਾਰਾ ਵੀ ਭਰੇ। ਅਸੀਂ ਤੇ ਦੁਖੀ ਹਾਂ, ਫਰਿਆਦੀ ਹਾਂ, ਗੁਰੂ ਦਾ ਨਾਂ ਲੈ ਕੇ ਜੀਉਣ ਵਾਲੇ ਸਿੱਖ ਹਾਂ। ਨਾਥ ਜੀ ਸਾਡੀ ਨੀਅਤ ਤੇ ਸ਼ੱਕ ਨਾ ਕਰੋ। ਗੁਰੂ ਦੇ ਉਪਾਸ਼ਕ ਤੇ ਦੂਰੋਂ ਈ ਪਛਾਣੇ ਜਾਂਦੇ ਹਨ। ਜੋਗੇ ਦੀ ਆਵਾਜ਼ ਵਿਚ ਨਿਮਰਤਾ ਸੀ।

—ਕੀ ਕੰਮ ਏ ?

—ਸਾਡਾ ਆਪਣਾ ਕੋਈ ਕੰਮ ਨਹੀਂ। ਅਸੀਂ ਗੁਰੂ ਘਰ ਦੇ ਕੰਮ ਆਏ ਹਾਂ, ਪਰ ਅਸਾਂ ਦਸਣਾ ਸਿਰਫ ਸਿੰਘਾਂ ਦੇ ਜਥੇਦਾਰ ਨੂੰ ਈ ਏ।

—ਜੇ ਕੋਈ ਹੋਰ ਪੁਛੇ ਤਾਂ ਫੇਰ ?

—ਬਿਲਕੁਲ ਚਿੱਟਾ ਤੇ ਕੋਰਾ ਜੁਆਬ। ਸਿਰ ਕਟਵਾਵਾਂਗੇ ਪਰ ਮੂੰਹ ਤੋਂ ਇਕ ਸ਼ਬਦ ਨਾ ਨਿਕਲੇਗਾ।

—ਫਿਰ ਅਸੀਂ ਤੁਹਾਡੀ ਮਦਦ ਨਹੀਂ ਕਰ ਸਕਦੇ। ਨਾਥ ਜ਼ਰਾ ਤੁਰਸ਼ੀ ਵਿਚ ਬੋਲੇ।

—ਚਲੋ ਸਾਡੀ ਗੁਰੂ ਆਪ ਬਾਂਹ ਫੜੂ। ਜਿਹੜਾ ਪ੍ਰਹਿਲਾਦ ਨੂੰ ਤੱਤੇ ਥੰਮ੍ਹ ਤੋਂ ਬਚਾ ਸਕਦਾ ਏ, ਜਿਹੜਾ ਧਰੂ ਨੂੰ ਹਿੱਕ ਨਾਲ ਲਾ ਸਕਦੈ, ਸਾਡੀ ਵੀ ਸਾਰ ਲਊ, ਪੱਥਰ ਦੀ ਲੀਕ ਮਿਟ ਸਕਦੀ ਏ, ਪਰ ਸਾਡਾ ਵਿਸ਼ਵਾਸ ਨਹੀਂ ਡੋਲ ਸਕਦਾ।

—ਭਗਤ ਜਨ ਅਸੀਂ ਤੁਹਾਡੀ ਸਹਾਇਤਾ ਨਹੀਂ ਕਰ ਸਕਦੇ, ਇਸ ਲਈ ਅਸੀਂ ਸ਼ਰਮਿੰਦੇ ਹਾਂ। ਸਿੰਘਾਂ ਦੀ ਛੌਣੀ 'ਚ ਕੌਣ ਜਾਏ, ਕੌਣ ਸੁੱਤੇ ਸ਼ੇਰ ਨੂੰ ਜਗਾਏ, ਸੱਪ ਦੀ ਰੁੱਡ ਵਿਚ ਕੌਣ ਹੱਥ ਪਾਟੇ। ਕੌਣ ਏ ਜਿਹੜਾ ਆਪਣੀ ਮੌਤ ਨੂੰ ਆਪ ਅਵਾਜ਼ਾਂ ਮਾਰੇ। ਨਾਥ ਦੇ ਬੋਲ ਸਨ।

—ਗੁਰੂ ਮਾਲਕ।

—ਚੰਗਾ ਨਾਥ ਜੀ, ਅਲਖ ਨਰੰਜਨ। ਜੈ ਗੁਰੂ ਗੋਰਖ ਨਾਥ। ਜੋਗੀ ਚਲਦੇ ਭਲੇ। ਜੰਗਲੀਂ ਗਏ ਨਾ ਬਹੁੜਦੇ ਸੁੰਦਰਾਂ ਪੂਰਨ ਜਹੇ ਫਕੀਰ। ਤੁਹਾਡੇ ਧੂਣੇ ਦੀ ਚੁਟਕੀ ਸਾਡੇ ਰਾਹ ਸੁਖਾਵੇਂ ਕਰੂ। ਦੋਵੇਂ ਜਣੇ ਉਠ ਬੈਠੇ।

—ਚਲਨ ਲਗੇ ਤਾਂ ਨਾਥ ਨੇ ਬਾਂਹ ਫੜ ਲਈ. ਆਖਣ ਲੱਗਾ—ਬੈਠ ਜਾਉ ਗੁਰੂ ਦੇ ਪਿਆਰਿਓ, ਗੁਰੂ ਦੀ ਨਗਰੀ ਤੋਂ ਖਾਲੀ ਨਹੀਂ ਜਾਈਦਾ। ਪ੍ਰਸ਼ਾਦ ਤੇ ਲੈ ਲਓ। ਗੁਰੂ ਦਾ ਘਰ ਸਭ ਲਈ ਖੁਲ੍ਹਾ ਏ। ਤੁਸੀਂ ਨਰਾਜ਼ ਨਾ ਹੋਵੋ ਅਸੀਂ ਤੁਹਾਡਾ ਮੇਲ ਕਰਾਵਾਂਗੇ। ਜੈ ਗੁਰੂ, ਅਲਖ ਨਰੰਜਨ। ਨਾਥ ਨੇ ਧੂਣੀ ਦੇ ਮੁੱਢ ਬਿਠਾ ਲਏ ਫਿਰ ਦੋਵੇਂ ਜਣੇ।

—ਤੁਸੀਂ ਖਾਲਸੇ ਦੇ ਮਹਿਮਾਨ ਓ। ਗੁੱਸਾ ਥੁਕਦੇ ਬਚੜੇ। ਗਰਮੀ ਖਾਣ ਦਾ ਅਜੇ ਵਕਤ ਨਹੀਂ। ਦੜ ਵਟ ਜ਼ਮਾਨਾ ਕਟ ਭਲੇ ਦਿਨ ਆਉਣਗੇ।

ਮਰਦ ਰੋਂਦੇ ਨਹੀਂ

ਨਾਥ ਨੇ ਉਂਗਲੀ ਲਾ ਲਿਆ ਜੋਗਾ ਤੇ ਚੌਧਰੀ ਉਸਦੇ ਮਗਰ ਸੀ। ਊਠ ਦੀ ਮੁਹਾਰ ਫੜੀ ਚਲ ਰਿਹਾ ਸੀ।

—ਭਗਤਾ ਊਠ ਨੇ ਡੇਰੇ ਤਕ ਨਹੀਂ ਪੁੱਜਣਾ।

—ਚਲੋ ਜਿਥੋਂ ਤਕ ਜਾ ਸਕੇ ਉਥੋਂ ਤਕ ਲੈ ਜਾਂਦੇ ਹਾਂ ਫੇਰ ਬੰਨ੍ਹ ਦਿਆਂਗੇ ਕਿਸੇ ਰੁਖ ਨਾਲ। ਊਠ ਮੈਦਾਨ ਵਿਚ ਬੰਨ੍ਹ ਕੇ ਜਾਣਾ ਮੌਤ ਨੂੰ ਆਪ ਆਵਾਜ਼ ਦੇਣ ਬਰਾਬਰ ਏ। ਤੁਸੀਂ ਊਠ ਏਥੇ ਈ ਰਹਿਣ ਦਿਓ।

—ਪਰ ਮੇਰਾ ਮਨ ਨਹੀਂ ਮੰਨਦਾ। ਮੈਂ ਤੇ ਇਸਨੂੰ ਦਰਖਤਾਂ ਦੇ ਝੁੰਡ ਵਿਚ ਈ ਬੰਨ੍ਹਾਂਗਾ। ਚੌਧਰੀ ਦੇ ਬੋਲ ਸਨ।

ਦੂਰੋਂ ਘੋੜੇ ਹਿਨਕਣ ਦੀ ਆਵਾਜ਼ ਆਈ।

—ਘੋੜਾ ?

—ਬਸ ਏਥੇ ਈ ਸਿੰਘ ਹੋਣਗੇ। ਬਖਤਾਵਰ ਦਾ ਘਰ ਡਿਉਢੀ ਤੋਂ ਹੀ ਪਤਾ ਲਗ ਜਾਂਦਾ ਏ। ਚੌਧਰੀ ਆਖਣ ਲੱਗਾ।

—ਬਸ ਸਾਨੂੰ ਹੁਣ ਕੋਈ ਖਤਰਾ ਨਹੀਂ। ਊਠ ਕੀ ਹੁਣ ਸਾਡੀ ਜਾਨ ਵੀ ਹਾਜ਼ਰ ਏ। ਸਿੰਘ ਇਥੇ ਈ ਹਨ। ਬਸ ਅਸੀਂ ਗੁਰੂ ਦੀ ਸਰਾਂ ਵਿਚ ਪੁੱਜ ਗਏ ਹਾਂ, ਹੁਣ ਸਾਨੂੰ ਕੋਈ ਡਰ ਨਹੀਂ, ਭੈਅ ਨਹੀਂ ਹੁਣ ਅਸੀਂ ਕਿਸੇ ਤੋਂ ਨਹੀਂ ਡਰਦੇ। ਲਓ ਨਾਥ ਜੀ ਊਠ। ਜੋਗੇ ਨੇ ਨਾਥ ਦੇ ਪੈਰ ਛੂਹ ਲਏ।

—ਤਸੱਲੀ ਹੋ ਗਈ ਏ ? ਨਾਥ ਬੋਲਿਆ।

—ਤਸੱਲੀ ਤੇ ਪਹਿਲਾਂ ਈ ਹੋ ਗਈ ਸੀ ਪਰ ਪਰਦੇਸੀ ਹਾਂ, ਫੂਕ-ਫੂਕ ਕੇ ਪੈਰ ਧਰਨੇ ਚਾਹੀਦੇ ਹਨ। ਡੱਤੇ ਦੁੱਧ ਦਾ ਡਰਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਏ। ਜੋਗਾ ਆਖ ਰਿਹਾ ਸੀ।

—ਅਸੀਂ ਤੇਰੀ ਨਾੜ ਨਾੜ ਪਰਖ ਲਈ ਏ। ਤੇਰਾ ਇਮਤਿਹਾਨ ਲੈ ਚੁੱਕੇ ਸਾਂ ਤਾਂ ਹੀ ਤੈਨੂੰ ਉਂਗਲੀ ਲਾਇਆ ਏ। ਇਥੇ ਹਰ ਬੰਦੇ ਦੀ ਪ੍ਰੀਖਿਆ ਲਈ ਜਾਂਦੀ ਏ, ਤਾਂ ਉਸਨੂੰ ਅੱਗੇ ਪੈਰ ਪੁਟਣ ਦਿੱਤੇ ਜਾਂਦੇ ਹਨ। ਅਸੀਂ ਵੀ ਜੱਥੇ ਦੇ ਸਿੰਘ ਹਾਂ ਰੂਪ ਬਦਲ ਕੇ ਬੈਠੇ ਹੋਏ। ਸਾਡਾ ਕੰਮ ਏ ਜਸੂਸੀ ਕਰਨੀ। ਅਸੀਂ ਬਿਧੀ ਚੰਦੀਏ ਹਾਂ, ਅਸੀਂ ਕਦੇ ਸੂਫੀ, ਕਦੇ ਖੋਜੀ, ਕਦੇ ਘਾਹੀ ਤੇ ਕਦੀ ਨਾਥ, ਸਾਡਾ ਕਸਵੱਟੀ ਤੇ ਕਸ ਲਾ ਕੇ ਪਰਖਿਆ ਸੋਨਾ ਪਿੱਤਲ ਨਹੀਂ ਹੋ ਸਕਦਾ। ਨਾਥ ਬੋਲਿਆ।

ਧੰਨ ਗੁਰੂ ਤੇ ਧੰਨ ਉਹਦੇ ਸਿੰਘ, ਦਸਮੇਸ਼ ਪਿਤਾ ਨੇ ਖਾਲਸਾ ਸਾਜਕੇ ਕੁੰਦਨ ਬਣਾ ਦਿਤਾ ਖਾਲਸੇ ਨੂੰ। ਉਹਦਾ ਝੂਠ, ਉਹ ਗਰਵ, ਉਹਦਾ ਹੰਕਾਰ ਉਹਦੀ ਹਉਮੈਂ, ਉਹਦਾ ਤਕਬਰ, ਉਹਦਾ ਸਭ ਕੁਝ ਭੱਠੀ ਵਿਚ ਭਸਮ ਕਰ ਦਿਤਾ। ਸਿੰਘ ਕੰਵਲ ਫੁਲ ਦੀ ਨਿਆਈਂ ਏ। ਤਲਾਅ ਵਿਚ ਰਹਿੰਦਿਆਂ ਹੋਇਆਂ ਵੀ ਤਲਾਅ ਵਿਚ ਨਿਆਰਾ ਨਿਆਰਾ ਏ। ਪਾਸੇ ਦੇ ਸੋਨੇ ਵਿਚ ਕੋਈ ਕਿੰਨੀ ਕੁ ਖੋਟ ਪਾ ਸਕਦਾ ਏ। ਨਾਥ ਜੀ ਤੁਸਾਂ ਸਾਡਾ ਜੀਵਨ ਸਫਲ ਬਣਾ ਦਿਤਾ ਏ। ਗੁਰੂ ਦੀਆਂ ਮਿਹਰਾਂ, ਗੁਰੂ ਦੀਆਂ ਬਰਕਤਾਂ, ਗੁਰੂ ਦੀਆਂ ਅਸੀਸਾਂ, ਗੁਰੂ ਦੀਆਂ ਬਖ਼ਸ਼ਸ਼ਾਂ ਤੁਸੀਂ ਸਾਰੀਆਂ ਆਪਣੀ ਝੋਲੀ ਵਿਚ ਪਵਾ ਲਈਆਂ ਨੇ ਤੇ ਸਾਨੂੰ ਪ੍ਰਸ਼ਾਦ ਦੇ ਕੇ ਨਿਹਾਲ ਕਰ ਦਿਤਾ ਏ। ਜੋਗਾ ਆਖੀ ਜਾ ਰਿਹਾ ਸੀ।

—ਗੁਰੂ ਤੇਰੀ ਯਾਤਰਾ ਸਫਲ ਕਰੇ। ਨਾਥ ਨੇ ਅਸ਼ੀਰਵਾਦ ਦਿਤੀ।

—ਚੱਲੇ ਜਿਨਕੇ ਰਤੜੇ, ਕੰਤ ਤਿਨਹਾਂ ਕੇ ਪਾਸ। ਆਵਾਜ਼ ਜੋਗੇ ਦੀ ਸੀ।

—ਗੁਰੂ ਦੇ ਸਿੰਘਾਂ ਦਾ ਨਿਸ਼ਾਨਾ ਸਿਰਫ਼ ਘੋੜੇ ਹਨ।

—ਘੋੜੇ ਨੇ ਮੁਸਲਮਾਨਾ ਪਾਸ ਵੀ ਹਨ।

—ਉਨ੍ਹਾਂ ਦੇ ਘੋੜਿਆਂ ਵਿਚ ਤੇ ਸਾਡੇ ਘੋੜਿਆਂ ਵਿਚ ਫਰਕ ਏ ਉਨ੍ਹਾਂ ਵਿਚ ਅਰਬੀ ਨਸਲ ਦੇ ਘੋੜੇ ਬੇਸ਼ੁਮਾਰ ਹਨ ਤੇ ਸਾਡੇ ਘੋੜਿਆਂ ਵਿਚ ਦੇਸੀ ਨਸਲ ਆਮ ਏ। ਇਸ ਲਈ ਪਛਾਣ ਕਰਨੀ ਸਾਡੇ ਲਈ ਕੋਈ ਮੁਸ਼ਕਲ ਨਹੀਂ, ਅਸੀਂ ਘਾਹੀ ਵੀ ਹਾਂ ਤੇ ਖੋਜੀ ਵੀ। ਸਾਨੂੰ ਘੋੜੇ ਨਸਾਉਣੇ ਵੀ ਆਉਂਦੇ ਹਨ। ਅਵਾਜ਼ ਜੋਗੇ ਦੀ ਸੀ।

ਨਾਥ ਬੋਲਿਆ—ਤੂੰ ਵੀ ਕਿਤੇ ਬਿਧੀ ਚੰਦੀਆ ਤੇ ਨਹੀਂ ?

—ਬਿਧੀ ਚੰਦੀਆ ਹੀ ਹਾਂ। ਤਾਹੀਓਂ ਤਾਂ ਆਪਸ 'ਚ ਕਰੂਲਾ ਰਲ ਗਿਆ ਏ।

ਝਾੜੀਆਂ, ਮਲ੍ਹੇ, ਫਲਾਹ, ਲੰਮੇ-ਲੰਮੇ ਘਾਹ, ਵੇਲਾਂ ਨਾਲ ਢੱਕੇ ਰਾਹ ਵੇਖ ਕੇ ਜੋਗਾ ਹੈਰਾਨ ਰਹਿ ਗਿਆ। ਨਾਥ ਨੇ ਹੱਥ ਨਾਲ ਵੇਲ ਪਰ੍ਹੇ ਕੀਤੀ ਤੇ ਵਿਚੋਂ ਰਾਹ ਨਿਕਲ ਪਿਆ।

—ਇਹ ਸਿੱਧੀ ਡੰਡੀ ਡੇਰੇ ਨੂੰ ਜਾਂਦੀ ਏ, ਭਾਵੇਂ ਵਲ ਵੀਹ ਪਾਵੇ, ਜਦ ਤਕ ਡੇਰਾ ਨਹੀਂ ਆਉਂਦਾ ਇਸ ਡੰਡੀ ਨੇ ਸਾਡਾ ਸਾਥ ਨਹੀਂ ਛਡਣਾ। ਇਹ ਵੇਲਾਂ ਦੀ ਵਾੜ ਏ ਲੱਖੀ ਜੰਗਲ ਦੀ। ਸਿੰਘਾਂ ਨੇ ਰਾਹ ਵਿਚ ਕਈ ਭੁਆਂਟਣੀਆਂ ਦਿਤੀਆਂ ਹੋਈਆਂ ਨੇ। ਕਈ ਭੂਲ ਭਲੀਆ ਹਨ। ਅਨਾੜੀ ਡੰਡੀ ਭੁੱਲਿਆ ਤੇ ਧੜੈਂ ਟੋਏ ਵਿਚ ਜਾਂ ਕੰਡਿਆਂ ਦੀਆਂ ਝਾੜੀਆਂ ਵਿਚ। ਜਿਦਾਂ ਬਿੱਲਾ ਫਸਿਆ ਹੋਵੇ ਛਾਪਿਆਂ ਵਿਚ, ਜਿਥੇ ਵੜਿਆ ਮੁੜ ਕੇ ਨਾ ਨਿਕਲੇ। ਇਹ ਖਾਲਸੇ ਦਾ ਚੱਕਰਵਿਊ ਏ, ਇਹ ਸਿੰਘਾ ਦਾ ਗੜ੍ਹ ਏ, ਇਸਨੂੰ ਤੋਪਾਂ ਸਰ ਨਹੀਂ ਕਰ ਸਕਦੀਆਂ, ਇਸਨੂੰ ਗੋਲੇ ਫੂਕ ਨਹੀਂ ਸਕਦੇ। ਨਾਥ ਦੀ ਅਵਾਜ਼ ਸੀ।

—ਸਿੰਘਾਂ ਨੂੰ ਹੋਰ ਕੌਣ ਸੰਭਾਲੇ ਲੱਖੀ ਜੰਗਲ ਤੋਂ ਬਗੈਰ।

—ਤੂੰ ਠੀਕ ਆਖਿਆ ਏ।

ਕਿਸੇ ਦੀ ਆਵਾਜ਼ ਆਈ ਸੁਰਈਏ ਪੜ੍ਹਨ ਦੀ ਪਰ ਨਜ਼ਰ ਤੋਂ ਉਹਲੇ ਸੀ, ਝਾੜੀਆਂ ਹਿੱਲ ਰਹੀਆਂ ਸਨ। ਅਵਾਜ਼ ਵਿਚ ਜੋਸ਼ ਵੀ ਸੀ। ਤੇ ਜਲਾਲ ਸੀ।

ਬਾਜਤ ਡੰਕ ਅਤੰਕ ਸਮੈਂ
ਰਣ ਰੰਗ ਤੁਰੰਗ ਨਚਾਵਹਗੇ
ਕਸਿ ਬਾਨ ਕਮਾਨ ਗਦਾ ਬਰਛੀ

ਕਹਿ ਸੂਲ ਤ੍ਰਿਸੂਲ ਭ੍ਰਮਾਵਹਿਗੇ
ਗਣ ਦੇਵ ਅਦੇਵ ਪਿਸਾਚ ਪਰੀ
ਰਣ ਦੇਖ ਸਬੈ ਰਹਸਾਵਹਿਗੇ
ਭਲ ਭਾਗ ਭਯਾ ਇਹ ਸੰਭਲਕੇ
ਹਰਿ ਜੂ ਹਰਿਮੰਦਰ ਆਵਹਿਗੇ

ਬਸ ਸਿੰਘ-ਸਿੰਘ ਮੈਂ ਗੁਰੂ ਧਾਮ ਪੁੱਜ ਗਿਆ। ਗੁਰੂ ਰਾਮ ਦਾਸ ਨੇ ਮੇਰਾ ਬੇੜਾ ਬੰਨੇ ਲਾ ਦਿੱਤਾ। ਧੰਨ ਤੂੰ ਧੰਨ ਤੂੰ। ਜੋਗਾ ਖੁਸ਼ੀ ਵਿਚ ਬਾਵਰਾ ਹੁੰਦਾ ਜਾ ਰਿਹਾ ਸੀ। ਚੌਧਰੀ ਸਾਡੀ ਉਮੀਦ ਬਰ ਆਏਗੀ।

—ਝੋਨੇ ਦੇ ਬਹਾਨੇ ਡੀਲੇ ਨੂੰ ਵੀ ਪਾਣੀ ਮਿਲ ਗਿਆ। ਚੌਧਰੀ ਦੀ ਆਵਾਜ਼ ਗੂੰਜੀ।

—ਲੱਕੜ ਨਾਲ ਲੋਹਾ ਵੀ ਤਰ ਗਿਆ। ਜੋਗਾ ਆਖਣ ਲਗਾ।

ਦੋਹਾ ਪੜ੍ਹਿਆ ਸਿੰਘ ਨੇ, ਜਿਦ੍ਹੇ ਬੋਲ ਸਨ

ਕੋਈ ਕਿਸੀ ਕੋ ਰਾਜ ਨਾ ਦੇਹ ਹੈ
ਜੋ ਲੇ ਹੈ ਨਿਜ ਬਲ ਸੇ ਲੇ ਹੈ

ਪਿਛਲੀ ਤੁਕ ਦੋ ਵਾਰੀ ਪੜ੍ਹੀ ਸੀਸ ਨਿਵਾਇਆ ਅਕਾਲ ਪੁਰਖ ਨੂੰ ਨਮਸਕਾਰ ਕੀਤੀ। ਉਠ ਕੇ ਅਰਦਾਸ ਬੰਧਨਾ ਕਰਨ ਪਿਛੋਂ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ। ਉਸ ਜੈਕਾਰੇ ਨਾਲ ਜੋਗੇ ਨੇ ਵੀ ਆਪਣੀ ਆਵਾਜ਼ ਮਿਲਾ ਦਿਤੀ। ਚੌਧਰੀ ਨੇ ਵੀ ਆਪਣੀ ਆਵਾਜ਼ ਮੇਲਣ ਦੀ ਕੋਸ਼ਿਸ਼ ਕੀਤੀ। ਸਾਰਾ ਜੰਗਲ ਗੂੰਜ ਉਠਿਆ। ਨਾਥ ਦੇ ਸਾਥ ਦਾ ਏਨਾਂ ਪ੍ਰਤਾਪ ਸੀ।

ਸਿੰਘ ਨੇ ਨੇਤਰ ਖੋਲ੍ਹੇ। ਲਾਲੀ ਭਰੇ ਦੀਵਾਨੇ, ਮਸਤਾਨੇ ਨੇਤਰ ਨੇਤਰਾਂ ਦੀ ਜੋਤ ਵਿਚ ਸੂਰਜ ਦੀ ਜੋਤ ਜਗਦੀ ਸੀ। ਰੁਖ ਦੀ ਟਾਹਣ ਪਰ੍ਹੇ ਕੀਤੀ ਤਾਂ ਸਿੰਘ ਜੀ ਨਜ਼ਰ ਆਏ।

—ਪ੍ਰੇਮੀਓ, ਤੁਸੀ ਕੌਣ ਓ ਕਿਥੋਂ ਆਏ ਓ, ਤੁਹਾਡੀ ਕੀ ਸੇਵਾ ਕੀਤੀ ਜਾਏ। ਬੋਲ ਸਿੰਘ ਸਾਹਿਬ ਦੇ ਸਨ।

ਨਾਥ ਬੋਲ ਪਿਆ ਵਿਚੇ—ਇਕ ਪੁਰਸ਼ ਰਾਜਸਥਾਨ ਦਾ ਏ ਤੇ ਦੂਜਾ ਪ੍ਰੇਮੀ ਸ੍ਰੀ ਅੰਮ੍ਰਿਤਸਰ ਤੋਂ ਆਇਆ ਏ। ਮੈਂ ਕੰਮ ਪੁੱਛਿਆ ਸੀ, ਇਨ੍ਹਾਂ ਦਸਣੋਂ ਨਾਂਹ ਕਰ ਦਿਤੀ ਮੈਂ ਸਤ ਬਚਨ ਕਹਿ ਕੇ ਸਿਰ ਨਿਵਾ ਦਿਤਾ। ਇਨ੍ਹਾਂ ਆਖਿਆ ਅਸਾਂ ਜਥੇਦਾਰ ਨੂੰ ਮਿਲਣਾ ਏ। ਮੈਂ ਨਾਲ ਲੈ ਆਇਆਂ ਹਾਂ, ਅਗੇ ਤੁਸੀਂ ਜਾਣੋ ਤੇ ਤੁਹਾਡਾ ਕੰਮ।

ਜੋਗੇ ਦੀ ਆਵਾਜ਼ ਸੰਘ ਵਿਚ ਗੜ੍ਹਕੀ। ਖੁਸ਼ੀ ਵਿਚ ਇੰਨਾ ਬਾਵਰਾ ਹੋ ਗਿਆ ਕਿ ਗੱਲ ਈ ਨਾ ਕਰ ਸਕਿਆ। ਅੱਖਾਂ ਵਿਚ ਅਥਰੂ ਆ ਗਏ, ਛੋਲਿਆਂ ਦੇ ਦਾਣੇ ਜਿਡੇ-ਜਿਡੇ। ਇਹ ਅਥਰੂ ਖੁਸ਼ੀ ਦੇ ਸਨ ਤੇ ਦੁੱਖ ਦੇ ਵੀ।

—ਨਾਥ ਜੀ ਤੁਸਾਂ ਪਰਖ ਲਿਆ ਏ ? ਇਹ ਵੈਰੀ ਹਨ ਜਾਂ ਮੀਤ ?

—ਜੋਗਾ ਤੇ ਬਿਧੀ ਚੰਦੀਆ ਏ, ਮੈਂ ਇਹਦੀ ਸਾਰੀ ਜਨਮ ਪਤਰੀ ਫੋਲ ਲਈ ਏ। ਇਹ ਚੌਧਰੀ ਹਮਦਰਦੀ ਏ, ਇਹ ਜੋਗੇ ਨੂੰ ਇਥੇ ਪਹੁੰਚਾਉਣ ਲਈ ਆਇਆ ਏ।

ਚੌਧਰੀ ਬੋਲਿਆ—ਮੈਂ ਵੀ ਮਿਤਰ ਹਾਂ, ਸੇਵਕ ਹਾਂ, ਸ਼ਰਧਾਲੂ ਹਾਂ, ਗਰੀਬ ਹਾਂ,

ਦਸਾਂ ਨਹੁੰਆਂ ਦੀ ਕਿਰਤ ਕਰਦਾ ਹਾਂ ਤੇ ਆਪਣਾ ਤੇ ਆਪਣੇ ਬੱਚਿਆਂ ਦਾ ਢਿਡ ਭਰਦਾ ਹਾਂ। ਇਹ ਪ੍ਰਦੇਸੀ ਅੰਮ੍ਰਿਤਸਰ ਤੋਂ ਆਇਆ ਏ।

ਸਿੰਘ ਨੇ ਕਾਹਲੀ ਜਿਹੀ ਪੁਛਿਆ—ਸ੍ਰੀ ਅੰਮ੍ਰਿਤਸਰ ਤੋਂ ?

—ਹਾਂ ਜੀ, ਸਤਿਗੁਰਾਂ ਦੀ ਨਗਰੀ ਤੋਂ। ਪਰ ਆਖਦੇ ਸਾਰ ਜੱਗੇ ਦੀਆਂ ਭੁਬਾਂ ਨਿਕਲ ਗਈਆਂ। ਅਥਰੂਆਂ ਨੇ ਝੜੀ ਲਾ ਦਿਤੀ। ਉਹ ਰੋਈ ਜਾ ਰਿਹਾ ਸੀ ਜਿਦਾਂ ਪੁੱਤ ਮਰ ਜਾਏ ਕਿਸੇ ਦਾ।

—ਮੈਂ ਬਲਿਹਾਰੇ ਜਾਵਾਂ, ਤੇਰੇ ਚਰਨਾਂ ਦੀ ਧੂੜ ਮੱਥੇ ਨਾਲ ਲਾਵਾਂ ਤੂੰ ਮੇਰੇ ਸਤਿ-ਗੁਰਾਂ ਦੀ ਨਗਰੀ ਤੋਂ ਆਇਐਂ, ਪਰ ਤੂੰ ਰੋਂਦਾ ਕਿਉਂ ਏਂ ? ਕਿਸੇ ਮੁਗਲ ਨੇ ਅੱਤ ਗਹਿਗੀ ਕੀਤੀ ਏ ? ਕਿਸੇ ਨੇ ਅੱਤ ਨੂੰ ਹੱਥ ਲਾਇਐ ?

—ਅੱਤ ਤੋਂ ਪਰੇ ਪਾਪ ਈ ਨਹੀਂ ਕੀਤਾ, ਪਾਪ ਦੇ ਬੱਦਲ ਵਰ੍ਹਾਏ ਹਨ। ਏਨਾ ਅਤਿਆਚਾਰ, ਉਸ ਨੇ ਰਬ ਦੀ ਵੀ ਪ੍ਰਵਾਹ ਨਹੀਂ ਕੀਤੀ, ਮੈਂ ਬਰਦਾਸ਼ਤ ਨਾ ਕਰ ਸਕਿਆ, ਸਹਾਰ ਵੀ ਨਾ ਸਕਿਆ, ਮੈਥੋਂ ਰੋਕਿਆ ਵੀ ਨਹੀਂ ਗਿਆ। ਮੈਂ ਕੀ ਦਸਾਂ ਮੇਰੀ ਜ਼ਬਾਨ ਕੋੜ੍ਹੀ ਹੋ ਜਾਏ।

ਏਨੇ ਚਿਰ ਨੂੰ ਇਕ ਸਿੰਘ ਹੋਰ ਆ ਗਿਆ।

—ਏਨਾ ਹਨੇਰ ਕੀ ਆ ਗਿਆ ਏ ?

—ਬਸ ਦਸਿਆ ਨਹੀਂ ਜਾ ਸਕਦਾ। ਜੱਗਾ ਭੁਬਾਂ ਮਾਰ ਰਿਹਾ ਸੀ, ਸਿਰ ਤੇ ਬਾਂਹ ਰਖ ਕੇ।

—ਮਰਦ ਰੋਂਦੇ ਨਹੀ, ਮਰਦ ਮੁਕਾਬਲਾ ਕਰਦੇ ਹਨ। ਸੀਨੇ ਤੇ ਪੱਥਰ ਧਰਕੇ ਸਿਰ ਦੇਣ, ਜੋ ਵਾਪਰਦੀ ਏ ਉਸਨੂੰ ਸਹਿਨ। ਦਸ, ਹੁਣ ਸਿੰਘ ਇੰਤਜ਼ਾਰ ਨਹੀ ਕਰ ਸਕਦੇ।

—ਮੈਂ ਦਸਾਂਗਾ, ਜ਼ਰੂਰ ਦਸਾਂਗਾ, ਦਸਣ ਈ ਆਇਆ ਹਾਂ। ਪਰ ਜਥੇਦਾਰ ਦੇ ਸਾਹਮਣੇ।

ਸਿੰਘ ਖਾਮੋਸ਼ ਹੋ ਗਏ।

ਯਾਰ ਦੀ ਗਲੀ

ਚੌਲੇ ਜਿੰਨ ਕੇ ਰਤੜੇ ਕੰਤ ਤਿਨਹਾਂ ਕੇ ਪਾਸ,
ਧੂੜ ਤਿਨਹਾ ਕੀ ਜੇ ਮਿਲੇ, ਨਾਨਕ ਕੀ ਅਰਦਾਸ

ਦੋਹਾ ਪੜ੍ਹ ਕੇ ਪਿਛੋਂ ਸਿੰਘ ਨੇ ਰਤਹਿ ਗਜਾਈ ਤੇ ਉਹ ਵੀ ਉਥੇ ਈ ਬਹਿ ਗਿਆ ਪਸੱਕਾ ਮਾਰ, ਭੂੰਜੇ ਰੇਤਲੀ ਜ਼ਮੀਨ ਤੇ ਅਤੇ ਬੜੀ ਨਿਮਰਤਾ ਨਾਲ ਆਖਣ ਲੱਗਾ--ਇਹ ਪ੍ਰਾਹੁਣੇ ਕਿਥੋਂ ਆਏ ਨੇ।

—ਸ੍ਰੀ ਅੰਮ੍ਰਿਤਸਰ ਤੋਂ ਇਕ ਤੇ ਦੂਜਾ ਰਾਜਸਥਾਨ ਦਾ ਮਹਿਮਾਨ ਏ।

—ਸੁਖ ਸਾਂਦ ਪੁੱਛੀ ਊ ਗੁਰ ਨਗਰੀ ਦੀ ?

—ਅਜੇ ਤੇ ਇਨ੍ਹਾਂ ਦੇ ਪੈਰ ਮੈਲੇ ਵੀ ਨਹੀਂ 'ਹੋਏ,' ਅਜੇ ਤੇ ਅਸਾਂ ਜ਼ਬਾਨ ਸਾਂਭੀ ਨਹੀਂ ਕੀਤੀ। ਤੁਸੀਂ ਆ ਗਏ ਓ, ਗੁਰੂ ਦੀਆਂ ਬਰਕਤਾਂ, ਬਖਸ਼ਸ਼ਾਂ ਤੁਸੀਂ ਝੋਲੀ 'ਚ ਪਵਾਓ। ਤੁਹਾਡਾ ਈ ਹੱਕ ਬਣਦਾ ਏ।

—ਗੁਰ ਪਿਆਰੇ, ਗੁਰੂ ਦੀ ਨਗਰੀ ਦਾ ਕੀ ਹਾਲ ਏ ? ਵਸਦਾ ਏ ਸਾਡਾ ਖੇੜਾ ?

ਬਸ ਏਨੀ ਗੱਲ ਈ ਕੀਤੀ ਸੀ ਸਿੰਘ ਨੇ, ਜੋਗਾ ਭੁੱਬਾਂ ਮਾਰ-ਮਾਰ ਕੇ ਰੋਣ ਲਗ ਪਿਆ, ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ। ਜ਼ਬਾਨ ਤਾਲੂ ਨਾਲ ਜਾ ਲੱਗੀ ਸੀ। ਇਕ ਵੀ ਬੋਲ ਨਾ ਬੋਲ ਸਕਿਆ।

—ਮਿਤਰਾ ਕੁਝ ਤੇ ਬੋਲ! ਅਸੀਂ ਤੇਰੇ ਮੁਖਾਰ ਬਿੰਦ ਤੋਂ ਬਚਨ ਸੁਣਨ ਲਈ ਉਤਾਵਲੇ ਹਾਂ।

ਜੋਗਾ ਰੋਂਦੀ ਅਵਾਜ਼ ਵਿਚ ਬੋਲਿਆ। ਗੱਲ ਹਟਕੋਰਿਆਂ ਵਿਚ ਕਰ ਰਿਹਾ ਸੀ—ਮੱਸਾ, ਰੰਡੀ, ਸ਼ਰਾਬ, ਹੁੱਕਾ ਝਾਂਜਰਾਂ, ਤਬਲਾ ਸਾਰੰਗੀ, ਹਰਿਮੰਦਰ। ਬਸ ਫਿਰ ਜੋਗੇ ਦੀ ਜ਼ਬਾਨ ਬੰਦ ਹੋ ਗਈ ਭੁੱਬਾਂ ਦੀ ਅਵਾਜ਼ ਤੇਜ਼ ਹੋ ਗਈ।

—ਇਹ ਬੁਝਾਰਤ ਮੇਰੀ ਸਮਝ ਵਿਚ ਨਹੀਂ ਆਈ ?

—ਮੇਰੀ ਸਮਝ ਵਿਚ ਆ ਗਈ ਏ। ਇਹ ਡਰਦਾ ਏ ਕਿਤੇ ਇਹਦੀ ਜ਼ਬਾਨ ਨੂੰ ਕੋੜ੍ਹ ਨਾ ਹੋ ਜਾਏ। ਕਿਤੇ ਕੋਈ ਇਹਦੀ ਜ਼ਬਾਨ ਖਿੱਚ ਨਾ ਲਵੇ। ਇਹਦਾ ਡਰ ਸੱਚਾ ਏ, ਇਸ ਸਾਨੂੰ ਚੰਗੀ ਤਰ੍ਹਾਂ ਨਹੀਂ ਦਸਣਾ। ਇਸਨੂੰ ਜਥੇਦਾਰ ਪਾਸ ਲੈ ਚਲੀਏ, ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਗੱਲ ਕਰ ਰਿਹਾ ਏ। ਭਾਵੇਂ ਇਹਦੀਆਂ ਗੱਲਾਂ ਵਿਚ ਉਲਝਣਾਂ ਹਨ ਪਰ ਇਹਦੇ ਡੋਰ ਦਾ ਪਿੰਨਾ ਗੱਲ ਸਮਝਾ ਰਿਹਾ ਏ।

ਪੰਚਾਇਤ ਤੁਰ ਪਈ। ਪਹਿਲਾ ਸਿੰਘ, ਸੁਖਾ ਸਿੰਘ ਮਾੜੀ ਕੰਬੋ ਕੇ ਵਾਲਾ, ਤੇ ਦੂਜਾ ਮਹਿਤਾਬ ਸਿੰਘ ਮੀਰਾਂ ਕੋਟੀਆ। ਦੋਵੇਂ ਅੰਮ੍ਰਿਤਸਰ ਦੇ ਵਸਨੀਕ। ਮਾੜੇ ਦੇ ਲਹੂ ਨੇ ਉਬਾਲਾ ਖਾਧਾ ਸਿੰਘਾਂ ਨੇ ਖੰਡੇ ਮਿਆਨ ਵਿਚੋਂ ਧੂਹ ਕੇ ਅੱਧੇ ਬਾਹਰ ਕੱਢ ਲਏ ਸਨ। ਅੱਖਾਂ ਵਿਚੋਂ ਲਹੂ ਚੋਣ ਲੱਗ ਪਿਆ।

ਨਾਥ ਬੋਲਿਆ—ਅੰਮ੍ਰਿਤਸਰ ਵਿਚ ਕੋਈ ਵੱਡਾ ਅਪੱਧਰ ਹੋਇਆ ਜਾਪਦਾ ਏ। ਕਿਸੇ ਨੇ ਆਪਣੀ ਮੌਤ ਨੂੰ ਆਪ ਅਵਾਜ਼ ਮਾਰੀ ਏ। ਥੋੜੇ ਦਿਨਾਂ ਦਾ ਮਹਿਮਾਨ ਏ ਕੋਈ।

ਇਹੋ ਜਿਹੀਆਂ ਹਨੇਰੀਆਂ ਪੰਜਾਬ ਤੇ ਰੋਜ਼ ਚੜ੍ਹਦੀਆਂ ਨੇ। ਲਾਲ ਬੁਝਕੜ ਤੂਫਾਨ ਵੀ ਕਈ ਵੇਰਾਂ ਚੜ੍ਹਿਆ। ਮੇਘਲੇ ਗੱਜੇ, ਵਰ੍ਹੇ ਬਸ ਠੰਢ ਪੈ ਗਈ। ਜਦੋਂ ਬੱਦਲ ਕੜਕਦੇ ਹਨ, ਬਿਜਲੀ ਚਮਕਦੀ ਏ ਤਾਂ ਸਿੰਘਾਂ ਦੇ ਖੰਡੇ ਮਿਆਨ ਵਿਚੋਂ ਨਿਕਲ ਪੈਂਦੇ ਹਨ। ਇਹ ਹੁਣ ਜ਼ਰੂਰ ਕਿਸੇ ਦੀ ਬਲੀ ਲੈਣਗੇ। ਆਖਣ ਲੱਗਾ ਸੁੱਖਾ ਸਿੰਘ।

---ਹਰਿਮੰਦਰ ਸਾਹਿਬ ਵਿਚ ਕੋਈ ਕਾਰਾ ਈ ਹੋਇਆ ਜਾਪਦੈ। ਇਹ ਘਾਲਾ ਮਾਲਾ ਮੁਗਲਾਂ ਨੇ ਈ ਕੀਤਾ ਹੋਣਾ ਏ। ਮਹਿਤਾਬ ਸਿੰਘ ਬੋਲਿਆ।

—ਰੰਡੀ, ਸ਼ਰਾਬ, ਹੁੱਕਾ, ਹਰਿਮੰਦਰ ਇਹ ਚਾਰੇ ਥੋਕ ਮੁਗਲਾਂ ਦੇ ਚਿਨ੍ਹ ਹਨ। ਸੁੱਖਾ ਸਿੰਘ ਦੇ ਵਿਚਾਰ ਸਨ।

—ਤੁਸੀਂ ਗੁਰੂ ਦੀ ਨਗਰੀ ਨੂੰ ਰਬ ਦੇ ਆਸਰੇ ਛੱਡ ਕੇ ਆਪ ਪਤਰਾ ਵਾਚ ਆਏ ਸਓ, ਤੁਸਾਂ ਤੇ ਲੱਖੀ ਜੰਗਲ 'ਚ ਡੇਰੇ ਆਣ ਲਾਏ। ਕੋਈ ਮਰੇ ਕੋਈ ਜੀਏ ਤੁਹਾਨੂੰ ਕੀ। ਤੁਸਾਂ ਕਿਹੜੀ ਖਬਰ ਸੁਰਤ ਲਈ ਏ। ਮੁਗਲਾਂ ਦੇ ਚੌਧਰੀ ਨੇ ਅੰਮ੍ਰਿਤਸਰ 'ਚ ਘੋੜ ਦੌੜ ਸ਼ੁਰੂ ਕਰ ਦਿਤੀ। ਸ਼ੈਤਾਨ ਨੇ ਡਬਰੂ ਆਣ ਖੜਕਾਇਆ ਗੁਰੂ ਦੀ ਨਗਰੀ ਵਿਚ। ਗੁਰੂ ਦੀ ਨਗਰੀ 'ਚ ਭੰਗੜਾ ਪਿਆ, ਰੰਡੀ ਘੁੰਗਰੀ ਪਾ ਕੇ ਨੰਗੇ ਮੂੰਹ ਬੇਸ਼ਰਮੀ ਨਾਲ ਨੱਚੀ ਘੁੰਡ ਕਢ ਲਿਆ ਗੈਰਤ ਨੇ ਪ੍ਰਕਰਮਾ.........ਬਸ ਬਸ, ਜੋਗਾ ਚੁੱਪ ਹੋ ਗਿਆ। ਮੇਰੇ 'ਚ ਹਿੰਮਤ ਨਹੀਂ ਕਿ ਮੈਂ ਕੁਝ ਦਸ ਸਕਾਂ। ਮੇਰਾ ਕਲੇਜਾ ਮੂੰਹ ਨੂੰ ਆਉਂਦਾ ਏ। ਮੈਥੋਂ ਨਾ ਪੁਛੋ, ਮੈਨੂੰ ਡਰ ਆਉਂਦਾ ਏ।

ਵੱਲਾਂ, ਵੇਲਾਂ, ਝਾੜੀਆਂ, ਕਿਕਰ, ਕਰੀਰ, ਫਲਾਹ, ਜੰਡ ਲੰਘ ਕੇ ਉਹ ਉਸ ਥਾਂ ਤੇ ਪੁੱਜ ਗਏ ਜਿਥੇ ਜਥੇਦਾਰ ਬੈਠੇ ਹੋਏ ਸਨ ਚੌਂਕੜੇ ਮਾਰ ਕੇ। ਮਾਲਾ ਹੱਥ ਵਿਚ ਸੀ। ਦਗ-ਦਗ ਕਰਦੇ ਚਿਹਰੇ, ਅੱਖਾਂ ਵਿਚ ਸਰੂਰ, ਮਸਤੀ, ਜਲਾਲ, ਮਸਤਕ ਵਿਚ ਤੇਜ਼ ਤਪ ਤੇ ਅਣਖ। ਦਰਬਾਰਾ ਸਿੰਘ, ਬੁੱਢਾ ਸਿੰਘ, ਕਪੂਰ ਸਿੰਘ ਇਕ ਪੰਗਤ 'ਚ ਬੈਠੇ ਹੋਏ ਸਨ। ਜਾ ਫਤਹਿ ਗਜਾਈ।

ਜਦ ਜੋਗੇ ਨੇ ਜਥੇਦਾਰ ਵੇਖੇ ਤਾਂ ਉਹਦਾ ਸਿਰ ਆਪੇ ਹੀ ਝੁਕ ਗਿਆ। ਉਹਦੀ ਜ਼ਬਾਨ ਦਾ ਤਾਲਾ ਟੁਟ ਗਿਆ ਸੀ। ਗਿਦੜ ਸ਼ੇਰ ਬਣ ਗਿਆ ਸੀ।

—ਆ ਭਾਈ ਸੁੱਖਾ ਸਿਹਾਂ, ਕਿਧਰੋਂ ਆਈਆਂ ਨੇ ਸੰਗਤਾਂ? ਬੋਲ ਦਰਬਾਰਾ ਸਿੰਘ ਦੇ ਸਨ।

—ਪ੍ਰਾਹੁਣੇ ਆਏ ਹਨ ਸ੍ਰੀ ਅੰਮ੍ਰਿਤਸਰ ਤੋਂ।

—ਧੰਨ ਭਾਗ, ਮੇਰੇ ਗੁਰੂ ਦੀ ਨਗਰੀ ਤੋਂ ਕੋਈ ਤਾਂ ਆਇਆ ਏ। ਜਲ ਪਾਣੀ ਛਕਾਓ। ਆਸਣ ਦਿਤਾ ਕਪੂਰ ਸਿੰਘ ਨੇ ਜਿਹੜਾ ਅਜੇ ਫੁਟਦੀ ਦਾੜ੍ਹੀ ਵਾਲਾ ਮੁੰਡਾ ਸੀ।

ਸਾਰੇ ਜਣੇ ਬਹਿ ਗਏ ।

—ਜਥੇਦਾਰ ਜੀ ਮੈਨੂੰ ਮਾਮਲਾ ਗੰਭੀਰ ਜਾਪਦਾ ਏ । ਪ੍ਰਾਹੁਣੇ ਦੀਆਂ ਨਸਾਂ ਫੜਕ ਰਹੀਆਂ ਹਨ । ਹੋਣੀ ਕਿਤੇ ਵਰਤ ਗਈ ਏ । ਬੁੱਢਾ ਸਿੰਘ ਦੇ ਬੋਲ ਸਨ ।

—ਗੁਰੂ ਨਗਰੀ ਦਾ ਕੀ ਹਾਲ ਏ ਗੁਰ ਸਿੰਘਾ ?

ਜੋਗਾ ਫਿਰ ਭੁਬਾਂ ਮਾਰ ਕੇ ਰੋਣ ਲਗ ਪਿਆ ।

—ਧੀਰਜ ਕਰ ਤਗੜਾ ਹੋ, ਮਰਦ ਬਣ । ਮੁਸੀਬਤ ਵੇਲੇ ਮਰਦ ਹਿੱਕ ਤਾਣ ਕੇ ਮੁਕਾਬਲਾ ਕਰਦੇ ਹਨ । ਸਾਨੂੰ ਤੇ ਗੁੜ੍ਹਤੀ ਇਹੋ ਮਿਲੀ ਏ । ਘਬਰਾ ਨਾ ਤੂੰ ਠੀਕ ਜਗ੍ਹਾ ਤੇ ਪੁੱਜ ਗਿਆ ਏਂ । ਜੋਗੇ ਨੂੰ ਥਾਪਨਾ ਦਿਤੀ ਜਥੇਦਾਰ ਨੇ ।

ਬਲੂੰਗੜਾ ਸ਼ੇਰ ਦਾ ਪੁੱਤ ਬਣ ਗਿਆ ਮਾੜੀ ਜਿਹੀ ਥਾਪੀ ਨਾਲ । ਜੋਗੇ ਦੀ ਹਿਚਕੀ ਬੰਦ ਹੋਈ, ਅੱਖਾਂ ਪੂੰਝੀਆਂ, ਗਲੇਡੂ ਸਾਫ਼ ਕੀਤੇ, ਬੋਲਿਆ—ਮੈਂ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ ਤੇ ਉਥੋਂ ਈ ਆਇਆ ਹਾਂ । ਇਸ ਚੌਧਰੀ ਦੀ ਕ੍ਰਿਪਾ ਨੇ ਮੈਨੂੰ ਤੁਹਾਡੇ ਤਕ ਲੈ ਆਂਦਾ ਏ । ਇਹ ਵੀ ਗੁਰੂ ਦਾ ਉਪਾਸਕ ਏ । ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਹੁਣ ਪ੍ਰਕਰਮਾਂ ਨਹੀਂ ਰਹੀਆਂ, ਘੋੜਿਆਂ ਦਾ ਤਬੇਲਾ ਬਣ ਗਈਆਂ ਹਨ ।

—ਇਹ ਕੁਕਰਮ ਕਿਸ ਹਤਿਆਰੇ ਨੇ ਕੀਤਾ ਏ ।

—ਮੱਸੇ ਰੰਘੜ ਨੇ ।

—ਉਹ ਕੌਣ ਏ ?

—ਮੰਡਿਆਲੇ ਦਾ ਰੰਘੜ । ਸੂਬਾ ਲਾਹੌਰ ਜ਼ਕਰੀਆ ਖਾਂ ਨੇ ਉਸ ਨੂੰ ਚੌਧਰੀ ਬਣਾ ਕੇ ਅੰਮ੍ਰਿਤਸਰ ਭੇਜ ਦਿੱਤਾ ਏ, ਹੁਣ ਉਸ ਦੇ ਹੁਕਮ ਤੋਂ ਬਗੈਰ ਮੱਖੀ ਪਰ ਨਹੀਂ ਮਾਰ ਸਕਦੀ । ਉਸ ਨੇ ਬੰਮ੍ਹ ਕੇ ਰੱਖੀ ਏ ਹਵਾ, ਪਾਣੀ ਤੇ ਧੁੱਪ ।

—ਏਨਾ ਵੱਡਾ ਜਾਬਰ ਏ ?

—ਹਾਂ ਸ਼ੈਤਾਨ ਦਾ ਸਾਂਢੂ ਏ ?

—ਖਾਨੂੰ ਦੀ ਮਾਸੀ ਦਾ ਪੁੱਤ ਲਗਦਾ ਹੋਣਾ ਏਂ ।

—ਘੱਗਰੀ ਦਾ ਸਾਕ ਏ ।

—ਤਾਂ ਫੇਰ ਸੱਚ ਏ । ਉਹ ਹਵਾ ਨੂੰ ਤਲਵਾਰਾਂ ਮਾਰ ਸਕਦਾ ਏ । ਹੋਰ ?

—ਮੇਰੀ ਜ਼ਬਾਨ ਨੂੰ ਕਿਤੇ ਕੋੜ੍ਹ ਤੇ ਨਹੀਂ ਹੋ ਜਾਏਗਾ ? ਮੈਂ ਗੁਰੂ ਘਰ ਤੋਂ ਛੇਕਿਆ ਤੇ ਨਹੀਂ ਜਾਵਾਂਗਾ ?

—ਗੁਰ ਭਾਈ, ਖੋਲ੍ਹ ਕੇ ਦੱਸ ਸੀਨਾ ਖੋਲ੍ਹ ਕੇ । ਜਦੋਂ ਨੱਚਣ ਲੱਗ ਪਈ ਫਿਰ ਘੁੰਡ ਕਾਹਦਾ ? ਤੈਨੂੰ ਗੁਰੂ ਭਾਗ ਲਾਵੇਗਾ ।

—ਸੀਨੇ ਤੇ ਪੱਥਰ ਧਰ ਲਓ, ਸ੍ਰੀ ਹਰਿਮੰਦਰ ਸਾਹਿਬ ਅਖਾੜਾ ਬਣ ਗਿਆ ਏ ਲੁੱਚਿਆਂ ਲਫੰਗਿਆਂ ਦਾ । ਦਿਨੇ ਰਾਤੀ ਮੁਜਰਾ, ਪ੍ਰਮਾਤਮਾ ਦੇ ਘਰ ਵਿਚ ਰੰਡੀ ਦੇ ਘੁੰਗਰੂ ਛਣਕਦੇ ਹਨ । ਤਬਲਾ ਬੁੜ੍ਹਕਦਾ ਏ, ਸਾਰੰਗੀ ਨਾਲ ਸਾਵੀਂ ਚੀਕਦੀ ਏ । ਹੁੱਕਾ ਗੁੜ੍ਹਕਦਾ ਏ, ਸ਼ਰਾਬ ਮੱਟਾਂ ਦੇ ਮੱਟ ਖੁਲ੍ਹਦੇ ਹਨ । ਮੰਜਾ ਡਾਹ ਕੇ ਬੈਠਾ ਹੋਇਆ ਏ ਮੱਸਾ ਰੰਗੜ ਜਿਥੇ ਗੁਰੂ ਗਰੰਥ ਸਾਹਿਬ ਦਾ ਪਾਠ ਹੁੰਦਾ ਸੀ, ਜਿਥੇ ਅਖੰਡ-ਜੋਤ ਜਗਦੀ ਸੀ ਉਥੇ ਹੁਣ ਮੁਜਰਾ ਹੁੰਦਾ ਏ । ਸਾਰਾ ਦਿਨ ਤੇ ਸਾਰੀ ਰਾਤ ਘੜਮਸ-ਚੌਦੇ ਮੱਚੀ ਹੋਈ ਏ । ਰੋਜ਼ ਗਊ ਤੇ

ਲਹੂ ਨਾਲ ਧੋਤਾ ਜਾਂਦਾ ਏ ਪਵਿੱਤਰ ਪੁਲ ਵਾਲਾ ਰਾਹ। ਹੱਡ, ਗੋਸ਼ਤ, ਲਹੂ ਨਾਲ ਪੂਰਿਆ ਗਿਆ ਏ ਸਾਰਾ ਸਰੋਵਰ। ਪ੍ਰਕਰਮਾਂ ਵਿਚ ਜਾਂ ਘੋੜਿਆਂ ਦੀ ਲਿੱਦ ਏ ਜਾਂ ਡੰਗਰਾਂ ਦੇ ਹੱਡ। ਸਾਨੂੰ ਤੇ ਹੁਣ ਕੋਈ ਅੰਨ੍ਹਾ ਖੂਹ ਵੀ ਨਹੀਂ ਲੱਭਦਾ ਜਿਥੇ ਡੁੱਬ ਮਰੀਏ। ਮੈਂ ਕੁਝ ਕਰ ਨਹੀਂ ਸਕਿਆ। ਚਿੜੀ ਜਿੰਨੀ ਜਾਨ ਕਰ ਵੀ ਕੀ ਸਕਦੀ ਏ। ਜਾਨ ਬਚਾ ਕੇ ਨੱਸ ਆਇਆ ਹਾਂ, ਸਿਰਫ਼ ਇਸ ਲਈ ਕਿ ਗੱਲ ਖਾਲਸੇ ਦੇ ਕੰਨੀ ਚੜ੍ਹ ਜਾਏ। ਮੇਰੀ ਪ੍ਰਤਿਗਿਆ ਪੂਰੀ ਹੋ ਗਈ ਏ।

ਭਾਵੇਂ ਜਥੇਦਾਰਾਂ ਦੇ ਵੀ ਖੰਡੇ ਮਿਆਨ ਵਿਚੋਂ ਨਿਕਲ ਆਏ ਸਨ ਪਰ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਖੰਡਾ ਧੂਹ ਕੇ ਬਾਹਰ ਕੱਢ ਲਿਆ। ਕਪੂਰ ਸਿੰਘ ਦਾ ਅਜੇ ਅੱਧਾ ਖੰਡਾ ਈ ਨੰਗਾ ਸੀ। ਜੋਸ਼ ਨੇ ਜਵਾਲਾ ਦਾ ਪ੍ਰਚੰਡ ਰੂਪ ਧਾਰ ਲਿਆ।

—ਜੇ ਕੋਈ ਭੁਲਿਆ ਇਸ਼ਨਾਨ ਕਰਨ ਆ ਜਾਏ, ਬਸ ਆ ਗਈ ਸ਼ਾਮਤ। ਜਾਂ ਕਤਲ ਕੀਤਾ ਗਿਆ ਜਾਂ ਹੱਡ ਗੋਡੇ ਤੋੜ ਕੇ ਸੁੱਟ ਦਿੱਤਾ ਤੇ ਕੋਹ-ਕੋਹ ਕੇ ਮਾਰਿਆ, ਕਈਆਂ ਸਿੰਘਾਂ ਨੂੰ ਕਾਂਵਾਂ ਕੁੱਤਿਆਂ ਅੱਗੇ ਪਾ ਦਿੱਤਾ। ਬੋਲ ਜੋਗੇ ਦੇ ਸਨ।

—ਬਸ, ਬਸ, ਸਿੰਘਾ ਹੁਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹੁਣ ਅਸੀਂ ਸੁਣ ਨਹੀਂ ਸਕਦੇ। ਰੱਬ ਦੇ ਵਾਸਤੇ ਗੁਰੂ ਦੇ ਨਾਂ ਤੇ ਹੁਣ ਆਪਣੀ ਜ਼ਬਾਨ ਬੰਦ ਰੱਖ।

ਨੇਤਰਾਂ ਵਿਚੋਂ ਚੰਗਿਆੜੇ ਨਿਕਲੇ ਲਹੂ ਉਬਾਲੇ ਖਾਣ ਲੱਗਾ, ਡੌਲੇ ਫੜਕੇ, ਤਲਵਾਰਾਂ ਨੇ ਕਰਵਟਾਂ ਲਈਆਂ ਮਿਆਨਾਂ ਵਿਚ।

—ਅਸੀਂ ਤੇਰੇ ਧੰਨਵਾਦੀ ਹਾਂ, ਸਤਿਗੁਰੂ ਤੈਨੂੰ ਨਿਹਾਲ ਕਰੇ। ਖਾਲਸਾ ਮੱਸੇ ਰੰਗੜ ਨੂੰ ਸੋਧੇਗਾ, ਉਹਦੀਆਂ ਮਹਿਫਲਾਂ ਉਜਾੜੇਗਾ। ਸਤਿਗੁਰੂ ਦੇ ਪਵਿੱਤਰ ਦਰਬਾਰ ਦੀ ਨਿਰਾਦਰੀ ਕਰਨ ਵਾਲਾ ਹੁਣ ਖਾਲਸੇ ਹੱਥੋਂ ਬਚ ਨਹੀਂ ਸਕਦਾ।

ਦਰਬਾਰਾ ਸਿੰਘ ਨੇ ਆਪਣੇ ਖੰਡੇ ਤੇ ਹੱਥ ਰੱਖਿਆ ਤੇ ਆਖਿਆ—ਕਿਹੜਾ ਨਿਤਰਦਾ ਏ ਸੂਰਮਾ?

ਸਾਰੇ ਲੱਖੀ ਜੰਗਲ ਵਿਚ ਰੌਲਾ ਪੈ ਗਿਆ ਸੀ।

ਸੁੱਖਾ ਸਿੰਘ ਤੇ ਮਹਿਤਾਬ ਸਿੰਘ ਸਭ ਤੋਂ ਪਹਿਲਾਂ ਖੜੇ ਹੋਏ। ਕਪੂਰ ਸਿੰਘ ਤੇ ਹੋਰ ਜਥੇਦਾਰ ਵੀ ਖੜੇ ਸਨ ਕਤਾਰ ਵਿਚ।

—ਮੱਸੇ ਨੂੰ ਸੋਧਣ ਵਾਸਤੇ ਜੱਥਾ ਜਾਏਗਾ। ਹੁਕਮ ਜਥੇਦਾਰ ਦਾ ਸੀ।

—ਇਹ ਬੇ ਇਨਸਾਫੀ ਏ, ਸਾਡਾ ਹੱਕ ਖੋਹਿਆ ਜਾ ਰਿਹਾ ਏ। ਸਭ ਤੋਂ ਪਹਿਲਾਂ ਇਹ ਸੁਨੇਹਾ ਅਸੀਂ ਸੁਣਿਆ ਏ, ਸਾਡੇ ਕੰਨਾ ਨੇ ਇਹ ਕਰੁਣਾਮਈ ਅਵਾਜ਼ ਸੁਣੀ ਏ, ਲਾਂਬੂ ਸਾਡੇਅੰਦਰ ਲੱਗਾ ਹੋਇਆ ਏ। ਅਸੀਂ ਮਸੇ ਰੰਗੜ ਦਾ ਸਿਰ ਲਿਆ ਕੇ ਹਾਜ਼ਰ ਕਰਾਂਗੇ। ਜੇ ਨਾ ਲਿਆ ਸਕੇ ਤਾਂ ਆਪਣਾ ਕਾਲਾ ਮੂੰਹ ਨਹੀਂ ਵਿਖਾਵਾਂਗੇ। ਜੇ ਅਸੀਂ ਬੇਸ਼ਰਮ ਹੋ ਕੇ ਆ ਵੀ ਗਏ ਤਾਂ ਆਪਣਾ ਸਿਰ ਭੇਟਾ ਕਰਾਂਗੇ ਸਾਰੀ ਸੰਗਤ ਦੇ ਸਾਹਮਣੇ।

—ਇਹ ਮੁਹਿੰਮ ਬੜੀ ਔਖੀ ਏ। ਇਹ ਕੱਲੇ ਦਾ ਕੰਮ ਨਹੀਂ, ਸੂਲਾਂ ਦੀ ਵਾੜ ਏ। ਮੌਤ ਨਾਲ ਅੱਖ ਲੜਾਉਣੀ ਤੇ ਮੌਤ ਨੂੰ ਮਜ਼ਾਕ ਕਰਨਾ। ਮੌਤ ਨਾਲ ਕਿਕਲੀ ਪਾਉਣੀ, ਸਿਰ ਤਲੀ ਤੇ ਧਰ ਤੇ ਖੇਡਣ ਵਾਲੀ ਗੱਲ ਏ, ਇਹ ਇਜਾਜ਼ਤ ਮੈਂ ਨਹੀਂ ਦਿੰਦਾ।

—ਕਿਉਂ? ਅਸਾਂ ਇਹ ਗੱਲ ਤੁਹਾਡੇ ਪਾਸੋਂ ਨਹੀਂ ਸਿਖੀ। ਕੀ ਅਸੀਂ ਗੁਰੂ ਤੋਂ ਬੇਮੁਖ ਹੋ ਜਾਵਾਂਗੇ। ਕੀ ਤੁਹਾਨੂੰ ਸਾਡੇ ਤੇ ਵਿਸ਼ਵਾਸ ਨਹੀਂ?

—ਵਿਸ਼ਵਾਸ ਏ, ਪਰ ਇਹ ਕੰਮ ਵਿਉਂਤ ਤੋਂ ਬਿਨਾਂ ਨਹੀਂ ਹੋ ਸਕਦਾ। ਏਨਾ ਲੰਮਾ ਪੰਧ, ਸਾਰਾ ਜਗ ਖਾਲਸੇ ਦਾ ਵੈਰੀ, ਗਲੀਆਂ ਦੇ ਕੱਖਾਂ ਤਕ ਖਾਲਸੇ ਦੇ ਦੁਸ਼ਮਨ। ਪਹਿਲਾਂ ਅੰਮ੍ਰਿਤਸਰ ਪਹੁੰਚਣਾ ਮੁਸ਼ਕਲ ਫਿਰ ਹਰਿਮੰਦਰ ਸਾਹਿਬ ਤਕ ਅਪੜਨਾ ਕਠਨ। ਸਿਰ ਵੱਢਣ ਦੀ ਗੱਲ ਤੇ ਬਾਅਦ ਦੀ ਏ। ਪਹਿਲਾਂ ਅੰਮ੍ਰਿਤਸਰ ਵਿਚ ਆਪਣੀ ਤਾਕਤ ਬਨਾਉਣੀ ਪਵੇਗੀ। ਆਪਣਾ ਧੜਾ ਕਾਇਮ ਕਰਨਾ ਪਵੇਗਾ। ਜੋਸ਼ ਤੁਹਾਡੀ ਬਹਾਦਰੀ ਏ। ਤੁਹਾਡੀ ਸਿਰੜ, ਤੁਹਾਡਾ ਉਦਮ ਫਿਰ ਕਿਸੇ ਕੰਮ ਆ ਸਕਦਾ ਏ। ਵਿਚਾਰ ਦਰਬਾਰਾ ਸਿੰਘ ਦੇ ਸਨ।

—ਜਥੇਦਾਰ ਦੇ ਵਿਚਾਰ ਸਮਝਣ ਤੇ ਵਿਚਾਰਨ ਯੋਗ ਹਨ।

—ਸਿਰ ਮੱਥੇ ਕਬੂਲ। ਪਰ ਸਾਨੂੰ ਸਾਡੇ ਕਾਰਜ ਤੋਂ ਕਿਉਂ ਰੋਕਿਆ ਜਾਂਦਾ ਏ?

—ਕੌਮ ਦਾ ਵਿਰਸਾ ਭੰਗ ਦੇ ਭਾੜੇ ਨਹੀਂ ਲੁਟਾਇਆ ਜਾ ਸਕਦਾ।

—ਜੇ ਕੌਮ ਦੀ ਪੱਗ ਗਲੀਆਂ ਵਿਚ ਰੁਲਦੀ ਹੋਵੇ ਤਾਂ ਫੇਰ ਕੋਈ ਪੱਗ ਦੀ ਇੱਜ਼ਤ ਬਚਾਉਣ ਨੂੰ ਤੁਰੇ ਤਾਂ ਕੀ ਉਸਦੀ ਬਾਂਹ ਫੜੀਦੀ ਏ? ਸੁੱਖਾ ਸਿੰਘ ਨੇ ਆਖਿਆ।

—ਮੋੜਦੇ ਨਹੀਂ। ਪਰ ਬੰਦੋਬਸਤ ਪੂਰਾ ਕਰਕੇ ਭੇਜਾਂਗੇ। ਸਿਹਰੇ ਤੁਸੀਂ ਬੰਨ੍ਹ ਕੇ ਜਾਇਆ ਜੇ, ਪਰ ਨਾਲ ਵਾਜਿਆਂ ਵਾਲੇ ਹੋਣੇ ਜ਼ਰੂਰੀ ਹਨ। ਜੰਞੇ ਚਲੇ ਹੋ ਬਰਾਤ ਤੇ ਇਕਠੀ ਕਰ ਲਓ। ਦਰਬਾਰਾ ਸਿੰਘ ਬੋਲਿਆ।

—ਵਾਜਿਆਂ ਵਾਲੇ ਅਸੀਂ ਹਾਂ, ਅਸੀ ਅੰਮ੍ਰਿਤਸਰ ਦਾ ਇੰਤਜ਼ਾਮ ਆਪ ਕਰਾਂਗੇ। ਸਾਰਾ ਅੰਮ੍ਰਿਤਸਰ ਇਨ੍ਹਾਂ ਦੇ ਪੈਰਾਂ ਥਲੇ ਅੱਖੀਆਂ ਵਿਛਾਵੇਗਾ। ਅਸੀਂ ਕੁੜਮਾਂ ਦੀ ਹਵੇਲੀ ਜਾਣਾ ਏ। ਸੱਜ ਧੱਜ ਕੇ ਜਾਵਾਂਗੇ। ਜਥੇਦਾਰ ਜੀ ਖਾਲਸੇ ਦਾ ਕੋਈ ਦੁਸ਼ਮਨ ਨਹੀਂ, ਮੁਗਲਾਂ ਤੋਂ ਬਗੈਰ। ਲੋਕ ਤਾਂ ਸਾਹ ਨਾਲ ਸਾਹ ਲੈਂਦੇ ਹਨ। ਲੋਰੀਆਂ ਦੇ ਦੇ ਲੋਕਾਂ ਨੇ ਖਾਲਸੇ ਨੂੰ ਪਾਲਿਆ ਏ। ਗਿਠਾਂ ਮਿਣ-ਮਿਣ ਕੇ ਗਭਰੂ ਬਣਾਇਆ ਏ। ਭਾਵੇਂ ਖਾਲਸੇ ਦੇ ਭਾਗਾਂ ਵਿਚ ਦੁੱਧ ਘਿਓ ਨਹੀਂ, ਰੁਖੇ ਪ੍ਰਸ਼ਾਦੇ ਹਨ, ਪਰ ਇਸਦੇ ਮਗਰ ਸਾਰੇ ਪੰਜਾਬ ਦੀਆਂ ਅਸੀਸਾਂ ਵੀ ਹਨ। ਪੰਜਾਬ ਦੇ ਮੁਸਲਮਾਨ ਸਿੰਘਾਂ ਦੇ ਘੋੜਿਆਂ ਦੀ ਲਿੱਦ ਚੁਕਦੇ ਹਨ, ਹਿੰਦੂਆਂ ਦੇ ਪੁੱਤ ਪੋਤਰੇ ਹਨ, ਖਾਲਸਾ ਹਿੰਦੂਆਂ ਦਾ ਲਹੂ- ਮਾਸ ਏ। ਪੰਜਾਬ ਦੇ ਦਰਿਆ ਕਦੀ ਵੈਰੀ ਹੋ ਸਕਦੇ ਨੇ ਖਾਲਸੇ ਦੇ ਸਿਰਫ਼ ਹਕੂਮਤ ਦੇ ਅਹਿਲਕਾਰ ਹੀ ਲਹੂ ਦੇ ਧਿਆਏ ਹਨ। ਬਾਕੀ ਤੇ ਪੰਜਾਬ ਚੂਰੀਆਂ ਕੁੱਟ-ਕੁੱਟ ਕੇ ਖਾਲਸੇ ਨੂੰ ਖਵਾਉਂਦਾ ਏ। ਜੋਗਾ ਆਖ ਰਿਹਾ ਸੀ।

—ਲਾੜਾ ਤੇ ਇਕ ਨੇ ਈ ਬਣਨਾ ਏਂ। ਰਹੀ ਗੱਲ ਬਰਾਤ ਇਕਠੀ ਕਰਨ ਦੀ ਉਹ ਅਸੀਂ ਕਰਾਂਗੇ। ਨਾਥ ਨੇ ਆਖਿਆ।

—ਹਾਂ, ਹੁਣ ਗੱਲ ਕੁਝ ਸਮਝ ਵਿਚ ਆਈ ਏ?

—ਥਾਪਣਾ ਦਿਓ ਫਿਰ ਸ਼ੇਰਾਂ ਨੂੰ। ਬੁੱਢਾ ਸਿੰਘ ਬੋਲਿਆ।

—ਕੀ ਇਹ ਅੰਮ੍ਰਿਤ ਮੈਨੂੰ ਨਾ ਛਕਣ ਦਿਓਗੇ? ਕਪੂਰ ਸਿੰਘ ਬੋਲਿਆ।

—ਵੰਡ ਛਕਣਾ ਸਿੰਘਾਂ ਦਾ ਕੰਮ ਏ, ਪਰ ਬਾਟੇ ਦੋਹਾਂ ਸਿੰਘਾਂ ਦੇ ਹੱਥ ਵਿਚ ਆ ਗਏ ਨੇ ਇਨ੍ਹਾਂ ਤੋਂ ਖੋਹੇ ਵੀ ਨਹੀਂ ਜਾ ਸਕਦੇ।

—ਬਸ ਇਕੋ ਗੱਲ, ਮੱਸੇ ਦਾ ਸਿਰ, ਜੇ ਮੱਸੇ ਦਾ ਸਿਰ ਨਾ ਲਿਆ ਸਕੇ ਤੀ ਖਾਲਸੇ

ਨੂੰ ਮੂੰਹ ਨਾ ਵਿਖਾਇਓ। ਇਹ ਪੰਥ ਦਾ ਫੈਸਲਾ ਏ। ਦਰਬਾਰਾ ਸਿੰਘ ਨੇ ਫਰਮਾਨ ਜਾਰੀ ਕੀਤਾ।

—ਪਰਵਾਨ।

ਖੰਡੇ ਚੁੰਮੇ ਤੇ ਜੈਕਾਰਾ ਛਡਿਆ—ਬੋਲੇ ਸੋ ਨਿਹਾਲ।

ਸਤਿ ਸ੍ਰੀ ਅਕਾਲ ਦੀ ਅਵਾਜ਼ ਪਿਛੇ ਆਈ ਸੁਖੇ ਦੀ। ਸਾਰਾ ਲੱਖੀ ਜੰਗਲ ਗੂੰਜ ਉਠਿਆ।

—ਪਹਿਲਾਂ ਅਸੀਂ ਜਾਂਦੇ ਹਾਂ ਤੇ ਤੁਜੀਂ ਪਿਛੋਂ ਆਉਣਾ। ਤੁਹਾਡਾ ਰਾਹ ਹੋਰ ਤੇ ਅਸੀਂ ਆਪਣਾ ਰਾਹ ਆਪ ਚੁਣਾਂਗੇ। ਚੰਗਾ ਗੁਰੂ ਰਾਖਾ।

ਨੇਜੇ ਹੱਥ ਵਿਚ ਫੜ ਲਏ। ਘੋੜਿਆਂ ਨੂੰ ਥਾਪੀ ਦੇ ਪਲਾਕੀ ਮਾਰੀ। ਅਹੁ ਗਏ ਅਹੁ ਗਏ।

ਰੇਤ ਦਾ ਦਰਿਆ

ਚੌਧਰੀ ਨੂੰ ਘਰ ਜਾਣ ਦੀ ਕਾਹਲ ਸੀ ਪਰ ਖਾਲਸੇ ਦਾ ਇਹ ਕੌਤਕ ਵੇਖ ਰਾਜਪੂਤੀ ਖ਼ੂਨ ਨੇ ਜੋਸ਼ ਮਾਰਿਆ। ਘਰ ਭੁੱਲ ਗਿਆ, ਭੁੱਲੇ ਘਰ ਦੇ ਜੀਅ, ਆਖਣ ਲੱਗਾ—ਖਾਲਸੇ ਨੇ ਮਹਾਂ ਕੁੰਭ ਰਚਾਇਆ ਏ। ਮੈਂ ਵੀ ਏਹਦੇ ਵਿਚ ਇਸ਼ਨਾਨ ਕਰਾਂਗਾ। ਕੁੰਭ ਤੇ ਬਾਰੀਂ ਵਰ੍ਹੀਂ ਆਉਂਦਾ ਏ ਮੈਂ ਵੀ ਆਖਰੀ ਕੁੰਭ ਨਹਾ ਲਵਾਂ। ਕੁੰਭ ਬਾਰ ਬਾਰ ਥੋੜ੍ਹਾ ਆਉਂਦਾ ਏ। ਆਦਮੀ ਜੀਵਨ ਵਿਚ ਕਿੰਨੇ ਕੁ ਕੁੰਭ ਨਹਾ ਸਕਦਾ ਏ। ਇਹ ਜਨਮ ਮੁੜਕੇ ਨਹੀਂ ਮਿਲਣਾ। ਜੋਗਿਆ, ਤੂੰ ਮੇਰੀ ਚੁਰਾਸੀ ਕੱਟ ਦਿਤੀ ਊ। ਖਹਿੜਾ ਛੱਡ ਘਰ ਦਾ, ਘਰ ਵਾਲੇ ਆਪੇ ਡੰਗ ਟਪਾ ਲੈਣਗੇ। ਮੈਂ ਵੀ ਡੁਹਾਡੇ ਨਾਲ ਈ ਚਲਾਂਗਾ।

ਨਾਥਾਂ ਨੇ ਵੀ ਊਠ ਕੱਢ ਲਏ ਤੇ ਚੌਧਰੀ ਨੇ ਵੀ ਊਠ ਨੂੰ ਥਾਪੀ ਦਿਤੀ।

ਊਠ ਤਿੰਨ ਤੇ ਗਭਰੂ ਛੇ। ਲੱਖੀ ਜੰਗਲ ਨੂੰ ਮੱਥਾ ਟੇਕ ਕੇ ਤੁਰੇ ਗੁਰੂ ਲਾੜੇ। ਰੇਤ ਦਾ ਦਰਿਆ ਠਾਠਾਂ ਮਾਰ ਰਿਹਾ ਸੀ—ਪਾਰ ਕਰਨੇ ਸਨ ਥਲ।

ਚੌਧਰੀ ਆਖਣ ਲੱਗਾ—ਰਾਜਿਸਥਾਨ ਦਾ ਇਲਾਕਾ ਮੇਰੀ ਮਰਜ਼ੀ ਨਾਲ ਪਾਰ ਕਰੋ। ਮੈਂ ਇਥੋਂ ਦੇ ਪੱਤ ਪੱਤ ਦਾ ਜਾਣੂੰ ਹਾਂ। ਮੇਰੀ ਜਨਮ ਭੋਂ ਏ। ਇਥੋਂ ਦੇ ਬੰਦਿਆਂ ਦੀ ਰਾਸ ਮੇਰੇ ਨਾਲ ਮਿਲਦੀ ਏ। ਏਸ ਲਈ ਇਹ ਦਰਿਆ ਤੇ ਮੈਂ ਤੁਹਾਨੂੰ ਟਪਾ ਦਿਆਂਗਾ। ਫਿਰ ਤੁਹਾਡੀ ਮੱਲ ਗੁਜ਼ਾਰ ਆ ਜਾਏਗੀ, ਫੇਰ ਤੁਸੀਂ ਆਪਣੀ ਮਰਜ਼ੀ ਕਰ ਲੈਣੀ।

—ਰਾਹ ਬਦਲਿਆ ਜਾਏ।

—ਨਹੀਂ।

—ਮੈਂ ਜਿਸ ਰਾਹ ਆਇਆ ਸਾਂ, ਉਸੇ ਰਾਹ ਜਾਵਾਂਗੇ। ਸਾਰੀ ਸੂਹ ਮਿਲਦੀ ਜਾਊ। ਕੜੀਆਂ ਇਕ ਦੂਜੇ ਵਿਚ ਫਸਦੀਆਂ ਜਾਣਗੀਆਂ। ਇਕ ਸੰਗਲ ਬਣ ਜਾਏਗਾ। ਖ਼ਬਰਾਂ ਆਪਣੇ ਆਪ ਪੁਜਦੀਆਂ ਜਾਣਗੀਆਂ ਅੰਮ੍ਰਿਤਸਰ ਦੇ ਡੇਰੇ। ਜੋਗੀਆਂ ਦੀਆਂ ਧੂਣੀਆਂ, ਸੂਫ਼ੀ ਫ਼ਕੀਰਾਂ ਦੇ ਦਾਇਰੇ, ਤਕੀਏ ਚਿਸ਼ਤੀ ਖ਼ੁਦਾ ਦੇ ਬੰਦਿਆਂ ਦੇ, ਡੂੰਮਾਂ ਮਰਾਸੀਆਂ ਦੇ ਟੋਲੇ, ਕਵਾਲੀਆਂ ਗਾਉਣ ਵਜਾਉਣ ਵਾਲਿਆਂ ਦੇ ਅਖਾੜੇ ਸਾਰੇ ਸਾਡੇ ਇਕ ਤੁਣਕੇ ਨਾਲ ਜਾਗਣਗੇ, ਤੁਣਕੇ ਨਾਲ ਸੌਣਗੇ, ਸਾਡੀ ਤਾਰ, ਤਾਰ ਨਾਲ ਜੁੜ ਜਾਏਗੀ। ਮੇਲੇ ਹੋਣਗੇ, ਰੂਹ ਤੇ ਕਲਬੂਤ ਦੇ। ਮੈਂ ਕਿੱਲੀਆਂ ਗੱਡ ਕੇ ਆ ਗਿਆ ਹਾਂ। ਇਹ ਵੱਖਰੀ ਗੱਲ ਏ ਕਿ ਮੈਂ ਕੋਈ ਤਾਕਤਵਰ ਬੰਦਾ ਨਹੀਂ। ਮੇਰੇ ਗੁਰੂ ਦੇ ਪਿਆਰੇ ਚਪੇ ਚਪੇ ਤੇ ਬੈਠੇ ਹਨ। ਸਾਰੇ ਪੰਜਾਬ 'ਚ ਉਹਨਾਂ ਦਾ ਜਾਲ ਵਿਛਿਆ ਹੋਇਐ। ਭਾਵੇਂ ਉਹ ਕੇਸਧਾਰੀ ਹਨ ਤੇ ਭਾਵੇਂ

ਉਹ ਸਹਿਜਧਾਰੀ ਤੇ ਭਾਵੇਂ ਸੂਫੀ ਫਕੀਰ। ਇਹ ਸਾਰੇ ਖਾਲਸੇ ਦੀ ਬਰਾਦਰੀ ਹਨ। ਇਹਨਾਂ ਦੋਹਾਂ ਸੂਰਮਿਆਂ ਦਾ ਸਾਥੋਂ ਵੱਖਰੇ ਜਾਣਾ ਹੀ ਚੰਗਾ ਹੈ। ਪਰ ਸਾਡੀਆਂ ਤਾਰਾਂ ਇਹਨਾਂ ਨਾਲ ਜੁੜੀਆਂ ਰਹਿਣਗੀਆਂ, ਸਾਡਾ ਘੇਰਾ ਇਹਨਾਂ ਦੇ ਦੁਆਲੇ, ਝੁੰਗਲਮਾਟਾ ਮਾਰ ਕੇ ਨਾਲ ਨਾਲ ਤੁਰਦਾ ਜਾਊ। ਕਿਉਂ ਨਾਥ ਜੀ, ਮੇਰੇ ਵਿਚਾਰਾਂ ਨਾਲ ਤੁਹਾਡੇ ਵਿਚਾਰ ਰਲਦੇ ਹਨ। ਜੋਗਾ ਆਖ ਰਿਹਾ ਸੀ।

—ਬਿਧੀ ਚੰਦੀਏ ਏਸ ਗੱਲੋਂ ਉਸਤਾਦ ਹਨ। ਇਹ ਇਹਨਾਂ ਤੇ ਗੁਰੂ ਦੀ ਬਖਸ਼ਿਸ਼ ਏ। ਕਿਸੇ ਨੂੰ ਝਕਾਣੀ ਦੇਣੀ, ਕਿਸੇ ਨੂੰ ਕੁਰਾਹੇ ਪਾਉਣਾ ਤੇ ਫੇਰ ਮੁੜਕੇ ਆਪਣੀ ਪਕੜ ਵਿਚ ਲੈ ਆਣਾ ਬਿਧੀ ਚੰਦੀਆਂ ਦੇ ਖੱਬੇ ਹੱਥ ਦਾ ਕੰਮ ਏ। ਨਾਥ ਦੇ ਬੋਲ ਸਨ।

ਭਾਵੇਂ ਰੇਤ ਗਰਮ ਸੀ ਪਰ ਜੋਸ਼ ਦਾ ਉਬਾਲ, ਹਿੰਮਤ ਜਵਾਂ ਮਰਦੀ, ਵਲਵਲਾ, ਜਨੂੰਨ, ਖਿਦਮਤੇ ਕੌਮ ਅਗੇ ਰੇਤ ਦਾ ਦਰਿਆ ਕੀ ਕਹਿੰਦਾ ਏ।

ਇਹ ਤਪਦੀ ਧਰਤੀ ਠੰਡੇ ਪਾਣੀ ਦਾ ਸੋਮਾਂ ਜਾਪਦੀ ਏ। ਜਾ ਰਹੇ ਸਨ ਸੂਰਮੇ, ਆਪਣੀ ਮੰਜ਼ਲ ਵਲ। ਦੋ ਦਿਨਾਂ ਦਾ ਪੈਂਡਾ ਉਹਨਾਂ ਇਕ ਦਿਨ ਵਿਚ ਮੁਕਾਇਆ। ਬਲਵਾਨ ਊਠਾਂ ਦੀ ਸ਼ਕਤੀ ਨਾਲ।

ਜੋਸ਼ ਸੂਰਜ ਦੇ ਜਲਾਲ ਵਾਂਗੂ ਵਧਦਾ ਜਾ ਰਿਹਾ ਸੀ।

ਅਣਖੀ ਯੋਧੇ

ਸਿਰਲੱਥ ਅਣਖੀ, ਸਿਰੜੀ, ਤਲੀ ਤੇ ਸਿਰ ਰੱਖਕੇ ਨਿਕਲੇ ਯੋਧੇ ਮੌਤ ਨੂੰ ਟਿਚਕਰਾਂ ਕਰਨ। ਜਦੋਂ ਕੋਈ ਬੰਦਾ ਤਹੱਈਆ ਕਰ ਲਏ, ਫਤਿਹ ਉਹਦੇ ਪੈਰ ਚੁੰਮਦੀ ਏ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਘੋੜਿਆਂ ਨੂੰ ਥਾਪੀਆਂ ਦੇ ਰਹੇ ਸਨ ਤੇ ਘੋੜੇ ਬੁਕਦੇ, ਨੱਚਦੇ-ਟੱਪਦੇ ਰੇਤ ਦਾ ਸਮੁੰਦਰ ਪਾਰ ਕਰ ਰਹੇ ਸਨ।

—ਸ਼ੇਰ ਬਣ ਜਾਉ ਪੁੱਤਰੋ, ਅਸਾਂ ਤੁਹਾਡੇ ਹੀ ਸਿਰ ਤੇ ਬੇੜਾ ਚੁਕਿਐ। ਸਾਨੂੰ ਬੰਨੇ ਲਾਉਣਾ ਤੁਹਾਡਾ ਈ ਕੰਮ ਏ। ਤੁਹਾਡੀ ਸਾਡੀ ਭਾਜੀ ਬਹੁਤ ਪੁਰਾਣੀ ਏ। ਤੁਹਾਡਾ ਸਾਡਾ ਸਾਕ ਅਜ਼ਲ ਤੋਂ ਤੁਰਿਆ ਆਉਂਦਾ ਏ। ਸਾਡੀ ਲਾਜ ਤੁਹਾਡੇ ਹੱਥ ਏ। ਸੁੱਖਾ ਸਿੰਘ ਦੇ ਬੋਲ ਸਨ।

ਕੰਨ ਖੜੇ ਕਰ ਲਏ ਘੋੜਿਆਂ ਤੇ ਫੂੰਕਾਰੇ ਮਾਰੇ।

—ਵੇਖਿਆ ਈ ਸੁੱਖਾ ਸਿੰਘ, ਘੋੜੇ ਵੀ ਤੇਰੀ ਜ਼ਬਾਨ ਸਮਝਦੇ ਹਨ। ਇਹ ਬੇਜ਼ਬਾਨ ਵੀ ਆਜ਼ਾਦ ਹਵਾ ਵਿਚ ਰਹਿਣਾ ਚਾਹੁੰਦੇ ਹਨ। ਇਹ ਜਾਣਦੇ ਹਨ ਕਿ ਸਾਡੀ ਧਰਤੀ ਗੁਲਾਮ ਏ। ਸਾਡੀ ਰੂਹ ਸੰਗਲਾਂ ਵਿਚ ਜਕੜੀ ਹੋਈ ਏ। ਸਾਡੀ ਆਤਮਾ ਦੂਜਿਆਂ ਦੇ ਹੱਥਾਂ ਵਿਚ ਵਿਕਦੀ ਏ। ਇਹ ਜ਼ਮੀਨ ਸਾਡੀ ਏ, ਮਕਾਨ ਸਾਡੇ ਹਨ, ਤਖਤ ਸਾਡਾ ਏ, ਅਨਾਜ ਸਾਡਾ, ਹਵਾ ਸਾਡੀ ਤੇ ਫੇਰ ਹਕੂਮਤ ਕਿਉਂ ਗੈਰ ਦੀ ਹੋਵੇ। ਮੁਲਕ ਸਾਡਾ ਤੇ ਹੁਕਮ ਗੈਰਾਂ ਦਾ। ਅਸਾਂ ਹਕੂਮਤ ਦਾ ਲੱਕ ਤੋੜਨਾ ਏਂ ਤੇ ਆਪਣੀ ਹਕੂਮਤ ਬਨਾਉਣੀ ਏ, ਵਾਹਿਗੁਰੂ ਦੇ ਆਸਰੇ ਤੇ। ਅਸੀਂ ਕੋਈ ਅਨਹੋਣੀ ਗੱਲ ਤੇ ਨਹੀਂ ਕਰਦੇ ਆਪਣਾ ਹੱਕ ਮੰਗਦੇ ਹਾਂ। ਆਪਣੀ ਭੋਂ ਵਿਚ ਜੋ ਕੁਝ ਉਗੇ ਉਹ ਸਾਡਾ ਹੀ ਰਹੇ ਕੋਈ ਲੁਟ ਪੁਟਕੇ ਨਾ ਲੈ ਜਾਏ। ਸਾਡੇ ਬੱਚੇ ਵਿਲੂੰ ਵਿਲੂੰ ਕਰਦੇ ਰਹਿਣ ਤੇ ਇਹ ਕਾਬਲੀ ਬਘਿਆੜ ਸਭ ਕੁਛ ਛਕ ਜਾਣ। ਅਸੀਂ ਇਹ ਬੇੜਾ ਚੁਕਿਆ ਏ। ਹੁਣ ਗੁਰੂ ਈ ਸਾਨੂੰ ਏਸ ਖੇਡ ਵਿਚੋਂ ਪੁਗਾ ਸਕਦਾ ਏ। ਮਹਿਤਾਬ ਸਿੰਘ ਆਖਣ ਲੱਗਾ।

ਘੋੜੇ ਆਪਣੀ ਰਫਤਾਰ 'ਚ ਜਾ ਰਹੇ ਸਨ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੋਵੇਂ ਮਗਨ ਹੋ ਗਏ ਬਾਣੀ ਵਿਚ।

ਸੁੱਖਾ ਸਿੰਘ ਨੇ ਇਕ ਵਾਰ ਵਿਚਾਰ ਕੀਤੀ—ਸਾਡਾ ਹਰਿਮੰਦਰ ਤੇ ਉਹਦੀ ਇਹ ਦੁਰਦਸ਼ਾ। ਇਹੋ ਜਿਹੇ ਜੀਵਨ ਨਾਲੋਂ ਡੁੱਬ ਮਰਨਾ ਚੰਗਾ ਏ। ਸਾਡਾ ਹਰਿਮੰਦਰ, ਗੁਰੂ ਨਗਰੀ, ਗੁਰੂ ਧਾਮ, ਸਾਰੇ ਧਰਮ ਕੇਂਦਰ, ਹਰਿਮੰਦਰ ਦੇ ਕਲਸ, ਉਹਦੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਪਏ।

ਮਹਿਤਾਬ ਸਿੰਘ ਬੋਲਿਆ—ਕੀ ਸੋਚ ਰਿਹੈ ਸੁੱਖਾ ਸਿਆਂ।

—ਮੈਂ ਸੋਚ ਰਿਹਾ ਹਾਂ, ਗੁਰੂਆਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹਰਿਮੰਦਰ ਪ੍ਰਗਟ ਹੋਇਆ ਤੇ ਮੱਸੇ ਰੰਘੜ ਨੇ ਆਪਣੀ ਮੱਲ ਗੁਜ਼ਾਰ ਬਣਾ ਲਈ। ਮੱਸਾ ਰੰਘੜ ਹੁਣ ਜੀਉਂ ਸਕੂ ? ਖੇਂਖਾਂ ਪਾੜਕੇ ਸਾਹ ਲੈਣੇ। ਵਰ੍ਹਾਛਾਂ ਚੀਰਿਆਂ ਬਿਨਾਂ ਮੰਜੇ ਤੇ ਨਹੀਂ ਸੌਣਾ। ਧੌਣ ਲਾਹ ਕੇ ਜਥੇਦਾਰ ਦੇ ਸਾਹਮਣੇ ਹਾਜ਼ਰ ਕਰਨੀ ਏਂ। ਭਾਵੇਂ ਇਹ ਕਾਇਆ ਰਹੇ ਭਾਵੇਂ ਨਾ ਰਹੇ। ਬਚਨ ਕੀਤਾ ਏ, ਪੂਰਾ ਕਰਨਾ ਏ। ਸੁੱਖਾ ਸਿੰਘ ਦੇ ਬੋਲ ਸਨ।

ਮਹਿਤਾਬ ਸਿੰਘ ਨੇ ਉਤਰ ਦਿਤਾ,—ਭਰੇ ਦੀਵਾਨ ਵਿਚ ਤਲਵਾਰ ਚੁੱਕੀ ਏ। ਗੁਰੂ ਦੇ ਆਸਰੇ ਤੇ ਗੁਰੂ ਦਾ ਧਿਆਨ ਧਰਕੇ ਮੱਸੇ ਦੀ ਧੌਣ ਮਰੋੜਨੀ ਏ। ਜੇ ਕਿਧਰੇ ਨਜ਼ਰੀਂ ਪੈ ਗਿਆ ਤੇ ਕੁੱਕੜ ਵਾਂਗੂੰ ਉਹਦਾ ਗਾਟਾ ਲਾਹ ਸੁਟਾਂਗੇ। ਚਲੋ ਤਾਂ ਹਾਂ ਗੁਰੂ ਦੀ ਮਾਲਾ ਫੇਰਦੇ। ਇਹ ਲਾਜ ਗੁਰੂ ਦੇ ਹੱਥ ਈ ਏ। ਸੁੱਖਾ ਸਿਹਾਂ, ਮੈਂ ਤੇ ਇਹ ਪ੍ਰਣ ਕਰਕੇ ਚਲਿਆ ਹਾਂ "ਮੋਹੇ ਮਰਨੇ ਕਾ ਚਾਓ ਹੈ, ਮਰੂੰ ਤੋਂ ਹਰਿ ਕੇ ਦੁਆਰ।"

—ਬੱਸ ਏਨੀ ਅਰਦਾਸ ਏ, ਪੂਰੀ ਹੋ ਜਾਏ ਸਾਨੂੰ ਜ਼ਿੰਦਗੀ ਮਿਲ ਗਈ। ਏਨ੍ਹਾ ਜਾਨਵਰਾਂ ਵਾਂਗੂੰ ਸਾਰੇ ਜ਼ਿੰਦਗੀ ਭੋਗਦੇ ਹਨ ਇਹ ਭਾਰਤ ਵਰਸ਼ ਵਾਲੇ। ਇਹ ਜੀਊਣਾ ਕੋਈ ਜੀਊਣਾ ਏ "ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ।"

ਰਾਮਰੌਣੀ

—ਮਹਿਤਾਬ ਸਿਹਾਂ, ਹਰਿਮੰਦਰ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਿਹਾ ਏ। ਜਦੋਂ ਮੈਂ ਬਾਲ ਸਾਂ ਤੇ ਆਪਣੇ ਬਾਬੇ ਨਾਲ ਹਰਿਮੰਦਰ ਦੇ ਦਰਸ਼ਨਾਂ ਨੂੰ ਜਾਇਆ ਕਰਦਾ ਸਾਂ। ਬਾਬਾ ਉਂਗਲੀ ਲਾਕੇ ਮੈਨੂੰ ਮੱਥਾ ਟੇਕਣ ਲੈ ਜਾਇਆ ਕਰਦਾ ਸੀ। ਉਹ ਨਕਸ਼ਾ ਹੁਣ ਮੇਰੀਆਂ ਅੱਖਾਂ ਸਾਹਮਣੇ ਆ ਰਿਹੈ।

—ਆਹੋ ਬਈ ਮੈਂ ਵੀ ਬਾਬੇ ਨਾਲ ਜਾਇਆ ਕਰਦਾ ਸਾਂ। ਜਿਦਾਂ ਤਾਜ ਹੋਵੇ ਗੁਰੂ ਦੀ ਨਗਰੀ ਤੇ ਵਿਚ ਹੀਰਾ ਜੜਿਆ ਹੋਵੇ ਹਰਿਮੰਦਰ। ਮੇਰਾ ਬਾਬਾ ਤੇ ਆਖਿਆ ਕਰਦਾ ਸੀ, ਅੰਮ੍ਰਿਤਸਰ ਇਕ ਮਾਲਾ ਏ. ਸਿਰਮੌਰ ਏ ਹਰਿਮੰਦਰ। ਸਰੀਰ ਗੁਰੂ ਦੀ ਨਗਰੀ ਏ ਤੇ ਸੀਸ ਏ ਹਰਿਮੰਦਰ। ਮਹਿਤਾਬ ਸਿੰਘ ਦੀ ਆਵਾਜ਼ ਗੂੰਜੀ।

—ਮੈਂ ਤੈਨੂੰ ਸੁਣਾਉਂਦਾ ਹਾਂ ਜਿਹੜੀ ਕਥਾ ਮੇਰਾ ਬਾਬਾ ਮੈਨੂੰ ਸੁਣਾਇਆ ਕਰਦਾ ਸੀ।

—ਜ਼ਰੂਰ ਸੁਣਾ ਮੇਰੇ ਹਮਦਮ, ਮੇਰੇ ਦੋਸਤ, ਮੇਰੇ ਵੀਰ, ਮੇਰੇ ਜੋੜੀਦਾਰ, ਮੇਰੇ ਹਮਸਫਰ, ਮੇਰੇ ਸਾਥੀ ਅਸੀਂ ਕੌਮ ਦੀ ਇੱਜ਼ਤ ਲੈ ਕੇ ਨਿਕਲੇ ਹਾਂ। ਕੌਮ ਨੇ ਸਾਨੂੰ ਪੱਗ ਬਨ੍ਹਾਈ ਏ। ਉਹਦੀ ਲਾਜ ਰਖਣੀ ਏਂ, ਅਸਾਂ ਆਪਣੀ ਜਾਨ ਦੀ ਬਾਜ਼ੀ ਲਾਕੇ।

—ਸੁਣਾ ਸੁੱਖਾ ਸਿੰਹਾਂ, ਗੁਰ ਮਹਿਮਾ ਸੁਣਾ। ਮਹਿਤਾਬ ਸਿੰਘ ਆਖਣ ਲੱਗਾ।

ਸੁੱਖਾ ਸਿੰਘ ਬੋਲਿਆ,—ਚਬੁਰਜੀ, ਦਬੁਰਜੀ ਤੇ ਰਾਮਰੌਣੀ ਸ਼ੇਰ ਸ਼ਾਹ ਸੂਰੀ ਨੇ ਸ਼ਹਿਰਾਂ ਦੀ ਹੱਦ ਬੰਨ੍ਹੀ ਤੇ ਬੁਰਜੀਆਂ ਬਣਾਈਆਂ, ਸੜਕਾ ਵੀ ਉਸੇ ਦੀ ਕਾਢ ਹਨ। ਮੇਰਾ ਬਾਬਾ ਵੀ ਆਖਿਆ ਕਰਦਾ ਸੀ ਕਿ ਬੁਰਜੀਆਂ ਇਸ ਲਈ ਬਣਾਈਆਂ ਸਨ ਕਿ ਕੋਈ ਝਗੜਾ ਖੜਾ ਨਾ ਹੋਏ। ਹਮਸਾਏ ਆਪੋ ਵਿਚ ਭੈਣ ਭਰਾਵਾਂ ਵਾਂਗੂ ਰਹਿਣ। ਪਹਿਲੇ ਦੋ ਨਾਂ ਸ਼ੇਰ ਸ਼ਾਹ ਸੂਰੀ ਦੀ ਦੇਣ ਹਨ, ਜਿਹਨਾਂ ਸ਼ਹਿਰਾਂ ਦੀ ਹੱਦ ਪੱਕੀ ਕੀਤੀ ਤੇ ਤੀਜਾ ਨਾਂ ਮਿਸਲਾਂ ਦੇ ਰਾਠ ਸਰਦਾਰਾਂ ਨੇ ਕਿੱਲੇ ਗੱਡੇ ਤੇ ਗੜ੍ਹੀ ਬਣਾਈ ਤੇ ਅੰਮ੍ਰਿਤਸਰ ਦੀ ਹੱਦ ਪੱਕੀ ਕਰ ਦਿੱਤੀ। ਹੁਣ ਅੰਮ੍ਰਿਤਸਰ ਇਹ ਸਾਰੀਆਂ ਹੱਦਾਂ ਪਾਰ ਕਰ ਚੁੱਕਾ ਏ।

ਹੁਣ ਸੁਣ ਆਪਣੇ ਰਾਠ ਸਰਦਾਰਾਂ ਦੀ ਕਥਾ। ਜਸਾ ਸਿੰਘ ਰਾਮਗੜੀਆ ਜਲੰਧਰ ਦੇ ਸੂਬੇ ਅਦੀਨਾ ਬੇਗ ਦਾ ਨੌਕਰ ਸੀ। ਅਦੀਨਾ ਬੇਗ ਲਾਹੌਰ ਦੇ ਸੂਬੇ ਦੇ ਅਧੀਨ ਸੀ। ਲਾਹੌਰੀ ਹੁਕਮ ਚੜ੍ਹਿਆ ਸਰਕਾਰੀ। ਅੰਮ੍ਰਿਤਸਰ ਦੀ ਇੱਟ ਨਾਲ ਇੱਟ ਵਜਾ ਦਿਓ। ਅਦੀਨਾ ਬੇਗ ਨੇ ਜੱਸਾ ਸਿੰਘ ਰਾਮਗੜੀਏ ਨੂੰ ਦਰਬਾਰ ਵਿਚ ਸੱਦ ਕੇ ਸ਼ਾਹੀ ਖ਼ਿਲਤ ਪਹਿਨਾਈ ਤੇ ਉਹਦੀ ਕਮਰ 'ਚੋਂ ਤਲਵਾਰ ਖੋਹਲ ਲਈ ਤੇ ਆਪਣੇ ਲੱਕ ਦੁਆਲਿਓਂ

ਆਪਣੀ ਤਲਵਾਰ ਲਾਹੀ ਤੇ ਜੱਸਾ ਸਿੰਘ ਦੀ ਕਮਰ ਨਾਲ ਬੰਨ੍ਹ ਦਿੱਤੀ ਤੇ ਆਖਿਆ,—ਜੇ ਤੂੰ ਅੰਮ੍ਰਿਤਸਰ ਫਤਹਿ ਕਰ ਦੇਵੇਂ ਤੇ ਦੁਆਬੇ ਵਿਚ ਜਿਹੜੇ ਚਾਰ ਪਿੰਡ ਤੂੰ ਆਖੇਂ ਜਾਂ ਜਿਹਦੇ ਤੇ ਤੇਰੇ ਭਰਾ, ਭਾਈ, ਸ਼ਰੀਕ ਉਂਗਲ ਰੱਖਣ ਤੈਨੂੰ ਬਖ਼ਸ਼ ਦਿੱਤੇ ਜਾਣਗੇ। ਇਕ ਘੋੜਾ ਦਿੱਤਾ ਅਰਬੀ, ਨੱਚਦਾ-ਟੱਪਦਾ ਤੇ ਨਾਲ ਵਾਧੂ ਥਾਪਨਾ ਵੀ ਦਿੱਤੀ। ਜੇ ਮੂਜ਼ੀ ਮਾਰ ਆਇਓਂ ਤੇ ਤੇਰੀ ਚੋਧਰ ਪੱਕੀ, ਪਿਆ ਸੱਤ ਪੁਸ਼ਤਾਂ ਖਾਈਂ। ਜੱਸਾ ਸਿੰਘ ਸ਼ੇਰ ਹੋ ਗਿਆ ਏਨੀ ਗੱਲ ਵਿਚ ਈ। ਚੜ੍ਹੀ ਫ਼ੌਜ ਦੁਆਬੇ ਦੀ ਤੇ ਉਹਨਾਂ ਅੰਮ੍ਰਿਤਸਰ ਨੂੰ ਜਾ ਘੇਰਿਆ। ਮੁਆਸਰਾ ਘੱਤ ਲਿਆ। ਖਾਲਸੇ ਦਾ ਅੰਨ ਪਾਣੀ ਬੰਦ ਕਰ ਦਿੱਤਾ। ਅੱਗੋਂ ਸਿੰਘ ਕਿਹੜੇ ਕਿਸੇ ਦੀ ਪੀੜ੍ਹੀ ਥੱਲੇ ਨ੍ਹਾਤੇ ਹੋਏ ਸਨ। ਉਹਨਾਂ ਵੀ ਖੁਲ੍ਹੇ ਮੈਦਾਨ 'ਚ ਤੇਗ ਵਾਹੀ ਤੇ ਖ਼ੂਬ ਆਹੂ ਲਾਹੇ। ਤਹਿ ਬਿਠਾ ਦਿਤੀ ਪਰ ਦੂਜੇ ਹਮਲੇ ਵਿਚ ਉਹਨਾਂ ਵੇਖਿਆ ਕਿ ਮੁਕਾਬਲਾ ਭਾਰੀ ਏ, ਸਾਡਾ ਧੜਾ ਕਮਜ਼ੋਰ ਏ। ਦੁਸ਼ਮਨ ਕੋਲ ਤੋਪਾਂ ਵੀ ਹਨ। ਸਿੰਘ ਰਾਮਰੌਣੀ ਦੀ ਕੱਚੀ ਗੜ੍ਹੀ ਵਿਚ ਜਾ ਲੁਕੇ। ਜਸਾ ਸਿੰਘ ਨੇ ਸਮਝਿਆ ਕਿ ਹੁਣ ਸ਼ਾਮਤ ਆਈ। ਖਾਲਸਾ ਨਵੇਂ ਹਮਲੇ ਦੀ ਤਿਆਰੀ ਕਰ ਰਿਹਾ ਏ। ਇਹਦੀ ਬੂਥੀ ਭੰਨਣੀ ਕੋਈ ਮਖ਼ੌਲ ਨਹੀਂ। ਪਰ ਸਿੰਘਾਂ ਨੇ ਤੇ ਅੰਮ੍ਰਿਤਸਰ ਨੂੰ ਗੁਰੂ ਦੇ ਆਸਰੇ ਤੇ ਛੱਡ ਦਿਤਾ। ਦੁਆਬੇ ਦੀ ਫ਼ੌਜ ਨੇ ਅੰਮ੍ਰਿਤਸਰ ਤੋਂ ਦਾਣੇ ਲੈਣੇ ਸਨ। ਉਹ ਤੇ ਕਿਲੇ ਦੇ ਬੂਹੇ ਅਗੇ ਧਰਨਾ ਮਾਰਕੇ ਬਹਿ ਗਏ। ਸਿੰਘਾਂ ਨੇ ਦੜ ਵੱਟ ਲਈ, ਰਾਤ ਲੰਘ ਗਈ। ਦਿਨ ਅਜੇ ਚੜ੍ਹਿਆ ਨਹੀਂ ਸੀ। ਦੁਆਬੇ ਦੀ ਫੌਜ ਨੇ ਖ਼ੂਨੀ ਹਮਲਾ ਕੀਤਾ। ਖਾਲਸੇ ਨੇ ਮਾੜਾ ਜਿਹਾ ਬੂਹਾ ਖੋਹਲ ਕੇ ਹੱਲਾ ਖੇਡਿਆ। ਧੰਨ ਖਾਲਸਾ—ਧੰਨ ਗੁਰੂ। ਤੋਪ ਨੇ ਵੀ ਅੱਗ ਵਰ੍ਹਾਈ। ਡੈਣ ਮੂੰਹ ਅੱਡੀ ਬੈਠੀ ਸੀ, ਕਲ-ਜੀਭੀ ਦਾ ਢਿੱਡ ਹੀਂ ਨਹੀਂ ਸੀ ਭਰਦਾ। ਉਹ ਕੁਲਹਿਣੀ ਸਿੰਘਾਂ ਦਾ ਅੱਧਾ ਜਥਾ ਖਾ ਗਈ ਪਰ ਸਿੰਘਾਂ ਨੇ ਦਿਲ ਨਾ ਹਾਰਆ। ਹੌਂਸਲਾ ਨਾ ਛੱਡਿਆ। ਗੁਰੂ ਦੇ ਚੇਲਿਆਂ ਦੇ ਇਰਾਦੇ ਬਹੁਤ ਬੁਲੰਦ ਸਨ। ਸ਼ਾਮ ਢਲੀ, ਰਾਤ ਸਿਰ ਤੇ ਆਈ। ਰਾਤ ਰਾਣੀ ਨੇ ਸਿੰਘਾ ਦੇ ਪਰਦੇ ਢੱਕ ਦਿਤੇ। ਗੁਰੂ ਨੇ ਲਾਜ ਰੱਖ ਲਈ। ਸਿੰਘਾਂ ਦਾ ਜਲਾਲ ਉਡਾ ਕਿੱਡਾ ਈ ਬਣਿਆ ਰਿਹਾ।

ਜਦ ਲਹੂ ਦੀਆਂ ਛਪੜੀਆਂ ਲੱਗੀਆਂ ਵੇਖੀਆਂ ਜੱਸਾ ਸਿੰਘ ਨੇ ਤੇ ਕਲੇਜਾ ਫੜਕੇ ਬਹਿ ਗਿਆ। ਇਹ ਕੀ ਸਿੰਘਾਂ ਦਾ ਲਹੂ ਮੇਰੇ ਭਰਾਵਾਂ ਦੀ ਰੱਤ। ਮੈਂ ਇਹ ਕੀ ਲੋਹੜਾ ਮਾਰਿਆ ਏ। ਮੇਰੀ ਮੱਤ ਕਿਉਂ ਮਾਰੀ ਗਈ। ਮੁਗਲਾਂ ਦੇ ਅੰਨ ਨੇ ਮੇਰੀ ਬੁੱਧੀ ਮਲੀਨ ਕਰ ਦਿਤੀ ਏ। ਸਾਰੀ ਰਾਤ ਜਸਾ ਸਿੰਘ ਨੂੰ ਨੀਂਦ ਨਾ ਆਈ। ਉਬਾਸੀਆਂ ਲੈ ਲੈ ਕੇ ਰਾਤ ਕੱਟੀ। ਸੋਚਾਂ 'ਚ ਪੈ ਗਿਆ ਰਾਮਗੜ੍ਹੀਆ ਸਰਦਾਰ। ਬਰਾਦਰੀ ਨੇ ਮੈਨੂੰ ਪਿੰਡ ਵਿਚੋਂ ਛੇਕਿਆ ਸੀ—ਇਹਦੇ ਵਿਚ ਮੇਰੇ ਪਿੰਡ ਦਾ ਕਸੂਰ ਏ, ਮੇਰੇ ਭਰਾਵਾਂ ਦਾ ਦੋਸ਼ ਏ, ਇਹਦੇ ਵਿਚ ਸਿੰਘਾਂ ਦਾ ਕੀ ਦੋਸ਼ ? ਮੈਂ ਪਾਪੀ ਹਾਂ, ਮੈਂ ਗੁਨਾਹਗਾਰ ਹਾਂ, ਮੈਂ ਜ਼ਾਲਮ ਹਾਂ, ਮੈਂ ਦੇਸ਼ ਧਰੋਹੀ ਹਾਂ। ਮੈਂ ਆਪਣੇ ਭਰਾਵਾਂ ਦੇ ਲਹੂ ਨਾਲ ਹੱਥ ਰੰਗੇ ਹਨ। ਮੈਂ ਸਮਝਿਆ ਸੀ ਕਿ ਮਹਿੰਦੀ ਲਾ ਰਿਹਾ ਹਾਂ—ਫਤਿਹ ਦਾ ਸਿਹਰਾ ਬੰਨ੍ਹਣ ਲਈ। ਫਤਿਹ ਗੁਰੂ ਦੀ ਨਗਰੀ ਨੂੰ ਢਹਿ ਢੇਰੀ ਕਰਕੇ—ਲੱਖ ਲਾਹਨਤ ਤੇਰੇ ਜੀਊਣ ਤੇ। ਡੁੱਬ ਮਰ ਕਮੀਨੇ। ਤੈਨੂੰ ਕਿਹੜੇ ਜੁੱਗ ਢੋਈ ਮਿਲੂ। ਤੂੰ ਤੇ ਕੁੱਤੇ ਜਿੰਨੀ ਵੀ ਲਾਜ ਨਹੀਂ ਪਾਲੀ। ਆਹ ਖੰਨੀ ਰੋਟੀ ਦੇ ਬਦਲੇ, ਸਿੰਘਾਂ ਦਾ ਨ੍ਹਾਉਣ ਕੀਤਾ ਈ। ਜਸਾ ਸਿੰਘ ਨੂੰ ਇਕ ਕੰਬਣੀ ਜਿਹੀ ਆਈ। ਉਹਦਾ ਸਰੀਰ ਕੰਬਿਆ। ਮੈਂ ਕੀ ਮੂੰਹ ਲੈ ਕੇ ਜਾਵਾਂਗਾ—ਦਸਮੇਸ਼ ਪਿਤਾ ਸਾਹਮਣੇ। ਮਰਨਾ ਤੇ ਮੈਂ ਵੀ

ਏ, ਮੈਂ ਕੋਈ ਇੱਟ ਤੇ ਨਹੀਂ ਲਾਈ ਹੋਈ। ਮੁਗਲਾਂ ਨੇ ਮੈਨੂੰ ਪਟਾ ਤੇ ਨਹੀਂ ਲਿਖਵਾ ਦਿਤਾ। ਮੈਂ ਮੁਗਲਾਂ ਦੀਆਂ ਬਾਰਾਂ ਦਰੀਆਂ ਦੀ ਹਵਾ ਨਹੀਂ ਭਖਣੀ। ਮੈਨੂੰ ਤੇ ਉਥੇ ਕਿਸੇ ਨੇ ਨਿੱਛ ਨਹੀਂ ਮਾਰਨ ਦੇਣੀ। ਬਹੁਤ ਵੱਡੀ ਗਲਤੀ ਹੋਈ ਏ। ਏਡੀ ਵੱਡੀ ਭੁਲ ਕੀ ਇਹ ਬਖਸ਼ੀ ਜਾਏਗੀ? ਉਹਦੀ ਅਣਖ ਜਾਗੀ ਉਹਦੀ ਆਤਮਾ ਬਲਵਾਨ ਹੋਈ। ਉਹਨੂੰ ਉਹਦੇ ਅੰਦਰੋਂ ਲਾਹਨਤਾਂ ਪਈਆਂ, ਫਿਟਕਾਂ ਨੇ ਉਹਦਾ ਮੂੰਹ ਭ੍ਰਿਸ਼ਟ ਦਿਤਾ। ਉਹਨੂੰ ਇਕ ਕਾਂਬਾ ਜਿਹਾ ਛਿੜਿਆ। ਉਸ ਇਕ ਭੂਆਂਟਣੀ ਖਾਧੀ। ਮੈਂ ਗੁਰੂ ਦਾ ਸਿੱਖ ਹਾਂ। ਦਿਨੇ ਭੁਲਿਆ ਜੇ ਰਾਤੀ ਘਰ ਆ ਜਾਏ ਤੇ ਉਹਨੂੰ ਭੁਲਿਆ ਨਹੀਂ ਆਖਦੇ। ਉਸ ਆਪਣੀ ਕਮਾਨ ਕੱਢੀ, ਚਿੱਲਾ ਚੜ੍ਹਾਇਆ ਤੇ ਇਕ ਤੀਰ ਅੱਧੀ ਰਾਤੀਂ ਰੁੱਕਾ ਬੰਨ੍ਹ ਕੇ ਰਾਮਰੌਣੀ ਵਿਚ ਮਾਰਿਆ। ਸਿਘ ਕਿਹੜੇ ਸੁੱਤੇ ਹੋਏ ਸਨ। ਉਹ ਤੀਰ ਸਿੰਘਾਂ ਦੇ ਹੱਥ ਆ ਗਿਆ।

—ਕੀ ਲਿਖਿਆ ਹੋਇਆ ਸੀ, ਉਹਦੇ ਵਿਚ? ਮਹਿਤਾਬ ਸਿੰਘ ਬੋਲਿਆ।

—ਕਾਲਖ ਲੱਗੀ ਦਾਹੜੀ ਧੋਣੀ ਚਾਹੁੰਦਾ ਸੀ, ਹੋਰ ਕੀ ਹੋਣੈ ਉਹਦੇ ਵਿਚ।

—ਸੱਜਣ ਠੱਗ ਵਰਗੇ ਗੁਰੂ ਘਰ ਵਿਚ ਤਰ ਗਏ ਇਹਦੀ ਤੇ ਭੁੱਲ ਖਾਲਸਾ ਈ ਬਖਸ਼ ਸਕਦੈ।

—ਮੈਨੂੰ ਇਕ ਇਕ ਸ਼ਬਦ ਯਾਦ ਏ ਜਿਹੜਾ ਮੇਰੇ ਬਾਬੇ ਨੇ ਮੈਨੂੰ ਦਸਿਆ ਸੀ। ਸੁਣ ਲੈ, ਗੁਰੂ ਤੋਂ ਬੇਮੁੱਖ ਹੋਇਆ ਜੇ ਫੇਰ ਵੀ ਰਾਹ ਤੇ ਆ ਜਾਏ ਤੇ ਮਹਾਂ ਸਿੰਘ ਵਾਂਗੂੰ ਬੇਦਾਵਾ ਲੀਰੋ ਲੀਰ ਕੀਤਾ ਜਾ ਸਕਦਾ ਏ। ਗੁਰੂ ਟੁੱਟਿਆਂ ਨੂੰ ਜੋੜਦਾ ਆਇਆ।

—ਸੁੱਖਾ ਸਿੰਘ, ਤੇਰੇ ਬਾਬੇ ਨੇ ਜਿਹੜੀ ਗੱਲ ਆਖੀ ਏ, ਉਹ ਪੱਥਰ ਤੇ ਲੀਕ ਏ। ਬੋਲ ਮਹਿਤਾਬ ਸਿੰਘ ਦੇ ਸਨ।

ਸੁੱਖਾ ਸਿੰਘ ਬੋਲਿਆ,—ਰੁੱਕੇ 'ਚ ਲਿਖਿਆ ਸੀ, ਮੈਂ ਤੁਹਾਡਾ ਭਰਾ ਹਾਂ, ਮੈਂ ਵਿਛੜੇ ਭਰਾਵਾਂ ਦੇ ਗਲ ਲਗਣਾ ਚਾਹੁੰਦਾ ਹਾਂ। ਮੈਂ ਤਨਖਾਹੀਆ ਹਾਂ—ਮੈਨੂੰ ਇਜਾਜ਼ਤ ਦਿਓ। ਮੈਂ ਜੁਆਬ ਦੀ ਇੰਤਜ਼ਾਰ ਨਹੀਂ ਕਰ ਸਕਦਾ। ਹੁਣ ਵਕਤ ਨਹੀਂ। ਮੈਂ ਪਹੁ ਫੁਟਦਿਆਂ ਸੂਰਜ ਟਿੱਕੀ ਉਗਦਿਆਂ ਇਕ ਹਮਲਾ ਕਰਾਂਗਾ। ਪਹਿਲਾਂ ਤੁਸੀਂ ਮੇਰੇ ਹਮਲੇ ਦੇ ਬੁਥਾੜ ਸੇਕਣੇ। ਮੂੰਹ ਭੰਨਣਾ। ਸਾਡੀ ਵਲੋਂ ਕੋਈ ਵਾਧਾ ਨਹੀਂ ਹੋਵੇਗਾ। ਮੈਂ ਇਹਨਾਂ ਹਾਕਮਾਂ ਦੀਆਂ ਅੱਖਾਂ ਵਿਚ ਘੱਟਾ ਪਾਉਣੈ। ਜਦ ਦੁਆਬੇ ਦੀ ਫੌਜ ਭੱਜ ਉਠੇ, ਜਦ ਅਸੀਂ ਅਕਾਲ-ਅਕਾਲ ਦਾ ਜੈਕਾਰਾ ਛੱਡੀਏ, ਤਦ ਤੁਸਾਂ ਕਿਲੇ ਦਾ ਫਾਟਕ ਖੋਹਲ ਦੇਣਾ ਤੇ ਆਪਣੇ ਲੜਦੇ ਭਰਾਵਾਂ ਨਾਲ ਆਣ ਮਿਲਣਾ। ਖਾਲਸਾ ਨਿਕਲੇ ਜਿਵੇਂ ਬੇਲੇ ਚੋਂ ਸ਼ੇਰ ਨਿਕਲੇ। ਲਾਹੌਰ ਦੀਆਂ ਤੋਪਾਂ ਮੈਂ ਨਾਲ ਲੈ ਕੇ ਆਵਾਂਗਾ। ਤੋਪ ਸੰਭਾਲਣੀ ਤੁਹਾਡਾ ਕੰਮ। ਲੜਦਾ ਜਥਾ ਨੱਸ ਕੇ ਕਿਲੇ ਵਿਚ ਆ ਜਾਏ। ਫੇਰ ਮੈਂ ਜਾਣਾ ਤੇ ਮੇਰਾ ਕੰਮ। ਮੇਰੇ ਹਮ ਕੌਰਾ, ਮੇਰੇ ਬਰਾਦਰੀ ਦੇ ਭਰਾ, ਸਾਰੇ ਗੜ੍ਹੀ ਦੀ ਧੂੜ ਨੂੰ ਮੱਥੇ ਨਾਲ ਲਾਉਣਗੇ ਤੇ ਆਪਣੀਆਂ ਭੁੱਲਾਂ ਬਖਸ਼ਾਉਣਗੇ। ਮੈਨੂੰ ਮਾਫ ਕਰ ਦੇਣ ਗੁਰੂ ਦੀਆਂ ਲਾਡਲੀਆਂ ਫੌਜਾਂ।

ਦਿਨੇ ਇਕ ਤਮਾਸ਼ਾ ਹੋਇਆ। ਬਾਜ਼ੀ ਹਾਰ ਨੇ ਬਾਜ਼ੀ ਪਾਈ। ਢੋਲ ਖੜਕਿਆ। ਡਮਰੂ ਬੁੜ੍ਹਕਿਆ। ਮਦਾਰੀ ਦੀ ਬੰਸਰੀ ਨੇ ਸੱਪ ਕੀਲ ਸੁੱਟੇ। ਜਸਾ ਸਿੰਘ ਰਾਮਗੜ੍ਹੀਆ ਗੜ੍ਹੀ ਵਿਚ ਆਣ ਵੜਿਆ, ਸਿੰਘਾਂ ਨੇ ਘੁਟ ਘੁਟ ਜੱਫੀਆਂ ਪਾਈਆਂ। ਖੂਨ ਦੀ ਇਕ ਛਿੱਟ ਵੀ ਨਾ ਡੁਲ੍ਹੀ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ।

ਦੁਆਬੇ ਦੀ ਫੌਜ ਮੂੰਹ ਵੇਖਦੀ ਰਹਿ ਗਈ ਤੇ ਉਹਨਾਂ ਦੇ ਹੱਥਾਂ ਦੇ ਤੋਤੇ ਉਡ ਗਏ।

ਨਾਨੀ ਚੇਤੇ ਆ ਗਈ। ਸਿੰਘਾਂ ਦੇ ਕਰਾਰੇ ਹੱਥ ਉਹਨਾਂ ਪੱਲੇ ਬੰਨ੍ਹ ਲਏ ਤੇ ਦੁਆਬੇ ਦੀ ਫੌਜ ਕੱਛੇ ਜੁਤੀਆਂ ਮਾਰਕੇ ਨੱਸ ਉਠੀ। ਮੈਦਾਨ ਸਿੰਘਾਂ ਦੇ ਹੱਥ ਰਿਹਾ।

ਇਕ ਹਾਕਮ ਆਖ ਰਿਹਾ ਸੀ—ਵੇਖਿਆ ਈ ਭਰਾ ਇਸ ਤਰ੍ਹਾਂ ਭਰਾਵਾਂ ਨੂੰ ਮਿਲਦੇ ਹਨ। ਲਹੂ ਇਸ ਤਰ੍ਹਾਂ ਪੰਘਰਦਾ ਏ। ਏਸ ਕੌਮ ਦਾ ਮੁਕਾਬਲਾ ਕਰਨਾ ਬਹੁਤ ਮੁਸ਼ਕਲ ਏ। ਇਹ ਲੋਹੇ ਦੀ ਜਾਨ, ਇਹ ਫਰਿਸ਼ਤੇ ਮੁਗਲਾਂ ਕੋਲੋਂ ਨਹੀਂ ਨੱਥੇ ਜਾਣ ਲੱਗੇ। ਅਦੀਨਾ ਬੇਗ ਦਾ ਪਿਓ ਵੀ ਇਹ ਗੜ੍ਹੀ ਫਤਿਹ ਨਹੀਂ ਕਰ ਸਕਦਾ। ਨੱਸੋ ਤੇ ਜਾਨਾਂ ਪਿਆਰੀਆਂ ਕਰੋ। ਇਹਨਾਂ ਬਘਿਆੜਾਂ ਨੇ ਭੇਡਾਂ ਪਾੜ ਛੱਡਣੀਆਂ ਨੇ। ਕੁੱਤੇ ਦੀ ਮੌਤ ਮਰਨ ਨਾਲੋਂ ਆਪਣੇ ਘਰ ਜਾ ਕੇ ਆਰਾਮ ਕਰੋ। ਸਾਨੂੰ ਕੋਈ ਚੌਧਰ ਨਹੀਂ ਮਿਲ ਜਾਣੀ। ਦੁਆਬੇ ਨੂੰ ਲਾਹੌਰ ਵਾਲਿਆਂ ਜੁੱਤੀਆਂ ਈ ਮਾਰਨੀਆਂ ਨੇ। ਉਹਨਾਂ ਦਾ ਕੰਮ ਏ ਜੁੱਤੀਆਂ ਮਾਰਨੀਆਂ ਤੇ ਸਾਡਾ ਕੰਮ ਏ ਜੁੱਤੀਆਂ ਖਾਣੀਆਂ। ਅਸਾਂ ਤੇ ਪ੍ਰਸ਼ਾਦ ਲੈ ਲਿਆ, ਲਾਹੌਰ ਵਾਲੇ ਆਉਣ ਤੇ ਉਹ ਵੀ ਗੱਫੇ ਲੈ ਜਾਣ।

ਆਖਦੇ ਨੇ ਕਿ ਫੌਜ ਸਾਰੀ ਨੱਸ ਗਈ ਕਿਤੇ ਬਿੱਲੀ ਦਾ ਬਲੂੰਗੜਾ ਵੀ ਬਾਕੀ ਨਾ ਰਿਹਾ। ਸਿੰਘਾ ਨੇ ਗੁਰੂ ਅੱਗੇ ਅਰਦਾਸ ਕੀਤੀ। ਭੱਜੀਆਂ ਬਾਹਾਂ ਗਲ ਨਾਲ ਆਣ ਲੱਗੀਆਂ।

ਜਸਾ ਸਿੰਘ ਰਾਮਗੜ੍ਹੀਆ ਨੇ ਆਪਣਾ ਕਲੰਕ ਇਸ ਤਰ੍ਹਾਂ ਧੋਤਾ। ਦੁਧ ਨੇ ਦੁੱਧ ਵਰਗਾ ਕਰ ਦਿਤਾ ਜਸਾ ਤੇ ਖਾਲਸੇ ਨੇ ਉਹਨੂੰ ਰਾਮਗੜ੍ਹੀਆ ਸਰਦਾਰ ਬਣਾ ਦਿਤਾ। ਕੱਚੀ ਗੜ੍ਹੀ ਪੱਕੀ ਬਣ ਗਈ। ਬੁੰਗਾ ਉਸਾਰ ਕੇ ਦਮ ਲਿਆ। ਬੁਰਜ ਬਣੇ। ਖਾਈ ਖੋਦੀ ਗਈ। ਏਸ ਗੜ੍ਹੀ ਨੂੰ ਰਾਮਰੌਣੀ ਆਖਦੇ ਹਨ। ਇਹ ਅੰਮ੍ਰਿਤਸਰ ਦੀ ਸਰਹੱਦ ਏ।

—ਮੇਰੇ ਬਾਬੇ ਦੀ ਗੱਲ ਮੈਨੂੰ ਅੱਜ ਤਕ ਚੇਤੇ ਏ। ਜਾਨ ਗੁਰੂ ਦੇ ਲੇਖੇ ਲਾਓ, ਆਪੇ ਗੁਰੂ ਜਾਣੇ ਤੇ ਉਹਦਾ ਕੰਮ। ਘੋੜੇ ਮਸਤ ਆਪਣੀ ਚਾਲ ਵਿਚ ਚਲੇ ਜਾ ਰਹੇ ਸਨ ਜਿਦਾਂ ਉਹ ਵੀ ਇਹ ਕਥਾ ਸੁਣ ਰਹੇ ਹੋਣ।

ਪ੍ਰਕਰਮਾ

—ਮੈਨੂੰ ਚੰਗੀ ਤਰ੍ਹਾਂ ਚੇਤਾ ਏ, ਮੈਨੂੰ ਬਾਬੇ ਦੇ ਇਕ-ਇਕ ਬੋਲ ਯਾਦ ਹਨ। ਕੱਚਾ ਜਿਹਾ ਥੜਾ, ਜੁੜੀਆਂ ਇੱਟਾਂ ਦਾ ਤੇ ਉਤੇ ਪੋਚਾ ਫਿਰਿਆ ਹੋਇਆ ਤੇ ਉਹਦੇ ਅਗੇ ਇਕ ਚੁਬੱਚਾ ਨਿਰਮਲ ਜਲ ਦਾ। ਭਾਵੇਂ ਉਸਦੇ ਲਾਗੇ ਜੋਗੀ ਨਾਥ ਤੇ ਸੂਫੀ ਫ਼ਕੀਰ ਬੈਠੇ ਰਹਿੰਦੇ ਸਨ. ਰਬ, ਰਬ ਕਰਦੇ, ਹਕੂਮਤ ਨੇ ਉਨ੍ਹਾਂ ਨੂੰ ਕਦੇ ਨਹੀਂ ਸੀ ਮੋੜਿਆ। ਭਾਵੇਂ ਜ਼ਰਾ ਪਰੇ ਜਾ ਕੇ ਮਕਬਰਾ ਵੀ ਬਣਾਇਆ ਹੋਇਆ ਸੀ। ਕੱਚੀ ਜਿਹੀ ਕਬਰ ਤੇ ਉਪਰ ਹਰੇ ਰੰਗ ਦੀ ਚਾਦਰ। ਪੈਰਾਂ ਵਾਲੇ ਪਾਸੇ ਫੁੱਲਾਂ ਦੇ ਢੇਰ। ਇਹ ਹਕੂਮਤ ਨੇ ਆਪਣੇ ਜ਼ੋਰ ਨਾਲ ਬਣਵਾਇਆ ਸੀ ਤਾਂ ਜੋ ਲੋਕ ਪਹਿਲਾਂ ਇਥੇ ਆ ਕੇ ਮੱਥਾ ਟੇਕਣ। ਹਾਕਮ ਮਜਬੂਰ ਕਰਦੇ ਲੋਕਾਂ ਨੂੰ ਕਿ ਪਹਿਲਾਂ ਇਸ ਮਕਬਰੇ ਤੇ ਦੁਆ ਪੜ੍ਹੀ ਜਾਏ, ਇਹ ਜ਼ਾਹਿਰਾ ਪੀਰ ਤੁਹਾਡੀ ਰੇਖ ਵਿਚ ਮੇਖ ਮਾਰ ਸਕਦਾ ਹੈ। ਜਦੋਂ ਕੋਈ ਹਾਕਮ ਸਿਰ ਤੇ ਬੈਠਾ ਹੁੰਦਾ ਤਾਂ ਲੋਕ ਉਨ੍ਹਾਂ ਦੇ ਆਖਣ ਤੇ ਮੱਥਾ ਟੇਕਦੇ ਪਰ ਜਦੋਂ ਉਥੇ ਕੋਈ ਬੰਦਾ ਨਾ ਪਰਿੰਦਾ ਹੁੰਦਾ ਤਾਂ ਕੋਈ ਉਹਦੇ ਵਲ ਵੇਖਦਾ ਵੀ ਨਾ। ਮੈਂ ਆਪ ਵੇਖਿਆ ਏ ਕਿ ਕੋਈ ਮੁਸਲਮਾਨ ਜਾਂ ਹਿੰਦੂ ਇਥੇ ਆਪ ਸਿਰ ਨਾ ਝੁਕਾਉਂਦਾ। ਪਹਿਲਾਂ ਇਹ ਇਕ ਕਬਰ ਸੀ ਤੇ ਫਿਰ ਜਦੋਂ ਇਧਰ ਸਿੰਘਾਂ ਦੇ ਜਥੇ ਆਣ ਗਜਦੇ ਤਾਂ ਉਹ ਕਬਰ ਨੂੰ ਜ਼ਮੀਨ ਨਾਲ ਮੇਲ ਜਾਂਦੇ। ਹਕੂਮਤ ਫਿਰ ਕਬਰ ਬਣਾਉਣ ਦਾ ਯਤਨ ਕਰਦੀ। ਸਿੰਘਾਂ ਦਾ ਫਿਰ ਦਾਅ ਲਗਦਾ ਉਹ ਫਿਰ ਢਾਹ ਜਾਂਦੇ। ਇਹ ਤਮਾਸ਼ਾ ਸਾਲ ਵਿਚ ਕਈ ਵਾਰ ਹੁੰਦਾ। ਜੁੰਮੇ ਰਾਤ ਨੂੰ ਅਜੇ ਵੀ ਕੋਈ ਨਾ ਕੋਈ ਬੰਦਾ ਚਰਾਗ ਜਗਾ ਜਾਂਦਾ।

ਮੈਂ ਬਾਬੇ ਨਾਲ ਸਾਂ। ਅਸਾਂ ਚੁਬੱਚੇ ਵਿਚੋਂ ਪੈਰ ਸੁੱਚੇ ਕੀਤੇ, ਪ੍ਰਕਰਮਾ ਵਿਚ ਆਏ ਤਾਂ ਗੁਰੂ ਜਾਣਦਾ ਏ ਮੇਰਾ ਸਿਰ ਆਪੇ ਹੀ ਝੁਕ ਗਿਆ। ਭਾਵੇਂ ਮੈਂ ਕੁਝ ਨਹੀਂ ਸਾਂ ਜਾਣਦਾ। ਹਰਿਮੰਦਰ ਦੀਆਂ ਨੂਰਾਨੀ ਕਿਰਨਾਂ ਨੇ ਮਾਡੇ ਅੰਦਰ ਚਾਨਣ ਦਾ ਛਿੱਟਾ ਮਾਰਿਆ। ਮੇਰਾ ਦਿਲ ਆਖ ਰਿਹਾ ਸੀ ਧੰਨਗੁਰੂ। ਮੈਂ ਸੋਚ ਰਿਹਾ ਸਾਂ ਹਰਿਮੰਦਰ ਦੀ ਇਕ-ਇਕ ਇੱਟ ਬਾਰੇ। ਇਹ ਮਮੂਲੀ ਇੱਟ ਨਹੀਂ। ਪਤਾ ਨਹੀਂ ਇਕ-ਇਕ ਇੱਟ ਬਦਲੇ ਕਿੰਨੀ-ਕਿੰਨੀ ਵਾਰ ਸਿਰ ਤੋਲ ਕੇ ਦਿਤੇ ਗਏ ਹਨ ਤਾਂ ਇਕ ਇੱਟ ਪ੍ਰਾਪਤ ਹੋਈ ਏ।

ਸਿੰਘਾਂ ਦੇ ਜੇ ਇਹ ਸਿਰ ਜੋੜ ਦਿਤੇ ਜਾਣ ਤਾਂ ਅੰਮ੍ਰਿਤਸਰ ਤੋਂ ਦਿੱਲੀ ਤਕ ਇਕ ਲੰਬੀ ਸੜਕ ਬਣ ਸਕਦੀ ਏ। ਚੌੜੀ, ਜਿਸਦੇ ਉਪਰੋਂ ਦੋ ਗੱਡੇ ਜੋੜ ਕੇ ਲੰਘਾਏ ਜਾ ਸਕਦੇ ਹਨ। ਜੇ ਕਰ ਸ਼ੇਰ ਸ਼ਾਹ ਸੂਰੀ ਉਹ ਸੜਕ ਵੇਖ ਲੈਂਦਾ ਤਾਂ ਆਪਣਾ ਮੂੰਹ ਝੱਗੇ ਵਿਚ ਲੁਕੋ ਲੈਂਦਾ। ਲੋਕ ਹਰਿਮੰਦਰ ਦਾ ਇਤਿਹਾਸ ਨਹੀਂ ਜਾਣਦੇ। ਅਜੇ ਕਲ ਭਾਈ ਮਨੀ ਸਿੰਘ ਨੇ

ਬੰਦ ਬੰਦ ਕਟਵਾਏ ਨੇ, ਜਿਹੜੇ ਜਾਣਦੇ ਹਨ ਉਹ ਭੁੱਲ ਗਏ ਹਨ ਜਾਂ ਉਨ੍ਹਾਂ ਨੂੰ ਭੁਲਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਏ। ਇਹ ਹਕੂਮਤ ਦੇ ਉਹ ਫਕੀਰ ਕਰਦੇ ਹਨ ਜਿਹੜੇ ਇਕ ਪਾਸੇ ਤਾਂ ਇਸਲਾਮ ਨੂੰ ਫੈਲਾਉਂਦੇ ਹਨ ਤੇ ਦੂਜੇ ਪਾਸੇ ਹਿੰਦੂਆਂ ਨਾਲ ਗੂੜ੍ਹੀਆਂ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਢਿੰਡੋਰਾ ਦਿੰਦੇ ਹਨ—ਰੂਹ ਇਕ ਏ ਭਾਵੇਂ ਉਹ ਹਿੰਦੂ ਏ ਤੇ ਭਾਵੇਂ ਉਹ ਮੁਸਲਮਾਨ। ਖੁਦਾ ਦੀ ਇਹ ਸਾਰੀ ਮਖਲੂਕ ਏ, ਇਹਦੇ ਵਿਚ ਹਿੰਦੂ ਤੇ ਮੁਸਲਮਾਨ ਦਾ ਕੀ ਤਫਰਕਾ। ਕਈ ਭੋਲੇ ਬੰਦੇ ਇਨ੍ਹਾਂ ਦੇ ਟੇਟੇ ਚੜ੍ਹ ਜਾਂਦੇ ਹਨ ਤੇ ਕਈ ਉਕਾ ਈ ਸਿਰ ਹਿਲਾ ਦਿੰਦੇ ਹਨ। ਹਾਕਮ ਇਸ ਗਲੋਂ ਵੀ ਚਮਕ ਉਠਦਾ ਏ ਤੇ ਸਿੰਘਾਂ ਨਾਲ ਖਾਰ ਆਪੇ ਈ ਵਧ ਜਾਂਦੀ ਏ।

ਸਿਰ ਝੁਕਦਾ ਏ, ਮਨ ਨਿਉਂਦਾ ਏ, ਆਤਮਾ ਸਜਦੇ ਕਰਦੀ ਏ, ਗੁਰੂ ਦੀ ਸ਼ਕਤੀ ਦਾ ਸੋਮਾ ਸਾਰੇ ਪੰਜਾਬ ਨੂੰ ਰੂਹ ਦੀ ਖੁਰਾਕ ਦਿੰਦਾ ਏ ਤੇ ਰੋਸ਼ਨੀ ਬਖਸ਼ਦਾ ਏ ਸਾਰੇ ਜਹਾਨ ਨੂੰ, ਜਿਸਨੇ ਇਕ ਵਾਰੀ ਇਸਦੀ ਧੂੜ ਮੱਥੇ ਤੇ ਸੱਚੇ ਦਿਲੋਂ ਲਾ ਲਈ ਉਹਦੀ ਆਤਮਾ ਦੀ ਚੁਰਾਸੀ ਕੱਟੀ ਗਈ। ਇਥੇ ਕੋਈ ਗੁਰੂ ਨਹੀਂ ਕੋਈ ਚੇਲਾ ਨਹੀਂ, ਇਥੇ ਕਰਨੀ ਬਲਵਾਨ ਏ ਕਰਮ ਕਰੋ, ਫਲ ਗੁਰੂ ਦੇਵੇਗਾ। ਮਾਲਾ ਜਪੋ, ਆਪ ਜੀਓ ਤੇ ਦੂਜਿਆਂ ਨੂੰ ਜਿਊਣ ਦਿਓ। ਡਰੋ ਸਿਰਫ ਉਸ ਸਰਬ ਸ਼ਕਤੀ ਮਾਨ ਤੋਂ। ਬੰਦਾ ਆਪ ਖੁਦਾ ਏ। ਬੰਦੇ ਦੇ ਅੰਦਰ ਖੁਦਾ ਏ ਪਰ ਬੰਦਾ ਖੁਦਾ ਨਹੀਂ ਬਣ ਸਕਦਾ। ਬੰਦਾ ਸਭ ਤੋਂ ਉਚੀ ਵਸਤੂ ਏ। ਬੰਦਾ ਰਬ ਨੂੰ ਜਦੋਂ ਚਾਹੇ, ਜਿਸ ਵੇਲੇ ਚਾਹੇ ਆਪਣੇ ਕੋਲ ਸੱਦ ਸਕਦਾ ਏ। ਭਾਵੇਂ ਹਲ ਚਲਵਾ ਲਵੇ ਤੇ ਭਾਵੇਂ ਗੋਡੀਆਂ ਕਰਵਾ ਲਵੇ। ਅਸ਼ਰਫਲ-ਮਖਲੂਕਾਤ ਏ। ਇਹ ਜਨਮ ਬਾਰ-ਬਾਰ ਨਹੀਂ ਮਿਲਦਾ। ਲੀਨ ਹੋ ਜਾਓ ਓਹਦੀ ਲਯ ਵਿਚ। ਇਹ ਮਾਕੂਲਾ ਸੂਫ਼ੀ ਫਕੀਰ ਹਜ਼ਰਤ ਮੀਆਂ ਮੀਰ ਦਾ ਏ। ਇਹ ਗੱਲ ਮੈਨੂੰ ਅੱਜ ਤਕ ਚੇਤੇ ਏ। ਇਸੇ ਲਈ ਉਹਦੀ ਰੂਹ ਹਰਿ-ਮੰਦਰ ਦੀ ਨਾਭੀ ਵਿਚੋਂ ਬੋਲਦੀ ਏ। ਜੈਕਾਰਿਆਂ ਵਿਚ ਅਜ਼ਾਨ ਦੀਆਂ ਧੁਨਾਂ। ਇਹਦੀਆਂ ਨੀਹਾਂ ਵਿਚ ਹਿੰਦੂ ਮੁਸਲਮਾਨਾਂ ਤੇ ਸਿੰਘਾਂ ਦਾ ਸਾਂਝਾ ਲਹੂ ਪਿਆ ਹੋਇਆ ਏ। ਜੇ ਇਥੋਂ ਹਿੰਦੂ ਕਤਲ ਹੁੰਦੇ ਸਨ ਤਾਂ ਉਨ੍ਹਾਂ ਨਾਲ ਸੂਫੀ ਫਕੀਰ ਵੀ ਕਤਲ ਹੋ ਜਾਂਦੇ ਸਨ। ਸਿੰਘਾਂ ਤੇ ਸ਼ਹੀਦ ਹੋਣਾ ਈ ਸੀ। ਸਾਂਝੇ ਲਹੂ ਦੇ ਗਾਰੇ ਨਾਲ ਇੱਟਾਂ ਜੁੜੀਆਂ ਹੋਈਆਂ ਨੇ। ਇਹ ਗੁਰੂ ਦੀ ਅਟਾਰੀ ਪੰਜਾਬ ਦਾ ਦਿਲ ਏ। ਇਹੀ ਆਤਮਾ ਏ ਪੰਜਾਂ ਦਰਿਆਵਾਂ ਦੀ। ਇਥੋਂ ਦਾ ਵਸਨੀਕ ਮੁਸਲਮਾਨ ਵੀ ਸਿਖ ਏ ਭਾਵੇਂ ਜ਼ਾਹਿਰਾ ਉਹ ਇਸਲਾਮ ਦਾ ਪੁਜਾਰੀ ਏ ਪਰ ਓਹਦਾ ਦਿਲ ਗੁਰੂ ਦੀ ਬਾਣੀ ਵਿਚ ਰੰਗਿਆ ਹੋਇਆ ਏ। ਸਾਰੇ ਪੰਜਾਬ ਨੇ ਗੁਰੂਆਂ ਦਾ ਅਸਰ ਕਬੂਲਿਆ, ਸਾਰੇ ਪੰਜਾਬ ਦਾ ਸਿਰ ਝੁਕਦਾ ਏ ਇਹਦੀ ਸਰਦਲ ਤੇ। ਫਰਿਸ਼ਤੇ ਸਜਦੇ ਕਰਦੇ ਹਨ, ਨਮਾਜ਼ੀ ਨਮਾਜ਼ ਗੁਜ਼ਾਰਦੇ ਹਨ ਭਾਵੇਂ ਉਹ ਲੁਕ ਕੇ ਕਰਨ, ਸਾਧੀ ਕਰਨ ਦਾ ਕਿਸੇ ਦਾ ਹੌਂਸਲਾ ਨਹੀਂ ਪੈਂਦਾ। ਮੇਰਾ ਬਾਬਾ ਆਖਦਾ ਏ ਕਿ ਮੇਰੇ ਬਜ਼ੁਰਗ ਦੱਸਦੇ ਸਨ ਕਿ ਇਥੇ ਅੱਧੀ ਰਾਤੀਂ ਚੋਰੀ-ਚੋਰੀ ਫਰਿਸ਼ਤੇ ਸਜਦੇ ਕਰਨ ਆਉਂਦੇ ਹਨ, ਇਹਦਾ ਜਲ ਲੈ ਕੇ ਮੋਮਨਾ ਨੇ ਵੁਜ਼ੂ ਕੀਤੀ। ਇਹਦਾ ਜਲ ਹਰਦਵਾਰ, ਕਾਂਸ਼ੀ, ਪ੍ਰਯਾਗ ਤੋਂ ਵੀ ਪਵਿਤਰ ਏ ਇਹ ਆਬੇ ਹਯਾਤ ਏ, ਆਬੇ ਜਮ-ਜਮ ਏ। ਤੇ ਗੰਗਾ ਜਲ ਦੀਆਂ ਧਾਰਾ ਸ਼ਾਇਦ ਇਥੇ ਗੁਪਤ ਮਿਲਦੀਆਂ ਹਨ। ਇਹਦੀ ਪਵਿਤਰਤਾ ਨੂੰ ਕੋਈ ਚੁਨੌਤੀ ਨਹੀਂ ਦਿਤੀ ਜਾ ਸਕਦੀ। ਸਿਰ ਨਿਵਾਓ, ਸਾਰੇ ਕਸ਼ਟ ਦੂਰ। ਮੇਰਾ ਸਿਰ ਝੁਕ ਗਿਆ, ਸਵਰਨ ਮੰਦਰ ਦੀ ਛਬੀ ਵੇਖ ਕੇ। ਮੇਰੀ ਆਤਮਾ ਬਲਵਾਨ ਹੋ ਗਈ। ਮੈਂ ਪਰਕਰਮਾਂ ਵਿਚ ਪੁੱਜਾ, ਅਰਕਾਂ ਤਕ ਚੂੜੇ

ਭਰੀਆਂ ਬਾਹਵਾਂ, ਗੋਰੀਆਂ-ਗੋਰੀਆਂ ਵੀਣੀਆਂ, ਸੋਨੇ ਦੀਆਂ ਵੰਗਾਂ ਨਾਲ ਭਰੀਆਂ-ਹੋਈਆਂ ਸਿਰ ਦੀ ਚੁੰਨੀ ਨਾਲ ਫਰਸ਼ ਸਾਫ ਕਰ ਰਹੀਆਂ ਹਨ। ਇਹ ਸ਼ਰਧਾ ਪੰਜਾਬ ਦੇ ਪੰਜਾਂ ਪਾਣੀਆਂ ਦੀ ਤਾਸੀਰ ਏ। ਇਹ ਬਾਬਾ ਨਾਨਕ ਦੀ ਕਰਾਮਾਤ ਏ। ਇਥੇ ਅਮੀਰ ਤੇ ਗ਼ਰੀਬ ਦਾ ਵਿਤਕਰਾ ਖਤਮ ਹੋ ਜਾਂਦਾ ਏ। ਇਹ ਸਭ ਦਾ ਸਾਂਝਾ ਏ। ਇਹਦੀਆਂ ਪਰਕਰਮਾਂ ਜੀਭ ਨਾਲ ਚੱਟੀਆਂ ਜਾ ਸਕਦੀਆਂ ਹਨ ਜ਼ਬਾਨ ਮੈਲੀ ਨਹੀਂ ਹੁੰਦੀ।

ਮਿਟੀ, ਇਥੇ ਮਿਟੀ ਦਾ ਕੀ ਕੰਮ, ਇਥੇ ਤੇ ਲੋਕ ਧੂੜ ਨੂੰ ਤਰਸਦੇ ਹਨ। ਨਮਾਜ਼ੀਆਂ ਦੀਆਂ, ਨਮਾਜ਼ਾਂ ਪੜ੍ਹਦਿਆਂ-ਪੜ੍ਹਦਿਆਂ ਜਿਨ੍ਹਾਂ ਦੇ ਮੱਥੇ ਤੇ ਮਹਿਰਾਬਾਂ ਪੈ ਗਈਆਂ ਉਨ੍ਹਾਂ ਨੂੰ ਮੌਲਾ ਦੇ ਦਰਸ਼ਨ ਨਾ ਹੋਏ ਪਰ ਇਥੇ ਜਿਸਨੇ ਇਕ ਵਾਰੀ ਸਿਰ ਝੁਕਾ ਕੇ ਵੇਖ ਲਿਆ ਭਾਵੇਂ ਚੋਰੀ ਤੇ ਭਾਵੇਂ ਸਾਧੀ ਉਹਦੇ ਤੇ ਚੌਦਾਂ ਤਬਕ ਰੌਸ਼ਨ ਹੋ ਗਏ। ਐਵੇਂ ਤੇ ਨਹੀਂ ਇਹਦੇ ਤੇ ਸੂਫੀ ਫਕੀਰ ਲਹੂ ਛਿੜਕਦੇ ਰਹੇ। ਸੂਫੀ ਤੇ ਇਸਨੂੰ ਕਾਅਬਾ ਮੰਨਦੇ ਹਨ, ਮੱਕਾ ਸਮਝਕੇ ਇਹਦੇ ਵਲ ਮੂੰਹ ਕਰਕੇ ਨਮਾਜ਼ ਗੁਜ਼ਾਰਦੇ ਹਨ। ਇਹ ਚਾਨਣ ਮੁਨਾਰਾ ਏ ਹਰਿਮੰਦਰ। ਸਾਰੇ ਇਕ ਵਾਰ ਸਿਰ ਝੁਕਾਓ ਤੇ ਆਖੋ ਧੰਨ ਗੁਰੂ ਰਾਮ ਦਾਸ।

ਘੋੜਿਆਂ ਵੀ ਇਕਵਾਰ ਸਿਰ ਝੁਕਾ ਦਿਤਾ।

—ਸੁਖਾ ਸਿੰਘ ਤੂੰ ਤੇ ਸਚਮੁਚ ਈ ਮੈਨੂੰ ਗੁਰੂ ਦੀ ਕਾਂਸ਼ੀ ਵਿਚ ਲੈ ਗਿਆ ਏਂ। ਮਹਿਤਾਬ ਸਿੰਘ ਆਖਣ ਲੱਗਾ।

ਇਹ ਬਜ਼ੁਰਗਾਂ ਦਾ ਈ ਪ੍ਰਤਾਪ ਏ ਤੇ ਇਹ ਉਨ੍ਹਾਂ ਦੀ ਦੇਣ ਏ ਜਿਸਦੀ ਖਿੱਚ ਨਾਲ ਅਸੀਂ ਜਾ ਰਹੇ ਹਾਂ।

ਰਾਤ ਪੈ ਚੁਕੀ ਸੀ। ਵਿਸ਼ਰਾਮ ਕਰਨ ਦਾ ਬਹੁਤ ਜਲਦੀ ਇੰਤਜ਼ਾਮ ਹੋ ਗਿਆ। ਗੁਰੂ ਦੇ ਸ਼ਰਧਾਲੂਆਂ ਨੇ ਹਵੇਲੀ ਵਿਚ ਘੋੜੇ ਜਾ ਬੰਨ੍ਹੇ ਤੇ ਸਿੰਘਾਂ ਲਈ ਪਲੰਘ ਡਾਹ ਕੇ ਉਪਰ ਦੁਤਹੀਆਂ ਵਿਛਾ ਦਿਤੀਆਂ। ਮਾਲਾ ਦੇ ਮਣਕੇ ਸਿੰਘਾਂ ਨੂੰ ਗੁਰੂ ਦੀ ਕਾਸ਼ੀ ਵਿਚ ਲੈ ਗਏ।

ਬਾਬਾ ਬੁੱਢਾ

—ਜ਼ਰਾ ਕੁ ਅੱਗੇ ਤੁਰੀਏ ਤਾਂ ਬਾਬੇ ਦੀ ਬੇਰ ਨਜ਼ਰ ਪੈਂਦੀ ਏ। ਵੇਖੋ ਮੁੱਠੀਆਂ ਭਰਦੇ ਬੁੱਢੇ, ਜਵਾਨ, ਅਲ੍ਹੜਾਂ, ਬੁੱਢੀਆਂ ਠੇਰੀਆਂ ਤੇ ਭਰ ਜੋਬਨ ਤੇ ਆਈਆਂ ਮੁਟਿਆਰਾਂ। ਗਰੀਬ-ਅਮੀਰ ਹੱਥ ਭਰੀਆਂ ਸੁਹਾਗਣਾਂ ਗੋਰੀਆਂ, ਸਾਂਵਲੀਆਂ, ਕਾਲੀਆਂ, ਕਣਕ ਭਿੰਨੀਆਂ, ਕੋਝੀਆਂ, ਖੱਖਰ ਖਾਧੇ ਮੂੰਹ ਵਾਲੀਆਂ ਤੇ ਦਿਨ ਚੜ੍ਹਦੇ ਦੇ ਰੂਪ ਵਰਗੀਆਂ ਦੁਧ ਧੋਤੀਆਂ ਕਵਾਰੀਆਂ ਕੰਜਕਾਂ, ਜਿਨ੍ਹਾਂ ਦਾ ਰੂਪ ਹੱਥ ਲਾਇਆਂ ਮੈਲਾ ਹੁੰਦਾ ਏ, ਉਹ ਮੁੱਢ ਨੂੰ ਪਿਆਰ ਸ਼ਰਧਾ ਨਾਲ ਦਬਾ ਰਹੀਆਂ ਹਨ। ਲੋਕਾਂ ਨੇ ਇਹਦੇ ਮੁੱਢ ਦੀਆਂ ਛਿੱਲੜਾਂ ਲਾਹ ਛੱਡੀਆਂ ਨੇ। ਗੁਰੂ ਦਾ ਖ਼ੌਫ ਕਰੋ ਮੇਰਾ ਬਾਬਾ ਬੋਲਿਆ। ਗੁਰੂ ਦੇ ਪਿਆਰਿਓ ਬੁੱਢੇ ਬੇਰ ਨੂੰ ਚਾਰ ਦਿਨ ਹੋਰ ਜਿਊਣ ਦਿਓ। ਜਿਹੜੀ ਪੈਂਦੀ ਏ ਉਹੋ ਈ ਸੱਕ ਲਾਹ ਕੇ ਲੈ ਜਾਂਦੀ ਏ। ਇਕ ਬੁਰਕੇ ਵਾਲੀ ਔਰਤ ਨੇ ਤਵੀਤ ਬਣਵਾ ਕੇ ਗਲ ਵਿਚ ਪਾਇਆ ਹੋਇਆ ਸੀ। ਜਦੋਂ ਮੇਰੇ ਬਾਬੇ ਨੇ ਪੁਛਿਆ—ਇਹ ਕੀ ਤਾਂ ਆਖਣ ਲੱਗੀ ਇਹਦੇ ਨਾਲ ਮੇਰੀ ਕੁੱਖ ਹਰੀ ਹੋ ਗਈ ਏ, ਮੈਂ ਫ਼ਕੀਰਾਂ ਦੀਆਂ ਖਾਨਕਾਹਾਂ ਦੀ ਖ਼ਾਕ ਛਾਣੀ। ਮੌਲਵੀ, ਮੁਲਾਣਿਆਂ ਤੋਂ ਟੂਣੇ ਕਰਵਾਏ ਤਵੀਤ ਬਣਵਾਏ ਪਰ ਮੇਰੀ ਕੁੱਖ ਨਾ ਫੁਟੀ, ਮੈਨੂੰ ਉਥੋਂ ਖ਼ੈਰ ਨਾ ਪਈ। ਮੇਰੇ ਗਵਾਂਢ ਇਕ ਸਿੱਖ ਦਾ ਘਰ ਸੀ। ਉਹਦੇ ਘਰ ਦੀ ਸਵਾਣੀ ਨੇ ਮੈਨੂੰ ਸੱਦਿਆ ਤੇ ਆਖਣ ਲੱਗੀ, ਸੁਦੈਣ ਨਾ ਹੋਵੇ ਤੇ ਐਵੇਂ ਬੂਹੇ ਪੁੱਟ ਮਾਰੇ ਨੀ ਮਕਬਰਿਆਂ ਦੇ। ਜਿਨ੍ਹਾਂ ਨੇ ਆਪਣਾ ਕੁਝ ਨਹੀਂ ਸਵਾਰਿਆ ਉਨ੍ਹਾਂ ਤੇਰੀ ਝੋਲੀ ਕੀ ਭਰਨੀ ਏ। ਨਿਸਚਾ ਰਖ, ਵਿਸ਼ਵਾਸ ਨੂੰ ਪੱਕਾ ਕਰ ਤੂੰ ਬਾਬੇ ਬੁੱਢੇ ਦੀ ਬੇਰ ਤੇ ਜਾ ਕੇ ਸੁੱਖਣਾ ਸੁਖ, ਬਾਬਾ ਤੇਰੀ ਗੋਦ ਭਰ ਦਊ। ਕਲਯੁਗ ਵਿਚ ਇਸ ਤੋਂ ਵੱਡਾ ਪੀਰ ਤੇ ਇਸ ਤੋਂ ਵੱਡਾ ਬਜ਼ੁਰਗ ਹੋਰ ਕੋਈ ਨਹੀਂ। ਅਸੀਂ ਪੰਜਾਬ ਦੇ ਵਾਸੀ ਹਾਂ, ਗੁਰੂਆਂ ਤੋਂ ਬਿਨਾਂ ਸਾਡੀ ਕੋਈ ਢੋਈ ਨਹੀਂ। ਬਸ ਮੈਂ ਉਹਦੀ ਗੱਲ ਪੱਲੇ ਬੰਨ੍ਹ ਲਈ। ਆਪਣੇ ਖ਼ਸਮ ਤੋਂ ਚੋਰੀ ਬਾਬੇ ਦੀ ਬੇਰ ਦੀਆਂ ਮੁੱਠੀਆਂ ਭਰੀਆਂ। ਮਥਾ ਟੇਕਿਆ ਤੇ ਸਿਰ ਝੁਕਾ ਦਿੱਤਾ ਉਸ ਦੇ ਦਰਬਾਰ ਵਿਚ। ਮੈਂ ਇਕ ਛਿੱਲੜ ਲਾਹੀ ਤੇ ਤਵੀਤ ਬਣਵਾ ਕੇ ਗਲ ਵਿਚ ਪਾ ਲਿਆ। ਕਿਸੇ ਬਜ਼ੁਰਗ ਦੀ ਨਜ਼ਰ ਸਵੱਲੀ ਹੋ ਜਾਏ ਤਾਂ ਕੁਲਾਂ ਤਰ ਜਾਂਦੀਆਂ ਹਨ। ਮੇਰੇ ਭਾਗਾਂ ਵਿਚ ਔਲਾਦ ਬਿਲਕੁਲ ਨਹੀਂ ਸੀ, ਮੇਰੀ ਰੇਖ ਵਿਚ ਮੇਖ ਬਾਬੇ ਨੇ ਮਾਰੀ। ਮੇਰੀਆਂ ਜੜ੍ਹਾਂ ਲੱਗੀਆਂ ਬਾਬੇ ਬੁਢੇ ਦੀ ਬੇਰ ਦੇ ਇਕ ਪੱਤ ਨਾਲ। ਪੰਜਾਬ ਦੇ ਧਰਮ ਦਾ ਨਿਸਚਾ ਏਸ ਤਰ੍ਹਾਂ ਡੋਲਿਆ ਹੋਇਆ ਸੀ। ਹਟਕੋਰੇ ਲੈ ਰਿਹਾ ਸੀ, ਪੰਜਾਬ ਦਾ ਧਰਮ ਈਮਾਨ ਤੇ ਨਿਸਚਾ।

ਬਾਬੇ ਬੁੱਢੇ ਨੂੰ ਕੌਣ ਨਹੀਂ ਜਾਣਦਾ। ਗੁਰੂ ਘਰ ਦਾ ਸਭ ਤੋਂ ਵੱਡਾ ਤੇ ਬਿਰਧ

ਤਪਸਵੀ ਤਿਆਗੀ ਤੇ ਖ਼ੁਦਾ ਤਰਸ ਬੰਦਾ। ਗੁਰ ਸਿੱਖ ਬੰਦਾ ਏ ਰੱਬ ਨਹੀਂ। ਮੈਂ ਸੁਣਿਆ ਏ ਇਥੇ ਇਕ ਫ਼ਰਿਸ਼ਤਾ ਰਾਤੀਂ ਸਲਾਮ ਕਰਨ ਆਇਆ ਤੇ ਇਕ ਸਿੱਖ ਦੇ ਨਜ਼ਰੀਂ ਪਿਆ ਜਦੋਂ ਉਸਨੂੰ ਪੁਛਿਆ ਗਿਆ ਤਾਂ ਉਸ ਨੇ ਇਸ ਬੇਰ ਦੀ ਮਹਾਨਤਾ ਦੱਸੀ। ਖ਼ੁਦਾ, ਗੁਰੂ ਦਾ ਮਸਤਕ ਜਦੋਂ ਇਥੇ ਝੁਕ ਗਿਆ ਤਾਂ ਅਸੀਂ ਕਿਹਦੇ ਪਾਣੀ ਹਾਰ ਹਾਂ। ਗੁਰੂ ਜਦੋਂ ਆਪ ਸੋਲਾਂ ਕਲਾਂ ਸੰਪੂਰਨ ਏਂ। ਇਹ ਗੱਲ ਵੱਖਰੀ ਏ ਬੰਦਾ ਕਿਸੇ ਵੇਲੇ ਰੱਬ ਦੀ ਪਦਵੀ ਪਾ ਲੈਂਦਾ ਏ, ਪਰ ਪਛਾਣਨ ਵਾਲੀ ਅੱਖ ਪਛਾਣ ਲੈਂਦੀ ਏ। ਇਹ ਵਿਚਾਰ ਇਕ ਸਈਅਦ ਔਰਤ ਦੇ ਸਨ। ਸਾਡਾ ਤੇ ਇਹ ਮੱਕਾ ਏ ਮੈਂ ਸਰਹਿੰਦ ਤੋਂ ਆਈ ਹਾਂ ਹਰ ਸਾਲ ਆਉਂਦੀ ਹਾਂ ਹਾਜ਼ਰੀ ਭਰਨ। ਭਾਵੇਂ ਮੈਂ ਲਖਵਾਰ ਸਖੀ ਸਰਵਰ ਦੀ ਚੇਲੀ ਹਾਂ ਪਰ ਮੇਰਾ ਯਕੀਨ ਗੁਰੂ ਘਰ ਤੇ ਪੱਕਾ ਹੋ ਚੁੱਕਾ ਏ। ਅਸੀਂ ਸਈਅਦ ਹਿੰਦੁਸਤਾਨ ਦੀ ਪੈਦਾਵਾਰ ਹਾਂ, ਸਾਡੇ ਪੁਰਖ ਹਿੰਦੂ ਸਨ ਤੇ ਸਾਡੇ ਰਸਮੋ ਰਿਵਾਜ, ਸਾਡੀਆ ਜੜ੍ਹਾਂ ਹਿੰਦੁਸਤਾਨ ਵਿਚ ਹਨ, ਅਸਾਂ ਧਰਮ ਬਦਲਿਆ ਏ, ਵਿਸ਼ਵਾਸ ਨਹੀਂ ਵਟਾਇਆ।

ਮੇਰਾ ਬਾਬਾ ਬੋਲਿਆ—ਨਾ ਮੁੱਠੀਆਂ ਭਰੋ ਮੇਰੇ ਵੀਰੋ, ਬਾਬੇ ਨੂੰ ਦੁਖੀ ਨਾ ਕਰੋ, ਪਰ ਕੌਣ ਮੁੜਦਾ ਏ, ਕੌਣ ਮੋੜੇ। ਬਾਬੇ ਨੂੰ ਸਮਾਧੀ ਵਿਚ ਬੈਠਾ ਰਹਿਣ ਦਿਓ, ਉਹਦੀ ਬਿਰਤੀ ਲੱਗੀ ਰਹੇ ਜਗ ਦਾ ਕਲਿਆਣ ਹੋਊ।

ਮੇਰੇ ਬਾਬੇ ਨੇ ਫਿਰ ਮੈਨੂੰ ਦਸਿਆ—ਗੁਰੂ ਨਾਨਕ ਦੇਵ ਇਕ ਵਾਰੀ ਬਾਬੇ ਬੁੱਢੇ ਨੂੰ ਮਝਾਂ ਚਾਰਦਾ ਮਿਲਿਆ। ਦੁਧ ਚੋਇਆ, ਛੰਨਾਂ ਭਰ ਕੇ ਗੁਰੂ ਦੇ ਵਿਹੜੇ ਲੈ ਆਇਆ। ਮੇਰੇ ਦੁੱਧ ਨੂੰ ਅੰਮ੍ਰਿਤ ਬਣਾ ਦਿਓ ਗੁਰੂ ਦੇਵ। ਜਾਨੀ ਜਾਣ ਗੁਰੂ ਨੇ ਛੰਨਾ ਮੂੰਹ ਨੂੰ ਲਾ ਲਿਆ। ਦੁਨੀਆਂ ਦੀ ਹਰ ਨਿਹਮਤ ਬਖਸ਼ ਦਿਤੀ। ਸੁਦਾਮਾ ਦਵਾਰਕਾ ਪੁਰੀ ਪੁੱਜਾ ਸੀ। ਮੁਰਲੀ ਵਾਲੇ ਨੇ ਉਹਦੀ ਝੋਲੀ ਭਰ ਦਿੱਤੀ। ਪਟਰਾਣੀ ਰੁਕਮਣੀ ਨੇ ਭਗਵਾਨ ਦੀ ਬਾਂਹ ਫੜ ਲਈ। ਸਭ ਕੁਝ ਏਸੇ ਨੂੰ ਦੇ ਦੇਣਾ ਏ? ਸਾਡੇ ਲਈ ਤੇ ਸਾਰੇ ਜਹਾਨ ਲਈ ਕੁਝ ਬਾਕੀ ਰਹਿਣ ਦਿਓ। ਭਗਵਾਨ ਦੀ ਤਾੜੀ ਟੁੱਟ ਗਈ। ਬਸ ਜੋ ਕੁਝ ਮਿਲਣਾ ਸੀ ਮਿਲ ਗਿਆ। ਬਾਬਾ ਬੁੱਢਾ ਏਨੀ ਜਿਹੀ ਗੱਲ ਵਿਚ ਵਲੀ ਬਣ ਗਿਆ। ਗੁਰੂ ਦਾ ਰੂਪ ਉਹਦੇ ਅੰਦਰ ਪਰਵੇਸ਼ ਕਰ ਗਿਆ।

ਗੁਰਾਂ ਨੇ ਫਰਮਾਇਆ—ਤੂੰ ਸਧਾਰਨ ਪੁਰਸ਼ ਨਹੀਂ, ਬਾਬਾ ਬੁਢਾ ਏਂ, ਉਸ ਦਿਨ ਤੋਂ ਬਾਅਦ ਅਣਦਾੜ੍ਹੀਆ ਮੁੰਡਾ ਬਾਬਾ ਬੁਢਾ ਬਣ ਗਿਆ ਤੇ ਅਜ ਤਕ ਲੋਕ ਬਾਬਾ ਬੁੱਢਾ ਆਖ ਕ ਸਤਿਕਾਰਦੇ ਹਨ। ਇਹ ਸੀ ਬਾਬਾ ਬੁੱਢੇ ਦੀ ਕਹਾਣੀ।

ਸਾਡੇ ਘੋੜੇ ਵੀ ਸੁਣ ਰਹੇ ਹਨ ਤਦੇ ਈ ਉਹਨਾਂ ਪੱਠੇ ਨਹੀਂ ਖਾਧੇ। ਜਿੰਨੀ ਦੇਰ ਤੇਰੀ ਕਥਾ ਮੈਂ ਸੁਣਦਾ ਰਿਹਾ ਹਾਂ, ਉਨ੍ਹਾਂ ਮੂੰਹ ਨਹੀਂ ਮਾਰਿਆ ਹੁਣ ਵੇਖ ਲੈ ਉਹ ਮੂੰਹ ਮਾਰਨ ਲਗ ਪਏ ਹਨ। ਇਹ ਜੀਵ ਰਬ ਦੇ ਪਿਆਰੇ ਹਨ। ਮਹਿਤਾਬ ਸਿੰਘ ਨੇ ਆਖਿਆ। ਤਾਂਹੀਓ ਇਨ੍ਹਾਂ ਦਾ ਸਾਡੇ ਨਾਲ ਸਾਥ ਏ।

'-ਇਹ ਗੁਰੂ ਦੀ ਮਹਿਮਾ ਏ। ਸੁਖਾਂ ਸਿੰਘ ਨੇ ਜੁਆਬ ਦਿਤਾ।

ਸੁਖਾ ਸਿੰਘ ਨੇ ਫਿਰ ਆਪਣੀ ਕਥਾ ਛੋਹ ਲਈ—ਸੰਤਾਨ ਦਾ ਦੁਖ ਸੰਸਾਰ ਦਾ ਸਭ ਤੋਂ ਵੱਡਾ ਦੁਖ ਏ। ਇਹ ਦੁਖ ਜਰਨਾ ਪੀਰਾਂ ਫਕੀਰਾਂ ਤੇ ਗੁਰੂ ਦੇ ਵਸ ਦਾ ਵੀ ਰੋਗ ਨਹੀਂ ਗ੍ਰਿਹਸਥੀ ਨੂੰ ਸਭੇ ਨਿਹਮਤਾਂ ਚਾਹੀਦੀਆਂ ਹਨ। ਕਿਸੇ ਗਲੋਂ ਵੀ ਵਾਂਝਾ ਰਹਿ ਜਾਏ ਤਾਂ ਘਰ ਵਾਲੇ ਸੂਲੀ ਤੇ ਟੰਗ ਦਿੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਦੀ

ਉਸਾਰੀ ਆਪ ਹਥੀਂ ਕਰਵਾਈ ਤੇ ਕਰਵਾਉਣ ਵਾਲਾ ਸੀ ਬਾਬਾ ਬੁਢਾ। ਇਥੇ ਥੜੇ ਤੇ ਬੈਠ ਕੇ ਸਾਰਾ ਹਰਿਮੰਦਰ ਉਸਾਰਿਆ। ਧੁੱਪਾਂ, ਹਨੇਰੀਆਂ, ਝੱਖੜ, ਮੀਂਹ ਸਭ ਕੁਝ ਆਪਣੇ ਤੇ ਵਰ੍ਹਾਇਆ। ਸਿਆਲ ਮਾਹ ਦੀ ਠੰਢ ਨੰਗੇ ਪਿੰਡੇ ਹੰਢਾਈ। ਸੌਣ ਭਾਦੋਂ ਦੇ ਛੜਾਕੇ ਦੇ ਮੀਂਹ ਵਰ੍ਹੇ। ਗਰਮੀਆਂ ਦੀ ਤਿਖੜ ਦੁਪਹਿਰ ਵੀ ਇਥੇ ਕਟੀ। ਜਦੋਂ ਸੂਰਜ ਸਵਾ-ਨੇਜ਼ੇ ਤੇ ਆਣ ਖਲੋਤਾ ਤਦ ਵੀ ਉਹਦਾ ਤੇਜ਼ ਝਲਿਆ। ਪਰ ਧੰਨ ਸੀ ਬਾਬਾ ਬੁੱਢਾ ਜ਼ਰਾ ਸੀ ਨਾ ਕੀਤੀ। ਜ਼ਰਾ ਨਾ ਡੋਲਿਆ ਜਦ ਤਕ ਹਰਿਮੰਦਰ ਪੂਰਾ ਨਾ ਹੋ ਗਿਆ ਬਾਬਾ ਉਥੋਂ ਨਾ ਉਠਿਆ। ਹਰਿਮੰਦਰ ਦੀ ਚੱਠ ਗੁਰਾਂ ਨੇ ਆਪ ਕਰਵਾਈ। ਸਾਰੀ ਸਾਧ ਸੰਗਤ ਇਕਠੀ ਹੋਈ। ਪੰਥ ਦੇ ਇਕਠ ਵਿਚ ਪਹਿਲਾ ਗਰੰਥੀ ਬਾਬਾ ਬੁੱਢਾ ਥਾਪਿਆ ਗਿਆ। ਗੁਰੂ ਗਰੰਥੀ ਸਾਹਿਬ ਦੀ ਸਵਾਰੀ ਬਾਬੇ ਬੁਢੇ ਦੇ ਸਿਰ ਚੜ੍ਹਕੇ ਆਈ ਤੇ ਹਰਿਮੰਦਰ ਸਾਹਿਬ ਵਿਚ ਪਰਵੇਸ਼ ਹੋਈ।

ਹਰਿਮੰਦਰ ਦੀ ਸਥਾਪਨਾ ਕਰਨ ਵਾਲਾ, ਹਰਿਮੰਦਰ ਨੂੰ ਦੇਵ ਲੋਕ ਵਿਚੋਂ ਲਿਆਉਣ ਵਾਲਾ ਗੁਰੂ ਰਾਮ ਦਾਸ ਆਪਣੀ ਨੂੰਹ ਦੀ ਗੋਦ ਹਰੀ ਨਾ ਕਰ ਸਕਿਆ ਤੇ ਨਾ ਗੁਰੂ ਅਰਜਨ ਦੇਵ ਆਪਣੀ ਕੁਲ ਦਾ ਬੂਟਾ ਹੀ ਲਾ ਸਕੇ। ਆਖਦੇ ਹਨ ਕਿ ਸੰਗਤ ਵਿਚ ਇਸ ਗੱਲ ਦੀ ਬੜੀ ਚਰਚਾ ਸੀ। ਗੁਰਾਂ ਨੇ ਫਰਮਾਇਆ ਇਹ ਰੱਬੀ ਦਾਤ ਏ। ਇਹਦੇ ਵਿਚ ਕੋਈ ਦਖਲ ਨਹੀਂ ਦੇ ਸਕਦਾ ਰਾਈ ਵਧੇ ਨਾ ਤਿਲਘਟੇ ਜੋ ਲਿਖਿਆ ਕਰਤਾਰ।

ਇਕ ਦਿਨ ਮਾਤਾ ਗੰਗਾ ਜੀ ਬੜੇ ਪਰੇਸ਼ਾਨ ਸਨ ਆਖਣ ਲਗੇ—ਲੋਕਾਂ ਦੀਆਂ ਕੁਲਾਂ ਹਰੀਆਂ ਕਰਨ ਵਾਲੇ ਆਪਣੀ ਕੁਲ ਨੂੰ ਪਾਣੀ ਨਹੀਂ ਦੇ ਸਕਦੇ।

ਗੁਰੂ ਮਹਾਰਾਜ ਨੇ ਫ਼ਰਮਾਇਆਂ—ਇਹ ਮੇਰੀ ਹਿੰਮਤ ਤੋਂ ਬਾਹਰ ਏ।

—ਕੀ ਮੈਂ ਨਿਪੁੱਤੀ ਰਹਾਂਗੀ।

—ਸੁਖੀ ਸਾਂਦੀ ਇਹ ਕੀ ਆਖਿਆ ਈ। ਗੁਰੂ ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ। ਅਰਾਧਨਾ ਕਰੋ ਸੰਗਤ ਦੀ ਸੇਵਾ ਕਰੋ। ਲੰਗਰ ਵਿਚ ਪਰਸ਼ਾਦ ਪਕਾਓ, ਛਕਾਓ ਦੂਰੋਂ ਨੇੜਿਓਂ ਆਈਆਂ ਸੰਗਤਾਂ ਨੂੰ ਸ਼ਾਇਦ ਕੋਈ ਕਰਨੀਵਾਨ ਮਿਹਰਬਾਨ ਹੋ ਜਾਏ। ਇਹ ਤੇ ਕੋਈ ਗੁਰੂ ਸੇਵਕ ਹੀ ਬਖਸ਼ਸ਼ ਕਰੂ।

—ਉਹ ਕੌਣ ਏਂ ਕਿਥੇ ਏ ?

—ਏਨੀ ਜਲਦੀ ਉਤਾਵਲੇ ਨਹੀਂ ਹੋਈਦਾ। ਤੱਤਾ ਤੱਤਾ ਲੱਕਿਆ ਨਹੀਂ ਜਾਂਦਾ।

—ਤਾਹਨਿਆਂ ਮਿਹਨਿਆਂ ਨੇ ਤਾਂ ਮੇਰਾ ਕਲੇਜਾ ਛਾਣਨੀ-ਛਾਣਨੀ ਕਰ ਦਿਤਾ ਏ। ਨਾ ਰਾਤੀਂ ਸੌਣ ਤੇ ਨਾ ਦਿਨੇ ਚੈਣ। ਮੈਥੋਂ ਦਰਾਣੀਆਂ ਜਠਾਣੀਆਂ ਦੀਆਂ ਹੁਣ ਬੋਲੀਆਂ ਨਹੀਂ ਸੁਣੀਆਂ ਜਾਂਦੀਆਂ। ਮਿਹਰਾਂ ਕਰਨ ਵਾਲੇ ਮਿਹਰਾਂ ਦੇ ਦਾਤੇ ਮੇਰੀ ਵੀ ਬਾਂਹ ਫੜੋ। ਹੁਣ ਤੇ ਜ਼ਿੰਦਗੀ ਹਟਕੋਰਿਆਂ ਤੇ ਆ ਗਈ ਏ। ਚਿੰਤਾ ਚਿਤਾ ਸਮਾਨ ਏ। ਬੋਲ ਮਾਤਾ ਗੰਗਾ ਦੇ ਸਨ।

—ਕਾਹਲਿਆਂ ਪੈਣਾ ਗੁਰੂ ਘਰ ਦੀ ਮਰਯਾਦਾ ਨਹੀਂ। ਅੰਤਰਯਾਮੀ ਨੂੰ ਹਰ ਇਕ ਦੀ ਪਛਾਣ ਏ। ਤੇਰੀ ਤਪਸਿਆ ਵਿਚ ਕੁਝ ਘਾਟ ਹੋਣੀ ਏ। ਸੇਵਾ, ਸਾਧ ਸੰਗਤ ਦੀ ਸੇਵਾ, ਇਸ ਤੋਂ ਵੱਡਾ ਹੋਰ ਕੰਭ ਕੋਈ ਨਹੀਂ।

—ਮੇਰਾ ਬਾਬਾ ਆਖਦਾ ਏ ਕਿ ਮਾਤਾ ਗੰਗਾ ਆਪ ਲੰਗਰ 'ਚ ਭਾਂਡੇ ਮਾਂਜਦੀ ਰਹੀ, ਕਿੰਨੇ ਦਿਨ ਸੇਵਾ ਕਰਦੀ ਰਹੀ, ਇਹ ਤੇ ਗੁਰੂ ਈ ਜਾਣੇ। ਮਾਤਾ ਗੰਗਾ ਨੇ ਮੁੜ ਕੇ ਕਦੀ ਉਲਾਂਭਾ ਨਾ ਦਿਤਾ, ਗੁਰੂ ਨੂੰ ਤੇ ਨਾ ਹੀ ਗੁਰੂ ਨੇ ਗੱਲ ਗੌਲੀ। ਹਾੜੀ ਲੰਘੀ, ਸੌਣੀ ਲੰਘੀ,

ਕਈ ਰੁੱਤਾਂ ਆਈਆਂ ਲੰਘ ਗਈਆਂ। ਕੂੰਜਾਂ ਆਈਆਂ, ਹੰਸਾਂ ਦੀਆਂ ਡਾਰਾਂ ਲੱਥੀਆਂ ਤੇ ਉਡ ਗਈਆਂ।

—ਇਕ ਦਿਨ ਸਾਹਿਬ ਅੰਤਰ ਧਿਆਨ ਸਨ ਜਦੋਂ ਤਾੜੀ ਖੁਲ੍ਹੀ ਮਾਤਾ ਗੰਗਾ ਜੀ ਵੀ ਚੌਂਕੜੀ ਮਾਰ ਕੇ ਬੈਠੇ ਹੋਏ ਸਨ। ਅਜੇ ਮਾਤਾ ਗੰਗਾ ਜੀ ਤਾੜੀ ਵਿਚ ਈ ਸਨ, ਬਿਰਤੀ ਲੱਗੀ ਹੋਈ ਸੀ।

ਸਾਹਿਬਾਂ ਫੁਰਮਾਇਆ—ਬਾਬਾ ਬੁੱਢਾ ਈ ਰੇਖ ਵਿਚ ਮੇਖ ਮਾਰ ਸਕਦਾ ਏ।

ਮਾਤਾ ਦੀ ਤਾੜੀ ਆਪੇ ਈ ਖੁਲ੍ਹ ਗਈ।

ਧੰਨ ਗੁਰੂ ਗਰੀਬ ਨਵਾਜ਼।

ਗੁਰੂ ਜੀ ਉਠ ਕੇ ਚਲੇ ਗਏ ਲੰਗਰ ਵਲ, ਵੇਖਿਆ ਮਾਤਾ ਗੰਗਾ ਸੰਗਤ ਦੇ ਭਾਂਡੇ ਮਾਂਜ ਰਹੀ ਏ।

ਸੰਤਾਂ ਦੇ ਕਾਰਜ ਆਪ ਖਲੋਇਆ ਪੈਜ ਰਖਦਾ ਆਇਆ ਰਾਮ ਰਾਜੇ।

ਬਾਗ-ਬਾਗ ਹੋ ਗਿਆ ਦਿਲ ਮਾਤਾ ਗੰਗਾ ਦਾ।

ਕਿਸੇ ਨੂੰ ਪੁਛਿਆ-ਪੁਛਾਇਆ ਨਾ ਆਪੇ ਈ ਗੜਬੈਲਾਂ ਜੋੜ ਲਈਆਂ। ਪਾਲਕੀ ਕਢਵਾਈ ਕਹਾਰਾਂ ਨੂੰ ਆਖ ਕੇ। ਇਕ ਜੱਥਾ ਤੁਰਿਆ ਅੰਮ੍ਰਿਤਸਰ ਤੋਂ ਬਾਬੇ ਬੁਢੇ ਦੇ ਡੇਰੇ। ਬਿਲਕੁਲ ਉਸੇ ਤਰ੍ਹਾਂ ਜਿਦਾਂ ਕੋਈ ਮੁਟਿਆਰ ਸਹੁਰੇ ਜਾ ਰਹੀ ਹੋਵੇ ਸਖੀ ਸਹੇਲੀਆਂ ਨਾਲ। ਛੰਨ-ਛੰਨ ਕਰਦੀਆਂ ਗੜਬੈਲਾਂ ਨੇ ਘੁੰਗਕਾਰ ਪਾ ਦਿਤੀ। ਗਹਿਣੇ-ਗੱਟੇ ਪਾਏ ਹਾਰ ਸ਼ਿੰਗਾਰ ਕੀਤਾ ਰੇਸ਼ਮੀ ਬਾਣਾ ਪਾਇਆ। ਮਾਤਾ ਗੰਗਾ ਗੜਬੈਲ ਵਿਚ ਬੈਠ ਗਈ। ਪਾਲਕੀਆਂ ਵਿਚ ਦਾਸੀਆਂ ਸਨ। ਸਵਾਰੀ ਜਾ ਰਹੀ ਸੀ ਕਿਸੇ ਪਟਰਾਣੀ ਦੀ। ਕਾਫਲਾ ਬਾਬੇ ਬੁਢੇ ਦੇ ਡੇਰੇ ਪੁਜਿਆ। ਬਾਬਾ ਬਿਰਤੀ ਵਿਚ ਸੀ, ਤਾਰ ਜੁੜੀ ਹੋਈ ਸੀ, ਉਸ ਦਾਤਾਰ ਨਾਲ। ਗੁਰੂ ਦੇ ਮਹਿਲਾਂ ਘੇਰਾ ਘੱਤ ਲਿਆ ਜਿਵੇਂ ਗੁਰੂ ਬੈਠਾ ਹੋਵੇ ਚੇਲਿਆਂ ਵਿਚਕਾਰ, ਚੰਨ ਦਵਾਲੇ ਜਿਦਾਂ ਤਾਰੇ। ਚਰਖਾ ਕੱਤ ਰਹੀ ਹੋਵੇ ਜਿਦਾਂ ਤਿਰੰਜਣ ਵਿਚ ਮੁਟਿਆਰ।

ਬਾਬੇ ਨੇ ਅੱਖ ਪੁੱਟੀ ਬੜਾ ਹੈਰਾਨ ਹੋਇਆ। ਇਹ ਅਚੰਭਾ ਕੀ ਏ। ਸਹਿਜ-ਸੁਭਾਅ ਹੀ ਬੋਲਿਆ। ਗੁਰੂ ਦੇ ਮਹਿਲਾਂ ਨੂੰ ਕੀ ਭਾਜੜਾਂ ਪੈ ਗਈਆਂ ਨੇ? ਤੇ ਫਿਰ ਬਾਬਾ ਚੁੱਪ ਹੋ ਗਿਆ। ਤਾਰ ਫਿਰ ਦਾਤਾਰ ਨਾਲ ਜਾ ਜੁੜੀ।

ਗੱਲ ਸੁਭਾਵਕ ਹੀ ਆਖੀ ਗਈ ਸੀ। ਬਿਰਤੀ ਲੱਗੀ ਹੋਈ ਸੀ, ਰੌਲੇ ਨਾਲ ਜ਼ਰਾ ਕੁ ਅੱਖ ਖੁਲ੍ਹੀ ਤੇ ਬਿਰਤੀ ਫਿਰ ਲੱਗ ਗਈ। ਸਰਸਰੀ ਵੀ ਅੱਖ ਪੁੱਟ ਕੇ ਨਾ ਵੇਖਿਆ ਗੁਰੂ ਦੇ ਮਹਿਲਾਂ ਵਲ ਤੇ ਨਾ ਹੀ ਪੁਛਿਆ ਕਿਧਰ ਆਏ ਹਨ ਗੁਰੂ ਦੇ ਮਹਿਲ ਬੜਾ ਕਠੋਰ ਸੀ ਬਾਬਾ।

ਨਿਰਾਸ਼ ਗੁਰੂ ਦੇ ਮਹਿਲ ਵਾਪਸ ਪਰਤ ਆਏ।

ਅੰਮ੍ਰਿਤਸਰ ਵਿਚ ਗੱਲ ਫੈਲ ਗਈ।

ਸ਼ਿਕਾਇਤ ਸਾਹਿਬਾਂ ਕੋਲ ਵੀ ਪੁੱਜੀ।

ਮਾਤਾ ਗੰਗਾ ਨੇ ਵੀ ਦਿਲ ਦਾ ਗੁਬਾਰ ਕੱਢਿਆ।

ਸਾਹਿਬਾਂ ਫਰਮਾਇਆਂ—ਬਜ਼ੁਰਗਾਂ ਕੋਲ ਇਦਾਂ ਜਾਈਦਾ ਏ? ਸਿਖ ਦਾ ਤੇ ਮਨ ਨੀਵਾਂ ਹੁੰਦਾ ਏ। ਨਾਨਕ ਨੀਚਾ ਜੋ ਚਲੈ ਲਗੇ ਨਾ ਤੱਤੀ ਵਾਓ। ਜਾਣਾ ਮੰਗਣ ਤੇ ਜਾਣਾ ਡੋਲੇ ਚੜ੍ਹਕੇ।

ਮਾਤਾ ਗੰਗਾ ਦਾ ਚਿਹਰਾ ਉਤਰ ਗਿਆ। ਠੰਢੀਆਂ ਤਰੇਲੀਆਂ ਆਉਣ ਲੱਗ ਪਈਆਂ।

—ਮੇਰੇ ਮਨ ਦੇ ਚਾਅ ਨੇ ਛੋਹਲੀ ਕੀਤੀ ਏ। ਮੈਂ ਨਹੀਂ ਜਾਣਦੀ ਸਾਂ ਕਿ ਗੱਲ ਇਥੋਂ ਤਕ ਅਪੜ ਜਾਏਗੀ।

—ਚਲੋ ਗੁਰੂ ਭਲਾ ਕਰੂ। ਬਾਬਾ ਜੀ ਦੇ ਮਨ ਵਿਚ ਮੈਲ ਨਹੀਂ। ਭਾਗਵਾਨੇ ਕਲ ਫ਼ਿਰ ਜਾਣਾ। ਆਪਣੇ ਹਥੀਂ ਪਰਸ਼ਾਦਾ ਬਨਾਉਣਾ, ਸਿਰ ਤੇ ਚੁੱਕ ਕੇ ਨੰਗੇ ਪੈਰੀ, ਵਸਤਰ ਸਿਧੇ-ਸਾਦੇ, ਦੁਧ ਚਿਟੇ ਨੀਲ ਕਮਲ ਵਰਗੇ ਹੰਸਾਂ ਦੀਆਂ ਡਾਰਾਂ ਜਿਦਾਂ ਮਾਨ ਸਰੋਵਰ ਤੋਂ ਉਡਦੀਆਂ ਨੇ; ਮੱਠਾ-ਮੱਠਾ ਮੀਂਹ ਵਰ੍ਹਦਾ ਹੋਵੇ ਜਿਦਾਂ ਨਚਦਾ ਹੋਵੇ ਵਿਚ ਮੋਰ। ਪ੍ਰਭਾਤੀਂ ਉਠੇ ਜਿਦਾਂ ਰਬ ਦਾ ਪਿਆਰਾ। ਇਸ਼ਨਾਨ ਕਰਨ ਜਾਏ ਜਿਦਾਂ ਕਵਾਰੀ ਕੰਜਨ ਗੰਗਾ ਤੇ। ਬੂਹਾ ਖੋਲ੍ਹੇ ਜਿਦਾਂ ਪੁਜਾਰੀ ਮੰਦਰ ਦਾ। ਜਿਦਾਂ ਕੋਈ ਸੇਵਕ ਜਾਂਦਾ ਏ ਗੁਰ ਦਰਸ਼ਨਾਂ ਨੂੰ। ਇਹ ਆਖਕੇ ਸਾਹਿਬ ਚਲੇ ਗਏ।

ਦਿਨ ਸਸ਼ੋਪੰਜ ਵਿਚ ਗੁਜ਼ਰ ਗਿਆ। ਰਾਤੀਂ ਨੀਂਦ ਕਿਸ ਨੂੰ ਆਉਣੀ ਸੀ। ਅੱਧੀ ਰਾਤੀਂ ਮਾਤਾ ਗੰਗਾ ਉਠ ਬੈਠੀ।

ਚੱਕੀ ਪੀਸਣ ਦੀ ਆਵਾਜ਼ ਨੇ ਅੰਮ੍ਰਿਤਸਰ ਨੂੰ ਹੁਲੂਣਾ ਦਿਤਾ। ਮਕਰ ਚਾਨਣੀ ਮਰੀਚਕਾ ਵੇਖ ਕੇ ਭਗਤ ਉਠ ਬੈਠੇ। ਭਗਵਾਨ ਅਜੇ ਸੁੱਤੇ ਪਏ ਸਨ। ਆਟਾ ਛਾਣਿਆਂ, ਗੁੰਨ੍ਹਿਆਂ ਤੇ ਪਰਾਉਂਠੇ ਪਕਾਏ, ਨਾਲ ਲਿਆ ਅਚਾਰ ਅੰਬ ਦਾ, ਦੋ ਚਾਰ ਗੰਢੇ ਵੀ ਨਾਲ ਬੰਨ੍ਹ ਲਏ। ਅਜੇ ਮੂੰਹ ਝਾਕਰਾ ਵੀ ਨਹੀਂ ਸੀ ਹੋਇਆ, ਚੈਣ ਕਿਥੋਂ। ਚਾਟੀ ਸਿਰ ਤੇ ਚੁਕ ਲਈ ਲੱਸੀ ਦੀ ਤੇ ਮਗਰ-ਮਗਰ ਚਾਰ ਦਾਸੀਆਂ ਰਾਧਿਕਾ ਰੁਸਿਆ ਕਾਨ੍ਹ ਮਨਾਉਣ ਜਾ ਰਹੀ ਸੀ।

ਸੂਰਜ ਦੀ ਟਿੱਕੀ ਬਾਬੇ ਬੁਢੇ ਦੇ ਡੇਰੇ ਜਾ ਕੇ ਚੜ੍ਹੀ। ਸੁੱਤਿਆਂ ਅੰਮ੍ਰਿਤਸਰ ਛਡ ਕੇ ਗਈ ਸੀ ਜਾਗਦਿਆਂ ਆਈ ਮਾਤਾ ਗੰਗਾ।

—ਕੌਣ ? ਬਾਬਾ ਬੁਢਾ ਬੋਲਿਆ।

—ਮੈਂ ਗੰਗਾ। ਗੁਰੂ ਦੇ ਮਹਿਲਾਂ ਤੋਂ ਆਈ ਹਾਂ।

—ਪਰਸ਼ਾਦੇ ਆਂਦੇ ਨੇ ਸਾਡੇ ਲਈ ? ਮੈਨੂੰ ਬੜੀ ਭੁੱਖ ਲੱਗੀ ਏ।

ਥਾਲ ਪਰਾਉਂਠਿਆਂ ਦਾ ਅਗੇ ਰਖ ਦਿਤਾ। ਬਾਬੇ ਨੇ ਦੋ ਪਰਾਉਂਠੇ ਹੱਥ ਤੇ ਈ ਰਖ ਲਏ, ਤੇ ਉਤੇ ਆਪੇ ਈ ਅਚਾਰ ਰੱਖ ਲਿਆ ਅੰਬ ਦਾ। ਜਦੋਂ ਗੰਢਾ ਵੇਖਿਆ, ਦਿਲ ਵਿਚ ਇਕ ਤਰੰਗ ਉਠੀ, ਇਕ ਉਮੀਦ ਜਾਗੀ। ਗੰਢਾ ਹੱਥ ਵਿਚ ਲੈ ਲਿਆ। ਦੋਂਹ ਤਲੀਆਂ ਵਿਚ ਗੰਢਾ ਰਖ ਕੇ ਭੰਨ ਦਿਤਾ ਮੂੰਹ ਵਿਚ ਗਰਾਹੀ ਪਾਈ, ਬਾਬਾ ਰੁਕ ਗਿਆ।

—ਪਰਾਉਂਠੇ ਬਹੁਤ ਸਵਾਦੀ ਹਨ, ਅਚਾਰ ਅੰਬ ਦਾ ਅੰਮ੍ਰਿਤ ਏ। ਧੰਨ ਹਨ ਗੁਰੂ ਦੇ ਮਹਿਲ। ਬਾਬਾ ਫਿਰ ਚੁੱਪ ਸੀ।

ਮਾਤਾ ਗੰਗਾ ਸੰਗੇ ਮਰ ਮਰ ਦੀ ਬਾਜ਼ੀ ਵਾਂਗੂ ਖਾਮੋਸ਼-ਚੁੱਪ ਸੀ।

ਬਾਬਾ ਤਾੜੀ ਵਿਚ ਚਲਾ ਗਿਆ।

ਮਾਤਾ ਗੰਗਾ ਜਪੁਜੀ ਸਾਹਿਬ ਦਾ ਪਾਠ ਕਰ ਰਹੀ ਸੀ।

ਬਾਬੇ ਦੀ ਅਜੇ ਬਿਰਤੀ ਨਹੀਂ ਈ ਟੁੱਟੀ।

ਜਦੋਂ ਮਾਤਾ ਗੰਗਾ ਨੇ ਜਪੁਜੀ ਸਾਹਿਬ ਦੀਆਂ ਪੌੜੀਆਂ ਦਾ ਭੋਗ ਪਾਇਆ—

ਆਵਾਜ਼ ਆਈ-ਹੋਵੇਗਾ, ਜ਼ਰੂਰ ਹੋਵੇਗਾ, ਮੇਰਾ ਗੁਰੂ ਮਿਹਰ ਕਰੂ। ਸ਼ਕਤੀ ਸ਼ਾਲੀ

ਬਲਵਾਨ ਯੋਧਾ, ਮੁਗਲਾਂ ਦਾ ਸਿਰ ਭੰਨਣ ਵਾਲਾ ਪੁੱਤ ਇਸ ਕੁਲ ਵਿਚ ਅਵਤਾਰ ਧਾਰੇਗਾ।

ਬਾਬਾ ਖੁਸ਼ੀ ਵਿਚ ਬਾਵਰਾ ਹੋਇਆ ਨੱਚਣ ਲੱਗ ਪਿਆ।

ਅਸੀਸ ਲੈ ਕੇ ਗੁਰੂ ਘਰ ਦੇ ਮਹਿਲ ਪਰਤੇ ਅੰਮ੍ਰਿਤਸਰ। ਧੁੰਮਾਂ ਪਹਿਲਾਂ ਈ ਪੈ ਗਈਆਂ ਸਨ।

ਪਤਾਸੇ, ਗੁੜ ਦੀਆਂ ਰਿਓੜੀਆਂ ਵੰਡੀਆਂ ਜਾ ਰਹੀਆਂ ਸਨ। ਬਹਾਰਾਂ ਗੁਰੂ ਦੇ ਵਿਹੜੇ ਵਿਚ ਗਿੱਧਾ ਪਾ ਰਹੀਆਂ ਸਨ।

'ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ।
ਜਾਨ ਬਲ ਗੁਨ ਕਿਨਹੂੰ ਨ ਸੋਧਾ!'

ਜਿਥੋਂ ਗੁਰੂ ਵੀ ਅਸੀਸਾਂ ਲੈਂਦੇ ਹਨ ਉਸ ਬਾਬੇ ਨੂੰ ਕੌਣ ਮੱਥਾ ਨਾ ਟੇਕੇ। ਬਾਬੇ ਬੁਢੇ ਨੇ ਪੰਜਾਂ ਪਾਤਸ਼ਾਹੀਆਂ ਨੂੰ ਆਪਣੇ ਹਥੀਂ ਗੁਰਗੱਦੀ ਦਿਤੀ ਤੇ ਆਪ ਲਾਇਆ ਤਿਲਕ ਗੁਰਗੱਦੀ ਦਾ। ਮਹਾਂਬਾਣੀ, ਮਹਾਨ ਆਤਮਾ, ਮਹਾਨ ਸ਼ਕਤੀ ਬਾਬਾ ਬੁਢਾ

—ਮਹਿਤਾਬ ਸਿਹਾਂ ਰਾਤ ਅੱਧ ਤੋਂ ਉਤੇ ਟੱਪ ਚੱਲੀ ਏ। ਜ਼ਰਾ ਕੁ ਲੱਕ ਸਿਧਾ ਕਰ ਲਓ, ਦਿਨੇ ਪੈਂਡੇ ਪੈਣਾ ਏ, ਗੁਰੂ ਮਹਿਮਾਂ ਰਾਤ ਲੰਘੇ, ਗੁਰੂ ਗਾਣ ਕਰਦਿਆਂ ਦਿਨ। ਸੁਖਾ ਸਿੰਘ ਦੀ ਆਵਾਜ਼ ਸੀ।

ਦੋਵੇਂ ਜਣੇ ਸੌਂ ਤੇ ਗਏ, ਪਰ ਮਾਲਾ ਕਿਸਨੂੰ ਸੌਣ ਦਿੰਦੀ ਏ।

ਚੌਮੁਖੀਆ ਵਿਹੜਾ

ਜਿਹੜੇ ਵਿਹੜੇ ਵਿਚ ਸਿੰਘ ਬੈਠੇ ਹੋਏ ਸਨ, ਉਸ ਘਰ ਵਿਚੋਂ ਸਖਣੇ ਉਠਣਾ, ਮੂੰਹ ਜੂਠਾ ਕੀਤਿਆਂ ਬਿਨਾਂ ਰਾਹੇ ਪੈ ਜਾਣਾ ਅਚੰਭੇ ਵਾਲੀ ਗੱਲ ਸੀ। ਮਹਿਤਾਬ ਸਿੰਘ ਦਾ ਖਿਆਲ ਸੀ ਕਿ ਝਕਾਨੀ ਮਾਰੀਏ ਤੇ ਦੂਜੇ ਟਿਕਾਣੇ ਪੁਜਿਆ ਜਾਏ ਪਰ ਸੁੱਖਾ ਸਿੰਘ ਏਹਦੇ ਹੱਕ ਵਿਚ ਨਹੀਂ ਸੀ। ਉਹ ਚਾਹੁੰਦਾ ਸੀ ਕਿ ਕੋਈ ਬਿਧੀ ਚੰਦੀਆ ਮਿਲ ਜਾਏ ਤੇ ਦੂਜੇ ਅੱਡੇ ਦਾ ਟਿਕਾਣਾ ਪੁੱਛ ਲਿਆ ਜਾਏ। ਭਾਵੇਂ ਸਾਨੂੰ ਪਤਾ ਏ ਪਰ ਫਿਰ ਵੀ ਹੱਥ ਠੋਕਾ ਜ਼ਰੂਰ ਚਾਹੀਦੈ। ਸ਼ਾਇਦ ਕਿਸੇ ਵੇਲੇ ਅਗਲਾ ਆਦਮੀ ਘਰ ਈ ਨਹੀਂ ਮਿਲਦਾ ਜਾਂ ਕਿਤੇ ਗਸ਼ਤੀ ਫੌਜ ਗਈ ਆਈ ਹੋਵੇ ਤੇ ਦੌਰੀ ਡੰਡਾ ਲੈ ਕੇ ਘੋਟੇ ਲਾ ਰਹੀ ਹੋਵੇ ਤੇ ਡੇਰੇ ਉਸੇ ਪਿੰਡ ਵਿਚ ਈ ਜਮਾਏ ਹੋਣ। ਇਹੋ ਜਿਹੀ ਹਾਲਤ ਵਿਚ ਕੰਨੀ ਕਤਰਾ ਜਾਣਾ ਤੇ ਉਸ ਪਿੰਡ ਨੂੰ ਤਲਾਂਜਲੀ ਦੇ ਜਾਣਾ ਈ ਅਕਲਮੰਦੀ ਏ। ਠਾਂਡੇ ਮੀਂਡੇ ਰਾਹੋਂ ਕੁਰਾਹੇ ਕੋਈ ਨਵਾਂ ਜਿਹਾ ਰਸਤਾ ਬਣਾਕੇ ਨਿਕਲ ਜਾਈਏ। ਕੰਨ ਲਪੇਟ ਕੇ ਨਿਕਲਣਾ ਤੇ ਕਿਸੇ ਨੂੰ ਕੰਨੋ ਕੰਨੀ ਖਬਰ ਵੀ ਨਾ ਹੋਏ, ਏਸ ਲਈ ਹਮਜੋਲੀ ਨੂੰ ਉਡੀਕ ਲੈਣਾ ਈ ਚਾਹੀਦੈ। ਉਸ ਜ਼ਰੂਰ ਰੋਟੀ ਟੁਕਰ ਵੇਲੇ ਆਣ ਗੱਜਣੈ। ਫਿਰ ਨਿਠਕੇ ਬਹਾਂਗੇ, ਸਲਾਹ ਮਸ਼ਵਰਾ ਕੀਤਾ ਜਾਏਗਾ। ਸਾਥੋਂ ਪਹਿਲਾਂ ਸਾਡੇ ਭਾਈਵਾਲ ਸਾਡੀ ਜੁੰਡੀ ਦੇ ਬੇਲੀ ਪਿੰਡੋਂ ਬਾਹਰ ਜ਼ਰੂਰ ਧੂਣੀ ਰਮਾਈ ਬੈਠੇ ਹੋਣਗੇ। ਇਹ ਨਾਥਾਂ ਦੇ ਡੇਰੇ, ਇਹ ਜੋਗੀਆਂ ਦੀਆਂ ਟੋਲੀਆਂ ਇਹ ਸੂਫੀ ਫਕੀਰਾਂ ਦੇ ਤਕੀਏ, ਇਹ ਰਮਤਿਆਂ ਦੀਆਂ ਢਾਣੀਆਂ ਸਾਡੀ ਖੱਬੀ ਸੱਜੀ ਅੱਖ ਹਨ। ਇਹੋ ਹੀ ਸਾਡੀਆਂ ਬਾਹਾਂ ਹਨ। ਇਹ ਮੁੰਨੇ ਜੋਗੀ ਸਾਰੇ ਬਿਧੀ ਚੰਦੀਏ ਈ ਸਨ। ਇਹ ਸਿੰਘਾਂ ਦੀਆਂ ਕਿੱਲੀਆਂ ਹਨ ਤੇ ਇਹ ਪਿੰਡ ਪਿੰਡ ਵਿਚ ਕਿੱਲੇ ਗੱਡ ਕੇ ਬੈਠੇ ਹੋਏ ਹਨ। ਇਹਨਾਂ ਆਪਣਾ ਜਾਹੋ ਜਲਾਲ ਬਣਾਇਆ ਹੋਇਆ ਹੈ। ਸਾਰੇ ਪਿੰਡ ਦੀਆਂ ਤ੍ਰੀਮਤਾਂ ਮੁੱਠੀਆਂ ਭਰਦੀਆਂ ਹਨ। ਰੰਨਾਂ ਦਾ ਗੁਰੂ ਕਦੇ ਭੁੱਖਾ ਨਹੀਂ ਰਹਿੰਦਾ। ਖੀਰ ਪੂੜੇ, ਦੁੱਧ ਮਲਾਈਆਂ, ਕੜਾਹ ਪ੍ਰਸ਼ਾਦ ਦੇ ਥਾਲ ਕਤਾਰਾਂ ਬੰਨ੍ਹਕੇ ਤੁਰੇ ਆਉਂਦੇ ਹਨ। ਕਿੰਨਾ ਕੁ ਖਾ ਲੈਣੈ। ਇਹਨਾਂ ਵਧਿਆ ਘਟਿਆ ਮਾਲ ਪਿੰਡ ਨੂੰ ਵੰਡ ਕੇ ਸਾਰਾ ਪਿੰਡ ਮਤੀ ਕੀਤਾ ਹੋਇਐ ਇਹ ਟੋਲੇ ਅਸਲ ਵਿਚ ਸਭ ਤੋਂ ਵੱਡੇ ਗੁਰੂ ਦੇ ਸ਼ਰਧਾਲੂ ਹਨ। ਇਹਨਾਂ ਦੇ ਸਿਰ ਸਦਕੇ ਅਸੀਂ ਉਡੇ ਫਿਰਦੇ ਹਾਂ। ਇਹਨਾਂ ਦੇ ਡੌਲਿਆਂ ਦੀ ਸ਼ਕਤੀ ਨਾਲ ਅਸਾਂ ਖੋਹ ਰਾਜ ਲੈਣੇ ਇਹਨਾਂ ਚਵੱਤਿਆਂ ਕੋਲੋਂ। ਮੁਗਲਾਂ ਦੇ ਸਿਰ ਚੜ੍ਹੇ ਭੂਤਨੇ ਇਹਨਾਂ ਗੁੱਗਲ ਦੀਆਂ ਧੂਣੀਆਂ ਦੇ ਕੇ ਕੱਢ ਦੇਣੇ ਹਨ। ਇਹਨਾਂ ਦੇ ਗਰਮ ਚਿਮਟੇ ਚੁੜੇਲਾਂ ਕੱਢਣੀਆਂ ਜਾਣਦੇ ਹਨ। ਹੌਲੀ ਹੌਲੀ ਅਸੀਂ ਤਾਕਤ ਫੜ ਰਹੇ ਹਾਂ ਤਾਂ ਇਹਨਾਂ ਦੀ ਚੰਡਾਲ ਚੌਕੜੀ ਜਦ ਦਾਣੇ ਸੁਟਦੀ ਹੈ ਕੁਝ

ਉਡ ਜਾਂਦੇ ਹਨ ਤੇ ਕੁਝ ਉਡਣਾ ਚਾਹੁੰਦੇ ਹਨ ਤੇ ਕੁਝ ਪੱਤਰਾ ਵਾਚ ਜਾਂਦੇ ਹਨ। ਇਹਨਾਂ ਦੀ ਛੱਜ ਵਿਚ ਪਿਆ ਬੰਦਾ ਛੱਟਿਆਂ ਬਿਨਾਂ ਨਹੀਂ ਨਿਕਲ ਸਕਦਾ। ਇਸ ਤਰ੍ਹਾਂ ਪਿੰਡਾਂ ਵਿਚੋਂ ਇਹਨਾਂ ਦੀਆਂ ਢਾਣੀਆਂ ਸ਼ਹਿਰ ਵੱਲ ਮੂੰਹ ਚੁੱਕ ਰਹੀਆਂ ਹਨ। ਜਦ ਪਿੰਡਾਂ ਵਿਚੋਂ ਇਹਨਾਂ ਦਾ ਜ਼ੋਰ ਮੁਕਿਆ ਤੇ ਫਿਰ ਇਹਨਾਂ ਨੂੰ ਧੱਕੇ ਮਾਰਕੇ ਕੱਢ ਦੇਣਾ ਬਹੁਤ ਮਾਮੂਲੀ ਗੱਲ ਏ। ਹਕੂਮਤ ਦੀ ਤਾਕਤ ਪਿੰਡਾਂ ਵਿਚ ਈ ਹੁੰਦੀ ਏ ਪਤਾਲ ਵਿਚੋਂ ਜਦੋਂ ਜੜ੍ਹਾਂ ਉਖੜੀਆਂ ਫਿਰ ਹਕੂਮਤ ਹਵਾ ਦੇ ਬੁੱਲ੍ਹੇ ਨਾਲ ਉਡ ਜਾਂਦੀ ਏ।

ਰਾਤ ਨੇ ਅਜੇ ਤੀਜੇ ਪਹਿਰ ਵਿਚ ਆਪਣਾ ਪੈਰ ਈ ਪਾਇਆ ਸੀ। ਸੁੱਖਾ ਸਿੰਘ ਨੇ ਮਹਿਤਾਬ ਸਿੰਘ ਨੂੰ ਆਖਿਆ,—ਜ਼ਰਾ ਕੁ ਅੱਖ ਲਾ ਲਓ। ਇਸ਼ਨਾਨ ਧਿਆਨ ਕਰਕੇ ਚਲਣਾ ਏਂ। ਘੋੜੇ ਹਫ ਗਏ ਹਨ। ਜ਼ਰਾ ਕੁ ਇਹਨਾਂ ਨੂੰ ਵੀ ਸੁਰਤ ਆ ਜਾਏ। ਨੌ ਬਰ ਨੌ ਹੋਏ ਤੇ ਫਿਰ ਇਹ ਸ਼ੇਰ ਦੇ ਪੁੱਤ। ਰੇਤ ਵਿਚ ਊਠ ਈ ਕਾਢ ਕਢਦੇ।

—ਸਤ ਬਚਨ। ਮਹਿਤਾਬ ਸਿੰਘ ਬੋਲਿਆ।

ਸੌਣ ਦੇ ਬਥੇਰੇ ਯਤਨ ਕੀਤੇ ਪਰ ਮਾਲਾ ਕਿਥੋਂ ਸੌਣ ਦਿੰਦੀ ਸੀ। ਜ਼ਰਾ ਕੁ ਅੱਖ ਲੱਗੀ ਤੇ ਮਾਲਾ ਨੇ ਹੁੱਝ ਮਾਰੀ। ਨਾ ਆਪ ਸੁੱਤਾ ਤੇ ਨਾ ਉਸ ਸੁੱਖਾ ਸਿੰਘ ਨੂੰ ਈ ਸੌਣ ਦਿੱਤਾ।

ਮਹਿਤਾਬ ਸਿੰਘ ਬੋਲਿਆ,—ਉਹ ਕਥਾ ਅੱਧ ਵਿਚੋਂ ਰਹਿ ਗਈ। ਅਸੀਂ ਹੋਰ ਹੀ ਖੂਹ ਗੇੜਣ ਲੱਗ ਪਏ ਆਂ। ਗੁਰੂ ਮਹਿਮਾ ਸੁਣਦਿਆਂ ਸੁਣਦਿਆਂ ਅਸੀਂ ਇਥੋਂ ਤੱਕ ਪੁਜ ਗਏ ਆਂ। ਇਹ ਸਭ ਮਿਹਰਾਂ ਬਾਬੇ ਨਾਨਕ ਦੀਆਂ ਨੇ। ਯਾਰ ਤੇਰੀ ਬੋਲੀ 'ਚ ਬੜਾ ਰਸ ਏ। ਤੈਨੂੰ ਕਥਾ ਕਰਨੀ ਆਉਂਦੀ ਏ, ਤੂੰ ਕਥਾ ਸੁਨਾਉਣੀ ਜਾਣਦਾ ਏਂ।

ਸੁੱਖਾ ਸਿੰਘ ਦੇ ਕੰਠ ਵਿਚੋਂ ਧੁਨਾ ਨਿਕਲੀ—ਲੈ ਸੁਣ, ਮੇਰਾ ਬਾਬਾ ਤੇ ਮੈਂ ਉਸ ਚੌਮੁਖੀਏ ਚੌਕ ਵਿਚ ਪੁਜ ਗਏ ਸਾਂ, ਜਿਥੇ ਸੰਗਤਾਂ ਹਰੀ ਕੀਰਤਨ ਕਰ ਰਹੀਆਂ ਸਨ। ਜਿਥੇ ਸ਼ਬਦ ਪੜ੍ਹੇ ਜਾ ਰਹੇ ਸਨ।

—ਏਸ ਚੌਮੁਖੀਏ ਵਿਹੜੇ ਦਾ ਸ਼ਿੰਗਾਰ ਏ ਅਕਾਲ ਤਖਤ, ਥੜਾ ਸਾਹਿਬ, ਲਾਚੀ ਬੇਰ ਤੇ ਦਰਸ਼ਨੀ ਡਿਓਡੀ ਵਿਚੋਂ ਲਿਸ਼ਕਾਰੇ ਮਾਰਦਾ ਹਰਿਮੰਦਰ। ਅਸੀਂ ਪਸੱਕਾ ਮਾਰਕੇ ਬੈਠ ਗਏ ਤੇ ਮੇਰਾ ਬਾਬਾ ਬੋਲਿਆ, 'ਧੰਨ ਗੁਰੂ ਰਾਮਦਾਸ'।

ਮੈਂ ਜੰਮਦਿਆਂ ਸ਼ੈਤਾਨ ਦੀ ਟੂਟੀ ਸੀ। ਮੇਰਾ ਚਾਚਾ ਆਖਿਆ ਕਰਦਾ ਸੀ, ਜੰਮ-ਦੀਆਂ ਸੂਲਾਂ ਦੇ ਮੂੰਹ ਤਿਖੇ। ਇਹ ਜ਼ਰੂਰ ਸਿੰਘਾਂ ਦੇ ਜਥੇ ਵਿਚ ਰਲੇਗਾ। ਸੋ ਉਹਦੀ ਗੱਲ ਸੱਚੀ ਹੋ ਗਈ।

—ਪੁੱਤ, ਆਹ ਅਕਾਲ ਤਖਤ ਏ। ਇਹਨੂੰ ਗੁਰੂ ਹਰਿਗੋਬਿੰਦ ਨੇ ਬਣਾਇਆ ਸੀ। ਇਹ ਉਹ ਤਖਤ ਏ ਜਿਥੇ ਕੌਮ ਦੇ ਹਰ ਫੈਸਲੇ ਦਾ ਐਲਾਨ ਕੀਤਾ ਜਾਂਦਾ ਏ। ਅਤੇ ਗੁਰਮੱਤਾ ਕਰਕੇ ਸਾਰੀ ਕੌਮ ਨੂੰ ਪਰਵਾਨੇ ਭੇਜੇ ਜਾਂਦੇ ਹਨ। ਇਹਦਾ ਹੁਕਮ ਅਟੱਲ ਏ। ਸ਼ਾਹੀ ਫੁਰਮਾਨ ਤੇ ਕਿਸੇ ਵੇਲੇ ਬਦਲਿਆ ਜਾਂਦਾ ਹੋਵੇਗਾ ਪਰ ਅਕਾਲ ਤਖਤ ਤੋਂ ਪ੍ਰਵਾਨ ਹੋਇਆ ਗੁਰਮਤਾ ਬਦਲਿਆ ਜਾਏ—ਨਾ ਮੁਮਕਿਨ। ਪੱਥਰ ਦੀ ਲੀਕ ਬੁੱਝ ਸਕਦੀ ਏ, ਅੱਖਰ ਦਾ ਵਾਧਾ ਘਾਟਾ ਕੀਤਾ ਜਾਏ ਗੁਰ ਮਰਯਾਦਾ ਦੇ ਉਲਟ ਏ। ਇਹ ਸੱਚੇ ਪਾਤਸ਼ਾਹ ਦਾ ਤਖਤ ਏ। ਦਿੱਲੀ ਦਾ ਤਖਤ ਝੂਠਾ ਏ, ਫਰੇਬ, ਲੱਭ ਤੇ ਲਹੂ ਨਾਲ ਲਿਬੜਿਆ ਹੋਇਆ ਏ। ਕਾਕਾ ਤੂੰ ਪੁਛੇਂਗਾ ਕਿ ਇਹਦੀ ਲੋੜ ਕਿਏਂ ਪਈ। ਮੈਂ ਤੁਖਣੀਆਂ ਲੈ ਰਿਹਾ

ਸਾਂ। ਮੇਰੇ ਬਾਬੇ ਨੇ ਮੇਰਾ ਕੰਨ ਪੁੱਟਿਆ। ਇਕ ਵੇਰ ਤੇ ਤਾਰੇ ਨਜ਼ਰ ਆ ਗਏ। ਸ਼ਰਾਰਤੀ ਮੁੰਡੇ ਏਦਾ ਈ ਸੂਤ ਆਉਂਦੇ ਨੇ।

ਜਹਾਂਗੀਰੀ ਰਾਜ ਸੀ। ਮੁਗਲਾਂ ਦੇ ਝੰਡੇ ਝੂਲਦੇ, ਥਰ ਥਰ ਕੰਬਦੀ ਲੋਕਾਈ। ਹਿੰਦੋ-ਸਤਾਨ ਦੀ ਜਾਨ ਉਹਨਾਂ ਝੰਡਿਆਂ ਦੀ ਮੁੱਠ ਵਿਚ ਸੀ। ਜਹਾਂਗੀਰ ਦੀ ਜ਼ਬਾਨ ਤੋਂ ਨਿਕਲਿਆ ਲਫਜ਼ ਕਾਨੂੰਨ ਬਣ ਜਾਂਦਾ। ਅਫੀਮ ਤੇ ਸ਼ਰਾਬ ਵਿਚ ਝੂਮਦਾ ਨਸ਼ੇ ਦੇ ਲੋਰ ਵਿਚ ਜਹਾਂਗੀਰ ਕਦੇ ਕੋਈ ਗਲਤ ਬਿਆਨ ਕਰ ਜਾਂਦਾ। ਮਹੀਨਾ ਪਾਕੇ ਉਹਨੂੰ ਸਿਰਫ ਮਲਕਾ ਨੂਰ ਜਹਾਨ ਈ ਬਦਲਦੀ। ਗੁਰੂਆਂ ਦਾ ਤੇਜ਼ ਤਪ ਜਹਾਂਗੀਰ ਨੇ ਆਪਣੀ ਅੱਖੀਂ ਡਿੱਠਾ ਹੋਇਆ ਸੀ। ਇਕ ਵਾਰ ਆਪਣੇ ਪਿਤਾ ਅਕਬਰ ਨਾਲ ਗੋਇੰਦਵਾਲ ਆਇਆ ਤੇ ਫਿਰ ਜਦ ਬਾਦਸ਼ਾਹੀ ਦਾ ਤਾਜ ਪਹਿਨਿਆ। ਬਾਦਸ਼ਾਹ ਬਣਕੇ ਉਸ ਗੋਇੰਦਵਾਲ ਦੀ ਨੁਹਾਰ ਵੇਖੀ ਸੀ। ਉਹਦੀ ਅੱਖ ਵਿਚ ਕੁਕਰੇ ਵਾਂਗ ਰੜਕਦਾ ਗੁਰੂ ਘਰ। ਉਹਦੇ ਸੀਨੇ ਤੇ ਉਦੋਂ ਈ ਸੱਪ ਲੇਟਣ ਲੱਗ ਪਏ ਸਨ ਜਦ ਉਸ ਡਡੌਤ ਕਰਦਿਆਂ ਵੇਖਿਆ ਸੀ ਸੇਵਕਾਂ ਨੂੰ। ਯਾਰੋ, ਕਿਥੇ ਮੈਂ ਬਾਦਸ਼ਾਹ ਤੇ ਕਿਥੇ ਇਹ ਮਾਮੂਲੀ ਫਕੀਰ। ਅਸਲ 'ਚ ਬਾਦਸ਼ਾਹ ਇਹ ਹਨ।

ਉਦੋਂ ਅਲਫ ਮੁਜਦਦ ਸਾਨੀ ਸਰਹਿੰਦ ਵਾਲੇ ਨੇ ਜਹਾਂਗੀਰ ਦੇ ਕੰਨ ਵਿਚ ਫੂਕ ਮਾਰੀ—ਵੇਖਿਆ ਈ, ਛੋਟੀ ਜਿਹੀ ਛਛੂੰਦਰ। ਜਦ ਹੁਣ ਈ ਇਹਨਾਂ ਦਾ ਏਨਾਂ ਤੇਜ਼, ਸ਼ਾਨੋ ਸ਼ੌਕਤ ਤੇ ਜਲਾਲ ਏ ਤੇ ਕੱਲ ਨੂੰ ਕੀ ਬਣੇਗਾ। ਜੇ ਕਿਤੇ ਇਹਨਾਂ ਨੇ ਆਪਣੇ ਚਾਰ ਘਰ ਇਕੱਠੇ ਬਣਾ ਲਏ ਤੇ ਫਿਰ ਹਕੂਮਤ ਨੂੰ ਤਾੜਨਾ ਅੱਖਾਂ, ਕੱਢਣੀਆਂ ਤੇ ਆਪਣੀ ਚੌਧਰ ਬਣਾ ਲੈਣੀ ਕੋਈ ਮੁਸ਼ਕਲ ਨਹੀਂ। ਕੀ ਨਹੀਂ ਜਿਹੜਾ ਇਹਨਾਂ ਕੋਲ ਨਹੀਂ। ਕਿਹੜੀ ਗੱਲ ਏ, ਜਿਹੜੀ ਇਹ ਕਰ ਨਹੀਂ ਸਕਦੇ। ਹਾਥੀ ਘੋੜੇ, ਫੌਜਾਂ, ਹਕੂਮਤ ਦਮੜੇ ਖਰਚ ਕੇ ਖਰੀਦੀ ਏ ਪਰ ਇਹਨਾਂ ਕੋਲ ਇਹ ਸਭ ਕੁਝ ਚੜ੍ਹਾਵੇ ਚੜ੍ਹਾਏ ਜਾਂਦੇ ਨੇ। ਹਕੂਮਤ ਦਾ ਡੰਡਾ ਕਾਨੂੰਨ ਏ ਪਰ ਇਹਨਾਂ ਦਾ ਕਾਨੂੰਨ ਸ਼ਰਧਾ ਏ। ਸ਼ਰਧਾ ਲਿਫਦੀ ਨਹੀਂ ਟੁੱਟ ਜਾਂਦੀ ਏ। ਰੁੱਤ ਬਦਲਣ ਦੀ ਦੇਰ ਏ, ਇਹ ਹਕੂਮਤ ਲਈ ਕਿਸੇ ਦਿਨ ਫਰੌਨ ਬਣ ਜਾਵੇਗਾ। ਏਸ ਲਈ ਏਸ ਬ੍ਰਿਖ ਨੂੰ ਜਿਨੂੰ ਪੰਜਾਬ ਵਾਲੇ ਗੁਰੂ ਘਰ ਆਖਦੇ ਨੇ, ਜੜੋਂ ਕੱਟ ਦੇਣਾ ਚਾਹੀਦੈ ਤਾਂ ਜੋ ਇਹਦੀ ਛਾਂ ਲੋਕ ਮਾਣ ਨਾ ਸਕਣ। ਜਹਾਂਗੀਰ ਸਰੂਰ ਵਿਚ ਸੀ। ਉਹਦੇ ਗੱਲ ਪਸੰਦ ਆ ਗਈ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਉਸ ਵੇਲੇ ਗੁਰ ਗੱਦੀ ਤੇ ਬਿਰਾਜਮਾਨ ਸਨ। ਬਾਦਸ਼ਾਹ ਨੇ ਸਜ਼ਾ ਦਾ ਇੰਤਖਾਬ ਕੀਤਾ। ਤਸੀਹੇ ਦੇ ਦੇ ਕੇ ਜਾਨ ਨੂੰ ਅਜ਼ਾਬ ਵਿਚ ਪਾ ਦਿਓ। ਜਦ ਇਹ ਗੁਰੂ ਤੋਬਾ ਤੋਬਾ ਕਰ ਉਠੇ ਤੇ ਫਿਰ ਗਰਦਨ ਜ਼ਨੀ ਕਰ ਦਿਓ। ਕਿਉਂਕਿ ਇਹਨਾਂ ਦੇ ਆਸ਼ਰਮਾਂ ਵਿਚੋਂ ਮੈਨੂੰ ਬਗਾਵਤ ਦੀ ਬੋਅ ਆ ਰਹੀ ਏ। ਏਸ ਹੁਕਮ ਨੇ ਸ਼ਹਾਦਤ ਦਾ ਰੂਪ ਧਾਰਿਆ ਤੇ ਗੁਰੂ ਅਰਜਨ ਦੇਵ ਤੱਤੀਆਂ ਤਵੀਆਂ ਤੇ ਬੈਠੇ। ਦੇਗਾਂ 'ਚ ਉਬਾ-ਲਿਆ ਗਿਆ। ਤੱਤੀ ਰੇਤ ਨੇ ਛਾਲਿਓ ਛਾਲੀ ਕਰ ਦਿੱਤਾ ਜਿਸਮ। ਜਦ ਸਾਹ ਨਾ ਰੁਕਿਆ ਤੇ ਆਖਰੀ ਹੁਕਮ ਸਾਦਰ ਹੋਇਆ। ਗਊ ਦੀ ਖੱਲ ਵਿਚ ਮੜ੍ਹਵਾ ਦਿਓ। ਇਹ ਸਜ਼ਾ ਗੁਰੂ ਨੂੰ ਕਬੂਲ ਨਹੀਂ ਸੀ। ਗੁਰੂ ਮਹਾਰਾਜ ਨੇ ਇਸ਼ਨਾਨ ਕਰਨ ਲਈ ਇੱਛਾ ਪ੍ਰਗਟ ਕੀਤੀ। ਛਾਲਿਆਂ ਭਰੇ ਜਿਸਮ ਤੇ ਇਕ ਹੋਰ ਵੱਡੀ ਸਜ਼ਾ ਸੀ। ਇਜਾਜ਼ਤ ਮਿਲ ਗਈ। ਰਾਵੀ ਦਰਿਆ ਦੇ ਰੋੜ ਵਿਚ ਜਿਹਦੇ ਲਾਗੇ ਉਚੇ ਬੁਰਜ ਲਾਹੌਰ ਦੇ ਹਨ। ਵਾਹਿਗੁਰੂ ਦਾ ਨਾਂ ਲੈ ਕੇ ਅਜਿਹੀ ਚੁੱਭੀ ਮਾਰੀ ਨਾ ਗੁਰੂ ਲੱਭਾ ਤੇ ਨਾ ਉਹਦਾ ਸਾਇਆ। ਫਿਰ ਕਿਸੇ ਨੇ ਦਰਸ਼ਨ

ਤਕ ਨਾ ਕੀਤੇ। ਕੌਮ ਮਾਯੂਸ ਹੋ ਗਈ ਪਰ ਏਸ ਮਾਯੂਸੀ ਨੇ ਕੌਮ ਨੂੰ ਹਲੂਣਾ ਦਿਤਾ। ਗੈਰਤ ਦੇ ਮੱਥੇ ਤੇ ਤਰੇਲੀਆਂ ਆਈਆਂ। ਕਰਵਟ ਲਈ ਇਕ ਕੌਮ ਨੇ।

ਗੁਰੂ ਹਰਿਗੋਬਿੰਦ ਅਜੇ ਬਾਲ ਈ ਸੀ। ਗੁਰੂ ਗੱਦੀ ਦਾ ਤਿਲਕ ਬਾਬੇ ਬੁੱਢੇ ਨੇ ਦੇ ਦਿਤਾ। ਆਖਦੇ ਹਨ ਕਿ ਬਾਬੇ ਬੁੱਢੇ ਨੇ ਪੀਰੀ ਦੀ ਤਲਵਾਰ ਗੁਰੂ ਸਾਹਿਬ ਨੂੰ ਪਹਿਨਾਈ। ਸੇਹਲੀ ਟੋਪੀ ਨਾਲ, ਗੁਰ ਗੱਦੀ ਦਾ ਤਿਲਕ ਦਿਤਾ, ਤਲਵਾਰ ਖੱਬੇ ਹੱਥ ਪਾਈ। ਇਹ ਤਲਵਾਰ ਆਮ ਤੌਰ ਤੇ ਮੀਰੀ ਦੀ ਮੰਨੀ ਜਾਂਦੀ ਏ। ਮੁਲਕ ਫਤਹਿ ਕਰਨ ਤੇ ਇਹ ਪਹਿਨਾਈ ਜਾਂਦੀ ਏ। ਪੀਰੀ ਦੀ ਤਲਵਾਰ ਸੱਜੇ ਪਾਸੇ ਪਾਈ ਦੀ ਏ। ਸਿਰਫ ਆਪਣੀ ਹਿਫਾਜ਼ਤ ਲਈ। ਲੋਕ ਹੈਰਾਨ ਹੋ ਗਏ। ਬਾਬੇ ਦੀ ਏਸ ਗਲਤੀ ਏ। ਇਕ ਬਜ਼ੁਰਗ ਬੋਲਿਆ—ਬਾਬਾ ਜੀ ਇਹ ਕੀ। ਮੁਸਕਰਾਇਆ ਬਾਬਾ। ਗੁਰੂ ਹਰਿਗੋਬਿੰਦ ਬੋਲੇ, ਬਾਬਾ ਜੀ ਇਹਨੂੰ ਰਹਿਣ ਦਿਓ। ਇਹ ਮੀਰੀ ਦੀ ਤਲਵਾਰ ਏ, ਤੁਸਾਂ ਪਾ ਦਿੱਤੀ ਏ, ਇਹਦੀ ਲੋੜ ਸੀ। ਪੀਰੀ ਦੀ ਦੂਜੀ ਪਹਿਨਾ ਦਿਓ। ਦੂਜੀ ਤਲਵਾਰ ਵੀ ਪਹਿਨਾ ਦਿਤੀ। ਇਹ ਇਕ ਅਚੰਭਾ ਸੀ। ਇਹ ਇਕ ਚਨੌਤੀ ਸੀ, ਇਹ ਇਕ ਨਵਾਂ ਕਦਮ ਸੀ, ਨਵੀਂ ਕਰਵਟ ਸੀ, ਨਵਾਂ ਹਲੂਣਾ ਸੀ। ਗੁਰਾਂ ਫੁਰਮਾਇਆ,—ਇਕ ਤਲਵਾਰ ਮੀਰੀ ਦੀ ਏ, ਤੇ ਦੂਜੀ ਪੀਰੀ ਦੀ ਏ। ਇਹ ਸੇਹਲੀ ਟੋਪੀ ਲਾਹ ਲਓ। ਅਜ ਤੋਂ ਇਹ ਸੇਹਲੀ ਤਲਵਾਰ ਦਾ ਗਾਤਰਾ ਹੋਵੇਗੀ।

ਕੌਮ ਸਹਿਮ ਗਈ। ਜਜ਼ਬਾਤ ਦੱਬੇ ਗਏ। ਡਰੀ ਕੌਮ ਸਹਾਰਾ ਲੱਭ ਰਹੀ ਸੀ। ਇਕ ਵੇਰ ਤੇ ਵਿਹੜਾ ਡੋਲ ਗਿਆ, ਕੰਬਣੀ ਜਿਹੀ ਆਈ, ਚਿਹਰਿਆਂ ਤੇ ਉਦਾਸੀਆਂ ਵੇਖੀਆਂ। ਗੁਰਾਂ ਨੇ ਗੱਲ ਤਾੜ ਲਈ। ਕੌਮ ਵਿਚੋਂ ਇਹ ਭਰੋਸਾ ਈ ਨਾ ਉਠ ਜਾਏ ਕਿ ਸੱਚ ਤੇ ਧਰਮ ਦੀ ਸਦਾ ਜੈ ਹੁੰਦੀ ਏ। ਮਤਾਂ ਲੋਕ ਦੁਨੀਆਂ ਦੇ ਝਮੇਲਿਆਂ ਤੋਂ ਉਦਾਸ ਹੋਕੇ ਉਦਾਸੀ ਨਾ ਬਣ ਜਾਣ। ਏਸ ਲਈ ਇਹ ਹਲੂਣਾ ਬਹੁਤ ਚਾਨਣ ਮੁਨਾਰਾ ਸਾਬਤ ਹੋਇਆ। ਇਹ ਸ੍ਰਿਸ਼ਟੀ ਨੇਕੀ ਤੇ ਬਦੀ ਦੀ ਰਣ ਭੂਮੀ ਏ। ਗੁਰਾਂ ਫੁਰਮਾਇਆ ਪਿਤਾ ਜੀ ਨੂੰ ਇਹ ਗਿਆਨ ਹੋ ਗਿਆ ਸੀ ਕਿ ਸ਼ਹਾਦਤ ਦੀ ਕੌਮ ਨੂੰ ਲੋੜ ਏ। "ਤੇਰਾ ਭਾਣਾ ਮੀਠਾ ਲਾਗੇ" ਦੀ ਧੁਨਾਂ ਮਾਲਾ ਦੇ ਮਣਕਿਆਂ ਨਾਲ ਫੇਰੀ ਤੇ ਸ਼ਹਾਦਤ ਨਾਲ ਗਲਵਕੜੀ ਪਾ ਲਈ। ਹੁਣ ਕੌਮ ਨੂੰ ਇਕ ਐਸੀ ਸੂਰਬੀਰਾਂ ਦੀ ਫੌਜ ਬਨਾਉਣ ਦੀ ਲੋੜ ਏ, ਜਿਹੜੀ ਕਿਸੇ ਤੋਂ ਡਰੇ ਨਾ। ਉਹ ਯੋਧੇ ਮੈਦਾਨ 'ਚ ਨਿਤਰਨ ਜੋ ਭੈਅ ਕਬੂਲਣ ਸਿਰਫ ਅਕਾਲ ਪੁਰਖ ਦਾ। ਤੇ ਬਾਕੀ ਏਸ ਹਕੂਮਤ ਦਾ ਡਰ ਦਿਲੋਂ ਕੱਢ ਦੇਣ। ਤਲਵਾਰਾਂ ਭਿਜਣ ਸਿਰਫ ਅਨਾਥਾਂ, ਗਰੀਬਾਂ ਤੇ ਧਰਮ ਦੀ ਰਾਖੀ ਕਰਨ ਲਈ। ਸ੍ਰੀ ਸਾਹਿਬ ਖੜਕੇ ਪਰ ਇਹ ਜਜ਼ਬਾ ਰਖ ਕੇ ਕਿ ਸਾਡੀ ਕੌਮ ਨੇ ਢਾਲ ਦਾ ਕੰਮ ਕਰਨਾ ਏ। ਤਖਤ ਤੇ ਦਲ ਭੰਜਨ ਬੈਠਾ ਹੋਇਆ ਫੁਰਮਾਨ ਲੱਗਾ— ਅੱਜ ਤੋਂ ਬਾਅਦ ਸਾਡੀ ਭੇਟਾ ਸਾਡੀ ਨਜ਼ਰ ਚੰਗਾ ਸ਼ਸਤਰ, ਚੰਗੀ ਜਵਾਨੀ, ਵਧੀਆ ਘੋੜਾ, ਫੜਕਦੇ ਡੌਲੇ ਹੋਵੇਗੀ। ਤੁਸੀਂ ਦੂਰ ਦੁਰਾਡੇ ਪਿੰਡਾਂ ਵਿਚੋਂ ਆਏ ਓ। ਪਿੰਡ ਪਿੰਡ ਵਿਚ ਅਖਾੜੇ ਬਣਾਓ। ਗਤਕਾ ਖੇਡੋ, ਘੋੜ ਸਵਾਰੀ ਕਰੋ, ਕੁਸ਼ਤੀ ਕਰਨ ਦੀ ਆਦਤ ਪਾਓ ਤੇ ਹਰ ਘਰ ਵਿਚ ਗਭਰੂ ਪੈਦਾ ਕਰੋ ਬੱਜਰ ਸਰੀਰ ਵਾਲੇ। ਸ਼ਿਕਾਰ ਖੇਡੋ, ਤਲਵਾਰ ਦਾ ਵਾਰ ਕਰਨਾ ਸਿਖੋ ਤੇ ਵਾਰ ਸੰਭਾਲਣਾ। ਹੁਣ ਸਾਡੀ ਟੱਕਰ ਸਿੱਧੀ ਹਕੂਮਤ ਨਾਲ ਏ। ਜਦ ਤਕ ਇਹ ਜ਼ੁਲਮ ਅਤਿਆਚਾਰ ਬੰਦ ਨਹੀਂ ਹੋ ਜਾਂਦਾ ਤਦ ਤਕ ਤੁਹਾਡੀਆਂ ਤਲਵਾਰਾਂ ਚਲਦੀਆਂ ਰਹਿਣਗੀਆਂ। ਕੱਢੋ ਜੰਗ ਲੱਗੇ ਬਰਛੇ ਤੇ ਉਹਨਾਂ ਨੂੰ ਸਾਨ ਵਿਖਾਓ। ਪ੍ਰਣ

ਕਰਕੇ ਉਠੋ ਤੇ ਕੌਮ ਵਿਚ ਜਾਗਰਤੀ ਪੈਦਾ ਕਰ ਦਿਓ। ਅੱਜ ਤੋਂ ਅਸੀਂ ਬਾਜ ਰੱਖਾਂਗੇ, ਘੋੜ ਸਵਾਰੀ ਕਰਾਂਗੇ, ਪਾਲਕੀਆਂ 'ਚ ਆਇਆ ਜਾਇਆ ਕਰਾਂਗੇ, ਕਲਗੀ ਸੀਸ ਤੇ ਚਮਕੇਗੀ, ਸ਼ਸਤਰ ਸਰੀਰ ਦਾ ਦੂਸਰਾ ਅੰਗ ਬਣ ਜਾਣਗੇ। ਜਵਾਨੀ ਉਹੋ ਈ ਏ ਜਿਹੜੀ ਕੌਮ ਦੇ ਕੰਮ ਆਵੇ। ਜਿਹਨੂੰ ਮੌਤ ਨੂੰ ਜੱਫੀ ਪਾਉਣੀ ਆ ਜਾਏ, ਉਹਨੂੰ ਮੌਤ ਨਹੀਂ ਆਉਂਦੀ। "ਪਹਿਲਾਂ ਮਰਨ ਕਬੂਲ—" ਦੀ ਮੁਹਾਰਨੀ ਪੜ੍ਹੋ। ਤੁਸੀਂ ਆਟੇ ਵਿਚ ਲੂਣ ਜ਼ਰੂਰ ਓ। ਤੁਸੀਂ ਸੋਮੇ ਹੋ ਤੇ ਦਰਿਆ ਸੋਮਿਆਂ ਦੇ ਗਰਭ ਵਿਚੋਂ ਨਿਕਲਦੇ ਹਨ। ਤੁਹਾਡੇ ਵਰਗੇ ਲੱਖਾਂ ਸੋਮੇ ਕੌਮ ਵਿਚ ਹਨ। ਪੱਥਰ ਦੀ ਰਗੜ ਵਿਚੋਂ ਅੱਗ ਪੈਦਾ ਹੁੰਦੀ ਏ। ਇਕ ਚੰਗਿਆੜੀ ਸਾਰਾ ਜੰਗਲ ਲੂਹ ਕੇ ਰੱਖ ਦਿੰਦੀ ਏ। ਉਹ ਤੇ ਪੱਥਰ ਏ ਇਕ ਬੇਜਾਨ ਪੱਥਰ ਪਰ ਤੁਸੀਂ ਤੇ ਇਨਸਾਨ ਓ, ਮਾਮੂਲੀ ਇਨਸਾਨ ਨਹੀਂ। ਤੁਸੀਂ ਉਹ ਇਨਸਾਨ ਓ ਜਿਹਨਾਂ ਦਾ ਕਲੇਜਾ ਹੁਣੇ ਹੁਣੇ ਤੱਤੀਆਂ ਤਵੀਆਂ ਤੇ ਸਾੜਿਆ ਗਿਆ।

—ਧੰਨ ਸੀ ਕੌਮ ਨੂੰ ਮੋੜਾ ਦੇਣ ਵਾਲਾ ਗੁਰੂ ਹਰਿਗੋਬਿੰਦ। ਮਹਿਤਾਬ ਸਿੰਘ ਸ਼ਰਧਾ 'ਚ ਬੋਲਿਆ।

—ਕੌਮਾਂ ਉਹੋ ਜੀਉਂਦੀਆਂ ਹਨ ਜਿਹੜੀਆਂ ਕੁਰਬਾਨੀ ਕਰਨਾ ਜਾਣਦੀਆਂ ਹਨ। ਜੋ ਜਾਨ ਤਲੀ ਤੇ ਰਖਣਾ ਜਾਣਦੇ ਹਨ ਉਹਨਾਂ ਦੀ ਕੋਈ ਵਾਅ ਵੱਲ ਨਹੀਂ ਵੇਖਦਾ। ਸੁੱਖਾ ਸਿੰਘ ਨੇ ਉਤਰ ਦਿਤਾ।

—ਜਦ ਤਖਤ ਤੇ ਸੁਨਹਿਰੀ ਚੌਰ ਝੁਲਿਆ। ਚੌਰ ਹੋਣ ਲੱਗੀ। ਸੱਚਮੁਚ, ਦਿੱਲੀ ਦਰਬਾਰ ਦਾ ਭੁਲੇਖਾ ਪੈਣ ਲੱਗਾ। ਕਵੀਆਂ ਤੇ ਢਾਡੀਆਂ ਨੇ ਵਾਰਾਂ ਗਾਈਆਂ। ਗੁਰੂ ਮਹਾਰਾਜ ਨੇ ਫੁਰਮਾਇਆ, ਕਵੀ ਕੌਮ ਦਾ ਦਿਲ ਹੁੰਦੈ। ਕੁਦਰਤ ਨੇ ਤੁਹਾਡੇ ਤੇ ਬਖਸ਼ਿਸ਼ ਕੀਤੀ ਏ। ਕਵਿਤਾਵਾਂ ਦੀਆਂ ਇੱਟਾਂ ਬਣਾ ਬਣਾ ਕੇ ਮਹਿਲ ਉਸਾਰ ਸਕਦੇ ਓ। ਤੁਸੀਂ ਕਵੀ ਓ। ਤੁਹਾਡੀ ਕਵਿਤਾ ਵਿਚ ਜਵਾਲਾ ਏ। ਕੌਮ ਦੇ ਸੀਨੇ ਵਿਚ ਅੱਗ ਦੀ ਗਰਮੈਸ਼ ਪੈਦਾ ਕਰ ਦਿਓ। ਲੋਕ ਆਪਣੀਆਂ ਖੱਲਾਂ ਲਵਾਹੁਣ ਸਿੱਖ ਜਾਣ, ਬੰਦ ਬੰਦ ਕਟਵਾਂਦਿਆਂ ਡਰ ਨਾ ਆਵੇ। ਹੱਸ ਹੱਸ ਕੇ ਚਰਖੜੀਆਂ ਤੇ ਚੜ੍ਹ ਜਾਣ। ਜਿਸ ਤਰ੍ਹਾਂ ਕੁੰਜ ਲਾਹ ਦਿੰਦਾ ਏ ਨਾ ਸੱਪ, ਜਿਸ ਤਰ੍ਹਾਂ ਕਪੜੇ ਲਾਹ ਕੇ ਸੁਟ ਦੇਂਦਾ ਏ ਬੰਦਾ ਪੁਰਾਣੇ। ਪੰਜਾਬ ਦਾ ਲਹੂ ਠੰਡਾ ਪੈ ਗਿਆ ਏ, ਗਰਮਾਉਣਾ ਤੁਹਾਡਾ ਕੰਮ ਏ। ਵਾਰਾਂ ਗਾਉ, ਸੂਰਬੀਰਾਂ ਬਹਾਦਰਾਂ ਤੇ ਯੋਧਿਆਂ ਦੀਆਂ। ਸ਼ਮ੍ਹਾ ਥੱਕ ਜਾਏ ਪਰ ਪ੍ਰਵਾਨੇ ਨਾ ਮੁਕਣ। ਸੜਨ ਵਾਲਿਆਂ ਦੀ ਏਨੀ ਵੱਡੀ ਕਤਾਰ ਲੱਗ ਜਾਏ ਕਿ ਲੋਕ ਮੂੰਹ ਵਿਚ ਉਂਗਲੀਆਂ ਪਾ ਕੇ ਵੇਖਣ। ਢੱਡ ਸਾਰੰਗੀਆਂ ਦੀਆਂ ਸਾਜ਼ਾਂ ਵਿਚ ਲਲਕਾਰਾਂ ਉਠਣ।

ਸੁਰ ਨੇ ਇਕ ਵੰਗਾਰ ਪੈਦਾ ਕੀਤੀ। ਢੱਡ ਤੇ ਥਾਪ ਪਈ ਤੇ ਕੌਮ ਵਿਚ ਇਕ ਹਲੂਣਾ ਆਇਆ। ਘੁੰਗਰੂਆਂ ਨੇ ਕੁਰਬਾਨੀ ਲਈ ਚਾਅ ਪੈਦਾ ਕੀਤਾ। ਸੁਸਰੀਆਂ ਵਾਂਗੂ ਸੁੱਤੀ ਕੌਮ ਖੜੱਪਿਆਂ ਵਾਂਗੂ ਜਾਗੀ। ਮੂੰਹ ਮੱਥਾ ਨਿਖਰਿਆ। ਇਕ ਨਵਾਂ ਮੁਹਾਂਦਰਾ ਸਾਹਮਣੇ ਆਇਆ। ਅਕਾਲ ਤਖਤ ਇਕ ਚਾਨਣ ਮੁਨਾਰਾ ਬਣ ਗਿਆ ਜਿਹਦੀ ਰੋਸ਼ਨੀ ਵਿਚ ਸਾਰੀ ਕੌਮ ਚਲਦੀ।

ਮੈਂ ਬਾਬੇ ਨੂੰ ਪੁਛਿਆ—ਕੀ ਇਥੇ ਵਾਰਾਂ ਵੀ ਗਾਈਆਂ ਜਾਂਦੀਆਂ ਸਨ।

ਮੇਰਾ ਬਾਬਾ ਬੋਲਿਆ,—ਹਾਂ ਅਬਦੁੱਲਾ ਤੇ ਨਾਥ ਮੱਲ ਨੇ ਇਹ ਵਾਰ ਪੜ੍ਹੀ ਜਿਹੜੀ ਅੱਜ ਵੀ ਪ੍ਰਚਲਤ ਏ।

ਦੋ ਤਲਵਾਰਾਂ ਬਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।
ਹਿੰਮਤ ਬਾਹਾਂ ਕੱਟ ਗੜ੍ਹ, ਦਰਵਾਜ਼ਾ ਬਰਖ ਬਖੀਰੀ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾ ਕਰੇ ਤਗੀਰੀ ਦੀ।
ਪੱਗ ਤੇਰੀ ਕਿ ਜਹਾਂਗੀਰ ਦੀ...

ਬੱਸ ਏਨੀ ਕਥਾ ਏ ਅਕਾਲ ਤਖਤ ਦੀ। ਮੇਰਾ ਬਾਬਾ ਹੁਣ ਚੁੱਪ ਹੋ ਗਿਆ ਸੀ। ਮੈਂ ਉਹਦੇ ਚਿਹਰੇ ਵੱਲ ਵੇਖਿਆ। ਉਹਦੇ ਮਸਤਕ ਵਿਚੋਂ ਚੰਗਿਆੜੇ ਨਿਕਲ ਰਹੇ ਸਨ, ਲਹੂ ਖੌਲ ਰਿਹਾ ਸੀ।

ਡੌਲੇ ਫਰਕੇ, ਇਉਂ ਜਾਪਦਾ ਸੀ ਜਿਵੇਂ ਕਿਸੇ ਮੁਗਲ ਦਾ ਸੀਨਾ ਚੀਰਕੇ ਚੂਲੀਆਂ ਭਰ ਭਰ ਕੇ ਲਹੂ ਪੀਵੇਗਾ।

ਸੁੱਖਾ ਸਿੰਘ ਖਾਮੋਸ਼ ਹੋ ਗਿਆ।

ਵਿਰੁੱਤਾਂ ਮੱਲੇ ਰਾਹ

ਰਾਤ ਦਾ ਤੀਜਾ ਪਹਿਰ ਲੰਘ ਗਿਆ, ਚੌਥੇ ਪਹਿਰ ਵਿਚ ਲੋਕ ਕਰਵਟਾਂ ਲੈਣ ਲੱਗ ਪੈਂਦੇ ਹਨ। ਕੁਕੜ ਸੱਮਨ ਹੋਇਆ, ਉਸ ਬਾਂਗ ਦਿਤੀ, ਸਮਝੋ ਦਿਨ ਚੜ੍ਹ ਪਿਆ। ਨਾਥ ਨੇ ਆਪਣੇ ਧੂਣੇ ਦੀ ਅੱਗ ਵਿਚ ਚਿਮਟਾ ਮਾਰਿਆ, ਅੱਗ ਤੇਜ਼ ਹੋ ਗਈ। ਆਵਾਜ਼ਾ ਆਇਆ ਤੱਕੀਏ ਵਿਚੋਂ-ਅੱਲਾ ਹੂ-ਅੱਲਾ ਹੂ। ਮਾੜੀ, ਮੱਠੀ ਤੇ ਸੁਰੀਲੀ ਜਿਹੀ ਆਵਾਜ਼ ਵਿਚ ਕਿਸੇ ਨੇ ਆਸਾ ਦੀ ਵਾਰ ਛੋਹੀ। ਆਮ ਮੁਸਲਮਾਨ ਇਸ ਵਾਰ ਤੋਂ ਜਾਣੂ ਨਹੀਂ ਸਨ। ਉਹਨਾਂ ਦਾ ਖਿਆਲ ਸੀ ਕਿ ਕਿਸੇ ਬ੍ਰਾਹਮਣ ਨੇ ਆਰਤੀ ਦਾ ਨਵਾਂ ਢੰਗ ਕਢਿਆ ਏ। ਛੋਟੇ ਜਿਹੇ ਪਿੰਡ ਵਿਚ ਜਿਥੇ ਗਿਣਤੀ ਦੇ ਘਰ ਹੋਣ ਹਿੰਦੂਆਂ ਦੇ ਉਥੇ ਕੋਈ ਸਿੰਘ ਕੁੰਡਾ ਮਾਰ ਕੇ ਪਿਛਲੀ ਕੋਠੜੀ ਵਿਚ ਭਾਵੇਂ ਪਾਠ ਕਰ ਲਵੇ ਆਸਾ ਦੀ ਵਾਰ ਦਾ, ਪਰ ਖੁਲ੍ਹੇ ਆਮ ਕੋਈ ਜੁਰਅਤ ਨਾ ਕਰਦਾ। ਸਾਰੇ ਕੰਮ ਹੋ ਰਹੇ ਸਨ ਚੋਰੀ ਛਿਪੀ। ਬੰਦਾ ਆਪਣੇ ਆਪ ਨੂੰ ਸਿੰਘ ਆਖਕੇ ਤੇ ਉਦਾਂ ਹੀ ਨਹੀਂ ਸੀ ਰਹਿ ਸਕਦਾ। ਜੇ ਕਿਸੇ ਨੂੰ ਸ਼ੱਕ ਪੈ ਵੀ ਗਿਆ ਤੇ ਹਿੰਦੂ ਆਪ ਉਭਰਕੇ ਸਾਹਮਣੇ ਆਉਂਦਾ ਤੇ ਇਹ ਆਖਕੇ ਟਾਲ ਦਿੰਦਾ, ਕੋਈ ਵਹਿੜਕਾ ਮੱਛਰ ਗਿਆ ਹੋਣਾ ਏ, ਆਣ ਵੜਿਆ ਸਾਡੇ ਪਿੰਡ ਵਿਚ। ਸਿੰਘਾਂ ਨੂੰ ਕੋਈ ਰੋਕਿਆ ਥੋੜਾ ਜਾਂਦੈ। ਲੰਘਦੇ ਆਉਂਦੇ ਕਿਸੇ ਨਾ ਕਿਸੇ ਪਿੰਡ ਵਿਚ ਆਣ ਈ ਵੜਦੇ ਹਨ। ਕਈ ਵੇਰਾਂ ਗਿੱਟੇ ਭੰਨੇ ਹਨ ਪਰ ਉਹ ਡਰਦੇ ਈ ਨਈਂ। ਇਹ ਗੱਲ ਸੁਣਕੇ ਅਹਿਲਕਾਰ ਨੂੰ ਠੰਢ ਪੈ ਜਾਂਦੀ। ਹਿੰਦੂ ਡਰਾਕਲ ਸਨ। ਡਰਾਕਲ ਹੋਣਾ ਵੀ ਬਹੁਤ ਜ਼ਰੂਰੀ ਸੀ। ਆਪਣੀ ਤੇ ਸਿੰਘਾਂ ਦੀ ਰੋਟੀ ਦਾ ਪ੍ਰਬੰਧ ਜੁ ਕਰਨਾ ਹੋਇਆ। ਪੁੱਤ ਤੇ ਆਪਣੇ ਈ ਸਿੰਘ ਸਨ। ਹਿੱਕ ਤੇ ਹੱਥ ਮਾਰਕੇ ਆਖ ਦਿੰਦੇ ਉਹ ਸਾਡਾ ਪੁੱਤ ਨਹੀਂ। ਅਸਾਂ ਉਹਨੂੰ ਛੇਕ ਦਿਤੈ। ਸਿੰਘ ਜੁ ਬਣ ਗਿਐ, ਉਹਦੇ ਨਾਲ ਸਾਡਾ ਕੀ ਰਿਸ਼ਤਾ। ਜਦ ਚੌਧਰੀ ਨਾਸਾਂ ਬੰਦ ਕਰਦੇ ਤੇ ਫਿਰ ਕਦੀ ਤਿੜ ਵਿਚ ਆਏ ਆਖ ਵੀ ਦਿੰਦੇ, ਮੁੰਡੇ ਅਤੇ ਵੈਹੜਕੇ ਨੂੰ ਕੌਣ ਰੋਕ ਸਕਦੈ। ਮੁੰਡਾ ਮੂੰਹ ਜ਼ੋਰ ਹੋ ਗਿਆ ਤੇ ਸਿੰਘ ਬਣ ਗਿਐ, ਘਰ ਬਾਰ ਤਿਆਗਕੇ। ਘਰ ਬੁੱਢੀ ਮਾਂ ਏ, ਬੁੱਢਾ ਪਿਓ ਖਊਂ ਖਊਂ ਕਰ ਰਿਹੈ। ਹੁਣ ਤੇ ਸਾਡੀ ਸੇਵਾ ਦੀ ਲੋੜ ਸੀ। ਹੁਣੇ ਈ ਚੁੱਭੀ ਮਾਰ ਗਿਐ। ਬੀਬਾ ਸਾਡਾ ਕੀ ਜ਼ੋਰ ਏ। ਸਿੰਘ ਤੇ ਘਰੋਂ ਬਾਹਰੋਂ ਛੇਕੇ ਈ ਜਾਂਦੇ ਹਨ। ਇਹ ਗੱਲ ਓਪਰੀ ਓਪਰੀ ਸੀ। ਅਸਲ ਵਿਚ ਆਪਣੇ ਪੁੱਤ ਰੋਜ਼ ਰਾਤੀਂ ਆਉਂਦੇ ਤੇ ਰਸਦ ਲੈ ਜਾਂਦੇ। ਰੋਟੀ ਟੁਕਰ ਛੱਕ ਵੀ ਜਾਂਦੇ। ਮਾਂ, ਭੈਣ, ਭਰਾ ਨੂੰ ਮਿਲ ਕੇ ਸੀਨੇ ਠੰਢ ਵੀ ਪਾ ਜਾਂਦੇ। ਹਿੰਦੂਆਂ ਤੋਂ ਬਗੈਰ ਹੋਰ ਇਹਨਾਂ ਦਾ ਹਮਦਰਦੀ ਵੀ ਕਿਹੜਾ ਸੀ। ਮੁਸਲਮਾਨ ਵਿਰਲਾ ਵਿਰਲਾ ਕੋਈ ਭਾਵੇਂ ਹਾਮੀ ਭਰੇ ਨਹੀਂ ਤੇ ਸਿੰਘ ਜਿਹੜਾ ਮੁਸਲਮਾਨ ਦੇ ਟੇਟੇ ਚੜ੍ਹ ਗਿਆ

ਉਹ ਚੌਧਰੀ ਦੀ ਕਚਿਤਰੀ ਜ਼ਰੂਰ ਚੜ੍ਹਿਆ। ਭਾਵੇਂ ਇਨਾਮ ਮਿਲੇ ਜੁੱਤੀਆਂ ਦਾ। ਮੂੰਹ ਕਾਲਾ ਭਾਵੇਂ ਕਰਵਾਕੇ ਆਵੇ ਪਰ ਹਰਾਮਖੋਰ ਹਰਾਮ ਕਰਨ ਤੋਂ ਨਾ ਮੁੜਦੇ। ਗੁਰੂ ਦੀਆਂ ਤੇਗਾਂ ਮਾਰੀਆਂ ਹੋਈਆਂ ਸਨ। ਸਾਰੇ ਪੰਜਾਬ ਵਿਚ ਉਂਗਲੀਆਂ ਤੇ ਗਿਣਨ ਜੋਗੇ ਟਿਕਾਣੇ ਸਨ। ਉਹ ਵੀ ਸੂਫੀ ਫਕੀਰਾਂ ਦੇ। ਸਖੀ ਸਰਵਰ ਵੀ ਕਿਤੇ ਕਿਤੇ ਮਿਹਰਬਾਨ ਹੋ ਜਾਂਦੇ। ਮਹਿਤਾਬ ਸਿਹਾਂ ਜਦ ਅਸੀਂ ਪੰਜਾਬ ਵਿਚ ਪੁਜਾਂਗੇ ਤਾਂ ਸਾਨੂੰ ਫੂਕ ਫੂਕ ਕੇ ਪੈਰ ਰਖਣਾ ਪੈਣੈ। ਕਿਹਦੀ ਬੁੱਕਲ 'ਚੋਂ ਸੱਪ ਨਿਕਲ ਆਵੇ ਕੋਈ ਨਹੀਂ ਜਾਣਦਾ। ਕਿਹੜਾ ਕਿਸ ਵੇਲੇ ਬੇਈਮਾਨ ਹੋ ਜਾਵੇ ਕਿਹਨੂੰ ਪਤੇ। ਸਾਡੀਆਂ ਨਾਹਰਾਂ, ਸਾਡੇ ਟਿਕਾਣੇ ਜਿਹੜੇ ਬਿਧੀ ਚੰਦੀਏ ਚੁਣਨਗੇ ਉਹ ਈ ਹੋਣੇ ਚਾਹੀਦੇ ਨੇ ਉਹਨਾਂ ਦੇ ਪਏ ਪੂਰਨਿਆਂ ਤੇ ਸਾਨੂੰ ਚਲਣਾ ਪੈਣੈ। ਕਿਉਂ ਕਿ ਉਹਨਾਂ ਦੇ ਰਾਹ ਕੱਢੇ ਹੋਏ ਹਨ। ਪੈਂਡਾਂ ਉਹਨਾਂ ਦੇ ਪੈਰੀਂ ਚੜ੍ਹਿਆ ਹੋਇਆ ਏ। ਉਹ ਭਲਾ ਬੁਰਾ ਪਛਾਣਦੇ ਹਨ। ਅਜੇ ਤਕ ਸਾਨੂੰ ਕੋਈ ਬਿਧੀ ਚੰਦੀਆ ਮਿਲਿਆ ਨਹੀਂ। ਸਾਡੇ ਨਾਥ ਦਾ ਕੀ ਬਣਿਆ, ਉਹਦੀ ਵੀ ਕੋਈ ਦਸ ਧੁਖ ਨਹੀਂ ਪਈ।

ਮਹਿਤਾਬ ਸਿੰਘ ਅੱਗੋਂ ਬੋਲਿਆ,—ਸਿੰਘ ਸਾਹਿਬ ਤੁਸੀਂ ਤਾਂ ਐਵੇਂ ਕਾਹਲੇ ਪਈ ਜਾਂਦੇ ਓ। ਸਾਥੋਂ ਜ਼ਿਆਦਾ ਫਿਕਰ ਉਹਨਾਂ ਨੂੰ ਏ। ਇਹ ਤਾਣਾ ਬਾਣਾ ਉਹਨਾਂ ਈ ਤਣਿਆ ਏ ਤੇ ਅਸੀਂ ਉਹਨਾਂ ਦੀ ਸਲਾਹ ਬਿਨਾਂ ਕਿਤੇ ਪੈਰ ਨਹੀਂ ਪੁੱਟਣਾ। ਅਸੀਂ ਕੱਲ ਨਹੀਂ ਤੇ ਪਰਸੋਂ ਚੌਥ ਤੱਕ ਪੰਜਾਬ ਦੀਆਂ ਜੂਹਾਂ ਵਿਚ ਜ਼ਰੂਰ ਪੁੱਜ ਜਾਵਾਂਗੇ। ਏਸ ਲਈ ਜੋ ਕੁਝ ਫੈਸਲਾ ਕਰਨਾ ਏ ਇਥੋਂ ਈ ਕਰਕੇ ਚਲਣਾ ਏ। ਅੱਜ ਉਹਨਾਂ ਦੇ ਆਉਣ ਦਾ ਦਿਨ ਮਿਥਿਆ ਹੋਇਆ ਏ। ਤੁਸਾਂ ਅਜੇ ਛਾਹ ਵੇਲਾ ਵੀ ਨਹੀਂ ਛਕਣਾ ਤੇ ਉਹਨਾਂ ਵਿਚੋਂ ਕਿਸੇ ਨੇ ਆਣ ਫਤਿਹ ਬੁਲਾਉਣੀ ਏ।

—ਬੋਲੇ ਸੋ ਨਿਹਾਲ।

—ਕਿਉਂ ਸੁਖਾ ਸਿਹਾਂ ਸਾਡੇ ਅੰਦਾਜ਼ੇ ਦੀ ਦਾਦ ਦੇ। ਅਜੇ ਕੁੱਕੜ ਨੇ ਪਹਿਲੀ ਬਾਂਗ ਦਿਤੀ ਏ ਨਾ। ਆਹ ਸੁਣ ਲੈ ਮਸਜਿਦ ਵਿਚ ਅਜ਼ਾਨ ਹੋ ਰਹੀ ਏ। ਅਜੇ ਤੇ ਮੂੰਹ ਵਿਖਾਵੀ ਵੀ ਨਹੀਂ ਦਿੰਦਾ। ਸਿੰਘ ਪੁੱਜ ਗਏ ਹਨ। ਕਿਉਂ ਭਈ ਇਹਨਾਂ ਨੂੰ ਨੀਂਦ ਆਉਂਦੀ ਏ ਰਾਤੀਂ ਇਹਨਾਂ ਵਚਾਰਿਆਂ ਨੇ ਕਿਤੇ ਅੱਖ ਲਾਕੇ ਨਹੀਂ ਵੇਖੀ। ਬੋਲ ਮਹਿਤਾਬ ਸਿੰਘ ਦੇ ਸਨ।

—ਅਸੀਂ ਤੇ ਭਾਵੇਂ ਭੁਲੇਖੇ ਵਿਚ ਸੌਂ ਜਾਈਏ। ਪਰ ਇਹਨਾਂ ਵਚਾਰਿਆਂ ਦੀਆਂ ਅੱਖਾਂ ਵਿਚ ਨੀਂਦ ਰੜਕਦੀ ਰਹਿੰਦੀ ਏ। ਇਹਨਾਂ ਦਾ ਵਕਤ ਸਿਰ ਪੁਜ ਜਾਣਾ ਇਹ ਸ਼ਹਾਦਤ ਦੇਂਦਾ ਏ ਕਿ ਬਹੁਤ ਚੇਤੰਨ ਹਨ। ਜੁਆਬ ਸੁਖਾ ਸਿੰਘ ਦਾ ਸੀ।

—ਸਾਨੂੰ ਚਾਰ ਦਿਨ ਜੀਊਨ ਦਿਓ। ਏਨੀ ਫੂਕ ਨਾ ਦਿਓ ਕਿ ਸਾਡਾ ਢਿਡ ਫੂਲ ਜਾਏ ਤੇ ਪਟਾਕਾ ਮਾਰੇ ਤੇ ਫੱਟ ਜਾਏ। ਸਾਨੂੰ ਚਰਨੀਂ ਲੱਗੇ ਰਹਿਣ ਦਿਓ ਸਿੰਘ ਜੀ। ਬਿਧੀ ਚੰਦੀਆ ਆਖਣ ਲੱਗਾ।

—ਤੁਹਾਡੇ ਤੇ ਗੁਰੂ ਦੀਆਂ ਬਹੁਤ ਮਿਹਰਾਂ ਹਨ। ਮਹਿਤਾਬ ਸਿੰਘ ਦੀ ਆਵਾਜ਼ ਸੀ।

—ਗੁਰੂ ਦੀਆਂ ਤੇ ਸਭਨਾਂ ਤੇ ਮਿਹਰਾਂ ਹਨ ਕੀ ਗੁਰੂ ਤੁਹਾਡੇ ਤੇ ਬਖਸ਼ਸ਼ਾਂ ਨਹੀਂ ਕਰ ਰਿਹਾ ? ਕੀ ਗੁਰੂ ਤੁਹਾਡੇ ਤੇ ਮਿਹਰਬਾਨ ਨਹੀਂ ? ਜੇ ਤੁਸੀਂ ਆਪਣੇ ਇਰਾਦੇ ਵਿਚ

ਕਾਮਯਾਬ ਹੋ ਗਏ ਤੇ, ਫੇਰ ਸਿਹਰੇ ਵੀ ਤੁਹਾਡੇ ਈ ਬੱਝਣੇ ਨੇ। ਕੌਮ ਤੁਹਾਡੇ ਚਰਨ ਧੋ ਧੋ ਪੀਊ। ਬੋਲਿਆ ਬਿਧੀ ਚੰਦੀਆ।

—ਇਹ ਸਭ ਮਿਹਰਤਾਂ ਤੁਹਾਡੀਆਂ ਈ ਹਨ। ਤੁਸਾਂ ਈ ਸਾਨੂੰ ਟਿਕਾਣੇ ਪੁਚਾਣਾ ਏ। ਅਸੀਂ ਰਾਹ ਨਾ ਜਾਣੀਏ, ਖੇੜਾ ਨਾ ਜਾਣੀਏ। ਜਦ ਮਾਝੇ 'ਚ ਪੁਜਾਂਗੇ ਤੇ ਫਿਰ ਅਸੀਂ ਕੁਝ ਸਲਾਹ ਦੇ ਸਕਾਂਗੇ। ਉਹ ਸਾਡਾ ਘਰ ਏ। ਸਾਡੇ ਸ਼ਰੀਕ ਭਰਾ ਭਾਈ, ਗੁਆਂਢ ਮੱਥਾ, ਆਪਣੇ ਪਿੰਡਾਂ ਦੇ ਵਸਨੀਕ ਸਾਡੀ ਬਾਂਹ ਫੜਨਗੇ। ਹੁਣ ਤੇ ਡੰਗੋਰੀ ਤੁਹਾਡੇ ਹੱਥ ਏ। ਪੰਜਾਬ ਆਉਣ ਵਾਲਾ ਏ, ਅਸਾਂ ਕਦ ਚਲਣਾ ਏ, ਕੀ ਕਰਨਾ ਏ, ਸਾਨੂੰ ਕੀ ਹੁਕਮ ਏ? ਅਰਜ਼ ਕੀਤੀ ਮਹਿਤਾਬ ਸਿੰਘ ਨੇ।

—ਅੱਜ ਦਾ ਪੂਰਾ ਦਿਨ ਲੱਤ ਤੇ ਲੱਤ ਧਰਕੇ ਕੱਟੋ। ਸਾਡੇ ਸਾਥੀ ਅੱਜ ਤਕ ਪੁਜੇ ਨਹੀਂ। ਪਹਿਲਾਂ ਅਸਾਂ ਰਾਹ ਉਲੀਕਣਾ ਏ ਫੇਰ ਕਿੱਲੇ ਗੱਡੇ ਜਾਣਗੇ। ਇਹ ਸਭ ਆਉਣ ਵਾਲੇ ਜਥੇ ਦੇ ਹੱਥ ਏ। ਏਨੀ ਖੁੱਲ ਜਿਹੜੀ ਤੁਹਾਨੂੰ ਮਿਲ ਗਈ ਏ, ਅੱਗੇ ਜਾ ਕੇ ਨਹੀਂ ਮਿਲਣੀ। ਧੁੱਪ ਸੇਕ ਲਓ, ਖੁੱਲੀ ਹਵਾ ਫੱਕ ਲਓ, ਖੁਲ੍ਹੇ ਅਸਮਾਨ ਵਿਚ ਉਡਾਰੀਆਂ ਮਾਰ ਲਓ। ਇਹ ਫੇਰ ਨਸੀਬ ਨਹੀਂ ਹੋਣਾ, ਅੱਜ ਦਾ ਦਿਨ ਵਸਾਖੀ ਮਨਾਓ ਸਿੰਘ ਜੀ। ਅੱਜ ਈ ਖਾਲਸੇ ਦਾ ਜਨਮ ਹੋਇਆ ਸੀ ਤੇ ਅੱਜ ਈ ਕੌਮ ਸਾਜੀ ਗਈ ਸੀ। ਬਿਧੀ ਚੰਦੀਆ ਅਜੇ ਵੀ ਬੋਲੀ ਜਾ ਰਿਹਾ ਸੀ।

—ਸਤ ਬਚਨ। ਲਓ ਦਾਤਣ ਤੇ ਗੜਵਾ ਆ ਗਿਆ ਏ। ਦਾਤਣ ਕਰੂਲਾ ਕਰੋ। ਇਸ਼ਨਾਨ ਧਿਆਨ ਕਰੋ ਤੇ ਫੇਰ ਸਾਹ ਵੇਲਾ ਛਕਿਆ ਜਾਏ। ਸੁਖਾ ਸਿੰਘ ਨੇ ਆਖਿਆ ਮਹਿਤਾਬ ਸਿੰਘ ਨੂੰ।

—ਗੋਲੀ ਕਿਹਦੀ ਤੇ ਗਹਿਣੇ ਕਿਹਦੇ। ਛਾਲ ਮਾਰਕੇ ਉਠ ਬੈਠਾ ਮਹਿਤਾਬ ਸਿੰਘ।

ਸਾਰੇ ਜਣੇ ਜੰਗਲ ਪਾਣੀ ਚਲੇ ਗਏ। ਕੋਈ ਇਸ਼ਨਾਨ ਕਰ ਰਿਹਾ ਸੀ ਤੇ ਕੋਈ ਵਾਪਿਸ ਆ ਰਿਹਾ ਸੀ ਇਸ਼ਨਾਨ ਕਰਕੇ। ਕਿਸੇ ਨੇ ਬਾਣੀ ਦਾ ਪਾਠ ਛੋਹ ਲਿਆ ਸੀ ਤੇ ਕੋਈ ਤਿਆਰੀ ਕੱਸ ਰਿਹਾ ਸੀ। ਕਿਸੇ ਨੇ ਅਜੇ ਸੋਚਿਆ ਵੀ ਨਹੀਂ ਸੀ। ਸਿੰਘ ਇਕੱਠੇ ਹੋ ਰਹੇ ਸਨ। ਜਥਾ ਆਉਣ ਵਾਲਾ ਸੀ। ਉਡੀਕ ਹੋ ਰਹੀ ਸੀ। ਪ੍ਰਸ਼ਾਦੇ ਪੱਕ ਰਹੇ ਸਨ। ਲੋਹ ਥੱਲੇ ਅੱਗ ਲਟ ਲਟ ਬਲ ਰਹੀ ਸੀ, ਰੋਟੀਆਂ ਸੇਕ ਰਹੀਆਂ ਸਨ ਸੁਆਣੀਆਂ, ਇਕੱਲੀ ਇਕੱਲੀ ਨੇ ਤੌਣ ਆਟੇ ਦੀ ਪਕਾ ਕੇ ਉਠਣਾ ਏ। ਗੁਰੂ ਦੀਆਂ ਲਾਡਲੀਆਂ ਫੌਜਾਂ ਆ ਰਹੀਆਂ ਨੇ।

ਨਾਥਾਂ ਦੀ ਟੋਲੀ ਜੋਗਾ ਤੇ ਚੌਧਰੀ ਆਣ ਗੱਜੇ। ਬੋਲੇ,—ਲਓ ਅਸੀਂ ਵੀ ਆ ਗਏ ਆਂ। ਸਾਡੇ ਨਾਲ ਕੁਝ ਹੋਰ ਵੀ ਲਾਡਲੀਆਂ ਫੌਜਾਂ ਨੇ।

—ਧੰਨ ਭਾਗ, ਪਧਾਰੋ। ਗੁਰੂ ਦਾ ਰੂਪ ਸਾਡੇ ਘਰ ਆਇਆ ਏ। ਸਾਡੇ ਘਰ ਨੂੰ ਭਾਗ ਲੱਗੇ ਹਨ। ਘਰ ਵਾਲੇ ਆਖਣ ਲੱਗੇ।

—ਏਹੋ ਈ ਫ਼ਰਜ਼ ਏ। ਏਹਨੂੰ ਆਖਦੇ ਹਨ ਲਗਨ। ਏਹੋ ਈ ਕੌਮ ਦਾ ਪਿਆਰ ਏ। ਏਹੀ ਸਾਂਝ ਏ। ਸੁਖਾ ਸਿੰਘ ਨੇ ਆਖਿਆ।

—ਸਭ ਕੁਝ ਇਹਨਾਂ ਈ ਖੱਟ ਲੈਣੇ। ਗੁਰੂ ਦੀਆਂ ਅਸੀਸਾਂ ਨਾਲ ਇਹਨਾ ਦੀਆਂ ਝੋਲੀਆਂ ਭਰਨੀਆਂ ਨੇ। ਚਲੋ ਸਾਨੂੰ ਰਹਿੰਦ ਖੂੰਹਦ ਹੀ ਮਿਲ ਜਾਏ ਤਾਂ ਵੀ ਸਾਡੇ ਪੂਰਨ ਭਾਗ। ਮਹਿਤਾਬ ਸਿੰਘ ਦੀ ਆਵਾਜ਼ ਸੀ।

—ਆਂ ਗਈਆਂ ਨੇ ਸੰਗਤਾਂ ? ਬਾਹਰੋਂ ਆਏ ਸਿੰਘਾਂ ਨੇ ਆਖਿਆ।

—ਪਿਆਰ ਖਿਚ ਲਿਆਇਐ। ਤੁਹਾਡੇ ਮੋਹ ਵਿਚ ਏਨੀ ਕਸ਼ਿਸ਼ ਏ ਕਿ ਮਿਕਨਾਤੀਸ ਨੂੰ ਵੀ ਸੰਗ ਆਉਂਦੀ ਏ।

—ਇਹ ਸਭ ਗੁਰੂ ਦੀਆਂ ਮਿਹਰਾਂ ਹਨ। ਕ੍ਰਿਪਾ ਏ ਇਹਨਾਂ ਬਜ਼ੁਰਗਾਂ ਦੀ। ਜਿਹਦੇ ਸਿਰ ਤੇ ਨਾਥ ਦਾ ਹੱਥ ਹੋਵੇ ਉਹ ਲੋਹਾ ਵੀ ਸੋਨਾ ਬਣ ਜਾਂਦੈ। ਨਾਥਾਂ ਵਿਚੋਂ ਇਕ ਬੋਲਿਆ।

—ਲੰਗਰ ਤਿਆਰ ਏ, ਅਰਦਾਸਾ ਕਰੋ ਤੇ ਛਕਿਆ ਜਾਏ।

—ਅਰਦਾਸਾ ਤੁਹਾਡੇ ਤੋਂ ਬਗੈਰ ਹੋਰ ਕੌਣ ਕਰੇ।

—ਸਾਰੇ ਕੰਮ ਮੈਂ ਈ ਕਰਨੇ ਨੇ। ਕੱਲ ਨੂੰ ਤੁਸਾਂ ਸੇਲੀ ਟੋਪੀ ਪਾਉਣੀ ਏ। ਹੁਣ ਤੋਂ ਈ ਸਾਰੇ ਕੰਮ ਵੰਡਣੇ ਸ਼ੁਰੂ ਕਰ ਦਿਤੇ ਨੇ।

—ਅਜੇ ਬੜਾ ਵਕਤ ਏ। ਸਾਨੂੰ ਅਜੇ ਬਜ਼ੁਰਗਾਂ ਦੀ ਬੜੀ ਲੋੜ ਏ।

ਅਰਦਾਸਾ ਹੋਇਆ। ਸਾਰਿਆਂ ਅਰਦਾਸ ਕੀਤੀ। ਲੰਗਰ ਛਕਣ ਬਹਿ ਗਈ ਸੰਗਤ। ਸਾਰੇ ਜਣੇ ਜਦ ਖਾ ਪੀ ਬੈਠੇ, ਮੰਜੇ ਕੱਢ ਲਏ, ਆਣ ਜੁੜੀਆਂ ਸੰਗਤਾਂ।

—ਹਾਂ, ਹੁਣ ਕੀ ਪ੍ਰੋਗਰਾਮ ਏ। ਮਹਿਤਾਬ ਸਿੰਘ ਬੋਲਿਆ।

—ਰਾਹ ਉਲੀਕਿਆ ਗਿਆ ਏ। ਜੇ ਤੁਸੀਂ ਦੋ ਜਣੇ ਵਖਰੇ ਚਲੋਗੇ ਤੇ ਅਸੀਂ ਤੁਹਾਡੇ ਲਾਂਭ ਲਾਂਭ। ਕੁਝ ਕੁ ਵਿੱਥ ਤੇ ਅੱਗੇ ਪਿਛੇ, ਖੱਬੇ ਸੱਜੇ। ਨਾਥਾਂ ਦੇ ਘੋੜੇ ਤੁਹਾਡੇ ਚੁਗਿਰਦੇ 'ਚ ਹੋਣਗੇ ਪਰ ਤੁਹਾਥੋਂ ਦੂਰ। ਇਸ ਤਰ੍ਹਾਂ ਕੋਈ ਸ਼ਕ ਨਾ ਕਰੂ।

—ਸਾਡਾ ਰਾਹ ਏ, ਗੰਗਾ ਨਗਰ ਪਹਿਲੀ ਚੋਂਕੀ। ਦੂਜੀ ਚੌਂਕੀ ਮਿਚਨਾਬਾਦ ਉਥੋਂ ਪਤਨ ਲੰਘਣਾ ਏ ਤੇ ਫ਼ਿਰ ਦੀਪਾਲਪੁਰ, ਚੂਨੀਆ, ਖੁੱਡੀਆਂ, ਕਸੂਰ ਨੂੰ ਲਾਂਭੇ ਛੱਡ ਦੇਣਾ ਏ। ਤੀਜੀ ਤੇ ਚੌਥੀ ਚੌਂਕੀ ਦਾ ਫੈਸਲਾ ਫੇਰ ਕੀਤਾ ਜਾਏਗਾ। ਖੇਮਕਰਨ, ਪੱਟੀ ਤਰਨਤਾਰਨ ਤੇ ਅੰਮ੍ਰਿਤਸਰ। ਬੱਸ ਇਹ ਰਾਹ ਹਨ ਡਾਂਡੇ ਮੀਂਡੇ।

ਚੌਧਰੀ ਬੋਲਿਆ—ਅੱਜ ਦੀ ਚੌਂਕੀ ਸਾਡੇ ਪਿੰਡ ਹੋਵੇਗੀ। ਉਹ ਗੰਗਾ ਨਗਰ ਤੋਂ ਪੰਜ ਕੁ ਕੋਹ ਤੇ ਹੈ ਸੂਰਤਗੜ੍ਹ। ਚੰਪਾ ਵਿਚਾਰੀ ਮੂੰਹ ਚੁੱਕ ਚੁੱਕਕੇ ਵੇਖਦੀ ਹੋਣੀ ਏ।

—ਤੁਹਾਡੇ ਕੋਹ ਵੀ ਪੰਜ ਪੰਜ ਕੋਹਾਂ ਜਿੱਡੇ ਹਨ। ਫਿਰ ਕਦੀ ਆਵਾਂਗੇ।

—ਨਹੀਂ ਸਿੰਘ ਜੀ ਇਹ ਨਹੀਂ ਹੋ ਸਕਦਾ। ਸਾਡੀ ਤੇ ਅਜੇ ਰੀਝ ਵੀ ਨਹੀਂ ਲੱਥੀ।

—ਗੰਗਾ ਨਗਰ ਜਾਕੇ ਸੋਚਾਂਗੇ।

—ਚੌਧਰੀ ਜੀ ਕੀ ਅਸੀਂ ਅਜੇ ਘੁੰਮਣ ਘੇਰੀਆਂ ਚ ਈ ਫਸੇ ਰਹਿਣਾ ਏ ? ਜੋਗਾ ਬੋਲਿਆ।

—ਅਸੀਂ ਉਸੇ ਰਾਹੇ ਆਏ ਆਂ, ਜਿਹੜੇ ਗਏ ਸਾਂ। ਮੈਂ ਊਠ ਸੂਰਤਗੜ੍ਹ ਵੱਲ ਨੱਕ ਦੀ ਸੇਧੇ ਤੋਰ ਦਿਤਾ ਸੀ। ਸਾਡਾ ਤੇ ਨਿਸ਼ਾਨਾ ਕੋਈ ਨਹੀਂ ਸੀ ਨਾ। ਅਸੀਂ ਤੇ ਰੱਬ ਦੇ ਆਸਰੇ ਜਾ ਰਹੇ ਸਾਂ। ਲੱਖੀ ਜੰਗਲ, ਜਾਣੀਏ ਨਾ ਬੁਝੀਏ ਨਾ। ਮੂੰਹ ਚੁਕਿਆ ਸੀ, ਕਿਤੇ ਤੇ ਜਾਕੇ ਪਾਣੀ ਲਭੂ। ਗੁਰੂ ਦੀ ਮਿਹਰ ਹੋਈ, ਸਭੇ ਕੰਮ ਰਾਸ ਹੋ ਗਏ। ਹੁਣ ਮੇਰਾ ਘਰ ਜ਼ਰੂਰ ਪਵਿਤਰ ਕਰੋ।

—ਖਾਲਸਾ ਫੈਸਲਾ ਕਰੇਗਾ। ਅਜੇ ਨੌਂ ਕੋਹ ਦਰਿਆ ਏ, ਹੁਣੇ ਤੰਬਾ ਚੁਕ ਲਿਆ ਜਾਏ।

—ਸਵੇਰੇ ਚਲੇ ਤੇ ਰਾਤੀਂ ਪੁਜੇ ਗੰਗਾ ਨਗਰ। ਗੰਗਾ ਨਗਰ ਕਿਹੜਾ ਵੱਟ ਤੇ ਪਿਆ ਹੋਇਐ। ਰੇਤ ਕੱਛ ਕੇ ਜਾਣੈ। ਨਾਥ ਨੇ ਆਖਿਆ।

—ਚੰਗਾ ਜਿਦਾਂ ਸਿੰਘਾਂ ਦੀ ਮਰਜ਼ੀ।

—ਗੁਰੂ ਦੇ ਲਾਲ ਨਰਾਜ਼ ਨਹੀਂ ਹੁੰਦੇ। ਨਾਥ ਨੇ ਪੁਚਕਾਰਿਆ ਚੌਧਰੀ ਨੂੰ। ਤੇਰੀ ਆਸ ਪੂਰੀ ਹੋਵੇਗੀ।

ਠੰਡੀ ਠੰਡੀ ਹਵਾ ਚਲ ਰਹੀ ਸੀ! ਮਾੜੀਆਂ ਮਾੜੀਆਂ ਬਦਲੀਆਂ ਨੇ ਅਸਮਾਨ ਢੱਕ ਲਿਆ। ਅੱਖ ਲੱਗੀ ਸੂਰਮਿਆਂ ਦੀ। ਸਾਰੇ ਅੰਮ੍ਰਿਤਸਰ ਦੇ ਸੁਪਨੇ ਵੇਖ ਰਹੇ ਸਨ।

ਥੜ੍ਹਾ ਸਾਹਿਬ

ਸੂਰਤਗੜ੍ਹ ਵਾਲਾ ਚੌਧਰੀ ਗੰਗਾ ਸਿੰਘ ਤੇ ਜੋਗਾ ਇਕੋ ਊਠ ਉਪਰ ਚੜ੍ਹੇ ਚਲ ਰਹੇ ਸਨ। ਛੰਨ-ਛੰਨ ਕਰਦਾ ਊਠ ਸੁਖਾ ਸਿੰਘ ਤੇ ਮਹਿਤਾਬ ਸਿੰਘ ਦੇ ਘੋੜਿਆਂ ਨਾਲ ਆਣ ਰਲਿਆ।

ਜੋਗਾ ਬੋਲਿਆ—ਜਾਣਦੇ ਹੋ ਸਿੰਘ ਸਾਹਿਬ ਅਸੀਂ ਕਿਥੇ ਪੁੱਜ ਗਏ ਹਾਂ ?

—ਸਾਡੀ ਸਮਝ ਵਿਚ ਅਜੇ ਤਕ ਕੁਝ ਨਹੀਂ ਆ ਰਿਹਾ। ਅਜੇ ਤਾਂ ਰੇਤ ਦੀਆਂ ਢੇਰੀਆਂ ਹੀ ਨਜ਼ਰ ਆਉਂਦੀਆਂ ਹਨ ਤੇ ਏਸੇ ਹੀ ਭੰਬਲ ਭੂਸੇ ਵਿਚ ਪਏ ਧੱਕੇ ਖਾ ਰਹੇ ਹਾਂ। ਅਸੀਂ ਰਾਜਸਥਾਨ ਵਿਚ ਈ ਗੇੜੇ ਮਾਰਦੇ ਜਾਪਦੇ ਹਾਂ। ਕਦੇ ਪੰਜਾਬ ਪੁੱਜਾਂਗੇ ਤਾਂ ਦਸਾਂਗੇ ਕਿ ਅਸੀਂ ਕਿਥੇ ਹਾਂ। ਮਹਿਤਾਬ ਸਿੰਘ ਨੇ ਆਖਿਆ।

—ਮੇਰਾ ਪਿੰਡ ਆ ਰਿਹਾ ਏ, ਅਹੁ ਸੂਰਤਗੜ੍ਹ ਏ। ਵੇਖਣ ਨੂੰ ਭਾਵੇਂ ਨੇੜੇ ਜਾਪਦਾ ਏ ਪਰ ਅਜੇ ਪੰਜ ਕੋਹ ਦੀ ਵਿਥ ਏ। ਸਾਡੇ ਕੋਹ ਵੀ ਤੁਹਾਡੇ ਕੋਹ ਨਾਲੋਂ ਵਡੇ ਹੁੰਦੇ ਹਨ। ਚੌਧਰੀ ਬੋਲਿਆ।

—ਹਾਂ ਜੀ, ਮਾਲ ਚੋਰਾਂ ਦਾ ਤੇ ਡਾਂਗਾਂ ਦੇ ਗਜ਼। ਸੁੱਖਾ ਸਿੰਘ ਨੇ ਉਤਰ ਦਿਤਾ।

—ਉਹ ਕਿਦਾਂ ?

—ਮਾਲੇ ਮੁਫਤ ਤੇ ਦਿਲੇ ਬੇਰਹਿਮ। ਮਾਲ ਮੁਗਲਾਂ ਦਾ ਤੇ ਨਾਪਣ ਵਾਲੇ ਰਾਜਪੂਤ। ਜ਼ਰੀਬਾਂ ਵੀ ਆਪਣੀਆਂ ਘਰ ਦੀਆਂ ਬਣਾਈਆਂ ਹੋਈਆਂ। ਏਦਾਂ ਮੱਲਾਂ ਮਾਰੀਆਂ। ਮੁਗਲਾਂ ਨੇ ਵੀ ਦੜਵੱਟੀ ਰੱਖੀ ਏਸ ਲਈ ਕਿ ਇਨ੍ਹਾਂ ਦਾ ਕੀ ਏ। ਘੜੇ ਦੀ ਮੱਛੀ ਹਨ ਜਦ ਦਿਲ ਕੀਤਾ ਫੜ ਲਈ। ਉਹੋ ਈ ਆਦਤਾਂ ਪਈਆਂ ਹੋਈਆਂ ਨੇ। ਏਸ ਲਈ ਸਾਡੇ ਕੋਹ ਤੇ ਤੁਹਾਡੇ ਮਾਪ, ਤੁਹਾਡੇ ਤੋਲ ਸਾਡੇ ਨਾਲੋਂ ਵੱਡੇ ਹਨ। ਲੋਭੀ ਨੂੰ ਲਾਲਚੀ ਟੱਕਰਿਆ ਹੋਇਆ ਏ। ਮੁਗਲ ਜਦੋਂ ਆਪ ਮਾਲ ਲੈਂਦੇ ਹਨ ਤੇ ਉਨ੍ਹਾਂ ਦੇ ਵੱਟੇ ਹੋਰ ਹੁੰਦੇ ਹਨ ਤੇ ਜਦੋਂ ਉਹ ਮਾਲ ਦਿੰਦੇ ਹਨ ਤੇ ਉਹ ਬੁੱਕਲ ਚੋਂ ਦੂਜੇ ਵੱਟੇ ਕਢਦੇ ਹਨ। ਇਹੋ ਪਿਰਤ ਚਲੀ ਆ ਰਹੀ ਏ। ਸੁੱਖਾ ਸਿੰਘ ਦੀ ਆਵਾਜ਼ ਸੀ।

—ਤੁਹਾਡੀ ਗੱਲ ਠੀਕ ਏ ਸਿੰਘ ਜੀ, ਕੁੜਮਾਚਾਰੀ ਵਿਚ ਹਿਸਾਬ ਥੋੜਾ ਈ ਕੀਤਾ ਜਾਂਦੈ। ਪੰਜਾਬ ਨੇ ਕੋਈ ਰਿਸ਼ਤੇਦਾਰੀ ਕੀਤੀ ਨਹੀਂ ਏਸ ਲਈ ਪੰਜਾਬ ਵਾਲੇ ਇਨ੍ਹਾਂ ਰਸਮਾਂ ਤੋਂ ਅਨਜਾਣ ਹਨ। ਇਹ ਸਾਰੀਆਂ ਸੰਗਲੀਆਂ ਅਸਾਂ ਤੋੜ ਦੇਣੀਆਂ ਨੇ, ਵਕਤ ਆ ਰਿਹਾ ਏ, ਹੁਣ ਭਾਈਵਾਲੀ ਅਸੀਂ ਸਿੰਘਾਂ ਨਾਲ ਪਾਉਣ ਲੱਗੇ ਹਾਂ, ਹੁਣ ਨਿਉਂਦਰੇ ਮੁਗਲਾਂ ਦੇ

ਘਰ ਪਾਉਣੇ ਨੇ। ਅਗੇ ਡੋਲੇ ਏਥੋਂ ਦਿੰਦੇ ਸਾਂ, ਹੁਣ ਡੋਲੇ ਦਿੱਲੀ ਤੋਂ ਲਿਆਵਾਂਗੇ। ਮੇਰਾ ਪਿੰਡ ਆ ਰਿਹਾ ਏ, ਚੰਪਾ ਕਿੰਨੀ ਖੁਸ਼ ਹੋਵੇਗੀ, ਮੇਰੇ ਘਰ ਨੂੰ ਭਾਗ ਲਗ ਜਾਣਗੇ, ਮੇਰਾ ਘਰ ਪਵਿਤਰ ਹੋ ਜਾਏਗਾ, ਮੇਰੇ ਵਿਹੜੇ ਵਿਚ ਸਿੰਘਾਂ ਦੇ ਚਰਨ ਪਏ ਤੇ ਵਿਹੜੇ ਨੂੰ ਚਾਰ ਚੰਨ ਲਗ ਜਾਣਗੇ। ਚੰਪਾ ਨੂੰ ਲਾਲੀਆਂ ਚੜ੍ਹ ਜਾਣੀਆਂ ਨੇ ਜਦੋਂ ਉਸ ਪਰਾਹੁਣੇ ਵੇਖੇ। ਮੇਰੀ ਚੰਪਾ ਪਰਾਹੁਣਿਆਂ ਦੀ ਸੇਵਾ ਕਰਨੀ ਜਾਣਦੀ ਏ। ਵਿਚਾਰੀ ਦੀਆਂ ਤਾਂ ਅੱਖਾਂ ਪੱਕ ਗਈਆਂ ਹੋਣੀਆਂ ਨੇ ਇੰਤਜ਼ਾਰ ਕਰਦੀ ਦੀਆਂ। ਡਰਦੀ ਤੇ ਨਹੀਂ ਸੀ। ਵਾਹਵਾ ਈ ਦਿਨ ਲਗ ਗਏ ਨੇ। ਬਨੇਰੇ ਤੇ ਬੈਠੀ ਉਬਾਸੀਆਂ ਲੈ ਰਹੀ ਹੋਣੀ ਏ ਕਿ ਕਦ ਮੇਰਾ ਬਾਪੂ ਆਉਂਦਾ ਏ। ਰਾਤੀਂ ਅਸਾਂ ਰੋਟੀ ਆਪਣੇ ਘਰ ਜਾ ਕੇ ਖਾਣੀ ਏ। ਸਾਰੇ ਬਾਰ੍ਹੇ ਵਿਚ ਧੁੰਮ ਪੈ ਗਈ ਹੋਣੀ ਏ ਕਿ ਗੰਗਾ ਸਿੰਘ ਸਿੰਘਾਂ ਨਾਲ ਗਿਆ ਏ। ਲੋਕ ਤੇ ਸਿੰਘਾਂ ਦੇ ਨਾਂ ਦੀ ਮਾਲਾ ਜਪਦੇ ਹਨ ਪਰ ਡਰਦੇ ਏਸ ਲਈ ਨਿੱਤਰ ਕੇ ਸਾਹਮਣੇ ਨਹੀਂ ਆਉਂਦੇ ਕਿ ਟੱਕਰ ਪਹਾੜ ਨਾਲ ਏ। ਜੇ ਕਿਤੇ ਰਾਜਸਥਾਨ ਉਠ ਪਵੇ ਤਾਂ ਸਿੰਘਾਂ ਨੂੰ ਏਨੇ ਪਾਪੜ ਨਾ ਵੇਲਣੇ ਪੈਣ। ਚੌਧਰੀ ਆਖੀ ਜਾ ਰਿਹਾ ਸੀ।

—ਵਕਤ ਦੀ ਲੋੜ ਨਵੀਂ ਇਜਾਦ ਨੂੰ ਜਨਮ ਦਿੰਦੀ ਏ। ਲੋੜਾਂ ਆਪੇ ਰਾਹ ਲਭ ਲੈਂਦੀਆਂ ਨੇ। ਸੁਖਾ ਸਿੰਘ ਨੇ ਜੁਆਬ ਦਿਤਾ।

ਛੋਟਾ ਜਿਹਾ ਕਾਫਲਾ ਚਲ ਰਿਹਾ ਸੀ। ਨਾਥਾਂ ਦੇ ਚਿਮਟੇ ਧੜਕ ਰਹੇ ਸਨ। ਦੂਰ-ਦੂਰ ਰਹਿਣ ਵਾਲੀਆਂ ਸੰਗਤਾਂ ਇਕਠੀਆਂ ਹੋ ਰਹੀਆਂ ਸਨ।

—ਅਸੀਂ ਪਹਿਲਾਂ ਚਲਦੇ ਹਾਂ ਸੂਰਤਗੜ੍ਹ ਤੇ ਤੁਸੀਂ ਪਿਛੋਂ ਆਉਣਾ। ਅਸੀਂ ਆਪਣੇ ਧੂਣੇ ਦੀ ਅੱਗ ਮਚਾ ਲਈਏ, ਤੁਹਾਡਾ ਸਾਡਾ ਸਾਥ ਕੀ। ਅਸਾਂ ਰਸਦ-ਪਾਣੀ ਪਿੰਡ ਤੋਂ ਇਕਠਾ ਕਰਾਂਗੇ ਤੇ ਆਪਣਾ ਤਵਾ ਗਰਮ ਕਰਾਂਗੇ। ਤੁਸੀਂ ਤੇ ਚੌਧਰੀ ਦੇ ਘਰ ਠਹਿਰਨਾ ਏ। ਦਿਨੇ ਮੇਲੇ ਹੋਣਗੇ। ਨਾਥ ਬੋਲਿਆ।

—ਸਲਾਹ ਤੇ ਚੰਗੀ ਏ। ਏਦਾਂ ਕਿਸੇ ਨੂੰ ਸ਼ਕ ਵੀ ਨਾ ਪਊ। ਡਬੀ ਬੰਦ ਈ ਰਹਿਣੀ ਚਾਹੀਦੀ ਏ, ਢੱਕਣ ਖੋਲ੍ਹਣਾ ਅਕਲਮੰਦੀ ਨਹੀਂ ਚੌਧਰੀ ਆਖਣ ਲੱਗਾ।

—ਗੁਰਮਤਾ ਪਰਵਾਨ ? ਨਾਥ ਦੀ ਆਵਾਜ਼ ਸੀ।

—ਪਰਵਾਨ ਸਿੰਘ ਜੀ।

—ਨਾਥਾਂ ਨੇ ਆਪਣਾ ਰਾਹ ਫੜ ਲਿਆ ਤੇ ਚਾਰ ਮੂਰਤੀਆਂ ਆਪਣੇ ਮਜ਼ੇ-ਮਜ਼ੇ 'ਚ ਚਲ ਰਹੀਆਂ ਸਨ ਸੂਰਤਗੜ੍ਹ ਵਲ।

ਆਖਣ ਲਗਾ ਮਹਿਤਾਬ ਸਿੰਘ—ਸੁੱਖਾ ਸਿਹਾਂ, ਸਾਡੀ ਗੱਲ ਵਿਚ ਈ ਰਹਿ ਗਈ ਸੀ, ਤੇਰੀ ਕਥਾ ਦੇ ਲੋਰ ਨੇ ਸਾਡਾ ਰਾਹ ਇਸ ਤਰ੍ਹਾਂ ਮੁਕਾ ਦਿਤਾ ਜਿਦਾਂ ਅਸੀਂ ਉਡ ਕੇ ਏਥੇ ਆ ਗਏ ਹੋਈਏ, ਸਾਨੂੰ ਰੇਤ ਦਾ ਕਿਤੇ ਪਤਾ ਵੀ ਨਹੀਂ ਲੱਗਾ। ਗੁਰ ਮਹਿਮਾਂ ਵਿਚ ਬੜਾ ਆਨੰਦ ਏ।

—ਲੈ ਸੁਣ ਫਿਰ ਮਹਿਤਾਬ ਸਿਹਾਂ, ਥੜ੍ਹਾ ਸਾਹਿਬ ਦੀ ਗੱਲ। ਇਹ ਥੜ੍ਹਾ ਉਸੇ ਚਮੁਖੀਏ ਵਿਹੜੇ ਵਿਚ ਏ, ਅਕਾਲ ਤਖਤ ਦੇ ਬਰੋਬਰ ਦਰਸ਼ਨੀ ਡਿਊੜੀ ਦੇ ਸਾਹਮਣੇ। ਮੇਰੇ ਬਾਬੇ ਦਾ ਵਿਚਾਰ ਏ ਕਿ ਕੁਦਰਤ ਦੇ ਸਾਰੇ ਢੰਗ ਮਿਥੇ ਹੋਏ ਹਨ। ਜੇ ਇਦਾਂ ਨਾ ਹੋਵੇ ਤਾਂ ਫਿਰ ਥੜ੍ਹਾ ਸਾਹਿਬ ਨਾ ਬਣਦਾ। ਹਨੇਰ ਸਾਈਂ ਦਾ ਘਰ ਦਾ ਮਾਲਕ ਘਰ ਆਵੇ ਤਾਂ ਉਸਨੂੰ ਬਰੂਹਾਂ ਨਾ ਟੱਪਣ ਦਿਤੀਆਂ ਜਾਣ। ਸ਼ਰੀਕ ਤੇ ਮਿੱਟੀ ਦੇ ਮਾਨ ਨਹੀਂ।

—ਮੈਂ ਬਾਬੇ ਨੂੰ ਪੁਛਿਆ---ਬਾਬਾ ਇਹ ਕੀ ਬੁਝਾਰਤ ਪਾ ਦਿੱਤੀ ਊ ?

—ਬੁਝਾਰਤ ਨਹੀਂ ਅਸਲੀਅਤ ਏ ਬੇਟਾ। ਜਦੋਂ ਤੂੰ ਵਡਾ ਹੋਵੇਂਗਾ ਤਾਂ ਤੈਨੂੰ ਪਤਾ ਲਗੇਗਾ ਦੁਨੀਆਂ ਦਾਰੀ ਦਾ। ਦਾਤ੍ਰੀ ਨੂੰ ਇਕ ਪਾਸੇ ਦੰਦੇ ਹਨ ਪਰ ਦੁਨੀਆਂ ਨੂੰ ਦੁਹੀਂ ਪਾਸੀ। ਇਹ ਕਿਸੇ ਛਾਬੇ ਪੂਰੀ ਨਹੀਂ ਉਤਰਦੀ। ਅੱਛਾ ਬੱਚੂ ਸੁਣ, ਬਾਲ ਗੁਰੂ ਹਰਿਕ੍ਰਿਸ਼ਨ ਗਏ ਦਿੱਲੀ ਵਿਚ ਜੋਤੀ-ਜੋਤ ਸਮਾ ਗਏ ਤੇ ਜਾਂਦੇ ਸੰਗਤ ਦੀ ਜ਼ਿਦ ਤੇ ਆਖ ਗਏ 'ਬਾਬਾ ਬਕਾਲੇ'। ਗੁਰੂ ਬਣਨ ਵਾਲਿਆਂ ਆਪੋ ਆਪਣੀ ਨਰਦ ਸੁੱਟ ਕੇ ਸੰਗਤ ਭਰਮਾਉਣੀ ਸ਼ੁਰੂ ਕਰ ਦਿਤੀ। ਗੁਰਗੱਦੀ ਦਾ ਝਗੜਾ ਪੈਣਾ ਅਟੱਲ ਸੀ। ਧੀਰ ਮੱਲ ਸੋਢੀ ਸਾਹਿਬਾਂ ਵਿਚੋਂ ਸਿਰ ਕਢ ਸੀ। ਉਸਨੇ ਆਪਣੀ ਦੱਖ ਬਾਬੇ ਬਕਾਲੇ ਮੰਜਾ ਡਾਹ ਕੇ ਲੋਕਾਂ ਨੂੰ ਵਿਖਾਈ ਤੇ ਆਪਣਾ ਚੰਗਾ ਦਬ-ਦਬਾ ਬਣਾ ਲਿਆ। ਧੀਰ ਮੱਲ ਦੇ ਬੋਝੇ ਵਿਚ ਪੈਸੇ ਸਨ ਤੇ ਬਾਹਵਾਂ ਵਿਚ ਜ਼ੋਰ ਸੀ। ਮੱਸਤਕ ਤੇ ਤੇਜ਼, ਜਦ ਸ਼ਰੀਕ ਦੇ ਮੂੰਹ ਤੇ ਲਾਲੀਆਂ ਭਖਦੀਆਂ ਵੇਖੀਆਂ ਤਾਂ ਉਨ੍ਹਾਂ ਨੇ ਆਪਣੇ ਮੂੰਹ ਚਪੇੜਾਂ ਮਾਰ ਮਾਰ ਕੇ ਲਾਲ ਕਰ ਲਏ। ਵੇਖੋ-ਵੇਖੀ ਜਿਦਾਂ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਏ, ਬਿਲਕੁਲ ਉਸੇ ਤਰ੍ਹਾਂ ਸ਼ਰੀਕਾਂ ਵੀ ਜ਼ਿਦੋ-ਜ਼ਿਦੀ ਮੰਜੇ ਡਾਹ ਲਏ। ਹਰ ਇਕ ਆਪੋ-ਆਪਣੀ ਡਫ ਵਜਾਉਣ ਲੱਗ ਪਿਆ। ਬੀਨਾਂ ਵਜ ਰਹੀਆਂ ਸਨ, ਤੂਤੀ ਬੋਲਦੀ ਹਰ ਇਕ ਦੀ ਵਖਰੀ-ਵਖਰੀ ਆਵਾਜ਼ ਸੀ, ਗੁਰੂ ਦਾ ਭੁਲੇਖਾ ਪੈ ਗਿਆ। ਕੌਣ ਗੁਰੂ ਏ ਕਿਹੜਾ ਗੁਰੂ ਬਣੇ, ਕਿਸਨੂੰ ਸੰਗਤ ਗੁਰੂ ਮੰਨੇ ? ਇਸ ਗੱਲ ਦਾ ਨਿਤਾਰਾ ਨਾ ਹੋ ਸਕਿਆ। ਸੇਹ ਦਾ ਤੱਕਲਾ ਕਿਸੇ ਨੇ ਬਾਬੇ ਬਕਾਲੇ ਦੇ ਚੁਰਾਹੇ ਵਿਚ ਦਬ ਕੇ ਆਪ ਬੁੱਕਲ ਮਾਰ ਗਿਆ। ਬਾਵਰੀ ਹੋਈ ਸੰਗਤ ਬਾਈਆਂ ਮੰਜੀਆਂ ਦੇ ਦੁਆਲੇ ਚੱਕਰ ਮਾਰ ਰਹੀ ਸੀ। ਮੱਥੇ ਟੇਕ-ਟੇਕ ਮੱਥੇ ਘਸਾ ਲਏ ਸਨ। ਨਾ ਗੁਰੂ ਲੱਭਾ ਤੇ ਨਾ ਉਸਦਾ ਪਰਛਾਵਾ। ਗੁਰੂ ਪਰਗਟ ਨਾ ਹੋਇਆ ਤੇ ਨਾ ਹੀ ਸੰਗਤ ਨੂੰ ਧੀਰਜ ਮਿਲਿਆ।

—ਏਧਰ ਹਰਜੀ ਬੀਨਾਂ ਨੇ ਹਰਿਮੰਦਰ ਸਾਹਿਬ ਤੇ ਆਪਣਾ ਕਬਜ਼ਾ ਪੱਕਾ ਕਰ ਲਿਆ। ਜਿਸਦੇ ਹੱਥ ਜੋ ਗੁਰੂ ਦਾ ਮਾਲ ਲੱਗਾ, ਉਸ ਨੇ ਉਸ ਨੂੰ ਹੜੱਪ ਕਰਨ ਦੀ ਕੋਸ਼ਿਸ਼ ਕੀਤੀ। ਹਰ ਸੋਢੀ ਸਾਹਿਬਜ਼ਾਦਾ ਪਰਾਇਆ ਹੱਕ ਗਾਜਰ ਵਾਂਗ ਚੱਬ ਰਿਹਾ ਸੀ।

—ਆਖਰ ਮੱਖਣ ਸ਼ਾਹ ਲੁਬਾਣੇ ਦੀ ਹਿੰਮਤ ਨਾਲ ਗੁਰੂ ਪਰਗਟ ਹੋਇਆ — ਗੁਰੂ ਤੇਗ ਬਹਾਦਰ। ਸਾਰੇ ਔਲੂ ਦੀ ਝੱਗ ਵਾਂਗ ਬਹਿ ਗਏ। ਡਾਂਗਾਂ ਵਾਲਿਆਂ ਨੇ ਆਪਣਾ ਕਸਬ ਵੀ ਵਿਖਾਇਆ। ਧੀਰ ਮੱਲ ਦੀ ਸ਼ਹਿ ਤੇ ਸ਼ੀਹੇਂ ਮਸੰਦ ਨੇ ਗੋਲੀ ਵੀ ਚਲਾਈ ਸਤਿ-ਗੁਰਾਂ ਤੇ। ਗੁਰੂ ਬਣਨ ਵਾਲਾ ਗੁਰੂ ਬਣ ਗਿਆ ਪਰ ਲੋਕਾਂ ਨੇ ਇਹੋ ਜਿਹੇ ਹਾਲਾਤ ਪੈਦਾ ਕਰ ਦਿਤੇ ਕਿ ਗੁਰੂ ਲਈ ਸਾਹ ਲੈਣਾ ਮੁਸ਼ਕਲ ਹੋ ਗਿਆ। ਆਖਰ ਨੂਰਾਨੀ ਜੋਤ ਨੇ ਹਨੇਰੇ ਨੂੰ ਪਾੜ ਕੇ ਇਕ ਲਾਟ ਜਗਾ ਦਿਤੀ। ਬਦਲੀਆਂ ਆਪੇ ਈ ਲਾਂਭੇ ਹੋ ਗਈਆਂ, ਚੰਦਰਮਾ ਚੜ੍ਹ ਪਿਆ। ਸਾਰੇ ਪੰਜਾਬ ਨੇ ਰੱਜ ਕੇ ਚਾਨਣੀ ਮਾਣੀ। ਪੰਜਾਬ ਨੇ ਆਪਣੇ ਗੁਰੂ ਤੇਗ ਬਹਾਦਰ ਅੱਗੇ ਸਿਰ ਝੁਕਾ ਦਿਤਾ ਤੇ ਅਸੀਸਾਂ ਲਈਆਂ।

ਗੁਰਗੱਦੀ ਤੋਂ ਬਾਅਦ ਅੰਮ੍ਰਿਤਸਰ ਦੀ ਯਾਤਰਾ ਜ਼ਰੂਰੀ ਸੀ। ਫੈਸਲਾ ਹੋਇਆ। ਤਿਆਰੀਆਂ ਸ਼ੁਰੂ ਹੋਈਆਂ ਗੁਰੂ ਦੀ ਨਗਰੀ ਵਲ। ਏਧਰ ਹਰਜੀ ਨੂੰ ਪਿਸੂ ਪੈ ਗਏ। ਉਸ ਧੀਰ ਮੱਲ ਦੀ ਫਟਕੜੀ ਫੁਲ ਹੁੰਦਿਆਂ ਵੇਖੀ ਸੀ। ਘੜੀ ਵਿਚ ਈ ਦੇਗਾਂ ਰਿੰਨ੍ਹਣ

ਵਾਲਿਆਂ ਦੇ ਚੌਲ ਚਿੱਟੇ ਹੁੰਦੇ ਡਿਠੇ ਸਨ, ਉਸਦੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ, ਉਸਨੂੰ ਦਿਨੇ ਤਾਰੇ ਨਜ਼ਰ ਆਉਣ ਲੱਗ ਪਏ—ਮੈਥੋਂ ਹਰਿਮੰਦਰ ਉਦੋਂ ਈ ਖੁੱਸ ਜਾਣਾ ਏ ਜਦੋਂ ਗੁਰੂ ਨੇ ਅੰਮ੍ਰਿਤਸਰ ਵਿਚ ਪੈਰ ਪਾ ਲਏ। ਬਾਹਰ ਈ ਡਕਿਆ ਜਾਏ, ਘਰ ਇਹ ਉਸਦੇ ਵਸ ਦਾ ਰੋਗ ਨਹੀਂ ਸੀ। ਹਰਜੀ ਨੇ ਕੌਡੀਆਂ ਸੁਟੀਆਂ ਤੇ ਨਰਦਾਂ ਆਪਣੇ ਹੱਥ ਵਿਚ ਰੱਖੀਆਂ। ਪੁਜਾਰੀਆਂ ਨੂੰ ਸੱਦਿਆ ਹਰ ਇਕ ਨੂੰ ਇਕੋਤਰ ਸੌ ਮੋਹਰਾਂ, ਸਰੋਪਾ ਨੇ ਹੋਰ ਵੀ ਕਈ ਝੂਠੇ ਵਾਅਦੇ ਕੀਤੇ ਤੇ ਆਖਿਆ—ਗੁਰੂ ਦੇ ਘੋੜੇ ਨੇ ਜਦੋਂ ਅੰਮ੍ਰਿਤਸਰ ਦੀ ਜੂਹ ਵਿਚ ਪੈਰ ਧਰ ਦਿਤਾ ਤਾਂ ਤੁਸੀਂ ਹਰਿਮੰਦਰ ਵਿਚੋਂ ਇਸ ਤਰ੍ਹਾਂ ਨਿਕਲ ਜਾਣਾ ਏ, ਜਿਦਾਂ ਮੱਖਣ ਵਿਚੋਂ ਵਾਲ। ਗੁਰੂ ਦੇ ਸਿੰਘਾਂ ਨੇ ਬਿਲਕੁਲ ਉਸੇ ਤਰ੍ਹਾਂ ਤੁਹਾਡੇ ਨਾਲ ਕਰਨੀ ਏ ਜਿਵੇਂ ਧੀਰ ਮੱਲ ਨਾਲ ਹੋਈ। ਹੁਣ ਤੁਸਾਂ ਆਪ ਸੋਚਣਾ ਏ ਕਿ ਤੁਸੀਂ ਪੱਕੀ ਪੈਰੀਂ ਇਥੇ ਰਹਿਣਾ ਏਂ ਜਾਂ ਪੱਤਰਾ ਵਾਚਣਾ ਏ। ਗੱਲ ਸਿਰਫ਼ ਅੱਠ ਪਹਿਰ ਦੀ ਏ। ਜੇ ਤੁਸੀਂ ਇਕ ਦਿਨ ਹਰਿਮੰਦਰ ਦੇ ਬੂਹੇ ਬੰਦ ਕਰਕੇ ਆਪ ਮੁਗੜ ਮਾਰ ਕੇ ਕਿਸੇ ਹਨੇਰੀ ਕੋਠੜੀ ਵਿਚ ਜਾ ਲੁਕੋ ਤੇ ਆਪੇ ਗੁਰੂ ਆਏਗਾ ਆਪੇ ਪਰਤ ਜਾਏਗਾ। ਗੁਰੂ ਦਾ ਟਿਕਾਣਾ ਕੀਰਤ-ਪੁਰ ਏ। ਜਿੰਦਰਾ ਕਿਸੇ ਨੇ ਭੰਨਣਾ ਨਹੀਂ ਤੇ ਗੁਰੂ ਨੇ ਏਥੇ ਪੱਕੇ ਟਿਕਾਣੇ ਲਾਉਣੇ ਨਹਾਂ। ਘੜੀ ਦੀ ਸ਼ਰਮਿੰਦਗੀ ਤੇ ਸਾਰੀ ਜ਼ਿੰਦਗੀ ਦਾ ਆਰਾਮ। ਹਰਿਮੰਦਰ ਸਾਹਿਬ ਦੀ ਆਮਦਨ ਦੇ ਤੁਸੀਂ ਮਾਲਕ। ਜੇ ਗੁਰੂ ਨੂੰ ਦਰਵਾਜ਼ੇ ਖੁਲ੍ਹੇ ਮਿਲ ਗਏ ਤਾਂ ਉਸਨੇ ਫੇਰ ਆਪਣੇ ਕਿਸੇ ਸਿੰਘ ਨੂੰ ਬਿਠਾ ਦੇਣਾ ਏ ਤੁਸੀਂ ਡੰਡੇ ਵਜਾਉਂਦੇ ਫਿਰਿਓ ਸੁਥਰੇ ਵਾਂਗੂ। ਹੁਣ ਨਫ਼ਾ ਨੁਕਸਾਨ ਤੁਸੀਂ ਆਪ ਸੋਚ ਲਓ। ਹਰਜੀ ਇਹ ਗੱਲ ਆਖ ਕੇ ਆਪ ਹੇਰੀ ਚਲਾ ਗਿਆ ਤੇ ਪੁਜਾਰੀਆਂ ਦੇ ਮੂੰਹ ਚਮਚਾ ਦੇ ਗਿਆ ਸੋਨੇ ਦਾ। ਸੁੱਖਾ ਸਿੰਘ ਨੇ ਗਲ ਨੂੰ ਮਰੋੜਾ ਦਿਤਾ।

ਮਹਿਤਾਬ ਸਿੰਘ ਨੇ ਆਖਿਆ—ਗੁਰੂ ਘਰ ਵਿਚ ਝਗੜਾ ਸ਼ੋਭਾ ਨਹੀਂ ਦਿੰਦਾ। ਪਰ ਤੁਖਣੀਆਂ ਛੇੜਨ ਵਾਲੇ ਕਦ ਨਿਚੱਲੇ ਬੈਠਦੇ ਹਨ।

—ਲੈ ਫੇਰ ਸੁਣ ਅੰਮ੍ਰਿਤਸਰ ਦੀ ਕਹਾਣੀ। ਮਾਇਆ ਦੇ ਰੂਪ ਵੇਖ। ਮਾਇਆ ਦੀ ਅੱਖ ਪਛਾਣ ਘੁੰਡ ਵਿਚੋਂ। ਮਾਇਆ ਦੀ ਸੁਰਮੇ ਵਾਲੀ ਅੱਖ ਪਰਖ। ਸੁਰਮਾ ਤੇ ਸਾਰੇ ਈ ਪਾ ਲੈਂਦੇ ਹਨ ਪਰ ਮਟਕਾਉਣਾ ਬਹੁਤ ਔਖਾ ਏ।

ਮਸੰਦਾਂ ਨੂੰ ਆਪਣੇ ਪਿਸੂ ਪੈ ਗਏ। ਖੀਰ ਤੇ ਮਾਲ੍ਹ ਪੂੜੇ ਉਨ੍ਹਾਂ ਨੂੰ ਹਵਾ ਵਿਚ ਉਡਦੇ ਨਜ਼ਰ ਆਏ। ਇਕ ਮਸੰਦ ਆਖਣ ਲਗਾ, ਗੁਰੂ ਦੇ ਤਖ਼ਤ ਦੇ ਅਸੀਂ ਪਾਵੇ ਹਾਂ, ਅਸੀਂ ਸੋਮੇ ਹਾਂ ਪੂਜਾ ਦੀ ਮਾਇਆ ਦੇ, ਅਸੀਂ ਜਿਸਨੂੰ ਚਾਹੀਏ ਗੁਰੂ ਬਣਾ ਦੇਈਏ ਤੇ ਜਿਸ ਨੂੰ ਚਾਹੀਏ ਫੂਕ ਮਾਰ ਕੇ ਉਡਾ ਦੇਈਏ। ਡੋਰੀ ਸਾਡੇ ਹੱਥ ਵਿਚ ਏ ਤੇ ਪਿੰਨਾ ਅਸਾਂ ਬੋਝੇ ਵਿਚ ਪਾਇਆ ਹੋਇਆ ਏ। ਗੁਰੂ ਦੇ ਦੁਆਲੇ ਜਿਹੜੀਆਂ ਲਗੜਾਂ-ਭੁਕੜਾਂ ਚਿੰਬੜੀਆਂ ਹੋਈਆਂ ਨੇ ਉਨ੍ਹਾਂ ਸਾਡੀ ਜ਼ਿਆਦਰੀ ਕਰਨੀ ਏ। ਉਨ੍ਹਾਂ ਵੀ ਆਪਣੇ ਪੈਰ ਪੱਕੇ ਕਰ ਲਏ। ਜੇ ਸਾਨੂੰ ਸਰੋਪੇ ਮਿਲੇ ਤਾਂ ਦਸਵੰਧ ਗੁਰੂ ਅੱਗੇ ਢੇਰੀ ਕੀਤਾ ਜਾਏਗਾ ਨਹੀਂ ਤਾਂ ਡਕਾਰ ਮਾਰਨਾ ਸਾਨੂੰ ਵੀ ਆਉਂਦਾ ਏ।

ਇਕ ਹੋਰ ਗੱਲ, ਅਜੇ ਬਹੁਤੇ ਲੋਕ ਅਸਲੀ ਤੇ ਨਕਲੀ ਗੁਰੂ ਦੀ ਪਛਾਣ ਨਹੀਂ ਕਰ ਸਕਦੇ। ਇਹ ਗੱਲ ਵੀ ਅਸਾਂ ਲੋਕਾਂ ਨੂੰ ਦਸਣੀ ਏ। ਇਹ ਵੀ ਇਕ ਬੜਾ ਵਡਾ ਭੁਲੇਖਾ ਏ। ਇਸ ਗੱਲ ਲਈ ਵੀ ਗੁਰੂ ਨੂੰ ਸਾਡੀ ਲੋੜ ਏ।

ਗੁਰੂ ਦਾ ਘੋੜਾ ਅੰਮ੍ਰਿਤਸਰ ਦੀ ਮੱਲ ਗੁਜ਼ਾਰ 'ਚ ਦਾਖਲ ਹੋਇਆ। ਸ਼ਹਿਰ ਦਾ ਨਾ ਕੋਈ ਪਤਵੰਤਾ, ਨਾ ਪੁਜਾਰੀ, ਨਾ ਮਸੰਦ ਕੋਈ ਵੀ ਅਗਲਵਾਂਢੀ ਲੈਣ ਨਾ ਆਇਆ। ਪਤਾ ਨਹੀਂ ਗੁਰੂ ਨੇ ਅੰਮ੍ਰਿਤਸਰ ਦੇ ਕੀ ਮਾਂਹ ਪੁੱਟੇ ਸਨ। ਹਰਜੀ ਨੇ ਮਸੰਦਾਂ ਤੇ ਪੁਜਾਰੀਆਂ ਦੇ ਹਿਰਦੇ ਕਠੋਰ ਕਰ ਦਿਤੇ ਸਨ। ਕਿਸੇ ਨੂੰ ਇਹ ਗੱਲ ਅਜੇ ਦਸੀ ਨਹੀਂ ਸੀ ਗਈ ਕਿ ਗੁਰਗੱਦੀ ਤੇ ਗੁਰੂ ਤੇਗ ਬਹਾਦਰ ਬਰਾਜਮਾਨ ਹਨ। ਰੌਲਾ ਤੇ ਧੀਰ ਮੱਲ ਦਾ ਈ ਪੈ ਰਿਹਾ ਸੀ। ਬਾਂਗਾਂ ਦੇਣ ਵਾਲੇ ਉਸੇ ਦੇ ਨਾਂ ਦੀਆਂ ਬਾਂਗਾਂ ਦਿੰਦੇ। ਕੁਝ ਸਿਆਣੇ ਲੋਕ ਜਾਣਦੇ ਸਨ ਬਾਕੀ ਤੇ ਮਿੱਟੀ ਦੇ ਮਾਧੋ ਸਨ। ਦਰਸ਼ਨੀ ਡਿਉੜੀ ਤੇ ਈ ਘੋੜਾ ਰੁਕ ਗਿਆ। ਗੜਬੈਲਾਂ ਵਿਚੋਂ ਉਤਰੇ ਗੁਰੂ ਕੇ ਮਹਿਲ, ਬਾਕੀ ਸੰਗਤ ਨੇ ਵੀ ਉਥੇ ਈ ਆਪਣਾ ਮਾਲ ਅਸਬਾਬ ਰਖ ਦਿਤਾ ਤੇ ਨੰਗੀ ਪੈਰੀ ਚਲੇ ਗੁਰੂ ਦੇ ਪਿਆਰੇ।

—ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਧੁੰਨ ਸੁਣਾਈ ਨਹੀਂ ਦਿੰਦੀ, ਰਬਾਬੀ ਕਿਤੇ ਸੁੱਖਾ ਪੀ ਕੇ ਤੇ ਨਹੀਂ ਸੌਂ ਗਏ। ਇਕ ਗੁਰਮੁਖ ਸਿੰਘ ਆਖਣ ਲੱਗਾ।

ਜਾਣੀ-ਜਾਣ ਸਾਹਿਬਾਂ ਫ਼ਰਮਾਇਆ—ਬਾਣੀ ਮੱਧਮ ਸੁਰਾਂ 'ਚ ਗਾਈ ਜਾਂਦੀ ਏ।

—ਭਰਾਈਆਂ ਦਾ ਪਿੰਡ ਪਰਾਲੀਓਂ ਲੱਭ ਪੈਂਦਾ ਏ। ਇਥੇ ਕੋਈ ਹੋਰ ਈ ਭਾਣਾ ਵਰਤਿਆ ਜਾਪਦੈ।

—ਧੀਰ ਮੱਲ ਕਿਤੇ ਇਥੇ ਕੰਗਣੀ ਤੇ ਨਹੀਂ ਸੁਟ ਗਿਆ ਮਤਾਂ ਏਥੇ ਵੀ ਸ਼ੀਹੇ ਮਸੰਦ ਵਰਗੀ ਪੰਚਾਇਤ ਲੱਗੇ। ਮਹਾਰਾਜ ਅਸਾਂ ਹੁਣ ਬਖਸ਼ਣਾ ਨਹੀਂ। ਸਾਡੀ ਨਰਮੀ ਨੇ ਇਨ੍ਹਾਂ ਨੂੰ ਸਿਰ ਤੇ ਚੜ੍ਹਾ ਦਿਤਾ ਏ। ਮੱਖਣ ਸ਼ਾਹ ਲੁਬਾਣਾ ਬੋਲਿਆ।

—ਜਿਹਾ ਕਰੂ ਤਿਹਾ ਭਰੂ, ਜੌਂ ਬੀਜ ਕੇ ਕੋਈ ਕਣਕ ਨਹੀਂ ਵੱਢਣ ਲੱਗਾ। ਨੇਕੀ ਕਰ ਤੇ ਖੂਹ ਵਿਚ ਸੁੱਟ। ਤੁਸੀਂ ਆਪਣਾ ਕੰਮ ਕਰੋ ਤੇ ਉਨ੍ਹਾਂ ਨੂੰ ਆਪਣਾ ਕਰਨ ਦਿਓ। ਸਾਹਿਬਾਂ ਫਰਮਾਇਆ।

ਮੱਖਣ ਸ਼ਾਹ ਦੀ ਗੱਲ ਸੱਚੀ ਨਿਕਲੀ। ਜਦੋਂ ਸਾਹਿਬਾਂ ਪ੍ਰਕਰਮਾਂ ਵਿਚ ਕਦਮ ਰਖੇ ਤਦ ਵੇਖਿਆ ਦਰਸ਼ਨੀ ਡਿਉੜੀ ਦੇ ਦਰਵਾਜ਼ੇ ਤੇ ਮਣ ਪੱਕੇ ਦਾ ਜੰਦਰਾ ਵਜਿਆ ਹੋਇਆ ਸੀ। ਸਾਰੀ ਸੰਗਤ ਦੇ ਹੱਥਾਂ ਦੇ ਤੋਤੇ ਉਡ ਗਏ। ਇਹ ਕੀ ਲੋਹੜਾ ਮਾਰਿਐ? ਪੁਜਾਰੀ ਕਿਥੇ ਗਏ?

—ਪੁਜਾਰੀ ਚਲੇ ਗਏ ਜੰਦਰਾ ਮਾਰ ਕੇ, ਉਨ੍ਹਾਂ ਹੁਣ ਕਿਥੇ ਆਉਣਾ ਏਂ? ਚਾਬੀਆਂ ਨਾਲ ਲੈ ਗਏ ਹਰਜੀ। ਆਖਣ ਲੱਗਾ ਇਕ ਬੰਦਾ।

—ਭਲਾ ਹੋਵੇ ਸੂ। ਬੋਲ ਸਾਹਿਬਾਂ ਦੇ ਸਨ। ਇਸ਼ਨਾਨ ਧਿਆਨ ਕਰਨ ਸੰਗਤਾਂ, ਆ ਈ ਜਾਣਗੇ। ਤਿਖੜ ਦੁਪਹਿਰਾਂ ਲੱਗੀਆਂ ਹੋਈਆਂ ਨੇ ਕਾਂ ਅੱਖ ਨਿਕਲਦੀ ਏ। ਜ਼ਰਾ ਕੁ ਦੁਪਹਿਰ ਢਲਦੀ ਏ ਪੁਜਾਰੀ ਆ ਈ ਜਾਣਗੇ। ਸੰਗਤ ਆਪਣੇ ਕਾਰ-ਵਿਹਾਰ ਵਿਚ ਲੱਗ ਜਾਏ। ਪੁਜਾਰੀਆਂ ਤੋਂ ਬਿਨਾਂ ਵੀ ਅਸੀਂ ਦਰਸ਼ਨ ਕਰ ਸਕਦੇ ਹਾਂ।

ਸੁਨੇਹਾ ਭੇਜਿਆ ਪੁਜਾਰੀ ਨਾ ਆਏ।

—ਜਿੰਦਰਾ ਤੋੜ ਦਿਤਾ ਜਾਏ ਮਣ ਪੱਕੇ ਦਾ।

—ਗੁਰੂ ਘਰ ਦਾ ਜਿੰਦਰਾ ਨਹੀਂ ਤੋੜੀਦਾ।

—ਅਸੀਂ ਤੇ ਮੱਥਾ ਟੇਕਣ ਆਏ ਹਾਂ ਦਰਸ਼ਨੀ ਦਰਵਾਜ਼ਾ ਈ ਬੰਦ ਏ ਤਾਂ ਅਸੀਂ ਹਰਿਮੰਦਰ ਵਿਚ ਜਾਈਏ ਕਿਸ ਤਰ੍ਹਾਂ?

—ਜਿਸ ਤਰ੍ਹਾਂ ਸਾਹਿਬ ਜਾਣਨਗੇ।

ਉਡੀਕ ਕੀਤੀ, ਪੁਜਾਰੀ ਨਾ ਆਏ।

ਸ਼ਾਂਤ ਸੁਭਾਅ ਸਤਿਗੁਰੂ ਬੋਲੇ—ਏਸੇ ਚਮੁਖੀਏ ਵਿਹੜੇ ਵਿਚ ਈ ਬੈਠ ਜਾਈਏ ਤੇ ਏਥੇ ਈ ਬਾਣੀ ਦਾ ਕੀਰਤਨ ਕੀਤਾ ਜਾਏ।

ਸਾਰੀ ਸੰਗਤ ਨਿਠ ਕੇ ਬਹਿ ਗਈ। ਕੀਰਤਨ ਅਰੰਭ ਹੋਇਆ। ਰਸ-ਭਿੰਨੀ ਬਾਣੀ ਮੱਧਮ ਸੁਰਾਂ 'ਚ ਗਾਈ ਜਾ ਰਹੀ ਸੀ, ਰਬਾਬੀ ਆਪਣੀ ਧੁੰਨ ਵਿਚ ਗਾ ਰਹੇ ਸਨ ਸੰਗਤ ਲੀਨ ਸੀ। ਭੋਗ ਪਿਆ।

ਪੁਜਾਰੀ ਅਜੇ ਵੀ ਨਹੀਂ ਸਨ ਆਏ।

ਅਰਦਾਸਾ ਹੋਇਆ, ਸੰਗਤ ਉਠ ਬੈਠੀ ਤੇ ਉਨ੍ਹਾਂ ਪ੍ਰਕਰਮਾ ਵਿਚ ਈ ਬੈਠ ਕੇ ਮੱਥਾ ਟੇਕਿਆ। ਕੁਝ ਮਨਚਲੇ ਸਰੋਵਰ 'ਚ ਛਾਲਾਂ ਮਾਰ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਪਰ ਸਤਿਗੁਰਾਂ ਦੇ ਮੋੜਨ ਤੇ ਉਨ੍ਹਾਂ ਆਪਣਾ ਇਰਾਦਾ ਬਦਲ ਲਿਆ। ਸੰਗਤ ਨਿਠ ਕੇ ਫਿਰ ਬਹਿ ਗਈ। ਇੰਤਜ਼ਾਰ ਹੋਰ ਕੀਤਾ ਜਾਏ। ਜੰਗਲੀਂ ਗਿਆ ਵੀ ਕੋਈ ਬਹੁੜਿਆ ਏ? ਮੁਹਰਾਂ ਦੀ ਗਰਮੀ ਨੇ ਸ਼ਰਧਾ ਵਲੋਂ ਉਕਾ ਈ ਮੂੰਹ ਮੋੜ ਲਿਆ ਸੀ। ਸੁਖਾ ਛਕ ਕੇ ਪੁਜਾਰੀ ਬੂਹੇ ਮਾਰ ਕੇ ਤੀਜੀ ਕੋਠੜੀ 'ਚ ਸੁੱਤੇ ਪਏ ਸਨ। ਅੰਮ੍ਰਿਤਸਰ ਵਾਲਿਆਂ ਨੂੰ ਉਦੋਂ ਖਬਰ ਹੋਈ ਜਦੋਂ ਸਤਿਗੁਰੂ ਗੁਰੂ ਨਗਰੀ ਨੂੰ ਤਿਲਾਂਜਲੀ ਦੇ ਕੇ ਚਲ ਪਏ ਸਨ।

ਇਹ ਪੁਜਾਰੀਆਂ ਦੇ ਦਿਲ ਦੀ ਅੱਗ ਏ, ਮਾਇਆ ਦੇ ਲੋਭ ਵਿਚ ਇਹ ਸਾਰੀ ਉਮਰ ਏਸੇ ਅੱਗ ਵਿਚ ਸੜਦੇ ਰਹਿਣਗੇ। "ਅੰਮ੍ਰਿਤਸਰੀਏ—ਅੰਦਰ ਸੜੀਏ"। ਸਰਾਪ ਦੇ ਕੇ ਅੰਮ੍ਰਿਤਸਰ ਨੂੰ ਮੱਥਾ ਟੇਕ ਦਿਤਾ। ਆਪਣੀ ਜਨਮ ਭੋਂ ਦੇ ਦਰਸ਼ਨ ਵੀ ਨਾ ਕੀਤੇ। ਸਹੁਰੇ ਦਾ ਘਰ ਵੀ ਨਾ ਵੇਖ ਸਕੇ ਗੁਰੂ ਕੇ ਮਹਿਲ। ਵੱਲੇ ਆਣ ਕੇ ਦਮ ਮਾਰਿਆ।

ਇਹ ਚਰਚਾ ਘਰ-ਘਰ ਵਿਹੜੇ-ਵਿਹੜੇ ਗਲੀ ਮਹਲਿਆਂ ਵਿਚ ਗੂੰਜੀ। ਪਟੋਕੀਆਂ ਤੇ ਫਿਟਕਾਂ ਪਾਉਣ ਵਾਲੇ ਇਕੱਠੇ ਹੋ ਗਏ। ਪੁਜਾਰੀਆਂ ਦੀ ਸ਼ਾਮਤ ਆਈ ਕਿ ਉਹਨਾਂ ਦਾ ਘਰੋਂ ਨਿਕਲਣਾ ਮੁਹਾਲ ਹੋ ਗਿਆ।

—ਤੇਰੇ ਪਿਓ ਦਾ ਹਰਿਮੰਦਰ ਸੀ, ਤੂੰ ਜਿੰਦਰਾ ਮਾਰ ਕੇ ਕੁੰਜੀ ਨਾਲੇ ਪੱਲੇ ਬੰਨ੍ਹ ਲਈ। ਇਕ ਪੁਜਾਰੀ ਬੋਲਿਆ।

—ਹਰਜੀ ਕੋਲੋਂ ਮੋਹਰਾਂ ਤੇ ਗਿਣਾ ਕੇ ਤੂੰ ਆਪ ਝੋਲੀ 'ਚ ਪਾਈਆਂ ਸਨ।

—ਗਿਣਨ ਲਗਿਆਂ ਤੇਰੇ ਲੰਬੇ ਦਾੜ੍ਹੇ ਨੂੰ ਲਾਜ ਨਹੀਂ ਸੀ ਲਗੀ। ਉਦੋਂ ਤੇ ਬੁਲ੍ਹਾਂ ਤੇ ਜੀਭ ਫੇਰਦਾ ਸੈਂ।

ਲੋਭੀ, ਲਾਲਚੀ ਤੇ ਢੀਠਾਂ ਨੂੰ ਵੀ ਕਦੇ ਲਗਦੀ ਏ।

—ਕੋਈ ਛੱਪੜ ਵੇਖੀਏ ਡੁਬ ਮਰਨ ਨੂੰ। ਨਹੀਂ ਤਾਂ ਅੰਮ੍ਰਿਤਸਰ ਨੇ ਜੁੱਤੀਆਂ ਮਾਰ-ਮਾਰ ਕੇ ਧੂੰ ਕਢ ਦੇਣਾ ਏਂ।

—ਤੁਸੀਂ ਕੋੜ੍ਹੀ, ਲੰਡੇ ਤੇ ਲੂੰਜੇ ਤੇ ਅੰਨ੍ਹੇ ਹੋ ਕੇ ਮਰਨਾ ਏ। ਤੁਹਾਨੂੰ ਮੰਗਿਆਂ ਖੈਰ ਨਹੀਂ ਮਿਲਣੀ।

—ਫੇਰ ਕੋਈ ਰਾਹ ਲਭਿਆ ਜਾਏ। ਉਦੋਂ ਤੇ ਅਕਲ ਤੇ ਪਰਦਾ ਪੈ ਗਿਆ ਸੀ, ਹੁਣ ਤੇ ਸੁਰਤ ਟਿਕਾਣੇ ਏ।

ਏਨੇ ਚਿਰ ਨੂੰ ਚੂੜੀਆਂ ਭਰੀ ਪਰਾਤ, ਪੀੜ੍ਹੀਆਂ, ਵੇਲਣੇ ਤੇ ਚਕਲੇ ਲੈ ਕੇ ਨੈਣ ਆ ਗਈ।

—ਇਹ ਕੀ ?

—ਸਾਰੇ ਅੰਮ੍ਰਿਤਸਰ ਦੀਆਂ ਸਵਾਣੀਆਂ ਨੇ ਸੁਗਾਤ ਭੇਜੀ ਏ, ਪੁਜਾਰੀਆਂ ਤੇ ਉਨ੍ਹਾਂ ਦੇ ਹਮਦਰਦੀਆਂ ਨੂੰ। ਤੁਸੀਂ ਘਰ ਚਲੋ, ਬੱਚੇ ਖਿਡਾਓ, ਰੋਟੀਆਂ ਪਕਾਓ ਤੇ ਅਸੀਂ ਚਲੀਆਂ ਹਾਂ ਗੁਰੂ ਮਨਾਉਣ।

ਮਾਈਆਂ ਨੇ ਸਿਰ ਤੇ ਥਾਲੀਆਂ ਚੁਕ ਲਈਆਂ। ਗਲ 'ਚ ਦੁਪਟੇ ਪਾ ਲਏ। ਦੀਵਾਨ ਸਜਿਆ ਹੋਇਆ ਸੀ। ਹਜ਼ੂਰ ਅੱਗੇ ਜਾ ਮੱਥਾ ਟੇਕਿਆ, ਸਿਰ ਨਾ ਚੁਕਿਆ।

ਹਜ਼ੂਰ ਬੋਲੇ—ਕੀ ਸਾਥੋਂ ਕੋਈ ਭੁੱਲ ਹੋ ਗਈ ਏ ?

—ਨਹੀਂ ਹਜ਼ੂਰ, ਸਾਡੇ ਮਰਦ, ਮਰਦ ਨਹੀਂ ਰਹੇ ਉਨ੍ਹਾਂ ਦੀ ਭੁਲ ਬਖਸ਼ੋ ਮਿਹਰਾਂ ਦੇ ਸਾਈਂ, ਸਾਡੀ ਲਾਜ ਰਖ ਲਓ, ਸਾਡੀ ਅੱਡੀ ਝੋਲੀ ਭਰ ਦਿਓ।

ਦਿਆਲੂ ਮਹਾਰਾਜ ਘੜੀ ਵਿਚ ਈ ਦਿਆਲੂ ਹੋ ਗਏ।

ਮਹਾਰਾਜ ਨੇ ਫਰਮਾਇਆ—ਮਾਈਆਂ ਰਬ ਰਜਾਈਆਂ।

ਮਾਈਆਂ ਦੀ ਲਾਜ ਰੱਖ ਲਈ ਗੁਰੂ ਨੇ ਸਭ ਦੇ ਗੁਨਾਂਹ ਮਾਫ ਕਰ ਦਿਤੇ। ਗੋਪੀਆਂ ਨੇ ਕਾਨ੍ਹ ਮਣਾ ਲਿਆ। ਉਸ ਦਿਨ ਤੋਂ ਬਾਅਦ ਥੜਾ ਸਾਹਿਬ ਨੂੰ ਲੋਕ ਮੱਥਾ ਟੇਕਦੇ ਹਨ। ਇਹ ਉਸ ਗੁਰੂ ਦੀ ਯਾਦ ਏ ਜਿਸਨੇ ਮੁੜ ਕੇ ਕਦੇ ਪੰਜਾਬ ਪੈਰ ਨਾ ਪਾਇਆ। ਸੁਖਾ ਸਿੰਘ ਨੇ ਆਖ ਕੇ ਏਥੇ ਈ ਕਥਾ ਦਾ ਭੋਗ ਪਾ ਦਿਤਾ।

—ਅੱਛਾ ਅਸੀਂ ਵੀ ਚਲਾਂਗੇ ਤੇ ਮੱਥਾ ਟੇਕਾਂਗੇ ਥੜਾ ਸਾਹਿਬ ਤੇ, ਮਹਿਤਾਬ ਸਿੰਘ ਦੀ ਆਵਾਜ਼ ਉਭਰੀ।

ਅੰਮ੍ਰਿਤ

—ਮਹਿਤਾਬ ਸਿਹਾਂ ਮੇਰੇ ਬਾਬੇ ਨੇ ਮੇਰਾ ਮੂੰਹ ਦਰਸ਼ਨੀ ਡਿਊੜੀ ਵਲ ਕਰ ਦਿਤਾ। ਗੌਹ ਨਾਲ ਵੇਖਿਆ ਦਰਸ਼ਨੀ ਡਿਊੜੀ ਵਿਚੋਂ ਸਵਰਨ ਮੰਦਰ ਨੂੰ। ਗੁਰੂ ਜਾਣਦਾ ਏ, ਸੂਰਜ ਵਰਗੀ ਤੇਜ਼ ਰੌਸ਼ਨੀ ਜਿਹਦੇ ਅੱਗੇ ਮੇਰੀਆਂ ਅੱਖਾਂ ਚੁੰਧਿਆ ਗਈਆਂ। ਜਦ ਮੈਂ ਦਰਸ਼ਨ ਕੀਤੇ ਮੱਥਾ ਦਹਿਲੀਜ਼ ਤੇ ਝੁਕ ਗਿਆ। ਮੇਰੀਆਂ ਅੱਖਾਂ ਵਿਚ ਜੋਤੀ ਦੀ ਤੇਜ਼ਨਾ ਦਾ ਪ੍ਰਕਾਸ਼ ਵਧਿਆ। ਆਤਮਾ ਬਲਵਾਨ ਹੋਈ ਕਲੇਜੇ ਠੰਢ ਪੈ ਗਈ। ਮੇਰੀਆਂ ਪਲਕਾਂ ਨੇ ਧੂੜ ਪੂੰਝੀ ਸਰਦਲ ਦੀ। ਮੇਰੇ ਹਿਰਦੇ ਨੇ ਪੰਡਾਂ ਬੰਨ੍ਹ ਲਈਆਂ ਖੁਸ਼ੀਆਂ ਦੀਆਂ। ਮੈਂ ਤੈਨੂੰ ਆਪਣੇ ਮਨ ਦੀ ਹਾਲਤ ਦੱਸ ਨਹੀਂ ਸਕਦਾ। ਮੇਰੀ ਰੂਹ ਨੂੰ ਤ੍ਰਿਪਤੀ ਮਿਲ ਗਈ। ਜਿਦਾਂ ਮਾਂ ਦੀ ਛਾਤੀ ਨਾਲ ਪੁੱਤ ਲੱਗ ਜਾਵੇ, ਤੇ ਠੰਢ ਪੈ ਜਾਂਦੀ ਏ ਨਾ। ਮੈਂ ਆਪਣੀ ਮਾਂ ਦੀ ਗੋਦ ਵਿਚ ਝੂਟੇ ਲੈ ਰਿਹਾ ਸਾਂ। ਠੰਢੀ ਹਵਾ ਆ ਰਹੀ ਸੀ, ਸਵਰਨ ਮੰਦਰ ਵੱਲ। ਕਿੰਨਾ ਅਨੰਦ ਆ ਰਿਹਾ ਸੀ ਬਿਆਨ ਨਹੀਂ ਕੀਤਾ ਜਾ ਸਕਦਾ। ਬੋਲ ਸੁੱਖਾ ਸਿੰਘ ਦੇ ਸਨ।

—ਗੁਰੂ ਰਾਮਦਾਸ ਦੇ ਵਿਹੜੇ ਹਰ ਮਨੁੱਖ ਮਾਂ ਦੇ ਦੁੱਧ ਦੇ ਘੁੱਟਾਂ ਦਾ ਅਨੰਦ ਮਾਣ ਸਕਦੇ। ਵਿਸ਼ਾਲ ਵਿਹੜਾ ਹਰ ਬੰਦੇ ਨੂੰ ਆਪਣੀ ਹਿੱਕ ਨਾਲ ਲਾ ਲੈਂਦੈ। ਏਨਾ ਜਿਗਰਾ ਗੁਰੂ ਤੋਂ ਬਗੈਰ ਹੋਰ ਕਿਹਦੇ ਕੋਲ ਹੋਵੇਗਾ। ਜਿਹੜਾ ਗੁਰੂ ਦੀ ਸ਼ਰਨ ਆ ਗਿਆ। ਉਹ ਗੁਰੂ ਦੇ ਸੀਨੇ ਨਾਲ ਲੱਗ ਗਿਆ। ਗੁਰੂ ਦਾ ਘਰ ਸਾਰਿਆਂ ਲਈ ਖੁਲ੍ਹਾ ਏ ਭਾਵੇਂ ਜ਼ਾਲਮ ਹੋਵੇ ਤੇ ਭਾਵੇਂ ਮਜ਼ਲੂਮ ਗੁਰੂ ਘਰ ਦੀਆਂ ਬਰਕਤਾਂ ਨੇ ਸਿੰਘਾਂ ਦੇ ਹੌਸਲੇ ਬੁਲੰਦ ਕੀਤੇ ਹਨ। ਨਹੀਂ ਤੇ ਏਡੀ ਵੱਡੀ ਹਕੂਮਤ ਨਾਲ ਟੱਕਰ ਲੈਣੀ ਮੱਥਾ ਭਨਾਉਣ ਵਾਲੀ ਗੱਲ ਏ। ਸਿੰਘਾਂ ਹੁਣ ਰਾਜ ਖੋਹ ਲੈਣੇ। ਸਾਨੂੰ ਗੁਰੂਆਂ ਨੇ ਬਖਸ਼ਿਆ ਏ ਰਾਜ। ਮਹਿਤਾਬ ਸਿੰਘ ਆਪਣੇ ਜਜ਼ਬੇ ਦੇ ਲੋਰ ਵਿਚ ਆਖੀ ਜਾ ਰਿਹਾ ਸੀ।

—ਹਾਂ, ਮੈਂ ਗੱਲ ਕਰ ਰਿਹਾ ਸਾਂ, ਸਵਰਨ ਮੰਦਰ ਬਨਣ ਦੀ ਕਥਾ ਜਿਹੜੀ ਮੇਰੇ ਬਾਬੇ ਨੇ ਸੁਣਾਈ ਉਹ ਬੜੀ ਰੌਚਕ ਏ। ਮੇਰਾ ਬਾਬਾ ਮੈਨੂੰ ਸੁਣਾ ਰਿਹਾ ਸੀ ਤੇ ਮੈਂ ਹੈਰਾਨ ਪਸ਼ੇਮਾਨ ਹੋ ਰਿਹਾ ਸਾਂ। ਏਨਿਆਂ ਜੁੱਗਾਂ ਦਾ ਛੁਪਿਆ ਤੀਰਥ ਗੁਰੂ ਦੇ ਪ੍ਰਤਾਪ ਨਾਲ ਪ੍ਰਗਟ ਹੋਇਆ। ਮੇਰੇ ਬਾਬੇ ਨੇ ਏਨੀ ਪੁਰਾਣੀ ਕਥਾ ਸੁਣਾਈ। ਮੇਰੇ ਤੇ ਕਿਤੇ ਚਿਤ ਚੇਤੇ ਵਿਚ ਈ ਨਹੀਂ ਸੀ ਕਿ ਏਥੇ ਰਾਮ ਭਗਵਾਨ ਵੀ ਆਏ ਹੋਣਗੇ। ਅੱਧੀ ਉਮਰ ਰਾਮ ਬੀਆ-ਬਾਨ 'ਚ ਘੁੰਮਦਾ ਰਿਹਾ। ਕਿਥੇ ਵਿੰਧੀਆਚਲ ਪਹਾੜ ਤੇ ਕਿਥੇ ਸੋਨੇ ਦੀ ਲੰਕਾ। ਪਰ ਮੇਰੇ ਬਾਬੇ ਨੇ ਇਹ ਗੱਲ ਪੱਕੀ ਕਰਕੇ ਵਿਖਾ ਦਿਤੀ ਕਿ ਰਾਮ ਭਗਵਾਨ ਮਜਬੂਰਨ ਏਥੇ ਆਏ ਸਨ। ਸੁੱਖਾ ਸਿੰਘ ਨੇ ਆਖਿਆ।

—ਉਹ ਕਿੱਦਾਂ।

—ਏਥੇ ਤੇ ਮਹਾਤਮਾ ਬੁੱਧ ਵੀ ਆਇਆ ਤੇ ਗੁਰੂ ਨਾਨਕ ਏਸੇ ਜੂਹ ਵਿਚ ਤਪੱਸਿਆ ਕਰਦੇ ਰਹੇ। ਆਖਣ ਵਾਲੇ ਆਖਦੇ ਨੇ ਕਿ ਏਥੇ ਬਾਲਮੀਕ ਰਿਸ਼ੀ ਦਾ ਆਸ਼ਰਮ ਸੀ ਤੇ ਉਹਦੀ ਕੁਟੀਆ ਰਾਮ ਤੀਰਥ ਵਿਚ ਸੀ। ਬਾਲਮੀਕ ਦੇ ਚੇਲੇ ਏਥੇ ਈ ਨਿਵਾਸ ਕਰਦੇ ਸਨ। ਸਿਖਸ਼ਾ ਦਾ ਇਹ ਬਹੁਤ ਵੱਡਾ ਕੇਂਦਰ ਸੀ। ਗਊਆਂ ਚਾਰਦੇ ਏਥੋਂ ਤਕ ਆ ਜਾਂਦੇ ਸਨ ਵਿਦਿਆਰਥੀ। ਇਹ ਗੱਲਾਂ ਮੈਨੂੰ ਸਾਡੇ ਪਿੰਡ ਦੇ ਗਰੰਥੀ ਨੇ ਦਸੀਆਂ ਸਨ। ਸੁੱਖਾ ਸਿੰਘ ਨੇ ਗੱਲ ਅੱਗੇ ਤੋਰੀ। ਇਹ ਗੱਲ ਉਦੋਂ ਦੀ ਏ, ਜਦ ਲੰਕੇਸ਼ ਦੀ ਚਿਤਾ ਦੇ ਅਜੇ ਕੋਲੇ ਵੀ ਠੰਢੇ ਨਹੀਂ ਸਨ ਹੋਏ। ਭਗਵਾਨ ਰਾਮ ਨੇ ਭਵੀਖਸ਼ਨ ਨੂੰ ਰਾਜ ਤਿਲਕ ਦੇ ਕੇ ਲੰਕਾ ਨਰੇਸ਼ ਬਣਾ ਦਿਤਾ ਤੇ ਆਪ ਅਯੋਧਿਆ ਵਾਪਿਸ ਪਧਾਰੇ। ਇਹ ਗੱਲ ਕੋਈ ਅੱਜ ਦੀ ਥੋੜੀ ਏ। ਜੁੱਗ ਬੀਤ ਗਏ, ਸਦੀਆਂ ਲੰਘੀਆਂ। ਸਤਜੁਗ ਗਿਆ, ਦੁਆਪਰ ਆਇਆ। ਅਯੋਧਿਆ ਨਿਵਾਸੀਆਂ ਨੇ ਉਸ ਦਿਨ ਦੀਪ ਮਾਲਾ ਜਗਾਈ ਜਿਨੂੰ ਅਜ ਤਕ ਦੀਵਾਲੀ ਦੇ ਨਾਂ ਨਾਲ ਸੱਦਿਆ ਜਾਂਦੈ। ਅਜੇ ਵਸ਼ਿਸ਼ਟ ਦੇ ਹੱਥ ਮੈਲੇ ਵੀ ਨਹੀਂ ਹੋਏ ਮਹਾਰਾਜਾ ਰਾਮ ਚੰਦਰ ਨੂੰ ਰਾਜ ਤਿਲਕ ਦਿਤਿਆਂ। ਭਾਵੇਂ ਉਸ ਦਿਨ ਅਯੋਧਿਆ ਨਗਰੀ ਵਿਚ ਥਾਂ ਥਾਂ, ਗਲੀ ਗਲੀ, ਮੁਹੱਲੇ ਮੁਹੱਲੇ ਖੁਸ਼ੀਆਂ ਨੱਚ ਉਠੀਆਂ ਸਨ ਪਰ ਜੋਤਾਂ ਦੇ ਧੂੰਏ ਦੀ ਕਾਲਖ ਵਾਂਗੂ ਘੁਸਘੁਸੀਆਂ ਵੀ ਹੋਣ ਲਗ ਪਈਆਂ। ਸੁੱਖਾ ਸਿੰਘ ਦੀ ਆਵਾਜ਼ ਸੀ।

—ਰਾਮ ਰਾਜ ਵਿਚ ਵੀ ਏਸ ਤਰ੍ਹਾਂ ਹੋਇਆ ਕਰਦਾ ਸੀ? ਮਹਿਤਾਬ ਸਿੰਘ ਨੇ ਘੋੜੇ ਨੂੰ ਪੁਚਕਾਰਦਿਆਂ ਆਖਿਆ।

—ਰਾਮ ਰਾਜ ਈ ਸੀ ਪਰ ਬੰਦੇ ਤੇ ਦੁੱਧ ਵਿਚ ਨਹੀਂ ਸਨ ਨ੍ਹਾਤੇ ਹੋਏ। ਜਿਥੇ ਦੇਵਤੇ ਵਸਦੇ ਹਨ ਉਹਨਾਂ ਦੇ ਘਰ ਦੇ ਗਵਾਂਢ ਰਾਕਸ਼ਸ਼ਾਂ ਦੇ ਘਰ ਜ਼ਰੂਰ ਹੁੰਦੇ ਹਨ। ਰਾਮ ਅਜੇ ਕੱਲ ਆਇਆ ਸੀ ਲੰਕਾ ਵਿਚੋਂ। ਉਹਦੇ ਨਾਲ ਕਈ ਰਾਕਸ਼ਸ਼ ਵੀ ਆਏ ਹੋਣਗੇ। ਜਿਥੇ ਕੁਝ ਦਿਨ ਕੱਟੇ ਹੋਣ, ਜੇ ਲੋਕ ਉਥੋਂ ਦੇ ਦੁਸ਼ਮਣ ਬਣ ਜਾਣ ਤੇ ਕੋਈ ਸੱਜਣ ਵੀ ਬਣ ਜਾਂਦੈ। ਰਾਮ ਦੇ ਪਿਆਰੇ ਜ਼ਰੂਰ ਨਾਲ ਆਏ ਹੋਣਗੇ। ਅਯੋਧਿਆ ਨਗਰੀ ਵਿਚ ਰਾਮ ਦੀ ਪੂਜਾ ਹੁੰਦੀ ਪਰ ਜਿਹਦੀ ਬੁੱਧੀ ਤੇ ਪਰਦਾ ਪੈ ਜਾਏ ਉਹਦਾ ਕੋਈ ਕੀ ਕਰੇ। ਸੁੱਖਾ ਸਿੰਘ ਨੇ ਵੀ ਆਪਣੇ ਘੋੜੇ ਦੀ ਲਗਾਮ ਨੂੰ ਤੁਣਕਾ ਮਾਰਿਆ।

—ਕੋਈ ਅਨਹੋਣੀ ਗੱਲ ਹੋਈ ਹੋਣੀ ਏ। ਮਹਿਤਾਬ ਸਿੰਘ ਨੇ ਪੁਛਿਆ।

—ਇਸ ਤੋਂ ਵੀ ਉਤੇ। ਕੋਈ ਮਹਾਰਾਣੀ ਸੀਤਾ ਨੂੰ ਅਪਰਾਧੀ ਠਹਿਰਾ ਰਿਹਾ ਸੀ ਤੇ ਕਿਸੇ ਨੇ ਰਾਵਣ ਦਾ ਸਿਆਪਾ ਕੀਤਾ। ਕਿਸੇ ਨੇ ਆਖਿਆ ਰਾਮ ਬੇਵੱਸ ਸਨ। ਕੋਈ ਆਖਣ ਲੱਗਾ ਮਹਾਰਾਣੀ ਸੀਤਾ ਸਵਿਤਰੀ ਏ, ਮੂਰਖ ਐਵੇਂ ਈ ਉਹਦੇ ਦੁਪੱਟੇ ਨੂੰ ਦਾਗ ਲਾਈ ਫਿਰਦੇ ਨੇ। ਅਸਲ ਵਿਚ ਗੱਲ ਕੋਈ ਸੀਨੇ ਤੇ ਹੱਥ ਧਰਕੇ ਮਰਦਾਂ ਵਾਂਗ ਮੈਦਾਨ 'ਚ ਨਹੀਂ ਸੀ ਆਖ ਸਕਦਾ। ਗੱਲ ਵਿਚੇ ਵਿਚ ਧੁਖਦੀ ਰਹੀ। ਜਿੰਨੇ ਮੂੰਹ ਓਨੀਆਂ ਗੱਲਾਂ। ਗੱਲ ਦਰਬਾਰੀਆਂ ਦੇ ਕੰਨੀਂ ਵੀ ਚੜ੍ਹ ਗਈ। ਗੱਲ ਨਿੱਕੀ ਜਿਹੀ ਸੀ ਗਲਿਆਣ ਬਣ ਗਈ। ਖੰਭਾਂ ਦੀਆਂ ਡਾਰਾਂ ਬਣ ਗਈਆਂ ਮੂੰਹ ਚੜ੍ਹੀਆਂ ਕਹਾਵਤਾਂ ਵਾਰਦਾਤਾਂ ਬਣ ਗਈਆਂ ਭਾਵੇਂ ਰਾਮ ਰਾਜ ਸੀ ਪਰ ਉਹਦੇ ਵਿਚ ਰਾਵਨ ਰਾਜ ਦਾ ਭੂਤਨਾ ਨੱਚ ਉਠਿਆ। ਉਹਦੇ ਪੈਰਾਂ ਵਿਚ ਘੁੰਗਰੂ ਸਨ। ਹੱਥ ਵਿਚ ਭਮਰੂ ਦੇ ਮਗਰ ਢੋਲ ਵਾਲਾ। ਲੋਕਾਂ ਨੇ ਇਸ ਬੰਦੇ ਨੂੰ ਮਸਖਰਾ ਸਮਝਿਆ। ਕਿਸੇ ਨੇ ਬਹਿਰੂਪੀਆ ਆਖਿਆ ਤੇ ਕਿਸੇ ਨੇ ਸ਼ੁਦਾਈ। ਹੋਣੀ ਰਾਮ ਰਾਜ ਤੇ

ਵੀ ਵਰਤ ਗਈ। ਮੂੰਹ ਜੋੜ ਜੋੜਕੇ ਗੱਲਾਂ ਕਰਨ ਵਾਲਿਆਂ ਦੇ ਅਖਾੜੇ ਦਿਨ ਘੱਟ ਲਗਦੇ ਪਰ ਰਾਤ ਨੂੰ ਛਨਾਰਾਂ ਘਗਰੀ ਪਾਕੇ ਨੱਚਦੀਆਂ। ਗੱਲ ਅਜੇ ਨਿਖਰਕੇ ਸਾਹਮਣੇ ਨਹੀਂ ਸੀ ਆਈ। ਇਕ ਦਿਨ ਇਹ ਇਕ ਚੰਗਿਆੜੀ ਬਣ ਗਈ। ਤੇ ਉਹਦੇ ਗਵਾਂਢ ਸੀ ਕੱਖਾਂ ਦੀ ਢੇਰੀ। ਹਵਾ ਦਾ ਇਕ ਬੁੱਲ੍ਹਾ ਆਇਆ। ਚੰਗਿਆੜੀ ਉਡੀ ਤੇ ਕੱਖਾਂ ਨੂੰ ਅੱਗ ਲੱਗ ਗਈ। ਇਕ ਭਾਂਬੜ ਮਚਿਆ। ਜਿਹੜਾ ਸਾਰੀ ਅਯੋਧਿਆ ਨੇ ਵੇਖਿਆ। ਇਹ ਗੱਲ ਰਾਤ ਦੇ ਪਹਿਲੇ ਪਹਿਰ ਦੀ ਏ। ਮਹਾਰਾਜਾ ਰਾਮ ਨੂੰ ਆਪਣੀ ਪਰਜਾ ਨਾਲ ਬੜਾ ਇਸ਼ਕ ਸੀ। ਉਹ ਵੀ ਰਾਤ ਬਰਾਤੇ ਭੇਸ ਵਟਾਕੇ ਆਪਣੀ ਪਰਜਾ ਦੀ ਖਬਰ ਸੁਰਤ ਰੱਖਦੇ। ਦੂਜਾ ਪਹਿਰ ਲੰਘ ਗਿਆ ਰਾਤ ਦਾ। ਚੌਕੀਦਾਰ ਆਵਾਜ਼ ਦੇ ਰਿਹਾ ਸੀ—"ਜਾਗਦੇ ਰਹਿਣਾ"। ਤੀਜੇ ਪਹਿਰ ਘਗਰੀ ਭੜਕਾਉਂਦੀ ਆ ਗਈ ਹੋਣੀ। ਜਦ ਸਾਰੀ ਕਾਇਆਨਾਤ ਨੀਂਦ ਦੀ ਗੱਦ ਵਿਚ ਘੁਰਾੜੇ ਮਾਰ ਰਹੀ ਸੀ। ਰਾਤ ਦਾ ਰਾਸਧਾਰੀਆ ਕਾਲਾ ਬਾਣਾ ਪਹਿਨਕੇ ਭੰਗੜਾ ਪਾਉਣਾ ਚਾਹੁੰਦਾ ਸੀ। ਕਿਤੇ ਹੱਥ ਨੂੰ ਹੱਥ ਵਿਖਾਈ ਨਹੀਂ ਸੀ ਦਿੰਦਾ। ਸਾਰੀ ਅਯੋਧਿਆ ਸਾਂ ਸਾਂ ਦੀ ਆਵਾਜ਼ ਦੇ ਘੇਰੇ ਵਿਚ ਘਿਰੀ ਹੋਈ ਸੀ। ਸਰਜੋ ਨਦੀ ਆਪਣੀ ਮਧਮ ਤੇ ਮਸਤ ਰਫਤਾਰ ਵਿਚ ਵਗ ਰਹੀ ਸੀ। ਹੋਣੀ ਨੇ ਆਪਣੀ ਸੁਰਮੇਦਾਨੀ ਕੱਢੀ, ਸੁਰਮਾ ਪਾਇਆ ਤੇ ਜਦ ਮਟਕਾਇਆ, ਬੁਰੀਆਂ ਸ਼ਾਮਤਾਂ ਨੂੰ ਉਹ ਧੋਬੀਆਂ ਦਾ ਮੁਹੱਲਾ ਸੀ। ਰੌਲਾ ਪੈ ਰਿਹਾ ਸੀ। ਕੁਝ ਬੰਦੇ ਇਕੱਠੇ ਬੈਠੇ ਹੋਏ ਸਨ। ਮਿੱਟੀ ਦਾ ਦੀਵਾ ਘਰ ਦੀ ਇਕ ਨੁੱਕਰ 'ਚ ਜਗ ਰਿਹਾ ਸੀ। ਮਾੜੀ ਮਾੜੀ ਰੋਸ਼ਨੀ ਕਦੀ ਕਦੀ ਉਹਨਾਂ ਦੇ ਮੂੰਹ ਤੇ ਪੈਂਦੀ ਤੇ ਉਹ ਇਕ ਦੂਜੇ ਨੂੰ ਪਛਾਣ ਲੈਂਦੇ। ਵਰਾਛਾਂ ਤੀਕ ਪਾਟੇ ਮੂੰਹ ਵਾਲੇ ਧੋਬੀ ਨੇ ਮੁਹੱਲਾ ਸਿਰ ਤੇ ਚੁਕਿਆ ਹੋਇਆ ਸੀ। ਸ਼ਰਾਬ ਵਿਚ ਘੁੱਗੂ ਹੋਇਆ ਆਪਣੀ ਤੀਵੀਂ ਕੁੱਟੀ ਜਾ ਰਿਹਾ ਸੀ। ਜਿਸ ਤਰ੍ਹਾਂ ਭੋਂ ਕੁੱਟੀ ਜਾਏ। ਰਾਮ ਦੂਤ ਵੀ ਰੌਲਾ ਪਿਆ ਸੁਣ ਕੇ ਉਥੇ ਆਣ ਨਿਕਲੇ। ਇਕ ਨੇ ਅਗੇ ਵਧਕੇ ਆਖਿਆ—ਕੀ ਗੱਲ ਏ। ਕਿਉਂ ਆਪਣੀ ਇਸਤਰੀ ਨੂੰ ਮਾਰੀ ਜਾ ਰਿਹੈਂ। ਰਾਮ ਰਾਜ ਵਿਚ ਕਿਸੇ ਤੇ ਜ਼ੁਲਮ ਨਹੀਂ ਹੋ ਸਕਦਾ।

—ਚਲ ਚਲ ਤੂੰ ਕੌਣ ਏਂ, ਸਾਡੇ ਮਾਮਲੇ 'ਚ ਦਖਲ ਦੇਣ ਵਾਲਾ। ਇਹ ਮੇਰੀ ਇਸਤਰੀ ਏ। ਮੇਰੇ ਜੋ ਜੀਅ ਆਵੇ ਮੈਂ ਏਹਨੂੰ ਆਖਾਂ। ਤੂੰ ਕੀ ਲੱਗਦੈਂ।

—ਏਹਦਾ ਕੋਈ ਕਸੂਰ ਵੀ ਏ ਕਿ ਤੂੰ ਐਵੇਂ ਸੌੜ ਲਾਈ ਜਾ ਰਿਹੈਂ। ਤੇਰੀ ਰੰਨ ਏ ਤਾਂ!

—ਕੀ ਮੇਰਾ ਸਿਰ ਭਵਿਆਂ ਹੋਇਆ ਏ, ਕੀ ਮੈਂ ਪਾਗਲ ਹਾਂ। ਧੋਬੀ ਗੁੱਸੇ ਵਿਚ ਸੀ।

—ਤੇ ਫੇਰ ਕੀ ਗੱਲ ਏ। ਆਵਾਜ਼ੇ ਉਸੇ ਦੂਤ ਦੀ ਸੀ।

ਧੋਬੀ ਦਾ ਪਾਰਾ ਹੋਰ ਜ਼ਿਆਦਾ ਗਰਮ ਹੋ ਗਿਆ ਤੇ ਉਹ ਗਿੱਠ ਲੰਮੀ ਜੀਭ ਕੱਢਕੇ ਆਖਣ ਲੱਗਾ। ਤੇ ਉਸ ਤੋਂ ਪਹਿਲਾਂ ਉਸ ਧੋਬਣ ਦੇ ਲੱਕ ਵਿਚ ਮੁੱਕੀ ਕੱਢ ਮਾਰੀ।

ਦੂਤ ਨੇ ਅਗੇ ਵਧਕੇ ਬਾਂਹ ਫੜ ਲਈ। ਧੋਬੀ ਦੇ ਦੋਵੇਂ ਹੱਥ ਜਕੜੇ ਗਏ।

ਹੱਥ ਈ ਫੜੇ ਸਨ, ਜ਼ਬਾਨ ਤੇ ਨਹੀਂ ਸੀ ਨਾ ਫੜੀ,—ਸੁਣ ਇਸ ਕਮਜਾਤ ਦੀ ਕਰਤੂਤ, ਇਹ ਗਸ਼ਤੀ...। ਧੋਬਣ ਨੇ ਧੋਬੀ ਦੇ ਮੂੰਹ ਅੱਗੇ ਹੱਥ ਦੇ ਦਿਤਾ।

—ਚਲ ਕਮਜਾਤ ਕਿਸੇ ਥਾਂ ਦੀ। ਤੂੰ ਕੀ ਸਮਝਿਆ ਕਿ ਮੈਂ ਰਾਜਾ ਰਾਮ ਚੰਦਰ ਆਂ, ਜਿਸ ਸੀਤਾ ਨੂੰ ਰਾਵਨ ਦੇ ਘਰ ਰਹਿਣ ਤੇ ਵੀ ਆਪਣੇ ਘਰ ਵਸਾ ਲਿਆ। ਮੈਂ ਰਾਮ ਨਹੀਂ, ਮੈਂ ਧੋਬੀ ਹਾਂ। ਮੇਰਾ ਖਾਨਦਾਨ ਮੇਰੀ ਜਾਤੀ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਮੇਰੀ ਜ਼ਨਾਨੀ ਮੈਥੋਂ ਚੋਰੀ ਕੰਧ ਟੱਪਕੇ ਕਿਸੇ ਦੂਜੇ ਦੇ ਘਰ ਰਾਤ ਗੁਜ਼ਾਰ ਆਏ। ਸ਼ਰੀਫ ਆਦਮੀ ਏਹੋ ਜਿਹੀ ਕੁਲਹਿਣੀ ਨੂੰ ਘਰ ਨਹੀਂ ਰੱਖਦੇ। ਮੈਨੂੰ ਕਿਸੇ ਦੀ ਪ੍ਰਵਾਹ ਨਹੀਂ। ਮੈਂ ਛਨਾਰ ਨੂੰ ਆਪਣੇ ਘਰ ਨਹੀਂ ਵਸਾ ਸਕਦਾ। ਨਿਕਲ ਜਾਹ ਮੇਰੇ ਘਰ ਚੋਂ ਤੇਰੇ ਵਰਗੀ ਚੰਡਾਲਣੀ ਦਾ ਮੂੰਹ ਵੇਖਣਾ ਮਹਾਂ ਪਾਪ ਏ। ਗਸ਼ਤੀਏ, ਦੂਜਿਆਂ ਨਾਲ ਰੰਗ ਰਲੀਆਂ ਮਨਾਂਦੀ ਰਹੀਓਂ ਤੇ ਦਿਨੇ ਆਖਣ ਲੱਗੀ ਏ ਕਿ ਮੈਂ ਗੰਗਾ ਨਹਾ ਕੇ ਆਈ ਆਂ। ਜੇ ਤੂੰ ਸਿਧੀ ਤਰ੍ਹਾਂ ਨਾ ਗਈ ਤੇ ਗੁੱਤ ਪੁਟਕੇ ਹੱਥ ਫੜਾ ਦਿਆਂਗਾ। ਰਾਤ ਦੇ ਹਨੇਰੇ ਵਿਚ ਈ ਤੂੰ ਸਾਡੇ ਮੁਹੱਲੇ ਵਿਚੋਂ ਨਿਕਲ ਜਾਹ। ਦਿਨੇ ਕੋਈ ਤੇਰਾ ਮੂੰਹ ਨਾ ਵੇਖੇ ਕੁਲੱਛਣੀ ਦਾ ਮੂੰਹ ਵੇਖਿਆਂ ਮੁਹੱਲੇ ਤੇ ਪ੍ਰਛਾਵਾਂ ਪੈ ਜਾਏਗਾ। ਆਪਣੇ ਕਲੰਕ ਨੂੰ ਆਪਣੇ ਨਾਲ ਈ ਲੈ ਜਾਹ। ਸਾਡੀ ਔਲਾਦ ਤੇ ਬੁਰਾ ਅਸਰ ਨਾ ਪਏ। ਗੰਦਾ ਫੋੜਾ ਗੰਦਾ ਲਹੂ ਸਰੀਰ ਲਈ ਕੋਹੜ ਬਣ ਜਾਂਦੇ। ਇਹਨੂੰ ਕੱਢ ਦੇਣਾ ਈ ਇਲਾਜ ਏ। ਧੋਬੀ ਜੋ ਉਹਦੀ ਜ਼ਬਾਨ ਤੇ ਆਉਂਦਾ ਆਖੀ ਜਾ ਰਿਹਾ ਸੀ।

—ਮੈਂ ਬੇਦੋਸ਼ੀ ਆਂ, ਮੈਂ ਕਿਸੇ ਨਾਲ ਅੱਖ ਮੈਲੀ ਨਹੀਂ ਕੀਤੀ। ਮੈਂ ਆਪਣੀ ਮਾਸੀ ਦੇ ਘਰ ਗਈ ਸਾਂ।

—ਝੂਠ ਬਿਲਕੁਲ ਝੂਠ। ਨਾਲੇ ਚੋਰ ਤੇ ਨਾਲੇ ਚਤਰ। ਨੀ ਉਹ ਤੇਰੇ ਭਰਾ ਲਗਦੇ ਸਨ, ਸੂਹਿਆਂ ਚੀਰਿਆਂ ਵਾਲੇ। ਧੋਬੀ ਆਖ ਰਿਹਾ ਸੀ।

—ਐਵੇਂ ਸੌਂਕਣ ਝੂਠ ਬੋਲਦੀ ਏ। ਪਤੀ ਦੇਵ ਉਹ ਮੇਰੇ ਤੋਂ ਸੜਦੀ ਏ। ਸੌਂਕਣ ਏ, ਉਸ ਕੋਈ ਨਾ ਕੋਈ ਕਾਰਾ ਤੇ ਕਰਨਾ ਈ ਹੋਇਆ।

—ਬਸ ਬਹੁਤ ਹੋ ਗਈ। ਯੁਧ ਭੂਮੀ ਦਾ ਅੰਤ ਹੋ ਗਿਆ। ਚਲੋ ਸਾਡੇ ਨਾਲ ਦਰਬਾਰ ਵਿਚ। ਉਥੋਂ ਤੁਹਾਡੀ ਸਾਰੀ ਗੱਲ ਦਾ ਫੈਸਲਾ ਹੋ ਜਾਏਗਾ। ਦੁਨੀਆਂ ਨੂੰ ਨੀਂਦ ਭਰ ਕੇ ਸੌਣ ਦਿਓ। ਰਾਮ ਦੂਤ ਦੋਹਾਂ ਨੂੰ ਫੜਕੇ ਲੈ ਗਏ।

ਅਜੇ ਰਾਤ ਬਾਕੀ ਸੀ। ਬਾਕੀ ਰਾਤ ਅੱਖਾਂ 'ਚ ਬਿਤਾ ਦਿਤੀ। ਕੁੱਕੜ ਨੇ ਬਾਂਗ ਦਿਤੀ ਦਿਨ ਚੜ੍ਹਨ ਦਾ ਭੇਦ ਖੋਹਲ ਦਿਤਾ ਪੰਛੀ ਨੇ। ਮੰਦਰਾਂ 'ਚ ਘੜਿਆਲ ਵਜਿਆ। ਆਰਤੀ ਦੀ ਜੋਤ ਜਗਾਈ ਪੁਜਾਰੀ ਨੇ। ਸਰਜੋ ਨਦੀ ਤੇ ਮੋਢੇ ਭਿੜਨ ਲਗ ਪਏ। ਇਸ਼ਨਾਨ ਕਰਨ ਜਾ ਰਹੇ ਸਨ ਨਰ ਨਾਰੀ ਅਯੋਧਿਆ ਨਗਰੀ ਦੇ। ਤੇ ਓਧਰ ਰਾਮਦੂਤ ਧੋਬੀ ਦੀਆਂ ਵੱਖੀਆਂ ਸੁਜਾ ਰਹੇ ਸਨ। ਕੰਬਖਤਾ ਕਿਉਂ ਸਾਰਿਆਂ ਦੇ ਮੂੰਹ ਆਉਣ ਲੱਗੈਂ, ਜ਼ਬਾਨ ਦੱਬ ਜਾਹ। ਮਰਦ ਜ਼ਨਾਨੀ ਦਾ ਝਗੜਾ ਦੱਸ ਤੇ ਆਪਣੇ ਪੰਧ ਪ੍ਰਾਣ ਮੋਕਲੇ ਕਰਵਾ ਲੈ। ਆਪਣੇ ਘਰ ਜਾਹ ਤੇ ਮੰਗਲਾਚਾਰ ਮਣਾ। ਤੂੰ ਕੀ ਲੈਣੇ ਭੂੰਡਾਂ ਦੀ ਖੱਖਰ ਛੇੜਕੇ। ਸੁੱਤੇ ਨਾਗ ਜਗਾਈਦੇ ਨਹੀਂ, ਸ਼ੇਰ ਦੇ ਘੁਰਨੇ ਵਿਚ ਹੱਥ ਪਾਉਣਾ ਗਲਤੀ ਏ। ਦੂਤ ਗੱਲ ਸਮਝਾ ਰਿਹਾ ਸੀ ਧੋਬੀ ਨੂੰ।

—ਝੂਠ ਬੋਲਣਾ ਮਹਾਂ ਪਾਪ ਏ ਤੇ ਫੇਰ ਰਾਮ ਰਾਜ ਵਿਚ। ਮੈਂ ਆਪਣੇ ਅੰਦਰ ਦੀ ਅੱਗ ਬਾਹਰ ਕੱਢ ਦਿਤੀ ਏ। ਹੁਣ ਇਹ ਮੈਥੋਂ ਫੱਕੀ ਨਹੀਂ ਜਾਣੀ। ਅੱਗ ਖਾਣ ਵਾਲੇ ਲੋਕ

ਹੋਰ ਹੁੰਦੇ ਹਨ। ਮੈਂ ਪ੍ਰਾਣ ਦੇ ਸਕਦਾ ਹਾਂ ਪਰ ਮੈਂ ਝੂਠ ਨਹੀਂ ਬੋਲਣਾ। ਧੋਬੀ ਨੇ ਆਖਿਆ।

—ਚੰਗਾ, ਜਿਦਾਂ ਤੇਰੀ ਮਰਜ਼ੀ। ਦਰਬਾਰ ਵਿਚ ਪੱਗ ਬੰਨ੍ਹ ਕੇ ਆਵੀਂ। ਰਾਜੇ ਦੀ ਅਗਾੜੀ ਤੇ ਘੋੜੇ ਦੀ ਪਛਾੜੀ ਤੋਂ ਬਚੀਏ। ਇਹ ਸਿਆਣਿਆਂ ਦੀ ਮੱਤ ਏ।

—ਇਹ ਰਾਮ ਰਾਜ ਦਾ ਐਲਾਨ ਏ ਕਿ ਕੋਈ ਰਾਮ ਰਾਜ ਵਿਚ ਝੂਠ ਨਾ ਬੋਲੇ। ਮੈਂ ਰਾਜੇ ਤੋਂ ਬੇਮੁਖ ਹੋ ਜਾਵਾਂ। ਧੋਬੀ ਦੇ ਬੋਲ ਸਨ।

—ਰਾਮ ਨੂੰ ਚਾਰ ਦਿਨ ਸੁਖ ਤੇ ਲੈਣ ਦੇਹ। ਬਾਰਾਂ ਵਰ੍ਹੇ ਬਣਾਂ ਦੀ ਖਾਕ ਛਾਣਦਾ ਆਇਆ ਏ। ਜ਼ਰਾ ਪੈਰ ਸਿਧੇ ਤੇ ਕਰਨ ਦੇਹ। ਲੱਕ ਦੇ ਕੜੱਲ ਤਾਂ ਨਿਕਲ ਜਾਣ। ਰਾਮ ਤੇਰਾ ਈ ਪੁੱਤ ਏ, ਰਾਮ ਤੇਰਾ ਈ ਭਰਾ ਏ, ਕੁਝ ਰਹਿਮ ਕਰ ਰਾਮ ਤੇ। ਰਾਮ ਦੂਤ ਨੇ ਤਰਲਾ ਪਾਇਆ।

—ਮੈਂ ਝੂਠ ਨਹੀਂ ਬੋਲ ਸਕਦਾ। ਬਾਕੀ ਆਪਣੀ ਜਾਨ ਵਾਰ ਸਕਦਾ ਹਾਂ। ਮੈਂ ਵੇਖਣਾ ਏ ਕਿ ਇਹ ਸਤਵਾਦੀ ਰਾਜਾ ਆਪਣੇ ਬਾਰੇ ਕੀ ਫੈਸਲਾ ਕਰਦਾ ਏ। ਰਾਮ ਰਾਜ ਰਹਿੰਦੀ ਦੁਨੀਆਂ ਤਕ ਅਮਰ ਰਹੇਗਾ। ਮਹਿੰਦੀ ਨੂੰ ਪੀਸੀਏ ਤਾਂ ਈ ਰੰਗ ਨਿਕਲਦੈ। ਧੋਬੀ ਦੀ ਆਵਾਜ਼ ਸੀ।

ਰਾਮ ਰਾਜ ਦੇ ਦਰਬਾਰ ਵਿਚ ਉਸ ਧੋਬੀ ਨੂੰ ਪੇਸ਼ ਕੀਤਾ ਗਿਆ। ਉਹਦੇ ਕੋਲੋਂ ਉਹੋ ਈ ਲਫਜ਼ ਦੁਹਰਾਏ ਗਏ ਜਿਹੜੇ ਉਸ ਅੱਧੀ ਰਾਤੀ ਆਪਣੇ ਘਰ ਮੂੰਹ ਚੋਂ ਕਢੇ ਸਨ। ਪੰਡਤ, ਬ੍ਰਹਮ ਗਿਆਨੀ, ਰਿਸ਼ੀ ਸੁੰਨ ਹੋ ਗਏ। ਸ਼ਤਰੀਆਂ ਤਲਵਾਰਾਂ ਮੂੰਹ 'ਚ ਦੱਬ ਲਈਆਂ। ਦਰਬਾਰੀਆਂ ਨੇ ਮੂੰਹ 'ਚ ਉਂਗਲੀਆਂ ਪਾਈਆਂ। ਸੂਰਬੀਰਾਂ ਨੇ ਸਿਰ ਨੀਵੇਂ ਸੁੱਟ ਲਏ।

ਧੋਬੀ ਆਖਣ ਨੂੰ ਤੇ ਆਖ ਗਿਆ ਪਰ ਫੇਰ ਕੰਬ ਰਿਹਾ ਸੀ ਤੂਤ ਦੀ ਛਿਟੀ ਵਾਂਗੂ।
—ਮੈਂ ਗੁਨਾਹਗਾਰ ਹਾਂ, ਭੁਲਨਹਾਰ ਹਾਂ, ਭੁੱਲ ਗਿਆ ਹਾਂ। ਮੈਨੂੰ ਮੁਆਫ ਕਰ ਦਿਓ।

—ਸੱਚ ਨੂੰ ਦੱਬਣਾ ਝੂਠ ਨੂੰ ਜਨਮ ਦੇਣਾ ਏ। ਝੂਠਾ ਰਾਮ ਰਾਜ ਵਿਚ ਨਹੀਂ ਰਹਿ ਸਕਦਾ। ਧੋਬੀ ਨੇ ਸੱਚ ਖੋਲਿਆ ਏ। ਏਹਨੂੰ ਛੱਡ ਦਿਓ। ਮੋਹਰਾਂ ਇਨਾਮ ਵਿਚ ਦਿਤੀਆਂ ਜਾਣ। ਜਾਓ ਭਾਈ ਤੁਮਾਰਾ ਭਲਾ ਹੋ। ਰਾਮ ਕਿਸੇ ਨੂੰ ਦੰਡ ਨਹੀਂ ਦੇਣਗੇ। ਰਾਮ ਅਪਰਾਧੀ ਏ। ਏਹਨੂੰ ਜ਼ਰੂਰ ਦੰਡ ਮਿਲਣਾ ਚਾਹੀਦੈ। ਜਾਓ, ਸਾਰੇ ਆਪਣੇ ਕੰਮ ਧੰਦੀਂ ਲਗੋ। ਫੁਰਮਾਇਆ ਰਾਮ ਭਗਵਾਨ ਨੇ।

ਧੋਬੀ ਦੀ ਸੂੰ ਗਈ ਤੇ ਸਾਰੇ ਰਾਜ ਦਾ ਤਾਣਾ ਬਾਣਾ ਘੜੀ 'ਚ ਵਿਗੜ ਗਿਆ।

ਦੂਜੇ ਦਿਨ ਈ ਆਗਿਆ ਪਾਕੇ ਲਕਸ਼ਮਣ ਰਾਜ ਮਾਤਾ ਸੀਤਾ ਨੂੰ ਸਰਜੋ ਨਦੀ ਦੇ ਪਾਰ ਛੱਡਣ ਚਲਾ ਗਿਆ। ਘਰ ਵਿਚ ਕਿਸੇ ਨੂੰ ਪਤਾ ਤਕ ਨਹੀਂ ਸੀ। ਸਿਰ ਹੁਕਮ ਰਾਮ ਦਾ ਸੀ, ਪਾਲਣਾ ਹੋ ਰਹੀ ਸੀ। ਗੰਗਾ ਆਈ; ਪਾਰ ਲੰਘੇ ਤੇ ਲਛਮਣ ਨੇ ਸੀਤਾ ਦੇ ਪੈਰਾਂ ਤੇ ਸਿਰ ਰੱਖਕੇ ਮੱਥਾ ਟੇਕ ਦਿਤਾ।

ਲਛਮਣ ਬੋਲਿਆ,—ਮੈਨੂੰ ਇਜਾਜ਼ਤ ਦਿਓ।

—ਕਿਉਂ?

—ਮੈਨੂੰ ਹੁਕਮ ਏਨਾ ਈ ਮਿਲਿਆ ਏ, ਮਾਤਾ ਨੂੰ ਗੰਗਾ ਪਾਰ ਛੱਡ ਆਵੀਂ।

—ਕਿਉਂ ਮੈਂ ਕੀ ਅਪਰਾਧ ਕੀਤਾ ਏ?

—ਮੈਂ ਕੁਝ ਨਹੀਂ ਜਾਣਦਾ, ਪਰ ਰਿਸ਼ੀ ਵਸ਼ਿਸ਼ਟ ਨੇ ਜਦ ਮੇਰੇ ਕੰਨ 'ਚ ਫੂਕ ਮਾਰੀ ਸੀ ਮੈਂ ਉਦੋਂ ਕੁਝ ਬੋਲ ਨਹੀਂ ਸਾਂ ਸਕਦਾ। ਉਹ ਬੋਲ ਸਨ—ਰਾਜ ਮਾਤਾ ਦਾ ਤਿਆਗ, ਰਾਮ ਰਾਜ ਦਾ ਫੈਸਲਾ।

—ਤਿਆਗ, ਬਗੈਰ ਕਸੂਰ, ਬਗੈਰ ਪੁਛਿਆਂ ਪੁਛਾਇਆਂ, ਬਗੈਰ ਦੋਸ਼ੀ ਠਹਿਰਾ-ਇਆਂ। ਫੈਸਲਾ ਮਨਜ਼ੂਰ। ਸਵਾਮੀ ਦਾ ਹੁਕਮ ਸਿਰ ਮੱਥੇ ਕਬੂਲ। ਜਾਹ ਲਛਮਣ, ਆਪਣੇ ਭਰਾ ਦਾ ਖਿਆਲ ਰਖੀਂ। ਮੇਰੀ ਫਿਕਰ ਨਾ ਕਰਨਾ। ਧਰਤੀ ਮਾਤਾ ਮੇਰੀ ਰਖਵਾਲੀ ਏ। ਬਨ ਦੇ ਦਰਖਤ, ਪੰਛੀ, ਸ਼ੇਰ, ਬਘੇਲੇ ਇਹ ਸਭ ਮੇਰੀ ਰਕਸ਼ਾ ਕਰਨਗੇ। ਭਗਵਾਨ ਤੇਰਾ ਭਲਾ ਕਰੇ। ਜਾਓ ਲਛਮਣ ਆਪਣੇ ਭਾਈ ਕੋ ਉਦਾਸ ਨਾ ਹੋਣੇ ਦੇਣਾ। ਮੇਰੀ ਯਾਦ ਆਏ, ਇਕ ਵਾਰ ਮੇਰਾ ਨਾਂ ਲੈਣਾ। ਮੈਂ ਭਗਵਾਨ ਦੇ ਚਰਨਾਂ ਵਿਚ ਬੈਠੀ ਮਿਲਾਂਗੀ। ਸੀਤਾ ਬੋਲੀ ਜਾ ਰਹੀ ਸੀ।

ਲਛਮਣ ਚਲਾ ਗਿਆ। ਸੀਤਾ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਅੱਖਾਂ ਅਗੇ ਇਕ ਹਨੇਰੀ ਜਿਹੀ ਆਈ। ਲਛਮਣ ਮੂਰਛਤ ਰਾਜ ਮਾਤਾ ਨੂੰ ਛੱਡ ਵਾਪਿਸ ਅਯੋਧਿਆ ਪਰਤ ਆਇਆ। ਰਾਮ ਦੀ ਉਦਾਸੀ ਨੇ ਰਾਜ ਕਾਜ ਦਾ ਕੰਮ ਠੱਪ ਦਿਤਾ।

ਸੁਖਾ ਸਿੰਘ ਨੇ ਆਖਿਆ—ਸੁਣਾ ਮਹਿਤਾਬ ਸਿਹਾਂ, ਵੇਖਿਆ ਈ ਤਿਆਗ। ਜਿਹੜਾ ਬੰਦਾ ਤਿਆਗ ਕਰਨਾ ਜਾਣਦੈ। ਜੀਣਾ ਵੀ ਉਸਨੂੰ ਆਉਂਦਾ ਏ।

ਸੁਖਾ ਸਿੰਘ ਨੇ ਘੋੜੇ ਦੀ ਪਿੱਠ ਤੇ ਥਾਪੀ ਦਿਤੀ ਤੇ ਬੋਲਿਆ,—ਉਦਾਸੀ ਨੂੰ ਤੋੜਨ ਲਈ ਅਸ਼ੂ ਮੇਧ ਯੱਗ ਰਚਾਇਆ ਗਿਆ। ਰਿਸ਼ੀ ਮੁਨੀ ਯੱਗ ਕਰਨ ਬਹਿ ਗਏ। ਅਹੂਤੀਆਂ ਦਿਤੀਆਂ ਗਈਆਂ। ਅਸ਼ੂ ਮੇਧ ਯੱਗ ਦਾ ਘੋੜਾ ਸ਼ਿੰਗਾਰਿਆ ਗਿਆ। ਅਯੁਧਿਆ ਨਰੇਸ਼ ਦਾ ਝੰਡਾ ਘੋੜੇ ਦੀ ਕਾਠੀ ਉਤੇ ਬੰਨ੍ਹਿਆਂ ਗਿਆ। ਝੰਡਾ ਆਪਣੇ ਨਾਂ ਦਾ ਸਿੱਕਾ ਜਮਾ ਰਿਹਾ ਸੀ। ਆਰੀਆ ਪੁਤਰ ਨੇ ਘੋੜੇ ਪਿਛੇ ਲਛਮਣ ਭਰਤ ਤੇ ਸ਼ਤਰੂਘਨ ਨੂੰ ਭੇਜਿਆ। ਘੋੜਾ ਮੁਲਕ ਨਿਵਾਉਂਦਾ ਚਾਰੇ ਕੂੰਟਾਂ ਕੱਛਦਾ ਘੁੰਮਦਾ ਘੁਮਾਉਂਦਾ ਉਸ ਜੂਹ ਵਿਚ ਆਣ ਨਿਕਲਿਆ ਜਿਥੇ ਰਾਜ ਮਾਤਾ ਸੀਤਾ ਆਪਣੇ ਬਨਵਾਸ ਦੇ ਦਿਨ ਪੂਰੇ ਕਰ ਰਹੀ ਸੀ। ਸੀਤਾ ਮਾਤਾ ਦੇ ਗਰਭ ਵਿਚੋਂ ਲਵ ਨੇ ਜਨਮ ਲਿਆ ਤੇ ਬਾਲਮੀਕ ਦੀ ਜ਼ਰਾ ਕੁ ਭੁਲ ਨੇ ਕੁਸ਼ ਨੂੰ ਜਨਮ ਦਿਤਾ। ਰਿਸ਼ੀ ਨੇ ਕੁਛਾਹ ਇਕੱਠੀ ਕੀਤੀ ਤੇ ਉਹਨੂੰ ਜਲ ਦਾ ਛਿੱਟਾ ਦਿਤਾ ਤੇ ਆਪਣੀ ਤਪੱਸਿਆ ਦਾ ਸਾਰਾ ਪੁੰਨ ਉਸ ਕਛਾਅ ਨੂੰ ਬਖਸ਼ ਦਿਤਾ। ਆਖਦੇ ਹਨ ਕਿ ਉਸ ਕਛਾਅ ਨੇ ਇਕ ਬਾਲਕ ਦਾ ਰੂਪ ਧਾਰਿਆ। ਜਿਹਦਾ ਨਾਂ ਕੁਸ਼ ਰਖਿਆ ਗਿਆ। ਲਵ ਤੇ ਕੁਸ਼ ਦੋ ਭਰਾ ਸਨ ਦੋਵੇਂ ਜਵਾਨੀ ਚੜ੍ਹ ਰਹੇ ਸਨ। ਉਹਨਾਂ ਸੁੰਦਰ ਘੋੜਾ ਵੇਖਿਆ ਤੇ ਰੋਕ ਲਿਆ। ਲਵ ਕਹਿ ਰਿਹਾ ਸੀ ਕਿ ਮੈਂ ਲੈਣੇ, ਕੁਸ਼ ਕਿਹਾ ਮੈਂ ਲੈਣੈ। ਅਜੇ ਫੈਸਲਾ ਨਹੀਂ ਸੀ ਹੋਇਆ ਏਨੇ ਚਿਰ 'ਚ ਫੌਜਾਂ ਆ ਗਈਆਂ।

ਲਛਮਣ ਬੋਲਿਆ—ਬੇਟਾ ਇਹ ਘੋੜਾ ਅਸ਼ਮੇਘ ਯਗ ਦਾ ਏ ਇਉਂ ਰੋਕਿਆ ਨਹੀਂ ਜਾਂਦਾ। ਇਹ ਘੋੜਾ ਤਿੰਨ ਕੂਟਾਂ ਫਿਰ ਆਇਆ। ਚੌਥੀ ਕੂਟ ਵਿਚੋਂ ਇਹ ਜਦ ਨਿਕਲ ਜਾਏਗਾ, ਜਦ ਇਹ ਅਯੁਧਿਆ ਪੁੱਜੇਗਾ, ਪੂਰਨ ਅਹੂਤੀ ਅਸ਼ਮੇਘ ਯਗ ਵਿਚ ਪਈ, ਆਰੀਆ

ਪੁੱਤਰ ਚੱਕਰ ਵਰਤੀ ਰਾਜਾ ਬਣ ਜਾਏਗਾ। ਛਡ ਦਿਓ ਬਾਲਕੋ ਇਸ ਘੋੜੇ ਨੂੰ। ਬਾਲਕੋ ਤੁਸੀਂ ਹੋਰ ਚਾਰ ਘੋੜੇ ਲੈ ਲਵੋ। ਜਿਹੜੇ ਪਸੰਦ ਆਉਣ ਇਸ ਘੋੜੇ ਨੂੰ ਫੜਨਾ ਅੱਗ ਨਾਲ ਖੇਡਣ ਵਾਲੀ ਗੱਲ ਏ। ਬਾਲਕੋ ਘੋੜਾ ਛੱਡ ਦੇਵੋ।

ਬਾਲ ਹੱਟ ਲਵ ਦੇ ਅੰਦਰ ਫੁਟੀ, ਬੋਲਿਆ ਕਿਸ ਦਾ ਘੋੜਾ ਏ। ਆਹੋਆ ਪੁੱਤਰ ਰਾਮ ਦਾ। ਜਿਸ ਸੀਤਾ ਮਹਾਰਾਣੀ ਨੂੰ ਬਿਨਾਂ ਕਿਸੇ ਦੋਸ਼ ਦੇ ਬਨਵਾਸ ਦਿੱਤਾ ਸੀ। ਅਸੀਂ ਉਸ ਅਪਰਾਧੀ ਨੂੰ ਜ਼ਰੂਰ ਵੇਖਣਾ ਚਾਹੁੰਦੇ ਹਾਂ। ਚਲੋ ਇਸ ਬਹਾਨੇ ਉਸ ਨਿਰਦਈ ਦੇ ਦਰਸ਼ਨ ਹੋ ਜਾਣਗੇ। ਜਾਉ ਆਪਣੇ ਰਾਜੇ ਨੂੰ ਆਖ ਦਿਓ ਲਵ ਕੁਸ਼ ਨੇ ਘੋੜਾ ਰੋਕਿਆ ਏ। ਜਿਹਦੀਆਂ ਬਾਹਾਂ ਵਿਚ ਬਲ ਏ, ਛਡਵਾਕੇ ਲੈ ਜਾਵੇ। ਅਸੀਂ ਛੱਤਰੀ ਹਾਂ ਧਨੁਸ਼ ਧਾਰੀ ਹਾਂ। ਅਸਾਂ ਘੋੜਾ ਨਹੀਂ ਛੱਡਣਾ।

—ਹਾਂ ਮੇਰੇ ਭਰਾ ਨੇ ਠੀਕ ਆਖਿਆ ਏ। ਸਾਡੇ ਗੁਰੂ ਨੇ ਸੀਤਾ ਮਾਤਾ ਦੀ ਕਥਾ ਸਾਨੂੰ ਸੁਣਾਈ ਏ। ਅਸਾਂ ਅੱਜ ਲਛਮਣ ਨੂੰ ਵੀ ਵੇਖਣਾ ਏ। ਜਿਹੜਾ ਇਕੱਲੀ ਭਰਜਾਈ ਨੂੰ ਗੰਗਾ ਪਾਰ ਛੱਡ ਗਿਆ ਸੀ।

—ਬਾਲਕੋ ਇਹ ਤੁਹਾਡੀ ਭੁਲ ਏ। ਮਲੂਕ ਜਿਹੀਆਂ ਦੋ ਜਾਨਾਂ ਇਤਨੀ ਵੱਡੀ ਫੌਜ ਦਾ ਮੁਕਾਬਲਾ ਕਰ ਲੈਣਗੀਆਂ ? ਲਛਮਣ ਨੇ ਆਖਿਆ।

—ਇਹ ਗਲ ਤੇ ਵਕਤ ਹੀ ਦਸੇਗਾ।

ਘੋਰ ਸੰਗਰਾਮ ਹੋਇਆ। ਲਛਮਣ, ਸ਼ਤਰੂਘਨ, ਭਰਤ ਪਹਿਲੇ ਹੱਲੇ ਵਿਚ ਹੀ ਮੂਰਸ਼ਤ ਕਰ ਦਿੱਤੇ ਲਵ ਕੁਸ਼ ਨੇ। ਫੌਜ ਦੇ ਹੌਸਲੇ ਟੁਟ ਗਏ। ਘੋੜਾ ਦਰਖਤ ਨਾਲ ਬੱਝਾ ਹੋਇਆ ਸੀ। ਹਾਹਾਕਾਰ ਮੱਚੀ। ਖਬਰ ਅਯੁਧਿਆ ਪੁਜੀ। ਰਾਮ ਆਇਆ। ਧਨੁਸ਼ਧਾਰੀ ਫੌਜਾਂ ਲੈ ਕੇ ਬਾਲਕੋ ਘੋੜਾ ਛੱਡ ਦਿਉ।

—ਇਕ ਵਾਰ ਆਖਿਆ ਕਾਫੀ ਨਹੀਂ ਘੋੜਾ ਉਸਦਾ ਹੈ ਜਿਸ ਦੀਆਂ ਬਾਹਾਂ 'ਚ ਬਲ ਏ। ਲਵ ਦੇ ਬੋਲ ਸਨ।

—ਮੈਂ ਰਾਮ ਹਾਂ। ਅਯੁਧਿਆ ਨਰੇਸ਼

ਬਸ ਪਹਿਲਾਂ ਮੁਕਾਬਲਾ ਤੇ ਪਿੱਛੋਂ ਹੋਰ ਕੋਈ ਗਲ। ਕੁਸ਼ ਨੇ ਆਖਿਆ।

ਆਖਦੇ ਹਨ ਲਵ ਕੁਸ਼ ਦੇ ਤੀਰਾਂ ਨੇ ਰਾਮ ਦੀ ਵੀ ਹੋਸ਼ ਭੁਲਾ ਦਿੱਤੀ। ਇੰਨੇ ਚਿਰ ਨੂੰ ਸੀਤਾ ਨੂੰ ਖਬਰ ਹੋਈ, ਦੌੜੀ ੨ ਆਈ ਤੇ ਪੁਤਰਾਂ ਅੱਗੇ ਆਣ ਖਲੋਤੀ ਆਖਣ ਲਗੀ—ਬਸ ਪੁਤਰੋ ਹੁਣ ਤੀਰ ਨਹੀਂ ਚਲਾਉਣਾ।

—ਨਹੀਂ ਮਾਂ ਅਸਾਂ ਅਜ ਰਾਮ ਨੂੰ ਪੁਛਣੈ ਤੂੰ ਸੀਤਾ ਨੂੰ ਬਨਵਾਸ ਕਿਉਂ ਦਿੱਤਾ ਏ।

—ਨਹੀਂ ਬੇਟਾ ਇਹਦੀ ਹੁਣ ਲੋੜ ਨਹੀਂ। ਉਹ ਕਥਾ ਤੁਹਾਨੂੰ ਗੁਰੂ ਨੇ ਐਂਵੇ ਪੜ੍ਹਾਈ ਸੀ।

—ਮਾਂ ਇਹ ਹੋ ਨਹੀਂ ਸਕਦਾ। ਸਾਡਾ ਗੁਰੂ ਝੂਠ ਨਹੀਂ ਬੋਲ ਸਕਦਾ।

—ਬਸ ਮਾਂ ਦਾ ਹੁਕਮ ਏ। ਤੁਸੀਂ ਜਾਣਦੇ ਹੋ ਜਿਹੜਾ ਤੁਹਾਡੇ ਮੁਕਾਬਲੇ ਤੇ ਹੈ ਉਹ ਕੌਣ ਏ ?

—ਕੌਣ ਏ ਮਾਤਾ ਜੀ।

—ਤੁਹਾਡਾ ਪਿਤਾ ਭਗਵਾਨ ਰਾਮ। ਸੀਤਾ ਬੋਲੀ।

—ਇਹਦਾ ਮਤਲਬ ਏ ਸਾਡੀ ਮਾਂ ਮਹਾਰਾਣੀ ਸੀਤਾ ਏ।

—ਹਾਂ ਬੇਟਾ ਬਿਲਕੁਲ ! ਬਿਲਕੁਲ ਸਚ।

ਤੀਰਾਂ ਦੇ ਜ਼ਖਮ ਨਾਲ ਰਾਮ ਮੁਰਸ਼ਤ ਹੋ ਚੁੱਕਾ ਸੀ। ਸੀਤਾ ਤੇ ਲਵ ਕੁਸ਼ ਨੇ ਹਥ ਜੋੜ ਕੇ ਨਮਸਕਾਰ ਕੀਤਾ। ਲੋਕ ਆਖਦੇ ਹਨ ਕਿ ਉਦੋਂ ਇੰਦਰਪੁਰੀ ਤੋਂ ਅੰਮ੍ਰਿਤ ਮੰਗਵਾਇਆ ਗਿਆ ਤੇ ਉਹ ਅੰਮ੍ਰਿਤਸਾਰੀ ਫੌਜ ਮੁਰਸ਼ਤ ਜੋਧਿਆਂ ਤੇ ਛਿੜਕਿਆ ਗਿਆ ਤ ਜੋਧੇ ਸਰਜੀਵ ਹੋਏ। ਉਹ ਬਾਕੀ ਬਚਿਆ ਅੰਮ੍ਰਿਤ ਇਥੇ ਦਬ ਦਿੱਤਾ ਗਿਆ। ਗੁਰੂਆਂ ਦੇ ਪ੍ਰਤਾਪ ਨਾਲ ਅੰਮ੍ਰਿਤ ਵਾਲੀ ਜਗ੍ਹਾ ਤੇ ਅੰਮ੍ਰਿਤ ਦਾ ਸਰੋਵਰ ਏ। ਸੁੱਖਾ ਸਿੰਘ ਨੇ ਇੰਨੀ ਗਲ ਆਖ ਕੇ ਅੱਗੋਂ ਬਸ ਕਰ ਦਿੱਤੀ।

ਘੋੜੇ ਚਲ ਰਹੇ ਸਨ। ਪੈਂਡਾ ਲੱਕ ਤੋੜੀ ਜਾ ਰਿਹਾ ਸੀ। ਬਾਣੀ ਜਾਂ ਕਥਾ ਦੋਵਾਂ ਨੂੰ ਅੰਮ੍ਰਿਤਸਰ ਦੇ ਨੇੜੇ ੨ ਲਈ ਜਾ ਰਹੀ ਸੀ।

ਹਮ ਘਰ ਸਾਜਨ ਆਏ

ਬਨੇਰੇ ਤੇ ਬੈਠੀ ਚੰਪਾ ਨੇ ਵੇਖਿਆ ਜਦ ਬਾਪੂ ਆ ਗਿਆ। ਉਹਦੇ ਨਾਲ ਪ੍ਰਾਹੁਣੇ ਹਨ, ਤੇ ਝਟ ਛਾਲ ਮਾਰੀ ਤੇ ਦੌੜੀ੨ ਗਈ ਤੇ ਭੂਰੀ ਨੂੰ ਜਾਕੇ ਆਖਣ ਲੱਗੀ ਨੀ ਭੂਰੀ ਮੇਰਾ ਬਾਪੂ ਆ ਗਿਆ। ਉਹਦੇ ਨਾਲ ਪ੍ਰਾਹੁਣੇ ਹਨ। ਉਠ ਤੇ ਦੁੱਧ ਇਕੱਠਾ ਕਰ। ਚਾਚੀ ਦੀ ਕਾੜ੍ਹਨੀ ਵਿਚੋਂ ਦੁਧ ਪਾ ਲਿਆ, ਤਾਈ ਦਾ ਘਰ ਵੀ ਵੇਖ ਲਈਂ। ਭਰਜਾਈ ਨੂੰ ਆਖੀਂ ਜਿੰਨਾ ਦੁਧ ਏ ਦੇ ਦੇ ਸਾਡੇ ਪ੍ਰਾਹੁਣੇ ਆਏ ਨੇ। ਮੈਂ ਮੰਜੇ ਕੱਢ ਕੇ ਦੁਤੱਈਆਂ ਵਿਛਾ ਦਿਆਂ। ਪੰਜਾਬ ਤੋਂ ਦੂਹਰੇ ਖੇਸ ਲੈਕੇ ਆਇਆ ਸੀ ਜੀਜਾ। ਚਾਰ ਮੰਜੇ ਤੇ ਵਿਛੇ ਹੋਣ। ਪ੍ਰਾਹੁਣੇ ਕੀ ਆਖਣਗੇ। ਚੌਧਰੀ ਦੀ ਕੁੜੀ ਨੂੰ ਕੋਈ ਚੱਜ ਹੀ ਨਹੀਂ। ਪ੍ਰਾਹੁਣਾ ਭਗਵਾਨ ਦੀ ਨਿਆਈਂ ਏ। ਪ੍ਰਾਹੁਣਾ ਘਰ ਆਇਆ ਤੇ ਰੱਬ ਘਰ ਆ ਗਿਆ। ਇਕੋ ਗਲ ਏ। ਲੈ ਜਲਦੀ ਕਰ ਤੇ ਵਲ-ਟੋਈ ਲੇ ਜਾ ਤੇ ਕਿਸੇ ਨੂੰ ਪਤਾ ਨਾ ਲੱਗੇ। ਬਾਪੂ ਆਉਣ ਤੋਂ ਪਹਿਲਾਂ ਸਾਰਾ ਕੰਮ ਹੋ ਜਾਣਾ ਚਾਹੀਦਾ ਹੈ।

ਚੰਪਾ ਦਾ ਰੰਗ ਨਿਖਰਿਆ ਵੇਖ ਕੇ ਭੂਰੀ ਆਖਣ ਲੱਗੀ,—ਨੀ ਤੇਰਾ ਉਹ ਵੀ ਆ ਰਿਹਾ ਈ।

—ਨੀ ਕੌਣ ?

—ਤੇਰਾ ਕੁਲੱਗਦਾ। ਮੇਰਾ ਜੀਜਾ, ਜਵਾਈ ਬਾਪੂ ਦਾ। ਆਵਾਜ਼ ਭੂਰੀ ਦੀ ਸੀ।

ਅੱਖੀਆਂ ਤੇ ਤੂੰ ਸੇਕ ਰਹੀ ਸੈਂ ਨਾ ਗਲ ਮੇਰੇ ਮੜ੍ਹ ਦਿਤਾ ਈ। ਨੀ ਇਹ ਸਿੱਖ ਲੋਕ ਬੜੇ ਚੰਗੇ ਹਨ ਵੇਖ ਲੈ ਕਿੰਨੇ ਸਿਰੜਦੇ ਪੱਕੇ ਹਨ ਤਲੀ ਤੇ ਜਾਨ ਰੱਖੀ ਫ਼ਿਰਦੇ ਹਨ। ਮਾੜੇ ਜਿਹੇ ਸੁਨੇਹੇ ਤੇ ਤੁਰ ਪਏ ਨੇ ਸੂਰਮੇ ਮੌਤ ਨੂੰ ਟਿਚਰਾਂ ਕਰਨ। ਵੇਖਿਆ ਈ ਇਹਨਾਂ ਦੇ ਚਿਹਰਿਆਂ ਤੇ ਜਲਾਲ। ਗਭਰੂ ਜਵਾਨ, ਦੂਲੇ, ਬੱਜਰ ਸਰੀਰ, ਗੇਲ੍ਹੀਆਂ ਵਰਗਾ ਜਿਸਮ ਅੱਖਾਂ ਵਿਚ ਜੋਤ ਇਲਾਹੀ। ਕਿਸੇ ਦਿਨ ਇਹਨਾਂ ਪੰਜਾਬ ਦੇ ਰਾਜੇ ਬਣ ਜਾਣਾ ਏਂ। ਚੰਪਾ ਆਖ ਰਹੀ ਸੀ।

—ਫਿਰ ਅਰਕਾਂ ਤੀਕ ਚੂੜਾ ਤੇ ਗੋਖੜੂ ਵੀ ਤੂੰ ਈ ਪਾਉਣੇ ਨੇ। ਸਾਨੂੰ ਤੇ ਕਿਤੇ ਛਾਪ ਨਹੀਂ ਬਣਾਕੇ ਦੇਣੀ। ਜੀਜਾ ਭਾਵੇਂ ਕਲੀਚੜੀ ਦੇ ਜਾਵੇ। ਭੂਰੀ ਦੇ ਬੋਲ ਸਨ।

—ਤੂੰ ਤੇ ਹੁਣੇ ਵਿਆਹ ਰਚਾ ਬੈਠੀ ਏਂ। ਰੋਟੀ ਟੁਕੜ ਤੇ ਖਵਾ ਲੈ ਬਰਾਤੀਆਂ ਨੂੰ, ਜਦੋਂ ਡੋਲਾ ਤੁਰਨਾ ਏ ਤੇ ਸਾਰਾ ਪਿੰਡ ਇਕੱਠਾ ਹੋਏਗਾ। ਘਬਰਾ ਨਾ ਤੂੰ ਦੁਧ ਇਕੱਠਾ ਕਰ ਲਿਆ ਤੇਰੀ ਸਾਰੀ ਰੀਝ ਲਾਹ ਦਿਆਂਗੀ। ਪਰੀਬੰਦ ਤੇ ਡੰਡੀਆਂ ਪਵਾਵਾਂਗੀ। ਪ੍ਰਾਹੁਣੇ ਆ ਰਹੇ ਨੀ ਜਲਦੀ ਕਰ ਨੀ। ਚੰਪਾ ਆਖੀ ਜਾ ਰਹੀ ਸੀ।

—ਤੂੰ ਅੱਗ ਬਾਲ ਚੁੱਲ੍ਹੇ 'ਚ ਤੇ ਮੈਂ ਆਈ ਕੇ ਆਈ। ਭੂਰੀ ਵਲਟੋਈ ਲੈਕੇ ਚਲੀ ਗਈ।

—ਚੰਪਾ ਨੀ ਚੰਪਾ, ਬੂਹਾ ਖੋਲ ਸਾਡੇ ਘਰ ਨਰੈਣ ਆਏ ਨੀ। ਆਵਾਜ਼ ਬਾਪੂ ਦੀ ਸੀ।

—ਘੋੜੇ ਬੰਨ੍ਹੇ, ਊਠ ਉਹਦੇ ਟਿਕਾਣੇ ਖੜਾ ਕਰ ਦਿੱਤਾ। ਤੇ ਪ੍ਰਾਹੁਣੇ ਹਵੇਲੀ 'ਚ ਦਾਖਲ ਹੋਏ। ਅੱਗੇ ਪਲੰਘ ਵਿਛੇ ਵੇਖ ਕੇ ਚੌਧਰੀ ਬੜਾ ਪ੍ਰਸੰਨ ਹੋਇਆ ਆਖਣ ਲੱਗਾ ਬੜੀ ਸਿਆਣੀ ਏ ਮੇਰੀ ਧੀ। ਛੋਟੀ ਹੁੰਦੀ ਦੀ ਮਾਂ ਮਰ ਗਈ, ਪਟੋਕੀਆਂ ਖਾਕੇ ਸਿਆਣੀ ਹੋ ਗਈ ਏ। ਪਧਾਰੋ, ਗੁਰ ਪਿਆਰਿਆ ਸਾਡੇ ਘਰ ਨੂੰ ਭਾਗ ਲਾਉ।

—ਬਾਪੂ ਅਸੀਂ ਜ਼ਰ੍ਹਾ ਮੂੰਹ ਹੱਥ ਧੋ ਲਈਏ, ਬੜਾ ਘੱਟਾ ਏ, ਸਾਡੇ ਤੇ ਮੂੰਹ ਤੇ ਪਲੇਥਣ ਮਲ ਦਿੱਤਾ ਏ ਘੱਟੇ ਨੇ। ਦੁਤਈਆਂ ਮੈਲੀਆਂ ਹੋ ਜਾਣਗੀਆਂ, ਮਹਿਤਾਬ ਸਿੰਘ ਬੋਲਿਆ।

—ਤੁਹਾਥੋਂ ਦੁਤਈਆਂ ਚੰਗੀਆਂ ਨੇ, ਆਵਾਜ਼ ਬਾਪੂ ਦੀ ਸੀ।

—ਚੰਪਾ ਨੇ ਗਾਗਰ ਭਰਕੇ ਵਿਹੜੇ ਚ ਰੱਖ ਦਿੱਤੀ। ਸਿੰਘ ਪੰਜ ਇਸ਼ਨਾਨ ਕਰਨ ਲੱਗ ਪਏ। ਪਿੰਡ ਆਪੇ ਹੀ ਇਕੱਠਾ ਹੋ ਗਿਆ।

—ਸਿੰਘ ਆਏ ਨੇ ਧੰਨ ਭਾਗ! ਗੰਗਾ ਸਿਹਾਂ ਅਸੀਂ ਤੇਰੇ ਬੜੇ ਰਿਣੀ ਹਾਂ। ਤੂੰ ਸਾਡਾ ਪਿੰਡ ਪਵਿੱਤਰ ਕਰ ਦਿੱਤਾ ਏ। ਕੌਣ, ਠੁਕਰੈਣ ਕੀ ਲਈ ਆ ਰਹੀ ਏਂ। ਬੋਲ ਠਾਕਰ ਦੇ ਸਨ।

ਠੁਕਰੈਣ ਬੋਲੀ—ਲੱਡੂਆਂ ਦਾ ਥਾਲ ਪ੍ਰਾਹੁਣਿਆਂ ਲਈ।

—ਉਹ ਪਿਛੇ ਕੌਣ ਏ:

—ਦਰਾਣੀ।

—ਮੇਰੇ ਘਰ ਮਘੀ ਪਿੰਨੀਆਂ ਦੀ ਭਰੀ ਪਈ ਸੀ। ਅਜੇ ਬੋਲ ਉਹਦੇ ਮੂੰਹ ਵਿਚ ਸਨ ਜੋਧਾਬਾਈ ਚੌਧਰਾਣੀ ਨੇ ਤ੍ਰਿਚੌਲੀ ਦੀ ਭਰੀ ਪਰਾਤ ਲਿਆ ਰੱਖੀ।

—ਚੌਧਰੀ ਇਹ ਕੀ? ਸੁੱਖਾ ਸਿੰਘ ਆਖਣ ਲੱਗਾ।

—ਮੈਂ ਕੀ ਜਾਣਾ। ਮੈਂ ਤੇ ਤੁਹਾਡੇ ਨਾਲ ਹੀ ਆਇਆ ਹਾਂ। ਪਿੰਡ ਨੂੰ ਚਾਅ ਚੜ੍ਹ ਗਿਆ। ਜਦ ਉਹਨਾਂ ਸੁਣਿਆ ਸਿੰਘ ਆਏ ਨੇ। ਠੁਕਰੈਣ ਨੇ ਲੰਬਾ ਸਾਰਾ ਘੁੰਡ ਕੱਢਿਆ ਹੋਇਆ ਸੀ। ਆਖਣ ਲੱਗੀ—ਚੰਪਾ ਪੁੱਤ ਤੂੰ ਰੋਟੀ ਟੁਕੜ ਦਾ ਆਹਰ ਨਾ ਕਰੀਂ। ਰੋਟੀ ਅਸੀਂ ਲੈ ਕੇ ਆਵਾਂਗੀਆਂ।

—ਜੇਠ ਜੀ ਮੈਂ ਖੀਰ ਰਿੰਨ ਆਈ ਆਂ। ਮੈਂ ਵੀ ਜਠਾਣੀ ਦੇ ਨਾਲ ਹੀ ਆਵਾਂਗੀ।

—ਬਾਪੂ ਜਿਹੜਾ ਮੈਂ ਆਹਰ-ਪਾਰ ਕੀਤਾ ਹੋਇਆ ਏ। ਉਹਦਾ ਕੀ ਬਣੂ।

—ਚਲ ਨੀ ਜਦ ਅਸੀਂ ਬੈਠੀਆਂ ਹੋਈਆਂ ਹਾਂ ਤੇਰਾ ਕੀ ਕੰਮ। ਅਜੇ ਤੂੰ ਬਾਲੜੀ ਏ ਤੂੰ ਗੁਡੀਆਂ ਪਟੋਲਿਆਂ ਨਾਲ ਖੇਡ। ਇਹਨਾਂ ਪ੍ਰਾਹੁਣਿਆਂ ਕਿਹੜਾ ਨਿੱਤ ੨ ਆਉਣਾ ਏ।

ਭੂਰੀ ਨੇ ਗਲਾਸ ਦਿੱਤੇ ਦੁੱਧ ਦੇ। ਲੱਡੂਆਂ ਦਾ ਥਾਲ ਨਾਲ ਰੱਖ ਦਿੱਤਾ ਚੰਪਾ ਨੇ। ਕੋਲ ਮਘੀ ਰੱਖ ਦਿੱਤੀ ਪਿੰਨੀਆਂ ਦੀ।

—ਭੋਗ ਲਾਉ ਸਿੰਘ ਜੀ, ਠੁਕਰੈਣ ਬੋਲੀ।

—ਮਾਤਾ ਜੀ ਇਤਨੀ, ਖੇਚਲ ਕਰਨ ਦੀ ਕੀ ਲੋੜ ਸੀ। ਸੁੱਖਾ ਸਿੰਘ ਦੇ ਬੋਲ ਸਨ।

—ਬੇਟਾ ਨਦੀ ਨਾਮ ਸੰਯੋਗੀ ਮੇਲੇ, ਦੇਵਰ ਜੀ ਦੀ ਕਿਰਪਾ ਨਾਲ ਤੁਹਾਡੇ ਦਰਸ਼ਨ ਹੋ ਗਏ ਨੇ। ਕੀ ਸਾਡਾ ਇੰਨਾ ਵੀ ਹੱਕ ਨਹੀਂ।

ਫੁਲ ਫੁਲ ਪੈ ਰਹੀਆਂ ਸਨ, ਭੂਰੀ ਤੇ ਚੰਪਾ

—ਜੋਗਿਆ ਲੈ ਭਈ ਤੂੰ ਪਹਿਲਾਂ ਮੂੰਹ ਮਿੱਠਾ ਕਰ ਲੱਡੂਆਂ ਨਾਲ। ਸੁੱਖਾ ਸਿੰਘ ਨੇ ਮੂੰਹ ਭਰ ਦਿੱਤਾ ਲੱਡੂ ਨਾਲ।

ਭੂਰੀ ਨੇ ਚੰਪਾ ਦੇ ਕੰਨ ਵਿਚ ਆਖਿਆ,—ਲੈ ਭਈ ਛਕਣ ਲੱਗ ਗਿਆ ਈ, ਵਧਾਈ ਹੋਵੇ ਹੁਣ ਤੇ ਮਹਿੰਦੀ ਲਾ ਲਾਂ।

—ਬਹੁਤ ਢੀਠ ਏ, ਵੇਲਾ ਕੁਵੇਲਾ ਤੇ ਵੇਖ ਲਿਆ ਕਰ। ਚੰਪਾ ਬੋਲੀ।

—ਤੂੰ ਨਾਹ ਕਰ ਦੇ ਮੈਂ ਜੈ ਮਾਲਾ ਪਾ ਦੇਨੀ ਆਂ।

ਭੂਰੀ ਆਖਣ ਲੱਗੀ।

—ਨਾ ਨਾ ਭਾਈ ਨਾ। ਚੰਪਾ ਨੇ ਚੁੰਨੀ ਵਿਚ ਮੂੰਹ ਲਕੋਂਦਿਆਂ ਆਖਿਆ।

ਸੰਤੋਖਸਰ

—ਸੁਖਾ ਸਿੰਹਾਂ ਬੀਬੀ ਚੰਪਾ ਨੇ ਇੰਨੀ ਸੇਵਾ ਕੀਤੀ ਏ ਯਾਦ ਰਹੂ ਜਦ ਤਕ ਜੀਵਾਂਗਾ। ਇਹ ਪਿੰਡ ਸਿਖਾਂ ਦੀ ਕਦੀ ਕਾਂਸ਼ੀ ਬਣ ਜਾਵੇਗਾ।—

ਮਹਿਤਾਬ ਸਿੰਘ ਬੋਲਿਆ ਅਜੇ ਰਾਤ ਬੜੀ ਏ ਸੌਣਾ ਵੀ ਜ਼ਰੂਰੀ ਏ ਪਰ ਗੁਰੂ ਮਹਿਮਾਂ ਕਰਦਿਆਂ ਨੀਂਦ ਆ ਜਾਵੇ ਤਾਂ ਬੰਦੇ ਦੇ ਪੂਰਨ ਭਾਗ ਹਨ।

—ਹਾਂ ਸਿੰਘ ਜੀ ਅਸੀਂ ਵੀ ਸੁਣਾਂਗੇ ਕ੍ਰਿਪਾ ਕਰੋ, ਇਹੋ ਜਿਹੇ ਵੇਲੇ ਕਿਸਮਤ ਨਾਲ ਲੱਭਦੇ ਹਨ। ਚੌਧਰੀ ਨੇ ਅਰਜ ਕੀਤੀ।

—ਚਾਚਾ ਜੀ ਸਾਡਾ ਵੀ ਜੀ ਕਰਦੈ ਅੰਮ੍ਰਿਤਸਰ ਦੀ ਕਥਾ ਸੁਨਣ ਨੂੰ। ਚੰਪਾ ਬੋਲੀ।

—ਮੈਂ ਦੁੱਧ ਲੈ ਆਈ ਹਾਂ ਇਕ ਇਕ ਛੰਨਾ, ਸਿਰਫ ਇਕ ਇਕ ਛੰਨਾ। ਭੂਰੀ ਦੀ ਆਵਾਜ਼ ਉਭਰੀ।

—ਦੁੱਧ ਪਿਆਉਣਾ ਸੀ ਤਾਂ ਕੁਝ ਜਗ੍ਹਾ ਸਾਡੇ ਢਿੱਡ ਵਿਚ ਖਾਲੀ ਰਹਿਣ ਦੇਣੀ ਸੀ। ਪਹਿਲਾਂ ਚਾਚੀ ਆਈ ਤੇ ਫੇਰ ਤਾਈ ਰਹਿੰਦੀ ਖੂੰਹਦੀ ਕਸਰ ਭਰਜਾਈ ਪੂਰੀ ਕਰ ਗਈ। ਢਿਡ ਐ ਕਿ ਭੜੋਲਾ।

—ਮੇਰੀ ਬੱਚੀ ਦੇ ਪਿਆਰ ਨੂੰ ਠੇਸ ਨਾ ਲੱਗ ਜਾਏ ਭਾਵੇਂ ਭੋਗ ਈ ਲਾਓ ਬੜੀ ਰੀਝ ਨਾਲ ਦੁੱਧ ਤੱਤਾ ਕਰਕੇ ਲਿਆਈ ਏ।

ਚੌਧਰੀ ਨੇ ਮਿੰਨਤ ਕੀਤੀ। ਸਾਰਿਆਂ ਨੇ ਬੱਚੀ ਦਾ ਦਿਲ ਰੱਖ ਲਿਆ ਤੇ ਫਿਰ ਕਥਾ ਦਾ ਅਰੰਭ ਹੋਇਆ।

—ਜਦ ਮਨੁੱਖ ਦੇ ਮਨ ਵਿਚ ਸਰੋਵਰ ਦੀ ਕਲਪਨਾ ਆਉਂਦੀ ਏ ਤੇ ਉਦੋਂ ਸਰੋਵਰ ਦੇ ਪੰਜ ਰੂਪ ਨਜ਼ਰ ਆਉਂਦੇ ਹਨ। ਸੱਸਾ ਸੱਚ ਤੇ ਸੱਸਾ ਸੇਵਾ, ਸੱਸਾ ਸਿਮਰਨ ਨਾਲ ਵੀ ਯਾਦ ਕੀਤਾ ਜਾਂਦੈ, ਸੱਸਾ ਸਾਧਨ ਨੂੰ ਵੀ ਕਹਿੰਦੇ ਹਨ, ਸੱਸਾ ਸੰਜਮ ਨੂੰ ਵੀ ਆਖਦੇ ਹਨ। ਜਦੋਂ ਪੰਜ ਤੱਤ ਦਾ ਪੁਤਲਾ ਇਹ ਗਿਆਨ ਪ੍ਰਾਪਤ ਕਰ ਲੈਂਦਾ ਐ ਤੇ ਫੇਰ ਉਹ ਮਰਨ ਜੀਣ ਤੋਂ ਰਹਿਤ ਹੋ ਜਾਂਦਾ ਐ। ਇਹ ਤਾਂ ਗੱਲ ਹੋਈ ਨਾ ਗੁਰਮੁਖ ਸਿੰਘਾਂ ਲਈ ਤੇ ਸਧਾਰਨ ਆਦਮੀ ਲਈ ਸਤਗੁਰਾਂ ਨੇ ਪੰਜ ਸਰੋਵਰਾਂ ਦੇ ਇਸ਼ਨਾਨ ਦੱਸੇ ਹਨ। ਇਨ੍ਹਾਂ ਇਸ਼ਨਾਨਾਂ ਨਾਲ ਬੰਦਾ ਜੇਕਰ ਨਰਵਾਨ ਹਾਸਲ ਨਹੀਂ ਕਰ ਸਕਦਾ ਤੇ ਕੰਮ-ਜ਼-ਕੰਮ ਮੁਕਤੀ ਦਾ ਰਾਹ ਜ਼ਰੂਰ ਲੱਭ ਲੈਂਦਾ ਐ। ਉਹਦੇ ਅੰਦਰੋਂ ਭੈਅ-ਡਰ ਏਸ ਤਰ੍ਹਾਂ ਨਿਕਲ ਜਾਂਦਾ ਐ ਜਿਸ ਤਰ੍ਹਾਂ ਬੰਦੇ ਦੀ ਸਰੀਰ ਵਿਚੋਂ ਜੀ। ਤੂੰ ਆਖੇਂਗਾ ਕਿ ਉਹ ਸਰੋਵਰ ਕਿਹੜੇ ਕਿਹੜੇ

ਹਨ ਤੇ ਕਿਥੇ ਕਿਥੇ ਹਨ ਹਰਦਵਾਰ ਤੇ ਕਾਸ਼ੀ ਟੱਕਰਾਂ ਨਹੀਂ ਮਾਰਨੀਆਂ ਪੈਣੀਆਂ। ਅਸੀਂ ਅੰਮ੍ਰਿਤਸਰ ਪੁੱਜ ਰਹੇ ਹਾਂ ਸਭ ਕੁਝ ਉਥੇ ਈ ਐ। ਏਸੇ ਲਈ ਅੰਮ੍ਰਿਤਸਰ ਦੀ ਬੇਹੁਰਮਤੀ ਪੰਜਾਬੀ ਬਰਦਾਸ਼ਤ ਨਹੀਂ ਕਰ ਸਕਦਾ। ਸੁਖਾ ਸਿੰਘ ਦੇ ਬੋਲ ਸਨ।

—ਨਵੀਂ ਗੱਲ ਈ ਦੱਸ ਰਿਹਾ ਐਂ ਸੁਖਾ ਸਿਹਾਂ ਤੂੰ ਤੇ ਗੁਣਾਂ ਦੀ ਗੁਥਲੀ ਐਂ। ਗੋਦੜੀ ਦਾ ਲਾਲ ਐ। ਕਮਲ ਚਿਕੜ ਵਿਚ ਈ ਪੈਦਾ ਹੁੰਦਾ ਏ, ਘੜੇ ਨੂੰ ਜਿਉਂ ਜਿਉਂ ਠਕੋਰੀਏ ਤਿਉਂ ਤਿਉਂ ਉਹਦੇ ਵਿਚੋਂ ਅਵਾਜ਼ ਨਿਕਲਦੀ ਏ। ਤੈਨੂੰ ਛੇੜਨ ਦੀ ਜਾਚ ਆਉਣੀ ਚਾਹੀਦੀ ਏ। ਬਸ ਫੇਰ ਕੀ ਬੰਦਾ ਚੋਰਾਸੀ ਦੇ ਗੇੜੇ ਵਿਚੋਂ ਨਿਕਲ ਜਾਵੇ। ਤੇ ਉਹਦਾ ਭੈਅ ਉਹਦੇ ਨੇੜੇ ਵੀ ਨਹੀਂ ਆਉਂਦਾ। ਮਹਿਤਾਬ ਸਿੰਘ ਨੇ ਆਖਿਆ।

—ਲੈ ਫੇਰ ਪੰਜਾਂ ਸਰੋਵਰਾਂ ਦੇ ਨਾਂ ਸੁਣ ਰਾਮ ਸਰ, ਬਬੇਕਸਰ, ਕੌਲਸਰ, ਸੰਤੋਖਸਰ ਤੇ ਅੰਮ੍ਰਿਤਸਰ। ਰਾਮ ਦਾ ਜਾਪ ਕਰਦੇ ਰਹਿਣਾ ਬਬੇਕ ਬੁਧੀ ਦਾ ਮਾਲਕ ਬਣਕੇ ਮਾਇਆ ਤੋਂ ਉਚਾ ਬਿਲਕੁਲ ਕੌਲ ਫੁੱਲ ਵਾਂਗੂ। ਸੰਤੋਖ ਸਬਰ ਦਾ ਧਾਰਨੀ ਏ ਮੌਤ ਨੂੰ ਹੱਸ ਕੇ ਜੱਫੀ ਪਾਉਣ ਵਾਲਾ ਹੈ। ਜਿਨ੍ਹੇ ਅੰਮ੍ਰਿਤ ਦੇ ਸਰੋਵਰ ਵਿਚ ਚੁੱਬੀ ਮਾਰ ਲਈ ਉਹਦੀ ਖਲੜੀ ਵਿਚੋਂ ਮੌਤ ਦਾ ਡਰ ਉਡਾਰੀ ਮਾਰਕੇ ਨੱਸ ਗਿਆ।

—ਹੁਣ ਗੱਲ ਅੰਮ੍ਰਿਤਸਰ ਦੀ ਕੀਤੀ ਜਾਏ ਗੁਰੂ ਰਾਮਦਾਸ ਨੇ ਅੰਮ੍ਰਿਤਸਰ ਦੀ ਨੀਂਹ ਤੇ ਰੱਖ ਦਿਤੀ ਕੁਝ ਲੋਕ ਵੀ ਵਸਾ ਦਿਤੇ ਪਰ ਜਿਹੜਾ ਸਰੋਵਰਾਂ ਦਾ ਸੁਪਨਾ ਵੇਖਿਆ ਸੀ ਉਹ ਪੂਰਾ ਨਹੀਂ ਹੋਇਆ। ਜਿੰਨੇ ਸਰੋਵਰ ਦੇ ਗੁਣ ਤੇ ਜਿੰਨੀਆਂ ਨਿਸ਼ਾਨੀਆਂ ਗੁਰੂਆਂ ਨੇ ਦੱਸੀਆਂ ਸਨ, ਉਹ ਲੱਭਣੀਆਂ ਕੋਈ ਖਾਲਾ ਜੀ ਦਾ ਘਰ ਨਹੀਂ ਸੀ। ਏਨੇ ਵੱਡੇ ਜੰਗਲ ਵਿਚੋਂ ਸਰੋਵਰ ਦਾ ਕੁੰਡ ਲੱਭਣਾ ਕੋਈ ਅੰਤਰ ਧਿਆਨ ਹੋਇਆ ਬਜ਼ੁਰਗ ਹੀ ਦਸ ਸਕਦਾ ਸੀ। ਅਟਕਲ ਪਚੂ ਹੀ ਪਹਿਲਾ ਟਕ ਸੰਤੋਖਸਰ ਦਾ ਈ ਲਾਇਆ ਗਿਆ ਪਰ ਇਹ ਅੰਦਾਜ਼ਾ ਠੀਕ ਈ ਨਿਕਲਿਆ। ਸੰਗਤ ਵਿਚ ਬੜਾ ਉਤਸ਼ਾਹ ਸੀ, ਲੋਕ ਸਿਰੋਂ ਪੈਰੋਂ ਲਾਹਕੇ ਤਲਾ ਦੀ ਸੇਵਾ ਕਰ ਰਹੇ ਸਨ। ਤਲਾ ਪੁਟਦਿਆਂ ਪੁਟਦਿਆਂ ਇਕ ਸਮਾਧੀ ਮਿਲੀ ਰੁਕ ਗਈ ਸੰਗਤ। ਗੁਰੂ ਕੋਲ ਅਰਜ਼ ਗੁਜ਼ਾਰੀ, ਸਤਿਗੁਰ ਆਪ ਆਏ ਜਦ ਉਹਨਾਂ ਸਮਾਧੀ ਵੇਖੀ ਤਾਂ ਆਪ ਨਿੱਠਕੇ ਬਹਿ ਗਏ। ਗੁਰਾਂ ਫਰਮਾਇਆ ਹੁਣ ਸਰੋਵਰ ਦਾ ਅਸਲੀ ਕੁੰਡ ਮਿਲ ਜਾਵੇਗਾ। ਕੁੰਡ ਦਾ ਰਾਖਾ ਸਮਾਧੀ ਲਾ ਕੇ ਬੈਠਾ ਹੋਇਆ ਐ। ਗੁਰੂ ਰਾਮਦਾਸ ਨੇ ਜਿਸ ਅਖਵਾਲਕ ਤੀਰਥ ਵਾ ਜ਼ਿਕਰ ਕੀਤਾ ਸੀ ਉਹ ਸ਼ਾਇਦ ਇਹੋ ਈ ਐ। ਬੁੱਧਮਤ ਵਾਲਿਆਂ ਦਾ ਸਰੋਵਰ ਜਿਹੜਾ ਅਲੋਪ ਹੋ ਗਿਆ ਸੀ ਉਹਨੂੰ ਲੱਭਣ ਲਈ ਬੋਧੀ ਆਉਂਦੇ ਹਨ ਪਰ ਸਖਣੇ ਹੱਥੀਂ ਮੁੜ ਜਾਂਦੇ ਹਨ। ਮਹਾਤਮਾ ਬੁੱਧ ਏਥੇ ਤਪੱਸਿਆ ਕਰਦਾ ਰਿਹਾ ਏ। ਨਰਵਾਨ ਮਿਲਣ ਦਾ ਏਹ ਵੀ ਇਕ ਦਰਵਾਜ਼ਾ ਸੀ। ਕਦੀ ਏਹ ਵੀ ਬੋਧੀਆਂ ਦਾ ਤੀਰਥ ਰਿਹਾ ਹੋਣਾ ਏ। ਜਿਹੜਾ ਤੀਰਥ ਅਸੀਂ ਪਰਗਟ ਕਰ ਰਹੇ ਹਾਂ ਇਹ ਅੱਜ ਦਾ ਨਹੀਂ ਕਈ ਯੁਗਾਂ ਪੁਰਾਣਾ ਏ। ਪਤਾ ਨਹੀਂ ਏਥੇ ਕਿੰਨੇ ਤਪੱਸਵੀ ਤਪੱਸਿਆ ਕਰਦੇ ਰਹੇ ਹਨ। ਬਿਆਸ ਤੇ ਰਾਵੀ ਦਾ ਵਿਚਦਾ ਦੁਆਬਾ ਤੀਰਥਾਂ ਲਈ ਮਹਾਨ ਮੰਨਿਆ ਜਾਂਦਾ ਰਿਹਾ ਐ। ਗੁਰੂ ਰਾਮਦਾਸ ਗੋਂਦ-ਵਾਲ ਤੋਂ ਨੱਕ ਦੀ ਸੇਧ ਰੱਖਕੇ ਤੁਰ ਪਏ, ਬਾਣੀ ਪੜ੍ਹਦੇ ਜਾਂਦੇ, ਆਖਦੇ ਹਨ ਗੁਰੂ ਦੀ ਤਾੜੀ ਲੱਗੀ ਹੋਈ ਸੀ ਬਿਰਤੀ ਇਕਾਗਰ ਹੋ ਚੁਕੀ ਸੀ. ਮਸਤੀ ਵਿਚ ਪੈਦਲ ਈ ਚਲਦੇ ਗਏ ਕਿਤੇ ਠੇਡਾ ਨਾ ਲਗਿਆ ਕਿਤੇ ਟੱਕਰ ਨਾ ਵੱਜੀ। ਜਿਥੇ ਸਮਾਧੀ ਟੁਟੀ ਉਹ ਥਾਂ ਇਹੋ ਹੀ ਸੀ। ਜਿਥੇ ਸੰਤੋਖਸਰ ਦੀ ਖੁਦਾਈ ਹੋ ਰਹੀ ਏ। ਚੋਕੜੀ ਮਾਰ ਕੇ ਬੈਠੇ ਗੁਰਾਂ ਅੰਤਰ ਧਿਆਨ

ਹੋ ਕੇ ਵੇਖਿਆ ਕੋਈ ਰੱਬ ਦਾ ਪਿਆਰਾ ਜੁਗੇਸ਼ਵਰ ਸਮਾਧੀ ਵਿਚ ਲੀਨ ਕਈਆਂ ਯੁਗਾਂ ਦਾ ਬੈਠਾ ਹੋਇਆ ਐ। ਜੁਗੇਸ਼ਵਰ ਨੂੰ ਸਮਾਧੀ ਤੋਂ ਜਗਾਉਣਾ ਵੀ ਇਕ ਤਪੱਸਿਆ। ਬੜੇ ਯਤਨ ਕੀਤੇ, ਉਪਾ ਜਿੰਨੇ ਕੀਤੇ ਜਾ ਸਕਦੇ ਸਨ ਸਾਰੇ ਕਰਕੇ ਵੇਖੇ। ਆਖਰ ਸਤਗੁਰਾਂ ਪਾਣੀ ਦਾ ਛਿਟਾ ਮਾਰਿਆ ਜੁਗੇਸ਼ਵਰ ਦੀ ਸਮਾਧੀ ਖੁਲੀ, ਨੇਤਰ ਪੁਟੇ ਜੁਗੇਸ਼ਵਰ ਬੋਲਿਆ ਇਹ ਕਿਹੜਾ ਯੁਗ ਏ ?

ਗੁਰੂ ਮਹਾਰਾਜ ਨੇ ਫਰਮਾਇਆ ਕਲਯੁੱਗ।

—ਗੁਰੂ ਅਮਰਦਾਸ ਹੂਆ ?

—ਰਾਮਦਾਸ ਗੁਰੂ ਨੇ ਆਖਿਅ—ਹੂਆ।

—ਮੈਂ ਵਿਸ਼ਵਾਸ ਕਿਦਾਂ ਕਰ ਲਵਾਂ।

—ਮੈਂ ਗੁਰੂ ਅਮਰਦਾਸ ਦਾ ਸੇਵਕ ਹਾਂ।

—ਜੋ ਕੁਝ ਮੈਂ ਸੁਣ ਰਿਹਾ ਹਾਂ ਜੇ ਠੀਕ ਏ ਤੇ ਗੁਰਬਾਣੀ ਸੁਣਾਓ : ਯਕੀਨ ਹੋ ਜਾਵੇਗਾ। ਰਬਾਬੀਆਂ ਨੇ ਗੁਰਬਾਣੀ ਗਾਈ। ਜੁਗੇਸ਼ਵਰ ਨੇ ਫਰਮਾਇਆ ਮੇਰੀ ਜੂਨ ਕਟੀ ਗਈ, ਜਲ ਛਿੜਕੋ ਮੇਰੀ ਆਤਮਾ ਆਪਣੇ ਸਥਾਨ ਤੇ ਆ ਜਾਏ।

—ਅੰਮ੍ਰਿਤ ਦਾ ਕੁੰਡ ਕਿਥੇ ਐ।

—ਲਾਗੇ ਥੋੜੀ ਦੂਰ।

—ਮੇਰੇ ਪਾਸ ਸਮਾਂ ਘੱਟ ਏ ਨਾਲੇ ਮੈਂ ਉਠ ਨਹੀਂ ਸਕਦਾ। ਤੁਸੀਂ ਈਰਾਵਤੀ ਨਦੀ ਵਲ ਮੂੰਹ ਕਰ ਲਓ। ਦੋ ਕੁ ਸੌ ਸੰਖ ਦੇ ਕਰੀਬ ਇਕ ਛਪੜੀ ਮਲੇਗੀ।

—ਸੰਖ ਤੋਂ ਤੁਹਾਡੀ ਮੁਰਾਦ ?

—ਅੱਛਾ ਯੁਗ ਬਦਲ ਗਿਆ ਏ ਪੈਮਾਇਸ਼ ਵੀ ਬਦਲ ਗਈ ਐ।
ਧਨੁਸ਼ਬਾਣ ਨਾਲ ਨਾਪ ਲਓ। ਇਕ ਸੰਖ ਇਕ ਧਨੁਸ਼ ਦੀ ਪੈਮਾਇਸ਼ ਦਾ ਏ।

—ਤੇ ਇਹਦੇ ਗੁਣ ?

—ਅੰਮ੍ਰਿਤ ਆਪੀ ਆਪਣੇ ਗੁਣ ਦਸ ਦੇਵੇਗਾ। ਜਲਦੀ ਜਲਦੀ, ਮੈਨੂੰ ਦੇਰ ਹੋ ਰਹੀ ਏ, ਮੈਂ ਇੰਤਜ਼ਾਰ ਨਹੀਂ ਕਰ ਸਕਦਾ।

ਸਤਗੁਰਾਂ ਪਾਣੀ ਦਾ ਛਿਟਾ ਮਾਰਿਆ। ਅੱਖ ਝਮਕਣ ਲਗਿਆਂ ਤਾਂ ਦੇਰ ਲਗੀ ਹੋਵੇਗੀ ਪਰ ਜੁਗੇਸ਼ਵਰ ਨੂੰ ਸਰੀਰ ਤਿਆਗਣ ਲਗਿਆਂ ਇਕ ਛਿਨ ਵੀ ਨਾ ਲਗਿਆ। ਜੁਗੇਸ਼ਵਰ ਨੂੰ ਸੰਤੋਖ ਮਿਲ ਗਿਆ ਤੇ ਏਸ ਲਈ ਏਸ ਸਰੋਵਰ ਦਾ ਨਾਂ ਸੰਤੋਖਸਰ ਰਖ ਦਿਤਾ ਗਿਆ। ਸੁਖਾ ਸਿੰਘ ਦੀਆਂ ਅੱਖਾਂ ਵਿਚ ਨੀਂਦ ਅਠਖੇਲੀਆਂ ਕਰ ਰਹੀ ਸੀ।

—ਸੌਂ ਜਾਓ ਸਿੰਘ ਜੀ ਅਜੇ ਬੜੀਆਂ ਮੱਲਾਂ ਮਾਰਨੀਆਂ ਨੇ। ਬੜੀ ਦੂਰ ਐ ਗੁਰੂ ਦੀ ਨਗਰੀ।

—ਪੂਰਨ ਤਾਲ ਖਟਾਇਆ : ਅੰਮ੍ਰਿਤਸਰ ਵਿਚ ਜੋਤ ਜਗਾਵੇ। ਸੁਖਾ ਸਿੰਘ ਨੇ ਬਾਣੀ ਦੀ ਤੁਕ ਪੜ੍ਹੀ।

ਦੁਖ ਭੰਜਨੀ ਬੇਰੀ

ਸੁਖਾ ਸਿੰਘ ਨੇ ਆਪਣੀ ਕਥਾ ਦਾ ਅਰੰਭ ਕੀਤਾ—ਅਹੁ ਦੁਖ ਭੰਜਨੀ ਬੇਰੀ ਦਿਖਦੀ ਏ ਨੇ ? ਨਜ਼ਰ ਆਉਂਦੀ ਏ ਨਾ ? ਨਹੀਂ ਤੇ ਮੇਰੇ ਵਲ ਵੇਖੋ ਬਿਲਕੁਲ ਹਰਿਮੰਦਰ ਦੇ ਪੂਰਬ ਵਲ। ਕਿਉਂ ਖਿਆਲ ਵਿਚ ਆਈ ਬੇਰੀ ?

—ਹਾਂ ਹਾਂ ਮੇਰੀ ਮਾਂ ਨੇ ਸੁਖਣਾ ਸੁਖੀ ਸੀ, ਮੇਰੇ ਚਾਚੇ ਦੇ ਪੁਤ ਦੀ। ਮੇਰੀ ਚਾਚੀ ਦਾ ਬਾਲ ਨਹੀਂ ਸੀ ਬਚਦਾ। ਉਸਨੇ ਆਖਿਆ ਭੈਣਜੀ ਜੇ ਦੁਖ ਭੰਜਨੀ ਬੇਰੀ ਦੀ ਆਸ਼ੀਰਵਾਦ ਨਾਲ ਮੇਰਾ ਬਾਲ ਬਚ ਗਿਆ ਤਾਂ ਮੈਂ ਸਿੰਘਾਂ ਦੇ ਡੇਰੇ ਛਡ ਆਵਾਂਗੀ। ਬੋਲ ਮਹਿਤਾਬ ਸਿੰਘ ਦੇ ਸਨ।

—ਸਿੰਘਾਂ ਨੂੰ ਵਖਤ ਪਿਐ ਅਨਾਥ ਬੱਚੇ ਪਾਲਣ ਦਾ ? ਜੋਗਾ ਬੋਲਿਆ।

—ਨਹੀਂ ਮੇਰੀ ਚਾਚੀ ਨੇ ਸੰਕਲਪ ਕੀਤਾ ਸੀ ਕਿ ਮੇਰਾ ਪੁਤ ਜਦੋਂ ਜਵਾਨ ਹੋਵੇਗਾ ਤਾਂ ਮੈਂ ਉਸਨੂੰ ਸਿਖ ਬਣਾਵਾਂਗੀ। ਸਾਰਾ ਪੰਜਾਬ ਈ ਸੁਖਣਾ ਸੁਖਦਾ ਰਹਿੰਦਾ ਏ, ਸਾਰੇ ਪੰਜਾਬ ਦਾ ਚੜ੍ਹਾਵਾ ਵੀ ਸਿਖ ਹਨ। ਹਰ ਹਿੰਦੂ ਆਪਣੇ ਵੱਡੇ ਪਲੇਠੀ ਦੇ ਪੁੱਤ ਨੂੰ ਸਿਖ ਬਣਾਉਂਦਾ ਏ, ਇਹ ਸਾਰੇ ਜੱਥੇ ਇਸੇ ਤਰ੍ਹਾਂ ਬਣੇ ਹਨ। ਕੁਝ ਜੋਸ਼ ਵਿਚ ਆ ਕੇ ਤੇ ਕੁਝ ਵਲਵਲਿਆਂ ਦੇ ਉਛਾਲੇ ਨਾਲ ਤੇ ਕੁਝ ਸਰਦਾਰ ਬਣਨਾ ਚਾਹੁੰਦੇ ਸਨ। ਕੁਝ ਗੁਰੂਆਂ ਦੇ ਪਾਏ ਪੂਰਨਿਆਂ ਨੂੰ ਸਾਖਸ਼ਾਤ ਰੂਪ ਦੇਣਾ ਚਾਹੁੰਦੇ ਸਨ। ਹਰ ਕੋਈ, ਕੋਈ ਨਾ ਕੋਈ ਆਸ਼ਾ ਲੈ ਕੇ ਸਿਖ ਬਣਿਆ। ਮਹਿਤਾਬ ਸਿੰਘ ਨੇ ਇਉਂ ਆਪਣੇ ਗਲੋਂ ਉਲਾਮ੍ਹਾ ਲਾਹਿਆ।

ਸੁਖਾ ਸਿੰਘ ਨੇ ਆਖਿਆ—ਲੈ ਭਈ ਹੁਣ ਨਿਠ ਕੇ ਬਹਿ ਜਾਓ। ਸਾਰਾ ਦਿਨ ਅਸਾਂ ਏਥੇ ਈ ਗੁਜ਼ਾਰਨਾ ਏ। ਨਾਥਾਂ ਦੇ ਡੇਰੇ ਆਪਣੇ ਟਿਕਾਣੇ ਪੁਜ ਜਾਣ ਤੇ ਫੇਰ ਅਸਾਂ ਘੋੜਿਆਂ ਤੇ ਕਾਠੀਆਂ ਕਸਣੀਆਂ ਨੇ। ਹੁਣ ਸਾਨੂੰ ਫੂਕ-ਫੂਕ ਕੇ ਪੈਰ ਧਰਨੇ ਪੈਣੇ ਨੇ। ਗਸ਼ਤੀ ਫੌਜ ਥਾਂ-ਥਾਂ ਹਰਲ ਹਰਲ ਕਰਦੀ ਫਿਰਦੀ ਏ, ਉਨ੍ਹਾਂ ਦੀਆਂ ਅੱਖਾਂ ਵਿਚ ਮਿਰਚਾਂ ਧੂੜਨੀਆਂ ਨੇ। ਅਜ ਤੁਸੀਂ ਭੇਸ ਵਟਾ ਕੇ ਵਿਖਾਓ, ਸੂਫੀ ਫਕੀਰਾਂ ਦੇ ਚੋਗੇ ਇਕੱਠੇ ਕਰ ਖਾਂ ਚੌਧਰੀ। ਤਸਬੀਆਂ ਲੱਭ। ਸਾਰੇ ਆਪਣੇ ਰੂਪ ਬਦਲਣ ਤੇ ਫੇਰ ਅਸੀਂ ਇਕ ਦੂਜੇ ਨੂੰ ਪਛਾਣ ਕੇ ਵੇਖੀਏ, ਕਿਹੜਾ ਕਿਹੜਾ ਬੰਦਾ ਇਮਤਿਹਾਨ ਚੋਂ ਪਾਸ ਹੁੰਦਾ ਏ। ਇਹ ਸਲਾਹ ਸੁੱਖਾ ਸਿੰਘ ਨੇ ਦਿੱਤੀ।

—ਅਸੀਂ ਤੇ ਹੁਣ ਕਥਾ ਸੁਣਾਂਗੇ, ਸਾਡੀ ਤਾਰ ਇਹਦੇ ਨਾਲ ਜੁੜੀ ਹੋਈ ਏ, ਰਾਤ ਨੂੰ ਆਪਣੇ ਕਸਬ ਵਿਖਾਵਾਂਗੇ। ਹੁਣ ਕੁਝ ਸਮੇਂ ਲਈ ਗੁਰ-ਗਾਥਾ ਸੁਣੀ ਜਾਏ। ਮਹਿਤਾਬ ਸਿੰਘ ਨੇ ਸਲਾਹ ਦਿਤੀ।

—ਮੈਂ ਸ਼ਾਮੀ ਇਕ ਤਮਾਸ਼ਾ ਵਿਖਾਵਾਂਗਾ। ਜਿਹੜਾ ਪਛਾਣ ਲਏ ਸਾਰਿਆਂ ਦੇ ਸਾਹਮਣੇ ਉਹਦੀ ਲੱਤ ਥਲਿਓਂ ਨਿਕਲ ਜਾਊਂ। ਹੁਣ ਸੁੱਖਾ ਸਿੰਘ ਜਿਹੜੀਆਂ ਲੋਰੀਆਂ ਦੇ ਰਿਹਾ ਏ ਉਹਦਾ ਆਨੰਦ ਮਾਣੋ। ਹਰ ਬੰਦੇ ਨੂੰ ਘੜੀ-ਅਧੀ ਘੜੀ ਤੋਂ ਵਧ ਸਮਾਂ ਨਹੀਂ ਮਿਲਣਾ ਚਾਹੀਦਾ। ਇਹ ਤੇ ਤੜਕ-ਫੜਕ ਦਾ ਕੰਮ ਏ। ਨਜ਼ਰ ਏਧਰ ਫਿਰੀ ਤੇ ਉਪਰ ਕੰਨਾਂ ਵਿਚ ਮੁੰਦਰਾਂ। ਏਧਰ ਸਹਿਤੀ ਨੂੰ ਭਰਮਾਇਆ ਤੇ ਉਧਰ ਰੱਸੀ ਦਾ ਸੱਪ ਬਣਾ ਕੇ ਵਿਖਾ ਦਿਤਾ ਖੇੜਿਆਂ ਨੂੰ। ਰਾਂਝਾ ਹੀਰ ਨੂੰ ਮਿਲ ਗਿਆ। ਸਹਿਤੀ ਨੇ ਮੁਰਾਦ ਨੂੰ ਵੇਖ ਕੇ ਅੱਖਾਂ ਦੀ ਤੇਹ ਬੁਝਾਈ। ਰਾਮ ਲੀਲਾ ਵਾਂਗ ਬੰਦਾ ਆਪਣੀ ਸ਼ਕਲ ਵਟਾਏ ਪਛਾਣਨ ਵਾਲੇ ਪਛਾਣ ਨਾ ਸਕਣ।

ਮਹਿਤਾਬ ਸਿੰਘ ਨੇ ਤਾੜਿਆ—ਸਾਨੂੰ ਇਕ ਵਾਰੀ ਹਰਿਮੰਦਰ ਦੇ ਦਰਸ਼ਨ ਤੇ ਕਰਵਾ ਦੇ ਫ਼ੇਰ ਬਾਕੀ ਤੂੰ ਆਪਣਾ ਡਬਰੂ ਖੜਕਾਉਂਦਾ ਫਿਰੀਂ।

—ਚੰਗਾ ਸੁਣੋ, ਮੈਂ ਤੁਹਾਨੂੰ ਦੁੱਖ ਭੰਜਨੀ ਬੇਰੀ ਦੀ ਗੱਲ ਸੁਣਾਉਣ ਲੱਗਾ ਹਾਂ। ਪਹਿਲਾ ਟੱਕ ਏਸ ਬੇਰੀ ਦੇ ਮੁਢ ਨਾਲ ਲਾਇਆ ਗਿਆ। ਇਸਨੂੰ ਮਹੂਰਤ ਆਖ ਲਓ ਜਾਂ ਸ਼ਗਨ। ਇਹ ਗੱਲ ਚੰਗੀ ਤਰ੍ਹਾਂ ਯਕੀਨ ਨਾਲ ਨਹੀਂ ਆਖੀ ਜਾ ਸਕਦੀ ਕਿ ਟੱਕ ਲਾਉਣ ਵਾਲਾ ਗੁਰੂ ਰਾਮ ਦਾਸ ਸੀ ਜਾਂ ਬਾਬਾ ਬੁੱਢਾ। ਬਾਕੀ ਤਲਾ ਦੀ ਖੁਦਾਈ ਸੇਵਕਾਂ ਸ਼ਰਧਾਲੂਆਂ ਗੁਰਪਿਆਰਿਆਂ ਮਜ਼ਦੂਰਾਂ ਦੀ ਕਿਰਤ ਦਾ ਸਿੱਟਾ ਏ। ਸ਼ਰਧਾਲੂ ਤੇ ਏਥੋਂ ਤਕ ਆਖਦੇ ਹਨ ਕਿ ਗੁਰੂ ਰਾਮ ਦਾਸ ਸਿਰ ਤੇ ਟੋਕਰੀ ਚੁੱਕ ਕੇ ਤਲਾਅ ਵਿਚੋਂ ਆਪ ਲਿਆਉਂਦੇ ਸਨ। ਭਾਵੇਂ ਸਰੀਰ ਢਿੱਲਾ ਸੀ ਪਰ ਜਵਾਨਾਂ ਸਾਹਮਣੇ ਮੋਢੇ ਨਹੀਂ ਸਨ ਲੱਗਣ ਦਿੰਦੇ। ਇਸ ਉੱਦਮ ਨੂੰ ਵੇਖ ਕੇ ਸਾਰਾ ਪੰਜਾਬ ਢੁਕਿਆ, ਵਹੀਰਾਂ ਘੱਤੀਆਂ, ਪ੍ਰੇਮ ਪਿਆਰ, ਸ਼ਰਧਾ, ਲਗਨ, ਜਜ਼ਬਾ, ਉਤਸ਼ਾਹ ਨੇ ਸਰੋਵਰ ਦੀ ਰੂਪ-ਰੇਖਾ ਬਣਾਈ! ਜੇ ਦਮੜੇ ਖਰਚ ਜਾਂਦੇ ਤਾਂ ਸ਼ਾਇਦ ਹਰਿ-ਮੰਦਰ ਨਾ ਬਣਦਾ ਕੁਝ ਹੋਰ ਹੀ ਹੁੰਦਾ। ਸੁੱਖਾ ਸਿੰਘ ਨੇ ਜ਼ਰਾ ਕੁ ਸਾਹ ਲਿਆ।

ਵਿਚੋਂ ਹੀ ਮਹਿਤਾਬ ਸਿੰਘ ਬੋਲ ਉਠਿਆ—ਦੁੱਖ ਭੰਜਨੀ ਬੇਰੀ ਇਸ ਨੂੰ ਕਿਉਂ ਆਖਦੇ ਹਨ ?

—ਦੁਨੀ ਚੰਦ ਖਤਰੀ, ਮਾਝੇ ਦਾ ਵਸਨੀਕ, ਮਸ਼ਹੂਰ, ਜਿਹੜਾ ਚਾਰੇ-ਬਾਰੇ ਵਿਚ ਮੰਨਿਆ ਸ਼ਾਹ ਸੀ। ਬਰਕਾਰੇ ਸਰਬਾਰੇ ਕੁਰਸੀ, ਅਕਬਰ ਦੀ ਤਖਤਨਸ਼ੀਨੀ ਵੇਲੇ ਦੁਨੀ ਚੰਦ ਖਤਰੀ ਤੋਂ ਕਰਜ਼ ਲਿਆ ਗਿਆ ਸੀ। ਕਲਾਨੌਰ ਦੇ ਦਰਬਾਰ ਦੀ ਪੂਰੀ ਰਕਮ ਇਕ-ਇਕ ਪਾਈ ਗਿਣਕੇ ਸ਼ਾਹ ਨੇ ਆਪਣੀ ਗੰਢ ਪੱਲਿਓਂ ਤਾਰੀ ਸੀ। ਮੁਗ਼ਲ ਹਕੂਮਤ ਵਿਚ ਉਸਦੇ ਨਾਂ ਦੀ ਹੁੰਡੀ ਚਲਦੀ ਸੀ। ਅਕਬਰ ਉਸ ਨੂੰ ਆਪਣੇ ਪਿਓ ਵਾਂਗ ਮੰਨਦਾ ਸੀ। ਕਈ ਵਾਰ ਅਕਬਰ ਦੇ ਨਾਲ ਆਗਰੇ ਗਿਆ। ਅਕਬਰ ਨੇ ਇਕ ਵਾਰ ਸਾਰੇ ਪੰਜਾਬ ਦਾ ਉਸਨੂੰ ਠੇਕਾ ਦੇ ਦਿੱਤਾ। ਸਰਕਾਰੀ ਮਾਮਲਾ ਸਾਰਾ ਇਹਦੇ ਕੋਲ ਇਕੱਠਾ ਹੁੰਦਾ ਸੀ। ਇਹ ਤਾਰੇ ਨਾ ਤਾਰੇ, ਇਸਨੂੰ ਕੋਈ ਪੁਛਣ ਵਾਲਾ ਨਹੀਂ ਸੀ। ਜਿਸ ਵੇਲੇ ਹਕੂਮਤ ਨੂੰ ਲੋੜ ਪਈ, ਏਸੇ ਨੇ ਦਮੜੇ ਗਿਣਕੇ ਦਿੱਤੇ। ਇਸ ਜਦੋਂ ਵੀ ਮੋਹਰਾਂ ਕਿਸੇ ਨੂੰ ਦਿੱਤੀਆਂ ਤਾਂ ਤੋਲਕੇ, ਕੌਣ ਗਿਣੇ। ਇਕ ਵਾਰੀ ਇਸ ਦੀ ਜ਼ਨਾਨੀ ਖਹਿੜੇ ਪੈ ਗਈ, ਆਖਣ ਲੱਗੀ ਮੋਹਰਾਂ ਗਿਣਕੇ ਦਿਆ ਕਰੋ। ਸ਼ਾਹ ਆਖਣ ਲੱਗਾ—ਇਹ ਕੰਮ ਤੂੰ ਹੀ ਕਰ ਕੇ ਵੇਖ ਲੈ। ਜ਼ਨਾਨੀ ਨੇ ਹੌਂਸਲਾ ਕੀਤਾ ਪਰ ਅੱਧਾ ਦਿਨ ਮੁਹਰਾਂ ਗਿਣਨ ਤੋਂ ਬਾਅਦ ਦਿਲ ਛਡ ਗਈ। ਜਦ ਉਹ ਸਾਹ ਲੈਣ ਲਗੀ

ਉਠੀ ਤਾਂ ਮੂੰਹ ਤੇ ਹੱਥ ਫੇਰਿਆ। ਸ਼ਾਹ ਜ਼ਨਾਨੀ ਨੂੰ ਵੇਖ ਕੇ ਹੱਸ ਪਿਆ। ਜ਼ਨਾਨੀ ਰੁੱਸ ਪਈ ਬੂਥੀ ਸੁਜਾ ਲਈ। ਰੁੱਸੀ ਜ਼ਨਾਨੀ ਨੂੰ ਮਨਾਉਣਾ ਬੰਦਿਆਂ ਨੂੰ ਆਉਂਦਾ ਏ। ਸਠਾਣੀ ਆਖਣ ਲੱਗੀ—ਮੇਰੇ ਮੂੰਹ ਤੇ ਕੀ ਡੂਮਣਾ ਲੱਗਾ ਹੋਇਆ ਹੈ। ਸ਼ਾਹ ਫਿਰ ਹੱਸ ਪਿਆ। ਜ਼ਨਾਨੀ ਭੁੜਕ ਡੰਡਿਓਂ ਪਾਰ ਹੋ ਗਈ।

—ਭਾਗਵਾਨੇ ਗਲਤੀ ਹੋ ਗਈ ਏ। ਸ਼ਾਹ ਨੂੰ ਝਟ ਫੁਰਨਾ ਫੁਰਿਆ। ਉਸ ਨੇ ਸ਼ੀਸ਼ਾ ਲੱਭ ਲਿਆਂਦਾ ਘਰੋਂ ਤੇ ਜ਼ਨਾਨੀ ਦੇ ਅਗੇ ਰੱਖ ਦਿਤਾ! ਜਦੋਂ ਜ਼ਨਾਨੀ ਨੇ ਆਪਣਾ ਮੂੰਹ ਵੇਖਿਆ ਤਾਂ ਉਹ ਕਾਲਾ ਸ਼ਿਆਹ ਸੀ।

—ਹੈਂ, ਇਹ ਕੀ ਹੋ ਗਿਆ ਏ। ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ।

—ਤੈਨੂੰ ਕਿਸ ਆਖਿਆ ਸੀ ਮੁਹਰਾਂ ਗਿਣ?

—ਮੇਰੇ ਹੱਥਾਂ ਨੂੰ ਕਾਲਖ ਲੱਗ ਗਈ ਏ। ਮੁਖੜਾ ਮੈਲਾ ਹੋ ਗਿਆ ਏ।

ਉਸ ਦਿਨ ਪਿਛੋਂ ਕਿਸੇ ਨੇ ਮੁਹਰਾਂ ਨਹੀਂ ਸਨ ਗਿਣੀਆਂ। ਸ਼ਾਹ ਦਾ ਡੰਕਾ ਦਿੱਲੀ ਤਕ ਵਜਦਾ। ਕੌਣ ਸੀ ਜਿਹੜਾ ਸ਼ਾਹ ਦੇ ਨਾਂ ਤੋਂ ਜਾਣੂ ਨਹੀਂ ਸੀ।

—ਸੁਖ ਨਾਲ ਉਸ ਦੀਆਂ ਪੰਜ ਧੀਆਂ ਸਨ, ਪੁੱਤ ਇਕ ਵੀ ਨਹੀਂ ਸੀ। ਅਕਬਰ ਨੂੰ ਪੁੱਤ ਬਣਾਇਆ ਪਰ ਉਹ ਤੇ ਸ਼ਹਿਨਸ਼ਾਹ ਸੀ। ਏਨੇ ਰਿਜਕ ਨੂੰ ਫੇਰ ਅੱਗ ਲਾਉਣੀ ਏਂ ਜਦੋਂ ਉਸਦਾ ਕੋਈ ਮਾਲਕ ਈ ਨਾ ਹੋਵੇ। ਪਰ ਸ਼ਾਹ ਨੂੰ ਦੌਲਤ ਤੇ ਬੜਾ ਗਰਵ ਸੀ। ਰੱਬ ਬਣਿਆ ਬੈਠਾ ਸੀ। ਦੌਲਤ ਰੱਬ ਦਾ ਦੂਜਾ ਨਾਂ ਏਂ। ਸੱਪ ਤੇ ਸ਼ਾਹ ਵਿਚ ਕੋਈ ਫਰਕ ਨਹੀਂ ਸੀ।

—ਜਦੋਂ ਸ਼ਾਹ ਚੌਂਕੇ 'ਚ ਬੈਠਦਾ ਤਾਂ ਪੰਜ ਥਾਲੀਆਂ ਲੈਕੇ ਧੀਆਂ ਸਾਵੀਆਂ ਬੈਠ ਜਾਂਦੀਆਂ। ਜਿਸਦੀਆਂ ਪੰਜ ਧੀਆਂ ਹੋਣ, ਕੰਧਾਂ ਨਹੀਂ ਡੋਲਦੀਆਂ! ਪਰ ਸ਼ਾਹ ਨੂੰ ਰਤੀ ਫ਼ਿਕਰ ਨਹੀਂ ਸੀ। ਮੈਂ ਸਾਰੇ ਜਵਾਈ ਰਜਵਾੜਿਆਂ ਵਿਚੋਂ ਲੱਭਣੇ ਹਨ, ਭੁਖਿਆਂ ਦਾ ਮੇਰੇ ਵਿਹੜੇ ਕੀ ਕੰਮ। ਗਿੱਠਵਾਰ ਆਉਂਦਾ ਕੁੜੀਆਂ ਨੂੰ ਦਿਹਾੜੀ ਵਿਚ। ਬੂਹੇ ਦੀ ਚੁਗਾਠ ਨੂੰ ਹੱਥ ਲਾਉਣ ਲੱਗ ਪਈਆਂ ਕੁੜੀਆਂ ਵਾਰੋ-ਵਾਰੀ, ਪਿਓ ਦੀ ਪੱਗ ਦਾ ਸ਼ਮਲਾ ਡੋਲਿਆ। ਲੱਭਣ ਚੜ੍ਹਿਆ ਵਰ ਵਡੀ ਕੁੜੀ ਲਈ। ਦਸ ਜੈਪੁਰ ਪਈ। ਮੁੰਡਾ ਦੀਵਾਨ ਦਾ ਸੀ। ਗੱਲ ਨੇਪਰੇ ਚੜ੍ਹ ਗਈ, ਜੰਞ ਢੁਕੀ, ਸ਼ਾਹ ਨੇ ਵੀ ਰੀਝ ਲਾਹੀ ਦਾਜ ਦੇਣ ਦੀ ਹੱਦ ਲਾਹ ਦਿੱਤੀ। ਜਦੋਂ ਕੁੜੀ ਡੋਲੇ 'ਚ ਬੈਠੀ ਆਖਣ ਲੱਗੀ—ਬਾਪੂ ਤੇਰਾ ਦਿੱਤਾ ਬਹੁਤ ਕੁਝ ਏ, ਤੂੰ ਘਰ ਭਰ ਦਿੱਤਾ ਏ ਮੇਰੇ ਸਹੁਰਿਆਂ ਦਾ, ਰਬ ਤੈਨੂੰ ਭਾਗ ਲਾਏ। ਤੂੰ ਹੀ ਸਾਡਾ ਅੰਨਦਾਤਾ ਏਂ।

—ਸ਼ਾਹ ਦੇ ਜ਼ਮੀਨ ਤੋਂ ਗਿੱਠ ਗਿੱਠ ਉਚੇ ਪੈਰ ਪੈਣ ਲੱਗ ਪਏ। ਧੀ ਨੇ ਤਾਰੀਫ਼ ਕੀਤੀ ਸ਼ਾਹ ਦੀ। ਸ਼ਾਹ ਭਗਵਾਨ ਬਣ ਬੈਠਾ। ਸ਼ਾਹ ਨੂੰ ਦੌਲਤ ਤੋਂ ਬਗੈਰ ਹੋਰ ਕੋਈ ਚੀਜ਼ ਨਜ਼ਰ ਈ ਨਹੀਂ ਸੀ ਆਉਂਦੀ। ਉਹ ਚਾਹੁੰਦਾ ਸੀ ਕਿ ਜਿੰਨਾ ਚਿਰ ਜੀਵੇ ਲੋਕ ਇਸ ਤਰ੍ਹਾਂ ਉਸ ਦਾ ਥੜ੍ਹਾ ਪੂਜਦੇ ਰਹਿਣ। ਦੂਜੀ ਕੁੜੀ ਦਾ ਵਿਆਹ ਹੋਇਆ। ਤਾਂ ਵੀ ਉਸੇ ਤਰ੍ਹਾਂ ਹੀ। ਤੀਜੀ ਨੇ ਵੀ ਇਹੋ ਕੁਝ ਕੀਤਾ। ਚੌਥੀ ਦੀ ਵਾਰੀ ਆਈ ਤਾਂ ਉਸਨੇ ਵੀ ਪਿਓ ਦਾ ਜਸ ਗਾਇਆ। ਪਰ ਪੰਜਵੀਂ ਕੁੜੀ ਚਾਪਲੂਸ ਨਹੀਂ ਸੀ ਤੇ ਨਾ ਹੀ ਖੁਸ਼ਾਮਦੀ, ਅਕਲਮੰਦ ਸੀ। ਉਹ ਜਦੋਂ ਵੀ ਬੋਲਦੀ—ਆਖਦੀ—ਰੱਬ ਦੀ ਕ੍ਰਿਪਾ ਏ। ਭਗਵਾਨ ਨੇ

ਦਿਤਾ ਏ ਤੇ ਮੇਰਾ ਪਿਓ ਦੇ ਰਿਹਾ ਏ। ਇਹ ਸਭ ਕੁਝ ਭਗਵਾਨ ਦੀ ਮਾਇਆ ਏ। ਇਸ ਗੱਲ ਤੇ ਸ਼ਾਹ ਵਿਗੜ ਬਹਿੰਦਾ। ਉਹ ਆਖਦਾ—ਦੇਣ ਵਾਲਾ ਮੈਂ ਹਾਂ ਰੱਬ ਕੌਣ ਏ ? ਪਰ ਕੁੜੀ ਜਾਣੀ-ਜਾਣ ਸੀ ਆ ਖਣ ਲਗੀ—ਇਹ ਸਭ ਕੁਝ ਵਾਹਿਗੁਰੂ ਦੀ ਮਿਹਰ ਏ। ਸ਼ਾਹ ਲਾਲ ਪੀਲਾ ਹੋ ਜਾਂਦਾ ਘੜੀ ਵਿਚ ! ਮਾਂ ਵਿਚ ਪੈ ਜਾਂਦੀ ਤੇ ਪਿਓ ਦਾ ਗੁੱਸਾ ਕੁਝ ਮੱਠਾ ਪੈਂਦਾ। ਸਿਠਾਣੀ ਆਖਦੀ—ਕੁੜੀ ਬਾਲੜੀ ਏ, ਇਹਦੀਆਂ ਗੱਲਾਂ ਦਾ ਗੁੱਸਾ ਨਾ ਕਰੋ। ਪਰ ਸ਼ਾਹ ਨੂੰ ਕੌਣ ਸਮਝਾਵੇ ?

ਕੁੜੀ ਨੇ ਇਕ ਦਿਨ ਆਖਿਆ—ਭਗਵਾਨ ਦੇ ਸੌ ਹੱਥ ਹਨ, ਜਦੋਂ ਉਹ ਦਿੰਦਾ ਏ ਤਾਂ ਸੌ ਹੱਥਾਂ ਨਾਲ ਦਿੰਦਾ ਏ, ਬੰਦਾ ਦੋ ਹੱਥਾਂ ਨਾਲ ਕਿੰਨਾ ਖਰਚ ਕਰ ਸਕਦਾ ਏ। ਪਰ ਜਦੋਂ ਉਹ ਖੋਂਹਦਾ ਏ ਤਾਂ ਸੌ ਹੱਥਾਂ ਨਾਲ। ਬੰਦਾ ਦੋ ਹੱਥਾਂ ਨਾਲ ਕਿੰਨਾ ਕੁ ਸਾਂਭ ਲਊ। ਇਹ ਮਾਇਆ ਉਸੇ ਭਗਵਾਨ ਦੀ ਏ। ਪਰ ਇਸ ਗੱਲ ਦੀ ਸ਼ਾਹ ਨੂੰ ਸਮਝ ਨਹੀਂ ਸੀ ਆਉਂਦੀ। ਸਮਝ ਆ ਵੀ ਨਹੀਂ ਸੀ ਸਕਦੀ। ਕੁੜੀ ਵਲੋਂ ਉਹ ਬੜਾ ਦੁੱਖੀ ਹੋਇਆ। ਇਕ ਦਿਨ ਝਗੜਾ ਹੋ ਗਿਆ। ਕੁੜੀ ਨੇ ਆਖਿਆ—ਭਗਵਾਨ ਨੇ ਮੇਰੀ ਕਿਸਮਤ ਲਿਖ ਦਿਤੀ ਏ ਇਹਦੇ ਵਿਚ ਵਾਧਾ ਘਾਟਾ ਨਹੀਂ ਹੋ ਸਕਦਾ। ਬੰਦਾ ਕੌਣ ਏ, ਕਿਸੇ ਦੀ ਤਕਦੀਰ ਵਿਗਾੜਨ ਵਾਲਾ। ਨਾ ਕੋਈ ਬਣਾ ਸਕਦਾ ਏ ਤੇ ਨਾ ਉਸਨੂੰ ਕੋਈ ਬਦਲ ਈ ਸਕਦਾ ਏ।

—ਇਹ ਗੱਲ ਬਿਲਕੁਲ ਗ਼ਲਤ ਏ। ਮੈਂ ਚਾਹਵਾਂ ਤਾਂ ਇਕ ਦਿਨ ਵਿਚ ਕਿਸੇ ਨੂੰ ਧਨਵਾਨ ਬਣਾ ਸਕਦਾ ਹਾਂ।

—ਬਾਪੂ ਝੂਠ, ਬਿਲਕੁਲ ਝੂਠ, ਜੇ ਤੂੰ ਕਿਸੇ ਨੂੰ ਦੌਲਤ ਦੇ ਵੀ ਦੇਵੇਂ ਤੇ ਜੇ ਰਾਤੀਂ ਚੋਰ ਪੈ ਜਾਣ ਤੇ ਲੁਟ ਕੇ ਲੈ ਜਾਣ ਤਾਂ ਫੇਰ ਤੂੰ ਹੱਥ ਡਾਹਵੇਂਗਾ ? ਨਹੀਂ ਕੋਈ ਕਿਸੇ ਦੀ ਤਕਦੀਰ ਨਹੀਂ ਪਲਟ ਸਕਦਾ। ਇਹ ਸਭ ਕੁਝ ਉਸ ਪ੍ਰਮਾਤਮਾ ਦੇ ਹੱਥ ਵਿਚ ਏ।

—ਕੁੜੀ ਜ਼ਿਦ ਤੇ ਅੜੀ ਹੋਈ ਸੀ ਤੇ ਸ਼ਾਹ ਜ਼ਿਦ ਦਾ ਪੱਕਾ ਸੀ। ਉਸ ਆਖਿਆ —ਮੈਂ ਵੇਖਾਂਗਾ, ਕਿਸੇ ਦਿਨ ਤੂੰ ਇਸ ਗੱਲ ਨੂੰ ਮੰਨੇਗੀ ਕਿ ਬਾਪੂ ਦੀ ਗੱਲ ਠੀਕ ਸੀ। ਕੁੜੀ ਨੇ ਸਿਰ ਹਿਲਾ ਦਿਤਾ। ਸੜੇ ਬਲੇ ਪਿਓ ਨੇ ਉਸਦਾ ਵਿਆਹ ਇਕ ਪਿੰਗਲੇ ਨਾਲ ਕਰ ਦਿੱਤਾ। ਕੁੜੀ ਨੇ ਖਿੜੇ ਮੱਥੇ ਕਬੂਲ ਕੀਤੀ ਸ਼ਾਦੀ, ਵਿਆਹ ਹੋ ਗਿਆ। ਡੋਲੀ ਪਿੰਗਲੇ ਨਾਲ ਤੋਰ ਦਿੱਤੀ ਗਈ। ਸਾਰੇ ਬਾਰੇ ਵਿਚ ਖੇਹ ਪਈ ਸ਼ਾਹ ਦੇ ਸਿਰ, ਪਰ ਸ਼ਾਹ ਨੇ ਪੱਗ ਝਾੜ ਦਿਤੀ। ਪਿੰਗਲੇ ਦਾ ਘਰ ਤੇ ਕੁੜੀ, ਉਸ ਪਿਓ ਦੇ ਘਰੋਂ ਫੁੱਟੀ ਕੌਡੀ ਵੀ ਨਾ ਚੁੱਕੀ। ਚਾਰੇ ਕੰਨੀਆਂ ਘਰੋਂ ਝਾੜ ਕੇ ਨਿਕਲੀ। ਪਿੰਗਲੇ ਨੂੰ ਆਪਣੇ ਸਿਰ ਦਾ ਸਾਈਂ ਮੰਨ ਲਿਆ, ਉਸਨੂੰ ਰੇੜ੍ਹੀ ਵਿਚ ਪਾਕੇ ਪਿੰਡ-ਪਿੰਡ ਖਿਚ-ਖਿਚ ਕੇ ਤੁਰਦੀ ਰਹੀ। ਘਰ-ਘਰ ਮੰਗਿਆ, ਪਹਿਲਾਂ ਉਸਨੂੰ ਖਵਾਇਆ ਤੇ ਫਿਰ ਆਪ ਖਾਧਾ। ਪਰ ਪਿਓ ਬਾਰੇ ਜਦ ਵੀ ਆਖਦੀ— ਬਾਪੂ ਤੇਰੇ ਵਸਦੇ ਰਹਿਣ ਚੁਬਾਰੇ, ਸਤ ਰੰਗੀਆ ਕਬੂਤਰ ਬੋਲੇ, ਭਗਵਾਨ ਤੈਨੂੰ ਇੰਨਾ ਦੇਵੇ ਕਿ ਤੂੰ ਸਾਂਭ ਨਾ ਸਕੇਂ।

—ਲੋਕ ਆਖਦੇ ਹਨ ਕੁੜੀ ਨੇ ਸਾਰਾ ਬਾਰ੍ਹਾ ਮੰਗਿਆ ਤੇ ਆਪਣੇ ਪਿੰਗਲੇ ਦਾ ਢਿਡ ਪਾਲਿਆ। ਇਸ ਤਰ੍ਹਾਂ ਇਕ ਸਾਲ ਲੰਘ ਗਿਆ। ਜ ਕਿਸੇ ਦਿਨ ਖਾਣ ਨੂੰ ਨਾ ਮਿਲਿਆ ਪਰ ਜਿਰੜੀ ਧੀ ਪਿਓ ਦੇ ਘਰ ਮੰਗਣ ਨਾ ਆਈ ਹੋਰ ਕਿਸੇ ਦੀ ਮਿੰਨਤ ਭਾਵੇਂ ਕਰ ਲਈ ਹੋਵੇ। ਉਸ ਪਿਓ ਦੀਆਂ ਬਰਹਾਂ ਹੀ ਛੱਡ ਦਿਤੀਆਂ—ਜਿਸ ਮੈਨੂੰ ਪੈਦਾ ਕੀਤਾ ਉਹ ਮੈਨੂੰ ਖਾਣ

ਨੂੰ ਵੀ ਦੇਵੇਗਾ, ਉਸਦਾ ਨਿਸਚਾ ਪੱਕਾ ਸੀ। ਸੁਖਾ ਸਿੰਘ ਨੇ ਜ਼ਰਾ ਕੁ ਦਮ ਮਾਰਿਆ।

—ਪਿਓ ਕਾਹਦਾ ਸੀ ਕਸਾਈ ਸੀ। ਮਹਿਤਾਬ ਸਿੰਘ ਬੋਲਿਆ।

—ਪਰ ਕੁੜੀ ਦੇ ਬਲਿਹਾਰੇ ਜਾਈਏ ਉਸ ਇਕ ਅਥਰ ਵੀ ਨਾ ਕੇਰੀ। ਕਿਸਮਤ ਤੇ ਸ਼ਾਕਰ ਰਹੀ। ਆਵਾਜ਼ ਜੋਗੇ ਦੀ ਸੀ।

—ਅਕਬਰ ਦੇ ਵੇਲੇ ਜਦੋਂ ਵਲੀਅਹਿਦ ਜਹਾਂਗੀਰ ਕਿਸੇ ਗੱਲੋਂ ਸ਼ਾਹ ਨਾਲ ਛਿੱਥਾ ਪੈ ਗਿਆ ਤੇ ਉਸਨੇ ਸ਼ਾਹ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ। ਹੂੰਝ ਕੇ ਲੈ ਗਏ ਸਰਕਾਰੀ ਅਹਿਲਕਾਰ ਉਸਦੀ ਦੌਲਤ, ਪਰ ਸ਼ਾਹ ਦੇ ਬੜੇ ਰਖਣੇ ਸਨ, ਉਹਦੇ ਮੱਥੇ ਤੇ ਰਤੀ ਭਰ ਤਿਊੜੀ ਨਾ ਆਈ। ਭਾਵੇਂ ਵਿਚੋਂ ਖੋਖਲਾ ਹੋ ਚੁਕਿਆ ਸੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਰਸੀ ਸੜ ਗਈ ਪਰ ਵਟ ਨਾ ਗਿਆ।

—ਇਕ ਦਿਨ ਕੁੜੀ ਪਿੰਗਲੇ ਦਾ ਡੋਲਾ ਚੁਕੀ ਫਿਰਦੀ-ਫਿਰਦੀ ਅੰਮ੍ਰਿਤਸਰ ਆਣ ਨਿਕਲੀ। ਵਿਚਾਰੀ ਦੀ ਰਿਹੜੀ ਟੁੱਟ ਗਈ। ਉਸ ਆਪਣੇ ਪਤੀ ਨੂੰ ਖਾਰੇ ਵਿਚ ਪਾਕੇ ਸਿਰ ਤੇ ਚੁਕ ਲਿਆ ਤੇ ਇਸ ਜਗ੍ਹਾ ਤੇ ਲਿਆਕੇ ਰਖ ਦਿਤਾ ਜਿਸਨੂੰ ਅਸੀਂ ਦੁਖ ਭੰਜਨੀ ਬੇਰੀ ਆਖਦੇ ਹਾਂ। ਖਾਰਾ ਉਥੇ ਰਖ ਕੇ ਆਪ ਚਲੀ ਗਈ ਲੰਗਰ ਵਿਚ ਰੋਟੀ ਲੈਣ। ਰਬ ਦਾ ਭਾਣਾ ਵਰਤਿਆ ਉਥੇ ਕੁੜੀ ਨੂੰ ਦੇਰ ਲੱਗ ਗਈ। ਪਿੰਗਲਾ ਬੇਰੀ ਥੱਲੇ ਬੈਠਾ ਮਾਲਾ ਜਪ ਰਿਹਾ ਸੀ। ਸਾਹਮਣੇ ਵੇਖਿਆ ਇਕ ਛਪੜੀ ਵਿਚੋਂ ਕਾਲੇ ਕਾਂ ਨਹਾ-ਨਹਾ ਕੇ ਨਿਕਲ ਰਹੇ ਹਨ ਜਦੋਂ ਉਹ ਉਡਦੇ ਤਾਂ ਉਨ੍ਹਾਂ ਦੀ ਸ਼ਕਲ ਹੰਸਾਂ ਵਰਗੀ ਹੋ ਜਾਂਦੀ। ਪਿੰਗਲੇ ਨੂੰ ਗਿਆਨ ਹੋ ਗਿਆ। ਉਸ ਸੋਚਿਆ ਜੇ ਕਾਲੇ ਕਾਂ ਚਿੱਟੇ ਹੋ ਜਾਂਦੇ ਹਨ, ਜੇ ਮੈਂ ਹਿੰਮਤ ਕਰਕੇ ਇਕ ਚੁੱਭੀ ਮਾਰ ਲਵਾਂ ਸ਼ਾਇਦ ਇਸੇ ਨਾਲ ਮੇਰਾ ਕੋੜ੍ਹ ਜਾਂਦਾ ਰਹੇ। ਕੋੜ੍ਹੀ ਕਿੰਨੀ ਦੇਰ 'ਚ ਪੁੱਜਾ ਹੋਵੇਗਾ ਉਸ ਛਪੜੀ ਕੋਲ। ਖਾਰਾ ਟੁੱਟ ਗਿਆ, ਪਰ ਪਿੰਗਲਾ ਉਸ ਛਪੜੀ ਦੇ ਲਾਗੇ ਰਿੜ੍ਹਦਾ-ਰਿੜ੍ਹਦਾ ਪੁੱਜ ਹੀ ਗਿਆ। ਉਸਨੇ ਜਾ ਗੋਤਾ ਮਾਰਿਆ ਛਪੜੀ ਵਿਚ। ਭਾਵੇਂ ਮੂੰਹ ਭਰਨੇ ਹੀ ਪਿਆ ਸੀ, ਪਰ ਭਗਵਾਨ ਜਾਣਦਾ ਏ ਕਿ ਉਹਦਾ ਓਨੀ ਜਗ੍ਹਾ ਦਾ ਕੋਹੜ ਜਾਂਦਾ ਰਿਹਾ। ਉਸਨੂੰ ਮਹਿਸੂਸ ਹੋਇਆ ਕਿ ਇਹ ਅੰਮ੍ਰਿਤ ਕੁੰਡ ਏ। ਉਸ ਚੰਗੀ ਤਰ੍ਹਾਂ ਫਿਰ ਚੁੱਭੀ ਮਾਰੀ। ਇਕੋ ਚੁਭੀ ਨੇ ਕਲੰਕ ਲਾਹ ਦਿਤਾ। ਕੋਹੜ ਝੜ ਕੇ ਸਾਰਾ ਛਪੜੀ ਵਿਚ ਡਿੱਗ ਪਿਆ, ਬਿਲਕੁਲ ਨਰੋਆ ਹੋ ਗਿਆ ਪਿੰਗਲਾ। ਉਹਦੇ ਜੁੜੇ ਹੱਡ ਪੈਰ ਵੀ ਖੁਲ੍ਹ ਗਏ।

—ਇੰਨੇ ਚਿਰ ਨੂੰ ਕੁੜੀ ਆ ਗਈ। ਵੇਖੇ ਪਈ ਕਿ ਮੇਰਾ ਪਿੰਗਲਾ ਕਿਥੇ ਏ। ਕੋਈ ਸ਼ੇਰ, ਬਘੇਲਾ ਤੇ ਨਹੀਂ ਖਾ ਗਿਆ। ਟੁੱਟਾ ਖਾਰਾ ਭਾਂ-ਭਾਂ ਕਰ ਰਿਹਾ ਸੀ। ਪਰ ਪਿੰਗਲਾ ਛਪੜੀ ਲਾਗੇ ਬੈਠਾ ਮੁਸਕਰਾ ਰਿਹਾ ਸੀ।

—ਆ ਜਾ ਰਜਨੀ ਮੇਰੇ ਕੋਲ, ਮੈਂ ਹੀ ਤੇਰਾ ਪਿੰਗਲਾ ਹਾਂ।

—ਝੂਠ ਬਿਲਕੁਲ ਝੂਠ। ਰਜਨੀ ਦਾ ਮੂੰਹ ਧੋਤਾ ਗਿਆ ਅਥਰੂਆਂ ਨਾਲ।

—ਡਰਨ ਦੀ ਲੋੜ ਨਹੀਂ। ਇਹ ਕ੍ਰਿਸ਼ਮਾ ਕੁਦਰਤ ਦਾ ਏ। ਮੇਰੀ ਦੇਹ ਕੁੰਦਨ ਬਣ ਗਈ ਏ। ਉਹ ਖੜਾ ਹੋ ਗਿਆ। ਗੇਲੀ ਵਰਗਾ ਜਵਾਨ—ਹੁਣ ਮੈਂ ਰੋਗੀ ਨਹੀਂ, ਲਿਆ ਲੰਗਰ ਦਾ ਪ੍ਰਸ਼ਾਦ ਖਾਈਏ। ਕਲ ਤੋਂ ਮੈਂ ਜੋ ਕਮਾਵਾਂਗਾ ਉਹ ਸਭ ਗੁਰੂ ਦੇ ਲੰਗਰ ਵਿਚ ਪਾਇਆ ਜਾਏਗਾ। ਇਹ ਕਸ਼ਟ ਗੁਰੂ ਨੇ ਕੱਟਿਆ ਏ।

—ਰਜਨੀ ਦੀ ਤਪਸਿਆ, ਸਾਧਨਾ ਤੇ ਤਿਆਗ ਨੇ ਪਿੰਗਲੇ ਦਾ ਕੋੜ੍ਹ ਕੱਟ ਦਿਤਾ। ਚੰਦਨ ਵਰਗਾ ਸਰੀਰ ਪਿੰਗਲੇ ਦਾ ਤੇ ਸੋਨੇ ਰੰਗੀ ਰਜਨੀ, ਕਿੰਨੀ ਜੋੜੀ ਫਬਦੀ ਸੀ।

—ਇਸ ਵਾਕਿਆ ਦੀ ਪੂਰੀ ਵਿਥਿਆ ਗੁਰੂ ਘਰ ਵਿਚ ਪੁੱਜੀ ਤੇ ਗੁਰੂ ਸੇਵਕਾਂ ਨੂੰ ਅੰਮ੍ਰਿਤ ਦੇ ਕੁੰਡ ਦਾ ਪਤਾ ਲੱਗ ਗਿਆ।

—ਇਹ ਅੰਮ੍ਰਿਤ ਦੀ ਬਰਕਤ ਏ, ਤਲਾਅ ਸਹੀ ਜਗ੍ਹਾ ਤੇ ਬਣਿਆ ਏ। ਗੁਰੂ ਰਾਮ ਦਾਸ ਨੇ ਅਸ਼ੀਰਵਾਦ ਦਿਤੀ। ਦੋਵੇਂ ਸੇਵਕ ਬਣ ਗਏ ਗੁਰੂ ਘਰ ਦੇ। ਜਿੰਨੇ ਦਿਨ ਜੀਉਂਦੇ ਰਹੇ ਅੰਮ੍ਰਿਤਸਰ ਦੀ ਸੇਵਾ ਕਰਦੇ ਰਹੇ। ਏਸ ਜਗ੍ਹਾ ਨੂੰ ਤਾਂਹੀਓਂ ਦੁਖ ਭੰਜਨੀ ਬੇਰੀ ਆਖਦੇ ਹਨ। ਸੁੱਖਾ ਸਿੰਘ ਨੇ ਆਖਿਆ—ਚੰਗਾ ਭਈ ਬਾਕੀ ਕਲ।

ਘੜੀ 'ਚ ਖਿੱਲਰ ਪੁੱਲਰ ਗਈ ਸਾਰੀ ਢਾਣੀ।

ਗਸ਼ਤੀ ਫੌਜ

ਅਜੇ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੇ ਲੱਕ ਈ ਸਿੱਧਾ ਕੀਤਾ ਸੀ, ਚੰਪਾ ਤੇ ਚੌਧਰੀ ਅਜੇ ਜਾਗ ਰਹੇ ਸਨ, ਸਰ੍ਹੋਂ ਦੇ ਤੇਲ ਦਾ ਦੀਵਾ ਜਗ ਰਿਹਾ ਸੀ, ਸਾਈਂ ਦੇ ਦਾਇਰੇ ਤੇ ਅਜੇ ਮਹਿਫਲ ਜਮੀ ਹੋਈ ਸੀ, ਪਿੰਡ ਦੇ ਚੌਂਕ ਵਿਚ ਬੰਦੇ ਬੈਠੇ ਅਜੇ ਛਿਕੜੀ ਖੇਡ ਰਹੇ ਸਨ, ਪਿੰਡ ਦੀ ਦੂਜੀ ਪੱਤੀ ਵਿਚ ਇਕ ਮੰਡਲੀ ਪਰ੍ਹਿਆ ਜੋੜ ਕੇ ਬੈਠੀ ਹੋਈ ਸੀ। ਢੋਲਾ ਮਾਰੂ ਗਾਇਆ ਜਾ ਰਿਹਾ ਸੀ। ਬੀਕਾਨੇਰ ਤੋਂ ਆਏ ਇਕ ਮੁੰਡੇ ਨੇ ਜੈਮਲ-ਫੱਤੇ ਦੀ ਵਾਰ ਛੋਹ ਲਈ। ਮਾੜੀ-ਮਾੜੀ ਰੋਸ਼ਨੀ ਹਰ ਘਰ ਵਿਚ ਸੀ। ਭਾਵੇਂ ਉਹ ਦੀਵੇ ਦੀ ਸੀ ਤੇ ਭਾਵੇਂ ਚੁਲ੍ਹੇ 'ਚ ਬਲਦੀਆਂ ਲਕੜਾਂ ਦੀ। ਮਸ਼ਾਲ ਸਿਰਫ ਮੰਡਲੀ ਵਾਲਿਆਂ ਬਾਲੀ ਹੋਈ ਸੀ। ਬਾਕੀ ਸਾਰਾ ਪਿੰਡ ਹਨੇਰੇ ਦੀ ਬੁਕਲ 'ਚ ਲੁਕਿਆ ਬੈਠਾ ਸੀ। ਰਾਤ ਹਨੇਰੀ ਸੀ। ਅੱਧੀ ਰਾਤੀਂ ਭਾਵੇਂ ਚੰਦ ਚੜ੍ਹ ਪੈਂਦਾ, ਬਾਕੀ ਚਾਰੇ ਪਾਸੇ ਗਿੱਦੜ ਬੋਲ ਰਹੇ ਸਨ ਜਾਂ ਸਾਂ-ਸਾਂ ਦੀ ਆਵਾਜ਼ ਆ ਰਹੀ ਸੀ। ਹਵੇਲੀ ਵਿਚ ਚਾਰ ਜਣੇ ਈ ਸਨ, ਬਾਕੀ ਖਿਸਕ ਗਏ ਸਨ ਜਾਂ ਪੱਤਰਾ ਵਾਚ ਗਏ ਸਨ।

ਚੌਧਰੀ ਚੰਪਾ ਨੂੰ ਆਖ ਰਿਹਾ ਸੀ—ਪ੍ਰਾਹੁਣੇ ਘਰ ਤੋਂ ਤੇ ਜੰਗਲ ਗਏ ਹਨ ਪਰ ਸ਼ਾਇਦ ਕਿਤੇ ਢੋਲਾ ਮਾਰੂ ਈ ਨਾ ਸੁਣਨ ਬਹਿ ਗਏ ਹੋਣ, ਉਨ੍ਹਾਂ ਦੇ ਸਿਰਹਾਣੇ ਗੜਵੀਆਂ ਭਰ ਕੇ ਪਾਣੀ ਦੀਆਂ ਰਖ ਛਡੀਂ ਰਾਤੀਂ ਕਿਸੇ ਨੂੰ ਤੇਹ ਲਗ ਗਈ ਤਾਂ ਕਿਥੋਂ ਪਾਣੀ ਲਭਦੇ ਫਿਰਨਗੇ।

—ਪਾਣੀ ਤੇ ਮੈਂ ਰੱਖ ਦਿੰਦੀ ਹਾਂ, ਪਰ ਬਾਪੂ ਢੋਲਾ ਮਾਰੂ ਉਨ੍ਹਾਂ ਕਿਥੋਂ ਸੁਣਨਾ ਏ, ਉਹ ਤੇ ਜੈਮਲ ਫੱਤੇ ਦੀ ਵਾਰ ਭਾਵੇਂ ਸੁਨਣ ਬਹਿ ਜਾਣ। ਚੰਪਾ ਬੋਲੀ।

—ਠੀਕ ਆਖਦੀ ਏ ਚੰਪਾ। ਮਹਿਤਾਬ ਸਿੰਘ ਬੋਲਿਆ ਸੁੱਖਾ ਸਿੰਘ ਮੰਜੀ ਤੇ ਲੇਟ-ਦਿਆਂ ਹੀ ਸੌਂ ਗਿਆ ਸੀ।

—ਤੁਸੀਂ ਵੀ ਸੌਂ ਜਾਓ ਸਿੰਘ ਸਾਹਿਬ, ਦਿਨੇ ਪੈਂਡੇ ਪੈਣਾ ਏ ਤੇ ਵਾਟਾਂ ਕਢਣੀਆਂ ਨੇ।

ਅੱਖ ਮਹਿਤਾਬ ਸਿੰਘ ਦੀ ਵੀ ਲਗ ਗਈ। ਰਾਤ ਅਜੇ ਬਹੁਤੀ ਨਹੀਂ ਸੀ ਗਈ। ਲੋਕ ਅਜੇ ਜਾਗੋ-ਮੀਟੀ ਦੀ ਹਾਲਤ ਵਿਚ ਹੀ ਸਨ।

—ਸਿੰਘ ਬਹੁਤ ਭਲੇ ਲੋਕ ਹਨ। ਹਾਂ ਚੰਪਾ ਕ੍ਰਿਪਾਨਾਂ ਸਾਂਭ ਕੇ ਰੱਖ ਲਈਆਂ ਨੀਂ। ਮੇਰੀ ਤਲਵਾਰ ਮੇਰੇ ਸਿਰਹਾਣੇ ਈ ਰਖ ਦੇ। ਚੌਧਰੀ ਗੰਗਾ ਸਿੰਘ ਆਖ ਰਿਹਾ ਸੀ।

—ਸਾਂਭ ਲਈਆਂ ਨੇ ਬਾਪੂ। ਦੇਵਤਾ ਸਰੂਪ ਹਨ ਇਹ ਸਿਖ। ਲੋਕ ਤੇ ਐਵੇਂ ਈ ਇਨ੍ਹਾਂ ਤੋਂ ਡਰਦੇ ਹਨ। ਆਵਾਜ਼ ਚੰਪਾ ਦੀ ਸੀ।

—ਸਿੰਘ ਜ਼ਬਾਨ ਦੇ ਬੜੇ ਪੱਕੇ ਹਨ। ਮਾਲਾ ਤੇ ਤਲਵਾਰ ਦੇ ਵੀ ਧਨੀ ਹਨ। ਚੌਧਰੀ ਬੋਲਿਆ।

ਦਗੜ-ਦਗੜ ਕਰਦਿਆਂ ਘੋੜਿਆਂ ਨੇ ਚੌਧਰੀ ਦੀ ਹਵੇਲੀ ਨੂੰ ਘੇਰਾ ਪਾ ਲਿਆ।

—ਕਿਥੇ ਈ ਸਿੰਘ, ਕਾਫਰਾ ਕਢ ਮਰਦੂਦ, ਕਿਥੇ ਲੁਕੋ ਕੇ ਰਖੇ ਹੋਏ ਨੀ। ਆਵਾਜ਼ ਗਸ਼ਤੀ ਫੌਜ ਦੇ ਇਕ ਅਹਿਲਕਾਰ ਦੀ ਸੀ।

—ਗਸ਼ਤੀ ਫੌਜ ਲਗਦੀ ਏ। ਚੰਪਾ ਬੋਲੀ।

—ਜਾਪਦੀ ਤੇ ਗਸ਼ਤੀ ਫੌਜ ਈ ਏ, ਪਰ ਇਹ ਬਿੱਜ ਕਿਥੋਂ ਆ ਗਈ, ਇਨ੍ਹਾਂ ਨੂੰ ਕਿਥੋਂ ਸੂਹ ਮਿਲ ਗਈ।

—ਬਿੱਲੀ ਚੂਹੇ ਲਭ ਈ ਲੈਂਦੀ ਏ।

—ਘਰੋਂ ਨਿਕਲ ਹਰਾਮਜ਼ਾਦੇ। ਸਾਡੇ ਦੁਸ਼ਮਣ ਲੁਕਾਉਣ ਦੀ ਤੇਰੀ ਜੁਰਅਤ ਕਿੱਦਾਂ ਪੈ ਗਈ। ਕੱਢ ਆਪਣੇ ਪਿਓਵਾਂ ਨੂੰ, ਨਹੀਂ ਤੇ ਲਾਉਂਦੇ ਹਾਂ ਤੇਰੀ ਹਵੇਲੀ ਨੂੰ ਅੱਗ। ਕਮੀਨੇ ਖਾਂਦੇ ਸਾਡਾ ਨੇ ਤੇ ਜੱਸ ਸਿੰਘਾਂ ਦਾ ਗਾਉਂਦੇ ਨੇ।

—ਖਾਂ ਸਾਹਿਬ ਤੁਸੀਂ ਕਿਸ ਦੀ ਗੱਲ ਕਰ ਰਹੇ ਓ ? ਕਿਤੇ ਮਕਾਨ ਤੇ ਨਹੀ ਭੁੱਲ ਗਏ।

—ਸਿੰਘਾਂ ਦੀ, ਜਿਨ੍ਹਾਂ ਲਈ ਪਲੰਘ ਵਿਛਾਏ ਹੋਏ ਨੀਂ।

—ਕੌਣ ਸਿੰਘ ? ਕਿਹੜੇ ਸਿੰਘ ! ਸਿੰਘਾਂ ਦਾ ਇਥੇ ਕੀ ਕੰਮ ! ਸਿੰਘ ਪੰਜਾਬ ਵਿਚ ਹੋਣਗੇ, ਇਥੇ ਉਨ੍ਹਾਂ ਖੇਹ ਖਾਣ ਆਉਣਾ ਏ।

—ਝੂਠ ਬੋਲਦਾ ਏਂ ਕਾਫਰਾ, ਜਵਾਈਆਂ ਨੂੰ ਘਰ ਰਖ ਕੇ ਸਾਡੀਆਂ ਅੱਖਾਂ 'ਚ ਮਿਰਚਾਂ ਦੀ ਲੱਪ ਪਾ ਰਿਹਾ ਹੈਂ ? ਦਾੜ੍ਹੀ ਦਾ ਇਕ-ਇਕ ਵਾਲ ਨੋਚ ਲਓ, ਛਿੱਤਰ ਮਾਰੋ, ਕਿਦਾਂ ਨਹੀਂ ਦਸਦਾ। ਦੱਸੂ ਜ਼ਰੂਰ ਦੱਸੂ, ਇਹ ਕੀ ਇਹਏ ਫਰਿਸ਼ਤੇ ਵੀ ਦਸਣਗੇ।

—ਖਾਂ ਸਾਹਿਬ, ਸਾਡਾ ਸਿੰਘਾਂ ਨਾਲ ਕੋਈ ਰਿਸ਼ਤਾ ਨਹੀਂ।

—ਲੱਖੀ ਜੰਗਲ ਉਸ ਪਿਓ ਨੂੰ ਛੱਡਣ ਤੂੰ ਗਿਆ ਸੈਂ ਜਾਂ ਤੇਰੇ ਫਰਿਸ਼ਤੇ ?

—ਕੋਈ ਦੂਜਾ ਬੰਦਾ ਹੋਣਾ ਏ ਸਰਕਾਰ। ਮੈਂ ਤੇ ਜੈਪੁਰ ਗਿਆ ਸਾ।

ਦੋ ਘੋੜ ਸਵਾਰ ਹਵੇਲੀ ਵਿਚ ਘੋੜਿਆਂ ਸਣੇ ਦਾਖਲ ਹੋਏ। ਬਾਕੀ ਬਾਹਰ ਵਾਲਿਆਂ ਧੂੜ ਪੁੱਟ ਦਿਤੀ ਹਵੇਲੀ ਦੀ। ਇੰਨੇ 'ਚ ਅੱਖ ਖੁਲ੍ਹ ਗਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੀ।

—ਕਾਫਰਾ ਝੂਠ ਬੋਲਦਾ ਏਂ ਸਿੰਘ ਤੇਰੇ ਪਿਓ ਲਗਦੇ ਹਨ। ਇਹ ਕੌਣ ਈ, ਵੇਖੀਂ ਜੇ ਹਿੱਲਿਓਂ ਤੇ। ਚੌਧਰੀ ਤੇਰੇ ਮੱਥੇ ਦੀਆਂ ਤਰੇਲੀਆਂ ਤੋਂ ਜਾਪਦਾ ਏ ਕਿ ਤੂੰ ਤਲਵਾਰ ਨੂੰ ਹੱਥ ਪਾਉਣ ਲੱਗਾ ਏਂ। ਤੇਰੀ ਬਾਂਹ ਟੁਕ ਦਿਤੀ ਜਾਏਗੀ। ਅਹਿਲਕਾਰ ਕੜਕਿਆ।

ਨਿਹਥੇ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ।

—ਗਸ਼ਤੀ ਫੌਜ ਏ।

—ਕਾਫਰੋ ਤਲਵਾਰਾਂ ਲਭ ਰਹੇ ਓ। ਠਹਿਰੋ, ਰੁਕੋ...

--ਬੜੇ ਚਿਰ ਪਿਛੋਂ ਅੱਜ ਕਾਬੂ ਆਏ ਓ। ਪਰਦੇਸ ਵਿਚ ਤਲਵਾਰਾਂ ਸਿਰਹਾਣੇ ਰਖ ਕੇ ਸਵੀਂਦਾ ਏ, ਵੇਖਿਆ ਚੌਧਰੀ ਨੇ ਬੋਬਾ ਮੁਹਰਾਂ ਦਾ ਲੈ ਲਿਆ ਏ ਤੇ ਮੱਘੀ ਭਰ ਲਈ ਤੇ ਫੜਾ ਦਿੱਤੇ ਸਿੰਘ।

—ਝੂਠ, ਬਿਲਕੁਲ ਝੂਠ, ਮੈਂ ਮੁਹਰਾਂ ਤੇ ਥੁੱਕਦਾ ਵੀ ਨਹੀਂ। ਚੌਧਰੀ ਨੇ ਤਲਵਾਰ ਕੱਢ ਲਈ।

—ਬਸ ਇਕੋ ਈ ਤਲਵਾਰ, ਮੇਰੇ ਪੂਰੇ ਦਸਤੇ ਨੇ ਤੇਰੀ ਹਵੇਲੀ ਨੂੰ ਘੇਰਿਆ ਹੋਇਆ ਏ। ਜੇਕਰ ਅਸਾਂ ਤੇਰੀਆਂ ਰੀਝਾਂ ਨਾ ਪੀ ਲਈਆਂ ਤਾਂ ਸਾਨੂੰ ਕਿਸ ਮੁਗ਼ਲ ਆਖਣਾ ਏ। ਆਵਾਜ਼ ਦੀ ਸੁਰ ਬਦਲੀ—ਤਲਵਾਰਾਂ ਲਭ ਰਹੇ ਨੇ ਸਿੰਘ? ਖੇਚਲ ਨਾ ਕਰੋ ਸਿੰਘ ਜੀ, ਮੈਂ ਤੁਹਾਨੂੰ ਦਿੰਦਾ ਹਾਂ ਕ੍ਰਿਪਾਨ। ਪਰ ਹੱਥ ਧੋ ਕੇ ਕ੍ਰਿਪਾਨ ਨੂੰ ਹੱਥ ਲਾਉਣਾ, ਇਹ ਸਿਰੀ ਸਾਹਿਬ ਏ।

—ਕੌਣ ਜੋਗਾ?

—ਸਤਿ ਸ੍ਰੀ ਅਕਾਲ, ਜੋਗਾ ਈ ਹਾਂ।

—ਖੂਬ, ਬਹੁਤ ਖੂਬ, ਜੁਆਬ ਨਹੀਂ ਤੇਰਾ।

—ਇਹ ਘੋੜੇ?

—ਤੁਹਾਡੇ ਈ ਤੇ ਹਨ।

—ਤੇ ਇਹ ਦਸਤੇ ਵਾਲੇ?

—ਸਭ ਨਾਥ ਹਨ।

—ਤੇ ਇਹ ਬਾਣਾ?

--ਪਿੰਡ ਦੇ ਚੌਧਰੀ ਦਾ ਚੋਰੀ ਚੁਕਿਆ ਏ। ਚੌਧਰੀ ਸ਼ਰਾਬ ਦੇ ਨਸ਼ੇ ਵਿਚ ਮਸਤ ਘੁਰਾੜੇ ਮਾਰ ਰਿਹਾ ਏ।

—ਤੁਹਾਡੇ ਚੱਟੇ ਰੁਖ ਕਦੇ ਹਰੇ ਨਹੀਂ ਹੋ ਸਕਦੇ।

ਮੀਆਂ ਮੀਰ

ਸ਼ਹਿਰਯਾਰ, ਮਲਕਾ ਨੂਰਜਹਾਂ ਦਾ ਇਕ ਪਾਸੇ ਪਲੇਠੀ ਦਾ ਪੁੱਤ ਤੇ ਦੂਜੇ ਪਾਸੇ ਜਵਾਈ ਤੇ ਉਤੇ ਸੋਨੇ ਤੇ ਸੁਹਾਗਾ ਬਣ ਗਿਆ ਧੱਕੋ ਜੋਰੀ ਬਾਦਸ਼ਾਹ। ਦੂਜਾ ਪੁੱਤ ਵੀ ਇਸੇ ਦੀ ਕੁਖ ਵਿਚੋਂ ਜੰਮਿਆ, ਸ਼ਾਹ ਜਹਾਨ ਜਿਸਨੂੰ ਉਸ ਨੇ ਠੁਠ ਵਿਖਾ ਦਿਤਾ, ਮਾਂ ਹੁੰਦਿਆਂ ਹੋਇਆਂ। ਇਹ ਤਿੰਨੇ ਜਣੇ ਹਜ਼ਰਤ ਮੀਆਂ ਮੀਰ ਦੇ ਚੇਲੇ ਸਨ। ਤਖਤ ਦਾ ਹੱਕਦਾਰ ਸ਼ਾਹ ਜਹਾਨ ਵੀ ਬਣੀ ਫਿਰਦਾ ਸੀ, ਪਰ ਮਾਂ ਨੇ ਉਸਦੇ ਸਾਰੇ ਦਰਵਾਜ਼ੇ ਬੰਦ ਕਰ ਦਿਤੇ ਸਨ, ਸਿਰਫ ਇਕੋ ਈ ਖਿੜਕੀ ਖੁਲ੍ਹੀ ਸੀ, ਰਬ ਤੇ ਡੋਰੀ। ਮੀਆਂ ਮੀਰ ਦੇ ਬੂਹੇ ਤੋਂ ਕਿਸਨੂੰ ਖੈਰ ਮਿਲਦੀ ਏ। ਭਾਵੇਂ ਬਾਦਸ਼ਾਹ ਆਪਣੇ ਜ਼ੋਰ ਵਿਚ ਸੀ ਪਰ ਬਾਹਵਾਂ ਦਾ ਬਲ ਸ਼ਾਹ ਜਹਾਨ ਦਾ ਵੀ ਕਾਫੀ ਸੀ। ਇਕ ਦਿਨ ਸ਼ਹਿਜ਼ਾਦੀਆਂ ਨੇ ਦੋ ਥਾਲ ਚੁੱਕੇ ਸਿਰ ਤੇ ਅਤੇ ਨੰਗੇ ਪੈਰੀਂ ਮਟਕ-ਮਟਕ ਚਲਦੀਆਂ ਨੇ ਮੀਆਂ ਮੀਰ ਦੇ ਤਕੀਏ ਤੇ ਆਣ ਕੇ ਸਾਹ ਲਿਆ। ਇਕ ਥਾਲ ਦਰਬਾਰ ਵਲੋਂ ਆਇਆ ਸੀ ਤੇ ਦੂਜਾ ਥਾਲ ਮੁਮਤਾਜ ਮਹੱਲ ਨੇ ਦਿੱਤਾ ਸੀ। ਰੇਸ਼ਮੀ ਰੁਮਾਲਾਂ ਨਾਲ ਢੱਕੇ ਥਾਲ ਮੀਆਂ ਮੀਰ ਦੀ ਦਹਿਲੀਜ਼ ਤੇ ਜਾ ਟਿਕਾਏ। ਹੁਜਰੇ ਵਿਚ ਕੋਈ ਤੀਵੀਂ ਤੇ ਜਾ ਨਹੀ ਸੀ ਸਕਦੀ ਹਜ਼ਰਤ ਨੇ ਦੋਵਾਂ ਥਾਲਾਂ ਤੋਂ ਰੁਮਾਲ ਚੁੱਕੇ ਤੇ ਇਕ ਸਰਸਰੀ ਨਜ਼ਰ ਮਾਰੀ ਤੇ ਸਿਰ ਹਿਲਾ ਦਿਤਾ। ਸ਼ਹਿਜ਼ਾਦੀਆਂ ਦਾ ਰੰਗ ਉਤਰ ਗਿਆ। ਦੋਵਾਂ ਵਿਚੋਂ ਇਕ ਵੀ ਨਾ ਕਬੂਲਿਆ ਗਿਆ ਜਿਦੇ ਪੈ ਗਈਆਂ ਅੱਲੜਾਂ। ਇਕ ਥਾਲ ਵਿਚ ਮੋਤੀਆਂ ਦੀ ਮਾਲਾ ਸੀ ਤੇ ਦੂਜੇ ਵਿਚ ਖਜੂਰਾਂ ਦੀ ਮਾਲਾ। ਹਜ਼ੂਰ ਨੇ ਦੂਜੀ ਥਾਲੀ ਤੇ ਹੱਥ ਰਖ ਦਿੱਤਾ। ਇਹ ਗੱਲ ਬਾਦਸ਼ਾਹ ਨੂੰ ਨਾਗਵਾਰ ਗੁਜ਼ਰੀ। ਪਰ ਉਸ ਨੇ ਦੜ ਵਟ ਲਈ। ਉਸ ਇਕ ਵਾਰ ਫਿਰ ਪਰਖਿਆ ਸਾਈਂ ਬਾਬਾ ਨੂੰ। ਸ਼ਾਹੀ ਪਰਵਾਨਾ ਲੈ ਕੇ ਆਇਆ ਅਹਿਲਕਾਰ।—ਹਜ਼ੂਰ ਕੋਲੋਂ ਪੱਗ ਮੰਗੀ ਏ ਸ਼ਾਹ ਨੇ। ਮੀਆਂ ਮੀਰ ਦੀ ਭੇਜੀ ਪੱਗ ਦਾ ਮਤਲਬ ਸੀ ਕਿ ਦਿੱਲੀ ਤੇ ਹੋਰ ਸੂਬਿਆਂ ਨੇ ਬਾਦਸ਼ਾਹ ਕਬੂਲ ਲਿਆਏ। ਸ਼ਹਿਰਯਾਰ ਤੋਂ ਲੋਕ ਬਦਜ਼ਨ ਸਨ। ਲੋਕਾਂ ਦੀ ਮਰਜ਼ੀ ਦੇ ਉਲਟ ਫਕੀਰ ਕਿਸ ਤਰ੍ਹਾਂ ਕਰ ਸਕਦਾ ਏ, ਉਹ ਤੇ ਲੋਕਾਂ ਦਾ ਬੰਦਾ ਸੀ ਨਾ—ਮੇਰੇ ਕੋਲ ਕਿਹੜੀ ਢਾਕੇ ਦੀ ਮਲਮਲ ਆਈ ਏ ਜਿਹੜੀ ਪੱਗ ਪਾੜ ਕੇ ਭੇਜ ਦੇਵਾਂ। ਗੱਲ ਨਾ ਬਣੀ ਅਹਿਲਕਾਰ ਬਜਿਦ ਸੀ। ਤੇ ਨਾਲੇ ਦਰਬਾਰ ਦਾ ਵੀ ਸਤੂਰ ਸੀ ਤੇ ਏਧਰ ਫਕੀਰ ਵੀ ਅੜਿਆ ਬੈਠਾ ਸੀ। ਜਦੋਂ ਮਾਮਲਾ ਤਲਖੀ ਤੱਕ ਪੁੱਜ ਗਿਆ ਫਕੀਰ ਛਿਥਾ ਪੈ ਗਿਆ। ਉਸਨੇ ਸਿਰ ਤੋਂ ਪੱਗ ਲਾਹੀ ਤੇ ਵਗਾਹ ਮਾਰੀ ਤੇ ਆਖਿਆ—ਚੁਕ ਕੇ ਲੈ ਜਾਓ, ਪੱਗ ਈ ਚਾਹੀਦੀ ਏ ਨਾ! ਹੋਰ ਤੁਸਾ ਮੇਰਾ ਕਿਹੜਾ ਚੋਗਾ ਲਾਹੁਣਾ ਏ।

ਇਹ ਤਮਾਸ਼ਾ ਸ਼ਹਿਜ਼ਾਦੀਆਂ ਨੇ ਵੀ ਵੇਖਿਆ ਕਲੇਜਾ ਫੜਕੇ ਬਹਿ ਗਈਆਂ—ਹਜ਼ਰਤ ਇੰਨਾ ਕਹਿਰ, ਇਹ ਝੱਲਿਆ ਨਹੀਂ ਜਾਣਾ। ਰਹਿਮ ਕਰੋ ਅੱਲਾ ਦੇ ਨਾਂ ਤੇ। ਸੜੇ ਬਲੇ ਮੀਆਂ ਮੀਰ ਨੇ ਆਖਿਆ। ਇਹਨਾਂ ਮੇਰੀ ਪੱਗ ਲਾਹ ਦਿਤੀ ਏ ਇਹਨਾਂ ਦੀ ਰਬ ਲਾਹੂ। ਤਖ਼ਤ ਦਾ ਕੀ ਬਣੇਗਾ। ਬਣਨਾ ਕੀ ਏ, ਵਾਰਸ ਆ ਰਿਹਾ ਏ। ਛਾਪ ਬਣੀ ਪਈ ਸੀ ਨਗੀਨਾ ਹਜ਼ਰਤ ਨੇ ਜੜ ਦਿੱਤਾ। ਇਕ ਦਿਨ ਵੀ ਨਾ ਪਿਆ ਮੋਤੀਆਂ ਦੀ ਮਾਲਾ ਵਾਲਾ ਸ਼ਹਿਰਯਾਰ ਗ੍ਰਿਫ਼ਤਾਰ ਹੋ ਗਿਆ ਤੇ ਖਜੂਰਾਂ ਦੀ ਮਾਲਾ ਵਾਲਾ ਦਿੱਲੀ ਦੇ ਤਖ਼ਤ ਤੇ ਬੈਠਾ।

ਸ਼ਾਹ ਜਹਾਨ ਆਖਿਆ ਕਰਦਾ ਸੀ—ਮੈਨੂੰ ਤਖਤ ਧੁਰ ਦਰਗਾਹੋਂ ਮਿਲਿਆ ਏ।

ਸ਼ਹਿਰਯਾਰ ਦੇ ਬੋਲ ਜਿਹਨਾਂ ਲੋਕਾਂ ਦੇ ਸੁਣੇ ਉਹ ਇਹ ਸਨ—ਮੈਂ ਫਕੀਰ ਦੀ ਗੈਰਤ ਨੂੰ ਵੰਗਾਰਿਆ ਏ, ਮੈਨੂੰ ਉਹਦਾ ਫਲ ਮਿਲ ਗਿਆ ਏ।

ਖ਼ੁਦਾ ਦੀ ਜ਼ਬਾਨ ਮੀਆਂ ਮੀਰ ਜਾਣਦਾ ਸੀ, ਵਲੀ ਏ ਮੀਆਂ ਮੀਰ। ਪੰਜਾਬ 'ਚ ਕਿਹੜਾ ਬੰਦਾ ਏ ਜਿਹੜਾ ਮੀਆਂ ਮੀਰ ਦੇ ਨਾਂ ਤੋਂ ਜਾਣੂ ਨਹੀਂ। ਦਿੱਲੀ ਵਾਲੇ ਵੀ ਪਾਣੀ ਭਰਦੇ ਹਨ ਹਜ਼ਰਤ ਦਾ। ਮੈਂ ਸੁਣਿਆ ਏ ਕਈ ਸ਼ਹਿਜ਼ਾਦੇ ਉਹਦੇ ਵਜ਼ੂ ਲਈ ਲੋਟਿਆਂ ਵਿਚ ਪਾਣੀ ਭਰਦੇ ਹੁੰਦੇ ਸਨ। ਇਹ ਗੱਲ ਸੁੱਖਾ ਸਿੰਘ ਨੇ ਦਸੀ ਮਹਿਤਾਬ ਸਿੰਘ ਨੂੰ।

ਮੀਆਂ ਮੀਰ ਬਾਰੇ ਇਕ ਗੱਲ ਹੋਰ ਵੀ ਮਸ਼ਹੂਰ ਏ ਕਿ ਇਕ ਵਾਰ ਬਲਖ ਦਾ ਬਾਦਸ਼ਾਹ ਦਰਸ਼ਨਾਂ ਨੂੰ ਆਇਆ। ਫਕੀਰ ਆਪਣੀ ਮੌਜ ਵਿਚ ਬੈਠਾ ਹੋਇਆ ਸੀ। ਹਾਥੀ ਘੋੜੇ, ਜਾਹੋਜਲਾਲ, ਰੱਥ, ਗੜਬੈਲਾਂ, ਸ਼ਾਮਿਆਨੇ ਮੀਆਂ ਮੀਰ ਦੀ ਕੁਟੀਆ ਅਗੇ ਡੇਰੇ ਆਣ ਲਾਏ। ਪੈਗਾਮ ਭੇਜਿਆ ਗਿਆ, ਹਜ਼ੂਰ ਨੇ ਮਿਲਣ ਤੋਂ ਨਾਂਹ ਕਰ ਦਿਤੀ। ਅੰਬ ਦੀ ਗਿਟਕ ਜਿੰਨੀ ਬੂਥੀ ਰਹਿ ਗਈ ਬਾਦਸ਼ਾਹ ਦੀ। ਸਾਰੀ ਸ਼ਾਨੋ-ਸ਼ੌਕਤ ਧੂੜ ਵਿਚ ਮਿਲ ਗਈ। ਇੱਜ਼ਤ ਛੱਜ ਵਿਚ ਛੱਟੀ ਗਈ। ਦੂਜੇ ਦਿਨ ਬਾਦਸ਼ਾਹ ਨੇ ਹੋਸਲਾ ਨਾ ਹਾਰਿਆ। ਸਜਰੀ ਸਵੇਰ ਅਜੇ ਰੋਸ਼ਨ ਈ ਹੋਈ ਸੀ ਕਿ ਨੰਗੀ ਪੈਰੀਂ ਲੱਕ ਦੁਵਾਲੇ ਚਾਦਰ ਬੰਨ੍ਹਕੇ ਫੇਰ ਜਾ ਹਾਜ਼ਰ ਹੋਇਆ। ਹਜ਼ਰਤ ਨੇ ਫਿਰ ਵੀ ਧਿਆਨ ਨਾ ਦਿਤਾ। ਤੀਜਾ ਦਿਨ ਕੀ ਆਇਆ, ਹੁਣ ਸਵਾਹ ਬਾਕੀ ਰਹਿ ਗਈ ਸੀ ਸਿਰ 'ਚ ਪਾਉਣੀ। ਹੋਰ ਕੋਈ ਰਾਹ ਨਹੀਂ ਸੀ। ਉਸ ਚਾਦਰ ਲਾਹ ਕੇ ਵਗਾਹ ਮਾਰੀ ਚੁਰਸਤੇ ਵਿਚ ਤੇ ਲੰਗੋਟਾ ਬੰਨ੍ਹ ਲਿਆ ਤੇ ਹਜ਼ਰਤ ਦੇ ਦਰਬਾਰ 'ਚ ਹਾਜ਼ਰੀ ਜਾ ਭਰੀ। ਇਨੀ ਗੱਲ ਵੇਖ ਕੇ ਹਜ਼ਰਤ ਮਿਹਰਬਾਨ ਹੋ ਗਏ। ਫਰਮਾਇਆ—ਆਹ ਲੈ ਕਾਕਾ ਝੋਲੇ। ਆਟਾ ਮੰਗ ਕੇ ਲਿਆ ਹਿੰਦੂ ਤੇ ਮੁਸਲਮਾਨਾਂ ਦੇ ਘਰਾਂ ਵਿਚੋਂ। ਸ਼ਾਹ ਲਈ ਜੰਨਤ ਦੇ ਦਰਵਾਜ਼ੇ ਖੁਲ੍ਹ ਗਏ। ਸ਼ਾਹ ਨੇ ਸ਼ਰਮ ਲਾਹ ਕੇ ਪਰੇ ਸੁੱਟੀ ਤੇ ਬਗਲੀ ਪਾ ਲਈ। ਮੰਗਣਾ ਕਿਸਨੂੰ ਆਏ। ਪਰ ਫਿਰ ਵੀ ਉਸ ਮੰਗ ਲਿਆਂਦੀ ਸਾਰੀ ਦਿੱਲੀ। ਡੇਰੇ ਹਾਜ਼ਰ ਹੋਇਆ। ਆਖਣ ਲਗਾ—ਹਜ਼ੂਰ, ਆਹ ਝੋਲਾ ਹਿੰਦੂ ਘਰਾਂ ਦੇ ਦਾਨ ਦਾ ਏ ਤੇ ਦੂਜਾ ਮੁਸਲਮਾਨ ਘਰਾਂ ਦੀ ਖਰਾਇਤ ਏ। ਫਕੀਰ ਫਿਰ ਮੁਸਕਰਾਇਆ। ਸ਼ਾਮਤ ਫਿਰ ਆ ਗਈ ਸ਼ਾਹ ਦੀ।

—ਨਹੀਂ ਏਸ ਤਰ੍ਹਾਂ ਅਜ ਫੇਰ ਜਾਹ ਤੇ ਹੁਣ ਅੱਲ੍ਹਾ ਦੇ ਨਾਂ ਤੇ ਮੰਗ ਕੇ ਲਿਆ। ਸ਼ਾਹ ਫਿਰ ਉਸੇ ਰਸਤੇ ਤੁਰ ਪਿਆ। ਜਦੋਂ ਅੱਲਾ ਦੇ ਨਾਂ ਦਾ ਹੋਕਾ ਦਿਤਾ ਤਾਂ ਆਟਾ ਮੰਗਦਿਆਂ-ਮੰਗਦਿਆਂ ਬੇਸੁਧ ਹੋ ਗਿਆ। ਆਪਣੇ ਆਪ ਦੀ ਹੋਸ਼ ਨਾ ਰਹੀ ਬਾਦਸ਼ਾਹ ਨੂੰ।

ਏਨਾ ਬੇਖ਼ਬਰ ਸੀ ਕਿ ਉਹ ਦਸ ਨਾ ਸਕਿਆ ਕਿ ਕਿਹੜਾ ਝੋਲਾ ਹਿੰਦੂ ਦਾ ਏ ਤੇ ਕਿਹੜਾ ਮੁਸਲਮਾਨ ਦਾ ਏ। ਦੋਵਾਂ ਝੋਲਿਆਂ ਦੀ ਗਠੜੀ ਇਕਠੀ ਲਿਆ ਰਖੀ। ਹਜ਼ਰਤ ਨੇ ਪੁਛਿਆ—ਪਈ ਹਿੰਦੂ ਦਾ ਕਿਹੜਾ ਈ ਤੇ ਮੁਸਲਮਾਨ ਦਾ ਕਿਹੜਾ ?

ਸ਼ਾਹ ਬੋਲਿਆ—ਮੈਨੂੰ ਤੇ ਖ਼ਬਰ ਨਹੀਂ, ਮੈਨੂੰ ਤੇ ਅੱਲਾ ਈ ਅੱਲਾ ਨਜ਼ਰ ਆਉਂਦਾ ਏ। ਮੈਂ ਦੱਸ ਨਹੀਂ ਸਕਦਾ ਕਿ ਕਿਹੜੇ ਝੋਲੇ 'ਚ ਹਿੰਦੂ ਦਾ ਆਟਾ ਏ ਤੇ ਕਿਹੜੇ 'ਚ ਮੁਸਲਾਨ ਦਾ। ਮੈਥੋਂ ਤੇ ਹੁਣ ਪਛਾਣਿਆ ਵੀ ਨਹੀਂ ਜਾ ਸਕਦਾ।

ਹਜ਼ਰਤ ਨੇ ਫਰਮਾਇਆ—ਹੁਣ ਤੂੰ ਖ਼ੁਦਾ ਨੂੰ ਪਾ ਸਕਦਾ ਏਂ। ਪਹਿਲਾਂ ਤੇਰੇ ਅੰਦਰ ਬਾਦਸ਼ਾਹੀ ਦੀ ਬੋਅ ਸੀ ਹੰਕਾਰ ਸੀ, ਤਕੱਬਰ ਸੀ ਤੇ ਦੂਜੀ ਵਾਰ ਤੂੰ 'ਮੈਂ' ਦੀ ਚਾਦਰ ਲਪੇਟ ਕੇ ਆਇਆ ਸੈਂ। ਤੀਜੀ ਵਾਰ ਤੂੰ 'ਮੈਂ' ਦੀ ਚਾਦਰ ਲਾਹ ਦਿਤੀ ਪਰ ਹਿੰਦੂ ਤੇ ਮੁਸਲਮਾਨ ਦਾ ਵਿਤਕਰਾ ਨਾ ਗਵਾ ਸਕਿਓਂ ਤੇ ਅਜ ਤੂੰ ਉਹਨਾਂ ਤੇ ਲੱਤ ਮਾਰ ਦਿਤੀ ਏ। ਇਸੇ ਗੱਲ ਨਾਲ ਤੂੰ ਪਰਵਾਨ ਹੋਇਆ ਏ। ਅੱਗੇ ਤੂੰ ਨਕਲੀ ਸ਼ਾਹ ਸੈਂ, ਕਾਗਜ਼ਾਂ ਦੇ ਤੇਰੇ ਕਿਲੇ ਸਨ ਤੇ ਅਜ ਅਸਲ ਬਾਦਸ਼ਾਹ ਬਣਿਆ ਏ। ਇਹ ਸ਼ਾਹ ਨੂੰ ਜਹਾਨ ਵਾਲੇ ਬੁਲ੍ਹੇਸ਼ਾਹ ਦੇ ਨਾਂ ਨਾਲ ਯਾਦ ਕਰਦੇ ਹਨ। ਦਮ ਮਾਰਿਆ ਸੁੱਖਾ ਸਿੰਘ ਨੇ।

—ਕਮਾਲ ਏ ਪਈ ਤੂੰ ਤੇ ਗਰੰਥੀ ਏਂ ਪੂਰਾ। ਮਹਿਤਾਬ ਸਿੰਘ ਨੇ ਆਖਿਆ।

—ਇਹ ਸਭ ਮਿਹਰਾਂ ਬਜ਼ੁਰਗਾਂ ਦੀਆਂ ਹਨ। ਬੋਲ ਸੁੱਖਾ ਸਿੰਘ ਦੇ ਸਨ।

ਮੀਆਂ ਮੀਰ ਦੀ ਗੱਲ ਏਥੇ ਈ ਨਹੀਂ ਮੁੱਕ ਜਾਂਦੀ ਸਾਂਝਾ ਫ਼ਕੀਰ ਸੀ। ਨਫ਼ਰਤ ਤੋਂ ਬੇਨਿਆਜ਼। ਉਸਦੀ ਕਿਤਾਬ ਵਿਚ ਹਿੰਦੂ-ਮੁਸਲਮਾਨ ਵਾਲਾ ਸਬਕ ਈ ਨਹੀਂ ਸੀ ਲਿਖਿਆ ਹੋਇਆ। ਉਸ ਤੇ ਇਕੋ ਈ ਮੁਹਾਰਨੀ ਪੜ੍ਹੀ ਹੋਈ ਸੀ ਕਿ ਸਭ ਰਬ ਦੇ ਜੀਅ ਹਨ। ਮੀਆਂ ਮੀਰ ਦੇ ਹੁਜਰੇ ਵਿਚ ਬੋਰੀਆਂ ਵਿਛੀਆਂ ਹੁੰਦੀਆਂ ਸਨ। ਉਹਨਾਂ ਬੋਰੀਆਂ ਉਪਰ ਸ਼ਹਿਜ਼ਾਦੇ, ਸ਼ਹਿਜ਼ਾਦੀਆਂ, ਬਾਦਸ਼ਾਹ ਵਜ਼ੀਰ ਬੈਠਣਾ ਆਪਣਾ ਫ਼ਰਜ਼ ਸਮਝਦੇ ਸਨ। ਕਿਸਮਤ ਵਾਲਿਆਂ ਨੂੰ ਉਹ ਬੋਰੀਆਂ ਨਸੀਬ ਹੁੰਦੀਆਂ ਸਨ। ਹਜ਼ਰਤ ਫਰਮਾਇਆ ਕਰਦੇ ਸਨ ਕਿ ਬਾਹਰ ਕੋਈ ਵਸਤੂ ਨਿਜਾਤ ਨਹੀਂ ਦਿਵਾ ਸਕਦੀ ਦਿਲ ਦੀ ਹਜ਼ੂਰੀ ਤੋਂ ਬਗੈਰ ਨਮਾਜ ਅਦਾ ਕਰਨੀ ਫ਼ਜ਼ੂਲ ਏ। ਕੀਰਤਨ ਦੇ ਬੜੇ ਆਸ਼ਕ ਸਨ। ਕਿੰਨਾ ਕਿੰਨਾ ਚਿਰ ਰਬਾਬੀਆਂ ਕੋਲੋਂ ਕੀਰਤਨ ਸੁਣਦੇ। ਜੇ ਕੋਈ ਨੱਕ ਮੂੰਹ ਵਟਦਾ ਜਾਂ ਕਿਸੇ ਨੇ ਬੂਥਾ ਸੁਜਾਇਆ ਤੇ ਤਾਂ ਉਸਨੂੰ ਬਾਂਹ ਫੜ ਕੇ ਬਾਹਰ ਕਢ ਦਿੰਦੇ ਭਾਵੇਂ ਬਾਦਸ਼ਾਹ ਹੀ ਕਿਉਂ ਨਾ ਹੋਵੇ। ਫਰਮਾਉਂਦੇ : ਆਦਮੀ ਤਿੰਨ ਚੀਜ਼ਾਂ ਦਾ ਸਮੂਹ ਏ—ਨਫਸ, ਦਿਲ ਤੇ ਰੂਹ। ਨਫਸ ਰੁਕਦਾ ਏ ਸ਼ਰ੍ਹੀਅਤ ਨਾਲ। ਦਿਲ ਤਰੀਕਤ ਨਾਲ ਤੇ ਰੂਹ ਹਕੀਕਤ ਨਾਲ। ਰੂਹ ਦੀ ਜ਼ਬਾਨ ਕੀਰਤਨ ਏ। ਤਸਵੀਰ ਤੇ ਐਵੇਂ ਵਿਖਾਵਾ ਏ। ਮਾਲਾ ਤੇ ਮਨ ਦੀ ਏ। ਜ਼ੁਬਾਨ ਉਤੇ ਅੱਲਾ ਦਾ ਨਾਂ ਹੁੰਦਾ ਈ ਅਸਲ ਤਸਬੀ ਏ। ਇਸ ਗੱਲ ਨੇ ਭਰਮਾ ਲਏ ਸਨ ਕਈ ਹਿੰਦੂ ਤਪਸਵੀ।

ਜਦੋਂ ਤਲਾਅ ਪੁਟਿਆ ਗਿਆ ਤੇ ਮੰਦਰ ਬਨਵਾਉਣ ਦੀ ਕਲਪਨਾ ਕੀਤੀ ਗਈ। ਜਗ੍ਹਾ ਨਿਸਚਤ ਹੋ ਗਈ। ਹੁਣ ਸਵਾਲ ਪੈਦਾ ਹੋਇਆ ਕਿ ਇਹਦਾ ਨੀਂਹ ਪੱਥਰ ਕੀਹਦੇ ਕੋਲੋਂ ਰਖਵਾਇਆ ਜਾਏ। ਕਿਸੇ ਨੇ ਬਾਬੇ ਬੁੱਢੇ ਦਾ ਨਾਂ ਲਿਆ ਤੇ ਕਿਸੇ ਨੇ ਬਾਬਾ ਸ੍ਰੀ ਚੰਦ ਦੀ ਪਰਚੀ ਪਾਈ। ਪਰ ਗੁਰੂ ਅਰਜਨ ਦੇਵ ਬੜੇ ਬੇਨਿਆਜ਼ ਸਨ। ਉਹਨਾਂ ਦੇ ਅੰਦਰ ਵਿਤਕਰਾ ਨਹੀਂ ਸੀ ਉਹ ਇਕ ਵਖਰਾ ਮੰਦਰ ਬਨਵਾਉਣਾ ਚਾਹੁੰਦੇ ਸਨ—ਜਿਹੜਾ ਨਿਆਰਾ ਈ

ਨਿਆਰਾ ਹੋਵੇ। ਪ੍ਰਚਲਤ ਰਸਮਾਂ ਨੂੰ ਤੋੜ ਕੇ ਉਹਨਾਂ ਹਜ਼ਰਤ ਮੀਆਂ ਮੀਰ ਨੂੰ ਸੱਦਿਆ ਤੇ ਅਰਜ ਕੀਤੀ—ਸਰਕਾਰ ਤੁਸੀਂ ਏਸ ਮੰਦਰ ਦੀ ਨੀਂਹ ਰਖ ਦਿਓ। ਮੀਆਂ ਮੀਰ ਨੂੰ ਲਾਲੀਆਂ ਚੜ੍ਹ ਗਈਆਂ। ਖੁਸ਼ੀਆਂ ਵਿਚ ਆਇਆ ਫਕੀਰ ਬੋਲਿਆ—ਅਸਲ ਧਰਮ ਦੀ ਨੀਂਹ ਅੱਜ ਰੱਖੀ ਜਾਵੇਗੀ। ਸਵਰਨ ਮੰਦਰ ਦੀ ਪਹਿਲੀ ਇੱਟ ਦੂਜੇ ਧਰਮ ਦੇ ਆਗੂ ਨੇ ਰੱਖੀ। ਕਿੰਨਾ ਨੇੜੇ ਲੈ ਆਂਦਾ ਇਕ ਧਰਮ ਨੂੰ ਦੂਜੇ ਕੋਲ। ਇਹ ਅਨੋਖਾ ਤੇ ਚਹੁੰ ਵਰਨਾ ਲਈ ਖੁਲ੍ਹਾ ਤੇ ਵਿਤਕਰਾ ਮਿਟਾਉਣ ਵਾਲਾ ਮੰਦਰ ਕੀਰਤਨਗੜ੍ਹ ਬਣਾ ਦਿਤਾ ਗੁਰੂ ਅਰਜਨ ਦੇਵ ਨੇ। ਹਰ ਕੀ ਪੌੜੀ ਵੀ ਆਪ ਸਾਜੀ। ਜਦੋਂ ਹਰਿਮੰਦਰ ਬਣ ਗਿਆ ਤਾਂ ਉਹਦੇ ਉਪਰ ਪੁਲ ਬਣਾਇਆ ਜਾਣਾ ਸੀ। ਦਰਸ਼ਨੀ ਡਿਉਢੀ ਦਾ ਦਰਵਾਜ਼ਾ ਕਈ ਵਾਰ ਬਣਾਇਆ ਤੇ ਕਈ ਵਾਰ ਨਾ ਪਸੰਦ ਕੀਤਾ। ਜਦੋਂ ਕਾਰੀਗਰਾਂ ਪੁਛਿਆ ਤਾਂ ਫਰਮਾਇਆ ਗੁਰਾਂ—ਇਹਦਾ ਦਰਵਾਜ਼ਾ ਕਿਸੇ ਧਰਮ ਅਸਥਾਨ ਦਾ ਈ ਲਗੇ। ਤਾਹੀਓਂ ਸੋਭਾ ਹੁੰਦੀ ਏ। ਸੁੱਖਾ ਸਿੰਘ ਨੇ ਆਖਿਆ।

ਤਦ ਝਟ ਹੀ ਮਹਿਤਾਬ ਸਿੰਘ ਬੋਲ ਪਿਆ—ਬਨਾਰਸ ਦਾਂ ਕੋਈ ਮੰਦਰ ਦਰਵਾਜ਼ਾ ਦੇ ਦੇਵੇ...।

—ਨਹੀਂ ਮੇਰੇ ਬਾਬੇ ਨੇ ਦਸਿਆ ਸੀ ਕਿ ਗੁਰੂ ਮਹਾਰਾਜ ਦੀ ਨਜ਼ਰ ਸੋਮਨਾਥ ਦੇ ਉਸ ਦਰਵਾਜ਼ੇ ਤੇ ਸੀ ਜਿਹੜਾ ਮਹਿਮੂਦ ਗਜਨਵੀ ਲੁਟ ਕੇ ਗਜਨੀ ਲੈ ਗਿਆ ਸੀ। ਚਲੋ ਹੁਣ ਜਿਹੜਾ ਲਭਦਾ ਏ ਲਾ ਦਿਓ, ਜਦ ਤਕ ਉਹ ਦਰਵਾਜ਼ਾ ਨਹੀਂ ਲਗਦਾ ਤਦ ਤਕ ਇਹਦਾ ਰੂਪ ਨਹੀਂ ਨਿਖਰਦਾ। ਦਰਵਾਜ਼ਾ ਉਹੋ ਈ ਲਗੂ ਭਾਵੇਂ ਕਦੇ ਲੱਗੇ। ਹੁਣ ਗੱਲ ਆਈ ਪੁਲ ਦੀ। ਉਹਦੀ ਲੰਬਾਈ ਚੁਰਾਸੀ ਕਦਮ ਰੱਖੀ ਗਈ। ਬੰਦਾ ਇਕ ਇਕ ਕਦਮ ਤੇ ਆਪਣੀ ਇਕ-ਇਕ ਮੰਜ਼ਿਲ ਤਹਿ ਕਰ ਸਕਦਾ ਹੈ। ਚੁਰਾਸੀ ਕੱਟੀ ਜਾ ਸਕਦੀ ਹੈ। ਹਰ ਗੱਲ ਧਰਮ ਦੀ ਮਰਿਆਦਾ ਨੂੰ ਮੁਖ ਰਖ ਕੇ ਬਣਾਈ ਗਈ। ਗੁਰੂ ਅਰਜਨ ਦੇਵ ਇਲਾਚੀ ਬੇਰੀ ਦੇ ਥੱਲੇ ਬੈਠਕੇ ਫਰਮਾਇਆ ਕਰਦੇ ਸਨ...ਮੰਦਰ ਦੇ ਚਾਰ ਦਰਵਾਜ਼ੇ ਹੋਣਗੇ ਚਹੁੰ ਦਿਸ਼ਾਂ ਵਲ ਪਰ ਇਹਨਾਂ ਦਾ ਮੂੰਹ ਕਿਸੇ ਕੂਟ ਵਲ ਨਹੀਂ ਹੋਣਾ ਚਾਹੀਦਾ ਸਗੋਂ ਦੋ ਕੂਟਾਂ ਦੇ ਵਿਚ ਦਰਵਾਜ਼ਾ ਰਖਿਆ ਜਾਏ ਇਹ ਇਕ ਨਵੀਂ ਯੋਜਨਾ ਸੀ। ਇਹਦੇ ਨਾਲ ਹਰ ਮੌਸਮ ਹਰ ਰੁੱਤ ਵਿਚ ਮੌਸਮ ਸੁਹਾਨਾ ਰਹੇਗਾ। ਚਾਰ ਵੇਦ, ਚਾਰ ਆਸ਼ਰਮ, ਚਾਰ ਮੁਕਤੀਆਂ, ਚਹੁੰ ਯੁਗਾਂ ਵਿਚ ਚਾਰੇ ਵਰਨ ਇਕੋ ਸਮੇਂ ਦਾਖ਼ਲ ਹੋ ਸਕਣ ਕਿਸੇ ਨੂੰ ਆਗਿਆ ਲੈਣ ਦੀ ਲੋੜ ਨਹੀਂ। ਮੰਦਰ ਮਸੀਤ ਦਾ ਜਦੋਂ ਵੀ ਕਿਸੇ ਦਰਵਾਜ਼ਾ ਰਖਿਆ ਤਾਂ ਉਹ ਇਕੋ ਹੀ ਹੁੰਦਾ। ਹਰਿਮੰਦਰ ਨੂੰ ਬਿਲਕੁਲ ਪਾਣੀ ਦੀ ਸਤਾ ਉਪਰ ਰਖਿਆ ਗਿਆ। ਇਸ ਲਈ ਕਿ ਜਿਸ ਤਰ੍ਹਾਂ ਕੰਵਲ ਫੁਲ ਪਾਣੀ ਦੇ ਸੀਨੇ ਉਪਰ ਤਰਦਾ ਹੈ, ਇਸੇ ਤਰ੍ਹਾਂ ਹਰਿਮੰਦਰ ਉਸ ਕੰਵਲ ਦੇ ਫੁਲ ਵਾਂਗ ਸਰੋਵਰ ਵਿਚ ਜਾਪੇਗਾ ਤੇ ਹਿਰਦਾ ਕੰਵਲ ਵਾਂਗੂ ਖਿੜ ਜਾਏਗਾ ਜਿਹੜਾ ਇਹਦੇ ਦਰਸ਼ਨ ਕਰੇਗਾ। ਹਰਿਮੰਦਰ ਜਾਣ ਬੁਝ ਕੇ ਨਵੀਂ ਥਾਂ ਤੇ ਬਣਾ-ਇਆ ਗਿਆ ਸੀ। ਨਿਮਰਤਾ ਤੋਂ ਬਗੈਰ ਹਰੀ ਪਾਇਆ ਨਹੀਂ ਜਾ ਸਕਦਾ। ਇਹਦੇ ਗੁੰਬਦ ਬੈਠਵੇਂ ਤੇ ਪੀਡੇ ਹਨ। ਜਿਹਦਾ ਮਤਲਬ ਏ ਕਿ ਨਿਮਰਤਾ ਵਿਚ ਈ ਸਭ ਕੁਝ ਏ। ਅਕਾਲ ਤਖਤ ਦੇ ਗੁੰਬਦ ਵੇਖੇ ਤੇ ਬੰਦਾ ਆਪੇ ਵਿਚੋਂ ਬਾਹਰ ਬਾਹਰ ਹੋ ਜਾਂਦਾ ਹੈ ਤੇ ਖੁਸ਼ੀ ਨਾਲ ਛਾਲਾਂ ਮਾਰਨ ਲਗ ਪੈਂਦਾ ਏ। ਗੁੰਬਦ ਖੜ੍ਹਾ ਏ, ਸਿੱਧਾ ਏ ਤੇ ਅਣਖ ਦਾ ਪ੍ਰਤੀਕ ਏ। ਗੁੰਬਦ ਨੂੰ ਜ਼ਰਾ ਗਹੁ ਨਾਲ ਵੇਖੋ ਤੇ ਪਤਾ ਲਗਦਾ ਏ ਕਿ ਗੁੰਬਦ ਨੂੰ ਪੁੱਠਾ ਰਖਿਆ ਗਿਆ

ਏ। ਲਕਸ਼ਮੀ ਸਿੱਧੇ ਫੁੱਲ ਤੇ ਰੀਝਦੀ ਏ ਤੇ ਆਸਨ ਜਮਾਉਂਦੀ ਏ ਪੁਠੇ ਕੰਵਲ ਵਿਚੋਂ ਅੰਮ੍ਰਿਤ ਝਰ-ਝਰ ਪੈਂਦਾ ਏ ਤੇ ਉਥੇ ਈ ਹਰੀ ਦਾ ਵਾਸ ਏ। ਮਾਇਆ ਆਪੇ ਪਿਛੇ-ਪਿਛੇ ਫਿਰੇਗੀ। ਕੰਵਲ ਨੂੰ ਉਲਟਾਉਣਾ ਈ ਹਰੀ ਨੂੰ ਪਾਉਣਾ ਹੈ।

ਹਰਿਮੰਦਰ ਵਿਚ ਜਿੰਨੇ ਵੀ ਫੁਲ ਬੂਟੇ ਬਣਾਏ ਗਏ ਹਨ ਉਹਨਾਂ ਵਿਚੋਂ ਜ਼ਿੰਦਗੀ ਬੋਲਦੀ ਹੈ। ਜੀਵਨ ਦੀ ਚਿਤਰਕਾਰੀ ਹਰਿਆਵਲ ਦਿਲ ਵਿਚ ਲੁਕੀ ਬੈਠੀ ਏ ਤੇ ਠੰਡ ਪੈਂਦੀ ਏ ਇਸ ਮੀਨਾਕਾਰੀ ਨੂੰ ਵੇਖਕੇ। ਇਸੇ ਨੂੰ ਵੇਖ ਕੇ ਜਾਂ ਇਹਦੇ ਤੋਂ ਪ੍ਰਭਾਵਤ ਹੋ ਕੇ ਇਰਾਨੀ ਮੁਸੱਵਰਾਂ ਨੇ ਤਾਜ ਮਹਲ ਬਣਾਇਆ। ਉਹਦੇ ਵਿਚ ਕਿਤੇ ਕਿਸੇ ਜਾਨਵਰ ਦੀ ਸ਼ਕਲ ਦੀ ਕੋਈ ਚੀਜ਼ ਨਹੀਂ ਮਿਲਦੀ। ਇਹੋ ਜਿਹੀਆਂ ਚੀਜ਼ਾਂ ਦੀ ਨਕਾਸ਼ੀ ਏ ਜਿਹਨਾਂ ਵਿਚ ਨਿਰਾਸਤਾ ਏ। ਜ਼ਿੰਦਗੀ ਤੋਂ ਦੂਰ ਹਨ ਇਸੇ ਲਈ ਤਾਜ ਮਹਲ ਨੂੰ ਮੌਤ ਨਾਲ ਉਪਮਾਂ ਦਿਤੀ ਜਾਂਦੀ ਏ ਤੇ ਹਰਿਮੰਦਰ ਨੂੰ ਜੀਵਨ ਨਾਲ। ਇਹਦੇ ਨਾਲ ਜ਼ਿੰਦਗੀ ਖੇਡਦੀ ਤੇ ਕਲੋਲ ਕਰਦੀ ਨਜ਼ਰ ਆਉਂਦੀ ਏ।

ਇਹਦੀਆਂ ਬਾਰੀਆਂ ਇਸ ਢੰਗ ਨਾਲ ਬਣਾਈਆਂ 'ਹੋਈਆਂ ਹਨ ਕਿ ਠੰਡੀ-ਠੰਡੀ ਹਵਾ ਰੁਮਕਦੀ ਰਹੇ। ਬਰਖਾ ਰੁੱਤ ਵਿਚ ਜਦ ਮੇਘਲਾ ਘੁੰਗਰੂ ਪਾ ਕੇ ਨੱਚੇ ਤਦ ਵੀ ਰੁਤ ਸੁਹਾਨੀ ਜਾਪੇ। ਚੁਮਾਸੇ ਵਿਚ ਮੁੜ੍ਹਕਾ ਨਾ ਆਵੇ ਤੇ ਸਰਦੀ 'ਚ ਪਾਲਾ ਨਾ ਲੱਗੇ।

ਅੰਮ੍ਰਿਤਸਰ ਮਾਨਸਰੋਵਰ ਏ ਤੇ ਹਰਿਮੰਦਰ ਜਹਾਜ਼ ਦੇ ਬਾਦਬਾਨ ਵਾਹਿਗੁਰੂ ਤੇ ਮੱਲਾਹ ਏ ਸ਼ਬਦ ਗੁਰੂ। ਸੁੱਖਾ ਸਿੰਘ ਨੇ ਇਹ ਆਖ ਕੇ ਮੱਥਾ ਟੇਕ ਦਿਤਾ। ਮਹਿਤਾਬ ਸਿੰਘ ਤੇ ਦੂਜਿਆਂ ਵੀ ਸੀਸ ਝੁਕਾ ਦਿਤੇ ਦੂਰ ਬੈਠਿਆਂ ਈ।

—ਚਲੋ ਤਿਆਰ ਹੋ ਜਾਓ, ਹੁਣ ਅਪਾਂ ਪੰਜਾਬ ਦੀਆਂ ਹੱਦਾਂ ਨੂੰ ਛੁਹਣਾ ਏ। ਵਕਤ ਬਹੁਤ ਘੱਟ ਏ। ਕਿਤੇ ਆਰਾਮ ਨਹੀਂ ਮਿਲਣਾ। ਗੋਡਾ ਨਿਵਾ ਕੇ ਬੈਠਣਾ ਜਾਂ ਸਾਹ ਕਢਣਾ ਬਹੁਤ ਮੁਸ਼ਕਲ ਏ। ਤਰਨਤਾਰਨ ਜਾ ਕੇ ਡੇਰੇ ਲਗਣਗੇ ਤਾਂ ਜਾ ਕੇ ਸੁਖ ਦਾ ਸਾਹ ਆਊ।

ਇਕ ਨਾਥ ਨੇ ਆਖਿਆ ਸਾਡੇ ਜੱਥੇ ਅਗੇ ਅਗੇ ਜਾਣਗੇ ਤੁਸੀਂ ਦੋਵੇਂ ਜਣੇ ਇਕਠੇ ਰਹੋਗੇ। ਅਸੀਂ ਤੁਹਾਡੇ ਲਈ ਹਰ ਜਗ੍ਹਾ ਤੇ ਕੁਝ ਨਿਸ਼ਾਨ ਛਡਦੇ ਜਾਵਾਂਗੇ ਜਿਹਨਾਂ ਦਾ ਮਤਲਬ ਹੋਵੇਗਾ ਕਿ ਰਸਤਾ ਸਾਫ ਏ। ਜਿਥੋਂ ਸਾਨੂੰ ਕੋਈ ਅੜਚਣ ਜਾਪੇਗੀ ਉਥੇ ਖਤਰੇ ਦੇ ਨਿਸ਼ਾਨ ਹੋਣਗੇ ਤੇ ਤੁਹਾਡੇ ਮਗਰ ਸਾਡਾ ਦੂਜਾ ਜੱਥਾ ਹੋਵੇਗਾ। ਤੁਹਾਨੂੰ ਇਸ ਤਰ੍ਹਾਂ ਲੈ ਕੇ ਜਾਵੇਗਾ ਜਿਵੇਂ ਤਲੀ ਤੇ ਛਾਲਾ। ਸਾਡੀ ਸਾਰੀ ਯੋਜਨਾ ਤਰਨਤਾਰਨ ਜਾ ਕੇ ਬਣਨੀ ਏ ਤੇ ਅੰਮ੍ਰਿਤਸਰ ਸਾਡੇ ਸਾਥੀ ਪੁੱਜਣ ਵਾਲੇ ਈ ਹਨ। ਇਹ ਸਾਰਾ ਕੰਮ ਅਸਾਂ ਤੁਹਾਡੇ ਤੋਂ ਚੋਰੀ ਚੋਰੀ ਕੀਤਾ ਏ।

ਨਾਥਾਂ ਨੇ ਚਾਲੇ ਪਾ ਦਿਤਾ ਟੋਲਾ ਫਕੀਰਾਂ ਦਾ ਮਿਥੇ ਰਾਹ ਉੱਤੇ। ਅਵਾਜ਼ੇ ਆ ਰਹੇ ਸਨ, ਅਲਖ ਨਿਰੰਜਣ—ਜੈ ਗੁਰੂ ਗੋਰਖ ਨਾਥ।

ਗੋਟੇ ਵਾਲੀ ਚੁੰਨੀ

ਭੀੜ ਖਿੰਡ-ਪੁੰਡ ਗਈ। ਤੇਜ ਘਟ ਗਿਆ ਪ੍ਰਾਹੁਣਿਆਂ ਦਾ ਥੋੜੇ ਜਿਹੇ ਪ੍ਰਾਹੁਣੇ ਰਹਿ ਗਏ ਪਿੰਡ ਵਿਚ। ਪਿੰਡ ਦੀ ਰੌਣਕ ਨਾਲ ਈ ਪੱਲੇ ਬੰਨ੍ਹ ਕੇ ਲੈ ਗਏ ਨਾਥ। ਚੰਪਾ, ਬਾਪੂ, ਜੋਗਾ ਸਲਾਹ ਕਰਨ ਲਗੇ ਸੂਲਾਂ ਭਰੇ ਰਾਹ ਹਨ। ਸਿੰਘਾਂ ਦਾ ਸ਼ਿਕਾਰ ਕਰਦੀ ਫਿਰਦੀ ਏ ਗਸ਼ਤੀ ਫੌਜ। ਪ੍ਰਤਿਗਿਆ ਕਰਨ ਵਾਲੇ ਸੂਰਮੇ ਅਜ ਤੋਂ ਈ ਸੂਫੀ ਫਕੀਰ ਦਾ ਪਹਿਰਾਵਾ ਪਾ ਲੈਣ। ਬੋਲੀ ਉਹਨਾਂ ਦੀ ਹੁਣ ਤੋਂ ਈ ਸਿਖਣੀ ਸ਼ੁਰੂ ਕਰ ਦੇਣ। ਜੇ ਕਿਤੇ ਫਸੇ-ਫਸਾਏ ਕੁੜਿਕੀ 'ਚ ਆਏ ਵੁਜ਼ੂ ਕਰਨਾਂ ਪੈ ਜਾਏ ਜਾਂ ਨਮਾਜ ਪੜ੍ਹਨੀ ਪਵੇ ਤਾਂ ਬਿਲਕੁਲ ਨਾ ਝਿਜਕਣ। ਅਧਪਚਧੀ ਨਮਾਜ ਸੁੱਖਾ ਸਿੰਘ ਨੂੰ ਆਉਂਦੀ ਏ। ਮਹਿਤਾਬ ਸਿੰਘ ਕਲਮਾਂ ਤੇ ਪੜ੍ਹ ਹੀ ਸਕਦਾ ਏ। ਲਟਾਂ ਖੋਲ੍ਹੀਆਂ ਕੇਸ ਛੰਡੇ ਤੇ ਲੰਬੇ-ਲੰਬੇ ਚੋਗੇ ਪਾਉਣੇ ਇਹ ਕੋਈ ਮੁਸ਼ਕਲ ਨਹੀਂ। ਇਹ ਕਲੰਦਰ ਜਿਸ ਪਿੰਡ, ਗਰਾਂ 'ਚ ਜਾਣਗੇ ਰਜਕੇ ਖਾਣਗੇ ਰੋਟੀ ਦਾ ਝੋਰਾ ਇਹਨਾਂ ਨੂੰ ਬਿਲਕੁਲ ਨਹੀਂ ਰਹਿਣ ਲਗਾ। ਇਹ ਸਲਾਹ ਜੋਗੇ ਦੀ ਸੀ।

—ਬਾਪੂ ਮੇਰਾ ਦਿਲ ਕਹਿੰਦਾ ਏ ਕਿ ਸਾਨੂੰ ਵੀ ਇਹਨਾਂ ਦੇ ਨਾਲ ਜਾਣਾ ਚਾਹੀਦਾ ਏ। ਇਕੱਲੇ ਵਿਚਾਰੇ ਕਿਧਰ ਟੱਕਰਾਂ ਮਾਰਦੇ ਫਿਰਨਗੇ। ਚੰਪਾ ਬੋਲੀ।

—ਜੀਅ ਤੇ ਮੇਰਾ ਵੀ ਕਰਦਾ ਏ। ਮੈਂ ਚਾਰ ਦਿਨ ਲੰਗਰ 'ਚ ਬਹਿ ਕੇ ਪ੍ਰਸ਼ਾਦ ਛਕ ਆਇਆ ਹਾਂ ਮੈਨੂੰ ਘਰ ਦੀ ਰੋਟੀ ਸਵਾਦ ਨਹੀਂ ਲੱਗਦੀ। ਜ਼ਿੰਦਗੀ ਤੇ ਉਹਨ੍ਹਾਂ ਦੀ ਏ ਅਸੀਂ ਤੇ ਐਵੇਂ ਭਾੜੇ ਦੇ ਦਿਨ ਪੂਰੇ ਕਰਨ ਆਏ ਹੋਏ ਹਾਂ। ਚੌਧਰੀ ਦੀ ਆਵਾਜ਼ ਸੀ।

—ਅਸਾਂ ਤੇ ਗੁਰੂ ਦੀ ਵਹੀ ਤੇ ਆਪਣਾ ਨਾਂ ਲਿਖਵਾ ਲਿਆ ਹੋਇਆ ਏ, ਅਸਾਂ ਤੇ ਜਾਣਾ ਈ ਹੋਇਆ, ਤੁਸੀਂ ਕਿਉਂ ਅੱਖੀਂ ਵੇਖ ਕੇ ਮੱਖੀ ਖਾਣ ਲਗੇ ਓ! ਇਹ ਤੇ ਸੂਲਾਂ ਦੀ ਸੇਜ ਏ ਮੌਤ ਦੀ ਜੰਵੇ ਜਾਣ ਵਾਲੀ ਗੱਲ ਏ। ਘਰੋਂ ਗਾਨਾ ਬੰਨ੍ਹ ਕੇ ਤੁਰਨਾ ਪੈਂਦਾ ਏ। ਜੋਗਾ ਆਖਣ ਲੱਗਾ।

—ਤੂੰ ਕੀ ਸਮਝਿਆ ਏ ਕਿ ਸਾਡੀ ਅਣਖ ਗਹਿਣੇ ਪੈ ਚੁਕੀ ਏ? ਨਹੀਂ ਇਹ ਗੱਲ ਨਹੀਂ। ਕੁਝ ਘਰਾਨੇ ਮੁਗਲਾਂ ਦੀ ਬਹਿਣੀ ਬੈਠੇ ਹਨ। ਬਾਕੀ ਸਾਰਾ ਰਾਜਸਥਾਨ ਆਪਣੀ ਮੌਤੇ ਮਰਦਾ ਏ, ਆਪਣੀ ਜ਼ਿੰਦਗੀ ਜਿਊਂਦਾ ਏ। ਵੇਖ ਲੈ ਉਦੇਪੁਰ ਵਾਲੇ ਅਜੇ ਵੀ ਜਿਉਂਦੇ ਹਨ। ਚਿਤੌੜ ਵਿਚੋਂ ਅਜੇ ਵੀ ਪਦਮਨੀ ਦੀ ਚਿਤਾ ਦਾ ਸੇਕ ਆਉਂਦਾ ਏ। ਪ੍ਰਤਾਪ ਦੀਆਂ ਕੂਕਾਂ ਅਜੇ ਵੀ ਲੋਕ ਪਹਾੜਾਂ ਵਿਚੋਂ ਸੁਣਦੇ ਹਨ। ਹਰ ਪਿੰਡ ਵਿਚ ਅਜੇ ਵੀ

ਅਮਰ ਸਿੰਘ ਰਾਠੌੜ ਜੰਮਦੇ ਹਨ। ਜੈਮਲ ਫੱਤੇ ਦੀ ਰੂਹ ਦਫ਼ਨ ਕਰ ਦਿਤੀ ਗਈ, ਨਾ ਭਈ ਨਾ, ਜੇ ਮੇਰੀ ਬੱਚੀ ਦਾ ਜੀਅ ਕਰਦਾ ਏ ਤਾਂ ਅਸੀਂ ਵੀ ਨਾਲ ਚੱਲਾਂਗੇ। ਚੌਧਰੀ ਦੀ ਆਵਾਜ਼ ਵਿਚ ਅਣਖ ਬੋਲਦੀ ਸੀ।

—ਘਰ ਦਾ ਕੀ ਬਣੂ ਬਾਪੂ! ਇਹ ਊਠ, ਇਹ ਖੇਤੀ, ਇਹ ਬਕਰੀਆਂ, ਇਹ ਹਵੇਲੀ ਕੀਹਦੇ ਸਹਾਰੇ ਛਡ ਕੇ ਜਾਵਾਂਗੇ। ਜੋਗਾ ਟੋਹ ਰਿਹਾ ਸੀ ਤੇ ਉਹਦੀ ਆਵਾਜ਼ ਵਿਅੰਗ ਮਈ ਸੀ।

—ਰਬ ਦੇ ਆਸਰੇ। ਘਰ ਫਿਰ ਬਣ ਸਕਦਾ ਏ। ਖੇਤੀ ਦੂਜੇ ਸਾਲ ਵਢ ਲਵਾਂਗੇ। ਇਹ ਕੁੰਭ ਰੋਜ਼-ਰੋਜ਼ ਨਹੀਓਂ ਆਉਣਾ, ਇਹ ਮੇਲੇ ਰੋਜ਼ ਨਹੀਓਂ ਲਗਣੇ। ਇਹ ਸੂਰਤਾਂ ਰੋਜ਼ ਨਹੀਓਂ ਲਭਣੀਆਂ। ਅਸੀਂ ਵੀ ਚਲਾਂਗੇ। ਜੇ ਮਰਾਂਗੇ ਤਾਂ ਇਕਠੇ ਜੇ ਜੀਵਾਂਗੇ ਤਾਂ ਇਕਠੇ। ਹੁਣ ਸਾਨੂੰ ਮੌਤ ਈ ਵਿਛੋੜੇਗੀ। ਮੈਂ ਦੋ ਚਾਰ ਦਿਨ ਧੂਣੀਆਂ ਦੀ ਅੱਗ ਸੇਕ ਲਈ ਏ ਭੂਰਿਆਂ ਦਾ ਨਿਘ ਜਿਸ ਨੇ ਇਕ ਵਾਰੀ ਲੈ ਲਿਆ। ਉਸਨੂੰ ਫਿਰ ਮਲੇਛਾਂ ਦੀਆਂ ਪਲਛ ਦੀਆਂ ਰਜਾਈਆਂ 'ਚ ਨਿਘ ਨਹੀਂ ਆਉਂਦਾ ਉਹ ਕੋਈ ਜ਼ਿੰਦਗੀ ਹੋਰ ਏ। ਉਹ ਕੋਈ ਸਰੂਰ ਈ ਵਖਰਾ ਏ। ਚੌਧਰੀ ਆਖਣ ਲੱਗਾ।

—ਬਾਪੂ ਮੈਨੂੰ ਛਡ ਕੇ ਨਾ ਜਾਈਂ, ਮੈਂ ਹਰਿਮੰਦਰ ਲੀਆਂ ਪਰਿਕਰਮਾ ਕਰਕੇ ਵੇਖਣੀਆਂ ਨੇ ਸੋਨੇ ਦੇ ਮੰਦਰ ਵਿਚ ਬੈਠਕੇ ਮੈਂ ਗੁਰੂ ਦੀ ਬਾਣੀ ਸੁਣਕੇ ਕਲੇਜੇ ਠੰਡ ਪਾਉਣੀ ਏ। ਰੇਤ ਵਿਚ ਜੰਮਣਾ ਰੇਤ ਵਿਚ ਈ ਮਰ ਜਾਣਾ, ਇਹ ਵੀ ਕੋਈ ਜ਼ਿੰਦਗੀ ਏ। ਖੁਲ੍ਹੇ ਗਗਨ ਵਿਚ ਉਡਾਰੀਆਂ ਮਾਰ ਕੇ ਵੇਖੀਏ। ਚੰਪਾ ਨੂੰ ਬੜਾ ਚਾਅ ਚੜ੍ਹਿਆ ਹੋਇਆ ਸੀ।

—ਚੋਰੀ-ਚੋਰੀ ਕੀ ਗੋਂਦਾਂ ਗੁੰਦੀਆਂ ਜਾ ਰਹੀਆਂ ਨੇ। ਇਹ ਰੇਤ ਦੀਆਂ ਪਿੰਨੀਆਂ ਵਟੀਆਂ ਤੇ ਜਾਂਦੀਆਂ ਨੇ ਪਰ ਮੁੱਠ ਖੁਲ੍ਹਣ ਤੇ ਬਾਅਦ ਇਹਦਾ ਆਕਾਰ ਕੀ ਏ? ਸੁੱਖਾ ਸਿੰਘ ਨੇ ਐਵੇਂ ਈ ਆਖਿਆ।

—ਅਸੀਂ ਰੇਤ ਨੂੰ ਜੋੜਨਾ ਜਾਣਦੇ ਹਾਂ। ਪੱਥਰ ਹੋ ਜਾਂਦੀ ਏ ਰੇਤ। ਤੁਸਾਂ ਸਾਨੂੰ ਕੁਛੜ ਚੁਕ ਕੇ ਤੇ ਨਹੀਂ ਲੈ ਜਾਣਾ। ਅਸੀਂ ਹੁਣ ਪੀਂਘ ਦੇ ਝੂਟੇ ਲੈਣੇ ਸਿਖ ਲਏ ਨੇ, ਚਾਰ ਦਿਨ ਸਾਨੂੰ ਵੀ ਝੂਟ ਲੈਣ ਦਿਓ। ਚੌਧਰੀ ਦਾ ਅੰਦਰੋਂ ਪਿਆਰ ਬੋਲ ਰਿਹਾ ਸੀ।

—ਤੁਸੀਂ ਉਹਨਾਂ ਦੇ ਪ੍ਰਾਹੁਣੇ ਚੱਲੇ ਓ ਜਿਨ੍ਹਾਂ ਦਾ ਘਰ ਨਹੀਂ ਘਾਟ ਨਹੀਂ। ਕੋਠਾ ਨਹੀਂ ਬਾਰ ਨਹੀਂ, ਰੰਨ ਨਹੀਂ ਕੁੱਲਾ ਨਹੀਂ, ਕੋਈ ਆਪਣਾ ਨਹੀਂ, ਕੋਈ ਹਮਦਰਦੀ ਨਹੀਂ। ਕਿਸੇ ਨੇ ਆਵਾਜ਼ ਮਾਰਨੀ ਨਹੀਂ ਤੇ ਕਿਸੇ ਨੇ ਬੂਹਾ ਖੜਕਾਉਣਾ ਨਹੀਂ। ਵਾਨ੍ਹ ਦੀਆਂ ਢੇਮਾ ਤੇ ਬਿਸਤਰੇ, ਮਿਲਿਆ ਤੇ ਕੁਝ ਖਾ ਲਿਆ ਨਹੀਂ ਤੇ ਛੋਲਿਆਂ ਦੀ ਮੁਠ ਚਬੀ ਤੇ ਪਾਣੀ ਦਾ ਗੜਵਾ ਪੀ ਲਿਆ। ਰਾਤ ਲੰਘ ਗਈ ਦਿਨੇ ਫਿਰ ਰਬ ਰਾਖਾ। ਸੁੱਖਾ ਸਿੰਘ ਨੇ ਫਿਰ ਟੋਹ ਕੇ ਵੇਖਿਆ।

ਚੌਧਰੀ ਆਖਣ ਲੱਗਾ—ਸਿੰਘ ਜੀ, ਗੋਂਗਲੂਆਂ ਤੋਂ ਮਿੱਟੀ ਨਾ ਝਾੜੋ, ਸਨੂੰ ਐਵੇਂ ਪੈਰਾਂ ਤੋਂ ਕਿਉਂ ਕੱਢੀ ਜਾਂਦੇ ਓ। ਤੁਸਾਂ ਜੈਪੁਰ ਵਾਲਿਆਂ ਦੇ ਨਾਂ ਸੁਣੇ ਹਨ, ਬੀਕਾਨੇਰ ਦੀ ਧਰਤੀ ਦੀ ਤਾਸੀਰ ਤੁਸੀਂ ਨਹੀਂ ਜਾਣਦੇ। ਇਹ ਲੋਹੇ ਦੀ ਜਾਨ ਹਨ। ਇਹ ਟੁਟੇ ਤੇ ਤੁਸੀਂ ਵੇਖ ਸਕਦੇ ਹੋ ਲਿਫੇ ਕਦੀ ਨਹੀਂ ਵੇਖੋਗੇ। ਸਾਨੂੰ ਨਾਲ ਲੈ ਚਲੋ, ਅਸੀਂ ਵੀ ਤੁਹਾਡੇ ਬਹਾਨੇ ਵਿਸਾਖੀ ਵੇਖ ਆਵਾਂਗੇ।

—ਚਲੋ ਜੇ ਤੁਸਾਂ ਸੁਰਮਾਂ ਪਾ ਕੇ ਵੇਖਣਾ ਈ, ਏ ਤਾਂ ਵੇਖ ਲਓ। ਜਿੰਨਾ ਸੁਰਮਾ ਪਾਉਣਾ ਸੌਖਾ ਏ ਉਨਾ ਮਟਕਾਉਣਾ ਔਖਾ ਏ। ਸੁੱਖਾ ਸਿੰਘ ਨੇ ਇਕ ਵਾਰੀ ਫਿਰ ਟੋਹ ਕੇ ਵੇਖਿਆ।

—ਗੁਰੂ ਜਿਨ੍ਹਾਂ ਦੇ ਉਡਣੇ ਚੇਲੇ ਜਾਣ ਛੜੱਪ। ਚੌਧਰੀ ਦੇ ਬੋਲ ਸਨ।

—ਕਦ ਚਲਣਾ ਏ ਫਿਰ ?

—ਹੁਣੇ ਈਂ, ਮਾਰ ਕੁੜੀਏ ਜਿੰਦਰਾ ਤੇ ਚਾਬੀਆਂ ਦੇ ਆ ਤਾਈ ਨੂੰ ਤੇ ਆਖੀਂ ਅਸੀਂ ਕੁੰਭ ਨਹਾਉਣ ਚੱਲੇ ਆਂ। ਸਾਥ ਮਿਲ ਗਿਆ ਏ ਯਾਤਰੀਆਂ ਦਾ। ਤੁਹਾਡੇ ਲਈ ਗੰਗਾ ਜਲ ਲੈ ਕੇ ਆਵਾਂਗੇ। ਚੌਧਰੀ ਆਖਣ ਲੱਗਾ।

— ਮੈਂ ਹੁਣੇ ਆਈ ਚਾਬੀ ਦੇ ਕੇ। ਚੰਪਾ ਦੀ ਆਵਾਜ਼ ਸੀ।

—ਪਿੰਨੀਆਂ ਚਾਚੀ ਨੇ ਦਿਤੀਆਂ ਨੇ ਤੇ ਲਡੂ ਤਾਈ ਨੇ ਪੰਜੀਰੀ ਮੇਰੀ ਮਾਂ ਨੇ ਪੋਟਲੀ 'ਚ ਬੰਨ੍ਹ ਕੇ ਦਿਤੀ ਏ। ਭੂਰੀ ਬੋਲੀ—ਸਿੰਘ ਭੁੱਖੇ ਨਾ ਜਾਣ ਵਸਦੇ ਘਰ ਵਿਚੋਂ। ਉਸਨੇ ਜ਼ਰਾ ਕੁ ਨਜ਼ਰ ਭੁਆ ਕੇ ਵੇਖੀ ਤੇ ਆਖਣ ਲੱਗੀ ਕਿ ਗੋਟੇ ਵਾਲੀ ਚੁੰਨੀ ਦਸਦੀ ਏ ਕਿ ਚੰਪਾ ਵੀ ਤੁਹਾਡੇ ਨਾਲ ਜਾ ਰਹੀ ਏ।

ਪੱਤਨ ਮਿਚਨਾਬਾਦ ਦਾ

ਮੇਲੇ ਤੇ ਮੁਕਾਲਾਵੇ ਦਾ ਚਾਅ ਮੁਟਿਆਰਾਂ ਨੂੰ ਸਾਹ ਨਹੀਂ ਲੈਣ ਦੇਂਦਾ ਅਨਭੋਲ ਚੰਪਾ ਕੀ ਜਾਣੇ ਮੇਲਾ ਮਸਿਆ। ਦਾ ਵਿਸਾਖੀ ਦਾ ਨਾਂ ਈ ਝਾਂਜਰਾਂ 'ਚ ਜੋਬਨ ਭਰ ਦਿੰਦਾ ਏ। ਜਵਾਨੀ ਉਮਡ-ਉਮਡ ਪੈਂਦੀ ਏ, ਪਰ ਜਿਥੇ ਸਿਰ ਕਟਾਉਣ ਵਾਲਿਆਂ ਦੀ ਮੰਡੀ ਲੱਗੀ ਹੋਏ ਉਥੇ ਮੇਲਾ ਕਿਸ ਭਾਅ ਪਊ ? ਇਹ ਕੰਚਨ ਦੇਵੀ ਕੀ ਜਾਣੇ। ਚਲੋ ਲੈ ਚਲੋ ਇਹਦੀਆਂ ਰਗਾਂ ਵਿਚ ਵੀ ਰਾਜਪੂਤੀ ਲਹੂ ਏ। ਧੀ ਕਿਹਦੀ ਏ। ਡੋਲਣ ਨਹੀਂ ਲੱਗੀ। ਜੇ ਡੋਲ ਗਈ ਤਾਂ ਰਾਜਪੂਤ ਨਹੀਂ। ਰਾਜਪੂਤਨੀਆਂ ਕੀ ਜੰਗ ਵਿਚ ਨਹੀਂ ਸਨ ਜਾਂਦੀਆਂ। ਇਹ ਧਰਮ ਦਾ ਯੁਧ ਏ ਇਹ ਦੇਸ਼ ਦਾ ਸੰਗਰਾਮ ਏ, ਕੋਈ ਗੱਲ ਨਹੀਂ ਸਾਰਾ ਅੰਮ੍ਰਿਤਸਰ ਵਸਦਾ ਏ, ਇਹ ਵੀ ਰਾਤ ਕਟ ਲਊ ਕਿਸੇ ਗੁਰਮੁਖ ਸਿੰਘ ਦੇ ਘਰ। ਗੁਰੂ ਦਾ ਦਰਬਾਰ ਵੇਖ ਆਊ। ਵੀਰ ਘੋੜੀ ਚੜ੍ਹਨ ਲਗੇ ਹਨ—ਵਾਗ ਗੁੰਦਨ ਵਾਲੀ ਭੈਣ ਇਕ ਤੇ ਨਾਲ ਹੋਣੀ ਚਾਹੀਦੀ ਏ। ਚੰਪਾ ਦਾ ਦਿਲ ਮੋਹ ਲਿਆ ਏ, ਇਹਨਾ ਗੁਰੂ ਦੇ ਪਿਆਰਿਆਂ ਨੇ। ਇਨ੍ਹਾਂ ਦੇ ਭੈਣ ਭਰਾ ਦੇ ਅਟੁਟ ਸਾਕ ਨੂੰ ਮੈਂ ਕਿਦਾਂ ਤੋੜਾਂ। ਚੰਪਾ ਆਪਣੀ ਭਾਬੀ ਦਾ ਘੁੰਡ ਚੁਕ ਕੇ ਪਲੇਠੀ ਦੀ ਮੂੰਹ ਵਿਖਾਲੀ ਦੇਣਾ ਚਾਹੁੰਦੀ ਏ। ਬਾਲੜੀ ਇਹ ਨਹੀਂ ਜਾਣਦੀ ਕਿ ਇਸ ਜੰਞ ਦਾ ਢੋਇਆ ਕੀ ਤਾਰਨਾ ਪੈਣੈ। ਮਿਲਣੀ ਵਿਚ ਰੇਜਾ ਮਿਲਦਾ ਏ ਕਿ ਪੱਗ। ਚਲੋ ਭਰਾਵਾਂ ਦੀਆਂ ਘੋੜੀਆਂ ਗਾ ਲੈਣ ਦਿਓ, ਬੜਾ ਚਾਅ ਏ ਮੇਰੀ ਧੀ ਨੂੰ ਭਰਾ ਦਾ ਵਿਆਹ ਵੇਖਣ ਦਾ। ਚੌਧਰੀ ਗੰਗਾ ਸਿੰਘ ਸੋਚ ਰਿਹਾ ਸੀ।

—ਬਾਪੂ, ਸਿੰਘ ਤਾਂ ਡੰਡੀ ਪੈ ਗਏ ਤੇ ਅਸੀਂ ਕਿਹਦੇ ਨਾਲ ਜਾਣਾ ਏ। ਚੰਪਾ ਬੋਲੀ।

—ਸਿੰਘਾਂ ਬਹਿ ਥੋੜਾ ਰਹਿਣੈ, ਉਹਨਾਂ ਦੀ ਮੰਜ਼ਿਲ ਬਹੁਤ ਦੂਰ ਏ ਅਸੀਂ ਵੀ ਹੱਲਾ ਮਾਰੀਏ ਤੇ ਅਸੀਂ ਵੀ ਜਾ ਰਲਾਂਗੇ। ਸਾਨੂੰ ਕਿਹੜਾ ਕਿਸੇ ਤੋਂ ਰਾਹ ਖੇੜਾ ਪੁਛਣਾ ਪੈਣਾ ਏ। ਵੇਖਿਆ ਡਿਠਾ ਪੈਂਡਾ ਏ। ਪੈਂਡਾ ਪੈਰੀਂ ਚੜ੍ਹਿਆ ਹੋਵੇ ਤਾਂ ਉਹਨਾਂ ਤੋਂ ਪਹਿਲਾਂ ਅਸੀਂ ਉਸ ਪੜਾਅ ਤੇ ਪੁੱਜ ਜਾਵਾਂਗੇ। ਜੇ ਇਕ ਪੜਾਅ ਖੁੰਝ ਗਿਆ ਤਾਂ ਦੂਜੇ ਤੇ ਜਾ ਫੜਾਂਗੇ। ਅਸਾਂ ਜਦੋਂ ਆਪਣੇ ਊਠ ਨੂੰ ਸ਼ਸ਼ਕਾਰਿਆ ਤਾਂ ਸਾਡੇ ਜਵਾਨ ਬੋਤੇ ਨੇ ਸਾਹ ਈ ਉਥੇ ਜਾ ਕੇ ਲੈਣਾ ਏ ਜਿਥੇ ਸਾਡਾ ਟਿਕਾਣਾ ਹੋਣਾ ਏ। ਸਾਨੂੰ ਵਖਰਾ ਜਾਣਾ ਚਾਹੀਦਾ ਏ, ਬੋਲ ਚੌਧਰੀ ਦੇ ਸਨ।

—ਬਾਪੂ ਸਿੰਘ ਬੜੇ ਮਤਲਬੀ ਨਿਕਲੇ। ਸਾਨੂੰ ਦਸੇ ਬਿਨਾਂ ਈ ਘੋੜਿਆਂ ਤੇ ਪਲਾਕੀ

ਮਾਰ ਕੇ ਰਾਹੇ ਪੈ ਗਏ ਤੇ ਅਸੀਂ ਮੂੰਹ ਚੁਕ ਕੇ ਵੇਖਦੇ ਰਹਿ ਗਏ। ਸਾਡੀਆਂ ਅੱਖਾਂ ਤਿਹਾਈਆਂ, ਬਾਪੂ ਕੀ ਕਦੀ ਇਹਨਾਂ ਦੀ ਪਿਆਸ ਬੁਝੂ। ਚੰਪਾ ਬੋਲੀ।

—ਭੋਲੀਏ ਬੱਚੀਏ ਅਸੀਂ ਤੇ ਵਿਸਾਖੀ ਵੇਖਣ ਚੱਲੇ ਹਾਂ ਤੇ ਉਹ ਮੌਤ ਨਾਲ ਦਸਤ ਪੰਜਾ ਲੜਾਉਣ ਜਾ ਰਹੇ ਹਨ। ਸਾਡੇ ਤੇ ਉਹਨਾਂ ਵਿਚ ਜ਼ਮੀਨ ਅਸਮਾਨ ਦੀ ਵਿਥ ਏ। ਬਾਪੂ ਆਖਣ ਲਗਾ।

ਚੰਪਾ ਦੀਆਂ ਬੁਲ੍ਹੀਆਂ ਤੇ ਬੋਲ ਉਭਰੇ—ਬਾਪੂ ਏਨੀ ਵੀ ਬੇਰੁਖੀ ਕਾਹਦੀ। ਉਹਨਾਂ ਕਿਹੜਾ ਸਾਨੂੰ ਧੰਗਾੜੇ ਚੁਕ ਕੇ ਖੜਨਾ ਸੀ।

—ਬੜੀ ਬੇਸਮਝ ਏ, ਅਨਭੋਲ ਏ, ਸੂਦੈਣੇ ਗਸ਼ਤੀ ਫ਼ੌਜ ਦਾ ਡਰ, ਹਾਕਮਾ ਦਾ ਭੈਅ, ਚੌਧਰੀਆਂ ਦੀ ਡੈਸ਼, ਝੋਲੀ ਚੁਕਾਂ ਦੀਆਂ ਲਾਈਆਂ ਦੂਤੀਆਂ, ਕੰਨਾਂ 'ਚ ਮਾਰੀਆਂ ਫੂਕਾਂ ਤੇ ਡਰ-ਡਰ ਕੇ ਲੁਕ ਛੁਪ ਕੇ ਆਪਣੇ ਅੱਡੇ ਤੇ ਪੁੱਜਣਾ ਤੇ ਫਿਰ ਆਪਣਾ ਕਾਰਾ ਕਰਕੇ ਮੁੜਨਾ, ਬਿਲਕੁਲ ਦੋ ਧਾਰੀ ਤਲਵਾਰ ਤੇ ਚਲਣ ਵਾਲੀ ਗੱਲ ਏ। ਇਕ ਪਾਸੇ ਹਕੂਮਤ ਦੀ ਲਟਕਦੀ ਤਲਵਾਰ ਤੇ ਦੂਜੇ ਪਾਸੇ ਡਰ ਉਹਨਾਂ ਪਾਪੀਆਂ ਦਾ ਜਿਹਨਾਂ ਨੇ ਖੰਡ ਚੋਲ ਖਾਣੇ ਤੇ ਮੁੱਛਾਂ ਤੇ ਹੱਥ ਫੇਰਨਾ ਤੇ ਆਪਣੇ ਭਰਾਵਾਂ ਦੀ ਰੱਤੇ ਨਹਾਉਣਾ। ਘਰ ਦਾ ਸੱਪ ਖਤਰਨਾਕ ਏ ਜੰਗਲ ਦੇ ਸ਼ੀਂਹ ਨਾਲੋਂ ਪਰ ਸਿੰਘਾਂ ਨੇ ਤੇ ਤਲੀ ਤੇ ਜਾਨ ਧਰੀ ਹੋਈ ਏ। ਉਹ ਕਿਸੇ ਨੜੇ ਨਵਾਬ ਨੂੰ ਨਹੀਂ ਗਿਣਦੇ। ਕਿਸੇ ਚੌਧਰੀ ਦੀ ਚੌਧਰ ਨੂੰ ਨਹੀਂ ਮੰਨਦੇ। ਉਹਨਾਂ ਦੀ ਖਲੜੀ ਵਿਚ ਭੈਅ ਨਾਂ ਦੀ ਚੀਜ਼ ਨਹੀਂ, ਉਹ ਤੇ ਗੁਰੂ ਦੀ ਓਟ ਲੈ ਕੇ ਨਿਕਲੇ ਹਨ। ਗੁਰੂ ਨੇ ਆਪੇ ਈ ਉਹਨਾਂ ਦੇ ਕਾਰਜ ਰਾਸ ਕਰ ਦੇਣੇ ਨੇ। ਕਿਸੇ ਦਿਨ ਨੂੰ ਉਹਨਾਂ ਨੇ ਪੰਜਾਬ ਖੋਹ ਲੈਣਾ ਏ। ਅਜ ਭਾਵੇਂ ਉਹਨਾਂ ਦੀਆਂ ਸਵਾਣੀਆਂ ਬੁੱਚੀਆਂ ਫਿਰਨ ਪਰ ਜਦੋਂ ਦਿਨ ਫਿਰੇ ਤਾਂ ਚੂੜੇ ਉਹਨਾਂ ਦੀਆਂ ਬਾਹਵਾਂ ਵਿਚ ਛਣਕਦੇ ਲਭਣੇ ਨੇ ਬਾਗਾਂ ਵਿਚ ਮੌਸਮ ਬਦਲਣ ਵਾਲਾ ਏ। ਹਵਾਵਾਂ ਨੇ ਰੁਖ ਬਦਲਿਆ ਤੇ ਫਿਰ ਖਾਲਸੇ ਦੀਆਂ ਈ ਪੌਂ ਬਾਰਾਂ ਨੇ ਚੌਸਰ ਦਾ ਪਾਸਾ ਪਲਟਿਆ ਵੀ ਕਿਸੇ ਨੇ ਵੇਖਿਆ ਏ। ਕੁਦਰਤ ਦੇ ਰੰਗ ਨਿਆਰੇ ਹਨ। ਤੇਲ ਵੇਖ ਤੇ ਤੇਲ ਦੀ ਧਾਰ ਵੇਖ। ਊਠ ਦੀ ਮੁਹਾਰ ਵਲ ਖਿਆਲ ਰਖ। ਮੰਜ਼ਿਲ ਆਪੇ ਨਜ਼ਰੀਂ ਪੈ ਜਾਏਗੀ। ਗੁਰੂ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ। ਤੇਰੇ ਵੀਰ ਆਪਣੀ ਪ੍ਰਤਿਗਿਆ ਦਾ ਪਾਲਣ ਕਰ ਸਕਣ, ਗੁਰੂ ਉਹਨਾਂ ਦੀ ਪਤ ਰਖੇ, ਚਲ ਪੁੱਤ ਤਿਆਰ ਹੋ ਜਾ, ਮੈਂ ਊਠ ਕੱਢਦਾ ਹਾਂ। ਬਾਪੂ ਨੇ ਹੱਲਾਸ਼ੇਰੀ ਦਿਤੀ।

—ਆਈ ਬਾਪੂ, ਮੈਂ ਕੰਗਣ ਰਖ ਆਵਾਂ। ਮਾਂ ਅਮਾਨਤ ਦੇ ਗਈ ਸੀ। ਮੇਰੀ ਭੜੋਲੀ ਵਿਚ ਅਜੇ ਦਾਣੇ ਮੁਕੇ ਨਹੀਂ ਮੈਂ ਦਾਣਿਆ ਵਿਚ ਈ ਲੁਕੋ ਆਉਂਦੀ ਹਾਂ ਤੇ ਚਾਬੀ ਚਾਚੀ ਨੂੰ ਦੇ ਕੇ ਆਈ। ਤੂੰ ਬਾਪੂ ਬਾਪੀ ਦੇ ਆਪਣੇ ਬੋਤੇ ਨੂੰ। ਆਵਾਜ਼ ਚੰਪਾ ਦੀ ਸੀ।

—ਜਦੋਂ ਚੰਪਾ ਘਰੋਂ ਬਾਹਰ ਨਿਕਲੀ ਤਾਂ ਉਹਦਾ ਰੰਗ ਰੂਪ ਹੀ ਕੁਝ ਹੋਰ ਸੀ। ਨਿਖਰਿਆ ਰੂਪ ਸੋਨੇ ਦੀ ਭਾਅ ਮਾਰਦਾ, ਊਸ਼ਾ ਦੀ ਪਹਿਲੀ ਕਿਰਨ ਚੰਪਾ ਦੇ ਮੁਖੜੇ ਤੇ ਕਲੋਲ ਕਰ ਰਹੀ ਸੀ।

—ਇਹ ਕੀ ਬੇਟਾ ? ਚੌਧਰੀ ਆਖਣ ਲੱਗਾ।

—ਬਾਪੂ ਪੈਂਡਾ ਲੰਮਾ ਏ, ਜਵਾਨ ਜਹਾਨ ਕੁੜੀ ਨੂੰ ਵੀਹਾਂ ਗਹਿਰੀ ਨਜ਼ਰੇ ਵੇਖਣਾ ਏ ਤੇ ਨਾਲੇ ਅਸਾਂ ਇਕ ਊਠ ਤੇ ਜਾਣਾ ਏ, ਅਸੀਂ ਐਵੇਂ ਕਿਉਂ ਤਮਾਸ਼ਾ ਬਣੀਏ। ਬਾਪੂ

ਮੈਂ ਤੇਰੀ ਧੀ ਬਣਕੇ ਨਾਲ ਨਹੀਂ ਚਲੀ ਤੇਰਾ ਪੁੱਤ ਬਣਕ ਜਾਣ ਲੱਗੀ ਹਾਂ। ਬਾਪੂ ਕੀ ਮੈਂ ਮੁੰਡਾ ਲਗਦੀ ਹਾਂ ਜਾਂ ਨਹੀਂ। ਜੇ ਕਿਤੇ ਪਰਖਣਾ ਪਊ ਤਾਂ ਪਰਖ ਲਵੀਂ। ਚਾਬੀ ਰਹਿਣ ਦੇ ਬਨੇਰੇ ਦੀ ਕੰਧ ਤੇ ਈ, ਇਹਨੂੰ ਕਿਹੜੀਆਂ ਟਿਟੜਾਂ ਪੈ ਚਲੀਆਂ ਨੇ। ਚਲ ਬਾਪੂ ਛੇਤੀ ਕਰ ਹੁਣ ਜੀਅ ਨਹੀਂ ਲਗਦਾ, ਸਾਡਾ ਸਾਥ ਬਹੁਤ ਅਗੇ ਲੰਘ ਗਿਆ ਹੈ।

—ਬੈਠ ਊਠ ਉਪਰ ਤੇ ਮੈਂ ਮੁਹਾਰ ਮੋੜਾਂ। ਉਠ ਮੇਰੇ ਬਚੜੇ, ਉਠ ਮੇਰਿਆ ਪੁੱਤਾ, ਉਠ ਮੇਰੇ ਸਾਥੀ, ਅਜ ਤੇਰੇ ਹੱਥ ਵਿਚ ਈ ਸਾਡੀ ਇੱਜ਼ਤ ਏ। ਤੂੰ ਹੀ ਸਾਡੇ ਮਨ ਦੀ ਪਿਆਸ ਬੁਝਉਣੀ ਏ। ਚੌਧਰੀ ਨੇ ਮੁਹਾਰ ਨੂੰ ਜ਼ਰਾ ਕੁ ਤੁਣਕਾ ਮਾਰਿਆ।

ਪਿੰਡ ਤੋਂ ਨਿਕਲਿਆ ਊਠ ਸਾਰੇ ਪਿੰਡ ਨੇ ਵੇਖਿਆ, ਪਰ ਕਿਸੇ ਨੇ ਚੰਪਾ ਨੂੰ ਪਛਾ-ਣਿਆਂ ਤਕ ਨਹੀਂ। ਊਠ ਦੇ ਪੈਰ ਰਾਹ ਦੇ ਬੁਲ੍ਹ ਚੁੰਮ ਰਹੇ ਸਨ। ਸਾਰਾ ਦਿਨ ਊਠ ਚਲਦਾ ਰਿਹਾ। ਰਾਤ ਵੀ ਉਸ ਸਾਹ ਨਾ ਕੱਢਿਆ। ਧੰਨ ਸੀ ਜਿਗਰ ਊਠ ਦਾ। ਗੰਗਾ ਨਗਰ ਤੋਂ ਊਠ ਨਿਕਲ ਆਇਆ। ਟਿਕਾਣੇ ਭਾਵੇਂ ਗੰਗਾ ਨਗਰ ਈ ਸਨ ਪਰ ਉਹਨਾਂ ਉਥੇ ਸਾਹ ਨਾ ਲਿਆ। ਊਠ ਨੇ ਰਾਹ ਨੂੰ ਚੁੰਮ-ਚੁੰਮ ਕੇ ਪੈਰ ਅਗੇ ਵਧਾਏ। ਪੂਰਾ ਦਿਨ ਇਸੇ ਨਸ-ਭਜ 'ਚ ਲਗੇ ਰਹੇ ਸਿੰਘਾਂ ਦਾ ਕਿਤੇ ਖੋਜ-ਖੁਰਾ ਨਾ ਮਿਲਿਆ। ਰਾਤ ਪੈ ਗਈ ਤਾਰਿਆਂ ਦੀ ਲੋਅ ਵਿਚ ਉਹਨਾਂ ਊਠ ਖਲ੍ਹਾਰਿਆ ਤੇ ਆਪਣਾ ਲੱਕ ਸਿੱਧਾ ਕੀਤਾ। ਸਾਰੀ ਰਾਤ ਕਿਸੇ ਨੇ ਅੱਖ ਨਾ ਲਾਈ ਤੇ ਨਾ ਈ ਨੀਂਦ ਨੇ ਉਹਨਾਂ ਨੂੰ ਲੋਰੀਆਂ ਈ ਦਿਤੀਆਂ। ਕਿੰਨਾ ਚਾਅ ਸੀ ਚੰਪਾ ਤੇ ਉਹਦੇ ਬਾਪੂ ਨੂੰ।

ਚੰਪਾ ਆਖਣ ਲੱਗੀ—ਸਿੰਘ ਹਰਨਾ ਦੇ ਸਿੰਙੀ ਚੜ੍ਹ ਗਏ।

—ਸਿੰਘਾਂ ਦਾ ਕੰਮ ਏ ਹਰਨ ਹੋ ਜਾਣਾ।

—ਬਾਪੂ ਕਿਸੇ ਤੋਂ ਪੁੱਛ ਤੇ ਲੈਣਾ ਸੀ ਮਤਾ ਅਸੀਂ ਅਵਲੇ ਰਾਹ ਈ ਨਾ ਪੈ ਜਾਈਏ।

—ਪੁੱਛ ਕੇ ਵੇਖ ਲੈਂਦੇ ਹਾਂ ਪੁੱਤ।

—ਰਾਹੇ, ਰਾਹੇ ਜਾਣ ਵਾਲਿਆ ਰਾਹੀਆ ਕਿਤੇ ਏਧਰ ਸਿੰਘ ਵੇਖੇ ਈ?

ਰਾਹੀ ਇਕ ਵੇਰਾਂ ਹੈਰਾਨ ਜਿਹਾ ਹੋਇਆ ਪਰ ਜਿਗਰਾ ਕਰਕੇ ਬੋਲਿਆ, ਜਦੋਂ ਉਨ੍ਹਾਂ ਦਾ ਤੇ ਮੇਰਾ ਟਾਕਰਾ ਹੋਇਆ ਸੀ ਤਾਂ ਉਹ ਮਿਚਨਾਬਾਦ ਦਾ ਪੱਤਣ ਲੰਘ ਰਹੇ ਸਨ। ਬੋਲ ਰਾਹੀ ਦੇ ਸਨ।

—ਲੈ ਬਾਪੂ ਤੇਰੇ ਸਿੰਘ ਮਿਚਨਾਬਾਦ ਦਾ ਪੱਤਣ ਵੀ ਲੰਘ ਗਏ ਤੇ ਸਾਨੂੰ ਉਹਨਾਂ ਉਡੀਕਿਆ ਵੀ ਨਾ।

—ਤੀਜੇ ਦਿਨ ਉਹਨਾਂ ਪੱਤਣ ਲੰਘਿਆ ਏ ਤੇ ਤੀਜੇ ਦਿਨ ਈ ਅਸਾਂ ਜਾ ਲੰਘਣਾ ਏ। ਜੇ ਅਜ ਨਹੀਂ ਮਿਲੇ ਪਗਲੀਏ ਤਾਂ ਕਲ ਮਿਲ ਜਾਣਗੇ। ਅਹੁ ਨਾਥਾਂ ਦੀ ਟੋਲੀ ਜਾ ਰਹੀ ਊ, ਸਿੰਘਾਂ ਦੇ ਰਾਖੇ ਨਜ਼ਰੀਂ ਪੈ ਗਏ ਨੇ, ਰਾਤੀਂ ਅਸੀਂ ਵੀ ਸਿੰਘਾਂ ਦੇ ਪ੍ਰਾਹੁਣੇ ਬਣਾਂਗੇ। ਰਾਤੀਂ ਗੁਰੂ ਕਾ ਲੰਗਰ ਤਿਆਰ ਮਿਲੂ। ਲੰਘ ਚਲ ਪੁਤਰਾ ਪੱਤਣ ਮਿਚਨਾਬਾਦ ਦਾ। ਗੁਰੂ ਤੇਰਾ ਰਾਖਾ।

ਲੱਕ ਬੰਨ੍ਹ ਪੱਤਣਾਂ ਤੇ ਖੜੀਆਂ

ਡੇਰਾ ਸੀ ਨਾਥਾਂ ਦਾ ਧੂਣੀ ਮਘ ਰਹੀ ਸੀ। ਲਾਟਾਂ ਲੱਟ ਲੱਟ ਬਲਦੀਆਂ, ਧੂਣੇ ਦੀ ਅੱਗ ਵੰਗਾਰ ਵੰਗਾਰ ਕੇ ਆਖ ਰਹੀ ਸੀ, ਪੰਜਾਬ ਤੁਹਾਡਾ ਹੈ, ਰਾਜ ਦੇ ਵਾਰਸ ਤੁਸੀਂ ਹੋ। ਨਾਥਾਂ ਦਾ ਟੋਲਾ ਚੌਂਕੜੇ ਮਾਰ ਕੇ ਬੈਠਾ ਸੀ। ਭਾਵੇਂ ਊਠ ਦੂਜੀ ਜਗਾਹ ਤੇ ਅੜਿੰਗ ਰਿਹਾ ਸੀ ਪਰ ਚੌਧਰੀ ਧੂਣੇ ਦੀ ਅੱਗ ਸੇਕਣ ਵਿਚ ਮਗਨ ਸੀ।

ਮਿਚਨਾਬਾਦ ਦਾ ਪੱਤਣ ਵੀ ਲੰਘ ਆਏ ਪਰ ਸਿੰਘਾਂ ਦਾ ਕੋਈ ਪਤਾ ਥਹੁ ਨਾ ਲਗਾ। ਝਟ ਹੀ ਛੂ ਮੰਤਰ ਹੋ ਜਾਂਦੇ ਹਨ ਮਦਾਰੀ ਦੇ ਡੁਰਲੂ ਵਾਂਗੂੰ।

—ਹਰਨ ਹੋਏ ਸਿੰਘਾਂ ਦਾ ਕਦੀ ਪਤਾ ਲਗਾ ਹੈ ਜਿਹੜਾ ਤੁਹਾਨੂੰ ਲਗਣਾ ਸੀ ? ਇਕ ਜੋਗੀ ਆਖਣ ਲਗਾ ਕਿ ਤੁਸਾਂ ਅੰਮ੍ਰਿਤਸਰ ਜਾਣਾ ਹੈ।

—ਘਰੋਂ ਤਾਂ ਇਹੀ ਸਲਾਹ ਕਰਕੇ ਆਏ ਹਾਂ ਇਸ਼ਨਾਨ ਧਿਆਨ ਹੋ ਜਾਊ ਨਾਲੇ ਦਰਸ਼ਨ ਹੋ ਜਾਣਗੇ ਗੁਰੂ ਪਿਆਰਿਆਂ ਦੇ ਪਰ ਦਮ ਰਾਹ ਵਿਚ ਹੀ ਟੁਟਦਾ, ਜਾਪਦਾ ਏ। ਲੱਕ ਦੀ ਹੱਡੀ ਜਵਾਬ ਦਿੰਦੀ ਜਾ ਰਹੀ ਏ। ਗੁਰੂ ਈ ਏ ਜਿਹੜਾ ਸਾਨੂੰ ਆਪਣੇ ਕੋਲ ਸੱਦੇ ਚੌਧਰੀ ਬੋਲਿਆ।

ਇਕ ਨਾਥ ਨੇ ਵਿਚੋਂ ਗੱਲ ਟੋਕੀ ਤੇ ਬੋਲ ਕਢੇ ਅੰਮ੍ਰਿਤਸਰ ਤੇ ਤਾਂ ਪਹਿਰਾ ਬੈਠਾ ਹੋਇਆ ਹੈ ਉਥੇ ਕਿਸੇ ਬੰਦੇ ਦੀ ਹਿੰਮਤ ਨਹੀਂ ਕਿ ਅਸ਼ਨਾਨ ਕਰ ਸਕੇ। ਤੁਸਾਂ ਇਹ ਇਰਾਦਾ ਕਿਸ ਤਰ੍ਹਾਂ ਬਣਾ ਲਿਆ ? ਉਥੇ ਮਸੇ ਰੰਘੜ ਤੋਂ ਬਗੈਰ ਸਰੋਵਰ ਵਿਚ ਚਿੜੀ ਚੁੰਝ ਨਹੀਂ ਮਾਰ ਸਕਦੀ। ਜਿਹੜਾ ਭੁਲਿਆ ਚੁਕਿਆ ਸਿੰਘ ਚਲਿਆ ਜਾਂਦਾ ਹੈ, ਭੁਲੇਖੇ ਨਾਲ ਸਰੋਵਰ ਵਿਚ ਕੋਈ ਹੱਥ ਸੁਚੇ ਕਰ ਲਵੇ ਤਾਂ ਉਹਨੂੰ ਜਾਂ ਤਾਂ ਉਸੇ ਵੇਲੇ ਕਤਲ ਕਰ ਦਿਤਾ ਜਾਂਦਾ ਏ ਜਾਂ ਖੰਦੀਖਾਨੇ ਵਿਚ ਕੈਦ ਕਰਕੇ ਉਹਦੀ ਜਾਨ ਅਜ਼ਾਬ ਵਿਚ ਪਾਈ ਜਾਂਦੀ ਏ। ਸਭ ਕੁਝ ਜਾਣਦਿਆਂ ਬੁਝਦਿਆਂ ਮੌਤ ਤੇ ਖੂਹ ਵਿਚ ਕਿਉਂ ਛਾਲ ਮਾਰਨ ਚਲੇ ਹੋ, ਮੁੜ ਜਾਓ।

—ਜੇ ਬਾਬਾ ਤੈਨੂੰ ਆਪਣੇ ਆਪ ਤੇ ਤਰਸ ਨਹੀਂ ਆਉਂਦਾ ਤਾਂ ਏਸ ਭੁਝੰਗੀ ਤੇ ਹੀ ਰਹਿਮ ਖਾ। ਤੂੰ ਤਾਂ ਖਾ ਪੀ ਹੰਡਾ ਲਿਆ ਏ। ਇਹਨੂੰ ਚਾਰ ਦਿਨ ਜੀਊਣ ਦੇ। ਏਸ ਵੇਲੇ ਅੰਮ੍ਰਿਤਸਰ ਵਿਚ ਸਧਾਰਨ ਬੰਦੇ ਦਾ ਕੋਈ ਕੰਮ ਨਹੀਂ। ਸਿਰ ਲਥਾ ਭਾਵੇਂ ਕੋਈ ਆਣ ਵੜੇ ਘੋੜੇ ਸਮੇਤ ਸਰੋਵਰ ਵਿਚ। ਵੈਸੇ ਲੋਕ ਅਮਨ ਅਮਾਨ ਨਾਲ ਵਸਦੇ ਹਨ। ਚੌਧਰੀ ਮੱਸਾ ਅੰਮ੍ਰਿਤਸਰ ਦੀ ਵਸੋਂ ਨੂੰ ਨਹੀਂ ਛੇੜਦਾ। ਉਹਨੂੰ ਤਾਂ ਸਿਰਫ਼ ਸਿਖਾਂ ਨਾਲ ਚਿੜ ਏ ਤੇ

ਉਹ ਸਿਖਾਂ ਦਾ ਹੀ ਵੈਰੀ ਏ। ਜੀਊਂਦੇ ਸੱਪ ਨੂੰ ਤਾਂ ਕੋਈ ਮਾਰ ਕੇ ਗਲੋਂ ਲਾਹ ਲਊ ਪਰ ਮੋਇਆ ਸੱਪ ਕੋਈ ਗਲ ਵਿਚ ਕਿਉਂ ਪਾਵੇ ਇਕ ਨਾਥ ਦੇ ਬੋਲ ਸਨ।

ਚੌਧਰੀ ਨੂੰ ਤਾਅ ਚੜ੍ਹਿਆ, ਰੋਹ ਵਿਚ ਆਇਆ ਆਖਣ ਲਗਾ—ਸਾਰੀ ਉਮਰ ਦਾ ਪਟਾ ਲਿਖਾਇਆ ਹੋਇਆ ਸੂ। ਕਦੀ ਤਾਂ ਭਾਂਡਾ ਭਜਣਾ ਹੈ ਵਿਚ ਚੁਰਾਹੇ। ਸਾਰੀ ਉਮਰ ਉਸਦੀ ਤੂਤੀ ਥੋਹੜੀ ਬੋਲਦੀ ਰਹਿਣੀ ਏ। ਸਾਰੀ ਉਮਰ ਕਿਸੇ ਦਾ ਜਲਾਲ ਨਹੀਂ ਰਿਹਾ। ਸਿੰਘਾਂ ਦੇ ਦਾਅ ਲਗਣ ਦੀ ਦੇਰ ਏ, ਉਹਨਾਂ ਉਹਦਾ ਜਿਹਾ ਮਕੂ ਠੱਪਣਾ ਏ, ਕਿਸੇ ਨੇ ਮਸੇ ਰੰਘੜ ਦਾ ਨਾਂ ਨਹੀਂ ਲੈਣਾ, ਖੋਜ ਖੁਰਾ ਨਹੀਂ ਲੱਭਣਾ। ਦਸ ਧੂਖ ਤਾਂ ਪੈਣੀ ਬੜੀ ਦੂਰ ਦੀ ਗੱਲ ਏ ਬੂਟਾ ਪੁਟਿਆ ਤਾਂ ਜੜ੍ਹ ਨਹੀਂ ਲੱਭਣੀ। ਹਕੂਮਤ ਦੀ ਪਕੜ ਢਿਲੀ ਹੁੰਦੀ ਜਾ ਰਹੀ ਏ। ਅਹਿਮਦਸ਼ਾਹ ਅਬਦਾਲੀ ਹਮਲੇ ਦੀਆਂ ਤਿਆਰੀਆਂ ਵਿਚ ਰੁਝਾ ਹੋਇਆ ਏ ਤੇ ਬੜ੍ਹਕਾਂ ਮਾਰ ਰਿਹਾ ਏ ਖ਼ੈਬਰ ਦੇ ਦਰੇ ਵਿਚ। ਲਾਹੌਰ ਵਾਲੇ ਉਸ ਨਾਲ ਗੰਢ ਤੋਪਾ ਕਰ ਰਹੇ ਹਨ। ਅੰਮ੍ਰਿਤਸਰ ਵਲ ਉਹਨਾਂ ਦਾ ਧਿਆਨ ਘੱਟ ਜਾਣਾ ਏ। ਪੰਜਾਬ ਵਿਚ ਜੇ ਟਕਰ ਲੈਣੀ ਪਈ ਤੇ ਫੇਰ ਸਿਖਾਂ ਨਾਲ ਗਠ ਜੋੜ ਕਰਕੇ ਮੁਕਾਬਲਾ ਕੀਤਾ ਜਾਏਗਾ। ਇਹ ਤਾਂ ਹੋਈ ਨਾ ਗੱਲ। ਇਕਲੀ ਹਕੂਮਤ ਕੁਝ ਵੀ ਨਹੀਂ ਕਰ ਸਕਦੀ। ਇਸ ਲਈ ਸਿੰਘਾਂ ਤੇ ਵੀ ਲਾਹੌਰ ਵਾਲਿਆਂ ਨੇ ਆਪਣੇ ਡੋਰੇ ਸੁਟਣੇ ਨੇ ਤੇ ਵੈਰ ਵਿਰੋਧ ਨੂੰ ਛਿਕੇ ਟੰਗ ਦੇਣਾ ਏ। ਕੱਲਾ ਮੱਸਾ ਰੰਘੜ ਲੱਤਾ ਨਹੀਂ ਪਸਾਰ ਸਕਦਾ ਤੇ ਨਾ ਹੀ ਉਸ ਦੀ ਹੈਂਕੜ ਕਿਸੇ ਨੇ ਝਲਣੀ ਏ। ਮੈਂ ਸੁਣਿਆ ਕਿ ਅਜ ਕਲ ਹਰਿਮੰਦਰ ਵਿਚ ਕੰਜਰੀਆਂ ਠੁਮਣੀਆਂ ਪਾਉਂਦੀਆਂ ਹਨ। ਡਾਰ ਛੁਟੜਾਂ ਦੀ ਛੰਨ ਛੰਨ ਪਈ ਕਰਦੀ ਏ। ਸ਼ਰਾਬ ਦੇ ਮਟਾਂ ਦੇ ਮਟ ਰੋਜ਼ ਖੁਲ੍ਹਦੇ ਹਨ। ਕਿਹੜਾ ਅਪੱਦਰ ਏ ਜਿਹੜਾ ਉਥੇ ਨਹੀਂ ਹੁੰਦਾ। ਸਿੰਘ ਕਿੰਨੇ ਕੁ ਦਿਨ ਕੰਨਾਂ ਵਿਚ ਤੇਲ ਪਾ ਕੇ ਸੁਤੇ ਰਹਿਣਗੇ। ਬੜਾ ਚਿਰ ਉਹਨਾਂ ਨੇ ਆਪਣੀ ਹਿੱਕ ਤੇ ਦੀਵਾ ਬਲਵਾ ਕੇ ਵੇਖ ਲਿਆ ਏ। ਕਿਸੇ ਫੂਕ ਮਾਰ ਕੇ ਬੁਝਾਣਾ ਵੀ ਤਾਂ ਹੈ। ਅਸੀਂ ਤੇ ਗੁਰੂ ਦੇ ਆਸਰੇ ਚਲੇ ਆਂ। ਵੇਖਾਂਗੇ ਉਥੇ ਕਿਸ ਭਾਅ ਵਿਕਦੀ ਏ। ਜੇ ਲੋਕੀ ਇਸ਼ਨਾਨ ਕਰਨਗੇ ਤਾਂ ਅਸੀਂ ਵੀ ਕਰ ਲਾਂਗੇ। ਨਹੀਂ ਤਾਂ ਦੂਰੋਂ ਹੀ ਮੱਥਾ ਟੇਕਕੇ ਮਨ ਦੀ ਪਿਆਸ ਬੁਝਾ ਲਵਾਂਗੇ। ਅਸਾਂ ਹੁਣ ਮੁੜ ਕੇ ਤੇ ਜਾਣਾ ਨਹੀਂ। ਸਾਨੂੰ ਸੱਪ ਕਢ ਕਢਕੇ ਨਾ ਵਿਖਾਓ। ਅਸਾਂ ਘਰ ਜਾ ਕੇ ਕਿਹੜੀ ਮੁੰਜ ਦਲਨੀ ਏ। ਚਰੀ ਬੀਜਣੀ ਏ ਕੋਈ ਬੀਜ ਦਊ। ਨਿਸ਼ਚਾ ਤਾਂ ਇਸ਼ਨਾਨ ਕਰਨ ਦਾ ਘਰੋਂ ਬਣਾਕੇ ਆਏ ਹਾਂ। ਜਾਵਾਂਗੇ ਇਸ਼ਨਾਨ ਕਰਕੇ। ਭਾਵੇਂ ਹਾੜੀ ਆ ਜਾਏ ਤੇ ਭਾਵੇਂ ਸੌਣੀ ਲੰਘ ਜਾਏ। ਚੌਧਰੀ ਗੰਗਾ ਸਿੰਘ ਆਖ ਰਿਹਾ ਸੀ।

ਅਗੋਂ ਨਾਥ ਆਖਣ ਲਗਾ—ਚੌਧਰੀ ਮੈਨੂੰ ਜਾਪਦਾ ਹੈ ਕਿ ਤੇਰਾ ਨਵਾਂ ਨਵਾਂ ਸਿੰਘਾਂ ਨਾਲ ਪਿਆਰ ਪਿਆ ਹੈ। ਇਹ ਰਾਹ ਬੜਾ ਕਠਿਨ ਏ। ਕੰਡਿਆਂ ਦੀ ਵਾੜ ਵਿਚ ਵਿਰਲੇ ਹੀ ਬੰਦੇ ਇਸ ਰਾਹ ਤੇ ਤੁਰਦੇ ਨੇ। ਮੈਂ ਹੈਰਾਨ ਹਾਂ ਤੂੰ ਤਾਂ ਇਕੋ ਹੀ ਰਟ ਲਾਈ ਜਾ ਰਿਹਾ ਏਂ। ਮੁਹਾਰਨੀ ਪੜ੍ਹਦਾ ਏ ਤਾਂ ਇਕੋ ਸਿੰਘਾਂ ਦੀ। ਪੰਜਾਬ ਵਿਚ ਸਿੰਘਾਂ ਦਾ ਨਾਂ ਲੈਣਾ ਜੁਰਮ ਏ। ਸਿੰਘਾਂ ਦਾ ਸਾਥ ਕੀਤਾ ਉਹਨਾਂ ਦੀ ਬਹਿਣੀ ਬੈਠੇ ਤਾਂ ਪੁੱਠੀ ਖੱਲ ਲੁਹਾਣੀ ਪੈਂਦੀ ਏ।

—ਨਾਥ ਜੀ ਮੈਂ ਬੰਦੇ ਪਹਿਚਾਨਦਾ ਹਾਂ ਭਾਵੇਂ ਸਾਰੀ ਉਮਰ ਭੇਡਾਂ ਚਾਰੀਆਂ ਨੇ, ਪਰ ਬੰਦੇ ਪਰਖਣੇ ਆਉਂਦੇ ਹਨ। ਬਿਧੀ ਚੰਦੀਆ ਨਾਲ ਗਲ ਕਰਨੀ ਤੇ ਝੱਗਾ ਚੁਕਕੇ ਢਿੱਡ

ਵਿਖਾ ਦੇਣਾ ਕੋਈ ਹਰਜ ਵਾਲੀ ਗੱਲ ਨਹੀਂ। ਦਿਲ ਚੀਰ ਕੇ ਵਿਖਾਉਣ ਵਿਚ ਕੋਈ ਪਾਪ ਨਹੀਂ। ਮੇਰਾ ਸਾਥ ਵਿਛੜ ਗਿਆ ਏ। ਮੈਂ ਤਾਂ ਸਾਥ ਦੀ ਭਾਲ ਵਿਚ ਹਾਂ। ਮੈਂ ਆਪਣਿਆਂ ਭਰਾਵਾਂ ਅਗੇ ਆਪਣਾ ਝੱਗਾ ਚੁਕਿਆ ਏ। ਮੈਂ ਪਛਾਣਦਾ ਹਾਂ, ਚੌਧਰੀ ਬੋਲਿਆ। ਕਿਉਂ ਨਾਥ ਜੀ ਮੈਂ ਪਛਾਣ ਲਿਆ ਏ ਨਾ। ਮੈਂ ਹਨੇਰੇ ਵਿਚ ਹੱਥ ਤੇ ਨਹੀਂ ਮਾਰ ਰਿਹਾ। ਸੂਰਜ ਅਗੇ ਹੀ ਮੱਥਾ ਟੇਕਿਆ ਏ।

—ਪਛਾਣ ਤੇ ਲਿਆ ਏ ਪਰ ਏਨੀ ਜਲਦੀ ਖੁਲ੍ਹ ਵੀ ਮੁਸੀਬਤ ਬਣ ਸਕਦੀ ਏ। ਹੱਛਾ ਤੁਸੀਂ ਸਓ ਜੋਗੇ ਨੂੰ ਲੱਖੀ ਜੰਗਲ ਲੈ ਜਾਣ ਵਾਲੇ। ਹੁਣ ਆਈ ਨਾ ਗੱਲ ਸਮਝ ਵਿਚ। ਭਲਾ ਕੀਤਾ ਈ। ਏਹ ਪੁਨ ਤੂੰ ਸਾਰੇ ਪੰਜਾਬ ਤੇ ਕੀਤਾ ਏ। ਸਜਣਾ ਸਿੰਘਾਂ ਦੇ ਖੁਲ੍ਹੇ ਦਰਸ਼ਨ ਤੁਹਾਨੂੰ ਪੱਟੀ ਪੁਜਣ ਤੇ ਹੋਣਗੇ। ਅਜੇ ਅਸੀਂ ਖਿਲਰੇ ਪੁਲਰੇ ਹਾਂ। ਸਾਨੂੰ ਡਰ ਏ ਤੇ ਸੂਹ ਵੀ ਮਿਲੀ ਏ ਕਿ ਗ਼ਸ਼ਤੀ ਫੌਜ ਦਾ ਦਸਤਾ ਕਿਧਰੇ ਏਧਰ ਹੀ ਸ਼ਿਕਾਰ ਕਰਦਾ ਆਣ ਨਾ ਨਿਕਲੇ। ਏਸ ਲਈ ਤੁਹਾਡਾ ਮੇਲ ਨਹੀਂ ਹੋਇਆ ਮੇਲਾ ਕਰਨ ਦੀ ਲੋੜ ਨਹੀਂ। ਤੁਸੀਂ ਸਿੰਘਾਂ ਦੀ ਰਾਖੀ ਵਿਚ ਹੋ। ਸਿੰਘ ਦੂਰ ਨਹੀਂ ਤੁਹਾਡੇ ਆਸੇ ਪਾਸੇ ਹੀ ਮੰਡਲਾ ਰਹੇ ਹਨ। ਉਹ ਤੁਹਾਨੂੰ ਵੇਖਦੇ ਹਨ ਪਰ ਤੁਸੀਂ ਉਹਨਾਂ ਨੂੰ ਜੇ ਵੇਖ ਵੀ ਲਵੋ ਤਾਂ ਪਹਿਚਾਣ ਨਹੀਂ ਸਕਦੇ। ਚਲੋ ਚਲੋ ਮਿਤਰੋ ਤੁਸੀਂ ਠੀਕ ਰਾਹ ਤੇ ਚਲ ਰਹੇ ਹੋ। ਦੀਪਾਲਪੁਰ ਆਉਣ ਵਾਲਾ ਏ ਸ਼ਾਇਦ ਰਾਤ ਉਥੇ ਹੀ ਕਟਣੀ ਪੈ ਜਾਵੇ। ਏਸ ਤੋਂ ਅਗੇ ਚੂੰਨੀਆ ਲੰਘੇ ਤੇ ਖੁਡੀਆਂ ਤੇ ਸਾਹਮਣੇ ਖੇਮ ਕਰਨ ਡੇਰੇ ਉਥੇ ਹੀ ਲਗਣਗੇ ਪੱਟੀ ਦਾ ਰਾਹ ਸਾਫ ਤੇ ਖਤਰੇ ਤੋਂ ਬਗੈਰ ਜਾਪਿਆ ਤਾਂ ਫੇਰ ਪੱਟੀ ਬਿਸ਼ਰਾਮ ਕੀਤਾ ਜਾਏਗਾ। ਅਗਲੀ ਗੱਲ ਪੱਟੀ ਜਾ ਕੇ ਖੁਲ੍ਹਣੀ ਏ ਇਹ ਗੁੰਝਲਾਂ ਖੋਹਲਣੀਆਂ ਬੜੀਆਂ ਔਖੀਆਂ ਹਨ। ਵੈਸੇ ਪੱਟੀ ਦੀਆਂ ਖਬਰਾਂ ਪੁਜ ਗਈਆਂ ਹਨ। ਉਥੇ ਲੰਬੜਾਂ ਦੇ ਘਰ ਸ਼ਾਦੀ ਦਾ ਢੋਲ ਦਮਕਾ ਏ ਢੋਲਕੀ ਵਜ ਰਹੀ ਏ। ਮੁਜਰੇ ਹੋ ਰਹੇ ਹਨ। ਨਿਆਜ਼ਾਂ ਵੰਡੀਆਂ ਜਾ ਰਹੀਆਂ ਹਨ। ਅਖਾੜੇ ਲਗੇ ਹੋਏ ਹਨ। ਮਛੰਦਰ ਡੇਰੇ ਲਾਕੇ ਬੈਠੇ ਹੋਏ ਹਨ। ਵਿਆਹ ਨੇ ਸਾਰੇ ਪਿੰਡਾਂ ਵਿਚ ਢੋਲ ਵਜਾ ਦਿਤਾ ਏ। ਬੜੀ ਧੂਮ ਧਾਮ ਨਾਲ ਕਾਰਜ ਰਚਾਇਆ ਏ ਲੰਬੜਾਂ ਨੇ। ਅਸੀਂ ਵੀ ਉਹਨਾਂ ਵਿਚ ਜਾ ਰਲਾਂਗੇ। ਵੈਸੇ ਪੱਟੀ ਸਿਖਾਂ ਲਈ ਮੌਤ ਦੇ ਦਹਾਨੇ ਤੇ ਖੜੀ ਏ। ਪੱਟੀ ਤੋਂ ਬਿਨਾਂ ਸਾਡਾ ਰਾਹ ਸਾਫ ਨਹੀਂ ਹੋਣਾ। ਉਥੇ ਸਾਡੀਆਂ ਕਾਫੀ ਠਾਹਰਾਂ ਹਨ। ਜਿੰਨੇ ਸਾਡੇ ਉਥੇ ਸਖੀ ਹਨ ਉਨੇ ਹੀ ਸਾਡੇ ਸ਼ਤਰੂ ਹਨ। ਜਦ ਪੱਟੀ ਤੇ ਅਸਾਂ ਆਪਣਾ ਪੜਾ ਬਣਾ ਲਿਆ ਤੇ ਫ਼ੇਰ ਛਾਲਾਂ ਮਾਰਦੇ ਅੰਮ੍ਰਿਤਸਰ ਪੁਜ ਜਾਣਾ ਕੋਈ ਮੁਸ਼ਕਲ ਨਹੀਂ। ਪੱਟੀ ਸਾਨੂੰ ਸਾਰੀ ਅੰਮ੍ਰਿਤਸਰ ਦੀ ਊਚ ਨੀਚ ਦਾ ਟੇਵਾ ਲਗਿਆ ਮਿਲ ਜਾਣਾ ਏ। ਸਾਰੀ ਕਹਾਣੀ ਦਾ ਮੁਢ ਉਥੇ ਹੀ ਬਝਣਾ ਏ ਇਹ ਰੋੜਾਂ ਭਰੇ ਰਾਹ ਤੇ ਚਲਣਾ ਨੰਗੀਂ ਪੈਰੀਂ, ਪੈਰ ਭਾਵੇਂ ਵਿੰਨੇ ਜਾਣ ਭਾਵੇਂ ਪਛੇ ਜਾਣ ਸਿੰਘਾਂ ਨੇ ਤਾਂ ਚਲਣਾ ਏ ਇਹਨਾਂ ਅਵਲਿਆਂ ਰਾਹਾਂ ਤੇ। ਏਸ ਤੋਂ ਬਗੈਰ ਅਸੀਂ ਚੱਕਰ ਵਿਊ ਵਿਚ ਦਾਖਲ ਨਹੀਂ ਹੋ ਸਕਦੇ। ਜੈਦਰਥ ਕਿਲ੍ਹੇ ਦੀ ਬੂਥੀ ਤੇ ਬੈਠਾ ਅੱਖਾਂ ਕਢ ਰਿਹਾ ਏ ਅਭਿਮਨਯੂ ਭਾਵੇਂ ਕਿਲ੍ਹਾ ਤੋੜ ਹੀ ਦੇਵੇ। ਪਰ ਉਸਨੂੰ ਕਿਲ੍ਹੇ ਵਿਚੋਂ ਸਹੀ ਸਲਾਮਤ ਕਢ ਲਿਆਉਣਾ ਬੜਾ ਕਠਿਨ ਏ। ਦਰੋਣਾ ਅਚਾਰੀਆ ਅੰਮ੍ਰਿਤਸਰ ਦੀ ਨਾਭੀ ਤੇ ਬੈਠਾ ਹੋਇਆ ਏ। ਸਾਡੇ ਮਹਾਂਰਥੀ ਕਿਤੇ ਦਰਵਾਜ਼ਿਆਂ ਤੇ ਹੀ ਟਾਹਰਾ ਮਾਰਦੇ ਨਾ ਰਹਿ ਜਾਣ। ਏਸ ਲਈ ਜੈਦਰਥ ਦੇ ਗਲ ਵਿਚ ਰੱਸਾ ਪਾਉਣਾ ਅਤੇ ਉਹਦੀਆਂ ਲੱਤਾਂ ਨੂੰ ਜੂੜਨਾ ਤੇ ਉਹਨੂੰ ਘੋੜੇ ਤੋਂ ਥੱਲੇ ਡੇਗਣਾ, ਇਹਨਾਂ ਵਿਉਂਤਾਂ ਵਿਚ

ਸਿੰਘ ਜੁੜੇ ਹੋਏ ਹਨ। ਏਸੇ ਲਈ ਸਿੰਘਾਂ ਦਾ ਅੰਮ੍ਰਿਤਸਰ ਪੁਜ ਜਾਣਾ ਤੇ ਪਹਿਲੇ ਹੀ ਆਪਣੇ ਮੋਰਚੇ ਬਣਾ ਕੇ ਬੈਠ ਜਾਣਾ ਜ਼ਰੂਰੀ ਏ। ਸਾਡੇ ਗੜ੍ਹ ਬਣ ਗਏ ਹਨ। ਸਾਡੀਆਂ ਬਾਹਵਾਂ ਜਦ ਆਪਸ ਵਿਚ ਭਿੜਨ ਲਗ ਪਈਆਂ ਤਾਂ ਫੇਰ ਮੂਜ਼ੀ ਮਾਰਨਾ ਕੋਈ ਮੁਸ਼ਕਲ ਨਹੀਂ। ਸ਼ਿਕਾਰ ਭਾਵੇਂ ਹਰਨ ਦਾ ਕਰਨਾ ਹੋਵੇ ਪਰ ਮਚਾਨ ਸ਼ੇਰ ਦਾ ਬੰਨ੍ਹਣਾ ਚਾਹੀਦਾ ਏ। ਲੈ ਭਈ ਸੱਜਣਾ ਅਸਾਂ ਤੇਰੇ ਕੰਨ ਵਿਚ ਜਿਹੜਾ ਵਾਲਾ ਪਾਉਣਾ ਸੀ ਪਾ ਦਿਤਾ ਏ ਹੁਣ ਤੂੰ ਜਾਣ ਤੇ ਤੇਰਾ ਕੰਮ। ਵੈਸੇ ਡਰਨ ਵਾਲੀ ਕੋਈ ਗੱਲ ਨਹੀਂ। ਤੁਹਾਡੇ ਲਾਂਬੇ ਚਾਂਬੇ ਨਾਥਾਂ ਨੇ ਵਾੜ ਕੀਤੀ ਹੋਈ ਏ। ਤੁਹਾਡਾ ਖਿਆਲ ਏ ਸਾਰੀ ਸੰਗਤ ਨੂੰ, ਨਿਧੜਕ ਹੋ ਕੇ ਫਿਰੋ ਮੇਲੇ ਮਸਿਆ ਵਿਚ। ਤੁਹਾਡੀ ਕੋਈ ਵਾਅ ਵਲ ਨਹੀਂ ਵੇਖ ਸਕਦਾ। ਬੁਲ੍ਹੇ ਲੁਟੋ ਭੁਝੰਗੀ ਸਿੰਘ ਨੂੰ ਕੋਈ ਕੌਣ ਭੁਲ ਸਕਦਾ ਏ। ਪਰੌਂਠੇ ਅਜੇ ਵੀ ਸੁਆਦ ਦੇ ਰਹੇ ਹਨ। ਪਿੰਨੀਆਂ ਪੰਜੀਰੀ ਦਾ ਜ਼ਬਾਨ ਅਜੇ ਵੀ ਚਟਕਾਰਾ ਲੈ ਰਹੀ ਏ। ਚੰਪਾ ਨੇ ਦੁਧ ਦੇ ਛੰਨਿਆਂ ਨਾਲ ਸਿੰਘਾਂ ਨੂੰ ਨਿਹਾਲ ਕਰ ਦਿਤਾ ਸੀ।

ਸੁਣਾ ਚੰਪਾ ਪੁੱਤ ਰਾਜ਼ੀ ਖੁਸ਼ੀ ਏਂ। ਨਾਥ ਆਖ ਕੇ ਰਾਹੇ ਪੈ ਗਿਆ।

ਚੰਪਾ ਸ਼ਰਮਾ ਗਈ। ਨਾਥਾਂ ਦੀ ਅੱਖ ਬੜੀ ਤੇਜ਼ ਏ। ਇਲ ਦੇ ਆਂਡੇ ਦਾ ਸੁਰਮਾ ਪਾਂਦੇ ਹਨ। ਨਾਥਾਂ ਦੀ ਅੱਖ ਦੀਵੇ ਵਾਂਗੂੰ ਮਚਦੀ ਏ।

ਹਵੇਲੀ ਲੰਬੜਾਂ ਦੀ

ਲੰਬੜਾਂ ਦੀ ਹਵੇਲੀ ਵਿਚ ਮਸ਼ਾਲ ਮਚ ਰਹੀ ਸੀ। ਸਾਰਾ ਪਿੰਡ ਢੁਕਿਆ ਹੋਇਆ ਸੀ। ਬੰਦੇ ਤੇ ਬੰਦਾ ਚੜ੍ਹਿਆ ਹੋਇਆ ਸੀ। ਕਸੂਰ ਦੀਆਂ ਡੇਰੇ ਦਾਰਨੀਆਂ ਲਥੀਆਂ ਹੋਈਆਂ ਸਨ। ਮੁਜਰਾ ਭਰ ਜੋਬਨ ਤੇ ਸੀ। ਝਾਂਜਰਾਂ ਛਣਕਦੀਆਂ ਘੁੰਗਰੂ ਬੋਲਦੇ ਨਿਸੰਗ ਹੋ ਕੇ। ਤਬਲਾ ਬੁੜਕਦਾ ਸਰੰਗੀ ਤੇ ਗਜ ਫਿਰਦਾ ਧੂਹ ਪਾਉਂਦੀ ਜਾਂਦੀ ਆਵਾਜ਼। ਕਲੇਜਾ ਚੀਰਦੀ ਲੰਘ ਜਾਂਦੀ ਝਾਂਜਰਾਂ ਵਾਲੀ। ਜਮਾਂਦਰੂ ਛੜਿਆਂ ਦੀ ਢਾਣੀ ਅੱਖਾਂ ਸੇਕ ਰਹੀ ਸੀ। ਜੋਗਾ ਜੱਦੀ ਛੜਾ ਸੀ। "ਛੜੇ ਦੀ ਅੱਖ ਇਉਂ ਮੱਚਦੀ ਜਿਵੇਂ ਮਚੇ ਰੰਡੀ ਦੇ ਘਰ ਦੀਵਾ।" ਝਾਂਜਰਾਂ ਵਾਲੀ ਨੇ ਅੱਗ ਲੈਣ ਕੀ ਆਉਣਾ ਸੀ ਆਉਂਦੀ ਲੂਹ ਕੇ ਚਲੀ ਗਈ। ਛੜਿਆਂ ਦੀ ਹਿੱਕ ਫੂਕ ਗਈ। ਛੜੇ ਨੇ ਜ਼ਰਾ ਕੁ ਅੱਖ ਮਾਰੀ। ਦਾਦੇ ਪੋਤਰੇ ਹਰਾ ਦਿਤੇ। ਅਗੋਂ ਛੜਿਆਂ ਨੂੰ ਕੌਣ ਰੋਕੇ ਆਖਣ ਲਗੇ "ਕਾਹਨੂੰ ਕਢਦੀ ਏਂ ਕੁਪਤੀਏ ਗਾਹਲਾਂ ਛੜੇ ਦਾ ਕਿਹੜਾ ਪੁੱਤ ਮਰ ਜਾਊ।" ਜੁਮਾਂ ਤੇ ਫਤਾ ਪਹਿਲਾਂ ਹੀ ਝੁਟੀ ਲਾ ਆਏ ਸਨ ਰੰਡੀ ਦੇ ਡੇਰੇ। ਰੰਡੀ ਦੀ ਅੱਖ ਵਿਚ ਦੋਵੇਂ ਜਣੇ ਰੜਕਦੇ ਸਨ। ਰੰਡੀ ਨੇ ਪੋਲਾ ਦਿਖਾਇਆ ਤੇ ਨਸ ਉਠੇ ਨੰਗੀ ਪੈਰੀਂ।

ਭਾਣਾ ਰੱਬ ਦਾ ਮੁਜਰੇ ਦੇ ਅਖਾੜੇ ਵਿਚ ਸਭ ਤੋਂ ਮੂਹਰੇ ਖਾਨਦਾਨੀ ਛੜਿਆਂ ਦੀ ਪਾਲ ਬੈਠੀ ਹੋਈ ਸੀ। ਜਦੋਂ ਕਾਣਾ ਘੁੰਡ ਕਢਕੇ ਰੰਡੀ ਨੇ ਗੇੜਾ ਮਾਰਿਆ ਲੋਟ ਪੋਟ ਹੋ ਗਈ ਢਾਣੀ ਗਭਰੂਆਂ ਦੀ। ਚੌਧਰੀ ਨਸ਼ੇ ਵਿਚ ਗੁੱਟ ਸਨ। ਲੱਕ ਦਾ ਹਿਚਕੋਲਾ ਮਾਰਕੇ ਜਦੋਂ ਗੋਰੀ ਰੰਨ ਨੇ ਬੋਲ ਕਢੇ ਤਾਂ ਸਾਰੀ ਮਹਿਫ਼ਲ ਝੂਮ ਉਠੀ। ਲੋਟਣ ਪੋਟਣ ਹੋ ਗਿਆ ਸਾਰਾ ਅਖਾੜਾ।

"ਲਾਖੋਂ ਕੇ ਬੋਲ ਸਹੇ ਸੰਵਰੀਆ ਤੇਰੇ ਲੀਏ।"

ਉਂਗਲੀਆਂ ਤੇ ਨਚਾ ਲਈ ਬਿਲੌਰ ਵਰਗੀ ਰੰਨ ਨੇ ਮਹਿਫ਼ਲ। ਜੀਓ ਪਠੋਰੀਏ ਜੀਓ। ਨਸ਼ਈ ਹੋਏ ਅਖਾੜੇ ਵਿਚੋਂ ਆਵਾਜ਼ਾਂ ਆਈਆਂ।

ਇਕ ਛੜੇ ਨੇ ਹਉਕਾ ਭਰ ਕੇ ਆਖਿਆ—ਤੇਰੀ ਸਜਰੀ ਪੈੜ ਦਾ ਰੇਤਾ ਚੁੱਕ ਚੁੱਕ ਲਾਵਾਂ ਹਿੱਕ ਨੂੰ।

ਨਸ਼ੇ ਵਿਚ ਗੁਟ ਇਕ ਛੜਾ ਹੋਰ ਪਟਾਕਿਆ—ਨਾਲੇ ਚੂਸ ਲਾਂ ਪਠੋਰੀਏ ਤੈਨੂੰ ਨਾਲੇ ਤੇਰਾ ਲੌਂਗ ਚੂਸ ਲਾਂ।

ਉਸੇ ਢਾਣੀ ਵਿਚੋਂ ਇਕ ਆਵਾਜ਼ ਹੋਰ ਉਭਰੀ—ਅੱਖ ਪਟਵਾਰਨ ਦੀ ਜਿਵੇਂ ਇਲ੍ਹ ਦੇ ਆਲ੍ਹਣੇ ਵਿਚ ਆਂਡਾ।

ਦੂਜੇ ਨੇ ਕਲੇਜੇ ਤੇ ਹੱਥ ਧਰ ਲਿਆ ਤੇ ਸੰਘ ਪਾੜ ਕੇ ਆਖਣ ਲਗਾ—ਅੱਖੀਂ ਵੇਖਕੇ ਸਬਰ ਨਾ ਆਵੇ ਯਾਰਾ ਤੇਰਾ ਘੁਟ ਭਰ ਲਾਂ।

—ਸਹੁਰਿਆਂ ਤੋਂ ਵੀ ਆਈ ਦਾ ਗਾਉਣ ਸੁਣ ਲਓ, ਆਪਣੀ ਕਵਾਲੀ ਨਾ ਛੋਹ। ਲਾਗੇ ਬੈਠੇ ਗਭਰੂ ਨੇ ਹੁੜ ਮਾਰੀ।

ਫਤਹਿ ਖਾਂ ਨੇ ਗੱਲ ਮੂੰਹ ਤੇ ਭੂੰਆਂ ਕੇ,ਮਾਰੀ ਤੇ ਆਖਣ ਲਗਾ ਕਿ ਤੂੰ ਕੀ ਜਾਣੇ ਸਿਆਲਾਂ ਦੀਆਂ ਰਾਤਾਂ ਕਿਦਾਂ ਲੰਘਦੀਆਂ ਨੇ। ਤੂੰ ਤੇ ਰਜਾਈ ਦਾ ਨਿਘ ਜਾ ਲੈਣਾ। ਸਾਡਾ ਵੀ ਰੱਬ ਵਾਲੀ ਏ ਜਿਹਨਾਂ ਤੰਦੂਰ ਤੇ ਰਾਤ ਕਟਣੀ ਏ।

"ਬੋਲ ਸਹੇ ਸੰਵਰੀਆ ਤੇਰੇ ਲੀਏ" ਏਨੀ ਗੱਲ ਨੇ ਮਹਿਫ਼ਲ ਕਰਾਰੀ ਕਰ ਦਿਤੀ। ਗਲੇ ਦੀ ਗਰਾਰੀ ਨੂੰ ਅਜਿਹੇ ਗੇੜੇ ਦਿਤੇ ਕਿ ਖਲਕਤ ਗੇੜੇ ਵਿਚ ਪਾ ਦਿਤੀ।

ਮਹਿਫ਼ਲ ਦੇ ਪਿਛਵਾੜਿਉਂ ਇਕ ਜਣਾ ਆਖਣ ਲਗਾ ਕਿ ਨਕਲਾਂ ਦਾ ਕੀ ਬਣਿਆ।

—ਕਸੂਰੋਂ ਭੰਡ ਆਉਣੇ ਸਨ।

—ਜੁੱਤੀ ਮੇਚ ਨਹੀਂ ਆਈ ਤਾਹੀਓਂ ਵਕਤ ਸਿਰ ਨਹੀਂ ਪੁਜੇ।

—ਜੁੱਤੀਆਂ ਇਥੇ ਥੋਹੜੀਆਂ ਸਨ।

ਚਾਰ ਭੰਡ, ਇਕ ਦਾ ਝੱਗਾ ਪਾਟਾ ਹੋਇਆ, ਤੇ ਦੂਜੇ ਦੇ ਹੱਥ ਵਿਚ ਚਮੋਟਾ, ਤੀਜਾ ਪੈਰੋਂ ਨੰਗਾ। ਪੱਗਾਂ ਤਿੰਨਾਂ ਦੀਆਂ ਗਲ ਵਿਚ ਪਈਆਂ ਹੋਈਆਂ।

ਜਜਮਾਨਾਂ ਦੀ ਖੈਰ, ਨਵਾਬੀਆਂ ਬਣੀਆਂ ਰਹਿਣ, ਜੋੜੀਆਂ ਨੂੰ ਭਾਗ ਲਗੇ ਰਹਿਣ, ਵੇਲ ਵਧੇ ਮਹਿਫ਼ਲਾਂ ਲਗੀਆਂ ਰਹਿਣ, ਭੰਡ ਆਉਂਦੇ ਰਹਿਣ ਤੇ ਪੰਡਾਂ ਬੰਨ੍ਹਕੇ ਹਵੇਲੀਆਂ ਵਿਚੋਂ ਲੈ ਕੇ ਜਾਣ। ਭੰਡਾਂ ਨੇ ਆਪਣੀ ਕਾਵਾਂ ਰੌਲੀ ਪਾ ਦਿਤੀ। ਮੁੰਡਿਆਂ ਦੇ ਲਾਣੇ ਨੇ ਝਟ ਮੂੰਹ ਫੇਰ ਲਿਆ। ਅੱਧੀ ਮਹਿਫ਼ਲ ਦਾ ਚਿਤ ਭੰਡਾਂ ਆਪਣੇ ਵਲ ਕਰ ਲਿਆ। ਨੰਗੇ ਪਿੰਡੇ ਤੇ ਚਮੋਟਾ ਵਜਾ ਤੇ ਖੜਾਕ ਪਿੰਡ ਦੀ ਤੀਜੀ ਕੋਠੜੀ ਵਿਚ ਜਾ ਪੁਜਾ।

—ਜਜਮਾਨਾਂ ਦੀ ਖੈਰ ਨਵਾਬੀਆਂ ਬਣੀਆਂ ਰਹਿਣ, ਜੋੜੀਆਂ ਨੂੰ ਭਾਗ ਲਗੇ ਰਹਿਣ। ਵੇਲ ਵਧੇ ਅਲਾਹ ਦੀ ਬਰਕਤ, ਡੋਲੇ ਨਿਤ ਆਉਣ। ਮਹਿਫ਼ਲਾਂ ਜੁੜੀਆਂ ਰਹਿਣ। ਭੰਡਾਂ ਦੇ ਰੋਜ਼ ਖੰਡਾਂ ਚੋਲਾਂ ਵਿਚ ਹੱਥ ਰਹਿਣ।

ਰੰਡੀ ਦੇ ਆਖਰੀ ਬੋਲ ਨੇ ਮਹਿਫ਼ਲ ਸੁੰਨ ਕਰ ਦਿਤੀ। ਮਹਿਫ਼ਲ ਵਿਚੋਂ ਆਵਾਜ਼ ਆਈ, ਤੁਸੀਂ ਕਿਥੇ ਮਰ ਗਏ ਸਓ।

—ਕਬਰਾਂ ਵਿਚੋਂ ਉਠ ਕੇ ਆਏ ਹਾਂ। ਲੰਕੜ ਦੇ ਘਰ ਡੋਲਾ ਆਇਆ ਸਾਨੂੰ ਵੀ ਜਾਗ ਆ ਗਈ।

—ਅਗੇ ਆ ਜਾਓ। ਭੰਡ ਅਗੇ ਲੰਘੇ ਤੇ ਤਬਲੇ ਵਾਲੇ ਆਪਣੀ ਬੁਸ਼ਕੀ ਚੁਕ ਕੇ ਪਾਸੇ ਹੋ ਗਏ।

ਭੰਡ ਨੇ ਨੰਗੇ ਪਿੰਡੇ ਵਾਲੇ ਦੇ ਚਮੋਟਾ ਠਾਹ ਕਰਕੇ ਮਾਰਿਆ। ਤੋਪ ਵਰਗਾ ਖੜਾਕ ਆਇਆ।

—ਹੁਣੇ ਪਿਓ ਨੂੰ ਮਾਰਨ ਲਗ ਪਿਆ ਏਂ। ਆਪਣੇ ਪਿਓ ਦਾ ਮੁਕਲਾਵਾ ਲੰਬੜਾਂ ਨੂੰ ਲੈਣ ਭੇਜੇਂਗਾ। ਸਾਰਾ ਅਖਾੜਾ ਹਸ ਪਿਆ।

—ਸੁਣਾ ਭਈ ਕੀ ਹਾਲ ਚਾਲ ਏ।

—ਬਹੁਤ ਵਧੀਆ, ਐਸ਼ ਕਰਦੇ ਆਂ ਭਈ ਐਸ਼।

—ਕੇਹੜੇ ਕੰਮ ਤੇ ਲਗਾ ਏਂ ਜਿਹੜੀ ਏਨੀ ਐਸ਼ ਹੁੰਦੀ ਏ।

—ਸਿਖੜਿਆਂ ਦੇ ਸਿਰ ਵਢ ਵਢ ਕੇ ਥੋਕ ਵਿਚ ਭੇਜੀਦੇ ਨੇ ਲਾਹੌਰ।

ਹਾਸਾ ਜ਼ਰਾ ਕੁ ਟਹਿਕਿਆ—ਤਾਂ ਤੇ ਫੇਰ ਬਹੁਤ ਵੱਡਾ ਕਸਾਈ ਹੋਇਆਂ ਤੂੰ ਤਾਂ। ਕੰਮ ਵਧੀਆ ਚੁਣਿਆ ਜਵਾਬ ਨਹੀਂ ਤੇਰੀ ਚੋਣ ਦਾ।

—ਕੰਮ ਕਰਨ ਸਾਡੇ ਵੈਰੀ ਅਸੀਂ ਏਡੇ ਵੱਡੇ ਜ਼ਿਮੀਂਦਾਰ ਹਾਂ ਸਾਨੂੰ ਕੀ ਲੋੜ ਏ ਕੰਮ ਕਰਨ ਦੀ।

—ਬਹੁਤ ਵੱਡਾ ਜ਼ਿਮੀਂਦਾਰ ਹੋ ਗਿਆ ਏ।

—ਹੋਰ ਕੋਈ ਮਾੜੇ ਮੋਟੇ ਜ਼ਿਮੀਂਦਾਰ ਥੋਹੜੇ ਆਂ ਪੈਂਤੀ ਘੁਮਾਂ ਜ਼ਮੀਨ ਵਿਚ ਮੋਘਾ ਲਗਾ ਹੋਇਆ ਏ।

—ਅਸ਼ਕੇ ਓ ਜਵਾਨਾਂ, ਪੈਂਤੀ ਘੁਮਾ ਜ਼ਮੀਨ ਵਿਚ ਮੋਘਾ ਲਗਾ ਹੋਇਆ। ਤਾਂ ਤੇ ਫ਼ਸਲ ਬੜੀ ਹੁੰਦੀ ਹੋਣੀ ਏ। ਭੜੋਲੀਆਂ ਭਰ ਜਾਂਦੀਆਂ ਹੋਣੀਆਂ ਨੇ ਦਾਣਿਆਂ ਨਾਲ।

—ਦਸ ਘੁਮਾਂ ਛੋਨਾ ਲਾਇਆ ਛੇ। ਕਾਲੀ ਘਟਾ ਵਾਂਗੂੰ ਚੜ੍ਹਿਆ ਏ। ਕਿਤੇ ਤਿਲ ਸੁਟਿਆ ਜ਼ਮੀਨ ਤੇ ਨਹੀਂ ਡਿਗਦਾ।

ਚਮੋਟਾ ਇਕ ਵਾਰਾਂ ਫਿਰ ਖੜਕਿਆ।

—ਕੀ ਕਹਿਣੇ ਨੇ ਤੇਰੀ ਜ਼ਿਮੀਂਦਾਰੀ ਦੇ।

—ਪੰਜ ਘੁਮਾ ਕਪਾਹ ਦਾ ਖੇਤ, ਅੰਮਾਂ ਜਿਡੇ ਜਿਡੇ ਬੂਟੇ। ਰਾਤ ਪਈ ਦਿਸਦੀ ਏ।

—ਕਮਾਲ ਏ ਭਈ, ਨਹੀਓਂ ਰੀਸਾਂ ਝਨਾਂ ਦੀਆਂ ਭਾਵੇਂ ਸੁੱਕਾ ਹੀ ਵਗੇ।

—ਦਸ ਘੁਮਾਂ ਮੱਕੀ ਏ। ਬਾਂਹ ਬਾਂਹ ਜਿਡੀਆਂ ਛਲੀਆਂ ਪਈਆਂ ਨੇ।

—ਠੀਕ ਏ ਭਈ ਠੀਕ ਏ ਤਾਂਹੀਏ ਝੱਗਾ ਪਾਟਾ ਹੋਇਆ।

—ਸਿਖ ਪਾੜ ਕੇ ਹਰਨ ਹੋ ਗਏ। ਚਮੋਟਾ ਮਾਰਕੇ ਭੰਡ ਨੇ ਉਹਦੇ ਪਿੰਡੇ ਤੇ ਨੀਲ ਪਾ ਦਿਤਾ।

—ਪੰਜ ਘੁਮਾਂ ਤਿਲ ਬੀਜੇ। ਅਲਾਹ ਦੀਆਂ ਬਰਕਤਾਂ ਜਿਵੇਂ ਅਨਾਰਾਂ ਦੇ ਬੂਟੇ ਹੁੰਦੇ ਨੇ। ਵੇਖਕੇ ਬੋਤਲ ਦਾ ਨਸ਼ਾ ਆ ਜਾਂਦਾ ਏ।

—ਪਰ ਏਨੀ ਫ਼ਸਲ ਵਾਲੀ ਜ਼ਮੀਨ ਤੇਰੀ ਹੈ ਕਿਥੇ।

—ਏਥੇ ਨੇੜੇ ਹੀ।

—ਤਦ ਵੀ ਪਤਾ ਤਾਂ ਦਸੇ ਨਾ।

—ਸਾਡੀ ਲੁੰਡੀ ਮੱਝ ਦੇ ਪੁੜੇ ਉਤੇ। ਸਾਰੀ ਮਹਿਫ਼ਲ ਦੇ ਹੱਸ ਹੱਸ ਕੇ ਢਿਡੀਂ ਪੀੜਾਂ ਪੈ ਗਈਆਂ। ਮੋਹਰਾਂ ਦਾ ਮੀਂਹ ਪੈ ਗਿਆ।

ਗੜਿਆਂ ਜਿਡੀਆਂ ਮੋਹਰਾਂ ਪੈਣ ਲਗ ਪਈਆਂ ਭੰਡ ਇਕਠੀਆਂ ਕਰਨ ਲਗ ਪਏ।

ਦੂਜੇ ਨੇ ਮਹਿਫ਼ਲ ਦਾ ਰੁਖ ਬਦਲਿਆ। ਚਮੋਟਾ ਇਕ ਵਾਰ ਫਿਰ ਖੜਕਿਆ। ਠਾਹ ਠਾਹ ਚਮੋਟਾ ਗੋਲੇ ਵਾਂਗੂ ਵਜਦਾ ਸੀ। ਚਮੋਟੇ ਨੇ ਹਵਾ ਵਿਚ ਇਕ ਵਾਰ ਪੈਲ ਜਿਹੀ ਪਾਈ।

—ਸੁਣਾ ਭਈ ਸੁਣਾ, ਵਿਆਹ ਕਰਕੇ ਆਇਆ ਏਂ।

—ਵਿਆਹ ਹੀ ਕਰਕੇ ਆਇਆਂ ਹਾਂ। ਬਹੁਤ ਵਧੀਆ ਵਿਆਹ ਹੋਇਆ ਹੱਦਾਂ ਹੀ ਮੁਕ ਗਈਆਂ। ਇਕ ਵਾਰ ਤਾਂ ਬਹਿਜਾ ਬਹਿਜਾ ਕਰਵਾ ਦਿਤੀ ਸਾਰੀ ਪੱਟੀ ਦੀ।

—ਵਿਆਹ ਪੱਟੀ ਵਿਚ ਕੀਤਾ ਸੀ ?

—ਨਹੀਂ ਉਏ ਪਿੰਡ ਵਿਚ।

—ਪਰ ਵਿਆਹ ਦੀ ਧਮਕ ਪੱਟੀ ਤਕ ਪਈ।

—ਨਾਦਰਸ਼ਾਹ ਦੀ ਤੋਪ ਹੋਣੀ ਏ ਨਾ।

—ਬਹਿਜਾ ਬਹਿਜਾ ਕਰਵਾ ਦਿਤੀ। ਕੀ ਕੁਝ ਖੁਆਇਆ।

—ਬਹੁਤ ਕੁਝ ! ਦਸ ਤਾਂ ਅਸਾਂ ਦੇਗਾਂ ਹੀ ਲਾਹੀਆਂ ?

—ਦਸ ਦੇਗਾਂ ਤਾਂ ਜ਼ਰਦੇ ਦੀਆਂ ਲਾਹੀਆਂ ਹੋਣੀਆਂ ਨੇ।

—ਜ਼ਰਦਾ, ਜ਼ਰਦਾ ਵੀ ਕੋਈ ਖਾਂਦਾ ਏ ਅੱਜ ਕਲ੍ਹ।

—ਫੇਰ ਕੀ ਤੁਸਾਂ ਪੁਲਾਅ ਦੀਆਂ ਲਾਹੀਆਂ ਹੋਣੀਆਂ ਨੇ।

—ਪੁਲਾਅ ਵੀ ਕੋਈ ਖਾਣ ਵਾਲੀ ਚੀਜ਼ ਏ। ਕੌਣ ਬੁਰਕ ਮਾਰੇ ਲੂਣ ਵਾਲੇ ਚੌਲਾਂ ਨੂੰ।

—ਫੇਰ ਕੜਾਹ ਬਣਾਇਆ ਹੋਣਾ ਏ।

—ਕੜਾਹ ਕੀ ਹੁੰਦਾ ਏ ਨਿਰਾ ਮਿੱਠੇ ਦਾ ਗੁਤਾਵਾ। ਕੀ ਅਸਾਂ ਸਿਖੜਿਆਂ ਨੂੰ ਪਾਣਾ ਸੀ।

—ਫੇਰ ਤੁਸਾਂ ਜ਼ਰੂਰ ਗੋਸ਼ਤ ਬਣਾਇਆ ਹੋਵੇਗਾ।

—ਗੋਸ਼ਤ ਡੰਗਰਾਂ ਦਾ ਖਾਣਾ ਏ।

—ਫਿਰ ਤੁਸਾਂ ਮੁਰਗੇ ਬਣਾਏ ਹੋਣੇ ਨੇ।

—ਮੁਰਗਿਆਂ ਨੂੰ ਤਾਂ ਹੁਣ ਗਿੱਦੜ ਵੀ ਨਹੀਂ ਖਾਂਦਾ।

(ਹਾਰ ਮੰਨ ਕੇ)—ਫ਼ੇਰ ਤੁਸਾਂ ਕਾਹਦੀਆਂ ਏਨੀਆਂ ਦੇਗਾਂ ਲਾਹੀਆਂ।

ਹੌਲੀ ਜਿਹੀ ਆਵਾਜ਼ ਵਿਚ—ਤੱਤੇ ਪਾਣੀ ਦੀਆਂ।

ਚਮੋਟਾ ਇਕ ਵਾਰ ਫੇਰ ਖੜਕਿਆ। ਭੰਡ ਛਿਤਰ ਖਾਧੇ ਬੰਦੇ ਵਾਂਙ ਮੂੰਹ ਬਣਾ ਕੇ ਬੋਲਿਆ।

—ਸਿੰਘਾਂ ਦੇ ਗੁਸਲ ਕਰਵਾਉਣ ਦਾ ਠੇਕਾ ਤਾਂ ਨਹੀਂ ਲੈ ਲਿਆ।

—ਦੂਰ ਫ਼ਿਟੇ ਮੂੰਹ ਚੰਦਰੇ ਮੂੰਹ ਵਾਲ਼ਿਆਂ ਮੂੰਹ ਭੈੜਾ ਹੋਵੇ ਤਾਂ ਗੱਲ ਤਾਂ ਚੰਗੀ ਕਰੀਏ।

ਭੈੜਾ ਜਿਹਾ ਮੂੰਹ ਬਣਾ ਕੇ ਆਖਣ ਲਗਾ ਭੰਡ—ਜਾਂਜੀਆਂ ਨੂੰ ਵਿਚ ਡੋਬ ਡੋਬ ਕੇ ਇਕ ਇਕ ਨੂੰ ਖਿਜੂ ਬਣਾਕੇ ਕਢਿਆ ਦੇਗ ਵਿਚੋਂ।

ਬਸ ਫੇਰ ਕੀ ਸੀ ਸਾਰੀ ਮਹਿਫਲ ਹੱਸ ਹੱਸ ਕੇ ਫਾਵੀ ਹੋ ਗਈ। ਮੋਹਰਾਂ ਦੇ ਢੇਰ ਲਗ ਗਏ। ਭੰਡਾਂ ਨੇ ਮਹਿਫ਼ਲ ਨੂੰ ਆਪਣੇ ਵਲ ਖਿੱਚ ਲਿਆ।

—ਠਹਿਰੋ ਠਹਿਰੋ ਸਾਨੂੰ ਜਾਣ ਦਿਓ। ਅੱਧੀ ਰਾਤ ਵਿਹਾ ਦਿਤੀ ਜੇ ਅਸਾਂ ਤੜਕੇ ਉਠਣਾ ਏ। ਮਾਮਲਾ ਤਾਰਨਾ ਏ ਅੰਮ੍ਰਿਤਸਰ। ਬੋਲ ਇਕ ਲੰਬੜ ਦੇ ਸਨ।

ਭੰਡਾਂ ਫਿਰ ਰੌਲਾ ਪਾ ਦਿਤਾ ਪਰ ਚੌਧਰੀ ਉਠ ਗਏ। ਮਹਿਫਲ ਖਿੰਡਣ ਪੁੰਡਣ ਲਗ ਪਈ।

ਇਕ ਭੰਡ ਨੇ ਅੱਖ ਮਾਰੀ—ਸਿੰਘ ਜੀ ਸਾਨੂੰ ਵੀ ਕੁਝ ਗਫਾਂ ਦੇ ਜਾਓ।

ਲਾਗੇ ਸੁੱਖਾਂ ਸਿੰਘ ਤੇ ਮਹਿਤਾਬ ਸਿੰਘ ਵੀ ਉਸੇ ਅਖਾੜੇ ਵਿਚ ਸਨ। ਤਾੜ ਗਏ। ਉਹਨਾਂ ਕਿਸੇ ਨੂੰ ਸਿਰ ਨਾ ਹੋਣ ਦਿਤਾ ਤੇ ਪਤਰਾ ਵਾਚ ਗਏ।

ਮਹਿਫ਼ਲ ਫ਼ਿਰ ਜੁੜ ਬੈਠੀ। ਚੌਧਰੀ ਭਾਵੇਂ ਉਠ ਗਏ ਸਨ ਪਰ ਅਖਾੜੇ ਵਾਲਿਆਂ ਰੰਡੀ ਨੂੰ ਉਸ਼ਕਲ ਦੇ ਕੇ ਫਿਰ ਮੁਜਰੇ ਵਾਸਤੇ ਤਿਆਰ ਕਰ ਲਿਆ।

ਭੰਡ ਆਪਣਾ ਕਾਰਾ ਕਰ ਗਏ। ਮੋਹਰਾਂ ਚੁਕੀਆਂ ਬੁਸ਼ਕੀ ਕਢੇ ਮਾਰੀ ਤੇ ਲੋਕਾਂ ਵਿਚ ਹੀ ਰਲ ਮਿਲ ਗਏ। ਕੋਈ ਨਹੀਂ ਸੀ ਪਹਿਚਾਣ ਸਕਦਾ ਕਿ ਭੰਡ ਕੌਣ ਹਨ।

ਰੰਡੀ ਨੇ ਇਕ ਵਾਰ ਫਿਰ ਰੰਗ ਬੰਨ੍ਹ ਦਿਤਾ ਬੋਲ ਉਭਰੇ।

"ਪਲਾ ਮਾਰਕੇ ਬੁਝਾ ਗਈ ਦੀਵਾ
ਤੇ ਅੱਖ ਨਾਲ ਗੱਲ ਕਰ ਗਈ।"

ਇਹ ਸਾਰੀ ਗੱਲ ਪੱਟੀ ਵਿਚ ਵਾਪਰੀ, ਮੁਜਰਾ ਸਾਰੀ ਰਾਤ ਹੁੰਦਾ ਰਿਹਾ। ਛੜੇ ਚੋ ਕੜੀ ਮਾਰਕੇ ਬੈਠੇ ਰਹੇ। ਜੁੜੀ ਰਹੀ ਸਾਰੀ ਰਾਤ ਪਟੀ। ਰੰਡੀ ਸਾਰੀ ਰਾਤ ਨੱਚ ਨੱਚ ਕੇ ਫਾਵੀ ਹੋ ਗਈ ਬੋਝੇ ਝਾੜਕੇ ਲੈ ਗਈ ਸ਼ਰਬਤੀ ਅੱਖੀਆਂ ਵਾਲੀ। ਕਿਰਮਚੀ ਦੁਪਟਾ ਮਸ਼ਾਲ ਦੀ ਰੋਸ਼ਨੀ ਵਿਚ ਉਡ ਰਿਹਾ ਸੀ। ਪੱਟੀ ਦੇ ਗਭਰੂ ਲਟੂ ਹੋਏ ਫਿਰਦੇ ਸਨ ਕਸੂਰ ਦੀ ਮੁਜਰੇਵਾਲੀ ਤੇ। ਛੜੇ ਤੇ ਬੋਝੇ ਵਿਚ ਪਾ ਲੈਣਾ ਚਾਹੁੰਦੇ ਸਨ। ਪਰਵਾਨੇ ਸ਼ਮਾਂ ਦੀ ਲਾਟ ਨੂੰ ਆਪਣੇ ਵਿਚ ਸਮੇਟ ਰਹੇ ਸਨ।

ਕੁੱਤਾ ਰਾਜ ਬਹਾਲੀਏ

ਅਜੇ ਸਰਘੀ ਦਾ ਤਾਰਾ ਵੀ ਨਹੀਂ ਸੀ ਚੜ੍ਹਿਆ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਦੋਵੇਂ ਬਿੜਕਾਂ ਲੈ ਰਹੇ ਸਨ। ਚੋਧਰੀ ਸਾਰੀ ਰਾਤ ਹਵੇਲੀ ਵਿਚ ਜਾਗਦੇ ਰਹੇ। ਨਾ ਆਪ ਸੁੱਤੇ ਤੇ ਨਾ ਹੀ ਘਰ ਦਿਆਂ ਨੂੰ ਅੱਖ ਲਾਉਣ ਦਿਤੀ। ਘੋੜੀਆਂ ਕਢੀਆਂ ਮਛਰੀਆਂ ਹੋਈਆਂ। ਮਾਮਲਿਆਂ ਵਾਲੀਆਂ ਸਰਕਾਰੀ ਥੈਲੀਆਂ ਨੂੰ ਦੀਵੇ ਦੀ ਰੋਸ਼ਨੀ ਵਿਚ ਵੇਖਿਆ। ਹਾਕਮ ਦੀਆਂ ਮੋਹਰਾਂ ਲਗੀਆਂ ਹੋਈਆਂ ਦੀ ਤਸੱਲੀ ਕੀਤੀ। ਕਸੂਰ ਵਾਲੇ ਮਾਮਲਾ ਏਸ ਲਈ ਨਹੀਂ ਕੋਲ ਰਖਦੇ ਸਨ ਕਿਉਂਕਿ ਮੱਸਾ ਰੰਘੜ ਬੜਾ ਅੜਬ, ਬਦ ਦਿਮਾਗ, ਗੁਸਤਾਖ ਤੇ ਸ਼ੇਖੀ ਖੋਰਾ ਸੀ। ਹਰ ਬੰਦੇ ਦੀ ਖੜੇ ਖੜੋਤੇ ਦੀ ਪਾਣ ਪੱਤ ਲਾਹ ਦਿੰਦਾ। ਰੰਘੜਾਂ ਦੀ ਵਸੋਂ ਅੰਮ੍ਰਿਤਸਰ ਦੇ ਚੋਗਿਰਦੇ ਔਂਦਾ ਹੀ ਜ਼ਿਆਦਾ ਸੀ। ਚੰਗੇ ਭਰਵੇਂ ਜ਼ੋਰ ਵਿਚ ਸਨ ਰੰਘੜ। ਆਪਣੀ ਬਾਦਸ਼ਾਹੀ, ਆਪਣੀ ਹਕੂਮਤ ਮੱਸਾ ਰੰਘੜ ਆਪਣਾ ਪੁੱਤ ਆਪਣਾ ਲਹੂ ਹਰ ਗੱਲ ਦਾ ਅੰਮ੍ਰਿਤਸਰ ਵਿਚ ਹੀ ਫੈਸਲਾ ਕਰਵਾ ਲੈਂਦਾ। ਕਿਸੇ ਨੂੰ ਲਾਹੌਰ ਜਾਂ ਕਸੂਰ ਜਾਣ ਦੀ ਖੇਚਲ ਨਾ ਕਰਨੀ ਪੈਂਦੀ। ਸਿਆਹੀ ਨੂੰ ਸਫੈਦੀ ਵਿਚ ਬਦਲ ਦੇਣਾ ਤੇ ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਜਦੋਂ ਮਰਜੀ ਜਿਸ ਵੇਲੇ ਜੀਅ ਚਾਹੇ ਬਣਾ ਲੈਣੀ। ਮਾੜੇ ਮੋਟੇ ਦਾ ਗਾਟਾ ਮਰੋੜਨਾ ਅਤੇ ਖੂਹ ਵਿਚ ਸੁਟ ਦੇਣਾ ਇਹ ਐਵੇਂ ਮਾਮੂਲੀ ਜਿਹੀ ਗੱਲ ਸੀ। ਹਰ ਪਾਸੇ ਆਪਣੀ ਚੋਧਰ ਸੀ। ਕੁਕੜ ਨੂੰ ਜੀਅ ਕਰਦਾ ਤਾਂ ਬਾਂਗ ਦੇਣ ਦਿੰਦੇ ਤੇ ਮਰਜ਼ੀ ਨਾ ਹੁੰਦੀ ਤਾਂ ਕੁਕੜ ਦਾ ਸੰਘ ਘੁਟ ਦਿੰਦੇ। ਮੱਸਾ ਦੋਹਾਂ ਹੱਥਾਂ ਨਾਲ ਲੁਟ ਰਿਹਾ ਸੀ। ਰੰਘੜ ਆਪਣੇ ਸੰਦੂਕ ਭਰ ਰਹੇ ਸਨ। ਪਠਾਨਾਂ ਨਾਲ ਇੱਟ ਖੜਕੇ ਦਾ ਵੈਰ ਸੀ। ਪਰ ਹਕੂਮਤ ਨੇ ਕਸੂਰ ਵਾਲਿਆਂ ਨੂੰ ਅੰਮ੍ਰਿਤਸਰ ਤੇ ਆਪਣੇ ਛੱਤਰ ਝੁਲਾਣ ਦੀ ਇਜਾਜ਼ਤ ਦਿਤੀ ਹੋਈ ਸੀ। ਭਾਵੇਂ ਕਸੂਰ ਦੀ ਛੱਤਰ ਛਾਵੇਂ ਅੰਮ੍ਰਿਤਸਰ ਵਾਲੇ ਸਨ ਪਰ ਮੱਸਾ ਛਿੱਤਰ ਨਾਲ ਸੇਹਾ ਮਾਰ ਰਿਹਾ ਸੀ। ਪਰ ਮੱਸੇ ਰੰਘੜ ਨੇ ਸਾਰੀ ਪਾਣ ਪੱਤ ਲਾਹ ਕੇ ਉਹਨਾਂ ਦੀ ਝੋਲੀ ਵਿਚ ਪਾ ਦਿਤੀ। ਕਸੂਰ ਵਾਲੇ ਦੁਖੀ ਸਨ। ਲਾਹੌਰ ਵਾਲਿਆਂ ਨੂੰ ਏਨੀ ਫੁਰਸਤ ਨਹੀਂ ਸੀ ਕਿ ਉਹ ਉਹਨਾਂ ਦੀ ਲੁਕਣ ਮੀਚੀ ਵਿਚ ਸੀਟੀ ਦੇਣ। ਮੱਸਾ ਜੋ ਕੁਝ ਕਰ ਰਿਹਾ ਸੀ ਉਹ ਲਾਹੌਰ ਵਾਲਿਆਂ ਲਈ ਠੀਕ ਸੀ। ਅਹਿਮਦਸ਼ਾਹ ਅਬਦਾਲੀ ਦਾ ਹਊਆ ਅਤੇ ਉਹਦੀ ਸਿਰ ਤੇ ਲਟਕਦੀ ਤਲਵਾਰ ਨੇ ਬੁਜ਼ਦਿਲ ਬਣਾ ਦਿਤੇ ਸਨ ਲਾਹੌਰ ਵਾਲੇ। ਦਿਲੀ ਦੀ ਹਕੂਮਤ ਲਾਹੌਰ ਵਲ ਧਿਆਨ ਨਹੀਂ ਸੀ ਮਾਰਦੀ। ਦਿਲੀ ਵਾਲੇ ਆਪਣੇ ਦੁਧ ਵਿਚ ਆਪ ਕਾਂਜੀ ਘੋਲ ਰਹੇ ਸਨ। ਰੋਜ਼ ਛਿਤਰਾਂ ਵਿਚ ਦਾਲ ਵੰਡੀ ਜਾਂਦੀ। ਘਗਰੀ ਦੇ ਸਾਕ ਆਪ ਗੁਠੇ ਲਗੇ ਹੋਏ ਸਨ। ਖਾਨ ਭਰਾਵਾਂ ਨੇ ਚੰਗੀ ਨਕੇਲ ਪਾਈ ਹੋਈ ਸੀ।

ਬਾਦਸ਼ਾਹ, ਵਜ਼ੀਰ, ਅਹਿਲਕਾਰ ਨੱਕ ਵਿਚ ਨੱਥ ਪਾ ਕੇ ਫਿ
ਹਾਲ ਸੀ ਕਿ "ਹਾਥੀ ਦੇ ਸਿਰ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ
ਲਾਹੌਰ ਵਿਚ ਭੰਗੜਾ ਪਾਂਦੇ ਤੇ ਕਿਤੇ ਲੁਡੀ, ਹੰਨੇ ਹੰਨੇ ਰਾਜ ਸੀ
ਬੈਠਾ ਸੀ।

ਮੱਸੇ ਰੰਘੜ ਨੇ ਵੀ ਚੰਮ ਦੀਆਂ ਚਲਾਈਆਂ ਪਰ ਉਸ
ਦਾ ਪਰਛਾਵਾਂ ਨਹੀਂ ਲੰਘਣ ਦਿਤਾ। ਹਰ ਇਕ ਦੇ ਲੱਕ ਵਿ
ਤੇ ਘੁੰਗਰੂ ਆਪਣੇ ਨਾਂ ਦੇ ਬੰਨ੍ਹੇ ਹੋਏ ਸਨ। ਸਿਰਫ਼ ਸਿੰਘ ਹ
ਪੁਆਇਆ ਤੇ ਨਾਂ ਤੜਾਗੀ ਕਬੂਲੀ। ਹਰਿਮੰਦਰ ਦੀ ਜਿ
ਆਉਂਦੀ ਉਨੀ ਕਰਦਾ ਮੱਸਾ ਰੰਘੜ। ਹਰ ਹੱਜ਼ ਗਊ ਦੇ ਲਹ
ਹੱਡਾਂ ਨਾਲ ਸਰੋਵਰ ਭਰ ਦਿਤਾ। ਪਰ ਧੰਨ ਜਿਗਰਾ ਸੀ ਸਿੰ
ਵਿਚ ਰੱਤੀ ਭਰ ਫਰਕ ਨਾ ਆਇਆ ਸਗੋਂ ਸਿੰਘਾਂ ਦੀ ਸ਼ਰਧਾ
ਜਾਂਦੀ ਤੇ ਉਹਨਾ ਦੇ ਇਰਾਦੇ ਬਲਵਾਨ ਹੁੰਦੇ ਜਾਂਦੇ।

ਇਕ ਦਿਨ ਮੱਸਾ ਰੰਘੜ ਆਖਣ ਲਗਾ, ਸ਼ਰਾਬ ਵਿ
ਭੌਂਦਾ ਪਾਗਲਾਂ ਵਾਂਙ ਹੱਸਦਾ ਤੇ ਆਖਦਾ "ਸਿੰਘ ਕਾਫ਼ਰ ਅ
ਨਹੀਂ ਝਾਕ ਸਕਦੇ। ਮੱਸੇ ਦਾ ਤਪ ਤੇਜ਼ ਉਹਨਾਂ ਦੀ ਮੌਤ ਹੈ।
ਛਡ ਗਏ ਸਿੰਘ ਅੰਮ੍ਰਿਤਸਰ ਨੂੰ। ਜੰਗਲਾਂ ਪਹਾੜਾਂ ਤੇ ਮਾਰੂਥ
ਡਰਨ ਦੀ ਲੋੜ ਨਹੀਂ ਖਾਓ ਪੀਓ ਤੇ ਐਸ਼ ਕਰੋ ਇਹ ਜ਼ਿੰਦ
ਏ ਰਾਜ ਕੀ ਏ ਮੈਂ ਅੰਮ੍ਰਿਤਸਰ ਦਾ ਨਵਾਬ ਹਾਂ। ਮੈਂ ਖੁਦ
ਮੈਨੂੰ ਕਿਸੇ ਦੀ ਪਰਵਾਹ ਨਹੀਂ। ਮੈਨੂੰ ਕਿਸੇ ਦਾ ਡਰ ਨਹੀ
ਵਿਚੋਂ ਦੋ ਪਿਆਲੇ ਭਰੇ ਤੇ ਗਟਾਗਟ ਚਾਹੜ ਗਿਆ ਜਣੇ
ਵਿਚ ਮੇਰੀ ਹਕੂਮਤ ਏ ਤੇ ਕਲ੍ਹ ਬਹਿਸ਼ਤ ਵਿਚ ਵੀ ਮੈਂ ਈ
ਹੱਸਦਾ, ਉਸਦੀਆਂ ਚਾਂਗਰਾਂ ਬਾਹਰ ਲੋਕੀ ਸੁਣਦੇ। ਜੀਅ ਭਰ
ਸ਼ਰਾਬ ਪੀਓ ਤੇ ਕਾਫਰਾਂ ਦੇ ਗਾਟੇ ਵਢੋ। ਤੁਹਾਡਾ ਏਨਾ ਹੀ ਮ
ਏਨਾ ਹੀ ਸਬਕ ਦਿਤਾ ਏ।

ਇਹ ਖਬਰਾਂ ਲਾਹੌਰ ਵਿਚ ਪੁਜੀਆਂ। ਕਸੂਰ ਵਾਲਿਆਂ
ਉਹ ਸੁਣਦੇ ਕਿ ਪਿੰਡਾਂ ਦੇ ਪਿੰਡ ਉਸ ਉਜਾੜ ਸੁਟੇ ਤੇ ਜਵਾ
ਜੀਅ ਭਰਕੇ ਲੁਟੀ। ਤਪੜ ਰੋਲ ਦਿਤੇ ਉਸ ਮਾਝੇ ਦੀ ਏ
ਕਰ ਦੇਣਾ ਤੇ ਬੰਦਾ ਮਾਰ ਦੇਣਾ ਇਕੋ ਗੱਲ ਸੀ। ਵੈਸੇ ਸਾਰਾ
ਹਰ ਰੋਜ਼ ਹਰ ਰਾਤ ਕੋਈ ਨਾ ਕੋਈ ਕੁਆਰੀ ਕੁੜੀ ਭਾਵੇਂ ਮੁ
ਕਿਸੇ ਹਿੰਦੂ ਦੀ। ਇਕੋ ਰਾਤ ਵਿਚ ਹੀ ਉਸਨੂੰ ਔਰਤ ਬਣ
ਮਹਿਫੂਜ਼ ਨਹੀਂ ਸੀ। ਕੱਤਾ ਰਾਜ ਬਹਾਲੀਏ ਚੱਕੀ ਚਟਣ ਜਾ

ਸਰਘੀ ਦਾ ਤਾਰਾ ਮਕਬਰੇ ਦੀ ਕੰਧ ਤੇ ਚਮਕ ਰਿਹਾ
ਸੀ। ਸਿਰਫ ਚੌਧਰੀਆਂ ਦੇ ਘਰ ਹੀ ਦੀਵਾ ਜਗ ਰਿਹਾ ਸੀ
ਚੌਧਰੀ ਨੂੰ ਘੋੜੀ ਤੇ ਚੜ੍ਹਨ ਤੋਂ ਪਹਿਲਾਂ ਓਹਦੀ ਭੈਣ ਨੇ ਓ
ਬੰਨ੍ਹਿਆ। ਪਿੰਡੋਂ ਨਿਕਲੇ ਦੋ ਚੌਧਰੀ ਪੂਰੇ ਜਲਾਲ ਵਿਚ।

ਦੇ। ਲਾਹੌਰ ਦਾ ਤਾਂ ਉਹ
।" ਅਬਦਾਲੀ ਦੇ ਚਿਮਚੇ
ਹਰ ਚੌਧਰੀ ਆਕੀ ਹੋਇਆ

ਕਿਸੇ ਸਿੰਘ ਨੂੰ ਅੰਮ੍ਰਿਤਸਰ
ਤੜਾਗੀ ਪਾਈ ਹੋਈ ਸੀ
ਸਨ ਜਿਹਨਾਂ ਨਾ ਨਿਆਣਾ
ੀ ਬੇਹੁਰਮਤੀ ਜੀਅ ਵਿਚ
ਨਾਲ ਫਰਸ਼ ਧੋਤਾ ਜਾਂਦਾ।
ਾਂ ਦਾ ਜਿਹਨਾਂ ਦੀ ਸ਼ਰਧਾ
ਨਿਤ ਨਵੇਂ ਸੂਰਜ ਵਧਦੀ

ਤ ਗੁਟ ਸੀ, ਭੰਬੀਰੀ ਵਾਂਙ
ਅੰਮ੍ਰਿਤਸਰ ਦੀਆਂ ਕੰਧਾਂ ਵਲ
ਕੋਈ ਨਹੀਂ ਆ ਸਕਦਾ।
ਨਾਂ ਵਿਚ ਮਰ ਖੱਪ ਜਾਣਗੇ।
ਗੀ ਚੰਦ ਰੋਜ਼ ਏ। ਮੌਤ ਕੀ
ਮੁਖ਼ਤਿਆਰ ਬਾਦਸ਼ਾਹ ਹਾਂ।
। ਉਸ ਉਸੇ ਵੇਲੇ ਸੁਰਾਹੀ
ਾ ਪੁੱਤ। ਹੁਣ ਅੰਮ੍ਰਿਤਸਰ
ਰਾਜ ਕਰਾਂਗਾ। ਮਾਘਾ ਮਾਰਕੇ
ਭਰਕੇ ਨਾਚੀਆਂ ਨੂੰ ਨਚਾਓ।
ਜ਼ਹਬ ਏ ਇਸਲਾਮ ਨੇ ਤੁਹਾਨੂੰ
,

ਕੰਨਾਂ ਵਿਚ ਰੂੰ ਠੋਕ ਲਿਆ।
ਨ ਜਹਾਨ ਕੁੜੀਆਂ ਦੀ ਪੱਤ
ਧਰਤੀ ਦੇ। ਕੁੱਕੜ ਜ਼ਿਬ੍ਹਾ
ਬਾਹਰਾ ਮੱਸੇ ਤੋਂ ਦੁਖੀ ਸੀ।
ਸਲਮਾਨਾਂ ਦੀ ਮਿਲ ਜਾਏ ਜਾਂ
ਾ ਦਿੰਦੇ। ਕਿਸੇ ਦੀ ਇੱਜ਼ਤ
ਦੇ।

ਸੀ। ਸਾਰੀ ਪੱਟੀ ਸੁਤੀ ਪਈ
। ਘੋੜੀਆਂ ਤਿਆਰ ਸਨ।
ਹਦੇ ਡੌਲੇ ਤੇ ਅਮਾਮ ਜ਼ਾਮਨ
ਤੀਜਾ ਹੋਰ ਕੋਈ ਚਿੜੀ ਜਿੰਨਾ

ਬੰਦਾ ਨਾਲ ਨਹੀਂ ਸੀ। ਦੋ ਸੂਰਜ ਕਠੇ ਚੜ੍ਹੇ ਹੋਏ ਸਨ।

ਸੁੱਖਾ ਸਿੰਘ ਤੇ ਮਹਿਤਾਬ ਸਿੰਘ ਵੀ ਬਿੜਕਾਂ ਲੈ ਰਹੇ ਸਨ। ਉਹਨਾਂ ਵੀ ਘੋੜੀਆਂ ਨੂੰ ਥਾਪੀਆਂ ਦਿਤੀਆਂ। ਗੁਰੂ ਦਾ ਨਾਂ ਧਿਆਕੇ ਪਲਾਕੀ ਮਾਰੀ। ਪਿੰਡ ਦੀ ਚੰਗੀ ਵਿਥ ਤੇ ਦੋਹਾਂ ਚੌਧਰੀਆਂ ਨੂੰ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਜਾ ਘੇਰਿਆ। ਤੇ ਬੇਖਬਰੀ ਵਿਚ ਹੀ ਭਰਵਾਂ ਵਾਰ ਕੀਤਾ। ਪਹਿਲਾਂ ਤਾਂ ਚੌਧਰੀ ਡਰੇ ਪਰ ਫਿਰ ਸਾਹਮਣੇ ਡਟ ਗਏ। ਸੁੱਖਾ ਸਿੰਘ ਦੇ ਪਹਿਲੇ ਵਾਰ ਨੇ ਇਕ ਚੌਧਰੀ ਦੀ ਬੋਲੇ ਸੋ ਰਾਮ ਕਰ ਦਿਤੀ। ਮਹਿਤਾਬ ਸਿੰਘ ਨੇ ਦੂਜੇ ਚੌਧਰੀ ਤੇ ਵਗ੍ਹਾਤਾ ਵਾਰ ਕੀਤਾ। ਉਹ ਨੇਜ਼ੇ ਦਾ ਸੀ। ਨੇਜ਼ਾ ਸੀਨਾ ਪਾਰ ਕਰ ਗਿਆ। ਦੋ ਫਾੜ ਕਰ ਦਿਤੀ ਛਾਤੀ ਖਰਬੂਜ਼ੇ ਵਾਂਙ। ਸੀਨਾ ਚਾਕ ਹੋ ਚੁਕਾ ਸੀ। ਮਾੜੀ ਮੋਟੀ ਲੜਾਈ ਹੋਈ ਚੌਧਰੀਆਂ ਦੇ ਤੌਰ ਭੌਰ ਭੁਲ ਗਏ। ਇਕ ਡਿਗਾ ਤੇ ਦੂਜੇ ਨੇ ਵੀ ਨਾ ਉਡੀਕਿਆ ਉਹ ਵੀ ਘੋੜੀ ਤੋਂ ਢਹਿ ਪਿਆ। ਭਾਵੇਂ ਲਹੂ ਤੱਤਾ ਸੀ ਧਤੀਰੀਆਂ ਵਗ ਰਹੀਆਂ ਸਨ ਪਰ ਜ਼ਖਮ ਕਾਫੀ ਸੀ। ਏਸ ਲਈ ਮੁਕਾਬਲੇ ਵਿਚ ਚੌਧਰੀਆਂ ਦੀ ਖੁੰਭ ਠਪੀ ਗਈ। ਜ਼ਰਾ ਕੁ ਅਵਾਜ਼ ਵੀ ਨਾ ਨਿਕਲੀ। ਇਕੋ ਟੱਕ ਨਾਲ ਮਹਿਤਾਬ ਸਿੰਘ ਨੇ ਇਕ ਧੌਣ ਝਟਕਾ ਦਿਤੀ। ਉਜਾੜ ਵਿਚ ਕੌਣ ਕਿਸੇ ਦੀ ਸੁਣਦਾ ਏ ਘੋੜੀਆਂ ਨਸ ਭਜ ਗਈਆਂ।

ਸੁੱਖਾ ਸਿੰਘ ਆਖਣ ਲਗਾ—ਮਹਿਤਾਬ ਸਿਹਾਂ ਇਹਨਾਂ ਦੋਹਾਂ ਦੀਆਂ ਵਰਦੀਆਂ ਲਾਹ ਲਈਏ। ਥੈਲੀਆਂ ਕਬਜ਼ੇ ਵਿਚ ਕਰੋ ਤੇ ਇਹਨਾਂ ਨੂੰ ਟਿਕਾਣੇ ਲਾ ਦੇਦੀਏ ਤਾਂ ਜੋ ਦੋ ਚਾਰ ਰੋਜ਼ ਰੌਲਾ ਨਾ ਪਏ।

ਵਰਦੀਆਂ ਲਾਹ ਕੇ ਅਲਫ ਨੰਗਾ ਕਰਕੇ ਦੋਹਾਂ ਨੂੰ ਘਸੀਟ ਕੇ ਖੂਹ ਵਿਚ ਜਾ ਸੁਟਿਆ। ਦੋਹਾਂ ਸਿੰਘਾਂ ਨੇ ਥੈਲੀਆਂ ਅਤੇ ਵਰਦੀਆਂ ਕਛੇ ਮਾਰੀਆਂ ਤੇ ਤਰਨ ਤਾਰਨ ਆ ਕੇ ਦਮ ਲਿਆ। ਪਿਛਲੇ ਵੀ ਆਣ ਮਿਲੇ ਅਗਲੇ ਅਗੇ ਹੀ ਇੰਤਜ਼ਾਰ ਵਿਚ ਸਨ। ਸਭ ਕੁਝ ਸਾਂਭ ਲਿਆ ਤੇ ਸਿੰਘਾਂ ਨੂੰ ਫੇਰ ਵੇਹਲਾ ਕਰ ਦਿਤਾ।

ਕਹਿੰਦੇ ਹਨ ਕਿ ਮਹਿਤਾਬ ਸਿੰਘ ਅਤੇ ਸੁਖਾ ਸਿੰਘ ਨੇ ਵਰਦੀਆਂ ਨੂੰ ਸਾਬਣ ਲਾ ਕੇ ਖੂਬ ਧੋਤਾ ਤੇ ਕੋਹੜੀ ਘਰ ਵਿਚ ਪਿਛਲੀ ਕੋਠੜੀ ਵਿਚ ਉਹਨਾਂ ਨੂੰ ਸੁਕਾਇਆ ਗਿਆ।

ਘੋੜੀਆਂ ਜਦ ਵਾਪਸ ਗਈਆਂ ਤਦ ਪੱਟੀ ਦੇ ਲੋਕਾਂ ਨੂੰ ਗਸ਼ ਪੈ ਗਈ।

ਕੁਝ ਬੰਦੇ ਆਖਦੇ ਹਨ ਕਿ ਇਹ ਕਾਰਾ ਸਿੰਘਾਂ ਦਾ ਹੈ। ਸਿੰਘ ਕਿਥੇ ਹਨ, ਹਰਨ ਹੋ ਗਏ।

ਖਾਲੀ ਘੋੜੀਆਂ ਦੇ ਗਲ ਲਗ ਲਗ ਕੇ ਰੋ ਰਹੀਆਂ ਸਨ ਲੰਬੜਾਂ ਦੀਆਂ ਬੇਗਮਾਂ। ਫੂਹੜੀ ਵਿਛ ਗਈ ਸਾਰੀ ਪੱਟੀ ਵਿਚ। ਮੁਜਰੇ ਦਾ ਨਸ਼ਾ ਉਤਰ ਗਿਆ। ਪਰ ਲਾਸ਼ ਕਿਸੇ ਨੂੰ ਨਾ ਲਭੀ।

ਸ਼ਕ ਕਸੂਰ ਵਾਲਿਆਂ ਤੇ ਵੀ ਪੱਕਾ ਸੀ।

ਏਸੇ ਘੜਮਸ ਚੌਦੇਂ ਵਿਚ ਸਿੰਘ ਆਪਣੇ ਟਿਕਾਣਿਆਂ ਤੇ ਡਟ ਗਏ।

ਸੱਪ ਨਿਕਲ ਗਿਆ, ਲੀਕ ਨੂੰ ਪਿਟੋ ਸਾਰੇ ਪੱਟੀ ਵਾਲੇ।

ਬਦਲੀਆਂ ਚੀਰਦਾ ਚੰਦਰਮਾ ਨਿਕਲ ਰਿਹਾ ਸੀ।

ਤਰਨਤਾਰਨ ਦੇ ਕੋਹੜੀ ਘਰ ਵਿਚ ਓਸੇ ਦਿਨ ਕੜਾਹ ਪ੍ਰਸ਼ਾਦ ਦਾ ਦੋਹਰਾ ਗਫਾ ਵੰਡਿਆ ਗਿਆ।

ਕਰੂੰਡੀਆ ਸੱਪ

ਜੋਗੀਆਂ, ਨਾਥਾਂ, ਬਿਧੀ ਚੰਦੀਆਂ ਤੇ ਹੋਰ ਜਥੇ ਦੇ ਟੁੱਟੇ ਭੱਜੇ ਸਿੰਘ ਜਿਹੜੇ ਅੰਮ੍ਰਿਤ-ਸਰ ਵਿਚ ਰਹਿੰਦੇ ਸਨ, ਉਹਨਾਂ ਸਾਰਿਆਂ ਨੇ ਅੰਮ੍ਰਿਤਸਰ ਦੀਆਂ ਚਾਰੇ ਕੂਟਾਂ ਮਲ ਲਈਆਂ। ਨਾਥਾਂ ਨੇ ਤਾਂ ਅਖਾੜੇ ਬ੍ਰਹਮ ਬੂਟਾਂ ਦੀ ਜਗਾਹ ਤੇ ਆਪਣੇ ਧੂਣੇ ਰਮਾ ਲਏ। ਚਿਮਟੇ ਤੇ ਚਿਮਟਾ ਖੜਕਣ ਲਗ ਪਿਆ। ਕੁਝ ਸਾਧ ਜਿਹੜੇ ਸਖੀ ਸਰਵਰਾਂ ਦੇ ਭੇਸ ਵਿਚ ਸਨ ਉਹ ਘੰਟਾ ਘਰ ਵਾਲੀ ਜਗਾਹ ਦੇ ਸਾਹਮਣੇ ਜਿਹੜੀ ਕਬਰ ਬਣਾਈ ਹੋਈ ਸੀ ਉਥੇ ਰੋਟ ਪਕਾਣ ਲਗ ਪਏ। ਕੋਈ ਕਿਸੇ ਨੂੰ ਨਹੀਂ ਸੀ ਜਾਣਦਾ ਤੇ ਨਾ ਹੀ ਕੋਈ ਪਛਾਣ ਕਢਦਾ। ਰਾਤੀਂ ਭਾਵੇਂ ਕਿਸੇ ਗੋਸ਼ਟੀ ਵਿਚ ਕਿਸੇ ਦਾ ਮਿਲਾਪ ਭਾਵੇਂ ਹੋ ਜਾਏ। ਏਸ ਤਰ੍ਹਾਂ ਇਕ ਦੂਜੇ ਦੀ ਸੁਖ ਸਾਂਦ ਪੁਛ ਲੈਂਦੇ। ਵੈਸੇ ਸੱਖੀ ਸਰਵਰਾਂ ਦਾ ਬੜਾ ਜ਼ੋਰ ਸੀ। ਮੁਸਲ-ਮਾਨ ਪੀਰਾਂ ਨਾਥਾਂ ਤੇ ਜੋਗੀਆਂ ਵਿਚ ਕੋਈ ਫਰਕ ਨਹੀਂ ਸੀ। ਸ਼ਕਲ ਸੂਰਤ ਸਾਰਿਆਂ ਦੀ ਇਕੋ ਜਿਹੀ ਸੀ। ਲੰਮੇ ਲੰਮੇ ਚੋਗੇ, ਖੁਲ੍ਹੇ, ਪਿਛੇ ਸੁਟੇ ਹੋਏ ਵਾਲ ਭਬੂਤ ਮਥੇ। ਮੱਸਾ ਆਪਣੇ ਸਰੂਰ ਵਿਚ ਮਸਤ ਸੀ ਉਹਨੂੰ ਕੀ ਪਤਾ ਸੀ ਕਿ ਹਾਥੀ ਕਿਥੇ ਝੂਮਦਾ ਏ।

ਇਕ ਦਿਨ ਮੁਜਰਾ ਹੋ ਰਿਹਾ ਸੀ। ਨਾਚੀਆਂ ਨਚ-ਨਚ ਕੇ ਫਾਵੀਆਂ ਹੋ ਰਹੀਆਂ ਸਨ। ਹਰਿਮੰਦਰ ਦਾ ਫਰਸ਼ ਨਾਚੀਆਂ ਦੇ ਸੋਹਲ ਪੈਰਾਂ ਨੇ ਛਿਲ ਦਿਤਾ। ਮਹਿੰਦੀ ਲੱਥ ਗਈ ਵਿਚਾਰੀਆਂ ਦੀ। ਪਰ ਉਹਦਾ ਮੁੱਲ ਵੀ ਨਾ ਤਾਰਿਆ ਮੱਸੇ ਰੰਘੜ। ਨਾਚੀਆਂ ਅੰਦਰੋਂ ਖਿੱਝ ਰਹੀਆਂ ਸਨ। ਸੜ ਬਲਕੇ ਕੋਲਾ ਹੋ ਰਹੀ ਸੀ ਗੁਲੂ ਬਾਈ। ਅੰਦਰ ਖਾਤੇ ਮਾਂਹ ਮੋਠ ਰਿੰਨ੍ਹਦੀ ਪਰ ਤਲੀਆਂ ਮਲ ਕੇ ਬੈਠ ਜਾਂਦੀ।

—ਹਰਾਮਜ਼ਾਦੀ ਨੱਚਣ ਲਗਿਆਂ ਵੀ ਸੰਗਦੀ ਏ, ਜੇ ਏਨਾ ਹੀ ਪਰਦਾ ਸੀ ਤਾਂ ਕਿਸੇ ਹਰਮ ਵਿਚ ਬੈਠ ਜਾਣਾ ਸੀ।

—ਹਰਮ ਵਿਚ ਸਾਨੂੰ ਕੌਣ ਜਾਣ ਦਿੰਦਾ ਏ।

—ਖੰਭ ਖੁੱਸੀ ਕਬੂਤਰੀ ਨੂੰ ਕੌਣ ਖੁਡੇ ਵਿਚ ਵੜਨ ਦੇਵੇ।

—ਖੰਭ ਵੀ ਤਾਂ ਤੁਸਾਂ ਹੀ ਨੋਚੇ ਹਨ ਖੋਹਣ ਵਾਲਾ ਹੋਰ ਤੇ ਕੋਈ ਨਹੀਂ ਸੀ। ਅਸੀਂ ਤਾਂ ਘਰੋਂ ਪਾਕੀਜ਼ਾ ਆਈਆਂ ਸਾਂ।

—ਮੈਂ ਕੋਈ ਇੱਜੜ ਪਾਲਣਾ ਏ। ਮੈਂ ਤੇ ਅੰਬੀਆਂ ਚੂਸਣੀਆਂ ਨੇ ਮੈਨੂੰ ਰੁੱਖ ਗਿਣਨ ਦੀ ਕੀ ਲੋੜ ਏ।

—ਅਸੀਂ ਕਿਸਦਾ ਭਠ ਝੋਕੀਏ।

—ਏਸ ਫਫੇ ਕੁਟਣ ਗੁਲੂ ਬਾਈ ਦਾ ਜਿਹੜੀ ਟਕੇ ਗਿਣ ਲੈਂਦੀ ਏ। ਬੁਢੀ ਕੰਜਰੀ ਤੇ ਤੇਲ ਦਾ ਉਜਾੜਾ।

ਕੋਹੜ ਕਿਰਲੀ ਵਾਂਗ ਉਸ ਮਰੋੜਾ ਖਾਧਾ ਸਪਣੀ ਵਾਂਗ ਵਲ ਪਾਇਆ। ਗੁਲੂ ਬਾਈ ਦੇ ਜੁਸੇ ਵਿਚ ਅੱਗ ਲਗ ਗਈ।

—ਖਾਣ ਪੀਣ ਨੂੰ ਬਾਘੜ ਬਿਲਾ ਤੇ ਡੰਡੇ ਖਾਣ ਨੂੰ ਰਿੱਛ। ਗੁਲੂ ਬਾਈ ਦੇ ਬੋਲ ਸਨ।

—ਗਸ਼ਤੀਏ ਬੜੀ ਬਦਜ਼ਬਾਨ ਹੋ ਗਈ ਏਂ। ਕਮਜ਼ਾਤੇ ਲਾਹੌਰ ਸਿਰ ਸੁਆਹ ਪਾ ਆਈਏਂ ਤੇ ਹੁਣ ਏਥੇ ਝਾਟਾ ਸਾੜਨ ਆਈਏਂ। ਮੱਸਾ ਰੋਹ ਵਿਚ ਆਇਆ ਬੋਲ ਰਿਹਾ ਸੀ।

—ਹਜ਼ੂਰ ਮੈਂ ਤੇ ਖਿਦਮਤਗਾਰ ਹਾਂ।

—ਤੇਰੇ ਵਰਗੇ ਜਿਹਦੇ ਚਾਰ ਸਜਣ ਹੋਣ ਉਹਨਾਂ ਨੂੰ ਦੁਸ਼ਮਣਾਂ ਦੀ ਲੋੜ ਨਹੀਂ।

—ਉਹ ਕਿਦਾਂ।

—ਮੇਰੇ ਸਾਹਮਣੇ ਕਵਾਲੀਆਂ ਵਾਲਿਆਂ ਦੀਆਂ ਮੁਠੀਆਂ ਭਰਦੀ ਏ। ਸਜਣਾਂ ਦਾ ਕਲੇਜਾ ਲੂਹਣ ਲਈ।

—ਉਹ ਤੇ ਸਖੀ ਸਰਵਰ ਦੇ ਚੇਲੇ ਹਨ। ਮੈਂ ਸਲਾਮ ਕਰਨ ਗਈ ਸਾਂ।

—ਲੋਕ ਪਿਠ ਪਿਛੇ ਯਾਰ ਪਿਟਦੇ ਹਨ ਤੂੰ ਤਾਂ ਸਾਹਮਣੇ ਚਰਖਾ ਡਾਹ ਬੈਠੀ ਏਂ।

—ਮੇਰੀਆਂ ਰਹਿਮਤਾਂ ਨੇ ਚੌਧਰੀ ਨੂੰ ਪੱਗ ਬਨ੍ਹਵਾਈ ਚੌਧਰ ਦੀ। ਤੇ ਅੱਜ ਮੇਰੀ ਗੁਤ ਪੁਟੀ ਜਾ ਰਹੀ ਏ ਭਰੀ ਮਹਿਫਲ ਵਿਚ। ਘਰ ਦੀ ਬਿਲੀ ਤੇ ਘਰ ਨੂੰ ਮਿਆਊਂ।

—ਮੈਂ ਮੋਹਰਾਂ ਨਾਲ ਤੇਰੇ ਘਰ ਭਰ ਦਿਤੇ ਨੇ ਅਜੇ ਕੀ ਅਹਿਸਾਨ ਬਾਕੀ ਰਹਿ ਗਿਆ ਏ।

—ਮੈਂ ਮੋਹਰਾਂ ਨੂੰ ਪੱਛੀ ਲਾਵਾਂ। ਠਰੀ ਹੋਈ ਬੁਕਲ ਨਿਘ ਤੋਂ ਕੋਰੀ ਏ।

—ਜਿਹਨੂੰ ਪਹਿਲਣ ਝੋਟੀ ਚੋਣ ਨੂੰ ਮਿਲ ਜਾਏ ਉਸ ਖਾਂਗੜ ਦਾ ਮੱਥਾ ਡੰਮ੍ਹਣਾ ਏ।

—ਹਜ਼ੂਰ ਕਸਤੂਰੀ ਜਿੰਨੀ ਪੁਰਾਣੀ ਹੋਵੇ ਉਨੀ ਹੀ ਚੰਗੀ ਏ।

—ਮੁਸ਼ਕ ਕਫੂਰ ਨੂੰ ਪੋਟਲੀ ਵਿਚ ਬੰਨ੍ਹੀ ਫਿਰ। ਲਿਆ ਸ਼ਰਾਬ ਦੀ ਸੁਰਾਹੀ ਨਸ਼ਾ ਹੀ ਲਾਹ ਦਿਤਾ ਈ।

—ਨਵੀਂ ਸ਼ਰਾਬ ਕੌਣ ਪੀਂਦਾ ਹੈ, ਪੁਰਾਣੀ ਤੇ ਪੁਠ ਦਿਤੀ ਸ਼ਰਾਬ ਵਿਚ ਹੀ ਨਸ਼ਾ ਹੁੰਦਾ ਏ। ਅੱਜ ਪੁਰਾਣੀ ਸ਼ਰਾਬ ਨੂੰ ਹੀ ਬੁਲ੍ਹਾਂ ਨਾਲ ਛੁਹਾਓ।

—ਗਸ਼ਤੀਏ ਜ਼ਬਾਨ ਬੰਦ ਕਰ। ਤੇਰੀ ਜ਼ਬਾਨ ਟੁਕਣੀ ਪਵੇਗੀ। ਮੱਸਾ ਰੰਘੜ ਨਸ਼ੇ ਵਿਚ ਸੀ।

—ਇਹੋ ਹੀ ਭਦਕਰਾ ਮਿਲਣਾ ਸੀ ਨਾ! ਗੁਲੂ ਬਾਈ ਦੀਆਂ ਅੱਖਾਂ ਗਲੇਡੂਆਂ ਨਾਲ ਭਰ ਗਈਆਂ।

—ਕੁਲਛਣੀਏ ਰੋਣ ਲਗ ਪਈ ਏਂ। ਏਸ ਕੁੱਤੀ ਕਮਜ਼ਾਤ ਦਾ ਸਿਰ ਮੁੰਨ ਦਿਓ। ਇਹ ਕੁਲਹਿਣੀ ਏਦਾਂ ਮਗਰੋਂ ਨਹੀਂ ਲੱਥਣੀ।

—ਹਜ਼ੂਰ ਏਹ ਨੀ।

—ਹੁਕਮ ਦੀ ਤਾਮੀਲ ਕੀਤੀ ਜਾਏ।

ਜੀਅ ਹਜ਼ੂਰੀਏ, ਖੁਸ਼ਾਮਦੀ ਤੇ ਚਮਚਿਆਂ ਨੇ ਗੱਲ ਭੁੰਝੇ ਨਾ ਪੈਣ ਦਿਤੀ ਤੇ ਨਾਈ ਸੱਦ ਲਿਆ। ਖੁਦਾ ਦੇ ਸਾਹਮਣੇ ਹਰਿਮੰਦਰ ਦੇ ਗਰਭ ਵਿਚ ਉਸ ਦਾ ਸਿਰ ਮੁੰਨ ਦਿਤਾ। ਬਾਕੀ ਸਾਰੇ ਬਟੇਰੇ ਵਾਂਗ ਖਿਸਕ ਗਏ। ਸ਼ਰਾਬ ਵਿਚ ਅੰਨ੍ਹਾ ਹੋਇਆ ਮੱਸਾ ਰੰਘੜ ਬੇਸੁਧ ਹੋ ਗਿਆ। ਢਾਈਂ ਮਾਰਦੀ ਗੁਲੂ ਬਾਈ ਬਾਹਰ ਨਿਕਲ ਆਈ ਹਰਿਮੰਦਰ ਵਿਚੋਂ।

ਰਹਿਮਤ ਕਵਾਲ ਜਿਹਨਾਂ ਦਾ ਡੇਰਾ ਲਾਚੀ ਬੇਰ ਕੋਲ ਸੀ ਕੰਨਾਂ ਨੂੰ ਹੱਥ ਲਾਉਣ ਲਗ ਪਏ। ਚੰਗਾ ਨਹੀਂ ਕੀਤਾ ਚੌਧਰੀ ਨੇ। ਇਹ ਜ਼ੁਲਮ, ਅੱਤ ਖੁਦਾ ਦਾ ਵੈਰ। ਮੱਸੇ ਰੰਘੜ ਨੂੰ ਖੁਦਾ ਦੀ ਖੁਦਾਈ ਯਾਦ ਨਹੀਂ ਰਹੀ।

ਗੁਲੂ ਬਾਈ ਨੇ ਢਾਹ ਮਾਰੀ ਤੇ ਦਰਸ਼ਨੀ ਡਿਉਢੀ ਵਾਲਾ ਦਰਵਾਜ਼ਾ ਲੰਘ ਗਈ। ਬਾਕੀ ਨਾਚੀਆਂ ਵੀ ਇਕ ਇਕ ਕਰਕੇ ਝੜਨ ਲਗ ਪਈਆਂ। ਤਬਲੇ ਮੂਧੇ ਹੋ ਗਏ, ਸਰੰਗੀ ਦੀ ਤਾਰ ਟੁਟ ਗਈ। ਇਕੱਲਾ ਮੱਸਾ ਰੰਘੜ ਨਸ਼ੇ ਵਿਚ ਮਦਹੋਸ਼ ਹੋਇਆ ਬੜਬੜਾ ਰਿਹਾ ਸੀ।

—ਸਿੰਘ ਕਾਫਰ ਨੇ, ਇਹਨਾਂ ਨੂੰ ਕੱਚਾ ਖਾ ਜਾਣਾ ਏ। ਮੇਰੇ ਜੀਉਂਦੇ ਕੋਈ ਸਿੰਘ ਅੰਮ੍ਰਿਤਸਰ ਵਿਚ ਪੈਰ ਨਹੀ ਧਰ ਸਕਦਾ। ਇਨ੍ਹਾਂ ਕਾਫ਼ਰਾਂ ਨੇ ਅੱਤ ਚੁਕੀ ਹੋਈ ਏ। ਮੈਂ ਇਹਨਾਂ ਦਾ ਬੀਮ ਨਾਸ ਕਰ ਦੇਣਾ ਏ।

—ਸਿਖ ਆ ਗਏ। ਸਿਖ ਆ ਗਏ। ਇਕ ਨਾਚੀ ਗਸ਼ ਖਾ ਕੇ ਡਿਗੀ ਤੇ ਉਹਦੇ ਸੰਘ ਵਿਚੋਂ ਇਹ ਅਵਾਜ਼ ਨਿਕਲੀ।

—ਕਿਥੇ ਨੀਂ ਸਿਖ।

—ਹਰਨ ਹੋ ਗਏ।

—ਉਹ ਸਿੰਘ ਨਹੀਂ ਹੋਣੇ ਸਿੰਘਾਂ ਦਾ ਭੂਤ ਹੋਣਾ ਏ।

—ਸਿੰਘ ਕਾਫਰ, ਉਹਨਾਂ ਨੇ ਮੇਰੀ ਨੀਂਦ ਹਰਾਮ ਕਰ ਛੱਡੀਏ। ਮੱਸਾ ਰੰਘੜ ਬੜਬੜਾ ਰਿਹਾ ਸੀ।

ਗੁਲੂ ਬਾਈ ਦੀਆਂ ਚੀਕਾਂ ਦੇ ਅੰਮ੍ਰਿਤਸਰ ਦੀਆਂ ਗਲੀਆਂ ਦੇ ਅਥਰੂ ਕੇਰ ਦਿਤੇ। ਗਲੀਆਂ ਦੇ ਕੱਖ ਰੋਂਦੇ ਗੁਲੂ ਬਾਈ ਦਾ ਮੁੰਨਿਆ ਸਿਰ ਵੇਖਕੇ।

ਪਰ ਸੱਪਣੀ ਮਰੋੜੇ ਖਾ ਰਹੀ ਸੀ। ਪਸੀਨਾ ਉਹਦੇ ਮੱਥੇ ਵਿਚੋਂ ਚੋਅ ਰਿਹਾ ਸੀ।

ਨਕਲੀ ਚਿਹਰੇ

ਗੁਪਤ ਗੋਸ਼ਟੀਆਂ ਵਿਚ ਬਿਜਲਾ ਸਿੰਘ, ਮਨਸਾ ਸਿੰਘ, ਧਾਰਾ ਸਿੰਘ, ਪਾਰਾ ਸਿੰਘ ਵਿਖਾਈ ਦੇਣ ਲੱਗ ਪਏ ਸੁਖਾ ਸਿੰਘ ਮਹਿਤਾਬ ਸਿੰਘ ਦੇ ਨਾਲ। ਇਹਨਾਂ ਦੇ ਨਾਲ ਕੁਝ ਨਾਥਾਂ ਦੇ ਆਗੂ ਵੀ ਬੈਠੇ ਹੁੰਦੇ।

ਬਿਜਲਾ ਸਿੰਘ ਆਖਣ ਲੱਗਾ—ਲਓ ਭਰਾਵੋ ਜ਼ਰਾ ਗਹੁ ਨਾਲ ਸੁਣ ਲਵੋ ਫ਼ੇਰ ਨਾ ਆਖਣਾ ਕਿ ਮੈਂ ਕਿਸੇ ਨੂੰ ਧੋਖੇ ਵਿਚ ਰਖਿਆ ਏ। ਪਹਿਲਾਂ ਪਹਿਲ ਜਦ ਮੇਰੀ ਮੁਲਾਕਾਤ ਸੁਖਾ ਸਿੰਘ ਤੇ ਮਹਿਤਾਬ ਸਿੰਘ ਨਾਲ ਹੋਈ ਤਾਂ ਉਦੋਂ ਮੈਂ ਮਾੜਾ ਜਿਹਾ ਮਲੂਕੜਾ ਜਿਹਾ ਯਤੀਮ ਬੰਦਾ ਸਾਂ ਤੇ ਮੇਰਾ ਨਾਂ ਸੀ ਯੋਗ ਰਾਜ। ਕਿਉਂ ਠੀਕ ਏ ਨਾ ਭਰਾ। ਮੇਰੇ ਨਾਲ ਇਕ ਚੌਧਰੀ ਸੀ ਗੰਗਾ ਸਿੰਘ ਤੇ ਅਸਾਂ ਦੋਹਾਂ ਨੇ ਲਖੀ ਜੰਗਲ ਵਿਚ ਤੁਹਾਡੇ ਦਰਸ਼ਨ ਕੀਤੇ ਤੇ ਉਦੋਂ ਤੁਸੀਂ ਮੈਨੂੰ ਜੋਗਾ ਜੋਗਾ ਵੀ ਆਖਣ ਲੱਗ ਪਏ। ਤੇ ਫੇਰ ਮੈਂ ਜੋਗੇ ਦੇ ਨਾਉਂ ਨਾਲ ਮਸ਼ਹੂਰ ਹੋ ਗਿਆ। ਜਾਤ ਪੁੱਛਣ ਵਾਲਿਆਂ ਜਦ ਮੇਰੀ ਜਾਤ ਪੁੱਛੀ ਇਕ ਦਿਨ ਤਾਂ ਦੱਸਣੀ ਸੀ ਨਾ ਕਿੰਨੇ ਕੁ ਦਿਨ ਲੁਕੋ ਕੇ ਰੱਖਦਾ, ਆਖ਼ਰ ਹਾਰ ਕੇ ਮੈਂ ਵੀ ਆਖ ਦਿੱਤਾ ਕਿ ਮੈਂ ਵੀ ਬਿਧੀ ਚੰਦੀਆ ਹਾਂ। ਬਸ ਫ਼ੇਰ ਕੀ ਸੀ ਮੇਰੇ ਸਾਰੇ ਸਾਥੀ ਭਰਾਵਾਂ ਵਾਂਗੂ ਮੈਨੂੰ ਕੋਲ ਬਿਠਾਉਣ ਲੱਗ ਪਏ ਤੇ ਮੈਂ ਬਿਧੀ ਚੰਦੀਆਂ ਦਾ ਇਕ ਅੰਗ ਬਣ ਗਿਆ। ਸਾਰਾ ਜਥਾ ਚੇਤੰਨ ਸੀ। ਫੇਰ ਇਕ ਵਾਰ ਭਾਣਾ ਰੱਬ ਦਾ ਇਕ ਕਾਰਾ ਹੋਰ ਹੋ ਗਿਆ। ਇਹ ਗੁਰੂ ਦੀ ਕ੍ਰਿਪਾ ਸੀ ਅਤੇ ਮੇਰੇ ਜਥੇ ਵਾਲਿਆਂ ਓਸ ਰਾਤ ਮੈਨੂੰ ਗਸ਼ਤੀ ਫ਼ੌਜ ਦੇ ਅਫਸਰ ਦੇ ਰੂਪ ਵਿਚ ਵੇਖਿਆ। ਭਾਵੇਂ ਮੇਰੇ ਜਥੇ ਵਾਲਿਆਂ ਨੱਕ ਮੂੰਹ ਚੜ੍ਹਾਇਆ। ਮੂੰਹ ਵੀ ਸੁਜਾ ਮੈਂ ਵੇਖਿਆ ਆਪਣੇ ਹਮਜੋਲੀਆਂ ਦਾ ਪਰ ਇਹ ਵਕਤ ਦੀ ਗੱਲ ਸੀ। ਏਦਾਂ ਮੈਨੂੰ ਕਰਨਾ ਵੀ ਜ਼ਰੂਰੀ ਸੀ। ਕਿਉਂਕਿ ਦੋ ਜਰਨੈਲ ਏਡੀ ਵੱਡੀ ਸੌਂਹ ਖਾਕੇ ਨਿਕਲੇ ਹੋਣ ਤੇ ਸੌਂ ਜਾਣ ਬਾਂਹ ਸਰਾਣੇ ਦੇ ਕੇ। ਮੈਂ ਤਾਂ ਚੇਤੰਨ ਕਰਨਾ ਹੀ ਸੀ। ਸਿਰ ਤੇ ਮੌਤ ਕੂਕਦੀ ਹੋਵੇ ਤੇ ਤਲਵਾਰਾਂ ਕੋਠੜੀ ਵਿਚ ਅਮਾਨਤ ਰੱਖ ਦੇਣ। ਏਡੀ ਵੱਡੀ ਗਲਤੀ ਨੂੰ ਹੁਝ ਮਾਰ ਕੇ ਨਾ ਜਗਾਉਂਦਾ ਤਾਂ ਕਿਸ ਤਰ੍ਹਾਂ ਚੇਤੰਨ ਹੁੰਦੇ ਇਹ ਸੂਰਮੇ। ਏਸੇ ਲਈ ਇਹ ਮੈਂ ਕਸਬ ਕੀਤਾ। ਮੁੰਨੇ ਜੋਗੀ ਤੇ ਪੀਠੇ ਦਾਰੂ ਦੀ ਕੋਈ ਪਹਿਚਾਣ ਨਹੀਂ। ਨਾਲੇ ਸਾਡੇ ਬਿਧੀ ਚੰਦੀਆਂ ਦਾ ਕੀ ਏ ਅਸੀਂ ਤਾਂ ਬਹੁ-ਰੂਪੀਏ ਹਾਂ। ਇਛਿਆ ਧਾਰੀ ਸੱਪ ਵਾਂਗੂ ਜਦੋਂ ਜੀਅ ਕੀਤਾ ਆਪਣੀ ਦੇਹ ਪਲਟਾ ਲਈ। ਅਸੀਂ ਤਾਂ ਵੇਲੇ ਦੀ ਨਬਜ਼ ਪਹਿਚਾਣਦੇ ਹਾਂ ਅਤੇ ਉਸੇ ਵੇਲੇ ਢਲ ਜਾਂਦੇ ਹਾਂ। ਫਿਰ ਇਕ ਹੋਰ ਤਮਾਸ਼ਾ ਹੋ ਗਿਆ। ਭੰਡਾਂ ਵਾਲਾ ਛਿੱਤਰ ਖੋਸਲਾ ਤੁਸਾਂ ਸਾਰਿਆਂ ਵੇਖਿਆ। ਗੁਰੂ ਦੀ ਸਹੁੰ ਖਾਕੇ ਆਖਣ ਮੇਰੇ ਭਰਾ ਜੇ ਕਿਸੇ ਨੇ ਮੈਨੂੰ ਪਹਿਚਾਣਿਆ ਹੋਵੇ। ਕਿਉਂ ਸਿੰਘ ਜੀ ਤੁਸਾਂ

ਜਾਂ ਤੁਹਾਡੇ ਸਾਥੀਆਂ ਵਿਚੋਂ ਕਿਸੇ ਨੇ ਮੈਨੂੰ ਪਹਿਚਾਣਿਆ ਹੋਵੇ ਜਾਂ ਸਾਰੀ ਪੱਟੀ ਵਸਦੀ ਏ ਉਹਨਾਂ ਵਿਚੋਂ ਇਕ ਨੇ ਵੀ ਤਾੜਿਆ ਹੋਵੇ ਤਾਂ ਨੀਵੇਂ ਥਾਂ ਬਿਠਾਕੇ ਸੌ ਛਿੱਤਰ ਮਾਰਨੇ। ਅਸਾਂ ਕਸਬ ਸਿਖਿਆ ਤੇ ਹੁਣ ਮੇਰਾ ਨਾਉਂ ਰਹਿਮਤ ਕਵਾਲ ਏ ਤੇ ਅੱਜ ਤੋਂ ਤੁਸੀਂ ਮੈਨੂੰ ਰਹਿਮਤ ਕਵਾਲ ਦੇ ਨਾਉਂ ਨਾਲ ਸੱਦਣਾ। ਧਾਰਾ ਸਿੰਹਾਂ ਤੂੰ ਕਿਉਂ ਹੈਰਾਨ ਹੋ ਗਿਆ ਏਂ। ਮੈਂ ਉਹੋ ਹੀ ਹਾਂ ਤੇਰਾਂ ਲੰਗੋਟੀਆ ਬਿਜਲਾ ਸਿੰਘ। ਮੈਂ ਈਂ ਜੋਗ ਰਾਜ ਸਾਂ ਤੇ ਮੈਂ ਈ ਜੋਗਾ। ਫ਼ੌਜੀ ਅਫਸਰ ਵੀ ਮੈਂ ਹੀ ਸਾਂ ਤੇ ਭੇਡ ਵੀ ਮੈਂ ਤੇ ਅੱਜ ਕਵਾਲ ਵੀ ਮੈਂ ਹੀ ਹਾਂ। ਤੇ ਹੁਣ ਕਵਾਲੀਆਂ ਵੀ ਅਸਾਂ ਗਾਉਣੀਆਂ ਨੇ ਤੇ ਤੁਸੀਂ ਸੁਣਿਓ। ਸੱਜਣਾ ਅਸੀਂ ਤੇ ਚਲੇ ਗਏ ਤੁਸਾਂ ਪਿੱਛੇ ਕਿਹੜੀਆਂ ਮੱਲਾਂ ਮਾਰੀਆਂ ਨੇ।

ਧਾਰਾ ਸਿੰਘ ਬੋਲਿਆ—ਕਮਾਲ ਕਰ ਦਿੱਤੀ ਏ। ਵਾਰੇ ਵਾਰੇ ਜਾਈਏ ਤੇਰੇ ਹੁਨਰ ਤੋਂ। ਤੇਰੇ ਉਸਤਾਦ ਨੂੰ ਸੌ ਵਾਰ ਮੱਥਾ ਟੇਕਿਆ। ਸਾਰਾ ਪੰਥ ਤੇਰੇ ਸਦਕੇ। ਗੁਰੂ ਦੀ ਲਾਜ ਰੱਖ ਲਈ ਉ। ਬਿਜਲਾ ਸਿੰਘ ਰੋਜ਼ ਰੋਜ਼ ਨਹੀਂ ਜੰਮਦੇ। ਅੱੜਾ ਜੇ ਕਦੀ ਅਸੀਂ ਵੀ ਸਰਦਾਰ ਬਣਾਂਗੇ ਤਾਂ ਤੈਨੂੰ ਮੋਹਰਾਂ ਨਾਲ ਤੋਲ ਦਿਆਂਗੇ। ਤੇਰੇ ਘਰ ਦੀਆਂ ਚੋਗਾਠਾਂ ਚਾਂਦੀ ਦੀਆਂ ਚੜ੍ਹਵਾ ਦੇਣੀਆਂ ਨੇ। ਤੇ ਮੇਰਾ ਜੇ ਦਾਅ ਲੱਗ ਗਿਆ ਤਾਂ ਚੰਦਨ ਦੀ ਚੌਂਕੀ ਤੇ ਸੋਨੇ ਦਾ ਪਤਰਾ ਲੁਆ ਕੇ ਬਿਠਾਵਾਂਗਾ। ਇਕ ਵਾਰ ਫਿਰ ਤੁਲਾ ਦਾਨ ਕਰਾਊਂ। ਫੇਰ ਵੇਖੀਂ ਸੋਟ ਕਰਦੀਆਂ ਸੰਗਤਾਂ।

—ਜਦੋਂ ਸਰਦਾਰ ਬਣਾਂਗੇ ਉਦੋਂ ਸਰਦਾਰਾਂ ਵਾਲੀਆਂ ਗੱਲਾਂ ਕਰਾਂਗੇ ਹੁਣ ਤਾਂ ਜੋ ਕੁਝ ਹਾਂ ਉਹੋ ਹੀ ਹਾਂ। ਧਾਰਾ ਸਿੰਘ ਨੇ ਆਪਣੀ ਕਹਾਣੀ ਸ਼ੁਰੂ ਕੀਤੀ

—ਜਦੋਂ ਦੀਆਂ ਸਰਕਾਰਾਂ ਸਾਨੂੰ ਇਕੱਲਿਆਂ ਛੱਡਕੇ ਆਪ ਨੌਂ ਦੋ ਗਿਆਰਾਂ ਹੋ ਗਈਆਂ ਫਿਰ ਸਾਡੀ ਅੰਮ੍ਰਿਤਸਰ ਵਿਚ ਦਾਲ ਗਲਣੀ ਮੁਸ਼ਕਲ ਹੋ ਗਈ। ਪਰ ਮੈਂ ਤੁਹਾਡੀ ਮਾਰ ਖਾਧੀ ਹੋਈ ਸੀ। ਝੱਟ ਹੀ ਸਖੀ ਸਰਵਰਾਂ ਦਾ ਚੇਲਾ ਬਣ ਗਿਆ। ਸੁਖ ਨਾਲ ਸਿਰ ਤੇ ਅਗੇ ਈ ਵਾਲਾਂ ਦਾ ਕਾਲ ਸੀ। ਹਦਵਾਣੇ ਵਾਂਗੂੰ ਟਿੰਡ ਲਿਸ਼ਕੀ ਜਦ ਪੱਗ ਲਾਹੀ। ਦਾੜ੍ਹੀ ਤੇ ਸਿਰਫ਼ ਦੋ ਢਾਈ ਵਾਲ ਸਨ। ਸਖੀ ਸਰਵਰਾਂ ਨੇ ਮੈਨੂੰ ਬਹੁਤ ਜਲਦੀ ਕਬੂਲ ਲਿਆ ਤੇ ਮੈਂ ਉਹਨਾਂ ਵਿਚ ਨਹਿਲਾ ਦਹਿਲਾ ਬਣਕੇ ਰਹਿਣ ਲੱਗ ਪਿਆ। ਰੋਜ਼ ਰੋਟ ਛੱਕਣ ਨੂੰ ਮਿਲ ਜਾਂਦੇ ਤੇ ਸੁਖਾ ਬਾਬਿਆਂ ਦੇ ਡੇਰਿਆਂ ਤੋਂ। ਬਾਕੀ ਸਾਰੇ ਪਾਪੜ ਵੇਲਣੇ ਆਉਂਦੇ ਸਨ। ਰੋਜ਼ ਝਕਾਨੀ ਦੇ ਕੇ ਤਰਕਾਲਾਂ ਢਲਦਿਆਂ ਹੀ ਹਰਕੀ ਪਉੜੀ ਤੇ ਜੋਤ ਜਗਾ ਆਇਆ ਕਰਦਾ ਸਾਂ। ਕਦੀ ਸਰੋਵਰ ਵਿਚ ਪੁੱਠੀ ਤਾਰੀ ਲਾਕੇ ਤੇ ਕਦੀ ਚੁਬੀ ਮਾਰਕੇ। ਹਰ ਰੋਜ਼ ਲੋਕ ਹੈਰਾਨ ਹੁੰਦੇ ਪਰ ਮੈਂ ਸਾਰਿਆਂ ਦੀਆਂ ਅੱਖਾਂ ਵਿਚ ਮਿਰਚਾਂ ਪਾਕੇ ਆਪਣਾ ਧਰਮ ਪੂਰਾ ਕਰਦਾ ਰਿਹਾ ਹਾਂ ਅੱਜ ਵੀ ਜੋਤ ਜਗਾ ਕੇ ਆਇਆ ਹਾਂ। ਜਦ ਤੱਕ ਸਿੰਘਾਂ ਵਿਚੋਂ ਇਕ ਵੀ ਜੀਅ ਬਾਕੀ ਏ ਹਰਿਮੰਦਰ ਵਿਚ ਜੋਤ ਜ਼ਰੂਰ ਜਗੇਗੀ। ਕਈ ਵਾਰ ਝਾੜੂ ਦੇਣ ਦੇ ਬਹਾਨੇ ਗਿਆ ਤਾਂ ਜੋਤ ਜਗਾ ਆਇਆ। ਕਈ ਵਾਰੀ ਗੁਲੂ ਬਾਈ ਦੀ ਬੁਝਕੀ ਚੁੱਕ ਕੇ ਅੰਦਰ ਗਿਆ। ਜਦ ਤਕ ਬਾਈ ਨੱਚਦੀ ਰਹੀ ਉਦੋਂ ਤੱਕ ਉਹਦੇ ਨਾਲ ਰਹੇ ਤੇ ਫੇਰ ਜਦ ਰਾਤ ਉਤਰਨ ਤੇ ਆਈ ਤੇ ਦਾਅ ਲਾਇਆ ਤੇ ਘਚਾਨੀ ਮਾਰੀ ਤੇ ਜੋਤ ਜਗਾ ਦਿੱਤੀ। ਇਹ ਇਕ ਅਚੰਭਾ ਜਿਹਾ ਬਣ ਗਿਆ ਸੀ। ਕਦੀ ਮੈਂ ਇਹ ਕੰਮ ਆਪ ਕੀਤਾ ਤੇ ਕਦੀ ਮਨਸਾ ਸਿੰਘ ਨੇ। ਤੇ ਜਦ ਅਸੀਂ ਕਦੀ ਉਖੜ ਗਏ ਤੇ ਧਾਰਾ ਸਿੰਘ ਸਾਡਾ ਗੁਰੂ ਨਿਕਲਿਆ ਜੋਤ ਉਸ ਜਗਾ ਦਿੱਤੀ। ਮੁਸਲਮਾਨਾਂ ਵਿਚ ਆਮ ਮਸ਼ਹੂਰ ਏ ਕਿ ਹਰਿਮੰਦਰ ਵਿਚ ਜਿੰਨ ਵਸਦੇ ਹਨ

ਭੂਤਨਿਆਂ ਦਾ ਵਾਸਾ ਏ। ਸਿਆਣੇ ਤੇ ਸੁਲਝੇ ਹੋਏ ਆਮ ਸਿਪਾਹੀ ਰਾਤ ਨੂੰ ਦਾਅ ਲਾਕੇ ਖਿਸਕ ਜਾਂਦੇ ਹਨ। ਕਈਆਂ ਦਾ ਖਿਆਲ ਏ ਕਿ ਇਸ ਹਿੰਦੂ ਮਸਜਦ ਵਿਚ ਰਾਤੀਂ ਭੂਤਨਿਆਂ ਦੇ ਸਮਰਾਟ ਦਾ ਸਿੰਘਾਸਨ ਲੱਗਦਾ ਏ.। ਇਹ ਸਭ ਕਸਬ ਸਾਡੇ ਹਨ। ਪਰ ਸਭ ਤੋਂ ਵਧੀਆ ਜਿਹੜੀ ਗੱਲ ਹੈ ਉਹ ਇਹ ਹੈ ਕਿ ਅਸੀਂ ਸਖੀ ਸਰਵਰਾਂ ਦੇ ਚੇਲਿਆਂ ਵਿਚ ਬਹੁਤ ਮਸ਼ਹੂਰ ਹਾਂ। ਜਿੰਨੀ ਸਾਡੀ ਏਥੇ ਮਾਨਤਾ ਹੈ ਓਨੀ ਹੋਰ ਕਿਸੇ ਦੀ ਨਹੀਂ। ਅਸੀਂ ਭਾਵੇਂ ਰੋਜ਼ ਗੁਸਲ ਨਹੀਂ ਕਰਦੇ ਪਰ ਫਿਰ ਵੀ ਹਰ ਰੋਜ਼ ਚਾਰ ਵਾਰ ਸਰੋਵਰ ਦੇ ਜਲ ਨਾਲ ਵਜ਼ੂ ਜ਼ਰੂਰ ਕਰਦੇ ਆਂ। ਮੈਂ ਤਾਂ ਨਿਤਨੇਮ ਨਾਲ ਅਸ਼ਨਾਨ ਜ਼ਰੂਰ ਕਰਦਾ ਹਾਂ। ਏਸੇ ਲਈ ਮੈਂ ਤੁਹਾਥੋਂ ਸਾਰਿਆਂ ਤੋਂ ਖੁਸ਼ ਕਿਸਮਤ ਹਾਂ। ਅੱਜ ਵੀ ਜਦ ਜਿਹਦਾ ਜੀਅ ਚਾਹੇ ਮੇਰੇ ਨਾਲ ਅਸ਼ਨਾਨ ਕਰ ਲਵੇ। ਸਾਨੂੰ ਕਿਸੇ ਦਾ ਡਰ ਨਹੀਂ। ਸਾਨੂੰ ਕਦੇ ਕਿਸੇ ਟੋਕਿਆ ਨਹੀਂ।

ਹੁਣ ਵਾਰੀ ਆਈ ਸੁਖਾ ਸਿੰਘ ਦੀ। ਆਖਣ ਲੱਗਾ ਭਾਵੇਂ ਸਾਡੇ ਸਾਰੇ ਸਾਥੀ ਅੰਮ੍ਰਿਤਸਰ ਵਿਚ ਪੁੱਜ ਗਏ ਹਨ। ਪਰ ਅਜੇ ਤੱਕ ਅਸੀਂ ਸਾਰਿਆਂ ਨੂੰ ਮਿਲ ਨਹੀਂ ਸਕੇ। ਬਿਜਲਾ ਸਿੰਘ ਦਾ ਕਹਿਣਾ ਠੀਕ ਏ। ਥੂ ਮਾਰਿਆ ਭੁਲ ਹੋ ਗਈ। ਬਿਜਲਾ ਸਿੰਘ ਨਹੀਂ ਰਹਿਮਤ ਕਵਾਲ। ਸਾਰੇ ਆਪਣੀ ਆਪਣੀ ਠਾਹਰ ਬਣਾਕੇ ਬੈਠੇ ਹਨ ਅਤੇ ਉਹਨਾਂ ਸਾਰਿਆਂ ਦੀਆਂ ਨਜ਼ਰਾਂ ਹਰਿਮੰਦਰ ਸਾਹਿਬ ਤੇ ਹਨ।

ਮਹਿਤਾਬ ਸਿੰਘ ਨੇ ਅੱਗੋਂ ਆਖਿਆ—ਹੁਣ ਕੀ ਹੁਕਮ ਏ ?

ਜੋਗਾ ਆਖਣ ਲੱਗਾ—ਸਿੰਘ ਸਾਹਿਬ ਇਹਦੇ ਬਾਰੇ ਕਲ੍ਹ ਤੁਹਾਨੂੰ ਦਸਾਂਗੇ। ਕਵਾਲੀਆਂ ਸੁਣੋ ਲੋਰ ਲਓ ਤੇ ਨਸ਼ੇ ਲੁਟੋ ਤੇ ਆਪਣੇ ਧੂਣਿਆਂ ਤੇ ਮਸਤ ਰਹੋ। ਮੈਂ ਨਕਲੀ ਚੇਹਰੇ ਦਾ ਖੋਲ ਪਾ ਲਿਆ ਏ। ਮੈਂ ਤੇ ਚਲਿਆ ਹਾਂ ਗੁਲ੍ਹੂ ਬਾਈ ਦੇ ਡੇਰੇ ਅਫਸੋਸ ਕਰਨ। ਵਿਚਾਰੀ ਨਾਲ ਬਹੁਤ ਮਾੜਾ ਕੰਮ ਹੋਇਆ ਏ। ਸਿਰ ਮੁੰਨਕੇ ਹੱਥ ਫੜਾ ਦਿੱਤਾ। ਕੋਈ ਗੱਲ ਨਹੀਂ ਸਟ ਖਾਧੀ ਹੋਈ ਸੱਪਣੀ ਨੇ ਜੇ ਡੰਗ ਮਾਰਿਆ ਤਾਂ ਉਸ ਆਖਣਾ ਏ ਪਿੱਛੇ ਹਟ ਕੇ ਡਿੱਗ। ਉਹਦੇ ਡੰਗੇ ਨੇ ਕਦੀ ਪਾਣੀ ਨਹੀਂ ਮੰਗਣਾ। ਚੰਗਾ ਭਈ ਗੁਰੂ ਰਾਖਾ।

ਕੁੱਤਾ ਮੂੰਹ ਚੁੱਕ ਕੇ ਰੋ ਰਿਹਾ ਸੀ ਤੇ ਸਾਰੀ ਰਾਤ ਰੋਂਦਾ ਰਿਹਾ।

ਹਰਿਮੰਦਰ ਦੇ ਬੂਹੇ ਨਾਲ ਟੰਗੀ ਹੋਈ ਜਗਦੀ ਮਸ਼ਾਲ ਦੀ ਲੋਅ ਮੱਠੀ ਨਾ ਹੋਈ। ਕੁੱਤੇ ਨੇ ਆਪਣਾ ਮੂੰਹ ਹਰਿਮੰਦਰ ਵੱਲ ਕੀਤਾ ਹੋਇਆ ਸੀ। ਸ਼ਾਇਦ ਕਾਰੇ ਹੱਥੀਂ ਕੋਈ ਕਾਰਾ ਕਰ ਵਿਖਾਏ। ਇਕ ਤਾਰਾ ਟੁੱਟਿਆ ਅੱਧ ਅਸਮਾਨੇ ਤੇ ਉਹਦੀ ਲੋਅ ਸਾਰੇ ਅਕਾਸ਼ ਵਿਚ ਫੈਲ ਗਈ।

ਚਰਖਾ ਕੌਣ ਕੱਤੇ

ਰਹਿਮਤ ਕਵਾਲ ਬਿਜਲਾ ਸਿੰਘ ਦੇ ਮੂੰਹ ਤੇ ਚੜ੍ਹਿਆ ਮਖੌਟਾ, ਕਾਲਾ ਬੰਬ ਬਾਣਾ, ਖੁਲ੍ਹੀਆਂ ਬਾਵ੍ਹਰੀਆਂ, ਗਲ ਵਿਚ ਮੋਟੇ-ਮੋਟੇ ਮਣਕਿਆਂ ਦੀ ਮਾਲਾ, ਹੱਥ ਵਿਚ ਮੰਡਲ ਤੇ ਮਹਰਾਬ ਦੇ ਨਿਸ਼ਾਨ ਜਿਦਾਂ ਸਰਹੰਦ ਤੋਂ ਹੁਣੇ ਹੀ ਆਇਆ ਹੋਵੇ ਪੀਰ। ਰਹਿਮਤ ਕਵਾਲ ਨੇ ਸੁੱਖਾ ਸਿੰਘ ਨੂੰ ਵੀ ਆਪਣੇ ਰੂਪ ਵਿਚ ਢਾਲ ਲਿਆ। ਫਿਰਿਆ ਹੋਵੇ ਹੱਥ ਰਹਿਮਤ ਕਵਾਲ ਦਾ ਅਤੇ ਪਛਾਣਿਆ ਜਾਵੇ ਸੁੱਖਾ ਸਿੰਘ ਹੱਥ ਨਹੀਂ ਵਢ ਦੇਈ ਦੇ।

ਰਹਿਮਤ ਆਖਣ ਲਗਾ—ਬਾਈ ਦੇ ਘਰ ਚਲੇ ਹਾਂ ਸੜੀ ਬਲੀ ਬੈਠੀ ਹੋਣੀ ਏ, ਜ਼ਰਾ ਕੁ ਤੇਲ ਪਾ ਕੇ ਵੇਖੋਂ, ਭਾਂਬੜ ਮੱਚਦਾ। ਤੁਖਣੀ ਦੇ ਕੇ ਵੇਖੂੰ ਸ਼ਾਇਦ ਆਪਣਾ ਅੰਦਰ ਉਗਲਡੇ ਤੇ ਸਾਡੇ ਸਾਰੇ ਰਾਹ ਸਾਫ ਹੋ ਜਾਣ।

ਗੱਲ ਤੇ ਬੜੀ ਮਾਹਰਕੇ ਦੀ ਏ। ਹਮਦਰਦੀ ਜਿਤਾਓ ਅਤੇ ਉਹਦੇ ਦੁਖ ਵਿਚ ਭਾਈਵਾਲੀ ਪਾਵੋ। ਗੁਲ੍ਹ ਬਾਈ ਸਾਡੇ ਬੜੇ ਕੰਮ ਆ ਸਕਦੀ ਏ।

ਜਾ ਦਲ੍ਹੀਜਾਂ ਟੱਪੀਆਂ ਗੁਲ੍ਹ ਬਾਈ ਦੀਆਂ ਰਹਿਮਤ ਨੇ। ਨਾਲ ਸੁਖਾ ਸਿੰਘ ਵੀ ਬਿਨਾਂ ਝਿਜਕ ਅੰਦਰ ਜਾ ਵੜਿਆ। ਜਾਂਦਿਆਂ ਹੀ ਸਿਰ ਫੜਕੇ ਬੈਠ ਗਏ ਜਿਵੇਂ ਕਿਸੇ ਦਾ ਸਜਰਾ ਪਿਉ ਮੋਇਆ ਹੋਵੇ।

—ਬਹੁਤ ਮਾੜਾ ਹੋਇਆ ਬਾਈ ਜੀ। ਏਨੀ ਅੱਤ ਮੱਸੇ ਰੰਘੜ ਨੇ ਤਾਂ ਹੱਦ ਨੂੰ ਹੀ ਹਥ ਲਾ ਦਿਤਾ! ਸ਼ੈਤਾਨ ਦਾ ਵੀ ਸਿਰਾ ਨਿਕਲਿਆ। ਫਰਾਊਨ ਵਰਗੇ ਨਾ ਰਹੇ। ਖੁਦਾ ਦੀ ਖੁਦਾਈ ਭੁਲ ਗਿਆ ਚੋਧਰੀ। ਰਹਿਮਤ ਬੋਲਿਆ।

—ਮੇਰਾ ਤਾਂ ਫੱਕਾ ਮਾਰ ਸੁਟਿਆ ਸੂ। ਕੱਖ ਨਾ ਰਹੇ ਤੇ ਜਾਏ ਜੁਆਨੀਓਂ। ਖੁਦਾ ਚੁਕੇ ਪਹਿਲੇ ਹੱਲੇ। ਉਹਨੂੰ ਕਿਸੇ ਦੀ ਆਈ ਆ ਜਾਏ। ਮੈਂ ਸੜੀ ਬਲੀ ਨੇ ਬਦਦੁਆ ਹੀ ਦੇਣੀ ਏ। ਬਾਈ ਦੇ ਕਿਤੇ ਅਥਰੂ ਥਮ੍ਹੇ ਨਹੀਂ ਸੀ ਜਾਂਦੇ।

—ਅੱਲ੍ਹਾ ਦੇ ਹਜ਼ੂਰ ਵਿਚ ਦੇਰ ਏ ਅੰਧੇਰ ਨਹੀਂ। ਆਖਣ ਲਗਾ ਰਹਿਮਤ।

—ਰਹਿਮਤਾ, ਸਾਡਾ ਅਲਾ ਪਤਾ ਨਹੀਂ ਕਿਥੇ ਜਾ ਬੈਠਾ ਏ। ਮੈਨੂੰ ਤਾਂ ਜਾਪਦਾ ਏ ਕਿ ਅੱਲਾ ਨਾਦਰਸ਼ਾਹ ਬਣ ਗਿਆ ਏ। ਗੁੱਤ ਵੱਢੀ ਹੁੰਦੀ ਤਾਂ ਮੈਂ ਛੁਪਾ ਲੈਂਦੀ। ਨੱਕ ਵਢਿਆ ਹੁੰਦਾ ਤਾਂ ਮੂੰਹ ਤੇ ਲੀੜਾ ਲੈ ਲੈਂਦੀ। ਪਰ ਮੁੰਨੇ ਸਿਰ ਨੂੰ ਕਾਹਦੇ ਨਾਲ ਲੁਕੋਵਾਂ। ਬੂਰੀਆਂ ਸ਼ਾਮਤਾਂ ਨੂੰ ਅੰਮ੍ਰਿਤਸਰ ਵਿਚ ਬੈਠੀ ਹਾਂ ਜੇ ਲਾਹੌਰ ਹੁੰਦੀ ਤਾਂ ਰੋਂਝਾਂ ਪੀ ਲੈਂਦੀ।

ਦਿਨ ਨਾ ਚੜ੍ਹਨ ਦਿੰਦੀ ਤੇ ਇਹਦਾ ਬਦਲਾ ਲੈ ਕੇ ਦਸਦੀ। ਪਰ ਮੋਈ ਤਾਂ ਜੇ ਸਾਹ ਨਾ ਆਇਆ।

ਰਹਿਮਤ ਕਵਾਲ ਨੇ ਜ਼ਰਾ ਕੁ ਹੋਰ ਟੋਹਿਆ—ਤੁਹਾਡੀ ਚੌਧਰੀ ਨੇ ਜ਼ਰਾ ਵੀ ਦਾਦ ਫਰਿਆਦ ਨਾ ਸੁਣੀ। ਤੁਹਾਡੀਆਂ ਤਾਂ ਗਰਾਹੀਆਂ ਸਾਂਝੀਆਂ ਸਨ। ਖੰਡ ਚੌਲ ਤੇ ਤੁਸੀਂ ਇਕੋ ਪਰਾਤ ਵਿਚ ਬੈਠਕੇ ਖਾਂਦੇ ਸਓ।

—ਨਸ਼ਈ ਹੋਇਆ ਹਾਕਮ ਤੇ ਮੱਥੇ ਚੜ੍ਹਿਆ ਹਰਾਮ। ਬਸ ਉਸ ਗੱਲ ਭੁੰਞੇ ਨਾ ਪੈਣ ਦਿਤੀ। ਮੇਰੀ ਉਸ ਇਕ ਨਾ ਸੁਣੀ। ਸਾਹ ਹੀ ਉਦੋਂ ਲਿਆ ਜਦੋਂ ਸਿਰ ਮੁੰਨਕੇ ਝਾਟਾ ਹੱਥ ਫੜਾ ਦਿਤਾ। ਮੈਂ ਦੁਹਥੜੀਂ ਪਿਟਦੀ ਉਹਦਾ ਸਿਆਪਾ ਕਰਦੀ ਘਰ ਮੁੜ ਆਈ। ਚੂਪਣੀ ਵਾਂਗੂ ਚੂਪਦਾ ਏ ਸੋਹਲ ਜੇਹੀਆਂ ਨੱਢੀਆਂ। ਗੋਰੇ ਰੰਗ ਤੇ ਤਾਂ ਮਤਵਾਲਾ ਹੋਇਆ ਫਿਰਦਾ ਏ। ਮੇਰਾ ਖਾਨਾ ਖਰਾਬ ਹੋ ਗਿਆ ਏ ਰਹਿਮਤਾ। ਮੈਨੂੰ ਦੋਹੀਂ ਜਹਾਨੀ ਕਿਤੇ ਢੋਈ ਨਹੀਂ। ਮੇਰੇ ਪੈਰ ਤੇ ਹੁਣ ਜ਼ਮੀਨ ਨਹੀਂ ਝਲਦੀ। ਘਰੋਂ ਕਿਹੜਾ ਮੂੰਹ ਲੈ ਕੇ ਬਾਹਰ ਨਿਕਲਾਂ। ਕਿਸੇ ਨੂੰ ਕੀ ਆਖਾਂ ਕਿ ਮੇਰੇ ਨਾਲ ਕੀ ਹੋਇਆ ਏ। ਮੈਂ ਇੱਜ਼ਤ ਵੇਚੀ ਅਣਖ ਵੇਚੀ, ਰੂਪ ਛਜ ਵਿਚ ਪਾ ਕੇ ਛਟਿਆ, ਘਰ ਦੀ ਲੱਜ ਸਾਰੇ ਬਜ਼ਾਰ ਨਿਲਾਮ ਕੀਤੀ। ਮੈਂ ਸਿਰ ਧੜ ਦੀ ਬਾਜ਼ੀ ਲਾਈ ਤੇ ਇਸ ਕੁੱਤੇ ਨੂੰ ਚੌਧਰ ਦੀ ਪੱਗ ਬਨ੍ਹਵਾਈ। ਜ਼ਕਰੀਆ ਖਾਂ ਦੇ ਮੈ ਪਤਾ ਨਹੀਂ ਕਿੰਨੇ ਕੁ ਅਹਿਸਾਨ ਝਲੇ ਕਿੰਨੇ ਕੁ ਉਲਾਹਮੇ ਲਾਹੇ। ਕਿੰਨੀਆਂ ਕੁ ਅਨਹੋਣੀਆਂ ਉਹਦੇ ਨਾਲ ਰਲਕੇ ਕੀਤੀਆਂ ਤੇ ਏਸ ਚੰਦਰੇ ਨੂੰ ਅੰਮ੍ਰਿਤਸਰ ਦਾ ਚੋਧਰੀ ਬਣਵਾਇਆ। ਪਰ ਏਸ ਬੇਈਮਾਨ ਨੇ ਕਾਲਾ ਨਾਗ ਬਣਕੇ ਮੈਨੂੰ ਡੰਗ ਮਾਰਿਆ ਏ। ਡੈਣ ਵੀ ਚਾਰ ਘਰ ਛਡ ਲੈਂਦੀ ਏ। ਪਰ ਏਸ ਇਕ ਘਰ ਵੀ ਨਹੀਂ ਛਡਿਆ। ਅੱਲ੍ਹਾ ਕਰੇ ਇਹਦਾ ਕੱਖ ਨਾ ਰਹੇ। ਏਸ ਦੋਜ਼ਖੀ ਨੇ ਯਦੀਦ ਤੋਂ ਚਾਰ ਹੱਥ ਲੰਮੀ ਛਾਲ ਮਾਰੀ ਏ। ਬਿਜਲੀ ਪਏ ਤੇ ਇਹਦਾ ਖਾਨਾ ਖਰਾਬ ਹੋ ਜਾਏ। ਗੁਲੂ ਬਾਈ ਰੋਂਦੀ ਦੇ ਹੱਥ ਧੁਪਦੇ ਸਨ।

—ਆਂਹਦੇ ਨੇ ਪਾਪ ਦਾ ਘੜਾ ਭਰਕੇ ਭੱਜਦਾ ਏ।

—ਇਹ ਕੋਈ ਪਹਿਲੀ ਗੱਲ ਹੋਣੀ ਏ। ਜਦੋਂ ਲੋਕ ਫਰਿਸ਼ਤੇ ਹੋਣਗੇ। ਅੱਜ ਤੇ ਜ਼ਾਲਮ ਨੂੰ ਕਿਤੇ ਤਾਪ ਵੀ ਨਹੀਂ ਚੜ੍ਹਦਾ।

—ਅੱਛਾ ਖੁਦਾ ਤੇ ਵੇਖਦਾ ਏ ਨਾ।

—ਖੁਦਾ ਅੱਜ ਕਲ ਕਿਥੇ ਏ। ਖੁਦਾ ਤਾਂ ਅਜ ਕਲ ਸਿੰਘਾਂ ਦੇ ਡੇਰੇ ਬੈਠਾ ਹੋਇਆ ਏ।

—ਸਿੰਘ ਤੇ ਪਹਾੜੀਂ ਚੜ੍ਹੇ ਹੋਏ ਹਨ, ਸਿੰਘ ਏਥੇ ਕਿਥੋਂ ? ਸਿੰਘਾਂ ਨੇ ਅੰਮ੍ਰਿਤਸਰ ਵਿਚ ਆ ਕੇ ਗਾਟਾ ਵਢਾਉਣੈ। ਅਵਾਜ ਰਹਿਮਤ ਦੀ ਸੀ।

—ਪਤਾ ਨਹੀਂ ਸਿੰਘਾਂ ਨੂੰ ਕੀ ਮਿਰਗੀ ਪੈ ਗਈ ਏ। ਕੋਈ ਨਜ਼ਰ ਹੀ ਨਹੀਂ ਪੈਂਦਾ।

—ਸਿੰਘਾਂ ਵਿਚਾਰਿਆਂ ਦਾ ਕੀ ਏ ਉਹ ਤਾਂ ਜਾਨ ਲੁਕੋਈ ਫਿਰਦੇ ਹਨ।

—ਇਹ ਤੇ ਝੂਠ ਏ ਰਹਿਮਤਾ, ਸਿੰਘ ਡਰ ਜਾਏ ਉਹ ਸਿੰਘ ਨਹੀਂ। ਕੋਈ ਨੇੜੇ ਸਿਖ ਰਹਿੰਦਾ ਹੋਵੇ ਤਾਂ ਦਸ ਪਾ ਮੈਂ ਆਪਣਾ ਉਹਦੇ ਅਗੇ ਦੁਖ ਰੋਵਾਂ। ਪਰ ਅਜ ਕਲ ਸਿੰਘ ਸੁੰਢ ਦੀ ਗੰਢੀ ਹੋ ਗਏ ਹਨ।

—ਸਿੰਘ ਖੁਦਾ ਤਰਸ ਬੰਦੇ ਹਨ ਉਹ ਏਸ ਜ਼ੁਲਮੀ ਦੀ ਧੌਣ ਜ਼ਰੂਰ ਲਾਹੁਣਗੇ।

ਮੁਗਲਾਂ ਨੂੰ ਤਾਂ ਇਹ ਕੁਛੜ ਚੁਕੀ ਫਿਰਦਾ ਏ।

—ਰਹਿਮਤਾ ਮੇਰੀ ਫਰਿਆਦ ਸਿਖਾਂ ਕੋਲ ਪਹੁੰਚਾ।

—ਅੰਮ੍ਰਿਤਸਰ ਵਿਚ ਮੱਸੇ ਰੰਘੜ ਦੇ ਬੰਦੇ ਹਰਲ-ਹਰਲ ਕਰਦੇ ਫਿਰਦੇ ਹਨ। ਸਿੰਘ ਆਟੇ ਵਿਚ ਲੂਣ ਹਨ ਉਹ ਪਹਾੜ ਨਾਲ ਕਿਦਾਂ ਮੱਥਾ ਮਾਰਨ।

—ਜਿਦਾਂ ਲਾਹੌਰ ਲੁਟਿਆ ਸੀ ਉਦਾਂ ਅੰਮ੍ਰਿਤਸਰ ਲੁਟਣ। ਨਾਦਰ ਨੀ ਫੌਜ ਲੁਟ ਲੈਣੀ ਸਿਰਫ ਸਿਖਾਂ ਦੀ ਜਵਾਂਮਰਦੀ ਸੀ। ਏਸ ਮਰਦੂਦ ਤੇ ਖੁਦਾਈ ਕਹਿਰ ਨਹੀਂ ਪੈਣਾ।

—ਅੰਮ੍ਰਿਤਸਰ ਵਿਚ ਸਿੰਘਾਂ ਦਾ ਪਰਛਾਵਾਂ ਵੀ ਨਹੀਂ ਪੈਣਾ ਜਦ ਤਕ ਮੱਸਾ ਰੰਘੜ ਏ।

—ਰਹਿਮਤਾ ਜੇ ਤੇਰੀ ਸਿੰਘਾਂ ਤਕ ਕੋਈ ਰਸਾਈ ਨਹੀਂ ਤਾਂ ਆਪਣੇ ਪੀਰ ਦੇ ਹੀ ਪੈਰ ਫੜ ਉਹੋ ਹੀ ਇਸਨੂੰ ਚੁਕੇ।

—ਬਾਈ ਜੀ ਕਾਂਵਾਂ ਦੇ ਆਖਿਆਂ ਢੋਰ ਨਹੀਂ ਮਰਦੇ। ਜੇ ਸਿੰਘ ਆ ਵੀ ਜਾਣ ਤਾਂ ਮੱਸੇ ਰੰਘੜ ਤੁਕ ਕਿਦਾਂ ਪੁਜਣ।

—ਸੁਲਫੇ ਦਾ ਦਮ ਮਾਰਿਆ ਜਾਪਦਾ ਏ ਕਲੰਦਰਾ। ਇਹਨਾਂ ਮੂਜ਼ੀਆਂ ਦਾ ਕੀ ਏ। ਕਲ੍ਹ ਸਾਰਿਆਂ ਨੂੰ ਇਰਾਨੀ ਸੂਕੀ ਮਜ਼ੂਨ ਸ਼ਰਾਬ ਵੰਡੀ ਜਾਣੀ ਏ। ਹਰ ਬੰਦੇ ਨੇ ਨਸ਼ਈ ਹੋਣਾ ਏ। ਤਿੱਖੜ ਦੁਪਹਿਰੇ ਘੋੜੇ ਵੇਚਕੇ ਸੁਤੇ ਹੁੰਦੇ ਨੇ ਸਿਪਾਹੀ। ਮੱਸਾ ਰੰਘੜ ਕੋਈ ਹਊਆ ਏ। ਉਹਨੂੰ ਆਪਣੀ ਹੋਸ਼ ਨਹੀਂ ਏਸ ਵੇਲੇ ਅੰਦਰ ਲੰਘ ਜਾਣਾ ਕੋਈ ਮੁਸ਼ਕਲ ਨਹੀਂ। ਨਾਲੇ ਹਰਿਮੰਦਰ ਦੁਆਲੇ ਕਿਹੜੀ ਗੜ੍ਹੀ ਉਸਰੀ ਹੋਈ ਏ। ਜੁਮੇ ਰਾਤ ਦੇ ਦਿਨ ਇਹ ਦੀਨ ਦੁਨੀਆਂ ਤੋਂ ਗਏ ਹੁੰਦੇ ਹਨ। ਰਹਿਮਤਾ ਮੈਂ ਤੇਰੀ ਉਸਤਾਦਨੀ ਹਾਂ। ਮੇਰੇ ਸਿਰ ਮੁੰਨੇ ਦਾ ਬਦਲਾ ਲੈ ਤਾਂ ਮੇਰੇ ਕਲੇਜੇ ਠੰਡ ਪੈਂਦੀ ਏ।

—ਬਾਈ ਜੀ ਮੈਂ ਆਪਣੀ ਜਾਨ ਤੇ ਖੇਡ ਸਕਦਾ ਹਾਂ ਪਰ ਸਿੰਘਾਂ ਕੋਲ ਜਾਂਦਿਆਂ ਮੇਰੀ ਆਪਣੀ ਜਾਨ ਹਵਾ ਹੁੰਦੀ ਏ। ਬੰਦਾ ਸ਼ੇਰ ਕੋਲ ਕਿਦਾਂ ਜਾਏ।

—ਮੇਰੇ ਲਈ, ਮੇਰੇ ਵਾਸਤੇ, ਖੁਦਾ ਵਾਸਤੇ। ਆਹ ਲੈ ਜਾ ਇਕ ਮੋਹਰਾਂ ਭਰੀ ਪੋਟਲੀ ਤੇ ਕੜਾਹ ਪ੍ਰਸ਼ਾਦਿ ਕਰਵਾ ਦੇ। ਸ਼ਾਇਦ ਕਿਸੇ ਦੇ ਮਨ ਵਿਚ ਮਿਹਰ ਪੈ ਜਾਏ। ਗੁਲ੍ਹ ਬਾਈ ਦਾ ਰੋਣਾ ਥਮਿਆ ਨਹੀਂ ਸੀ ਜਾਂਦਾ। ਪੀਰਾ ਤੂੰ ਹੀ ਸਮਝਾ ਰਹਿਮਤ ਨੂੰ ਇਹਦੇ ਖਾਨੇ ਵੀ ਕੋਈ ਗੱਲ ਬੈਠੇ। ਸਿੰਘ ਬੜੇ ਭਲੇ ਲੋਕ ਹਨ। ਇਹ ਐਵੇਂ ਹੀ ਡਰਦਾ ਹੈ।

—ਬਾਈ ਜੀ ਮੈਂ ਜ਼ਰੂਰ ਤੁਹਾਡਾ ਬਦਲਾ ਲਵਾਂਗਾ। ਮੈਂ ਪੀਰ ਦੀ ਦਰਗਾਹ ਤੇ ਚਲਿਆ ਹਾਂ ਦੁਆ ਮੰਗਣ।

—ਖੁਦਾ ਤੇਰੀ ਦੁਆ ਕਬੂਲ ਕਰੇ। ਬੋਲ ਗੁਲ੍ਹ ਬਾਈ ਦੇ ਸਨ।

—ਸੁਖਾ ਸਿੰਘ ਤੇ ਰਹਿਮਤ ਦੋਵੇਂ ਗੁਲ੍ਹ ਬਾਈ ਦੇ ਘਰੋਂ ਨਿਕਲ ਆਏ ਧੀਰਜੇ ਦੀਆਂ ਥਾਪੀਆਂ ਦੇ ਕੇ।

ਚਰਖਾ ਡਾਹ ਕੇ ਬੈਠੀ ਗੁਲ੍ਹ ਬਾਈ ਦਾ ਚਰਖਾ ਕੌਣ ਕੱਤੇ।

ਜੁੱਮੇ ਰਾਤ

ਪੀਰਾਂ ਦੇ ਪੀਰ ਜ਼ਾਹਿਰਾ ਪੀਰ ਰਹਿਮਤ, ਰਹਿਮਤ ਉੱਲਾ ਸਾਂਈ, ਰਹਿਮਤ ਤੇਰੀ ਤਸਬੀ ਨੂੰ ਨੌਂ ਸਲਾਮਾਂ ਤੇਰੇ ਕਸਬ ਨੂੰ ਸਤ ਸੱਲਾਮਾਂ ਜੁਮੇ ਰਾਤ ਤੋਂ ਮੁਤਬਰਕ ਦਿਨ ਹੋਰ ਕਿਹੜਾ ਹੋ ਸਕਦਾ ਏ। ਸੁਖਾ ਸਿੰਘ ਨੇ ਆਖਿਆ।

ਗੁਰੂ ਦੀਆਂ ਲਾਡਲੀਆਂ ਫੌਜਾਂ ਜੇ ਏਦਾਂ ਨਾ ਆਖਣ ਤਾਂ ਹੋਰ ਕਿਸ ਆਖਣਾ ਏ। ਫਾਲ ਤਾਂ ਖੂਬ ਨਿਕਲੀ ਏ ਖਾਲਸਾ ਜੀ। ਗੁਲੂ ਬਾਈ ਦੇ ਅਥਰੂ ਝਲੇ ਨਹੀਂ ਜਾਂਦੇ। ਵਿਚਾਰੀ ਦੇ ਨਾਲ ਬੜਾ ਲੋਹੜਾ ਵਜਾ ਏ। ਇਹ ਹਾਕਮ ਕਿਸੇ ਦੇ ਮਿਤ ਨਹੀਂ। ਭੌਰਾ ਤੇ ਹਾਕਮ ਵੀ ਕਦੀ ਕਿਸੇ ਦਾ ਯਾਰ ਬਣਿਆ ਏ। ਅਜੇ ਰਹਿਮਤ ਦੇ ਬੋਲ ਮੂੰਹ ਵਿਚ ਹੀ ਸਨ ਕਿ ਮਹਿਤਾਬ ਸਿੰਘ ਨੇ ਫਤਹਿ ਆਣ ਬੁਲਾਈ।

—ਅਸੀਂ ਨਾਥਾਂ ਦੇ ਡੇਰੇ ਬੈਠੇ ਸੁੱਕ ਗਏ। ਮੈਂ ਸਮਝਿਆ ਏ ਕਿ ਤੁਸੀਂ ਹਰਨਾਂ ਦੇ ਸਿੰਙੀ ਚੜ੍ਹ ਗਏ ਹੋ। ਨਾਥਾਂ ਨੇ ਵੀ ਸਾਰੇ ਅੰਮ੍ਰਿਤਸਰ ਦੇ ਪੱਤ ਪੱਤ ਛਾਣ ਮਾਰੇ। ਨਾ ਤੁਸੀਂ ਲਭੇ ਤੇ ਨਾ ਤੁਹਾਡਾ ਪਰਛਾਵਾਂ, ਮਹਿਤਾਬ ਸਿੰਘ ਦੇ ਬੋਲ ਸਨ।

—ਗੁਲੂ ਬਾਈ ਦੇ ਡੇਰੇ ਤੋਂ ਹੁਣੇ ਹੀ ਆਏ ਹਾਂ ਅਜੇ ਸਾਡੇ ਪੈਰ ਵੀ ਮੈਲੇ ਨਹੀਂ ਹੋਏ।

—ਕੌਣ ਗੁਲੂ ਬਾਈ।

—ਰਖੇਲ ਨਵਾਬ ਜ਼ਕਰੀਆ ਖਾਨ ਦੀ।

—ਢੋਲਕੀ ਲੈਣ ਗਏ ਸਓ ਜਾਂ ਘੁੰਗਰੂ।

—ਕਵਾਲੀ ਦੇ ਬੋਲ ਸਿਖਣ ਗਿਆ ਸੀ ਰਹਿਮਤ। ਪਰ ਏਹਦਾ ਜੀਅ ਮਹਿੰਦੀ ਲੈਣ ਨੂੰ ਵੀ ਕਰਦਾ ਸੀ। ਪਰ ਮੈਥੋਂ ਝਕ ਗਿਆ।

— ਇਹ ਭੰਡ ਤੋਂ ਕਵਾਲ ਕਦ ਬਣ ਗਿਆ।

—ਨਾਥਾਂ ਦੇ ਚਿਮਟੇ ਤੇ ਮਦਾਰੀ ਦੇ ਝੁਰਲੂ ਦਾ ਕਿਸੇ ਪਾਰ ਨਹੀਂ ਪਾਇਆ।

—ਖਾਲਸਾ ਜੀ ਮੈਨੂੰ ਤੇ ਛੁੱਟੀ ਦਿਓ।

—ਮੈਂ ਤਾਂ ਸਾਥੀਆਂ ਨੂੰ ਹੁਝਾਂ ਮਾਰ ਮਾਰ ਕੇ ਜਗਾਉਣਾ ਏ। ਸਵੇਰ ਦੇ ਸੁਖਾ ਪੀ ਕੇ ਮੂਧੇ ਪਏ ਹੋਏ ਹਨ। ਸਾਡੀ ਸਾਰੀ ਦਿਹਾੜੀ ਕਲ੍ਹ ਕਵਾਲੀਆਂ ਤੇ ਲਗਣੀ ਏ। ਲਾਚੀ ਬੇਰ ਦੇ ਮੁਢ ਕੋਲ ਸਾਡਾ ਡੇਰਾ ਹੋਣਾ ਏ, ਉਥੇ ਮੇਲੇ ਹੋਣਗੇ। ਰਹਿਮਤ ਆਪਣੀ ਗੱਲ ਆਖ ਕੇ ਰਾਹੇ ਪੈ ਗਿਆ।

ਮਹਿਤਾਬ ਸਿੰਘ ਨੇ ਬਾਹੋਂ ਫੜ ਕੇ ਬਿਠਾ ਲਿਆ—ਸਾਨੂੰ ਕਿਹਦੇ ਲੜ ਲਾ ਚਲਿਆ ਏਂ।

—ਦੇਗ ਵਿਚੋਂ ਦਾਣਾ ਟੋਹ ਕੇ ਦੇਗ ਦਾ ਲੋਕ ਅੰਦਾਜ਼ਾ ਲਾ ਲੈਂਦੇ ਹਨ। ਮੈਂ ਤਾਂ ਸੁਖਾ ਸਿੰਘ ਨੂੰ ਦੇਗ ਦੀ ਖੁਰਚਣ ਤੱਕ ਲਾਹ ਕੇ ਵਿਖਾ ਦਿਤੀ ਏ। ਹੁਣ ਏਹ ਜਾਣੇ ਤੇ ਏਹਦਾ ਕੰਮ ?

—ਦਬੀ ਭੁਬਲ ਵਿਚੋਂ ਐਵੇਂ ਚੰਗਿਆੜਾ ਚਮਕਿਆ ਏ ਹਵਾ ਦੇਣੀ ਤਾਂ ਤੁਹਾਡਾ ਕੰਮ ਏ। ਕਲ੍ਹ ਅਰਦਾਸ ਹੋ ਜਾਵੇ। ਸੁਖਾ ਸਿੰਘ ਨੇ ਬਚਨ ਕੀਤਾ।

—ਮੈਂ ਕੁਝ ਇਸ਼ਾਰੇ ਦਸਦਾ ਹਾਂ। ਵੈਸੇ ਸਿੰਘ ਤਿਆਰ ਰਹਿਣ। ਸਖੀ ਸਰਵਰਾਂ ਦੀ ਟੋਲੀ ਜਦੋਂ ਹਰਿਮੰਦਰ ਦੇ ਸਰੋਵਰ ਦੀਆਂ ਪਰਦਖਣਾ ਲੈਂਦੀ ਹੋਵੇ ਉਦੋਂ ਇਹ ਸਮਝਿਆ ਜਾਏ ਕਿ ਹਰਿਮੰਦਰ ਵਿਚ ਜਾਣ ਲਈ ਕੋਈ ਖਤਰਾ ਨਹੀਂ, ਦੂਜਾ ਜਦ ਨਾਥਾਂ ਦੇ ਚਿਮਟੇ ਖੜਕਣ ਤੇ ਧੂਣੇ ਵਿਚੋਂ ਲਾਟਾਂ ਨਿਕਲਣ ਤੇ ਸਮਝਿਆ ਜਾਏ ਕਿ ਸਾਰੇ ਸਾਥੀ ਚੇਤੰਨ ਹਨ। ਤੀਜਾ ਸੂਰਜ ਜਦ ਸਵਾ ਨੇਜ਼ੇ ਤੇ ਹੋਵੇ ਅੱਗ ਵਰ੍ਹਦੀ ਨਜ਼ਰ ਆਵੇ ਕਾਂ ਅੱਖ ਨਿਕਲਦੀ ਹੋਵੇ ਜ਼ਮੀਨ ਤਪੇ ਤਾਂਬੇ ਵਾਂਗੂੰ ਹਾਲ ਖੇਡਦਾ ਬੰਦਾ ਜਦ ਅਲਾ ਹੀ ਅੱਲਾ ਦਾ ਹੋਕਾ ਦੇਵੇ ਤਾਂ ਸਮਝੋ ਸਿਪਾਹੀ ਨੀਂਦ ਦੀ ਘੋੜੀ ਚੜ੍ਹੇ ਹੋਏ ਹਨ। ਹਾਲ ਖੇਡਣ ਵਾਲਾ ਧਾਰਾ ਸਿੰਘ ਹੋਵੇਗਾ। ਇਹਨੂੰ ਬਹੁਤ ਘਟ ਆਦਮੀ ਵੇਖਦੇ ਹੋਣਗੇ। ਇਹ ਸਾਰਿਆਂ ਨੂੰ ਵੇਖੇਗਾ। ਹਰਿਮੰਦਰ ਦੇ ਰੁਖਾਂ ਥੱਲੇ ਸੁਤੇ ਸਿਪਾਹੀਆਂ ਬਾਰੇ ਇਹ ਪੂਰੀ ਇਤਲਾਹ ਦੇਵੇਗਾ। ਗੂੰਗੀ ਦੇ ਇਸ਼ਾਰਿਆਂ ਵਾਂਗੂੰ। ਜਦੋਂ ਸਾਡੀ ਕਵਾਲੀ ਭਰ ਜੋਬਨ ਤੇ ਹੋਵੇ ਜਦੋਂ ਅਸੀਂ ਵਜਦ ਵਿਚ ਹੋਈਏ ਤੇ ਬਾਹਵਾਂ ਉਚੀਆਂ ਕਰ ਕਰਕੇ ਤਾਨਾਂ ਲਾਈਏ ਤਾਂ ਸਮਝ ਲਿਆ ਜਾਏ ਕਿ ਮੱਸਾ ਰੰਘੜ ਨਸ਼ੇ ਵਿਚ ਧੁਤ ਏ। ਝੂਮ ਰਿਹਾ ਏ ਮਸਤ ਹਾਥੀ ਵਾਂਗੂੰ। ਸਾਨੂੰ ਹੁਣ ਆਗਿਆ ਦਿਓ। ਧਾਰਾ ਸਿੰਘ ਤੇ ਰਹਿਮਤ ਕੰਨੀ ਕਤਰਾ ਗਏ। ਵਿਚਾਰਾਂ ਦਾ ਖੂਹ ਗਿੜਨ ਲਗ ਪਿਆ। ਅਖਾੜਾ ਬ੍ਰਹਮ ਬੂਟੇ ਤੇ ਜੁੰਡਲੀ ਬੈਠੀ ਧੂਣਾਂ ਸੇਕ ਰਹੀ ਸੀ। ਭਾਵੇਂ ਤਿਖੜ ਦੁਪਹਿਰਾਂ ਸਨ। ਗਰਮੀ ਨਾਲ ਪਸੀਨਾ ਤਾਂ ਵਗਦਾ ਸੀ ਰੱਤ ਵੀ ਚੋਂਦੀ। ਪਰ ਏਸ ਤੋਂ ਬਗੈਰ ਉਹ ਬੈਠ ਨਹੀਂ ਸਨ ਸਕਦੇ। ਇਹੋ ਹੱਥ ਠੋਕਾ ਸੀ ਉਹਨਾਂ ਲਈ।

ਬਿਜਲਾ ਸਿੰਘ ਦਾ ਭਰਿਆ ਲੋਟਾ ਸਰੋਵਰ ਦੇ ਜਲ ਦਾ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੇ ਲਿਆ ਅਤੇ ਪੰਜ ਇਸ਼ਨਾਨਾ ਕੀਤਾ। ਦੂਰੋਂ ਹੀ ਸਿਰ ਝੁਕਾ ਕੇ ਮੱਥਾ ਟੇਕਿਆ ਹਰਿਮੰਦਰ ਨੂੰ। ਸਖੀ ਸਰਵਰਾਂ ਦੇ ਟੋਲੇ ਵਿਚੋਂ ਅੱਖ ਬਚਾਕੇ ਖਿਸਕ ਆਏ। ਖਿਚੜੀ ਪੱਕੀ ਹੋਈ ਸੀ ਘਿਉ ਦਾਲ ਤੇ ਚੌਲ ਇਸ ਤਰ੍ਹਾਂ ਮਿਲੇ ਹੋਏ ਸਨ ਜਿਸ ਤਰ੍ਹਾਂ ਸਖੀ ਸਰਵਰ, ਸਿੰਘ ਤੇ ਨਾਥ। ਏਸ ਤਰਚੌਲੀ ਵਿਚੋਂ ਦਾਅ ਲਾ ਲੈਣਾ ਕੋਈ ਮੁਸ਼ਕਲ ਨਹੀਂ। ਅੰਮ੍ਰਿਤਸਰ ਦੀ ਪਵਿਤਰ ਧਰਤੀ ਨੂੰ ਨਾਪਾਕ ਕਰਨ ਵਾਲੇ ਮਲੇਛ ਸੁੰਘਦੇ ਫਿਰਦੇ ਸਨ ਸਿੰਘਾਂ ਨੂੰ। ਕਸਤੂਰੀ ਤਾਂ ਹਰਨ ਦੀ ਨਾਭੀ ਵਿਚ ਸੀ। ਅੰਮ੍ਰਿਤਸਰ ਦੇ ਹਰ ਸਹਿਜਧਾਰੀ ਦੇ ਘਰ ਇਕ ਨਾ ਇਕ ਸਿੰਘ ਦਾ ਡੇਰਾ ਸੀ ਭਾਵੇਂ ਉਹ ਨਾਥ ਸੀ, ਸਾਧ ਸੀ ਜਾਂ ਸਖੀ ਸਰਵਰਾਂ ਦਾ ਚੇਲਾ ਸੀ ਜਾਂ ਉਦਾਸੀ ਸੰਤ ਸੀ ਪ੍ਰਾਹੁਣਿਆਂ ਨਾਲ ਭਰਿਆ ਹੋਇਆ ਸੀ ਅੰਮ੍ਰਿਤਸਰ। ਨਗਰੀ ਗੁਰੂ ਦੀ ਵਿਚ ਦੁਤਹੀਆਂ ਵਿਛੀਆਂ ਹੋਈਆਂ ਸਨ। ਦਿਨ ਚੜ੍ਹਦਿਆਂ ਧੁੱਪ ਕੜਕ ਪਈ। ਚੰਗਿਆੜੀਆਂ ਛਡੀਆਂ ਸੂਰਜ ਨੇ। ਅਸਮਾਨ ਅੱਗ ਵਰ੍ਹਾਉਣ ਲਗ ਪਿਆ। ਜ਼ਮੀਨ ਨੇ ਰੰਗ ਵਟਾਇਆ। ਧੂਣੇ ਵਿਚ ਚਿਮਟਾ ਮਾਰਿਆ ਇਕ ਨਾਥ ਨੇ। ਇਕ ਚੰਗਿਆੜੀ ਉਡੀ

ਤੇ ਅੱਧ ਅਸਮਾਨ ਤਕ ਗਈ।

—ਇਕ ਬਿਧੀ ਚੰਦੀਆ ਬੋਲਿਆ ਅਜ ਫਜਲ ਦੀ ਨਿਮਾਜ਼ ਦੇ ਨਾਲ ਈ ਇਰਾਨੀ ਸਿਪਾਹੀਆਂ ਨੂੰ ਮਜੂੰਨ ਦੀ ਸ਼ਰਾਬ ਵੰਡੀ ਗਈ ਏ। ਸਿਪਾਹੀਆਂ ਦੇ ਹੱਥ ਪਿਆਲੇ ਹਨ ਚੁਸਕੀਆਂ ਲੈ ਲੈ ਕੇ ਪੀ ਰਿਹਾ ਹੈ ਹਰ ਸਿਪਾਹੀ ਮੱਸੇ ਦਾ। ਅਜ ਦਾ ਦਿਨ ਈਦ ਤੋਂ ਘਟ ਨਹੀਂ। ਕੁਝ ਸਿਪਾਹੀ ਪਹਿਰੇ ਤੇ ਹਨ ਬਾਕੀ ਟੋਲੀਆਂ ਬਣਾਕੇ ਜਸ਼ਨ ਮਣਾ ਰਹੇ ਹਨ। ਗੋਸ਼ਤ ਦੀਆਂ ਦੇਗਾਂ ਚੜ੍ਹ ਗਈਆਂ ਹਨ। ਗਾਂ ਜ਼ਿਬਾਹ ਕਰਕੇ ਲਟਕਾਈ ਹੋਈਏ ਤੇ ਥੱਲੇ ਅੱਗ ਬਲ ਰਹੀ ਏ। ਗੋਸ਼ਤ ਭੁਜ ਰਿਹਾ ਹੈ, ਪਰਕਰਮਾ ਵਿਚ ਰਾਸਧਾਰੀਆ ਨਚ ਰਿਹਾ ਏ। ਥਾਂ ਥਾਂ ਤੇ ਟੋਲੀਆਂ ਬੈਠੀਆਂ ਰੰਗ ਰਲੀਆਂ ਮਣਾ ਰਹੀਆਂ ਨੇ। ਆਹਤੇ ਲਗੇ ਸਿਪਾਹੀ ਆਖ ਰਹੇ ਹਨ ਰੱਬ ਖੈਰ ਕਰੇ। ਅੱਜ ਦੀ ਰਾਤ ਕਿੰਨੀਆਂ ਕੁ ਕੁਆਰੀਆਂ ਕੰਜਕਾਂ ਦੇ ਸਤ ਭੰਗ ਹੋਣਗੇ।

ਰਹਿਮਤ ਕਵਾਲ ਨੇ ਆਪਣੇ ਸੰਦ ਸਿਧੇ ਕੀਤੇ। ਗਜ਼ ਫੇਰਿਆ ਸਰੰਗੀ ਤੇ ਹੱਥ ਨਾਲ ਬਝੇ ਘੁੰਗਰੂਆਂ ਜਦ ਤਬਲੇ ਤੇ ਥਾਪ ਦਿਤੀ ਸਮਾਂ ਬਝ ਗਿਆ। ਕਲੇਜਾ ਚੀਰਦੀ ਲੈਅ ਸਰੰਗੀ ਦੀ ਰਹਿਮਤ ਨੇ ਜਦ ਗਿਧਾ ਪਾਇਆ ਦੋਵੇਂ ਹੱਥ ਜੋੜ ਕੇ ਤੌੜੀ ਵਜੀ ਇਕ ਨਵੇਂ ਸਾਜ਼ ਨੇ ਜਨਮ ਲਿਆ। ਕਵਾਲੀ ਅਰੰਭ ਹੋਈ। ਮਾਫ਼ ਕਰਨਾ ਇਹ ਕਵਾਲੀ ਨਹੀਂ ਮਰਸੀਆ ਸੀ, ਬੋਲ ਸਨ :

ਜਬ ਕਰਬਲਾ ਮੇਂ ਖਾਕ ਕੋ ਨੂਰੇ ਖੁਦਾ ਮਿਲਾ
ਯਾਨੀ ਹੁਸੈਨ ਮੰਜ਼ਲੇ ਮਕਸਦ ਸੇ ਆ ਮਿਲਾ
ਰਗੇ ਰਵਾਂ ਕੋ ਰੁਤਬਾ ਖਾਕੇ ਸ਼ਫਾ ਮਿਲਾ
ਜ਼ਰਾ ਹਰ ਇਕ ਮੇਹਰੇ ਦਰਖ਼ਸ਼ਾਂ ਸੇ ਜਾ ਮਿਲਾ
ਚੇਹਰੋਂ ਕੀ ਜ਼ੂ ਸੇ ਚਾਰੋਂ ਤਰਫ ਨੂਰ ਹੋ ਗਿਆ
ਵੀਰਾਨਾਂ ਏ ਗੰਜ ਹਸਨ ਸੇ ਮਹਿਮੂਰ ਹੋ ਗਿਆ

ਇਹ ਇਕ ਇਸ਼ਾਰਾ ਸੀ ਜਿਹੜਾ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੇ ਸੁਣਿਆ। ਇਹਨੂੰ ਸਦਾਏ ਜਰਸ ਸਮਝ ਲਓ ਜਾਂ ਮੰਦਰ ਦਾ ਘੜਿਆਲ। ਸ਼ੇਰਾਂ ਵਾਂਗੂ ਅਗੇ ਵਧੇ ਚੇਹਰਿਆਂ ਤੇ ਜਲਾਲ ਉਭਰਿਆ ਜੁਸੇ ਵਿਚ ਫੁਰਤੀ ਆਈ ਹੌਸਲੇ ਬੁਲੰਦ ਹੋਏ ਤਿਆਰੇ ਕਸੇ ਤੇ ਘੋੜੀਆਂ ਤੇ ਪਲਾਕੀਆਂ ਮਾਰੀਆਂ। ਘੋੜੀਆਂ ਦੇ ਸੁੰਮ ਪਰਕਰਮਾ ਵਿਚ ਪਏ। ਘੋੜੀ ਦੇ ਸੁੰਮ ਜਦ ਪੱਥਰ ਤੇ ਵਜੇ ਤੇ ਵਿਚੋਂ ਬਿਜਲੀ ਚਮਕੀ। ਪਹਿਲਾਂ ਗੁਰੂ ਦੇ ਹਜ਼ੂਰ ਸਿਰ ਝੁਕਾਇਆ। ਕਵਾਲ ਨੇ ਆਪਣੇ ਬੋਲ ਫਿਰ ਦੋਹਰਾਏ—

ਚੇਹਰੋਂ ਕੀ ਜ਼ੂ ਸੇ ਚਾਰੋਂ ਤਰਫ ਨੂਰ ਹੋ ਗਿਆ
ਵੀਰਾਨਾ ਏ ਗੰਜ ਹਸਨ ਸੇ ਮਹਿਮੂਰ ਹੋ ਗਿਆ।

ਹੁਣ ਕਿਦਾਂ ਚਲਦੇ ਹਨ ਸਿਰ ਲਥੇ ਜੁਆਨ ਜਿਦਾਂ ਵਿਆਹੁਣ ਚੜ੍ਹੇ ਲਾੜਾ। ਕਿਦਾਂ ਗੁਰੂ ਧਾਮ ਦਾ ਵੇਹੜਾ ਮੋਕਲਾ ਕਰਦੇ ਹਨ।

ਉਹਨਾਂ ਇਕ ਵਾਰ ਘੋੜੀਆਂ ਥਮੀਆਂ ਤੇ ਜ਼ਰਾ ਕੁ ਸੋਚਿਆ ਅਜੇ ਇਜਾਜ਼ਤ ਤਾਂ ਮਿਲੀ ਨਹੀਂ ਨਾਥਾਂ ਦੀ। ਜੋਗੀਆਂ ਨੇ ਆਧਣਾ ਅਵਾਜ਼ਾ ਨਹੀਂ ਦਿਤਾ। ਸਖੀ ਸਰਵਰ ਅਜੇ ਸਰੋਵਰ ਦੀ ਪਰਦਖਣਾ ਕਰਕੇ ਨਹੀਂ ਮੁੜੇ। ਹਾਲ ਖੇਡਣ ਵਾਲਾ ਅਜੇ ਜਲਾਲ ਵਿਚ ਨਹੀਂ ਆਇਆ। ਪਰ ਉਹਨਾਂ ਘੋੜੀਆਂ ਕਢ ਲਈਆਂ ਸਨ। ਜ਼ਰਾ ਕੁ ਇਕ ਵਾਰ ਫੇਰ

ਰੋਕੀਆਂ। ਚਾਲ ਵੇਖਣ ਲਈ। ਹਰਿਮੰਦਰ ਵਿਚ ਮੁਜਰਾ ਭਰ ਜੋਬਨ ਵਿਚ ਆ ਚੁਕਾ ਸੀ। ਸਰੂਰ ਨੂੰ ਗਿਠ ਗਿਠ ਲਾਲੀਆਂ ਚੜ੍ਹੀਆਂ ਹੋਈਆਂ ਸਨ। ਜਵਾਨੀ ਅਠਖੇਲੀਆਂ ਕਰਦੀ ਸੌ ਸੌ ਨਖਰੇ ਕਰਦੀ ਪੈਰਾਂ ਦੀ ਝਾਂਜਰ।

—"ਬਾਜੂ ਬੰਦ ਖੁਲ੍ਹ ਖੁਲ੍ਹ ਜਾਏ, ਸਾਂਵਰੀਆਂ ਨੇ ਕੈਸਾ ਜਾਦੂ ਡਾਰਾ ਰੇ।"

ਇਹਨਾਂ ਬੋਲਾਂ ਨੇ ਮੁਜਰੇ ਤੇ ਨਿਖਾਰ ਤਾਂ ਲੈ ਆਂਦਾ ਪਰ ਸ਼ਰਾਬੀ ਹੋਏ ਕੀ ਜਾਣਨ ਰਾਗ। ਜ਼ਮੀਨ ਅਸਮਾਨ ਦੇ ਕਲਾਬੇ ਮੇਲੇ ਜਾ ਰਹੇ ਸਨ ਤੇ ਰੰਡੀ ਦੇ ਘੁੰਗਰੂਆਂ ਨੇ ਇਕ ਵਾਰ ਸਾਰਿਆਂ ਨੂੰ ਝੂਮਣ ਤੇ ਮਜਬੂਰ ਕਰ ਦਿਤਾ। ਸ਼ਰਾਬ ਦੇ ਪਿਆਲੇ ਵਟਾ ਵਟਾ ਕੇ ਪੀਤੇ ਜਾ ਰਹੇ ਸਨ।

ਰੰਡੀ ਨੇ ਜਦ ਵੇਖਿਆ ਕਿ ਮੋਹਰਾਂ ਦੀ ਵਰਖਾ ਬੰਦ ਹੋਣ ਲਗੀ ਏ ਤੇ ਝਟ ਹੀ ਮੱਧਮ ਤੇ ਸੁਰੀਲੀ ਲੈਅ ਵਿਚ ਜਾਦੂ ਕਰਨ ਵਾਲੀ ਅਵਾਜ਼ ਕਢੀ। ਬੋਲ ਸਨ:

"ਕੋਇਲੀਆ ਮਤ ਕਰ ਪੁਕਾਰ ਕਰਿਜਵਾ ਲਾਗੇ ਕਟਾਰ"

ਏਧਰ ਰਹਿਮਤ ਕਵਾਲ ਦੇ ਬੋਲ ਵੀ ਉਭਰੇ। ਉਚੀਆਂ ਉਚੀਆਂ ਬਾਹਵਾਂ ਲਲਕਾਰ ਰਹੀਆਂ ਸਨ।

"ਆਓ ਆਓ ਮੁਹੰਮਦ ਆਓ"

ਇਹ ਬੋਲ ਜਦ ਰਹਿਮਤ ਕਵਾਲ ਨੇ ਆਪਣੇ ਕੰਠ ਵਿਚੋਂ ਕਢੇ ਤੇ ਉਹ ਵਜਦ ਵਿਚ ਆ ਗਿਆ ਤੇ ਉਚੇ ਉਚੇ ਹੱਥ ਕਰਕੇ ਤਾਨਾਂ ਲਗਾਉਣ ਲਗ ਪਿਆ। ਸੁਖਾ ਸਿੰਘ ਤੇ ਮਹਿਤਾਬ ਸਿੰਘ ਹੁਣ ਚੇਤੰਨ ਸਨ। ਤਾਨਾਂ ਲਗਦੀਆਂ ਰਹੀਆਂ ਤੇ ਬੋਲ ਉਭਰਦੇ ਰਹੇ।

ਹਰਿਮੰਦਰ ਦੇ ਗਰਭ ਵਿਚ ਬਹਾਰ ਗਾਈ ਜਾ ਰਹੀ ਸੀ। ਭਾਵੇਂ ਮੌਸਮ ਨਹੀਂ ਸੀ। ਸੁਰੀਲੀ ਮਧੁਰ ਤੇ ਸੋਹਜ ਭਰੀ ਅਵਾਜ਼ ਬਾਹਰ ਤਕ ਸੁਣਾਈ ਦਿੰਦੀ।

"ਕੋਇਲੀਆ ਮਤ ਕਰ ਪੁਕਾਰ ਕਰਿਜਵਾ ਲਾਗੇ ਕਟਾਰ"

ਮੋਹੇ ਮਰਨੇ ਕਾ ਚਾਉ

ਬੇਰੀਆਂ ਦੇ ਝੁੰਡ ਵਿਚੋਂ ਦੋ ਸੁਆਰ ਨਿਕਲੇ ਚੌਧਰੀ ਪੱਟੀ ਦੇ, ਸ਼ਿੰਗਾਰੀਆਂ ਹੋਈਆਂ ਘੋੜੀਆਂ, ਸ਼ਾਹੀ ਵਰਦੀਆਂ ਹਰੇ ਰੰਗ ਦੀਆਂ ਪੱਗੜੀਆਂ, ਹੱਥਾਂ ਵਿਚ ਥੈਲੀਆਂ ਮਾਮਲੇ ਵਾਲੀਆਂ। ਕਮਰ ਵਿਚ ਲਹੂ ਪੀਣੀਆਂ ਤਲਵਾਰਾਂ ਚੇਹਰੇ ਤੇ ਜਲਾਲ। ਲੱਟ ਲੱਟ ਬਲਦੀਆਂ ਅੱਖਾਂ। ਜੁਸੇ ਵਿਚ ਵੀ ਵੀਰਤਾ। ਗਭਰੂ ਸ਼ੀਹਾਂ ਵਰਗੇ ਜੁਆਨ। ਵੇਖਦਿਆਂ ਭੁਖ ਲਥੇ। ਇਉਂ ਜਾਪੇ ਜਿਵੇਂ ਲਾਹੌਰ ਦਰਬਾਰ ਦੇ ਵਲੀ ਅਹਿਦ ਆ ਰਹੇ ਹੋਣ। ਪੱਗਾਂ ਤੇ ਪਟਕੇ ਸ਼ਾਹੀ ਨਿਸ਼ਾਨ ਵਾਲੇ। ਤਲਵਾਰਾਂ ਤੇ ਗਾਤਰੇ ਜ਼ਰੀ ਨਾਲ ਕਢੇ ਹੋਏ। ਮਛੇਰੂ ਘੋੜੀਆਂ ਪਿੰਡੇ ਤੇ ਮੱਖੀ ਨਾ ਬਹਿਣ ਦਿੰਦੀਆਂ। ਕਿਸੇ ਰਾਜੇ ਦੇ ਪੁਤ ਬੜੇ ਠਰ੍ਹਮੇ, ਜਲਾਲ ਅਤੇ ਰੋਹਬ ਨਾਲ ਚਲੇ ਆ ਰਹੇ ਸਨ। ਹਰਿਮੰਦਰ ਦੀਆਂ ਪਰਕਰਮਾਂ ਨੂੰ ਸਿਜਦੇ ਕਰਦੇ। ਇਸ਼ਾਰਿਆਂ ਨਾਲ ਅੱਖ ਬਚਾਕੇ ਸਿਰ ਝੁਕਾਇਆ ਨਮਸਕਾਰ ਕੀਤੀ। ਇਹ ਜਵਾਨ ਕੌਣ ਸਨ। ਕਿਥੋਂ ਆਏ? ਕੀ ਕਰਨ ਆਏ? ਕਿਉਂ ਆਏ? ਕੀ ਮੈਂ ਇਹ ਦਸ ਦੇਵਾਂ? ਚੰਗਾ ਇਹ ਹੈ ਕਿ ਤੁਸੀਂ ਅਜੇ ਨਾ ਹੀ ਪੁਛੋ ਤੇ ਜ਼ਰਾ ਕੁ ਠਹਿਰ ਜਾਵੋ। ਇਹਨਾਂ ਦੇ ਪੈਂਤੜੇ ਤਾਂ ਵੇਖੋ। ਬਾਜ਼ੀਗਰ ਹਨ ਬੀਕਾਨੇਰ ਦੇ। ਮਜ਼ਾ ਆਵੇਗਾ। ਜੇ ਤੁਸੀਂ ਨਹੀਂ ਮੁੜਨਾ ਤੇ ਪੁਛਣਾ ਹੀ ਏ ਤਾਂ ਪੁਛ ਲਵੋ ਮੈਨੂੰ ਕੀ ਇਹ ਜੁਆਨ ਵੇਖਣ ਨੂੰ ਨੰਬਰਦਾਰ ਹਨ ਪੱਟੀ ਦੇ। ਪਰ ਇਹ ਝੂਠ ਏ। ਬਿਲਕੁਲ ਸੋਲਾਂ ਆਨੇ ਝੂਠ। ਇਹਨਾਂ ਵਿਚੋਂ ਇਕ ਦਾ ਨਾਂ ਸੁਖਾ ਸਿੰਘ ਤੇ ਦੂਜੇ ਨੂੰ ਮਹਿਤਾਬ ਸਿੰਘ ਆਖਦੇ ਹਨ। ਮੁਸਲਮਾਨੀ ਲਿਬਾਸ। ਪਹਿਰਾਵਾ ਮੁਗ਼ਲਈ। ਸ਼ਕਲ ਸੂਰਤ ਇਸਲਾਮੀ। ਚਲੇ ਹਨ ਮੌਤ ਦੀ ਜੰਞੇ ਚੜ੍ਹਨ। ਵਿਆਹੁਣ ਚਲੇ ਹਨ ਸੂਰਮੇ ਮੌਤ ਪਟਰਾਨੀ। ਖਲੜੀ ਵਿਚ ਰਤੀ ਭਰ ਭੈਅ ਨਹੀਂ। ਜ਼ਰਾ ਵੇਖੋ ਤਾਂ ਸਹੀ ਕਿਸ ਅੰਦਾਜ਼ ਨਾਲ ਚਲ ਰਹੇ ਹਨ। ਭਾਵੇਂ ਦੋ ਪੈਰ ਘਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ।

ਮੂੰਹ ਜੋਰ ਘੋੜੀਆਂ, ਤਣੀਆਂ ਲਗਾਮਾਂ ਵਿਚੋਂ ਅਥਰੀਆਂ ਹੁੰਦੀਆਂ ਜਾ ਰਹੀਆਂ ਨੇ। ਪਰ ਸ਼ੇਰਾਂ ਦੇ ਪੁਤਾਂ ਨੇ ਨਥਕੇ ਰਖੀਆਂ ਸਨ ਘੋੜੀਆਂ।

—ਇਹ ਕੌਣ ਹਨ?

—ਕੋਈ ਚੌਧਰੀ ਜਾਪਦੇ ਹਨ।

—ਜਾਨੇ ਪਹਿਚਾਨੇ ਤਾਂ ਲਗਦੇ ਨਹੀਂ।

—ਲਾਹੌਰ ਤੋਂ ਆਏ ਹੋਣਗੇ ਜਾਂ ਕਸੂਰ ਤੋਂ ਚੌਧਰੀਆਂ ਨੂੰ ਚੌਧਰੀਆਂ ਮਿਲਣ ਆਉਣਾ ਏ ਨਾ।

—ਕਿਆ ਬਾਂਕੇ ਜੁਆਨ, ਗੇਲੀਆਂ ਵਰਗੇ ਗਭਰੂ, ਡਾਂਗਾ ਵਰਗੇ ਕੱਦ।

—ਘੋੜੀਆਂ ਬਿਲਕੁਲ ਇਕੋ ਸਾਂਚੇ ਵਿਚੋਂ ਨਿਕਲੀਆਂ ਜਾਪਦੀਆਂ ਹਨ।

—ਕਿਸੇ ਇਕੋ ਹੱਥ ਦੇ ਬਣਾਏ ਗਭਰੂ ਹਨ। ਖੈਰ ਕੁਝ ਵੀ ਏ। ਅਲ੍ਹਾ ਬਚਾਏ ਬੁਰੀ ਨਜ਼ਰੋਂ ਸੇ। ਵੇਖੀਏ ਤਾਂ ਭੁੱਖ ਲਥਦੀ ਏ।

ਘੋੜੀਆਂ ਠੁਮਕ ਠੁਮਕ ਕਰਦੀਆਂ ਜਾ ਰਹੀਆਂ ਸੋਨ। ਸ਼ਰਾਬ ਵਿਚ ਮਸਤ ਹੋਏ ਸਿਪਾਹੀ ਚੌਧਰੀਆਂ ਨੂੰ ਝੁਕ ਝੁਕ ਕੇ ਸਲਾਮਾਂ ਕਰ ਰਹੇ ਸਨ। ਕਈਆਂ ਕਦਮ ਬੋਸੀ ਕੀਤੀ ਸਵਾਰ ਆਪਣੀ ਮਗਰੂਰੀ ਵਿਚ ਜਵਾਬ ਦੇਂਦੇ। ਘੋੜੀਆਂ ਜਿਉਂ ਜਿਉਂ ਅਗੇ ਵਧਦੀਆਂ ਸਿਪਾਹੀ ਰਾਹ ਛੱਡ ਦਿੰਦੇ ਤੇ ਨਸ਼ੇ ਵਿਚ ਝੂਮਦੇ ਆਖਦੇ "ਬਾ ਮੁਲਾਹਜ਼ਾ ਹੋਸ਼ਿਆਰ।"

ਨਾਥਾਂ ਨੇ ਚਿਮਟੇ ਖੜਕਾਏ ਧੂਣਿਆਂ ਵਿਚੋਂ ਅੱਗ ਫੋਲੀ। ਲਾਟਾਂ ਨਿਕਲੀਆਂ ਧੂਣੀ ਵਿਚੋਂ। ਸਵਾਰ ਵਧ ਰਹੇ ਸਨ ਹਰਿਮੰਦਰ ਵਲ। ਸਖੀ ਸਰਵਰਾਂ ਦੀ ਟੋਲੀ ਪਰਦਖਣਾ ਕਰ ਚੁਕੀ ਸੀ। ਹਾਲ ਖੇਡਣ ਵਾਲੇ ਨੇ ਅੱਲਾ ਹੀ ਅੱਲਾ ਦਾ ਹੋਕਾ ਦਿਤਾ।

ਬਾਬੇ ਬੁਢੇ ਦੀ ਬੇਰ ਲੰਘੇ ਸਾਹਮਣੇ ਅਕਾਲ ਤਖਤ ਨਜ਼ਰੀ ਪਿਆ। ਸਵਾਰਾਂ ਨੇ, ਫਿਰ ਅੱਖ ਝਮਕਣ ਵਿਚ ਤਾਂ ਦੇਰ ਲਗਦੀ ਏ ਪਰ ਉਹਨਾਂ ਏਨੀ ਹੁਸ਼ਿਆਰੀ ਨਾਲ ਸਿਰ ਝੁਕਾਇਆ ਅਕਾਲ ਤਖਤ ਵਲ ਕੋਈ ਬੰਦਾ ਸਿਰ ਨਾ ਹੋਇਆ। ਘੋੜੀਆਂ ਵੀ ਸਰੂਰ ਵਿਚ ਆ ਰਹੀਆਂ ਸਨ। ਥੜਾ ਸਾਹਿਬ ਦੇ ਵੇਹੜੇ ਵਿਚ ਆ ਗਏ ਗਭਰੂ। ਕਵਾਲੀਆਂ ਗਾਉਣ ਵਾਲਾ ਰਹਿਮਤ ਆਖ ਰਿਹਾ ਸੀ:

"ਕਰਬਲਾ ਮੇਂ ਜਬ ਹੁਸੈਨ ਆਏ ਥੇ,
ਜ਼ਮੀਨ ਨੇ ਸਿਜਦੇ ਕੀਏ ਝੁਕਾ ਅਸਮਾਨ ਆਗੇ।"

ਚੌਧਰੀਆਂ ਦੀ ਸ਼ਕਲ ਵੇਖਦਿਆਂ ਹੀ ਸਿਪਾਹੀਆਂ ਦੇ ਪਸੀਨੇ ਛੁਟ ਗਏ। ਭਾਵੇਂ ਨਸ਼ਾ ਹਰਨ ਨਹੀਂ ਸੀ ਹੋਇਆ ਪਰ ਲੋਰ ਵਿਚ ਆਏ ਉਠ ਖਲੋਤੇ।

—ਚੌਧਰੀ ਨੇ ਆਖਿਆ।

—ਪਹਿਰੇ ਤੇ ਕੌਣ ਏ ?

—ਅਸੀਂ ਹਾਂ ਸਰਕਾਰ।

—ਪਹਿਰਾ ਏਸ ਤਰ੍ਹਾਂ ਦਿਤਾ ਜਾਂਦਾ ਏ।

—ਨਹੀਂ ਸਰਕਾਰ ਤਿਖੜ ਦੁਪਹਿਰ ਵਿਚ ਬੰਦਾ ਉਦਾਂ ਹੀ ਬੇਂਦਲ ਜਾਂਦਾ ਏ। ਜ਼ਰਾ ਐਵੇਂ ਛਾਵੇਂ ਬੈਠੇ ਸਾਂ।

—ਨਮਕ ਹਰਾਮ ਸਵਾਰਾਂ ਨੇ ਛਾਲਾਂ ਮਾਰੀਆਂ ਤੇ ਉਤਰ ਬੈਠੇ ਘੋੜੀਆਂ ਤੋਂ। ਘੋੜੀਆਂ ਨੂੰ ਉਹਨਾਂ ਅਗੋਂ ਵਧਕੇ ਫੜਿਆ।

—ਸਾਹਮਣੇ ਦਰਖਤ ਕੇ ਸਾਥ ਬਾਂਧ ਦੋ। ਜ਼ਰਾ ਹੁਸ਼ਿਆਰ ਰਹਿਣਾ। ਯੇ ਦਰਖਤ ਉਖਾੜ ਕਰ ਭਾਗ ਨਾ ਜਾਏਂ।

—ਨਹੀਂ ਸਰਕਾਰ।

—ਚੌਧਰੀਆਂ ਦੇ ਤੇਜ਼ ਤੇ ਜਲਾਲ ਨੇ ਸਿਪਾਹੀਆਂ ਦੇ ਰੰਗ ਫੱਕ ਕਰ ਦਿਤੇ! ਦੋਵੇਂ ਗਭਰੂ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਟੱਪੇ। ਧੌਣ ਅਕੜਾ ਕੇ। ਜਿਦਾਂ ਕੋਈ ਮਗਰੂਰ ਨਿਕਲੇ ਮਹਿਲ ਦਾ ਦਰਵਾਜ਼ਾ। ਪਰ ਨਹੀਂ ਉਹਨਾਂ ਨੇ ਇਕ ਵਾਰ ਗੁਰੂ ਨੂੰ ਧਿਆਇਆ। ਸਿਰ ਝੁਕਾ ਕੇ ਨਮਸਕਾਰ ਕੀਤੀ। ਇਹ ਕਸਬ ਉਹਨਾ ਦਾ ਆਪਣਾ ਸੀ। ਕਿਸੇ ਨੇ

ਵੇਖਿਆ ਨਾ ਤੇ ਨਾ ਹੀ ਕਿਸੇ ਨੇ ਅੱਖ ਮਿਲਾਉਣ ਦੀ ਜੁਰਅਤ ਕੀਤੀ। ਸਿਪਾਹੀ ਥਰ ਥਰ ਕੰਬ ਰਹੇ ਸਨ।

ਰਹਿਮਤ ਕਵਾਲ ਤਾਨਾਂ ਲਾ ਰਿਹਾ ਸੀ।

"ਕਰਬਲਾ ਮੇ ਜਬ ਹੁਸੈਨ ਆਏ ਥੇ,
ਜ਼ਮੀਨ ਨੇ ਸਿਜਦੇ ਕੀਏ ਝੁਕਾ ਆਸਮਾਨ ਆਗੇ।"

ਮੋਹਰਾਂ ਵਾਲੀਆਂ ਥੈਲੀਆਂ ਇਕ ਵਾਰ ਛਣਕਾਈਆ ਤੇ ਚੌਧਰੀਆਂ ਨੇ ਇਕ ਮੁਠ ਸਿਪਾਹੀਆਂ ਵਲ ਸੁਟੀ। ਕਵਾਲੀ ਦੇ ਬੋਲ ਮੱਧਮ ਹੋਏ ਤੇ ਰਹਿਮਤ ਬੋਲਿਆ :

—ਕੌਣ ਹਨ ਇਹ।

—ਕੋਈ ਚੌਧਰੀ ਜਾਪਦੇ ਹਨ। ਯਾ ਮਾਮਲਾ ਤਾਰਨ ਆਏ ਹਨ, ਯਾ ਕੋਈ ਪੈਗ਼ਾਮ ਲੈ ਕੇ ਆਇਆ ਏ ਸ਼ਾਹੀ ਹਲਕਾਰਾ।

—ਰੋਕਿਆ ਨਹੀਂ।

—ਰੋਕ ਕੇ ਮਰਨਾ ਏ। ਸਾਡੀ ਤਾਂ ਹਿੰਮਤ ਹੀ ਪਸਤ ਹੋ ਗਈ। ਸਾਡੀਆਂ ਅੱਖਾਂ ਚੁੰਧਿਆ ਗਈਆਂ। ਉਹਨਾਂ ਦੇ ਜਲਾਲ ਅਗੇ ਸਾਡੀ ਅੱਖ ਨਹੀਂ ਟਿਕ ਸਕਦੀ। ਖੈਰ ਬੰਦੇ ਬਹੁਤ ਦਲੇਰ ਹਨ। ਬੜੇ ਸਖੀ ਤੇ ਖ਼ੁਦਾਂ ਤਰਸ ਜਾਪਦੇ ਹਨ।

ਚੌਧਰੀ ਸਿਧੇ ਹਰਿਮੰਦਰ ਵਲ ਗਏ। ਪੁਲ ਤੇ ਪਬ ਰਖਦੇ ਤੇ ਕਦੀ ਜ਼ਮੀਨ ਤੋਂ ਉਚਾ ਤੇ ਫੇਰ ਜ਼ਮੀਨ ਤੇ। ਗੱਲ ਕੀ ਜ਼ਮੀਨ ਤੋਂ ਗਿਠ ਗਿਠ ਉਚੇ ਚਲ ਰਹੇ ਸੀ।

ਘੁੰਗਰੂ ਛਣਕ ਰਹੇ ਸਨ। ਤਬਲਾ ਬੁੜਕ ਰਿਹਾ ਸੀ। ਰੰਡੀ ਨਚ ਰਹੀ ਸੀ। ਆਵਾਜ਼ ਸੁਰੀਲੀ ਤੇ ਸੋਹਜਭਰੀ ਲਚਕ ਸੀ ਕਸ਼ਸ਼। ਇਕ ਵਾਰ ਤਾਂ ਪੈਰ ਰੁਕੇ। ਪਰ ਬੜੀ ਜਵਾਂ ਮਰਦੀ ਨਾਲ ਅਗੇ ਵਧੇ ਹੋਰ ਅਗੇ। ਜਦੋਂ ਉਹਨਾਂ ਵੇਖਿਆ ਮੁਜਰਾ ਹੋ ਰਿਹਾ ਏ, ਉਹਨਾਂ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲੇ। ਲਾਲ ਸੂਹਾ ਹੋ ਗਿਆ ਚੇਹਰਾ ਪਰ ਉਹਨਾਂ ਆਪਣੇ ਆਪ ਨੂੰ ਕਾਬੂ ਰਖਿਆ ਤੇ ਹੋਛੇ ਹਥਿਆਰਾਂ ਵਿਚ ਨਹੀਂ ਆਏ।

—ਬਾਹਰ ਦਰਵਾਜ਼ੇ ਵਿਚ ਇਕ ਪਹਿਰੇਦਾਰ ਸੀ, ਬੋਲਿਆ ਕਿਥੋਂ ਆਏ ਹੋ ? ਕੌਣ ਹੋ ?

—ਚੌਧਰੀ ਹਾਂ ਪਟੀ ਦੇ, ਮਾਮਲਾ ਤਾਰਨ ਆਏ ਹਾਂ।

—ਆਉਣ ਦਿਓ। ਮਾਮਲਾ ਲੈ ਕੇ ਆਉਣ ਵਾਲੇ ਭਲੇ ਲੋਕ ਹਨ। ਅਵਾਜ਼ ਮੱਸੇ ਰੰਘੜ ਦੀ ਸੀ।

ਚੌਧਰੀ ਅੰਦਰ ਲੰਘ ਗਏ। ਦੋ ਚਾਰ ਸ਼ਰਾਬੀ ਝੋਲੀ ਚੁੱਕ ਮੱਸੇ ਰੰਘੜ ਦੇ ਸਾਹਮਣੇ ਬੈਠੇ ਹੋਏ ਸਨ। ਸਤਿਗੁਰਾਂ ਦੇ ਦਰਬਾਰ ਵਿਚ ਹੁੱਕਾ ਪਿਆ ਹੋਇਆ ਸੀ। ਸ਼ਰਾਬ ਤੇ ਸੁਰਾਹੀ ਨਜ਼ਰ ਪਈ। ਪਲੰਘ ਡਾਹ ਕੇ ਮੱਸਾ ਬੈਠਾ ਹੋਇਆ ਸੀ। ਬਸ ਫੇਰ ਕੀ ਸੀ। ਸਿੰਘਾਂ ਨੂੰ ਰੋਹ ਚੜ੍ਹ ਗਿਆ। ਲਹੂ ਖੌਲਿਆ ਬੁਲ੍ਹ ਫਰਕੇ ਨਾੜ ਨਾੜ ਫੁਲ ਗਈ। ਹੱਥ ਤਲਵਾਰਾਂ ਦੀ ਮਠ ਤੇ ਜਾਣ ਹੀ ਲਗਾ ਸੀ ਪਰ ਰੁਕ ਗਏ।

—ਆਓ ਅਗੇ ਆਓ। ਝਕੋ ਨਾ ਡਰੋ ਨਾ। ਇਸ ਜੰਨਤ ਤੇ ਹੁਣ ਮੇਰਾ ਕਬਜ਼ਾ ਏ। ਸਿੰਘ ਹੁਣ ਮਰ ਖਪ ਗਏ। ਇਥੇ ਹੁਣ ਮੱਸੇ ਰੰਘੜ ਦਾ ਰਾਜ ਏ। ਮਾਮਲਾ ਲਿਆਓ। ਬਹੁਤ ਚੰਗਾ ਕੀਤਾ ਜੇ। ਮਾਮਲਾ ਖ਼ੁਦ ਦਾਖ਼ਲ ਕਰਾਉਣ ਵਾਲਿਆਂ ਨੂੰ ਹਕੂਮਤ ਬਹੁਤ ਮਰਤਬੇ ਬਖ਼ਸ਼ਦੀ ਏ।

ਸੁਖਾ ਸਿੰਘ ਨੇ ਝੁਕ ਕੇ ਸਲਾਮ ਕੀਤੀ ਅਤੇ ਤਲਵਾਰ ਲਾਹ ਕੇ ਜ਼ਮੀਨ ਤੇ ਰਖ ਦਿਤੀ ਤੇ ਜ਼ਰਾ ਕੁ ਡਰਿਆ ਸਹਮਿਆਂ ਅਤੇ ਆਖਣ ਲੱਗਾ—ਹਜ਼ੂਰ ਮੇਰੀਆਂ ਤਾਂ ਲੱਤਾਂ ਕੰਬਦੀਆਂ ਹਨ। ਏਸ ਮਸੀਤ ਵਿਚ ਪੈਰ ਧਰਦਿਆਂ ਮੈਨੂੰ ਤਾਂ ਡਰ ਲਗਦਾ ਏ। ਮੈਨੂੰ ਤਾਂ ਮੌਤ ਵਿਖਾਈ ਦਿੰਦੀ ਏ। ਮੈਨੂੰ ਤਾਂ ਸਿੰਘਾਂ ਦੇ ਪਰਛਾਵੇਂ ਨਜ਼ਰ ਆਉਂਦੇ ਹਨ ਅਸਾਂ ਤਾਂ ਅਗੇ ਨਹੀਂ ਆਉਣਾ। ਇਹ ਸਿੰਘਾਂ ਦੇ ਪੀਰਾਂ ਦਾ ਅਸਥਾਨ ਏ। ਉਹ ਬੜੇ ਕਰਾਮਾਤੀ ਹਨ। ਬੋਲ ਸੁਖਾ ਸਿੰਘ ਦੇ ਸਨ।

—ਓਏ ਮੂਰਖੋ ਕਰਾਮਾਤਾਂ ਸਭ ਦੂਰ ਹੋ ਗਈਆਂ। ਹੁੱਕਾ, ਸ਼ਰਾਬ ਤੇ ਨਾਚ ਸਭ ਫ਼ਕੀਰਾਂ ਨੂੰ ਨਾਸ ਕਰ ਦਿੰਦਾ ਏ। ਓਏ ਤੁਸੀਂ ਵੀ ਪਿਆਲੇ ਭਰ ਭਰ ਕੇ ਪੀਓ। ਛਬੀਲ ਲਗੀ ਹੋਈ ਏ।

—ਨਹੀਂ ਸਰਕਾਰ ਨਹੀਂ ਅਸਾਂ ਨੂੰ ਤਾਂ ਡਰ ਲਗਦਾ ਏ।

—ਬੜੇ ਡਰਾਕਲ ਹੋ। ਅੱਛਾ ਸੁਟ ਦਿਓ ਥੈਲੀਆਂ। ਸੁਖਾ ਸਿੰਘ ਪਿਛਲੇ ਪੈਰੀਂ ਥੋਹੜਾ ਜਿਹਾ ਪਿਛੇ ਹੋ ਗਿਆ।

ਸੁਖਾ ਸਿੰਘ ਨੇ ਥੈਲੀ ਵਗਾਹ ਮਾਰੀ। ਫੇਰ ਵਾਰੀ ਆਈ ਮਹਿਤਾਬ ਸਿੰਘ ਦੀ। ਉਸ ਵੀ ਤਲਵਾਰ ਕਮਰ ਤੋਂ ਖੋਲ੍ਹ ਕੇ ਜ਼ਮੀਨ ਤੇ ਰਖ ਦਿਤੀ।

ਅੱਛਾ ਤੂੰ ਵੀ ਸੁਟ ਦੇ। ਉਏ ਮੂਰਖੋ ਚੌਧਰੀ ਪੈਂਡਾ ਕਰਕੇ ਆਏ ਨੇ ਸ਼ਰਾਬ ਦੇ ਪਿਆਲੇ ਭਰ ਭਰ ਕੇ ਦਿਓ।

—ਹਜ਼ੂਰ ਏਨੀ ਗੁਸਤਾਖੀ। ਹਜ਼ੂਰ ਦੇ ਸਾਹਮਣੇ ਅਸੀਂ ਸ਼ਰਾਬ ਪੀਏ।

ਨਾਚੀ ਨੇ ਇਕ ਗੇੜਾ ਲਿਆ ਤੇ ਕਮਰ ਨੂੰ ਮਰੋੜਾ ਜਿਹਾ ਦਿਤਾ ਤੇ ਇਹਦੇ ਨਾਲ ਹੀ ਝੂਮ ਉਠਿਆ ਮੱਸਾ। ਸ਼ਰਾਬ ਵਿਚ ਗੁਟ ਸੀ।

—ਲਿਆ ਥੈਲੀ ਮੈਂ ਖੋਹਲਾਂ ਤੇ ਅਜ ਇਹਦੇ ਵਿਚੋਂ ਹੀ ਇਹਦੀ ਝੋਲੀ ਭਰ ਦਿਆਂ। ਇਹ ਕੀ ਯਾਦ ਕਰੇਗੀ ਕਿ ਕਿਸੇ ਰਈਸ ਨਾਲ ਵਾਸਤਾ ਪਿਆ ਸੀ।

ਅਸਲ ਵਿਚ ਦੋਵੇਂ ਥੈਲੀਆਂ ਏਸ ਢੰਗ ਨਾਲ ਸੁਟੀਆਂ ਗਈਆਂ ਸਨ ਕਿ ਦੋਵੇਂ ਹੀ ਪਲੰਘ ਦੇ ਥਲੇ ਚਲੀਆਂ ਗਈਆਂ ਸਨ।

ਘੁੰਗਰੂ ਛਣਕ ਰਹੇ ਸਨ। ਸਰੰਗੀ ਕੂਕ ਰਹੀ ਸੀ। ਤਬਲਾ ਬੁੜ੍ਹਕ ਬੁੜ੍ਹਕ ਪੈ ਰਿਹਾ ਸੀ।

ਮੱਸਾ ਰੰਘੜ ਪਲੰਘ ਤੋਂ ਝੁਕਿਆ ਆਪੇ ਹੀ ਥੈਲੀਆਂ ਫੜਨ।

ਰੋਹ ਜਾਗਿਆ, ਲਹੂ ਖੋਲਿਆ। ਮਹਿਤਾਬ ਸਿੰਘ ਅਗੇ ਸੀ ਤੇ ਉਹਦੇ ਪਿਛੇ ਸੁਖਾ ਸਿੰਘ। ਉਸ ਅੱਖ ਨਾ ਝਮਕਣ ਦਿਤੀ ਆਪਣੀ ਤਲਵਾਰ ਫਰਸ਼ ਤੋਂ ਚੁਕ ਲਈ ਤੇ ਤਲਵਾਰ ਸੂਤ ਕੇ ਭਰਵਾਂ ਹੱਥ ਮਾਰਿਆ ਗੁਰੂ ਦਾ ਨਾਂ ਲੈ ਕੇ। ਸੂਰ ਵਰਗੀ ਧੌਣ ਨੇ ਤਲਵਾਰ ਦਾ ਇਕ ਵਾਰ ਨਾ ਝਲਿਆ। ਗਾਟਾ ਲਾਹ ਕੇ ਸੁਟ ਦਿਤਾ ਸੂਰਮੇ ਨੇ। ਇੰਨੇ ਚਿਰ ਵਿਚ ਮਹਿਤਾਬ ਸਿੰਘ ਵੀ ਤਲਵਾਰ ਸੰਭਾਲ ਚੁਕਾ ਸੀ।

ਲਹੂ ਦਾ ਫ਼ੁਹਾਰਾ ਛੁਟਿਆ, ਲਹੂ ਨਾਲ ਰੰਗਿਆ ਗਿਆ ਪਲੰਘ। ਲਹੂ ਲੁਹਾਨ ਹੋ ਗਿਆ ਫਰਸ਼।

ਨਾਚੀ ਨਾਚ ਭੁਲ ਗਈ। ਥਮ ਗਿਆ ਤਬਲਾ। ਗੂੰਗੀ ਹੋ ਗਈ ਸਰੰਗੀ।

ਸੁਖਾ ਸਿੰਘ ਨੇ ਅਗੇ ਵਧਕੇ ਮੱਸੇ ਰੰਘੜ ਦੀ ਧੌਣ ਨੂੰ ਪਟਿਆਂ ਤੋਂ ਫੜ ਲਿਆ। ਮਹਿਤਾਬ ਸਿੰਘ ਨੇ ਪਹਿਰੇਦਾਰ ਦੇ ਦੋ ਟੋਟੇ ਕਰ ਦਿਤੇ। ਬਾਕੀ ਕੁਝ ਸਾਜ਼ਿੰਦੇ ਨਸ ਗਏ ਤੇ ਕੁਝ ਡੁਬ ਮੋਏ ਤਲਾ ਵਿਚ।

—ਮਹਿਤਾਬ ਸਿੰਘ ਬੋਲਿਆ। ਬਸ ਏਥੇ ਹੀ ਖੜੇ ਰਹੋ ਜੇ ਜਾਨ ਦੀ ਖੈਰ ਚਾਹੁੰਦੇ ਹੋ। ਅਗੇ ਵਧ ਉਏ ਥੈਲੀਆਂ ਕਢ ਪਲੰਘ ਥਲਿਓਂ।

ਛਤਿਆਂ ਵਰਗੇ ਪਟਿਆਂ ਵਾਲੇ ਬੰਦੇ ਨੇ ਪਲੰਘ ਥਲੇ ਵੜ ਕੇ ਥੈਲੀਆਂ ਕਢੀਆਂ ਤੇ ਸਾਹਮਣੇ ਰਖ ਦਿਤੀਆਂ। ਪੱਖੀ ਵਾਂਗੂੰ ਡੋਲ੍ਹਦਾ ਸੀ ਉਹਦਾ ਸਾਰਾ ਸਰੀਰ। ਮਹਿਤਾਬ ਸਿੰਘ ਨੇ ਜੋਸ਼ ਵਿਚ ਆ ਕੇ ਇਕ ਹੱਥ ਤਲਵਾਰ ਦਾ ਮਾਰਿਆ, ਤਬਲਚੀ ਤੇ ਬਚ ਗਿਆ ਪਰ ਨਾਚੀ ਵਿਚਾਰੀ ਦੀ ਸ਼ਾਮਤ ਆ ਗਈ। ਘੁੰਗਰੂਆਂ ਵਾਲੀ ਲੱਤ ਦੋ ਟੂਕ ਹੋ ਗਈ।

ਦਹਿਸ਼ਤ ਛਾ ਗਈ। ਭੈਅ ਨੇ ਨਿਰਬਲ ਕਰ ਦਿਤਾ ਸਾਰਾ ਅਖਾੜਾ।

ਸੁਖਾ ਸਿੰਘ ਦੀ ਅਵਾਜ਼ ਸੀ—ਚਲ ਹਰ ਕੀ ਪਉੜੀ ਤੋਂ ਚਰਨਾਮਤ ਤਾਂ ਲਈਏ। ਫਿਰ ਚਲੀਏ ਗੁਰੂ ਦੀ ਨਗਰੀ। ਹੁਣ ਜੇ ਸ਼ਹਿਰ ਵੀ ਜਾਵਾਂਗੇ ਤਾਂ ਵੀ ਕੋਈ ਪਰਵਾਹ ਨਹੀਂ।

ਚਰਨਾਮਤ ਲਿਆ ਤੇ ਪਟਿਆ ਤੋਂ ਫੜਿਆ ਮੱਸੇ ਰੰਘੜ ਦਾ ਸਿਰ, ਲਹੂ ਭਿਜੀ ਤਲਵਾਰ ਹਥ ਵਿਚ। ਡਰਦੇ ਬੰਦੇ ਮਿਟੀ ਦੀਆਂ ਬਾਜ਼ੀਆਂ ਵਾਂਗੂ ਸੁੰਨ ਸਨ। ਕਿਤੇ ਕਤਰਾ ਲਹੂ ਦਾ ਨਹੀਂ ਸੀ ਜਿਹੜਾ ਹਰਕਤ ਕਰੇ।

ਲਹੂ ਦੇ ਤੁਪਕੇ ਫਰਸ਼ ਤੇ ਡਿਗ ਰਹੇ ਸਨ। ਪਰ ਗਭਰੂ ਵੀਰ ਬਹਾਦਰ ਪੂਰੇ ਜੋਸ਼ ਵਿਚ ਬਾਹਰ ਆਏ ਤੇ ਆਉਂਦਿਆਂ ਹੀ ਮਹਿਤਾਬ ਸਿੰਘ ਨੇ ਥੈਲੀ ਦਾ ਮੂੰਹ ਖੋਲ੍ਹਿਆ ਤੇ ਮੁਠਾਂ ਭਰ ਭਰ ਕੇ ਸੁੱਟ ਕੀਤੀ ਸਿਪਾਹੀਆਂ ਵਲ। ਪਰ ਜਦੋਂ ਸਿਪਾਹੀਆਂ ਮੱਸੇ ਰੰਘੜ ਦਾ ਸਿਰ ਵੇਖਿਆ ਤਾਂ ਗਸ਼ ਖਾਕੇ ਡਿੱਗ ਪਏ।

ਰਹਿਮਤ ਕਵਾਲ ਨੇ ਘੋੜੀਆਂ ਖੋਲ੍ਹ ਕੇ ਹਾਜ਼ਰ ਕੀਤੀਆਂ। ਅਸਲ ਵਿਚ ਰਹਿਮਤ ਨੇ ਪਹਿਲਾਂ ਹੀ ਘੋੜੀਆਂ ਖੋਲ੍ਹ ਰਖੀਆਂ ਸਨ। ਜਦ ਉਸ ਵੇਖਿਆ ਸੀ ਕਿ ਮੱਸੇ ਰੰਘੜ ਦਾ ਸਿਰ ਲੈਕੇ ਆ ਰਹੇ ਹਨ ਜਵਾਨ ਮਰਦ।

—ਗੁਰੂ ਰਾਖਾ! ਰਹਿਮਤ ਕਵਾਲ ਦੀ ਅਵਾਜ਼ ਸੀ।

ਸਿਪਾਹੀਆਂ ਦੇ ਘੁਟੇ ਹੋਏ ਗਲ ਵਿਚੋਂ ਅਵਾਜ਼ ਨਿਕਲੀ—ਸਿੰਘ।

ਜਦ ਦੂਜਿਆਂ ਇਹ ਅਵਾਜ਼ ਸੁਣੀ ਤਦ ਤਕ ਸੁਖਾ ਸਿੰਘ ਤੇ ਮਹਿਤਾਬ ਸਿੰਘ ਘੋੜੀਆਂ ਤੇ ਸਵਾਰ ਹੋ ਚੁਕੇ ਸਨ। ਜਦ ਉਹ ਤਿਆਰ ਹੋਏ ਤਾਂ ਉਹ ਸੂਰਮੇ ਤੇ ਉਹਨਾਂ ਦੀਆਂ ਘੋੜੀਆਂ ਹਵਾ ਨਾਲ ਗੱਲਾਂ ਕਰਦੀਆਂ ਨਿਕਲ ਤੁਰੀਆਂ ਸਨ ਅੰਮ੍ਰਿਤਸਰ ਤੋਂ ਦੂਰ।

ਧੂਣੀਆਂ ਤੋਂ ਨਾਥਾਂ ਨੇ ਤਲਵਾਰਾਂ ਧੂਹੀਆਂ। ਸਖੀ ਸਰਵਰਾਂ ਦੀਆਂ ਟੋਲੀਆਂ ਵਿਚੋਂ ਤਲਵਾਰਾਂ ਲਿਸ਼ਕੀਆਂ ਤੇ ਉਹਨਾਂ ਆਹੂ ਲਾਹ ਸੁਟੇ। ਕਈ ਟਿਕਾਣੇ ਲਾ ਦਿਤੇ ਤੇ ਕਈ ਨਸ ਗਏ।

—ਸਿੰਘ ਸਿੰਘ ਆ ਗਏ ! ਅਵਾਜ਼ਾਂ ਤੇ ਬੜੀਆਂ ਸਨ ਪਰ ਮਧਮ ਸਨ।

ਸਿੰਘ ਹਰਨ ਹੋ ਗਏ ਮੱਸੇ ਰੰਘੜ ਦਾ ਸਿਰ ਲੈ ਕੇ।

ਖੁਦਾ ਸਿੰਘਾਂ ਨੂੰ ਮੇਰੀ ਉਮਰ ਦੇਵੇ, ਜੁਗ ਜੁਗ ਜੀਉਣ ਸਿੰਘ। ਗੁਲੂ ਬਾਈ ਨੇ ਚੁਬਾਰੇ ਵਿਚੋਂ ਵੇਖਿਆ ਤੇ ਖੁਦਾ ਅਗੇ ਦਆ ਕੀਤੀ।

ਰਾਮਦਾਸ ਸਰੋਵਰ ਨਾਤੇ

ਮਾਂਗਵੀ ਧਾੜ ਫੂਕ ਮਾਰਿਆਂ ਉਡ ਗਈ ਜਿਧਰ ਕਿਸੇ ਦੇ ਸਿੰਙ ਸਮਾਏ ਉਧਰ ਹੀ ਉਸ ਮੂੰਹ ਚੁਕ ਲਿਆ। ਕਈ ਤਲਵਾਰ ਦੀ ਭੇਂਟ ਚੜ੍ਹ ਗਏ ਤੇ ਕਈ ਨੰਗੀ ਪੈਰੀਂ ਪਤਰਾ ਵਾਚ ਗਏ। ਕੁਕੜਾਂ ਦੇ ਖੁੱਡੇ ਵਿਚ ਲੁਕੇ ਕਈ ਸਿਪਾਹੀ ਸਿੰਘਾਂ ਨੇ ਕਢੇ ਤੇ ਪਾਰ ਬੁਲਾ ਦਿਤੇ। ਅਮਾਨ ਅਮਾਨ ਪੁਕਾਰ ਰਹੇ ਸਨ ਮੱਸੇ ਰੰਘੜ ਦੇ ਖ਼ੂਨੀ ਦਰਿੰਦੇ ਜ਼ਾਲਮ ਬਹਾਦਰ। ਮੀਰੇ ਕਾਰਵਾਨ ਦਾ ਸਿਰ ਲਥਾ ਤੇ ਕਾਰਵਾਨ ਖੇਰੂ ਖੇਰੂ ਹੋ ਗਿਆ। ਕਿਸੇ ਊਠ ਨੇ ਪਹਾੜ ਵਲ ਬੂਥੀ ਚੁਕ ਲਈ ਤੇ ਕਿਸੇ ਦਖਣ ਵਲ। ਜਿਹਦੇ ਹਥ ਜਿਹੜਾ ਊਠ ਆਇਆ ਉਹੋ ਹੀ ਉਸ ਦਾ ਮਾਲਕ ਬਣ ਗਿਆ। ਦੂਨੀ ਦਾਇਰ ਵੀ ਸੰਭਾਲੀ ਗਈ। ਭਜਦਿਆਂ ਦਾ ਜੇ ਕਿਤੇ ਕੁਲ੍ਹਾ ਵੀ ਹੱਥ ਆ ਗਿਆ ਤੇ ਉਹ ਕਿਸੇ ਨੇ ਨਾ ਛਡਿਆ। ਭਜਦੇ ਚੋਰ ਦੀ ਲੰਗੋਟੀ ਹੀ ਸਹੀ। ਮੁਕਦੀ ਗੱਲ ਹਰਿਮੰਦਰ ਸਾਹਿਬ ਵਿਚ ਤਾਂ ਹੂੰਝਾ ਫਿਰ ਗਿਆ। ਕੋਈ ਪਠਾਨ ਕੋਈ ਰੰਘੜ ਮੁਗਲ ਜਾਂ ਸਰਕਾਰੀ ਕਰਮਚਾਰੀ ਨਜ਼ਰ ਨਹੀਂ ਸੀ ਆਉਂਦਾ। ਸਿਰਫ ਚੌਂਕੀਆਂ ਤੇ ਪਹਿਰੇਦਾਰ ਬੈਠੇ ਹੋਏ ਸਨ। ਸਿੰਘਾਂ ਨੇ ਉਹਨਾਂ ਨੂੰ ਬਿਲਕੁਲ ਨਾ ਛੇੜਿਆ ਅਤੇ ਨਾ ਤੁਖਣੀ ਦਿਤੀ। ਇਹਦੇ ਨਾਲ ਸੁਖਾ ਸਿੰਘ ਤੇ ਮਹਿਤਾਬ ਸਿੰਘ ਦੂਰ ਨਿਕਲ ਗਏ। ਰਾਤ ਦੀ ਵਿਚ ਵਿਥ ਪੈ ਗਈ। ਸੂਰਮੇ ਪੱਟੀ ਪੁਜ ਗਏ ਸਨ। ਹਾਹਾਕਾਰ ਮਚ ਗਈ ਸੀ ਸਿੰਘ ਆ ਗਏ, ਸਿੰਘ ਆ ਗਏ। ਬਸ ਏਸੇ ਦੌੜ ਭਜ ਵਿਚ ਸਿਘ ਟਿਕਾਣੇ ਲਗ ਗਏ ਸਨ। ਜਦ ਖਬਰਾਂ ਦਾ ਗੋਲਾ ਫਟਿਆ ਤਦ ਹਾਕਮਾਂ ਦੇ ਦਿਲ ਵਿਚ ਧੁੜਕੂ ਪੈਦਾ ਹੋਇਆ ਤੇ ਉਹਨਾਂ ਘੋੜੇ ਕਸੇ। ਤਲਵਾਰਾਂ ਨੂੰ ਸੂਰਜ ਦੀ ਧੁਪ ਵਿਖਾਈ। ਪਰ ਫੇਰ ਕੀ ਸੀ ਅੰਨ੍ਹੇ ਕੁੱਤੇ ਹਰਨਾਂ ਮਗਰ, ਖੁਚੀਂ ਘਟਾ ਪੁਆ ਕੇ ਮੁੜ ਆਏ। ਨਾ ਸਿੰਘ ਲਭੇ ਤੇ ਨਾ ਉਹਨਾਂ ਦਾ ਪਰਛਾਵਾਂ।

ਰਹਿਮਤ ਕਵਾਲ ਨੇ ਚੋਲਾ ਲਾਹ ਕੇ ਵਗਾਹ ਮਾਰਿਆ ਤੇ ਵਿਚੋਂ ਬਿਜਲਾ ਸਿੰਘ ਨਿਕਲ ਆਇਆ।

ਧਾਰਾ ਸਿੰਘ ਆਖਣ ਲਗਾ ਵਿਚਾਰੇ ਪਾਰਾ ਸਿੰਘ ਦੀ ਵੀ ਖਬਰ ਲਈ ਜੇ। ਕਿਤੇ ਦਰਖਤ ਤੇ ਟੰਗਿਆ ਹੀ ਨਾ ਆਕੜ ਜਾਏ। ਮਨਸਾ ਸਿੰਘ ਤੇ ਧਾਰਾ ਸਿੰਘ ਜਦ ਦਰਖਤ ਦੇ ਕੋਲ ਪੁਜੇ ਤਾਂ ਪਾਰਾ ਸਿੰਘ ਬੇਹੋਸ਼ ਰਸੇ ਨਾਲ ਬਝਾ ਹੋਇਆ ਟਾਹਣ ਤੇ ਆਕੜਿਆ ਹੋਇਆ ਲੱਤਾਂ ਸੁਜੀਆਂ ਹੋਈਆਂ, ਖ਼ੂਨ ਸਿਰ ਨੂੰ ਚੜ੍ਹਿਆ ਹੋਇਆ, ਬੜੀ ਮੁਸ਼ਕਲ ਨਾਲ ਸਿੰਘ ਨੂੰ ਲਾਹਿਆ ਤੇ ਬੜੇ ਵਖਤਾਂ ਨਾਲ ਹੋਸ਼ ਵਿਚ ਆਂਦਾ ਸਿੰਘ।

—ਕੀ ਹਾਲ ਏ ? ਪਾਰਾ ਸਿੰਘ ਬੋਲਿਆ।

—ਹੁਣ ਤੇ ਗੁਰੂ ਦੀਆਂ ਮੇਹਰਾਂ ਹਨ ।

ਮੋਇਆ ਮੋਇਆ ਬੋਲਿਆ—ਕੀ ਬਣਿਆ ਏ ਸਿੰਘਾਂ ਦਾ ।

—ਸਿੰਘ ਆਪਣਾ ਕਾਰਾ ਕਰ ਗਏ । ਮੱਸੇ ਰੰਘੜ ਦਾ ਸਿਰ ਵਢ ਕੇ ਲੈ ਗਏ ਗੁਰੂ ਦੇ ਲਾਡਲੇ । ਸਿੰਘ ਪਹਾੜੀ ਚੜ੍ਹ ਗਏ ।

—ਤਾਂ ਤੇ ਗੁਰੂ ਦੀਆਂ ਮੇਹਰਾਂ ਹੋ ਗਈਆਂ ।

ਸੁਖਾ ਸਿੰਘ ਤੇ ਮਹਿਤਾਬ ਸਿੰਘ ਨਾਲ ਨਾਥਾਂ ਦਾ ਜਥਾ ਸੀ । ਇਹ ਪਤਾ ਨਹੀਂ ਕਿ ਉਹ ਕਿਧਰ ਗਏ ਤੇ ਕਿਧਰੋਂ ਦੀ ਗਏ । ਪਰ ਉਹਨਾਂ ਦੀ ਮੰਜ਼ਲ ਲਖੀ ਜੰਗਲ ਜ਼ਰੂਰ ਸੀ । ਉਹੋ ਗੁਰੂ ਧਾਮ ਸੀ ਉਹਨਾਂ ਲਈ ।

—ਹਰਿਮੰਦਰ ਵਿਚ ਭਾਵੇਂ ਚਾਰ ਪਹਿਰ ਸਿੰਘਾਂ ਦੀ ਹਕੂਮਤ ਰਹੀ, ਏਨੇ ਵਿਚ ਕਈਆਂ ਸਿੰਘਾਂ ਨੇ ਦੁਖ ਭੰਜਨੀ ਬੇਰੀ ਤੇ ਇਸ਼ਨਾਨ ਕੀਤਾ ਤੇ ਆਪਣੇ ਹਿਰਦੇ ਪਵਿਤਰ ਕੀਤੇ ।

ਬਿਜਲਾ ਸਿੰਘ ਬੋਲਿਆ—ਉਹ ਦੇਖੋ ਯੁਗ ਪਲਟਦਾ ।

—ਕੀ ਸਤਿਯੁਗ ਆ ਗਿਆ ਏ ।

—ਸਤਿਯੁਗ ਦੇ ਦਰਸ਼ਨ ਕਰ ਲਓ । ਅਹੁ ਵੇਖ ਆਇਆ ਈ ਕੁਝ ਨਜ਼ਰ । ਉਸ ਹੱਥ ਦਾ ਇਸ਼ਾਰਾ ਕੀਤਾ ।

—ਸਾਨੂੰ ਤਾਂ ਚੌਧਰੀ ਗੰਗਾ ਸਿੰਘ ਤੇ ਚੰਪਾ ਨਜ਼ਰ ਪਈ ਏ ਉਹ ਇਸ਼ਨਾਨ ਕਰ ਰਹੇ ਹਨ ।

—ਤੇ ਉਹਦੇ ਲਾਗੇ ।

—ਗੁਲੂ ਬਾਈ ਨੇ ਵੀ ਆਪਣਾ ਮਜਹਬ ਬਦਲ ਲਿਆ ਏ ਉਹ ਵੀ ਨਹਾ ਰਹੀ ਏ ਚੁਬੀਆਂ ਮਾਰ ਮਾਰ ਸਰੋਵਰ ਵਿਚ । ਵਿਚਾਰੀ ਦੀ ਸਾਰੀ ਮੈਲ ਉਤਰ ਗਈ । ਆਤਮਾ ਆਪਣੇ ਕਪੜੇ ਬਦਲ ਰਹੀ ਸੀ ।

—ਇਕ ਸਿੰਘ ਪੜ੍ਹ ਰਿਹਾ ਸੀ :

"ਰਾਮਦਾਸ ਸਰੋਵਰ ਨਾਤੇ ਸਭ ਉਤਰੇ ਪਾਪ ਕਮਾਤੇ"

ਧੁੰਦ ਮਿਟ ਰਹੀ ਸੀ ਤੇ ਇਨਸਾਨ ਜਨਮ ਲੈ ਰਿਹਾ ਸੀ ।

ਜੋ ਲੇ ਹੈ, ਨਿਜ ਬਲ ਸੇ ਲੇ ਹੈ,

ਇਕ ਅਠਵਾਰੇ ਪਿੱਛੋਂ ਪਤਾ ਲੱਗਾ ਕਿ ਲਖੀ ਜੰਗਲ ਵਿਚ ਸਿੰਘ ਪੁੱਜ ਗਏ। ਖਬਰ ਦੇਣ ਵਾਲੇ ਨੇ ਦੱਸਿਆ ਕਿ ਗਭਰੂਆਂ ਚੌਥੇ ਦਿਨ ਹੀ ਆਪਣਾ ਪੈਂਡਾ ਮੁਕਾ ਲਿਆ ਸੀ।

ਹਰਿਮੰਦਰ ਬਿਲਕੁਲ ਖਾਲੀ ਸੀ ਕਿਤੇ ਚਿੜੀ ਘਰ ਵੀ ਪਰ ਨਹੀਂ ਸੀ ਮਾਰਦੀ, ਭਾਂਅ ਭਾਂਅ ਕਰ ਰਹੀ ਸੀ ਗੁਰੂ ਦੀ ਨਗਰੀ, ਮੱਸੇ ਰੰਘੜ ਦੇ ਫੂਹੜੀਆਂ ਵਿਛ ਗਈਆਂ ਤੇ ਦੋ ਹੱਥੜੀ ਪਿੱਟੀਆਂ ਮੱਸੇ ਦੀਆਂ ਬੇਗਮਾਂ, ਝਾਟਾ ਖੋਹ ਖੋਹ ਕੇ ਢੇਰ ਲਾ ਸੁਟਿਆ। ਬੀਅ ਮਾਰਿਆ ਕੋਈ ਸਿੰਘ ਅੰਮ੍ਰਿਤਸਰ ਵਿਚ ਨਹੀਂ ਸੀ ਲੱਭਦਾ। ਜਦ ਫ਼ੌਜ ਆਈ ਤਾਂ ਹਰਿਮੰਦਰ ਬਿਲਕੁਲ ਸ਼ਾਂਤ ਸੀ। ਕੋਈ ਬੰਦਾ ਨਹੀਂ ਸੀ ਪਰਿੰਦਾ ਨਹੀਂ ਸੀ।

—ਸਿੰਘ ਕਿਥੇ ਗਏ।

—ਸਿੰਘ ਤਾਂ ਏਥੇ ਆਏ ਹੀ ਨਹੀਂ। ਕਿਸ ਵੇਖੇ ਹਨ ਸਿੰਘ। ਕੋਈ ਦੱਸ ਸਕਦਾ ਏ।

—ਫੇਰ ਇਹ ਕਾਰਾ ਕਿਦਾਂ ਹੋ ਗਿਆ। ਇਕ ਅਹਿਲਕਾਰ ਆਖ ਰਿਹਾ ਸੀ ਪੱਟੀ ਦਾ।

ਇਹ ਇਕ ਸੁਪਨਾ ਸੀ। ਸਿੰਘ ਤਾਂ ਨਹੀਂ ਸਨ ਪਰ ਸਿੰਘਾਂ ਦੇ ਭੂਤਨੇ ਗਾਟਾ ਵੱਢ ਕੇ ਲੈ ਗਏ। ਕਰਾਮਾਤੀ ਗੁਰੂਆਂ ਨੇ ਕੋਈ ਚੁਟਕੀ ਧੂੜੀ ਸਿਪਾਹੀ ਸੌਂ ਗਏ। ਮੱਸੇ ਰੰਘੜ ਦੀ, ਅਜ਼ਰਾਈਲ ਦੇ ਫਰਿਸ਼ਤੇ ਆਏ ਤੇ ਰੂਹ ਕਬਜ਼ ਕਰਕੇ ਲੈ ਗਏ। ਇਹ ਕੋਈ ਇਲਾਹੀ ਕਹਿਰ ਸੀ। ਇਹਦੇ ਵਿਚ ਕਿਸੇ ਦਾ ਕੋਈ ਕਸੂਰ ਨਹੀਂ। ਇਹ ਵਿਚਾਰ ਇਕ ਅੰਮ੍ਰਿਤਸਰ ਦੇ ਵਸਨੀਕ ਦਾ ਸੀ ਜਿਹੜਾ ਸਖੀ ਸਰਵਰਾਂ ਦਾ ਪੀਰ ਸੀ।

—ਮੈਨੂੰ ਸਿਰਫ ਕਾਤਲ ਦਾ ਨਾਂ ਦੱਸੋ ਮੈਂ ਹੋਰ ਕੁਝ ਨਹੀਂ ਜਾਣਦਾ। ਬੋਲ ਅਫ਼ਸਰ ਦੇ ਸਨ।

ਕੋਈ ਜਾਣਦਾ ਹੋਵੇ ਤਾਂ ਦੱਸੇ ਕਿਸੇ ਵੇਖਿਆ ਹੋਵੇ ਤਾਂ ਪਹਿਚਾਨੇ। ਪਰ ਗੁਲੂ ਬਾਈ ਬੁੜ ਬੁੜਾ ਰਹੀ ਸੀ ਜਿਨ੍ਹਾਂ ਨੇ ਸੁਣਿਆ ਉਹ ਦੱਸਦੇ ਹਨ ਕਿ ਲਖੀ ਜੰਗਲ ਤੋਂ ਸੁਖਾ ਸਿੰਘ ਮਾੜੀ ਕੰਬੋ ਕੇ ਦਾ ਜ਼ਾਤ ਕਲਸੀ, ਇਕ ਸਿੱਖ ਸੀ ਤੇ ਦੂਜਾ ਮਹਿਤਾਬ ਸਿੰਘ ਮੀਰ ਕੋਟ ਵਾਲਾ ਉਹੋ ਹੀ ਸਿਰ ਕੱਛੇ ਮਾਰਕੇ ਲੈ ਗਏ।

ਇਹਨਾਂ ਦੋਹਾਂ ਦੇ ਪਿੰਡਾਂ ਦੀ ਇੱਟ ਨਾਲ ਇੱਟ ਖੜਕਾ ਦਿਓ ਤੇ ਅੰਮ੍ਰਿਤਸਰ ਵਿਚ ਕਿਸੇ ਸਿੰਘ ਦਾ ਘਰ ਨਜ਼ਰੀਂ ਪਏ ਤੇ ਫੂਕ ਦਿਓ ਤੇ ਉਹਦੇ ਕੋਲੇ ਇਕੱਠੇ ਕਰਕੇ ਲਾਹੌਰ ਭੇਜ ਦਿੱਤੇ ਜਾਣ। ਇਹਨਾਂ ਕਾਫ਼ਰਾਂ ਨੇ ਸਾਡਾ ਨੱਕ ਵਿਚ ਦੰਮ ਕਰ ਛੱਡਿਆ ਏ। ਉਧਰ

ਕਾਬਲੀ ਬਿੱਲਾ ਅਹਿਮਦਸ਼ਾਹ ਅਬਦਾਲੀ ਚੜ੍ਹਦਾ ਆ ਰਿਹਾ ਏ। ਪਹਿਲਾਂ ਉਹਨੂੰ ਸੰਭਾਲਿਆ ਜਾਏ ਫੇਰ ਇਨ੍ਹਾਂ ਨਾਲ ਨਿਬੜਾਂਗੇ। ਸੱਪ ਦੇ ਮੂੰਹ ਵਿਚ ਕੋਹੜ-ਕਿਰਲੀ ਏ ਖਾਵੇ ਤਾਂ ਕੋਹੜੀ ਤੇ ਜੇ ਛੱਡੇ ਤਾਂ ਲਗੇ ਲਾਜ। ਪਹਿਲਾਂ ਉਸ ਬਾਘੜ ਬਿੱਲੇ ਨਾਲ ਨਿਬੜੀਏ ਤੇ ਮਗਰੋਂ ਇਹਨਾਂ ਦੀ ਧੌੜੀ ਲਾਹਾਂਗੇ। ਅਫ਼ਸਰ ਨੇ ਘੋੜੇ ਤੇ ਪਲਾਕੀ ਮਾਰੀ ਤੇ ਲਾਹੌਰ ਦੇ ਰਾਹੇ ਪੈ ਗਿਆ।

ਲਖੀ ਜੰਗਲ ਦੇ ਨੇੜੇ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੇ ਬੂਰੇ ਵਿਚੋਂ ਸਿਰ ਕੱਢਿਆ ਮੱਸੇ ਰੰਘੜ ਦਾ ਤੇ ਰੜ ਤੇ ਰੱਖਕੇ ਪਹਿਲਾਂ ਪੰਜ ਪੰਜ ਜੁੱਤੀਆਂ ਮਾਰੀਆਂ ਦੋਹਾਂ ਨੇ ਵਾਰੋ ਵਾਰੀ। ਇਹ ਸ਼ਗਨ ਪਾ ਰਹੇ ਸਨ ਗੁਰੂ ਦੇ ਲਾਡਲੇ। ਫ਼ੇਰ ਸੁਖਾ ਸਿੰਘ ਨੇ ਉਹਦਾ ਸਿਰ ਨੇਜ਼ੇ ਤੇ ਟੰਗ ਲਿਆ। ਸ਼ੀਹਾਂ ਦੇ ਪੁੱਤ ਖੁਸ਼ੀ ਵਿਚ ਏਨੇ ਫੁਲੇ ਕਿ ਉਹਨਾਂ ਦੇ ਪੈਰ ਜ਼ਮੀਨ ਤੋਂ ਗਿੱਠ ਉੱਚੇ ਹੋ ਗਏ।

ਖਬਰਾਂ ਲੱਖੀ ਜੰਗਲ ਵਿਚ ਪੁੱਜ ਗਈਆਂ ਸਨ। ਖਾਲਸਾ ਖੁਸ਼ੀ ਵਿਚ ਨੱਚ ਉਠਿਆਂ।

ਦਰਬਾਰਾ ਸਿੰਘ, ਬੁੱਢਾ ਸਿੰਘ, ਨਵਾਬ ਕਪੂਰ ਸਿੰਘ ਅਗਲ ਵੰਡੀ ਲੈਣ ਆਏ।

—ਗੁਰੂ ਨੇ ਸਾਡੀ ਲਾਜ ਰੱਖ ਲਈ। ਸੁਖਾ ਸਿੰਘ ਨੇ ਇਕ ਵਾਰ ਨੇਜ਼ੇ ਨੂੰ ਹਵਾ ਵਿਚ ਲਹਿਰਾਇਆ। ਧੰਨ ਗੁਰੂ ਤੇ ਧੰਨ ਗੁਰੂ ਦੇ ਲਾਡਲੇ ਨਵਾਬ ਕਪੂਰ ਸਿੰਘ ਬੋਲਿਆ।

—ਜਥੇ ਨੇ ਜੈਕਾਰਾ ਮਾਰਿਆ "ਬੋਲੇ ਸੋ ਨਿਹਾਲ"।

ਸੁਖਾ ਸਿੰਘ ਨੇ ਮੱਸੇ ਰੰਘੜ ਦਾ ਸਿਰ ਜਥੇਦਾਰ ਦੇ ਪੈਰਾਂ ਵਿਚ ਵਗਾਹ ਮਾਰਿਆ।

ਦਰਬਾਰਾ ਸਿੰਘ ਨੇ ਸੁਖਾ ਸਿੰਘ ਨੂੰ ਕਲੇਜੇ ਨਾਲ ਲਾਇਆ। ਨਵਾਬ ਕਪੂਰ ਸਿੰਘ ਛਾਤੀ ਨਾਲ ਲਾ ਰਿਹਾ ਸੀ ਮਹਿਤਾਬ ਸਿੰਘ ਨੂੰ।

ਨਵਾਬ ਕਪੂਰ ਸਿੰਘ ਨੇ ਬਾਂਹ ਉੱਚੀ ਕਰਕੇ ਆਖਿਆ ' ਕੋਈ ਕਿਸੀ ਕੋ ਰਾਜ ਨਾ ਦੇ ਹੈ, ਜੋ ਲੇ ਹੈ ਨਿਜ ਬਲ ਸੇ ਲੇ ਹੈ"।

ਸਾਰੇ ਜਥੇ ਦੇ ਚੇਹਰੇ ਸ਼ਿੰਗਰਫ਼ ਵਾਂਗੂੰ ਭੱਖ ਰਹੇ ਸਨ।

ਸੰਗਤਾਂ ਪੜ੍ਹ ਰਹੀਆਂ ਸਨ :

ਸੰਤਾਂ ਦੇ ਕਾਰਜ ਆਪ ਖਲੋਇਆ !
ਪੈਜ ਰਖਦਾ ਆਇਆ ਰਾਮ ਰਾਜੇ !!

—ਸਮਾਪਤ—